# ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਤੇ ਉਨ੍ਹਾਂ ਦੀ ਬਾਣੀ ਵਿਚ ਵਿਸ਼ਵ-ਬੰਧੂਤਵ ਦੀ ਭਾਵਨਾ

# GURU RAVIDAS JI DI BHAKTI PADTI TE UNA DI BANI WICH VISHAV BANDHUTAV DI BHAWNA

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਭਾਸ਼ਾ ਫਕੈਲਟੀ
ਦੇ ਅੰਤਰਗਤ ਪੀ.ਐਚ.ਡੀ. (ਪੰਜਾਬੀ) ਦੀ ਉਪਾਧਿ
ਲਈ ਪ੍ਰਸਤੁਤ ਸ਼ੋਧ ਪ੍ਰਬੰਧ ।
2010

NDIGARH

*ਖੋਜਾਰਥੀ :*

**ਲੱਕੀ ਸ਼ਰਮਾ**

2010

# ਪ੍ਰਸਤਾਵਨਾ

ਗੁਰੂ ਰਵਿਦਾਸ ਮੱਧਕਾਲੀਨ ਭਗਤੀ ਲਹਿਰ ਨਾਲ ਜੁੜੇ ਪ੍ਰਮੁੱਖ ਸੰਤ ਕਵੀਆਂ ਵਿਚੋਂ ਇੱਕ ਸਨ। ਉਹ ਭਾਰਤੀ ਅਧਿਆਤਮਕ ਜਗਤ ਵਿਚ ਆਪਣੀ ਨਿਵੇਕਲੀ ਭਗਤੀ ਪੱਧਤੀ ਅਤੇ ਵਿਸ਼ਵ-ਬੰਧੁਤਵ ਦੀ ਭਾਵਨਾ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਭਗਤੀ ਅਤੇ ਸਮਾਜਿਕ ਕ੍ਰਾਂਤੀ ਦਾ ਯੋਗ ਕਰਕੇ ਇਕ ਨਵੇਂ ਯੁੱਗ ਦਾ ਸ਼ੰਖਨਾਦ ਕੀਤਾ ਜਿਸ ਵਿਚ ਸਰਵ ਜਾਤੀ ਸਮਭਾਵ, ਲੋਕ ਮੰਗਲ ਦੀ ਭਾਵਨਾ, ਮਾਨਵਵਾਦ ਅਤੇ ਗੁਰੂ ਰਵਿਦਾਸ ਵੱਲੋਂ ਘੜੇ ਗਏ ਨਵੇਂ ਸਮਾਜਕ ਆਦਰਸ਼ ਅਤੇ ਪ੍ਰਤੀਮਾਨਾਂ ਦੀ ਆਵਾਜ਼ ਬੜੇ ਨਿਮਰ ਸੁਰ ਵਿਚ ਪੂਰੇ ਭਾਰਤ ਵਿਚ ਗੂੰਜਣ ਲੱਗੀ। ਉਨ੍ਹਾਂ ਦੀ ਬਾਣੀ ਵਿਚਲੇ ਨਿਰਗੁਣ ਪ੍ਰਭੂ ਦੀ ਪ੍ਰੇਮਮਈ ਤੇ ਭਾਵਮਈ ਅਰਾਧਨਾ, ਕਾਵਿ ਵਿਚ ਸੁਰਾਤਮਕ ਮਧੁਰਤਾ ਅਤੇ ਜਨ-ਜਨ ਦੇ ਹਿਰਦੇ ਵਿੱਚ ਵਸਦੀ ਉਨ੍ਹਾਂ ਪ੍ਰਤੀ ਸ਼ਰਧਾ ਨੇ ਉਨ੍ਹਾਂ ਨੂੰ ਸੰਤਾਂ ਦੀ ਮੂਹਰਲੀ ਕਤਾਰ ਵਿਚ ਲਿਆਕੇ ਖੜ੍ਹਾ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਬਾਣੀ ਸਿਰਫ ਆਪਣੀ ਵਿਚਾਰਧਾਰਾਈ ਵਿਸ਼ੇਸ਼ਤਾਵਾਂ ਕਾਰਣ ਹੀ ਨਹੀਂ ਸਗੋਂ ਆਪਣੀ ਕਲਾਤਮਿਕ ਪ੍ਰਾਪਤੀਆਂ ਕਾਰਣ ਵੀ ਪਾਠਕਾਂ ਤੇ ਸਾਹਿਤਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਅਲੰਕਾਰਾਂ, ਬਿੰਬਾਂ, ਪ੍ਰਤੀਕਾਂ, ਸ਼ਾਂਤ ਰਸ ਤੇ ਕਲਪਨਾ ਦੇ ਸੁੰਦਰ ਪ੍ਰਯੋਗ ਅਤੇ ਓਜ ਤੇ ਮਧੁਰਤਾ ਜਿਹੇ ਗੁਣਾਂ ਨਾਲ ਸਜੀ ਇਹ ਬਾਣੀ ਸਰੋਤਿਆਂ ਦੇ ਹਿਰਦੇ ਨੂੰ ਪ੍ਰਭੂ ਪ੍ਰੇਮ ਨਾਲ ਭਰ ਦਿੰਦੀ ਹੈ ਤੇ ਸਰੋਤੇ 'ਸਗਲ ਭਵਨ ਦੇ ਨਾਇਕ' ਅਤੇ 'ਗਰੀਬ ਨਿਵਾਜ਼' ਸਾਈਂ ਦੇ ਅੱਗੇ ਨਤਮਸਤਕ ਹੋ ਜਾਂਦੇ ਹਨ। ਪ੍ਰੇਮ ਦੇ ਭਾਵ ਭਰੇ ਉਨ੍ਹਾਂ ਦੇ ਸ਼ਬਦ ਜਨਸਧਾਰਨ ਨੂੰ ਮੁਕਤੀ ਦੇ ਰਾਹ ਵੱਲ ਤੋਰਦੇ ਹਨ ਅਤੇ ਸੱਚੇ ਅਨੰਦ ਤੇ ਸ਼ਾਂਤੀ ਦੀ ਖੋਜ ਵਿਚ ਭਟਕ ਰਹੇ ਆਧੁਨਿਕ ਸਮਾਜ ਨੂੰ ਪ੍ਰੇਮ ਤੇ ਸਦਭਾਵਨਾ ਦਾ ਰਸਤਾ ਵਿਖਾਉਂਦੇ ਹਨ। ਉਨ੍ਹਾਂ ਦੀ ਬਾਣੀ ਤੇ ਭਗਤੀ ਪੱਧਤੀ ਵਿਚਲੀ ਇਨ੍ਹਾਂ ਵਿਸ਼ੇਸ਼ਤਾਵਾਂ ਨੇ ਹੀ ਮੈਨੂੰ ਉਨ੍ਹਾਂ ਦੀ ਬਾਣੀ ਉਪਰ ਖੋਜਕਾਰਜ ਕਰਨ ਲਈ ਪ੍ਰੇਰਿਤ ਕੀਤਾ।

ਮੈਂ ਆਪਣੀ ਗੁਰੂ ਡਾ. (ਸ੍ਰੀ ਮਤੀ) ਸੰਤੋਸ਼ ਸ਼ਰਮਾ ਜੀ (ਰਿਟਾਇਰ), ਪ੍ਰਧਾਨ ਰਵਿਦਾਸ ਚੇਅਰ ਅਤੇ ਪੱਤਰਾਚਾਰ ਸਿੱਖਿਆ ਵਿਭਾਗ, ਯੋਜਨਾ ਰਾਵਤ ਜੀ, ਯੂਨੀਵਰਸਿਟੀ ਓਪਨ ਸਕੂਲ ਆਫ ਲਰਨਿੰਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਮਨੋ ਆਭਾਰ ਮੰਨਦੀ ਹਾਂ, ਜਿਨ੍ਹਾਂ ਨੇ ਆਪਣੀ ਵਿਦਵਤਾ, ਪਿਆਰ ਅਤੇ ਨਿਰੰਤਰ ਸਹਿਯੋਗ ਨਾਲ ਮੈਨੂੰ ਹਮੇਸ਼ਾ ਇਸ ਸ਼ੋਧ ਪ੍ਰਬੰਧ ਨੂੰ ਲਿਖਣ ਲਈ ਉਤਸ਼ਾਹ ਦਿੱਤਾ। ਉਨ੍ਹਾਂ ਨੇ ਆਪਣੇ ਵਿਸ਼ਾਲ ਤੇ ਵਿਆਪਕ ਅਧਿਐਨ ਦੀ ਬਦੌਲਤ ਮੇਰੀ ਅਗਿਆਨਤਾ ਭਰੀ ਤਰੁਟੀਆਂ ਨੂੰ ਸੁਧਾਰ ਕੇ ਮੌਜੂਦਾ ਸ਼ੋਧ ਪ੍ਰਬੰਧ ਨੂੰ ਵਿਹਾਰਕ ਰੂਪ ਪ੍ਰਦਾਨ ਕੀਤਾ। ਉਨ੍ਹਾਂ ਪ੍ਰਤੀ ਸ਼ਰਧਾ ਨੇ ਸਦਾ ਮੈਨੂੰ ਆਤਮਬਲ ਦਿੱਤਾ ਹੈ। ਮੈਨੂੰ ਮਾਣ ਹੈ ਕਿ ਮੈਂ ਉਨ੍ਹਾਂ ਦੀ ਵਿਦਿਆਰਥਣ ਹਾਂ।

ਮੈਂ ਆਪਣੇ ਮਾਤਾ-ਪਿਤਾ, ਸਹੁਰੇ ਪਰਿਵਾਰ ਦੇ ਮੈਂਬਰਜ਼ ਆਪਣੇ ਪਤੀ ਡਾ. ਦਿਨੇਸ਼ ਕੁਮਾਰ ਅਤੇ ਵੀਰੇ ਪ੍ਰੋ. ਅਜੈ ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਸ ਸ਼ੋਧ ਪ੍ਰਬੰਧ ਨੂੰ ਮੁਕੰਮਲ ਕਰਨ ਲਈ ਮੈਨੂੰ ਹਰ ਸੰਭਵ ਮਦਦ ਦਿੱਤੀ।

ਅੱਜ ਮੈਂ ਆਪਣੇ ਇਸ਼ਟ ਦੇਵ ਦੀ ਅਨੰਨ ਕਿਰਪਾ ਨਾਲ ਹੀ ਇਸ ਸ਼ੋਧ ਪ੍ਰਬੰਧ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਸਕੀ ਹਾਂ। ਉਮੀਦ ਹੈ ਕਿ ਮੇਰੇ ਇਸ਼ਟ ਮੇਰੇ ਕਾਰਜ ਨੂੰ ਸਫ਼ਲ ਕਰਨਗੇ।

Lucky Sharma 8/11/10

**ਲੱਕੀ ਸ਼ਰਮਾ**

**ਸ਼ੋਧਾਰਥੀ,**

**ਰਵਿਦਾਸ ਚੇਅਰ,**

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

# ਤਤਕਰਾ

1. ਅਧਿਆਇ ਪਹਿਲਾ 15-24

1.1 ਵਿਸ਼ੇ ਕਾਰਜ ਦੀ ਸਥਾਪਨਾ ।

1.2 ਪੂਰਵ ਸੰਪੰਨ ਖੋਜ ਕਾਰਜ ਦਾ ਸਰਵੇਖਣ ।

1.3 ਪ੍ਰਸਤਾਵਿਤ ਖੋਜ ਕਾਰਜ ਦੀ ਮਹੱਤਾ ।

1.4 ਖੋਜ ਕਾਰਜ ਦੀ ਸੀਮਾ ।

2. ਅਧਿਆਇ ਦੂਜਾ 25-54

2.1 'ਭਗਤੀ' ਸ਼ਬਦ ਦੀ ਉਤਪੱਤੀ ਤੇ ਪਰਿਭਾਸ਼ਾ ।

2.2 ਭਗਤੀ ਦੇ ਭੇਦ ।

2.3 ਸਰਗੁਣ ਭਗਤੀ ਅਤੇ ਇਸਦੇ ਭੇਦ ।

2.3.1 ਵੈਧੀ ਭਗਤੀ

2.3.2 ਰਾਗਾਨੁਗਾ ਭਗਤੀ

2.3.3 ਨਵਧਾ ਭਗਤੀ

2.3.3.1 ਸ਼੍ਰਵਣ ਭਗਤੀ

2.3.3.2 ਕੀਰਤਨ ਭਗਤੀ

2.3.3.3 ਸਿਮਰਨ ਭਗਤੀ

2.3.3.4 ਪਾਦਸੇਵਨ ਭਗਤੀ

2.3.3.5 ਅਰਚਨ ਭਗਤੀ

2.3.3.6 ਵੰਦਨ ਭਗਤੀ

2.3.3.7 ਦਾਸ ਭਗਤੀ

2.3.3.8 ਸਖਾ ਭਗਤੀ

2.3.3.9 ਆਤਮਨਿਵੇਦਨ ਭਗਤੀ

2.4 ਨਿਰਗੁਣ ਭਗਤੀ ਤੇ ਇਸਦੇ ਭੇਦ ।

2.4.1 ਗਿਆਨ ਮਾਰਗੀ ਨਿਰਗੁਣਵਾਦੀ ਭਗਤੀ ।

2.4.2 ਪ੍ਰੇਮ ਮਾਰਗੀ ਨਿਰਗੁਣਵਾਦੀ ਭਗਤੀ ।

2.5 ਵਿਸ਼ਵ ਬੰਧੂਤਵ ਦੀ ਭਾਵਨਾ ਦਾ ਸਿਧਾਂਤਕ ਪਰਿਚੈ ।

2.5.1 ਵਿਸ਼ਵ ਬੰਧੂਤਵ ਸ਼ਬਦ ਦੀ ਉਤਪਤੀ ।

2.5.2 ਵਿਸ਼ਵ ਬੰਧੂਤਵ ਦੀ ਪਰਿਭਾਸ਼ਾ ਅਤੇ ਮਹੱਤਵ ।

2.6 ਭਾਰਤੀ ਪਰੰਪਰਾ ਵਿਚ ਵਿਸ਼ਵ ਬੰਧੂਤਵ ਦੀ ਭਾਵਨਾ ।

2.7 ਸਾਮੀ ਪਰੰਪਰਾ ਵਿਚ ਵਿਸ਼ਵ ਬੰਧੂਤਵ ਦੀ ਭਾਵਨਾ ।

2.8 ਸੂਫ਼ੀ ਅਤੇ ਵਿਸ਼ਵ ਬੰਧੂਤਵ ।

2.9 ਸਾਰਾਂਸ਼ ।

**3. ਅਧਿਆਇ ਤੀਜਾ** 55–93

3.1 ਸਰਗੁਣਵਾਦੀ ਭਗਤੀ ਪਰੰਪਰਾ ।

3.1.1 ਸਰਗੁਣਵਾਦੀ ਭਗਤੀ ਪਰੰਪਰਾ ਦੀ ਵਿਸ਼ੇਸ਼ਤਾਵਾਂ ।

3.2 ਸਰਗੁਣਵਾਦੀ ਭਗਤੀ ਪਰੰਪਰਾ ਦੀ ਵੰਡ ।

3.2.1 ਸ਼ੈਵ ਮੱਤ

3.2.2 ਸ਼ਾਕਤ ਮੱਤ

3.2.3 ਵੈਸ਼ਨਵ ਮੱਤ

3.3 ਨਿਰਗੁਰਣਵਾਦੀ ਭਗਤੀ ਪਰੰਪਰਾ ।

3.3.1 ਨਿਰਗੁਣਵਾਦੀ ਭਗਤੀ ਪਰੰਪਰਾ ਦੀ ਵਿਸ਼ੇਸ਼ਤਾ ।

3.3.2 ਨਿਰਗੁਣਵਾਦੀ ਸੰਤਾਂ ਦੀ ਇਤਿਹਾਸਕ ਸਥਿਤੀ ।

3.4 ਨਿਰਗੁਣਵਾਦੀ ਭਗਤੀ ਕਾਵਿਧਾਰਾ ਦੀ ਵੰਡ ।

3.4.1 ਸੂਫ਼ੀ ਕਾਵਿਧਾਰਾ

3.4.1.1 ਸ਼ੇਖ ਫ਼ਰੀਦ

3.4.1.2 ਸ਼ਾਹ ਹੁਸੈਨ

3.4.1.3 ਸੁਲਤਾਨ ਬਾਹੂ

3.4.1.4 ਸ਼ਾਹ ਸ਼ਰਫ ਬਟਾਲਵੀ

3.4.1.5 ਬੁੱਲ੍ਹੇਸ਼ਾਹ

3.4.2 ਪ੍ਰੇਮਾਖਿਆਨ

3.4.2.1 ਹੰਸਾਵਲੀ

3.4.2.2 ਚੰਦਾਯਾਨ

3.4.2.3 ਲਖਮਸੇਨ ਪਦਮਾਵਤੀ ਕਥਾ

3.4.2.4 ਭਗਤੀ ਕਾਲ ਦੀ ਸਤਯਵਤੀ ਕਥਾ
3.4.2.5 ਮਿਰਗਾਵਤੀ
3.4.2.6 ਮਾਧਵਾਨਲ ਕਾਮਕੰਦਲਾ
3.4.2.7 ਪਦਮਾਵਤ: ਮਲਿਕ ਮੁਹੰਮਦ ਜਾਇਸੀ
3.4.2.8 ਮਧੂਮਾਲਤੀ
3.4.2.9 ਢੋਲਾ ਮਾਰੂ ਦਾ ਦੋਹਾ
3.4.2.10 ਮਾਧਵਾਨਲ ਕਾਮਕੰਦਲਾ ਚੌਪਾਈ
3.4.2.11 ਰੂਪ ਮੰਜਰੀ
3.4.2.12 ਪ੍ਰੇਮਵਿਲਾਸ ਪ੍ਰੇਮਲਤਾ ਦੀ ਕਥਾ
3.4.2.13 ਛਿਤਾਈ ਵਾਰਤਾ
3.4.2.14 ਮਾਧਵਾਨਲ ਕਾਮਕੰਦਲਾ ਕ੍ਰਿਤ ਆਲਮ ਕਵੀ
3.4.2.15 ਚਿਤਰਾਵਲੀ
3.4.2.16 ਰਸਰਤਨ
3.4.2.17 ਗਿਆਨਦੀਪ
3.4.2.18 ਨਲ-ਦਮਿਅੰਤੀ ਸੰਬੰਧੀ ਪ੍ਰੇਮਾਖਿਆਨ
3.4.3 ਸੰਤ ਕਾਵਿ
3.4.3.1 ਰਾਮਾਨੰਦ
3.4.3.2 ਕਬੀਰ
3.4.3.3 ਰਵਿਦਾਸ
3.4.3.4 ਗੁਰੂ ਨਾਨਕ ਦੇਵ ਜੀ
3.4.3.5 ਜੰਭਨਾਥ
3.4.3.6 ਹਰਿਦਾਸ ਨਿਰੰਜਨੀ
3.4.3.7 ਸੀਂਗਾ
3.4.3.8 ਲਾਲਦਾਸ
3.4.3.9 ਦਾਦੂ-ਦਿਆਲ
3.4.3.10 ਮਲੂਕਦਾਸ

3.4.3.11 ਜੈਦੇਵ

3.4.3.12 ਤ੍ਰਿਲੋਚਨ

3.4.3.13 ਧੰਨਾ

3.4.3.14 ਨਾਮਦੇਵ

3.4.3.15 ਗੁਰੂ ਅਰਜੁਨ ਦੇਵ

3.4.3.16 ਚਰਨਦਾਸ

3.4.3.17 ਸਧਨਾ

3.4.3.18 ਬੇਣੀ

3.4.3.19 ਪੀਪਾ

3.4.3.20 ਬਾਬਾ ਲਾਲ

3.4.3.21 ਸੁੰਦਰ ਦਾਸ

3.4.3.22 ਧਰਮਦਾਸ

3.5 ਸਰਗੁਣ ਤੇ ਨਿਰਗੁਣਵਾਦੀ ਭਗਤੀ ਪਰੰਪਰਾ ਵਿਚ ਭੇਦ।

3.6 ਭਗਤੀ ਪਰੰਪਰਾ ਵਿਚ ਗੁਰੂ ਰਵਿਦਾਸ ਜੀ ਦਾ ਸਥਾਨ।

3.7 ਸਾਰਾਂਸ਼

4. **ਅਧਿਆਇ ਚੌਥਾ** 94-164

4.1 ਗੁਰੂ ਰਵਿਦਾਸ ਲਈ ਪ੍ਰਯੁਕਤ ਦੂਸਰੇ ਨਾਮ ।

4.2 ਗੁਰੂ ਰਵਿਦਾਸ ਜੀ ਦਾ ਜਨਮ ਸਮਾਂ ।

4.3 ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ।

4.4 ਗੁਰੂ ਰਵਿਦਾਸ ਜੀ ਦੇ ਮਾਤਾ ਪਿਤਾ ।

4.5 ਗੁਰੂ ਰਵਿਦਾਸ ਜੀ ਦਾ ਜੀਵਨ ।

4.6 ਗੁਰੂ ਰਵਿਦਾਸ ਜੀ ਦਾ ਕਿੱਤਾ ।

4.7 ਗੁਰੂ ਰਵਿਦਾਸ ਜੀ ਦੇ ਗੁਰੂ ।

4.8 ਗੁਰੂ ਰਵਿਦਾਸ ਜੀ ਦਾ ਵਿਅਕਤਿਤਵ ।

4.9 ਗੁਰੂ ਰਵਿਦਾਸ ਜੀ ਦਾ ਜੋਤੀ-ਜੋਤੀ ਸਮਾਉਣਾ ।

4.10 ਗੁਰੂ ਰਵਿਦਾਸ ਬਾਣੀ ਦੇ ਸ੍ਰੋਤ ਸੰਗ੍ਰਹਿ ।

4.11 ਗੁਰੂ ਰਵਿਦਾਸ ਬਾਣੀ ਦਾ ਪਰਿਚੈ ।

4.11.1 ਸ੍ਰੀ ਆਦਿ ਗ੍ਰੰਥ ਵਿਚ ਦਰਜ ਬਾਣੀ ।

4.11.2 ਸ੍ਰੀ ਆਦਿ ਗ੍ਰੰਥ ਤੋਂ ਬਾਹਰੀ ਬਾਣੀ ।

4.11.2.1 ਰੈਦਾਸ ਜੀ ਕੀ ਬਾਣੀ-ਬੈਲਵੇਡਿਯਰ ਪ੍ਰੈਸ, ਇਲਾਹਾਬਾਦ

4.11.2.2 ਸੰਤ ਸੁਧਾਸਾਰ- ਸੰ. ਸ੍ਰੀ ਵਿਯੋਗੀ ਹਰਿ

4.11.2.3 ਸੰਤ ਰਵਿਦਾਸ ਔਰ ਉਨਕਾ ਕਾਵਯ- ਰਾਮਾਨੰਦ ਸ਼ਾਸਤ੍ਰੀ ਅਤੇ ਵੀਰੇਂਦਰ ਪਾਂਡੇਯ

4.11.2.4 ਸੰਤ ਰਵਿਦਾਸ- ਰਤਨਚੰਦ

4.11.2.5 ਸੰਤ ਰਵਿਦਾਸ- ਵਿਅਕਤਿਤਵ ਅਤੇ ਕ੍ਰਿਤਤਵ- ਸ੍ਰੀ ਸੰਗਮ ਲਾਲ ਪਾਂਡੇਯ

4.11.2.6 ਸੰਤ ਰੈਦਾਸ: ਕਵਿਤਵ, ਜੀਵਨ ਅਤੇ ਵਿਚਾਰ-ਡਾ. ਯੋਗੇਂਦਰ ਸਿੰਘ

4.11.2.7 ਰਵਿਦਾਸ ਦਰਸ਼ਨ- ਸੰ. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ

4.11.2.8 ਸੰਤ ਰਵਿਦਾਸ-ਵਿਚਾਰਕ ਅਤੇ ਕਵੀ-ਡਾ. ਪਦਮ ਗੁਰਚਰਨ ਸਿੰਘ

4.11.2.9 ਸੰਤ ਰਵਿਦਾਸ ਬਾਣੀ- ਡਾ. ਬੇਣੀ ਪ੍ਰਸਾਦ ਸ਼ਰਮਾ

4.11.2.10 ਸੰਤ ਕਾਵਯ- ਆਚਾਰੀਯ ਪਰਸ਼ੁਰਾਮ ਚਤੁਰਵੇਦੀ

4.12 ਰਵਿਦਾਸ ਬਾਣੀ ਦੇ ਪ੍ਰੇਰਣਾ ਤੱਤ

4.12.1 ਰਾਜਨੀਤਿਕ ਪਰਿਵੇਸ਼

4.12.2 ਸਮਾਜਿਕ ਪਰਿਸਥਿਤੀਆਂ

4.12.2.1 ਮੁਸਲਮਾਨ ਸਮਾਜ

4.12.2.2 ਹਿੰਦੂ ਸਮਾਜ

4.12.3 ਧਾਰਮਿਕ ਪਰਿਸਥਿਤੀਆਂ

4.12.3.1 ਹਿੰਦੂ ਧਰਮ

4.12.3.2 ਇਸਲਾਮ

4.12.4 ਸਾਹਿਤਕ ਪਰਿਵੇਸ਼

4.12.5 ਗੁਰੂ ਰਵਿਦਾਸ ਬਾਣੀ ਤੇ ਪਏ ਵਿਚਾਰਕ ਪ੍ਰਭਾਵ

4.12.5.1 ਵੇਦਾਂਤ ਚਿੰਤਨ

4.12.5.2 ਵੈਸ਼ਨਵ ਮੱਤ

4.12.5.3 ਸ਼ੈਵ ਮੱਤ

4.12.5.4 ਜੈਨ ਮੱਤ

4.12.5.5 ਬੋਧ ਮੱਤ

4.12.5.6 ਨਾਥ ਸੰਪ੍ਰਦਾਇ

4.12.5.7 ਮੱਧਕਾਲੀਨ ਭਗਤੀ ਅੰਦੋਲਨ

4.13 ਗੁਰੂ ਰਵਿਦਾਸ ਜੀ ਦੀ ਬਾਣੀ ਦਾ ਵਿਚਾਰਧਾਰਾਈ ਪੱਖ ।

4.13.1 ਪਰਮਾਤਮਾ ਦਾ ਸਰੂਪ ਅਤੇ ਸਮਰੱਥਾ ।

4.13.2 ਆਤਮਾ ਅਤੇ ਪਰਮਾਤਮਾ ਦੀ ਇਕਰੂਪਤਾ ।

4.13.3 ਪ੍ਰਭੂ-ਕਿਰਪਾ ਅਤੇ ਪ੍ਰਭੂ ਦਰਸ਼ਨ ਦੀ ਤਾਂਘ ।

4.13.4 ਜੀਵਨ ਦੀ ਨਾਸ਼ਵਾਨਤਾ ।

4.13.5 ਪ੍ਰਭੂ ਭਗਤੀ ਅਤੇ ਪ੍ਰਭੂ ਪ੍ਰੇਮ ਦੀ ਵਡਿਆਈ ।

4.13.6 ਕਰਮਕਾਂਡਾਂ ਦੀ ਨਿਖੇਧੀ ।

4.13.7 ਜੀਵਨ ਮੁਕਤੀ ਅਤੇ ਆਵਾਗਮਨ ਦਾ ਚੱਕਰ ।

4.13.8 ਜਗਤ ਤੇ ਜਗਤ ਦਾ ਸਰੂਪ ।

4.13.9 ਮਨੁੱਖੀ ਜਨਮ ਦੀ ਸ਼੍ਰੇਸ਼ਠਤਾ ਅਤੇ ਮਨ ਦਾ ਸੰਕਲਪ ।

4.13.10 ਸਤਿਸੰਗ ਮਹਿਮਾ।

4.13.11 ਜੀਵਾਤਮਾ ਦਾ ਨਿਰੂਪਣ।

4.13.12 ਮਾਇਆ, ਵਿਸ਼ੈ-ਵਿਕਾਰ ਤੇ ਹਉਮੈਂ ਦਾ ਤਿਆਗ ।

4.14 ਗੁਰੂ ਰਵਿਦਾਸ ਬਾਣੀ ਦਾ ਕਲਾਤਮਕ ਪੱਖ।

4.14.1 ਗੁਰੂ ਰਵਿਦਾਸ ਬਾਣੀ ਦੀ ਭਾਸ਼ਾ ।

4.14.1.1 ਸੰਸਕ੍ਰਿਤ ਦੇ ਤਤਸਮ ਸ਼ਬਦ।

4.14.1.2 ਸੰਸਕ੍ਰਿਤ ਦੇ ਤਦਭਵ ਸ਼ਬਦ।

4.14.1.3 ਹਿੰਦੀ ਦੀ ਤਤਸਮ ਸ਼ਬਦਾਵਲੀ।

4.14.1.4 ਹਿੰਦੀ ਦੀ ਤਦਭਵ ਸ਼ਬਦਾਵਲੀ।

4.14.1.5 ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ।

4.14.1.5.1 ਫਾਰਸੀ ਦੀ ਤਤਸਮ ਸ਼ਬਦਾਵਲੀ।

4.14.1.5.2 ਫਾਰਸੀ ਦੀ ਤਦਭਵ ਸ਼ਬਦਾਵਲੀ।

4.14.1.5.3 ਅਰਬੀ ਦੀ ਤਤਸਮ ਸ਼ਬਦਾਵਲੀ।

4.14.1.5.4 ਅਰਬੀ ਦੀ ਤਦਭਵ ਸ਼ਬਦਾਵਲੀ।

4.14.1.5.5 ਤੁਰਕੀ ਸ਼ਰਬਦਾਵਲੀ।

4.14.1.6 ਮਹਾਂਰਾਸ਼ਟਰੀ ਸ਼ਬਦਾਵਲੀ।

4.14.1.7 ਅਪਭ੍ਰੰਸ਼ ਸ਼ਬਦਾਵਲੀ।

4.14.1.8 ਪ੍ਰਾਕਿਰਤ ਸ਼ਬਦਾਵਲੀ।

4.14.1.9 ਪ੍ਰਾਕਿਰਤ ਦੇ ਤਦਭਵ ਸ਼ਬਦ।

4.14.1.10 ਹਿੰਦੀ ਦੀਆਂ ਉਪਭਾਸ਼ਾਵਾਂ।

4.14.1.10.1 ਅਵਧੀ ਸ਼ਬਦਾਵਲੀ।

4.14.1.10.2 ਬ੍ਰਜੀ ਸ਼ਬਦਾਵਲੀ।

4.14.1.15.3 ਖੜੀ ਬੋਲੀ।

4.14.1.11 ਰਵਿਦਾਸ ਬਾਣੀ ਤੇ ਪੰਜਾਬੀ ਦਾ ਪ੍ਰਭਾਵ।

4.14.1.11.1 ਪੰਜਾਬੀ ਉਚਾਰਨ।

4.14.1.11.2 ਪੰਜਾਬੀ ਰੂਪ।

4.14.1.11.3 ਪੰਜਾਬੀ ਕਿਰਿਆਵਾਂ।

4.14.1.11.4 ਪੰਜਾਬੀ ਸੰਬੰਧਕ ਤੇ ਕਾਰਕ।

4.14.1.11.5 ਪੰਜਾਬੀ ਪ੍ਰਧਾਨ ਸ਼ਬਦਾਵਲੀ ਵਾਲੇ ਸ਼ਬਦਾਂ ਦੀ ਉਦਾਹਰਨ।

4.14.1.12 ਰਵਿਦਾਸ ਬਾਣੀ ਵਿਚ ਸ਼ਬਦਾਂ ਦੇ ਪੁਰਾਣੇ ਰੂਪ।

4.14.1.13 ਨਵੇਂ ਸ਼ਬਦਾਂ ਦਾ ਨਿਰਮਾਣ।

4.14.1.14 ਮੁਹਾਵਰੇ ਅਤੇ ਅਖਾਣ।

4.14.2 ਗੁਰੂ ਰਵਿਦਾਸ ਬਾਣੀ ਦੀ ਸ਼ੈਲੀ।

4.14.3 ਗੁਰੂ ਰਵਿਦਾਸ ਦੀ ਅਲੰਕਾਰਿਕ ਬਾਣੀ।

4.14.3.1 ਰੂਪਕ ਅਲੰਕਾਰ।

4.14.3.2 ਦ੍ਰਿਸ਼ਟਾਂਤ ਅਲੰਕਾਰ।

4.14.3.3 ਤਦਗੁਣ ਅਲੰਕਾਰ।

4.14.3.4 ਉਦਾਹਰਨ ਅਲੰਕਾਰ।

4.14.3.5 ਅਨੁਪ੍ਰਾਸ ਅਲੰਕਾਰ।

4.14.3.6 ਪ੍ਰਸ਼ਨੋਤਰ ਅਲੰਕਾਰ।

4.14.3.7 ਲੋਕੋਕਤੀ ਅਲੰਕਾਰ।

4.14.3.8 ਪੁਨਰੋਕਤੀ ਅਲੰਕਾਰ।

4.14.3.9 ਉਪਮਾ ਅਲੰਕਾਰ।

4.14.3.10 ਵਕ੍ਰੋਕਤੀ ਅਲੰਕਾਰ।

4.14.3.11 ਸਮਅਲੰਕਾਰ ਅਲੰਕਾਰ।

4.14.3.12 ਵੀਪਸਾ ਅਲੰਕਾਰ।

4.14.4 ਰਵਿਦਾਸ ਬਾਣੀ ਦਾ ਬਿੰਬ ਵਿਧਾਨ।

4.14.4.1 ਦ੍ਰਿਸ਼ ਬਿੰਬ।

4.14.4.2 ਗੰਧ ਬਿੰਬ।

4.14.4.3 ਸਪਰਸ਼ ਬਿੰਬ

4.14.4.4 ਰਸ ਬਿੰਬ।

4.14.4.5 ਨਾਦ ਬਿੰਬ।

4.14.5 ਰਵਿਦਾਸ ਬਾਣੀ ਵਿਚ ਵਰਤੇ ਬਿੰਬਾਂ ਦੇ ਸਰੋਤ।

4.14.5.1 ਪ੍ਰਕਿਰਤੀ ਆਧਾਰਿਤ ਬਿੰਬ।

4.14.5.1.1 ਬਨਸਪਤੀ ਆਧਾਰਿਤ ਬਿੰਬ।

4.14.5.1.2 ਪਰਬਤ, ਸਮੁੰਦਰ ਤੇ ਜਲ ਜੀਵ ਆਧਾਰਿਤ ਬਿੰਬ।

4.14.5.2 ਜੀਵਨ ਖੇਤਰ ਵਿਚੋਂ ਲਏ ਬਿੰਬ।

4.14.5.3 ਇਤਿਹਾਸਕ ਮਿਥਿਹਾਸਕ ਬਿੰਬ।

4.14.5.4 ਲੋਕ ਵਿਸ਼ਵਾਸ ਆਧਾਰਿਤ ਬਿੰਬ।

4.14.6 ਰਵਿਦਾਸ ਬਾਣੀ ਦੀ ਪ੍ਰਤੀਕ ਯੋਜਨਾ।

4.14.7 ਰਵਿਦਾਸ ਬਾਣੀ ਵਿਚ ਹਵਾਲੇ।

4.14.7.1 ਇਤਿਹਾਸਿਕ ਹਵਾਲੇ।

4.14.7.2 ਮਿਥਿਹਾਸਿਕ ਹਵਾਲੇ।

4.14.8 ਰਵਿਦਾਸ ਬਾਣੀ ਦਾ ਛੰਦ ਪ੍ਰਬੰਧ ਅਤੇ ਸੰਗੀਤਾਤਮਿਕਤਾ।

4.14.9 ਰਵਿਦਾਸ ਬਾਣੀ ਵਿਚ ਰਸ।

4.14.9.1 ਸ਼ਿੰਗਾਰ ਰਸ।

4.14.9.2 ਕਰੁਣ ਰਸ।

4.14.9.3 ਅਦਭੁੱਤ ਰਸ।

4.14.9.4 ਹਾਸ ਰਸ।

4.14.9.5 ਭਿਆਨਕ ਰਸ।

4.14.9.6 ਸ਼ਾਂਤ ਰਸ।

4.14.10 ਰਵਿਦਾਸ ਬਾਣੀ ਵਿਚ ਰੀਤੀ।

4.14.11 ਰਵਿਦਾਸ ਬਾਣੀ ਵਿਚ ਕਲਪਨਾ।

4.14.11.1 ਬ੍ਰਹਮ ਅਤੇ ਜੀਵਾਤਮਾ ਸਬੰਧੀ ਕਲਪਨਾ।

4.14.11.2 ਗੁਰੂ ਬਾਰੇ ਕਲਪਨਾ।

4.14.11.3 ਮਾਇਆ ਸੰਬੰਧੀ ਕਲਪਨਾ।

4.14.11.4 ਜਗਤ ਬਾਰੇ ਕੀਤੀ ਕਲਪਨਾ।

4.14.11.5 ਮਨੁੱਖ ਸਬੰਧੀ ਕਲਪਨਾ।

4.14.11.6 ਨਾਮ ਸਾਧਨਾ ਸਬੰਧੀ ਕਲਪਨਾ।

4.14.11.7 ਸਤਿਸੰਗ ਬਾਰੇ ਕਲਪਨਾ।

4.15 ਸਾਰਾਂਸ਼।

**5. ਅਧਿਆਇ ਪੰਜਵਾਂ** **165-239**

5.1 ਪਰੰਪਰਾਗਤ ਸਾਧਨਾ ਪੱਧਤੀਆਂ।

5.2 ਗੁਰੂ ਰਵਿਦਾਸ ਦੀ ਭਾਉ ਭਗਤੀ।

5.3 ਗੁਰੂ ਰਵਿਦਾਸ ਦੀ ਭਾਉ ਭਗਤੀ ਦੇ ਪ੍ਰਮੁੱਖ ਤੱਤ।

5.3.1 ਪ੍ਰਭੂ ਪ੍ਰੇਮ।

5.3.2 ਸ਼੍ਰਵਣ।

5.3.3 ਗੁਰੂ।

5.3.4 ਪਰਮਾਤਮਾ ਦੀ ਮਿਹਰ।

5.3.5 ਨਾਮ ਸਿਮਰਨ।

5.3.6 ਵਿਕਾਰਾਂ ਦਾ ਤਿਆਗ।

5.3.7 ਨੈਤਿਕ ਗੁਣ ਤੇ ਨਿਮਰਤਾ।

5.3.8 ਸ਼ਰਣਾਗਤੀ।

5.3.9 ਆਤਮਸਮਰਪਣ ਤੇ ਉਦਾੱਦਤਾ।

5.3.10 ਸਹਜ ਸਮਾਧੀ ਤੇ ਪਰਮਾਨੰਦ।

5.4 ਗੁਰੂ ਰਵਿਦਾਸ ਦੀ ਭਾਉ ਭਗਤੀ ਦੀ ਵਿਲੱਖਣਤਾਵਾਂ ।

5.4.1 ਇੱਕ ਈਸ਼ਵਰਵਾਦ ਤੇ ਆਧਾਰਿਤ ਭਗਤੀ ਪੱਧਤੀ।

5.4.2 ਭਾਵ ਆਧਾਰਿਤ ਭਗਤੀ ਪੱਧਤੀ।

5.4.3 ਜਾਤਪਾਤ ਤੋਂ ਵਿਮੁੱਖ ਭਗਤੀ ਪੱਧਤੀ।

5.4.4 ਕਰਮਕਾਂਡ ਤੋਂ ਸੁਤੰਤਰ ਭਗਤੀ ਪੱਧਤੀ।

5.4.5 ਨਿੱਜੀ ਚੇਤਨਤਾ ਤੇ ਆਧਾਰਿਤ ਭਗਤੀ ਪੱਧਤੀ।

5.4.6 ਗ੍ਰਹਿਸਥ ਜੀਵਨ ਤੇ ਆਧਾਰਿਤ ਭਗਤੀ ਪੱਧਤੀ।

5.4.7 ਕਿਰਤ ਆਧਾਰਿਤ ਭਗਤੀ ਪੱਧਤੀ।

5.4.8 ਤਨ ਦਾ ਮਹੱਤਵ ਪੇਸ਼ ਕਰਦੀ ਭਗਤੀ ਪੱਧਤੀ।

5.4.9 ਰਵਿਦਾਸ ਦੀ ਭਗਤੀ ਪੱਧਤੀ ਵਿਚ ਵਿਅਕਤੀਗਤ ਜਤਨ।

5.4.10 ਰਵਿਦਾਸ ਦੀ ਭਗਤੀ ਪੱਧਤੀ ਵਿਚ ਜੀਵ ਦੀ ਅਡੋਲਤਾ ਦਾ ਸਥਾਨ।

5.4.11 ਰਵਿਾਸ ਦੀ ਭਗਤੀ ਪੱਧਤੀ ਤੇ ਤਨ ਮਨ ਦੀ ਸੰਪੂਰਨ ਏਕਤਾ।

5.4.12 ਰਵਿਦਾਸ ਦੀ ਭਗਤੀ ਪੱਧਤੀ ਤੇ ਮਨੁੱਖਤਾ ਦਾ ਕਲਿਆਣ।

5.5 ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੀ ਨਿਰਗੁਣਵਾਦੀ ਭਗਤੀ ਨਾਲ ਸਾਂਝ।

5.5.1 ਬ੍ਰਹਮ।

5.5.2 ਜੀਵ।

5.5.3 ਜਗਤ।

5.5.4 ਆਤਮਾ।

5.5.5 ਮਾਇਆ।

5.5.6 ਮੁਕਤੀ।

5.5.7 ਸੰਤ ਮਹਿਮਾ।

5.5.8 ਨਾਮ ਸਿਧਾਂਤ।

5.5.9 ਕਰਮ ਸਿਧਾਂਤ।

5.5.10 ਪੰਚ ਵਿਕਾਰ।

5.6 ਗੁਰੂ ਰਵਿਦਾਸ ਭਗਤੀ ਪੱਧਤੀ ਵਿਚ ਭਗਤ ਦਾ ਸੰਕਲਪ।

5.7 ਗੁਰੂ ਰਵਿਦਾਸ ਭਗਤੀ ਪੱਧਤੀ ਰਾਹੀਂ ਸਥਾਪਿਤ ਭਗਤ ਦੇ ਗੁਣ।

5.7.1 ਸੁਭਾ ਦੀ ਇਕਸਾਰਤਾ।

5.7.2 ਸ਼ੁੱਧੀ।

5.7.3 ਅਹਿੰਸਾ।

5.7.4 ਸਵੈ-ਕਾਬੂ।

5.7.5 ਨਿਰਲਿਪਤਤਾ।

5.7.6 ਨਿਡਰਤਾ।

5.7.7 ਬਹਾਦਰੀ।

5.7.8 ਤਿਆਗ।

5.7.9 ਸ਼ਾਂਤੀ।

5.7.10 ਈਸ਼ਵਰੀਭਾਵ।

5.7.11 ਸੇਵਾ।

5.7.12 ਜੀਵਨ-ਮੁਕਤਾ।

5.8 ਸਾਰਾਂਸ਼।

**6 ਅਧਿਆਇ ਛੇਵਾਂ**

6.1 ਗੁਰੂ ਰਵਿਦਾਸ ਦੀ ਬਾਣੀ ਵਿਚ ਲੋਕ ਮੰਗਲ ਦੀ ਭਾਵਨਾ।

6.2 ਵੈਦਿਕ ਸੰਸਕ੍ਰਿਤੀ ਵਿਚ ਵਰਣ ਵਿਵਸਥਾ।

6.3 ਗੁਰੂ ਰਵਿਦਾਸ ਬਾਣੀ ਵਿਚ ਜਾਤੀਵਾਦ ਦਾ ਖੰਡਨ ਤੇ ਸਰਵਜਾਤੀ ਸਮਭਾਵ।

6.4 ਗੁਰੂ ਰਵਿਦਾਸ ਬਾਣੀ ਵਿਚ ਮਾਨਵਵਾਦ।

6.5 ਗੁਰੂ ਰਵਿਦਾਸ ਬਾਣੀ ਵਿਚ ਸਮਾਜਕ ਆਦਰਸ਼ ਤੇ ਪ੍ਰਤੀਮਾਨ।

6.6 ਬੇਗਮਪੁਰੇ ਦਾ ਆਦਰਸ਼।

6.7 ਸਾਰਾਂਸ਼।

**7 ਅਧਿਆਇ ਸੱਤਵਾਂ**

7.1 ਵਰਤਮਾਨ ਸਮੇਂ ਵਿਚ ਰਵਿਦਾਸ ਬਾਣੀ ਦੀ ਸਾਰਥਕਤਾ।

7.2 ਸ਼ੋਧ ਪ੍ਰਬੰਧ ਦਾ ਸਾਰ।

7.3 ਨਿਸ਼ਕਰਸ਼।

7.4 ਭਾਵੀ ਸੰਕੇਤ।

**8 ਸਹਾਇਕ ਪੁਸਤਕਾਂ ਦੀ ਸੂਚੀ**

(ੳ) ਪੰਜਾਬੀ ਪੁਸਤਕਾਂ।

(ਅ) ਪੰਜਾਬੀ ਪੱਤ੍ਰਿਕਾਵਾਂ।

(ੲ) ਹਿੰਦੀ ਪੁਸਤਕਾਂ।

(ਸ) ਹਿੰਦੀ ਪ੍ਰਤ੍ਰਿਕਾ।

(ਹ) ਅੰਗਰੇਜ਼ੀ ਪੁਸਤਕਾਂ।

★ ✪ ★

# ਅਧਿਆਇ ਪਹਿਲਾ

1.1 ਵਿਸ਼ੇ ਕਾਰਜ ਦੀ ਸਥਾਪਨਾ।

1.2 ਪੂਰਵ ਸੰਪੰਨ ਖੋਜ ਕਾਰਜ ਦਾ ਸਰਵੇਖਣ।

1.3 ਪ੍ਰਸਤਾਵਿਤ ਖੋਜ ਕਾਰਜ ਦੀ ਮਹੱਤਾ।

1.4 ਖੋਜ ਕਾਰਜ ਦੀ ਸੀਮਾ।

# ਅਧਿਆਇ : ਪਹਿਲਾ

## 1.1 ਵਿਸ਼ੇ ਕਾਰਜ ਦੀ ਸਥਾਪਨਾ

ਪ੍ਰਸਤੁਤ ਸ਼ੋਧ ਪ੍ਰਬੰਧ 'ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਤੇ ਉਨ੍ਹਾਂ ਦੀ ਬਾਣੀ ਵਿਚ ਵਿਸ਼ਵ ਬੰਧੁਤਵ ਦੀ ਭਾਵਨਾ' ਮੱਧਕਾਲੀ ਉਤਰੀ ਭਾਰਤ ਦੀ ਭਗਤੀ ਪਰੰਪਰਾ ਨਾਲ ਜੁੜੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਅਤੇ ਉਨ੍ਹਾਂ ਦੀ ਬਾਣੀ ਵਿਚਲੀ ਵਿਸ਼ਵ ਬੰਧੁਤਵ ਦੀ ਭਾਵਨਾ ਦਾ ਵਿਵੇਚਨ ਕਰਦਾ ਹੈ। ਗੁਰੂ ਰਵਿਦਾਸ ਬਨਾਰਸ ਦੇ ਪਿੰਡ ਮੰਡੂਆਡੀਹ ਦੇ ਰਹਿਣ ਵਾਲੇ ਸਨ। ਉਨ੍ਹਾਂ ਦਾ ਜਨਮ ਸੰਮਤ 1433 (ਈਸਵੀ ੧੩੮੬) ਨੂੰ ਮਾਤਾ ਕਰਮਾ ਦੇਵੀ ਤੇ ਪਿਤਾ ਰਘੂ ਦੇ ਘਰ ਹੋਇਆ ਜੋ ਜੁੱਤੀਆਂ ਬਨਾਉਣ ਦਾ ਕੰਮ ਕਰਦੇ ਸਨ। ਇਹ ਉਹ ਸਮਾਂ ਸੀ ਜਦ ਮੁਗਲ ਸ਼ਾਸਕ ਇਕ ਪਾਸੇ ਤਲਵਾਰ ਦੇ ਜ਼ੋਰ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾ ਰਹੇ ਸਨ। ਸ਼ਰੇਆਮ ਹਿੰਦੂ-ਔਰਤਾਂ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਸੀ ਤੇ ਮੁਸਲਿਮ ਲੋਕਾਂ ਨੂੰ ਮੁਗਲ ਸਰਕਾਰ ਵੱਲੋਂ ਅਨੇਕ ਰਿਆਇਤਾਂ ਤੇ ਵਿਸ਼ੇਸ਼ ਦਰਜੇ ਦਿੱਤੇ ਜਾ ਰਹੇ ਸਨ। ਹਿੰਦੂ ਸਮਾਜ ਵੀ ਜਾਤ ਪਾਤ ਦੀ ਵਿਵਸਥਾ ਕਾਰਨ ਵੰਡਿਆ ਪਿਆ ਸੀ। ਉਸ ਵਿਚ ਸਹਿਮ, ਡਰ ਤੇ ਅਸੰਤੋਸ਼ ਸੀ। ਬ੍ਰਾਹਮਣਵਾਦ ਸਮਾਜ ਵਿਚ ਡੂੰਘੀਆਂ ਜੜ੍ਹਾਂ ਜਮਾ ਚੁੱਕਾ ਸੀ। ਸ਼ੂਦਰ ਲੋਕ ਬਹੁਤ ਭੈੜੀ ਹਾਲਤ ਵਿਚ ਸਨ। ਉਹ ਪਿੰਡ ਤੋਂ ਬਾਹਰ ਝੁੱਗੀਆਂ ਬਣਾ ਕੇ ਰਹਿੰਦੇ ਸਨ। ਉਨ੍ਹਾਂ ਨੂੰ ਮੰਦਰ ਜਾਣ, ਧਾਰਮਕ ਗ੍ਰੰਥਾਂ ਦਾ ਪਾਠ ਕਰਨ ਜਾਂ ਸੁਨਣ ਦੀ ਇਜ਼ਾਜਤ ਨਹੀਂ ਸੀ। ਛੂਆਛੂਤ ਵਿਆਪਕ ਸੀ। ਅਜਿਹੀ ਹਾਲਤ ਵਿਚ ਗੁਰੂ ਰਵਿਦਾਸ ਜੀ ਨੇ ਜਾਤ ਪਾਤ ਦਾ ਵਿਰੋਧ ਕਰਦਿਆਂ ਕਰਮ ਨੂੰ ਪ੍ਰਧਾਨਤਾ ਦਿੰਦਿਆਂ ਤੇ ਧਰਮ ਜਾਂ ਕਿਸੇ ਹੋਰ ਪ੍ਰਕਾਰ ਦੇ ਵਿਤਕਰੇ ਨੂੰ ਨਾ ਸਵੀਕਾਰ ਕਰਦਿਆਂ 'ਭਾਉ ਭਗਤੀ' ਰਾਹੀਂ ਪਰਮਾਤਮਾ ਪ੍ਰਾਪਤੀ ਦੀ ਗੱਲ ਕੀਤੀ। ਉਨ੍ਹਾਂ ਨੇ ਆਪਣੀ ਭਗਤੀ ਪੱਧਤੀ ਰਾਹੀਂ ਮਨੁੱਖਤਾ ਨੂੰ ਭ੍ਰਾਤਰੀ ਭਾਵ, ਪਿਆਰ, ਮਿਲਵਰਤਨ ਅਤੇ ਆਪਸੀ ਸਾਂਝ ਦਾ ਸੰਦੇਸ਼ ਦਿੱਤਾ।

ਗੁਰੂ ਰਵਿਦਾਸ ਜੀ ਦੀ ਇਸ ਮਹਾਨ ਪ੍ਰਾਪਤੀ ਦਾ ਭੇਦ ਉਨ੍ਹਾਂ ਦੀ ਭਗਤੀ ਪੱਧਤੀ ਵਿਚ ਲੁਕਿਆ ਹੈ ਜਿਸ ਦੀਆਂ ਜੜ੍ਹਾਂ ਭਾਰਤੀ ਭਗਤੀ ਸਿਧਾਂਤ ਦੇ ਆਧਾਰ ਸ਼੍ਰੋਤਾਂ-ਵੇਦਾਂ, ਉਪਨਿਸ਼ਦਾਂ, ਗੀਤਾ, ਭਗਵਦ ਪੁਰਾਣ, ਨਾਰਦ ਭਗਤੀ ਸੂਤਰ, ਸ਼ਾਂਡਿਲਯ ਭਗਤੀ ਸੂਤਰ, ਦੱਖਣ ਦੇ ਆਲਵਾਰ ਤੇ ਵੈਸ਼ਨਵ ਸੰਤ, ਕ੍ਰਿਪਾ ਸਿੰਧੂ ਰਸਾਮ੍ਰਿਤ ਵਿਚ ਮੌਜੂਦ ਹਨ। ਪਰ ਸਾਰੇ ਦੇ ਸਾਰੇ ਇਹ ਭਗਤੀ ਸ੍ਰੋਤ ਇਕ ਹੀ ਸੱਚ ਨੂੰ ਸਾਹਮਣੇ ਰੱਖ ਕੇ ਤੁਰਦੇ ਹਨ ਤੇ ਉਹ ਇਹ ਕਿ ਜੀਵ-ਆਤਮਾ ਦੀ ਉਤਪਤੀ ਪਰਮਾਤਮਾ ਤੋਂ ਹੋਈ ਹੈ। ਭਾਵੇਂ ਆਤਮਾ ਵੀ ਪਰਮਾਤਮਾ ਵਾਂਗ ਹੀ ਪੂਰਨ, ਅਮਰ ਅਤੇ ਸਵੱਛ ਹੈ, ਪਰੰਤੂ ਸੰਸਾਰ ਦੇ ਮੋਹ-ਮਾਇਆ ਦੇ ਪ੍ਰਭਾਵ ਅਤੇ ਅਗਿਆਨਤਾ ਕਰਕੇ ਉਹ ਆਪਣੀ ਅਸਲੀਅਤ ਨੂੰ ਭੁੱਲਕੇ ਸੰਸਾਰਿਕਤਾ ਵਿਚ ਰੁਚਿਤ ਹੋ ਜਾਂਦੀ ਹੈ। ਫਲਸਰੂਪ ਉਸ ਦੀ ਸੰਪੂਰਨਤਾ, ਸ੍ਰੇਸ਼ਠਤਾ ਅਤੇ ਦਿੱਬਤਾ ਹਉਮੈ-ਹੰਕਾਰ ਦੀ ਮੈਲ ਵਿਚ ਦੱਬ ਜਾਂਦੀ ਹੈ। ਉਹ ਪਰਮਾਤਮਾ ਦਾ ਅੰਸ਼ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਸੁਤੰਤਰ ਤੇ ਵਿਲੱਖਣ ਸਮਝਣ ਲੱਗ ਪੈਂਦੀ ਹੈ। ਅਜਿਹੀ ਅਵਸਥਾ ਵਿਚ ਪ੍ਰਭੂ ਨਾਮ ਤੇ ਭਗਤੀ ਹੀ ਮੋਕਸ਼ ਦਾ ਸਾਧਨ ਬਣਦੇ ਹਨ।

ਭਾਰਤ ਵਿਚ ਅਨੇਕਾਂ ਸੰਤਾਂ ਤੇ ਗੁਰੂਆਂ ਨੇ ਸਮੇਂ ਸਮੇਂ ਤੇ ਭੁੱਲੀ ਭਟਕੀ ਤੇ ਮੋਹ ਮਾਇਆ ਵਿਚ ਫੱਸੀ ਜਨਤਾ ਨੂੰ ਪਰਮਾਤਮਾ ਦਾ ਰਾਹ ਵਿਖਾਉਣ ਲਈ ਵਿਅਕਤੀਗਤ ਸਮਰਥਾ, ਪਰੰਪਰਾਗਤ ਸੰਸਕਾਰਾਂ,

ਮਨੁੱਖੀ ਯੋਗਤਾ ਤੇ ਮਾਨਸਿਕ ਅਵਸਥਾ ਦੇ ਆਧਾਰ ਤੇ ਅਨੇਕਾਂ ਸਾਧਨਾਂ ਪੱਧਤੀਆਂ ਪ੍ਰਚਲਿਤ ਕੀਤੀਆਂ ਅਤੇ ਭਗਤੀ ਦੇ ਵੱਖਰੇ-ਵੱਖਰੇ ਸਿਧਾਂਤਾਂ ਨੂੰ ਜਨਮ ਦਿੱਤਾ। ਪਰ ਮੂਲ ਰੂਪ ਵਿਚ ਭਾਰਤ ਵਿਚ ਭਗਤੀ ਦੀਆਂ ਦੋ ਪਰੰਪਰਾਵਾਂ ਹੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ: ਸਰਗੁਣ ਤੇ ਨਿਰਗੁਣ ਭਗਤੀਧਾਰਾ। ਸਰਗੁਣ ਧਾਰਾ ਜਿਥੇ ਪ੍ਰਭੂ ਦੇ ਸਗੁਣ ਸਰੂਪ ਤੇ ਮੂਰਤੀ ਪੂਜਾ ਅਤੇ ਅਵਤਾਰਵਾਦ ਤੇ ਵਿਸ਼ਵਾਸ ਰੱਖਦੀ ਹੈ ਉਥੇ ਨਿਰਗੁਣ ਭਗਤੀ ਧਾਰਾ ਨਿਰਾਕਾਰ ਪਰਮਾਤਮਾ ਦੀ ਭਗਤੀ ਨੂੰ ਸਵੀਕਾਰ ਕਰਦੀ ਹੈ। ਇਸ ਭਗਤੀਧਾਰਾ ਦੀ ਇਕ ਸ਼ਾਖ ਵਿਚ ਭਾਵ ਤੇ ਪ੍ਰੇਮ ਦੀ ਪ੍ਰਧਾਨਤਾ ਹੈ। ਇਸ ਲਈ ਇਸ ਸ਼ਾਖ ਨੂੰ ਪ੍ਰੇਮਾਭਗਤੀ ਜਾਂ ਭਾਉ ਭਗਤੀ ਵੀ ਕਿਹਾ ਜਾਂਦਾ ਹੈ।

ਗੁਰੂ ਰਵਿਦਾਸ ਦੀ ਭਾਉ-ਭਗਤੀ ਪ੍ਰੇਮ ਦੀ ਸਾਧਨਾ ਤੇ ਆਧਾਰਿਤ ਹੈ। ਉਨ੍ਹਾਂ ਅਨੁਸਾਰ ਭਗਤ ਦੀ ਪ੍ਰਭੂ ਲਈ ਪ੍ਰੇਮ ਦੀ ਤੀਬਰਤਾ ਹਮੇਸ਼ਾ ਬਣੀ ਰਹਿੰਦੀ। ਇਹ ਤੀਬਰਤਾ ਹੀ ਉਸ ਨੂੰ ਜਗਤ ਦੇ ਪਦਾਰਥਾਂ, ਵਸਤੂਆਂ ਤੇ ਪ੍ਰਾਣੀਆਂ ਦੇ ਮੋਹ ਤੋਂ ਉਪਰ ਉਠ ਕੇ ਹਰਿ ਨਾਲ ਪ੍ਰੀਤ ਜੋੜਨ ਦੇ ਕਾਬਲ ਬਣਾਉਂਦੀ ਹੈ। ਇਸ ਭਗਤੀ ਦਾ ਸਭ ਤੋਂ ਵੱਡਾ ਆਧਾਰ ਸਤਿਸੰਗ ਹੈ। ਸਤਿਸੰਗ ਹੀ ਮਨੁੱਖ ਦੇ ਮਨ ਵਿਚ ਸ਼ੁੱਭ ਕਰਮ ਕਰਨ ਤੇ ਨਾਮ ਜੱਪਣ ਦੀ ਪ੍ਰੇਰਣਾ ਪੈਦਾ ਕਰਦਾ ਹੈ। ਉਸਦੇ ਮਨ ਵਿਚੋਂ ਦੂਈ ਤੇ ਦਵੈਤ ਦਾ ਭਾਵ ਕੱਢਕੇ ਸਭ ਮਨੁੱਖਾਂ ਪ੍ਰਤੀ ਸਮਾਨਤਾ ਦਾ ਭਾਵ ਪੈਦਾ ਕਰਦਾ ਹੈ, ਹਰ ਜੀਵ ਵਿਚ ਵਿਆਪਕ ਇੱਕ ਹੀ ਪਰਮਾਤਮਾ ਦੀ ਛਵੀ ਸਵੀਕਾਰਦਾ ਹੈ।

ਗੁਰੂ ਰਵਿਦਾਸ ਜੀ ਨੇ ਸ਼ਾਇਦ ਇਸੇ ਲਈ ਹੀ ਆਪਣੀ ਬਾਣੀ ਵਿਚ ਕਿਸੇ ਕਿਸਮ ਦੇ ਧਾਰਮਕ, ਰਾਜਨੀਤਿਕ, ਜਾਤੀਗਤ, ਨਸਲੀ ਜਾਂ ਰੰਗ ਭੇਦ ਨੂੰ ਸਵੀਕਾਰ ਨਹੀਂ ਕੀਤਾ ਹੈ। ਉਨ੍ਹਾਂ ਸਭ ਮਨੁੱਖਾਂ ਨੂੰ ਉਸ ਰੱਬ ਦੀ ਸੰਤਾਨ ਮੰਨਦਿਆਂ ਬਰਾਬਰੀ ਦਾ ਦਰਜਾ ਦਿੱਤਾ ਹੈ। ਉਨ੍ਹਾਂ ਵੱਲੋਂ ਆਪਣੀ ਰਚਨਾ ਵਿਚ ਪੇਸ਼ ਬੇਗਮਪੁਰੇ ਦਾ ਸੰਕਲਪ ਇਸ ਦ੍ਰਿਸ਼ਟੀ ਤੋਂ ਅਫਲਾਤੂਨ ਦੇ ਰਿਪਬਲਿਕ ਅਤੇ ਕਾਰਲਮਾਰਕਸ ਦੇ ਸਮਾਜਵਾਦ ਦੇ ਸੰਕਲਪ ਤੋਂ ਵੀ ਉਚੇਰਾ ਹੈ। ਇਹ ਇਕ ਅਜਿਹੇ ਦੇਸ਼ ਦਾ ਸੰਕਲਪ ਹੈ ਜੋ ਧਰਮ, ਜਾਤ, ਰੰਗ ਭੇਦ ਦੀ ਸੰਕੀਰਣਤਾ ਤੋਂ ਦੂਰ, ਛੂਆ-ਛੂਤ ਤੋਂ ਪਰ੍ਹੇ, ਗੁਲਾਮੀ, ਚਿੰਤਾ, ਡਰ ਤੇ ਭੈਅ ਤੋਂ ਮੁਕਤ, ਲੁੱਟ ਖਸੁੱਟ, ਜ਼ੁਲਮ ਤੋਂ ਬਚਿਆ, ਸ਼ਾਂਤੀਪ੍ਰਿਅ, ਨਿਰਪੱਖ, ਸਵੈਮਾਣ ਨਾਲ ਭਰਪੂਰ, ਰੱਬੀ ਮਿਹਰ ਦਾ ਕੇਂਦਰ ਹੈ ਜਿਸ ਵਿਚ ਆਰਥਕ ਮੰਦਹਾਲੀ ਤੇ ਨਾ ਬਰਾਬਰੀ ਦੀ ਕੋਈ ਥਾਂ ਨਹੀਂ। ਇਹ ਵਿਸ਼ਵ ਭਾਈਚਾਰੇ, ਇਕਮਿਕਤਾ, ਆਪਸੀ ਬਰਾਬਰੀ ਤੇ ਵਿਸ਼ਵ ਬੰਧੁਤਵ ਦੀ ਸੁੰਦਰ ਮਿਸਾਲ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਅਨੁਸਾਰ ਪਰਮ ਪਦ ਦੀ ਪ੍ਰਾਪਤੀ ਲਈ ਭਾਉ ਭਗਤੀ ਇਕ ਮਾਤਰ ਸਾਧਨ ਹੈ, ਜਿਸ ਵਿਚ ਪ੍ਰੇਮ ਅਤੇ ਭਾਵ ਦੀ ਪ੍ਰਮੁੱਖਤਾ ਹੈ। ਕਿਸੇ ਕਿਸਮ ਦੇ ਕਰਮਕਾਂਡ, ਬਾਹਰੀ ਆਡੰਬਰ ਅਤੇ ਝੂਠੇ ਦਿਖਾਵੇ ਜਾਂ ਦੂਈ-ਦਵੈਤ ਤੇ ਮਨੁੱਖੀ ਭੇਦਭਾਵ ਦੀ ਕੋਈ ਥਾਂ ਇਸ ਭਗਤੀ ਵਿਚ ਨਹੀਂ ਹੈ। ਸਮਕਾਲੀਨ ਸਮੇਂ ਵਿਚ ਭੌਤਿਕਵਾਦ ਦੀ ਹਨੇਰੀ ਝੱਲ ਰਹੇ ਮਨੁੱਖ ਲਈ ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਉਸ ਠੰਡੀ-ਛਾਂ ਵਾਲੇ ਰੁੱਖ ਦੀ ਤਰ੍ਹਾਂ ਹੈ ਜੋ ਮਨੁੱਖ-ਮਨੁੱਖ ਵਿਚ ਭੇਦ ਨਾ ਕਰਕੇ ਸਭ ਨੂੰ ਇਕੋ ਜਿਹੀ ਸੁੱਖ ਦਿੰਦੀ ਹੈ। ਉਨ੍ਹਾਂ ਦੀ ਬਾਣੀ ਵਿਚਲੀ ਵਿਸ਼ਵ ਬੰਧੁਤਵ ਦੀ ਭਾਵਨਾ ਵੈਦਿਕ ਸੰਸਕ੍ਰਿਤੀ ਦੇ ਸੰਕਲਪ 'ਵਸੁਧੈਵ ਕਟੁੰਬਕਮ' ਨੂੰ ਆਗਾਂਹ ਵਿਸਤਾਰ ਦਿੰਦੀ ਹੋਈ ਲੋਕਮੰਗਲ ਦੀ ਭਾਵਨਾ ਨਾਲ ਜੋੜਦੀ ਹੈ, ਸਰਵ ਜਾਤੀ ਸਮਭਾਵ ਦਾ ਸੰਕਲਪ ਪੇਸ਼ ਕਰਦੀ ਹੈ ਅਤੇ ਪੂਰੇ ਵਿਸ਼ਵ ਨੂੰ ਭਰਾਤਰੀ ਭਾਵ ਦੀ ਅਨੋਖੀ ਲੜੀ ਵਿਚ ਬੰਨਦੀ ਹੈ।

## 1.2 ਪੂਰਵ ਸੰਪੰਨ ਖੋਜ ਕਾਰਜ ਦਾ ਸਰਵੇਖਣ

ਗੁਰੂ ਰਵਿਦਾਸ ਜੀ ਦੀ ਰਚਨਾਵਾਂ ਸਮੁੱਚੇ ਵਿਸ਼ਵ ਲਈ ਅਨਮੋਲ ਸਰਮਾਇਆ ਹਨ। ਉਨ੍ਹਾਂ ਦੀ ਰਚਨਾ ਦੀ ਮਹਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਰਚਨਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ ਹੈ ਜੋ ਮੱਧਕਾਲ ਦੀ ਸ੍ਰੇਸ਼ਠ, ਪ੍ਰਮਾਣਿਕ ਤੇ ਸਰਵੋਤਮ ਗ੍ਰੰਥ ਹੋਣ ਦਾ ਮਾਣ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਅਤੇ ਬਾਬਾ ਫ਼ਰੀਦ ਦੀ ਬਾਣੀ ਵਿਚ ਵਿਸ਼ੇ ਦੇ ਸਪੱਸ਼ਟੀਕਰਨ ਹਿੱਤ ਗੁਰੂ ਅਰਜਨ ਦੇਵ ਜੀ ਨੇ ਕਈ ਥਾਈਂ ਆਵਸ਼ਕਤਾ ਅਨੁਸਾਰ ਆਪਣੇ ਕਈ ਸ਼ਲੋਕ ਤੇ ਸ਼ਬਦ ਜੋੜੇ ਹਨ ਪਰੰਤੂ ਰਵਿਦਾਸ ਬਾਣੀ ਵਿਚ ਕਿਤੇ ਅਜਿਹਾ ਉਦਾਹਰਨ ਨਹੀਂ ਮਿਲਦਾ।

ਇਹ ਅਫ਼ਸੋਸਨਾਕ ਸੱਚਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਦੇ ਬਾਵਜੂਦ ਰਵਿਦਾਸ ਬਾਣੀ, ਵਿਚਾਰ ਵਿਵੇਚਨ ਦੇ ਪੱਖੋਂ ਸਦੀਆਂ ਤੱਕ ਅਣਗੌਲੀ ਰਹੀ। ਹੁਣ ਤੱਕ ਗੁਰੂ ਰਵਿਦਾਸ ਦੀ ਬਾਣੀ ਉਪਰ 28 ਦੇ ਕਰੀਬ ਸ਼ੋਧ ਪ੍ਰਬੰਧ ਲਿਖੇ ਗਏ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

• **ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜਕ ਸੰਦਰਭ ਵਿਚ ਤੁਲਨਾਤਮਕ ਅਧਿਐਨ**: ਡਾ. ਅਮਰਜੀਤ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਸੰਪੰਨ ਹੋਏ ਇਹ ਸ਼ੋਧ ਪ੍ਰਬੰਧ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜਕ ਸੰਦਰਭ ਵਿਚ ਤੁਲਨਾਤਮਕ ਅਧਿਐਨ ਪੇਸ਼ ਕਰਦਾ ਹੈ।

• **ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ**: ਡਾ. ਅਵਤਾਰ ਸਿੰਘ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਰਾਹੀਂ ਸੰਪੰਨ ਹੋਏ ਇਸ ਸ਼ੋਧ ਪ੍ਰਬੰਧ ਵਿਚ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਸ਼ੋਧ ਪ੍ਰਬੰਧ ਨੂੰ ਭਾਸ਼ਾ ਵਿਭਾਗ, ਪਟਿਆਲਾ ਵੱਲੋਂ ਸੰਨ 1999 ਵਿਚ ਪ੍ਰਕਾਸ਼ਿਤ ਵੀ ਕੀਤਾ ਗਿਆ ਹੈ।

• **ਗੁਰੂ ਰਵਿਦਾਸ ਬਾਣੀ ਦਾ ਸਮਾਜਕ ਅਧਿਐਨ**: ਡਾ. ਅਵਤਾਰ ਸਿੰਘ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਸੰਪੰਨ ਹੋਇਆ ਇਹ ਸ਼ੋਧ ਪ੍ਰਬੰਧ ਗੁਰੂ ਰਵਿਦਾਸ ਦੀ ਬਾਣੀ ਦਾ ਸਮਾਜਕ ਅਧਿਐਨ ਪੇਸ਼ ਕਰਦਾ ਹੈ।

• **ਗੁਰੂ ਰਵਿਦਾਸ ਅਤੇ ਬਾਬਾ ਫਰੀਦ ਦੀ ਬਾਣੀ ਦਾ ਤੁਲਨਾਤਮਕ ਅਧਿਐਨ** : ਡਾ. ਅੰਮ੍ਰਿਤਲਾਲ ਪਾਲ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਰਾਹੀਂ ਕੀਤੇ ਇਸ ਸ਼ੋਧ ਪ੍ਰਬੰਧ ਵਿਚ ਗੁਰੂ ਰਵਿਦਾਸ ਅਤੇ ਪਹਿਲੇ ਪੰਜਾਬੀ ਸੂਫੀ ਕਵੀ ਤੇ ਮਹਾਨ ਫਕੀਰ ਬਾਬਾ ਫਰੀਦ ਦੀ ਬਾਣੀ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ।

• **ਗੁਰੂ ਰਵਿਦਾਸ ਅਤੇ ਮੀਰਾਂਬਾਈ : ਇਕ ਤੁਲਨਾਤਮਕ ਅਧਿਐਨ** : ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਕਰਵਾਏ ਇਸ ਸ਼ੋਧ ਪ੍ਰਬੰਧ ਵਿਚ ਡਾ. ਇੰਦਰਪਾਲ ਮਹਿਤਾ ਨੇ ਗੁਰੂ ਰਵਿਦਾਸ ਅਤੇ ਉਨ੍ਹਾਂ ਦਾ ਸ਼ਿਸ਼ਾਂ ਮੀਰਾਬਾਈ ਦੀ ਬਾਣੀ ਦਾ ਤਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਹੈ।

• **ਰਵਿਦਾਸ ਅਤੇ ਕਬੀਰ ਦੀ ਵਿਚਾਰਧਾਰਾ: ਇੱਕ ਤੁਲਨਾਤਮਕ ਅਧਿਐਨ** : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਕਰਵਾਏ ਇਸ ਸ਼ੋਧ ਪ੍ਰਬੰਧ ਵਿਚ ਡਾ. ਸਤਨਾਮ ਸਿੰਘ ਨੇ ਰਵਿਦਾਸ ਅਤੇ ਕਬੀਰ ਜੀ ਦੀ

ਬਾਣੀ ਦੇ ਵਿਚਾਰਾਤਮਕ ਪਹਿਲੂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਪਰ ਇਹ ਅਧਿਐਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਹੀ ਕੀਤਾ ਗਿਆ ਹੈ।

• **ਗੁਰੂ ਰਵਿਦਾਸ ਤੇ ਜੀਵਨ ਮੁੱਲ** : ਡਾ. ਸਰੋਜ ਰਾਣੀ ਨੇ ਇਸ ਸ਼ੋਧ ਪ੍ਰਬੰਧ ਵਿਚ ਗੁਰੂ ਰਵਿਦਾਸ ਦੀ ਬਾਣੀ ਵਿਚਲੇ ਜੀਵਨ ਮੁੱਲਾਂ ਦਾ ਨਿਖੇੜਾ ਕੀਤਾ ਹੈ। ਇਹ ਕੰਮ ਉਨ੍ਹਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਸੰਪੰਨ ਕੀਤਾ ਹੈ।

• **ਰਵਿਦਾਸ ਬਾਣੀ ਦਾ ਪੌਰਾਣਿਕ ਅਧਿਐਨ** : ਡਾ. ਸੁਖਵਿੰਦਰ ਕੌਰ ਨੇ ਇਸ ਸ਼ੋਧ ਪ੍ਰਬੰਧ ਵਿਚ ਰਵਿਦਾਸ ਬਾਣੀ ਵਿਚ ਮੌਜੂਦ ਪੌਰਾਣਿਕ ਤੱਤਾਂ ਦਾ ਅਧਿਐਨ ਕੀਤਾ ਹੈ। ਇਹ ਸ਼ੋਧ ਪ੍ਰਬੰਧ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸੰਪੰਨ ਹੋਇਆ ਹੈ।

• **ਰਵਿਦਾਸ ਬਾਣੀ ਵਿਚ ਦਲਿਤ ਚੇਤਨਾ** : ਡਾ. ਸੁਸ਼ਮਾ ਰਾਣੀ ਧੀਰ ਨੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਦੇ ਆਧਾਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਸੰਪੰਨ ਕੀਤੇ ਇਸ ਖੋਜ ਕਾਰਜ ਵਿਚ ਰਵਿਦਾਸ ਬਾਣੀ ਵਿਚਲੀ ਦਲਿਤ ਚੇਤਨਾ ਨੂੰ ਉਭਾਰਿਆ ਹੈ।

• **ਗੁਰੂ ਰਵਿਦਾਸ : ਜੀਵਨੀ ਤੇ ਬਾਣੀ ਦੀ ਪ੍ਰਮਾਣਿਕਤਾ** : ਡਾ. ਹਰਨੇਕ ਸਿੰਘ ਕਲੇਰ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਪੰਨ ਕੀਤਾ ਇਹ ਖੋਜ ਪ੍ਰਬੰਧ ਗੁਰੂ ਰਵਿਦਾਸ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਦੀ ਪ੍ਰਮਾਣਿਕਤਾ ਦੇ ਆਧਾਰਿਤ ਹੈ। ਇਹ ਖੋਜ ਪ੍ਰਬੰਧ ਭਾਸ਼ਾ ਵਿਭਾਗ, ਪਟਿਆਲਾ ਵੱਲੋਂ ਪ੍ਰਕਾਸ਼ਿਤ ਵੀ ਹੈ।

• **ਗੁਰੂ ਰਵਿਦਾਸ ਬਾਣੀ ਵਿਚ ਰਹੱਸ ਅਨੁਭਵ**: ਡਾ. ਕਰਨੈਲ ਸਿੰਘ ਵੱਲੋਂ ਕੀਤੇ ਇਸ ਸ਼ੋਧ ਪ੍ਰਬੰਧ ਵਿਚ ਗੁਰੂ ਰਵਿਦਾਸ ਦੇ ਰਹੱਸਵਾਦੀ ਅਨੁਭਵ ਤੇ ਪ੍ਰਕਾਸ਼ ਪਾਇਆ ਗਿਆ ਹੈ। ਇਹ ਸ਼ੋਧ ਪ੍ਰਬੰਧ ਵੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਦੇਣ ਹੈ।

• **ਨਾਮਦੇਵ ਅਤੇ ਸੰਤ ਰਵਿਦਾਸ ਦੀ ਬਾਣੀ : ਤੁਲਨਾਤਮਕ ਅਧਿਐਨ** :– ਕ੍ਰਿਸ਼ਨ ਲਾਲ ਗੋਇਲ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਰਾਹੀਂ ਕਰਵਾਏ ਇਸ ਸ਼ੋਧ ਪ੍ਰਬੰਧ ਵਿਚ ਨਿਰਗੁਣਵਾਦੀ ਸੰਤਾਂ ਨਾਮਦੇਵ ਅਤੇ ਰਵਿਦਾਸ ਦੀ ਬਾਣੀ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ।

• **ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ** : ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਏ ਅਤੇ ਭਾਸ਼ਾ ਵਿਭਾਗ, ਪਟਿਆਲਾ ਵੱਲੋਂ ਪ੍ਰਕਾਸ਼ਿਤ ਇਸ ਸ਼ੋਧ ਪ੍ਰਬੰਧ ਵਿਚ ਡਾ. ਕੁਲਵੰਤ ਕੌਰ ਨੇ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਹੈ।

• **ਗੁਰੂ ਰਵਿਦਾਸ ਬਾਣੀ ਦਾ ਦਾਰਸ਼ਨਿਕ ਅਧਿਐਨ** : ਡਾ. ਗਿਆਨ ਚੰਦਰ ਕੌਲ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਪੰਨ ਕੀਤੇ ਇਸ ਸ਼ੋਧ ਪ੍ਰਬੰਧ ਵਿਚ ਰਵਿਦਾਸ ਬਾਣੀ ਦੇ ਵਿਭਿੰਨ ਦਾਰਸ਼ਨਿਕ ਪੱਖਾਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ।

• **ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ** : ਡਾ. ਕ੍ਰਿਸ਼ਨਾ ਕੁਮਾਰੀ ਕਲਸੀਆ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਪੰਨ ਕੀਤਾ ਗਿਆ ਇਹ ਸ਼ੋਧ ਪ੍ਰਬੰਧ ਗੁਰੂ ਰਵਿਦਾਸ ਦੇ ਭਗਤੀ ਮਾਰਗ ਦੀ ਚਰਚਾ ਕਰਦਾ ਹੈ। ਇਹ ਸ਼ੋਧ ਪ੍ਰਬੰਧ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪ੍ਰਕਾਸ਼ਿਤ ਵੀ ਹੈ।

• **ਗੁਰੂ ਰਵਿਦਾਸ : ਪ੍ਰਮਾਣਿਕ ਜੀਵਨੀ ਤੇ ਵਿਚਾਰਧਾਰਾ** : ਡਾ. ਗੀਤਾਲੀ ਵਰਮਾ ਨੇ ਪੰਜਾਬ

ਯੂਨੀਵਰਸਿਟੀ, ਚੰਡੀਗੜ੍ਹ ਵਿਚ ਕੀਤੇ ਇਸ ਸ਼ੋਧ ਪ੍ਰਬੰਧ ਵਿਚ ਗੁਰੂ ਰਵਿਦਾਸ ਦੀ ਜੀਵਨੀ ਦੀ ਪ੍ਰਮਾਣਿਕਤਾ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੇ ਪ੍ਰਕਾਸ਼ ਪਾਇਆ ਹੈ।

• **ਆਦਿ ਗ੍ਰੰਥ ਵਿਚ ਦਰਜ ਰਵਿਦਾਸ, ਕਬੀਰ ਅਤੇ ਨਾਮਦੇਵ ਬਾਣੀ ਦਾ ਤੁਲਨਾਤਮਕ ਅਧਿਐਨ:** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵੱਲੋਂ ਸੰਪੰਨ ਕਰਵਾਏ ਇਸ ਖੋਜ ਪ੍ਰਬੰਧ ਵਿਚ ਡਾ. ਜਸਵਿੰਦਰ ਸਿੰਘ ਨੇ ਨਿਰਗੁਣਵਾਦੀ ਸੰਤਾਂ ਰਵਿਦਾਸ, ਕਬੀਰ ਅਤੇ ਨਾਮਦੇਵ ਦੀ ਬਾਣੀ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਹੈ।

• **ਗੁਰੂ ਰਵਿਦਾਸ ਬਾਣੀ ਦਾ ਲੋਕਧਾਰਾਈ ਅਧਿਐਨ:** ਡਾ. ਜਸਵੰਤ ਸਿੰਘ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਕੀਤੇ ਇਸ ਖੋਜ ਪ੍ਰਬੰਧ ਵਿਚ ਰਵਿਦਾਸ ਬਾਣੀ ਵਿਚਲੇ ਲੋਕਧਾਰਾਈ ਤੱਤਾਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ।

• **ਗੁਰੂ ਰਵਿਦਾਸ ਬਾਣੀ ਵਿਚ ਸਮਾਜਕ ਚੇਤਨਾ** : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਕੀਤੇ ਗਏ ਇਸ ਸ਼ੋਧ ਪ੍ਰਬੰਧ ਵਿਚ ਡਾ. ਨਿਰਮਲ ਸਿੰਘ ਨੇ ਗੁਰੂ ਰਵਿਦਾਸ ਦੀ ਬਾਣੀ ਵਿਚਲੀ ਸਮਾਜਕ ਚੇਤਨਾ ਤੇ ਪ੍ਰਕਾਸ਼ ਪਾਇਆ ਹੈ।

• **ਰਵਿਦਾਸ ਬਾਣੀ ਅਤੇ ਯੋਗ ਮਾਰਗ** : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਸੰਪੰਨ ਹੋਏ ਇਸ ਸ਼ੋਧ ਪ੍ਰਬੰਧ ਵਿਚ ਡਾ. ਪਰਮਜੀਤ ਕੌਰ ਨੇ ਰਵਿਦਾਸ ਬਾਣੀ ਅਤੇ ਯੋਗ ਮਾਰਗ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕੀਤੀ ਹੈ।

• **ਗੁਰੂ ਰਵਿਦਾਸ ਬਾਣੀ ਵਿਚ ਬ੍ਰਹਮ ਦਾ ਸੰਕਲਪ** : ਡਾ. ਪਰਮਜੀਤ ਕੌਰ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਸੰਪੰਨ ਕੀਤੇ ਇਸ ਸ਼ੋਧ ਪ੍ਰਬੰਧ ਵਿਚ ਰਵਿਦਾਸ ਬਾਣੀ ਵਿਚ ਮੌਜੂਦ ਬ੍ਰਹਮ ਦੇ ਸੰਕਲਪ ਦੇ ਵਿਭਿੰਨ ਪਾਸਾਰਾਂ ਨੂੰ ਉਜਾਗਰ ਕੀਤਾ ਹੈ।

• **ਗੁਰੂ ਰਵਿਦਾਸ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ : ਸਮਾਜਕ ਸੰਦਰਭ ਵਿਚ ਤੁਲਨਾਤਮਕ ਅਧਿਐਨ** : ਡਾ. ਮੱਖਣ ਸਿੰਘ ਵੱਲੋਂ ਸਮਾਜਕ ਸੰਦਰਭ ਵਿਚ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਦਾ ਤੁਲਨਾਤਮਕ ਅਧਿਐਨ ਨਾਮੀ ਇਹ ਸ਼ੋਧ ਪ੍ਰਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਨੇਪਰੇ ਚੜ੍ਹਿਆ ਹੈ।

• **ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ ਮਿੱਥ ਕਥਾਵਾਂ ਦਾ ਅਧਿਐਨ:** ਡਾ. ਮਨਜੀਤ ਕੌਰ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਪੰਨ ਕੀਤੇ ਇਸ ਖੋਜ ਪ੍ਰਬੰਧ ਵਿਚ ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ ਮਿੱਥ ਕਥਾਵਾਂ ਦਾ ਅਧਿਐਨ ਪੇਸ਼ ਕੀਤਾ ਹੈ।

• **ਗੁਰੂ ਰਵਿਦਾਸ ਜੀ ਦੀ ਬਾਣੀ ਦਾ ਚਿਹਨ ਵਿਗਿਆਨਕ ਅਧਿਐਨ:** ਡਾ. ਮੱਘਰ ਸਿੰਘ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਚਿਹਨ ਵਿਗਿਆਨਕ ਅਧਿਐਨ ਕਰਦੇ ਹੋਏ ਇਹ ਸ਼ੋਧ ਪ੍ਰਬੰਧ ਸੰਪੰਨ ਕੀਤਾ ਗਿਆ ਹੈ।

• **ਗੁਰੂ ਰਵਿਦਾਸ ਬਾਣੀ ਦਾ ਸਾਂਸਕ੍ਰਿਤਕ ਅਧਿਐਨ:** ਡਾ. ਰਾਜਕੁਮਾਰ ਸ਼ਰਮਾ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਗੁਰੂ ਰਵਿਦਾਸ ਬਾਣੀ ਵਿਚਲੇ ਸਾਂਸਕ੍ਰਿਤਕ ਤੱਤਾਂ ਦੇ ਅਧਿਐਨ ਨੂੰ ਨੇਪਰੇ ਚਾੜ੍ਹਿਆ ਹੈ।

• **ਗੁਰੂ ਰਵਿਦਾਸ ਅਤੇ ਮਹਾਤਮਾ ਗਾਂਧੀ : ਇਕ ਤੁਲਨਾ** : ਡਾ. ਵਿਵੇਕ ਕੁਮਾਰ ਨੇ ਆਪਣੇ ਇਸ ਸ਼ੋਧ ਪ੍ਰਬੰਧ ਵਿਚ ਨਿਰਗੁਣਵਾਦੀ ਸੰਤ ਗੁਰੂ ਰਵਿਦਾਸ ਅਤੇ ਆਧੁਨਿਕ ਕਾਲ ਦੇ ਸੰਤ ਮਹਾਤਮਾ ਗਾਂਧੀ ਦੀ ਫਿਲਾਸਫੀ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ।

• **ਗੁਰੂ ਰਵਿਦਾਸ ਬਾਣੀ ਦਾ ਸ਼ਿਲਪ ਵਿਧਾਨ** : ਡਾ. ਵਿਦਿਆਵਤੀ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਪੰਨ ਕੀਤੇ ਇਸ ਸ਼ੋਧ ਪ੍ਰਬੰਧ ਵਿਚ ਗੁਰੂ ਰਵਿਦਾਸ ਬਾਣੀ ਦੇ ਸ਼ਿਲਪ ਵਿਧਾਨ ਦੀ ਵਿਸਤਾਰ ਪੂਰਵਕ ਚਰਚਾ ਕੀਤੀ ਹੈ।

• **ਗੁਰੂ ਰਵਿਦਾਸ ਅਤੇ ਨਾਮਦੇਵ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜਕ ਅਧਿਐਨ** : ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਿਖੇ ਸੰਪੰਨ ਹੋਏ ਇਸ ਖੋਜ ਕਾਰਜ ਵਿਚ ਡਾ. ਸੁਖਜਿੰਦਰ ਕੌਰ ਨੇ ਗੁਰੂ ਰਵਿਦਾਸ ਅਤੇ ਨਾਮਦੇਵ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜਕ ਅਧਿਐਨ ਪ੍ਰਸਤੁਤ ਕੀਤਾ ਹੈ।

ਇਸ ਤਰ੍ਹਾਂ ਸ਼ੋਧ ਪੱਤਰਾਂ ਦੀ ਲੜੀ ਨਿਰੰਤਰ ਜਾਰੀ ਹੈ। ਵੱਖ ਵੱਖ ਯੂਨੀਵਰਸਿਟੀਆਂ ਵਿਚ ਸਥਾਪਿਤ 'ਗੁਰੂ ਰਵਿਦਾਸ ਚੇਅਰ' ਇਸ ਸਬੰਧੀ ਮਹੱਤਵਪੂਰਨ ਕਾਰਜ ਕਰ ਰਹੀਆਂ ਹਨ। ਇਸ ਤੋਂ ਇਲਾਵਾ ਗੈਰ ਸਰਕਾਰੀ ਸੰਸਥਾਵਾਂ, ਸਰਕਾਰੀ ਸੰਸਥਾਵਾਂ, ਸਾਹਿਤ ਅਕਾਦਮੀਆਂ ਤੇ ਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਵੀ ਉਨ੍ਹਾਂ ਸੰਬੰਧੀ ਕੀਤੇ ਖੋਜ ਕਾਰਜਾਂ ਨੂੰ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਬੇਸ਼ੱਕ ਗੁਰੂ ਰਵਿਦਾਸ ਜੀ ਦੇ ਜੀਵਨ, ਵਿਅਕਤਿਤਵ ਤੇ ਬਾਣੀ ਦੇ ਅਨੇਕ ਪਹਿਲੂਆਂ ਤੇ ਖੋਜਾਰਥੀਆਂ ਨੇ ਆਪਣੇ ਸ਼ੋਧ ਗ੍ਰੰਥ ਲਿਖੇ ਹਨ ਪਰ ਅਜੇ ਵੀ ਕਈ ਪੈੜਾਂ ਤੈਅ ਕਰਨੀਆਂ ਬਾਕੀ ਹਨ ਜਿਸ ਵਿਚ ਪਰਮਾਤਮਾ ਦੀ ਕਿਰਪਾ ਨਾਲ ਮੇਰਾ ਇਹ ਨਿਗੁਣਾ ਜਿਹਾ ਜਤਨ ਵੀ ਸ਼ਾਮਿਲ ਹੈ।

## 1.3 ਪ੍ਰਸਤਾਵਿਤ ਖੋਜ ਕਾਰਜ ਦੀ ਮਹੱਤਾ

ਸੰਤਾਂ/ਭਗਤਾਂ ਦੀ ਕਤਾਰ ਵਿਚ ਭਾਵੇਂ ਗੁਰੂ ਰਵਿਦਾਸ ਜੀ ਇਕ ਉੱਚ ਸਥਾਨ ਰੱਖਦੇ ਹਨ ਪਰੰਤੂ ਉਨ੍ਹਾਂ ਦੀ ਬਾਣੀ ਦਾ ਆਲੋਚਨਾਤਮਕ ਅਧਿਐਨ ਬਹੁਤ ਘੱਟ ਹੋਇਆ ਹੈ। ਗੁਰੂ ਰਵਿਦਾਸ ਜੀ ਬਾਰੇ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿਚ ਮਿਲਦੀ ਖੋਜ ਤੇ ਸਾਹਿਤ ਜ਼ਿਆਦਾਤਰ ਉਨ੍ਹਾਂ ਦੀ 600 ਵੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਰਚਿਆ ਗਿਆ ਹੈ। ਇਨ੍ਹਾਂ ਲਿਖਤਾਂ ਵਿਚ ਬਹੁਤੇ ਲੋਕਾਂ ਨੇ ਸ਼ਰਧਾਮਈ ਰਵੱਈਆ ਅਪਨਾਉਂਦਿਆਂ ਗੁਰੂ ਰਵਿਦਾਸ ਜੀ ਨੂੰ ਇਕ ਮਹਾਨ ਪੁਰਖ ਦੇ ਨਜ਼ਰੀਏ ਤੋਂ ਵਾਚਿਆ ਹੈ ਅਤੇ ਗੁਰੂ ਜੀ ਦੀ ਸ਼ਖਸੀਅਤ ਨੂੰ ਪਹਿਲੀ ਥਾਂ ਦਿੰਦਿਆਂ, ਉਨ੍ਹਾਂ ਦੀ ਬਾਣੀ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਉਨ੍ਹਾਂ ਦੇ ਖੋਜ ਪੱਤਰਾਂ ਦਾ ਜ਼ਿਆਦਾਤਰ ਦਾਇਰਾ ਗੁਰੂ ਰਵਿਦਾਸ ਦੀ ਰਚਨਾ ਦਾ ਸਮੁੱਚਾ ਦਾਰਸ਼ਨਿਕ ਪੱਖ, ਕਲਾਤਮਕ ਪੱਖ ਜਾਂ ਫਿਰ ਉਸ ਵਿਚ ਪੇਸ਼ ਹੋਏ ਉਸ ਸਮੇਂ ਦੇ ਸਮਾਜਕ, ਸੱਭਿਆਚਾਰਕ ਦ੍ਰਿਸ਼ ਜਾਂ ਉਸ ਵਕਤ ਦੀਆਂ ਰਾਜਨੀਤਕ ਤੇ ਧਾਰਮਿਕ ਪਰਿਸਥਿਤੀਆਂ ਰਹੀਆਂ ਹਨ।

ਪ੍ਰਸਤੁਤ ਖੋਜ ਕਾਰਜ, ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਝਲਕਦੀ ਉਨ੍ਹਾਂ ਦੀ ਭਗਤੀ ਪੱਧਤੀ ਤੇ ਵਿਸ਼ਵ ਬੰਧੁਤਵ ਦੀ ਭਾਵਨਾ ਨੂੰ ਉਜਾਗਰ ਕਰਨ ਦਾ ਨਿਮਾਣਾ ਜਿਹਾ ਜਤਨ ਹੈ ਜੋ ਸਮੁੱਚੇ ਮਨੁੱਖੀ ਜਗਤ ਦੀ ਏਕਤਾ ਤੇ ਕਲਿਆਣ ਦਾ ਰਾਹ ਖੋਲ੍ਹਦਾ ਹੈ ਅਤੇ ਨਾਲ ਹੀ ਮਨੁੱਖ ਨੂੰ ਜਾਤ ਤੇ ਮਾਣ ਕਰਨ ਦੀ ਥਾਂ ਕਰਮ ਕਰਨ ਦੀ ਪ੍ਰੇਰਣਾ ਦਿੰਦਾ ਹੈ।

ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਦੀਆਂ ਜੜ੍ਹਾਂ ਭਾਰਤੀ ਅਧਿਆਤਮਕ ਜਗਤ ਵਿਚ ਦਰਸ਼ਾਏ ਯੋਗ, ਕਰਮ ਤੇ ਗਿਆਨ ਮਾਰਗ ਅਤੇ ਭਗਤੀ ਮਾਰਗ ਨਾਲ ਜੁੜਦੀਆਂ ਹਨ, ਜਿਨ੍ਹਾਂ ਨੂੰ ਭਗਤਵ ਗੀਤਾ ਵਿਚ ਯੋਗ ਦੇ ਪਰਿਵਰਤਿਤ ਅਰਥਾਂ ਵਿਚ ਰਾਜਯੋਗ, ਕਰਮ ਯੋਗ, ਗਿਆਨ ਯੋਗ ਅਤੇ ਭਗਤੀ ਯੋਗ ਕਿਹਾ ਗਿਆ ਹੈ। ਯੋਗ ਦਾ ਮਾਰਗ ਜਿਥੇ ਮਨ ਅਤੇ ਇੰਦਰੀਆਂ ਤੇ ਕਾਬੂ ਰੱਖਣ, ਵਿਕਾਰਾਂ ਤੋਂ ਚੇਤੰਨ ਰਹਿ ਕੇ ਆਤਮਾ ਤੇ ਪਰਮਾਤਮਾ ਵਿਚ ਇਕਾਗਰਤਾ ਸਥਾਪਿਤ ਕਰਨ ਦਾ ਨਾਂ ਹੈ, ਉਥੇ ਕਰਮ ਦਾ ਸੰਕਲਪ ਸਾਡੇ ਸ਼ਾਸਤਰਾਂ ਵਿਚ ਬਹੁਤ ਪੁਰਾਣਾ ਹੈ। ਇਸ ਦਾ ਸੰਬੰਧ ਕੇਵਲ ਸ਼ਰੀਰਕ ਕਿਰਿਆਵਾਂ ਨਾਲ ਨਹੀਂ ਸਗੋਂ ਜਨਮ ਜਨਮਾਂਤਰਾਂ ਨਾਲ ਹੈ। ਪ੍ਰਾਲਬਧ ਤੇ ਸੰਚਿਤ ਕਰਮ ਮਨੁੱਖ ਦੇ ਜਨਮ, ਉਸਦੇ ਪਰਿਵਾਰ ਅਤੇ ਮੌਜੂਦਾ ਜੀਵਨ ਦੇ ਭਵਿੱਖ ਨੂੰ ਤੈਅ ਕਰਦੇ ਹਨ। ਇਸੇ ਲਈ ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਬਾਰ ਬਾਰ ਵਿਕਾਰਾਂ ਤੋਂ ਚੇਤੰਨ ਰਹਿ ਕੇ, ਨੇਕ ਕਰਮ ਕਰਕੇ ਆਤਮਾ ਨੂੰ ਪਰਮਾਤਮਾ ਵਿਚ ਇਕਾਗਰ ਕਰਨ ਦੀ ਗੱਲ ਕੀਤੀ ਹੈ। ਭਾਰਤੀ ਸ਼ਾਸਤ੍ਰਾਂ ਵਿਚ ਗਿਆਨ ਮਾਰਗ ਨੂੰ ਮੋਕਸ਼ ਪ੍ਰਾਪਤੀ ਦੇ ਇਕ ਅਹਿਮ ਸਾਧਨ ਵੱਜੋਂ ਸਵੀਕਾਰ ਕੀਤਾ ਜਾਂਦਾ ਹੈ, ਜਿਸਦਾ ਸੰਬੰਧ ਬੁਧੀ ਨਾਲ ਹੈ। ਇਸ ਮਾਰਗ ਦੇ ਮਹੱਤਵ ਨੂੰ ਸਾਰੇ ਹੀ ਧਰਮ, ਮਤ-ਮਤਾਂਤਰ ਤੇ ਫ਼ਲਸਫ਼ੇ ਸਵੀਕਾਰ ਕਰਦੇ ਹਨ ਪਰ ਹਰ ਧਰਮ, ਫਲਸਫੇ ਤੇ ਮਤ ਮਤਾਂਤਰ ਵੱਲੋਂ ਗਿਆਨ ਦਾ ਸਰੂਪ ਅਤੇ ਗਿਆਨ ਪ੍ਰਾਪਤੀ ਦੇ ਸਾਧਨ ਵੱਖੋ-ਵੱਖਰੇ ਹਨ। ਪਰ ਸਭ ਦੀ ਮੰਜ਼ਿਲ ਸਰਵਸ਼ਕਤੀਮਾਨ ਪਰਮੇਸ਼ਵਰ ਦੀ ਪ੍ਰਾਪਤੀ ਹੈ।

ਭਗਤੀ ਮਾਰਗ, ਦੂਸਰੇ ਸਾਧਨ ਮਾਰਗਾਂ ਵਾਂਗ ਭਾਰਤ ਵਿਚ ਯੁੱਗਾਂ ਤੋਂ ਪ੍ਰਚਲਿਤ ਤੇ ਪ੍ਰਵਾਣਿਤ ਰਿਹਾ ਹੈ। ਵਿਦਵਾਨਾਂ ਨੇ ਇਸ ਦਾ ਆਰੰਭ ਵੇਦ ਮੰਤਰਾਂ ਤੋਂ ਮੰਨਿਆ ਹੈ। ਉਪਨਿਸ਼ਦਾਂ ਤੋਂ ਗੀਤਾ, ਸ਼ਾਣਡਿਲਯ ਭਗਤੀ ਸੂਤਰਾਂ, ਨਾਰਦ ਭਗਤੀ ਸੂਤਰ ਅਤੇ ਪੁਰਾਣਾਂ ਤੱਕ ਇਸ ਮਾਰਗ ਦੀ ਚਰਚਾ ਹੁੰਦੀ ਰਹੀ ਹੈ। ਦੱਖਣ ਦੇ ਭਗਤੀ ਆਚਾਰੀਆਂ, ਆਲਵਾਰ ਸੰਤਾਂ ਨੇ ਇਸ ਮਾਰਗ ਨੂੰ ਜਨ ਸਾਧਾਰਨ ਵਿਚ ਲੋਕਪ੍ਰਿਯ ਬਨਾਉਣ ਵਿਚ ਅਹਿਮ ਹਿੱਸਾ ਪਾਇਆ ਹੈ। ਇਸ ਲਈ ਇਹ ਮਾਰਗ ਆਮ ਜਨਤਾ ਵਿਚ ਸਭ ਤੋਂ ਸੁਗਮ ਤੇ ਸਵੀਕਾਰਯ ਹੈ। ਇਹ ਮਾਰਗ ਦੋ ਤਰ੍ਹਾਂ ਦੀ ਭਗਤੀ ਸਾਧਨ ਰੂਪ ਤੇ ਸਾਧਯ ਰੂਪ ਦੀ ਗੱਲ ਕਰਦਾ ਹੈ। ਸਾਧਨ ਰੂਪ ਭਗਤੀ ਨੂੰ ਨਵਧਾ ਭਗਤੀ ਕਿਹਾ ਜਾਂਦਾ ਹੈ ਜੋ ਪਰਮਾਤਮਾ ਦੇ ਸਰਗੁਣ ਸਰੂਪ ਦੀ ਆਰਾਧਨਾ ਦੀ ਗੱਲ ਕਰਦੀ ਹੈ ਜਦਕਿ ਸਾਧਯ ਰੂਪ ਭਗਤੀ ਨੂੰ ਭਾਵ ਭਗਤੀ ਜਾਂ ਭਾਉ ਭਗਤੀ ਕਿਹਾ ਜਾਂਦਾ ਹੈ ਜੋ ਨਿਰਗੁਣ ਸਰੂਪ ਤੇ ਆਧਾਰਿਤ ਹੈ। ਗੁਰੂ ਰਵਿਦਾਸ ਦੀ ਭਗਤੀ ਭਾਉ-ਭਗਤੀ ਹੈ। ਇਹ ਸ਼ੁਧ ਪ੍ਰੇਮ ਅਤੇ ਭਾਵ ਤੇ ਆਧਾਰਿਤ ਹੈ ਪਰ ਨਾਲ ਹੀ ਇਸ ਵਿਚ ਗਿਆਨ ਅਤੇ ਕਰਮ ਦਾ ਵਿਸ਼ੇਸ਼ ਮਹੱਤਵ ਹੈ। ਇਹ ਭਗਤੀ ਕਰਮਕਾਂਡ ਦੀ ਮੁਥਾਜ ਨਹੀਂ ਸਗੋਂ ਨਿਰੋਲ ਮਨ ਦੀ ਇਕਾਗਰਤਾ ਅਤੇ ਹਿਰਦੇ ਦੀ ਸ਼ੁੱਧਤਾ ਨਾਲ ਸੰਪੂਰਨ ਹੁੰਦੀ ਹੈ। ਇਸ ਵਿਚ ਵਿਅਕਤੀਗਤ ਜਤਨ ਅਤੇ ਗੁਰੂ ਦੀ ਆਸ਼ੀਸ਼ ਦੀ ਖਾਸ ਥਾਂ ਹੈ। ਗੁਰੂ ਰਵਿਦਾਸ ਦਾ ਅੰਤਮ ਆਦਰਸ਼ ਇਸ ਪ੍ਰੇਮਾ ਭਗਤੀ ਰਾਹੀਂ ਬ੍ਰਹਮ ਨਾਲ ਅਭੇਦ ਹੋਣਾ ਹੈ। ਇਸ ਲਈ ਉਨ੍ਹਾਂ ਦੀ ਭਗਤੀ ਸਾਧਨਾ ਵਿਚ ਪ੍ਰਭੂ ਕਿਰਪਾ, ਸਤਿਗੁਰੂ, ਨਿਮਰਤਾ ਅਤੇ ਹਉਮੈਂ ਨਿਵਾਰਣ, ਨੇਕ ਅਮਲ ਕਰਨ ਅਤੇ ਆਪਾ ਸਮਰਪਿਤ ਕਰਨ ਤੇ ਵੀ ਵਿਸ਼ੇਸ਼ ਬੱਲ ਦਿੱਤਾ ਹੈ। ਪਰੰਤੂ ਇਸ ਸਾਧਨਾ ਦੀ ਪਰਿਪੂਰਣਤਾ ਨਾਮ ਸ਼੍ਰਵਣ ਅਤੇ ਸਹਿਜ ਸਮਾਧੀ ਨਾਲ ਹੁੰਦੀ ਹੈ।

ਇੰਝ ਇਸ ਬਾਣੀ ਵਿਚੋਂ ਉਭਰਨ ਵਾਲਾ ਭਗਤ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਸੰਸਾਰਿਕਤਾ ਤੋਂ ਨਿਰਲੇਪ ਰਹਿੰਦਾ ਹੈ। ਮੁਕਤੀ ਉਸ ਲਈ ਮੌਤ ਤੋਂ ਪਿੱਛੋਂ ਦਾ ਕੋਈ ਸੰਕਲਪ ਨਹੀਂ, ਸਗੋਂ ਉਹ ਆਪਣੇ ਜੀਉਂਦੇ ਜੀਅ, ਹਰ ਪ੍ਰਕਾਰ ਦੀ ਮੋਹ ਮਾਇਆ, ਵਿਸ਼ੇ ਵਿਕਾਰਾਂ ਅਤੇ ਕਰਮ ਕਾਂਡ ਤੋਂ ਨਿਜਾਤ ਹਾਸਲ ਕਰਕੇ ਜੀਉਂਦੇ-ਜੀਅ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਉਸ ਵਿਚ ਤਿਆਗ, ਸ਼ਾਂਤੀ, ਨਿਰਭੈਤਾ, ਸੇਵਾ, ਬਹਾਦਰੀ,

ਈਸ਼ਵਰੀ ਭਾਵ ਜਿਹੇ ਗੁਣ ਆਪ ਮੁਹਾਰੇ ਆ ਜਾਂਦੇ ਹਨ। ਉਹ ਖੁਦ ਜੀਵਨ ਮੁਕਤ ਹੋ ਕੇ ਦੂਸਰੇ ਜੀਵਾਂ ਦੇ ਕਲਿਆਣ ਲਈ ਜਤਨਸ਼ੀਲ ਰਹਿੰਦਾ ਹੈ।

ਇਸ ਤਰ੍ਹਾਂ ਪ੍ਰਸਤੁਤ ਸ਼ੋਧ ਪ੍ਰਬੰਧ ਦਾ ਪਹਿਲਾ ਹਿੱਸਾ ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੇ ਨਿਵੇਕਲੇ ਰੂਪ ਨੂੰ ਉਜਾਗਰ ਕਰਦਾ ਹੈ ਜੋ ਭਗਤੀ ਨੂੰ ਬ੍ਰਾਹਮਣਵਾਦ ਅਤੇ ਕਰਮਕਾਂਡਾਂ ਦੀ ਵਲਗਣਾਂ ਵਿਚੋਂ ਕੱਢਕੇ ਜਨਸਧਾਰਨ ਦੀ ਪਹੁੰਚ ਵਿਚ ਸਮਰਪਿਤ ਕਰਦਾ ਹੈ। ਜਿਥੇ ਪੰਡਤ ਦੀ ਥਾਂ ਸੰਤ ਦਾ ਸੰਕਲਪ ਪ੍ਰਸਤੁਤ ਹੁੰਦਾ ਹੈ; ਕਰਮਕਾਂਡਾਂ ਨਾਲ ਜਕੜੀ ਪੂਜਾ ਵਿਧੀਆਂ ਦੀ ਥਾਂ ਮਾਨਸਿਕ ਤੇ ਵਾਚਿਕ ਪੂਜਾ ਤੇ ਭਗਤੀ ਦਾ ਆਗਾਜ਼ ਹੁੰਦਾ ਹੈ ਅਤੇ ਸਹੀ ਅਰਥਾਂ ਵਿਚ ਪ੍ਰਭੂ ਦੀ ਪੂਜਾ ਨਾਮ ਦੀ ਸਾਧਨਾ ਦਾ ਰੂਪ ਧਾਰਦੀ ਹੈ।

(ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਆਪਣੇ ਜੁੱਤੀਆਂ ਗੰਢਣ ਦੇ ਪੇਸ਼ੇ ਬਾਰੇ ਦੱਸਿਆ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਵੱਡੇ ਵੱਡੇਰੇ ਵੀ ਮਰੇ ਪਸ਼ੂਆਂ ਦੀ ਖੱਲ ਲਾਹ ਕੇ ਜੁੱਤੀਆਂ ਬਨਾਉਣ ਦਾ ਕੰਮ ਕਰਦੇ ਸਨ। ਇਸ ਲਈ ਸਮਾਜ ਵੱਲੋਂ ਉਨ੍ਹਾਂ ਨੂੰ ਤਿਰਸਕਾਰਿਆ ਜਾਂਦਾ ਰਿਹਾ ਪਰੰਤੂ ਨਾਮ ਸਿਮਰਨ ਤੇ ਭਾਉ ਭਗਤੀ ਤੇ ਉਨ੍ਹਾਂ ਨੂੰ ਉਸ ਪਰਮ ਪਦ ਦੀ ਪ੍ਰਾਪਤੀ ਕਰਵਾ ਦਿੱਤੀ ਜੋ ਉਸ ਵਕਤ ਦੇ ਬ੍ਰਾਹਮਣ ਨੂੰ ਵੀ ਨਸੀਬ ਨਹੀਂ ਸੀ ਹੋਈ। ਉਨ੍ਹਾਂ ਨੇ ਆਪਣੀ ਭਗਤੀ ਰਾਹੀਂ ਸਪੱਸ਼ਟ ਕਰ ਦਿੱਤਾ ਕਿ ਰੱਬ ਦੀ ਨਜ਼ਰ ਵਿਚ ਜਾਤ-ਪਾਤ, ਉਚ-ਨੀਚ ਜਾਂ ਹੋਰ ਕਿਸੇ ਕਿਸਮ ਦੇ ਵਿਤਕਰੇ ਦੀ ਕੋਈ ਥਾਂ ਨਹੀਂ। ਉਸ ਲਈ ਸਭ ਜਨ ਬਰਾਬਰ ਹਨ ਅਤੇ ਉਹ ਸਭ ਦੇ ਹਿਰਦਿਆਂ ਵਿਚ ਨਿਵਾਸ ਕਰਦਾ ਹੈ। ਉਸ ਨਾਲ ਪਿਆਰ ਕਰਨ ਵਾਲਾ ਮਨੁੱਖ ਕਦੇ ਵੀ ਵਿਅਕਤੀ/ਵਿਅਕਤੀ ਵਿਚ ਭੇਦ ਨਹੀਂ ਕਰ ਸਕਦਾ।)ਉਨ੍ਹਾਂ ਦੀ ਬਾਣੀ ਸਹੀ ਅਰਥਾਂ ਵਿਚ ਹਿੰਦੂ ਤੇ ਵੈਦਿਕ ਸੰਸਕ੍ਰਿਤੀ ਵਿਚ ਵਿਆਪਕ 'ਵਸੁਧੈਵ ਕਟੁੰਬਕਮ੍' ਦੇ ਸਿਧਾਂਤ ਨੂੰ ਸਾਕਾਰ ਕਰਦੀ ਹੈ।

ਅੱਜ ਭਾਰਤ ਨੂੰ ਆਜ਼ਾਦ ਹੋਏ ਬੇਸ਼ਕ ਪੰਜਾਹ ਤੋਂ ਉਪਰ ਕਈ ਵਰ੍ਹੇ ਹੋ ਚੁੱਕੇ ਹਨ ਪਰ ਇਹ ਇਕ ਅਫਸੋਸਨਾਕ ਸੱਚ ਹੈ ਕਿ ਅੱਜ ਵੀ ਪੂਰੇ ਭਾਰਤ ਵਿਚ ਜਾਤੀਵਿਵਸਥਾ ਕਾਰਣ ਹੋਣ ਵਾਲੇ ਭੇਦਭਾਵ ਤੇ ਛੂਆਛੂਤ ਦੀ ਸਮੱਸਿਆ ਉਸੇ ਤਰ੍ਹਾਂ ਖੜੀ ਹੈ। ਬੇਸ਼ਕ ਸਾਡਾ ਸੰਵਿਧਾਨ ਸਮਾਨਤਾ ਤੇ ਬਰਾਬਰੀ ਦੇ ਅਧਿਕਾਰ ਦੀ ਗੱਲ ਕਰਦਾ ਹੈ ਪਰ ਸੱਚਾਈ ਇਹ ਹੈ ਕਿ ਅੱਜ ਵੀ ਉਚ ਵਰਗ ਦੇ ਲੋਕ ਜਾਤੀ ਹੰਕਾਰ ਕਰਕੇ ਨਿਮਨ ਵਰਗ ਦੇ ਅਪਮਾਨ ਤੇ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਦੇਸ਼ ਦੇ ਕਈ ਮੰਦਰਾਂ ਵਿਚ ਨਿਮਨ ਵਰਗ ਦੇ ਲੋਕਾਂ ਨੂੰ ਅੱਜ ਵੀ ਪੂਜਾ ਕਰਨ ਤੇ ਪੁਜਾਰੀ ਦਾ ਪੇਸ਼ਾ ਅਖਤਿਆਰ ਕਰਨ ਦਾ ਅਧਿਕਾਰ ਨਹੀਂ ਹੈ। ਦਲਿਤ ਵਰਗ ਦੀਆਂ ਇਸਤਰੀਆਂ ਨੂੰ ਬਹੁਤੀ ਵਾਰ ਅਪਮਾਨਿਤ ਸਿਰਫ ਇਸ ਕਾਰਨ ਕੀਤਾ ਜਾਂਦਾ ਹੈ ਕਿਉਂਕਿ ਉਹ ਨਿਮਨ ਵਰਗ ਨਾਲ ਸੰਬੰਧਿਤ ਹਨ। ਪੰਜਾਬ ਵਰਗੇ ਉਨੱਤ ਰਾਜ ਵਿਚ ਵੀ ਜਲੰਧਰ ਸ਼ਹਿਰ ਦੇ ਲਾਗੇ ਵਸੇ ਪਿੰਡ ਤਲੱਹਣ ਵਿੱਚ ਹੋਏ ਦਲਿਤ ਵਰਗ ਨਾਲ ਧੱਕੇ ਸਾਡੀ ਡਿੱਗਦੀ ਜਾ ਰਹੀ ਸਮਾਜਕ ਵਿਵਸਥਾ ਵੱਲ ਜਿਥੇ ਉਂਗਲ ਕਰਦੇ ਹਨ ਉਥੇ ਨਾਲ ਹੀ ਗੁਰੂ ਰਵਿਦਾਸ ਦੀ ਉਚੀ-ਸੁੱਚੀ ਬਾਣੀ ਵਲ ਧਿਆਨ ਦਿਵਾਉਂਦੇ ਹਨ ਜੋ ਮਨੁੱਖੀ ਏਕਤਾ, ਸਾਂਝੀਵਾਲਤਾ ਅਤੇ ਮਾਨਵ ਸਵਾਭੀਮਾਨ ਦਾ ਉਪਦੇਸ਼ ਦਿੰਦੀ ਹੈ, ਜੋ ਆਖਦੀ ਹੈ ਕਿ ਕਿਰਤ ਸਦਕਾ ਹੀ ਮਨੁੱਖ ਉਚਾ ਹੁੰਦਾ ਹੈ, ਜਨਮ ਤੇ ਜਾਤ ਕਰਕੇ ਨਹੀਂ। ਕਿਰਤ ਅਤੇ ਕਰਮ ਦੀ ਸਾਧਨਾ ਨਾਲ ਹੀ ਗੁਰੂ ਰਵਿਦਾਸ ਨੂੰ ਵਡਿਆਈ ਤੇ ਉਤਮਤਾ ਪ੍ਰਾਪਤ ਹੋਈ। ਉਨ੍ਹਾਂ ਨੇ ਕਦੇ ਵੀ ਵਿਹਲੇ ਬੈਠਣ, ਭਿੱਖਿਆ ਮੰਗਣ ਤੇ ਗ੍ਰਹਿਸਤ ਦੇ ਤਿਆਗ ਦਾ ਉਪਦੇਸ਼ ਨਹੀਂ ਦਿੱਤਾ ਸਗੋਂ ਉਨ੍ਹਾਂ ਦੀ ਸਾਰੀ ਬਾਣੀ ਸ਼ਰੀਰਕ

ਮਿਹਨਤ ਕਰਨ, ਦਸਾਂ ਨਹੁੰਆਂ ਨਾਲ ਕਮਾਈ ਕਰਨ ਪ੍ਰਭੂ ਦਾ ਨਾਂ ਜਪਣ ਤੇ ਬਿਨਾਂ ਕਿਸੇ ਪ੍ਰਕਾਰ ਦੇ ਭੇਦਭਾਵ ਦੇ ਸਭ ਲੋਕਾਂ ਨੂੰ ਇਕੋ ਰੱਬ ਦੀ ਸੰਤਾਨ ਸਮਝਣ ਤੇ ਕੇਂਦਰਿਤ ਹੈ।

ਅਜੋਕੇ ਭੌਤਿਕਵਾਦੀ ਯੁੱਗ ਵਿਚ ਜਦ ਮਨੁੱਖ ਦੀ ਭਟਕਣ ਬਹੁਤ ਵੱਧ ਗਈ ਹੈ ਤੇ ਉਹ ਸ਼ਾਂਤੀ ਦੀ ਤਲਾਸ਼ ਵਿਚ ਇਧਰ-ਉਧਰ ਭਟਕ ਰਿਹਾ ਹੈ, ਕਦੇ ਅਖੌਤੀ ਗੁਰੂਆਂ ਦੀ ਸ਼ਰਣ ਵਿਚ ਜਾ ਰਿਹਾ ਹੈ, ਕਦੇ ਤੀਰਥਾਂ ਤੇ ਇਸ਼ਨਾਨ ਕਰਨ ਤੇ ਕਦੇ ਆਰਤੀ ਵਰਗੇ ਭੇਖ ਰਚਾਉਣ ਵੱਲ ਰੁਚਿਤ ਹੋ ਰਿਹਾ ਹੈ ਤਾਂ ਗੁਰੂ ਰਵਿਦਾਸ ਦੀ ਬਾਣੀ ਉਸ ਲਈ ਮਾਰਗ-ਦਰਸ਼ਕ ਦਾ ਕੰਮ ਕਰਦੀ ਹੈ। ਉਸ ਨੂੰ ਸਭ ਭੇਖਾਂ ਨੂੰ ਛੱਡ ਕੇ ਸੱਚੇ ਮਨ ਨਾਲ ਰੱਬ ਨਾਲ ਪਿਆਰ ਕਰਨ ਤੇ ਉਸਦਾ ਨਾਂ ਜਪਣ ਦੀ ਪ੍ਰੇਰਨਾ ਦਿੰਦੀ ਹੈ।

ਉਨ੍ਹਾਂ ਦੇ ਇਨ੍ਹਾਂ ਕ੍ਰਾਂਤੀਕਾਰੀ ਵਿਚਾਰਾਂ ਦੇ ਅੰਮ੍ਰਿਤ ਦੇ ਸੇਵਨ ਕਰਕੇ ਹੀ ਅਨੇਕਾਂ ਧਨੀ ਲੋਕ, ਰਾਜੇ ਤੇ ਰਾਣੀਆਂ ਨੇ ਵੀ ਉਨ੍ਹਾਂ ਨੂੰ ਗੁਰੂ ਸਵੀਕਾਰ ਕੀਤਾ ਅਤੇ ਉਨ੍ਹਾਂ ਦੇ ਸਤਿਸੰਗ ਵਿਚ ਜੁੜ ਕੇ ਬਹਿਣ ਲੱਗੇ। ਇੰਝ ਗੁਰੂ ਰਵਿਦਾਸ ਜੀ ਨੇ ਮਹਾਨ ਸਮਾਜਕ ਲੋਕਾਚਾਰ ਦੀ ਨੀਂਹ ਰੱਖੀ। ਮਨੁੱਖੀ ਸਮਾਨਤਾ ਦੇ ਸਿਧਾਂਤ ਨੂੰ ਰਾਜਨੀਤਿਕ ਤੇ ਅਧਿਆਤਮਿਕ ਦੋਹਾਂ ਰੂਪਾਂ ਵਿਚ ਸਮਾਵੇਸ਼ ਕਰਕੇ ਬੇਗ਼ਮਪੁਰੇ ਦਾ ਮਹਾਨ ਤੇ ਕ੍ਰਾਂਤੀਕਾਰੀ ਸਿਧਾਂਤ ਪੇਸ਼ ਕੀਤਾ।

ਗੁਰੂ ਰਵਿਦਾਸ ਜੀ ਦੇ ਮਾਨਵਵਾਦੀ ਵਿਚਾਰਾਂ ਨਾਲ ਅੱਜ ਵੀ ਸਮਾਜ ਦੇ ਹਰ ਵਰਗ ਵਿਚ ਸਮਾਨਤਾ, ਭ੍ਰਾਤਰ ਭਾਵ ਤੇ ਧਰਮ ਜਾਤ ਦੇ ਵਿਤਕਰਿਆਂ ਨੂੰ ਛੱਡ ਕੇ ਲੋਕ ਮੰਗਲ ਲਈ ਕੰਮ ਕਰਨ ਦੇ ਉਤਸ਼ਾਹੀ ਭਾਵਾਂ ਦਾ ਸੰਚਾਰ ਹੁੰਦਾ ਹੈ। ਲੋੜ ਕੇਵਲ ਵਿਦਵਾਨਾਂ ਵੱਲੋਂ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਇਸ ਪੱਖ ਨੂੰ ਉਜਾਗਰ ਕਰਨ ਦੀ ਹੈ ਜੋ ਭੌਤਿਕਵਾਦ ਤੇ ਵਿਸ਼ਵੀਕਰਨ ਦੇ ਝੱਖੜ ਵਿਚ ਰੁਲ ਰਹੀ ਤੇ ਅਨੰਦ ਦੀ ਤਲਾਸ਼ ਵਿਚ ਤੇ ਏਡਜ਼ ਦੇ ਖਤਰੇ ਨਾਲ ਜੂਝ ਰਹੀ ਸਮੁੱਚੀ ਮਾਨਵਤਾ ਨੂੰ ਪਰਮਾਤਮਾ ਦੀ ਸੱਚੀ-ਸੁੱਚੀ ਭਗਤੀ ਰਾਹੀਂ ਮੁਕਤੀ ਦਾ ਰਾਹ ਵਿਖਾ ਸਕਦੀ ਹੈ।

## 1.4 ਖੋਜ ਕਾਰਜ ਦੀ ਸੀਮਾ:

ਪ੍ਰਸਤੁਤ ਖੋਜਕਾਰਜ ਗੁਰੂ ਰਵਿਦਾਸ ਦੀ ਭਗਤੀ ਪੱਧਤੀ ਤੇ ਉਨ੍ਹਾਂ ਦੀ ਬਾਣੀ ਵਿਚਲੀ ਵਿਸ਼ਵ ਬੰਧੁਤਵ ਦੀ ਭਾਵਨਾ ਵੱਲ ਕੇਂਦਰਿਤ ਹੈ। ਇਸ ਵਿਚ ਗੁਰੂ ਜੀ ਦੇ ਦਾਰਸ਼ਨਿਕ ਵਿਚਾਰਾਂ ਤੇ ਰਚਨਾ ਦੇ ਕਲਾ ਪੱਖ ਬਾਰੇ ਬੜੇ ਸੀਮਤ ਦਾਇਰੇ ਵਿਚ ਵਿਚਾਰ ਕੀਤਾ ਜਾਵੇਗਾ ਅਤੇ ਮੁੱਖ ਜ਼ੋਰ ਉਨ੍ਹਾਂ ਦੀ ਭਗਤੀ ਪੱਧਤੀ, ਉਸਦੇ ਤੱਤਾਂ, ਵਿਲੱਖਣਤਾਵਾਂ ਤੇ ਉਸ ਵਿਚ ਪੇਸ਼ ਭਗਤ ਦੇ ਸੰਕਲਪ ਉਪਰ ਦਿੱਤਾ ਜਾਵੇਗਾ। ਵਾਸਤਵ ਵਿਚ ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਸਾਕਾਰ ਤੋਂ ਨਿਰਾਕਾਰ ਦੀ ਉਪਾਸਨਾ ਵੱਲ ਸਫਰ ਕਰਦੀ ਹੈ ਜਿਸਦੀ ਜੜ੍ਹਾਂ ਡੂੰਘੀਆਂ, ਧੁਰ ਤੱਕ ਭਾਰਤੀ ਅਧਿਆਤਮਕ ਜਗਤ ਦੀ ਥੰਮੀਆਂ ਸਰਗੁਣ ਅਤੇ ਨਿਰਗੁਣ ਭਗਤੀ ਧਾਰਾ ਨਾਲ ਜੁੜੀਆਂ ਹਨ। ਇਨ੍ਹਾਂ ਸਾਰੀ ਥੰਮੀਆਂ ਬਾਰੇ ਵੀ ਵਿਸਤਾਰਪੂਰਵਕ ਚਰਚਾ ਇਸ ਸ਼ੋਧ ਪ੍ਰਬੰਧ ਵਿਚ ਕੀਤੀ ਜਾਵੇਗੀ ਅਤੇ ਗੁਰੂ ਰਵਿਦਾਸ ਦਾ ਭਗਤੀ ਪਰੰਪਰਾ ਵਿਚ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ਼ ਵੀ ਹੋਵੇਗੀ। ਪਰੰਤੂ ਭਗਤੀ ਪਰੰਪਰਾ ਦੇ ਵਿਕਾਸ, ਗੁਰੂ ਰਵਿਦਾਸ ਦੇ ਜੀਵਨ ਅਤੇ ਸਮਕਾਲੀ ਪਰਿਸਥਿਤੀਆਂ ਦਾ ਵਿਵੇਚਨ ਕਰਦੇ ਸਮੇਂ ਵਧੇਰੇ ਡੂੰਘਾਈ ਵਿਚ ਜਾਣ ਦਾ ਜਤਨ ਨਹੀਂ ਕੀਤਾ ਜਾਵੇਗਾ ਕਿਉਂਕਿ ਉਪਰੋਕਤ ਵਿਸ਼ੇ ਕੇਵਲ ਪ੍ਰਸੰਗਵਸ਼ ਹੀ ਆਉਣਗੇ। ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਵਿਚਾਰਾਤਮਕ ਅਤੇ ਕਲਾਤਮਕ ਪੱਖ, ਬਾਣੀ ਦੇ ਸਰੋਤ ਅਤੇ ਪ੍ਰੇਰਨਾਦਾਇਕ ਪਰਿਸਥਿਤੀਆਂ ਦੀ ਵੀ ਕੁਝ ਪੰਨਿਆਂ ਵਿਚ ਹੀ

ਚਰਚਾ ਕੀਤੀ ਜਾਵੇਗੀ।

ਗੁਰੂ ਰਵਿਦਾਸ ਬਾਣੀ ਦੀ ਵਿਸ਼ਵ ਬੰਧੁਤਵ ਦੀ ਭਾਵਨਾ ਭਾਰਤੀ ਸਮਾਜ ਵਿਚ ਪਏ 'ਵਸੁਧੈਵ ਕਟੁੰਬਕਮ' ਦੇ ਆਦਰਸ਼ ਨਾਲ ਕਿਵੇਂ ਜੁੜਦੀ ਹੈ, ਕਿਸ ਤਰ੍ਹਾਂ ਵਰਣ ਵਿਵਸਥਾ ਖਿਲਾਫ ਬਗਾਵਤ ਕਰਦੀ ਹੈ, ਬਾਰੇ ਵੀ ਵਿਚਾਰ ਕੀਤਾ ਜਾਵੇਗਾ। ਇਸੇ ਸੰਦਰਭ ਵਿਚ ਮਨੂੰ ਸਮ੍ਰਿਤੀ ਵੱਲੋਂ ਪੇਸ਼ ਜਾਤੀਗਤ ਵੰਡ ਦੇ ਸੰਕਲਪ ਬਾਰੇ ਵੀ ਚਰਚਾ ਕੀਤੀ ਜਾਵੇਗੀ। ਗੁਰੂ ਰਵਿਦਾਸ ਦੇ ਮਾਨਵਵਾਦੀ ਵਿਚਾਰ, ਸਰਵ ਜਾਤੀ ਸਮਭਾਵ, ਬ੍ਰਾਹਮਣ ਦੀ ਥਾਂ ਸੰਤ ਦੇ ਸੰਕਲਪ, ਲੋਕਮੰਗਲ ਦੀ ਭਾਵਨਾ ਤੇ ਬੇਗਮਪੁਰੇ ਦੀ ਸਿਰਜਣਾ ਸੰਬੰਧੀ ਬਾਰੇ ਜੋ ਵਿਚਾਰ ਉਨ੍ਹਾਂ ਦੀ ਬਾਣੀ ਵਿਚ ਪੇਸ਼ ਹੋਏ ਹਨ, ਬਾਰੇ ਵੀ ਸ਼ੋਧ ਪੱਤਰ ਵਿਚ ਵਿਸਤਾਰ ਪੂਰਵਕ ਚਰਚਾ ਕੀਤੀ ਜਾਵੇਗੀ।

ਗੁਰੂ ਰਵਿਦਾਸ ਦੀ ਭਗਤੀ ਪੱਧਤੀ ਤੇ ਵਿਸ਼ਵ ਬੰਧੁਤਵ ਦੀ ਭਾਵਨਾ ਦਾ ਵਿਧੀਵਤ ਅਧਿਐਨ ਕਰਦੇ ਸਮੇਂ ਸਿਧਾਂਤ ਨਿਰੂਪਣ ਦੇ ਨਾਲ ਨਾਲ ਵਿਹਾਰਕ ਵਿਆਖਿਆ ਵੱਲ ਵਧੇਰੇ ਰੁਚੀ ਰਹੇਗੀ।

ਉਮੀਦ ਹੈ ਇਸ ਸ਼ੋਧ ਪ੍ਰਬੰਧ ਵਿਚ ਪ੍ਰਗਟਾਏ ਮੌਲਿਕ ਵਿਚਾਰ ਅਤੇ ਸਥਾਪਿਤ ਮਤਾਂ ਨਾਲ ਗੁਰੂ ਰਵਿਦਾਸ ਬਾਣੀ (ਵਿਸ਼ੇਸ਼ ਕਰਕੇ) ਅਤੇ ਸਮੁੱਚੀ ਭਗਤੀ ਪਰੰਪਰਾ ਸੰਬੰਧੀ ਵੀ ਕਈ ਨਵੇਂ ਤੱਥ ਉਜਾਗਰ ਹੋਣ ਦੀ ਸੰਭਾਵਨਾ ਹੈ। ਕੁੱਲ ਮਿਲਾਕੇ ਇਸ ਸ਼ੋਧ ਪੱਤਰ ਦੇ ਵਿਸ਼ਾਲ ਰੂਪ ਨੂੰ ਪੰਨਿਆਂ ਦੇ ਕੈਨਵਸ ਤੇ ਉਤਾਰਨ ਦਾ ਸੀਮਾਬੱਧ ਜਤਨ ਕੀਤਾ ਜਾਵੇਗਾ ਜੋ ਉਮੀਦ ਹੈ ਉਸ ਅਕਾਲ ਪੁਰਖ ਦੀ ਕਿਰਪਾ ਨਾਲ ਜਲਦ ਹੀ ਨੇਪਰੇ ਚੜ੍ਹੇਗਾ।

# ਅਧਿਆਇ : ਦੂਸਰਾ

2.1 ਭਗਤੀ ਸ਼ਬਦ ਦੀ ਉਤਪਤੀ ਅਤੇ ਪਰਿਭਾਸ਼ਾ ।

2.2 ਭਗਤੀ ਦੇ ਭੇਦ ।

2.3 ਸਰਗੁਣ ਭਗਤੀ ਤੇ ਇਸਦੇ ਭੇਦ ।

2.4 ਨਿਰਗੁਣ ਭਗਤੀ ਤੇ ਇਸਦੇ ਭੇਦ ।

2.5 ਵਿਸ਼ਵ ਬੰਧੁਤਵ ਦੀ ਭਾਵਨਾ ਦਾ ਸਿਧਾਂਤਕ ਪਰਿਚੈ ।

2.6 ਭਾਰਤੀ ਪਰੰਪਰਾ ਵਿਚ ਵਿਸ਼ਵ ਬੰਧੁਤਵ ।

2.7 ਸਾਮੀ ਪਰੰਪਰਾ ਵਿਚ ਵਿਸ਼ਵ ਬੰਧੁਤਵ ।

2.8 ਸੂਫੀ ਅਤੇ ਵਿਸ਼ਵ ਬੰਧੁਤਵ ।

2.9 ਸਾਰਾਂਸ਼ ।

# ਅਧਿਆਇ : ਦੂਸਰਾ

ਈਸ਼ਵਰ ਦੀ ਪ੍ਰਾਪਤੀ ਲਈ ਭਾਰਤੀ ਦਰਸ਼ਨ ਵਿਚ ਯੋਗ, ਕਰਮ, ਗਿਆਨ ਅਤੇ ਭਗਤੀ ਮਾਰਗ ਦੀ ਗੱਲ ਕੀਤੀ ਗਈ ਹੈ। ਇਹ ਚਾਰੋਂ ਮਾਰਗ ਇਸ ਤੱਥ ਨੂੰ ਸਾਹਮਣੇ ਰੱਖਕੇ ਚਲਦੇ ਹਨ ਕਿ ਜੀਵ-ਆਤਮਾ ਦੀ ਉਤਪਤੀ ਪਰਮਾਤਮਾ ਤੋਂ ਹੋਈ ਹੈ। ਇਸ ਕਾਰਨ ਭਾਵੇਂ ਆਤਮਾ ਵੀ ਉਸ ਵਾਂਗ ਪੂਰਨ, ਅਮਰ ਤੇ ਸਵੱਛ ਹੈ, ਪਰੰਤੂ ਸੰਸਾਰ ਦੇ ਮੋਹ-ਮਾਇਆ ਦੇ ਪ੍ਰਭਾਵ ਅਤੇ ਅਗਿਆਨਤਾ ਕਰਕੇ ਉਹ ਆਪਣੀ ਅਸਲੀਅਤ ਨੂੰ ਭੁੱਲ ਕੇ ਸੰਸਾਰਿਕਤਾ ਵਿਚ ਖਚਿਤ ਹੋ ਜਾਂਦੀ ਹੈ। ਫਲਸਰੂਪ ਆਤਮਾ ਦੀ ਸੰਪੂਰਨਤਾ, ਸ਼੍ਰੇਸ਼ਠਤਾ ਅਤੇ ਦਿੱਬਤਾ ਹਉਮੈਂ-ਹੰਕਾਰ ਦੀ ਮੈਲ ਹੇਠ ਦੱਬਕੇ ਰਹਿ ਜਾਂਦੀ ਹੈ ਅਤੇ ਪਰਮਾਤਮਾ ਦੀ ਅੰਸ਼ ਹੁੰਦਿਆਂ ਹੋਇਆਂ ਵੀ ਇਹ ਆਪਣਾ ਸੁਤੰਤਰ ਅਤੇ ਵਿਲੱਖਣ ਵਜੂਦ ਸਮਝਣ ਲੱਗ ਪੈਂਦੀ ਹੈ। ਆਤਮਾ ਨੂੰ ਅਸਲੀਅਤ ਦੀ ਸੋਝੀ ਕਰਵਾਉਣ ਅਤੇ ਆਤਮਾ ਪਰਮਾਤਮਾ ਦੀ ਅਭੇਦਤਾ ਨੂੰ ਦਰਸ਼ਾਉਣ ਹਿੱਤ ਵਿਅਕਤੀਗਤ ਸਮਰੱਥਾ, ਪਰੰਪਰਾਗਤ ਸੰਸਕਾਰਾਂ, ਮਨੁੱਖੀ ਯੋਗਤਾ ਅਤੇ ਮਾਨਸਿਕ ਅਵਸਥਾ ਦੇ ਆਧਾਰ ਤੇ ਜਿਗਿਆਸੂਆਂ ਨੇ ਇਨ੍ਹਾਂ ਮਾਰਗਾਂ ਭਾਵ ਸਾਧਨਾ ਪੱਧਤੀਆਂ ਦੀ ਚਰਚਾ ਕੀਤੀ ਹੈ।

ਭਗਵਦਗੀਤਾ ਵਿਚ ਇਨ੍ਹਾਂ ਸਾਧਨਾ-ਮਾਰਗਾਂ ਨੂੰ ਯੋਗ ਦੇ ਪਰਵਰਤਿਤ ਅਰਥਾਂ ਵਿਚ ਰਾਜਯੋਗ, ਕਰਮਯੋਗ, ਗਿਆਨ ਯੋਗ ਅਤੇ ਭਗਤੀ ਯੋਗ ਦੀ ਸੰਗਿਆ ਦਿੱਤੀ ਗਈ ਹੈ।[1]

**ਹਿੰਦੀ ਦੇ ਪ੍ਰਸਿੱਧ ਸਾਹਿਤਕਾਰ ਹਜ਼ਾਰੀ ਪ੍ਰਸਾਦ ਦਿਵੇਦੀ**[2] ਅਨੁਸਾਰ "ਭਾਰਤੀ ਸਾਹਿਤ ਵਿਚ ਪਰਮਪਦ ਦੀ ਪ੍ਰਾਪਤੀ ਦੇ ਤਿੰਨ ਮਾਰਗ ਯੋਗ ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਹਨ।"

ਗਿਆਨ, ਯੋਗ, ਤਪ ਆਦਿ ਇਸ ਯੁੱਗ ਵਿਚ ਸਿੱਧ ਹੋਣੇ ਬਹੁਤ ਕਠਿਨ ਹਨ ਅਤੇ ਇਨ੍ਹਾਂ ਮਾਰਗਾਂ ਲਈ ਲੋੜੀਂਦੀ ਸਹਾਇਕ ਸਮੱਗਰੀ ਮਿਲਣੀ ਵੀ ਬਹੁਤ ਮੁਸ਼ਕਲ ਹੈ। ਇਸ ਲਈ ਭਗਤੀ ਨੂੰ ਕਲਯੁੱਗ ਵਿਚ ਪਰਮਾਤਮਾ ਦੀ ਪ੍ਰਾਪਤੀ ਦਾ ਸਭ ਤੋਂ ਸਰਲ ਸਾਧਨ ਮੰਨਿਆ ਗਿਆ ਹੈ। ਮੋਹ ਅਤੇ ਮਾਇਆ ਦੇ ਬੰਧਨਾਂ ਵਿਚ ਜਕੜਿਆ ਮਨੁੱਖ ਕਿਸੇ ਵੀ ਢੰਗ ਨਾਲ ਪ੍ਰਭੂ ਭਗਤੀ ਕਰ ਲਵੇ, ਉਸ ਦੀ ਮੁਕਤੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਮਨ ਅਤੇ ਆਤਮਾ ਤੇ ਜੰਮੀ ਹੰਕਾਰ ਦੀ ਮੈਲ ਦਾ ਨਾਸ਼ ਹੋ ਜਾਂਦਾ ਹੈ ਅਤੇ ਆਤਮਾ ਨਿਰਛਲ ਤੇ ਪਵਿੱਤਰ ਹੋ ਕੇ ਪ੍ਰਭੂ ਨਾਲ ਇਕਮਿੱਕ ਹੋ ਜਾਂਦੀ ਹੈ।

ਪਰੰਤੂ ਪ੍ਰਸ਼ਨ ਇਹ ਉਠਦਾ ਹੈ ਕਿ ਭਗਤੀ ਹੈ ਕੀ? ਵੱਖ ਵਿਦਵਾਨਾਂ, ਭਗਤੀ ਆਚਾਰੀਆਂ, ਕੋਸ਼ਾਂ ਅਤੇ ਗ੍ਰੰਥਾਂ ਨੇ 'ਭਗਤੀ' ਸ਼ਬਦ ਨੂੰ ਆਪਣੇ ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ।

## 2.1. 'ਭਗਤੀ' ਸ਼ਬਦ ਦੀ ਉਤਪਤੀ ਅਤੇ ਪਰਿਭਾਸ਼ਾ

**ਸੰਸਕ੍ਰਿਤ ਦੇ ਵਿਆਕਰਣਕਾਰ ਅਤੇ ਸੰਸਕ੍ਰਿਤ ਆਚਾਰਿਆ ਪ੍ਰਾਂਨਿਨੀ ਦਾ ਮਤ:** ਸੰਸਕ੍ਰਿਤ ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜ ਸੇਵਾਯਾਮ' ਤੋਂ ਨਿਕਲਿਆ ਹੈ ਅਤੇ ਪ੍ਰਾਂਨਿਨੀ ਦੇ ਸੂਤਰ 'ਇਸਤ੍ਰੀਆ ਕਤਿਨ' ਨੰਬਰ (3/3/94) ਦੇ ਅਨੁਸਾਰ 'ਕਤਿਨ ਪ੍ਰਤਿਐ' ਜੋੜਨ ਨਾਲ ਇਹ ਪਦ ਬਣਿਆ ਹੈ।

ਇਥੇ ਪ੍ਰਤਿਯੈ 'ਕਤਿਨ' ਦਾ ਅਰਥ 'ਪ੍ਰੇਮ' ਅਤੇ ਧਾਤੂ 'ਭਜ ਸੇਵਾਯਾਮ' ਦਾ ਅਰਥ ਸੇਵਾ ਕਰਨਾ ਹੈ। ਇੰਜ ਭਗਤੀ ਪਦ ਦਾ ਧਾਤੂ ਅਤੇ ਪ੍ਰਤਿਯੈ ਦੇ ਮੇਲ ਨਾਲ ਜੋ ਅਰਥ ਉਜਾਗਰ ਹੋਇਆ ਉਹ ਹੈ: 'ਪ੍ਰੇਮ ਭਾਵ ਨਾਲ ਸੇਵਾ ਕਰਨਾ।'

**ਹਿੰਦੀ ਕੋਸ਼ਾਵਲੀ ਅਨੁਸਾਰ ਭਗਤੀ:**

'ਭਗਤੀ' ਸ਼ਬਦ ਦੇ ਹਿੰਦੀ ਕੋਸ਼ਾਵਲੀ ਵਿਚ ਦਿੱਤੇ ਗਏ ਕੋਸ਼ਗਤ ਅਰਥ ਹਨ- ਵਿਭਾਵ, ਸੇਵਾ, ਸ਼ਰਧਾ, ਵਿਸ਼ਵਾਸ, ਭਗਵਾਨ ਦੀ ਪੂਜਾ ਵਿਚ ਪ੍ਰੇਮ ਅਤੇ ਉਪਾਸਨਾ ਆਦਿ।

**ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਨਗੇਂਦਰ ਦਾ ਮਤ ਹੈ : 'ਸਨੇਹ ਪੂਰਬਕ ਕੀਤਾ ਪਰਮਾਤਮਾ ਦਾ ਧਿਆਨ ਹੀ ਭਗਤੀ ਹੈ।'**(3)

**ਅੰਗ੍ਰੇਜ਼ੀ ਸਾਹਿਤ ਵਿਚ ਭਗਤੀ**

ਐਨਸਾਇਕਲੋਪੀਡਿਆ ਆਫ ਬ੍ਰਿਟਾਨਿਕਾ ਅਨੁਸਾਰ

"Bhakti devotion" (From sanskrit) Bhaj means to share, to love. In Hinduism a movement emphasizing the mutual intense, emotional attachment and love of a devotee towards a personal God and of the god for thee."

ਜਦਕਿ ਐਨਸਾਇਕਲੋਪੀਡਿਆ ਆਫ ਅਨਕਾਰਟਾ ਅਨੁਸਾਰ :

"Bhakti in Hinduism is the practice of loving devotion to God as the means of salvation."

ਜਦਕਿ 'Wikipedia Encyclopedia' ਦਾ ਮਤ ਹੈ:

"Bhakti is a word of sanskrit origin meaning devotion within Hinduism. The word is used exclusively to denote devotion to a particular deity or form of God."

It Further states

"Within Vaishanism, Bhakti is only used in conjuction within Vishnu or one of his assosiated incarnations, however is likewise used towards Shiva by some traditions of Shaivism and Shakti by some traditions of Shaktism."

**ਸ੍ਰੀ ਮਦ ਭਾਗਵਤ ਅਨੁਸਾਰ**, 'ਉਸ ਬਿਰਤੀ ਨੂੰ ਭਗਤੀ ਕਿਹਾ ਗਿਆ ਹੈ ਜਿਸ ਦੁਆਰਾ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀ ਇੰਦਰੀਆਂ ਦੀ ਸੁਭਾਵਕ ਬਿਰਤੀ ਨਿਸ਼ਕਾਮ ਰੂਪ ਨਾਲ ਪ੍ਰਭੂ ਵੱਲ ਲਗ ਜਾਵੇ।' [5]

**ਸ਼ਾਂਡਿਲਯ ਭਗਤੀ ਸੂਤਰ ਅਨੁਸਾਰ**

'सा परानुरक्ति ईश्वर'

ਅਰਥਾਤ ਈਸ਼ਵਰ ਵਿਚ ਪਰਮ ਅਨੁਰਾਗ ਹੀ ਭਗਤੀ ਹੈ। [3]

**ਦੇਵਰਿਸ਼ੀ ਨਾਰਦ ਅਨੁਸਾਰ**

'सा भवस्मिन् परमप्रेमरूपा, अमृत स्वरूपा च' [4]

ਅਰਥਾਤ 'ਉਸ ਪਰਮੇਸ਼ਵਰ ਵਿਚ ਅਤਿਸ਼ਯ ਪ੍ਰੇਮਰੂਪਤਾ ਹੀ ਭਗਤੀ ਹੈ ਅਤੇ ਉਹ ਅੰਮ੍ਰਿਤ ਰੂਪ ਹੈ।'

**ਮਧਵਾਚਾਰੀਆ ਅਨੁਸਾਰ** : ਉਚਤਮ ਗਿਆਨ ਪੂਰਬਕ ਸੁਦ੍ਰਿੜ ਅਤੇ ਲਗਾਤਾਰ ਪ੍ਰੇਮ ਹੀ ਭਗਤੀ ਹੈ।[6]

**ਸ੍ਰੀ ਰਸਾਮ੍ਰਿਤ ਸਿੰਧੂ ਦੇ ਰਚਨਹਾਰ ਰੂਪ ਗੋਸਵਾਮੀ ਦੇ ਕਥਨ ਅਨੁਸਾਰ**: ਗਿਆਨ ਅਤੇ ਕਰਮ ਦੇ ਪ੍ਰਭਾਵ ਤੋਂ ਰਹਿਤ ਹੋ ਕੇ ਕਿਸੇ ਤਰ੍ਹਾਂ ਦੇ ਫਲ ਦੀ ਇੱਛਾ ਕੀਤੇ ਬਿਨਾਂ ਨਿਰੰਤਰ ਭਗਵਾਨ ਕ੍ਰਿਸ਼ਨ ਦਾ ਪ੍ਰੇਮਪੂਰਬਕ ਧਿਆਨ ਕਰਨਾ ਹੀ ਭਗਤੀ ਹੈ।[7]

**ਵਲਭਾਚਾਰੀਆ ਦਾ ਕਥਨ**: 'ਭਗਵਾਨ ਦੇ ਪ੍ਰਤੀ ਗਿਆਨ ਪੂਰਬਕ ਅਤੇ ਲਗਾਤਾਰ ਪ੍ਰੇਮ ਨੂੰ ਭਗਤੀ ਕਹਿੰਦੇ ਹਨ। ਮੁਕਤੀ ਦਾ ਇਸ ਤੋਂ ਸੌਖਾ ਤੇ ਸਰਲ ਸਾਧਨ ਕੋਈ ਨਹੀਂ।' [8]

**ਰਾਮਾਨੰਦ ਅਨੁਸਾਰ**: ਵਿਵੇਕ ਆਦਿ ਤੋਂ ਜਿਸਦੀ ਉਤਪਤੀ ਹੁੰਦੀ ਹੈ, ਯਮ ਆਦਿ ਜਿਸਦੇ ਅੱਠ ਅੰਗ ਹਨ, ਤੇਲ ਦੀ ਧਾਰ ਸਮਾਨ ਨਿਰੰਤਰ ਕੀਤੇ ਗਏ ਸਿਮਰਨ ਤੋਂ ਪ੍ਰਾਪਤ ਭਗਵਾਨ ਪ੍ਰਤੀ ਜੋ ਸਨੇਹ ਹੈ, ਉਹੀ ਪਰਾ ਭਗਤੀ ਹੈ।[9]

**ਰਾਮਾਨੁਜ ਅਨੁਸਾਰ**: ਪ੍ਰੇਮ ਸਹਿਤ ਪ੍ਰਭੂ ਵਿਚ ਧਿਆਨ ਲਗਾਉਣਾ ਭਗਤੀ ਹੈ ਅਤੇ ਭਗਤੀ ਪ੍ਰੇਮਿਕਾ ਦੀ ਇਕ ਲਗਾਤਾਰ ਅਤੇ ਨਿਰੰਤਰ ਪ੍ਰਿਅ ਸਮਾਧੀ ਹੈ। ਪ੍ਰੇਮ ਵਿਚਾਰ ਦੀ ਧਾਰ ਤੇਲ ਦੀ ਧਾਰ ਵਾਂਗ ਹੀ ਅਟੁੱਟ ਹੈ। [10]

ਭਗਤੀ ਦੇ ਆਚਾਰੀਆ ਵੱਲੋਂ ਦਿੱਤੀਆਂ ਗਈਆਂ ਇਨ੍ਹਾਂ ਪਰਿਭਾਸ਼ਾਵਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਗਤੀ ਦਾ ਮੂਲ ਆਧਾਰ ਪ੍ਰੇਮ ਹੈ। ਜਿਸ ਤਰ੍ਹਾਂ ਰੁੱਖ ਦੀ ਪੂਰਣਤਾ ਅਤੇ ਗੌਰਵ ਉਸ ਉਤੇ ਫਲ ਲਗਣ ਵਿਚ ਹੈ, ਉਸੇ ਤਰ੍ਹਾਂ ਭਗਤੀ ਦੀ ਪੂਰਣਤਾ ਅਤੇ ਗੌਰਵ ਭਗਵਾਨ ਵਿਚ ਪਰਮ ਪ੍ਰੇਮ ਹੋਣ ਵਿਚ ਹੈ।

ਇਸ ਲਈ **'ਪਰਮਾਤਮਾ ਵਿਚ ਅਨੰਤ ਪ੍ਰੇਮ ਹੀ ਭਗਤੀ ਹੈ।'**

## 2.2 ਭਗਤੀ ਦੇ ਭੇਦ:


ਵੱਖ ਵੱਖ ਭਗਤੀ ਆਚਾਰੀਆਂ ਨੇ ਆਪਣੇ ਭਗਤੀ ਨਾਲ ਸਬੰਧਿਤ ਗ੍ਰੰਥਾਂ ਵਿਚ ਭਗਤੀ ਦੇ ਵੱਖਰੇ ਵੱਖਰੇ ਭੇਦ ਕੀਤੇ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

**ਆਚਾਰੀਆ ਰੂਪ ਗੋਸਵਾਮੀ ਜੀ ਨੇ ਭਗਤੀ ਨੂੰ ਦੋ ਭਾਗਾਂ ਵਿਚ ਵੰਡਿਆ ਹੈ।**[11]

(ੳ) ਵੈਧੀ ਭਗਤੀ

(ਅ) ਰਾਗਾਨੁਗਾ ਭਗਤੀ

ਵੈਧੀ ਭਗਤੀ ਨੂੰ ਮਰਿਯਾਦਾ ਭਗਤੀ ਵੀ ਕਿਹਾ ਗਿਆ ਹੈ ਜਦਕਿ ਰਾਗਾਨੁਗਾ ਗਤੀ ਨੂੰ ਹੈਤੁਕੀ (ਕਾਮਨਾ ਸਹਿਤ) ਜਾਂ ਗੌਣੀ ਭਗਤੀ ਵੀ ਆਖਦੇ ਹਨ। ਉਨ੍ਹਾਂ ਨੇ ਆਪਣੇ ਗ੍ਰੰਥ ਭਗਤੀ ਗਸਾਮ੍ਰਿਤ ਸਿੰਧੂ ਦੀ ਦੂਜੀ ਲਹਿਰੀ ਵਿਚ ਇਸ ਵੰਡ ਨੂੰ ਵਿਸਤਾਰ ਦਿੱਤਾ ਹੈ ਜੋ ਉਨ੍ਹਾਂ ਪੇਸ਼ ਰੇਖਾ ਚਿਤਰ (I) ਵਿਚ ਰੇਖਾਂਕਿਤ ਹੈ।




**ਰੇਖਾ ਚਿੱਤਰ ਨੰ. 1 ਰੂਪ ਗੋਸਵਾਮੀ ਅਨੁਸਾਰ ਭਗਤੀ ਦੀ ਵੰਡ**

**ਕ੍ਰਿਸ਼ਨ ਭਗਤ ਸੂਰਦਾਸ ਜੀ** ਨੇ ਚਾਰ ਤਰ੍ਹਾਂ ਦੀਆਂ ਭਗਤੀਆਂ ਦਾ ਜ਼ਿਕਰ ਕੀਤਾ ਹੈ।[12]

(ੳ) ਤਾਮਸੀ

(ਅ) ਰਾਸਜੀ

(ੲ) ਸਾਤਵਿਕ


(ਸ) ਨਿਰਗੁਣਾ ਭਗਤੀ ਜਾਂ ਸੁਧਾਸਰ ਭਗਤੀ

**ਸ਼ਾਂਡਿਲਯ ਰਿਸ਼ੀ** ਨੇ ਭਗਤੀ ਦੇ ਦੋ ਹੀ ਭੇਦ ਸਵੀਕਾਰ ਕੀਤੇ ਹਨ।[13]

(ੳ) ਗੌਣੀ ਜਾਂ ਵੈਧੀ ਭਗਤੀ

(ਅ) ਪਰਾਭਗਤੀ

**ਤੁਲਸੀਦਾਸ ਜੀ ਨੇ ਆਪਣੇ ਪਰਮਪੁਨੀਤ ਗ੍ਰੰਥ ਰਾਮਚਰਿਤਮਾਨਸ ਵਿਚ ਭਗਤੀ ਦੀ ਕਈ ਪ੍ਰਕਾਰ ਨਾਲ ਵੰਡ ਕੀਤੀ ਹੈ।**




**ਰੇਖਾ ਚਿੱਤਰ ਨੰ. 2 ਤੁਲਸੀਦਾਸ ਦੀ ਅਨੁਸਾਰ ਭਗਤੀ ਦੀ ਵੰਡ**

ਪਹਿਲੀ ਵੰਡ ਅਨੁਸਾਰ ਭਗਵਾਨ ਦੀ ਕਿਰਪਾ ਅਤੇ ਭਗਤੀ ਦੇ ਸਾਧਨ ਦੀ ਦ੍ਰਿਸ਼ਟੀ ਤੋਂ ਭਗਤੀ ਦੋ ਪ੍ਰਕਾਰ ਦੀ ਹੈ।[14]

1. ਸਾਧਯ ਭਗਤੀ

2. ਸਾਧਨ ਸਾਧਯ ਭਗਤੀ

ਦੂਜੀ ਵੰਡ ਅਨੁਸਾਰ ਉਨ੍ਹਾਂ ਨੇ ਪ੍ਰਭੂ ਦੀ ਭਗਤੀ ਵਿਚ ਪ੍ਰਧਾਨ ਭਾਵ ਨੂੰ ਆਧਾਰ ਬਣਾ ਕੇ [15] ਭਗਤੀ ਦੇ ਦੋ ਭੇਦ ਕੀਤੇ ਹਨ।[15]

1. ਭਗਤੀ

2. ਅਬੇਧ ਭਗਤੀ

ਉਨ੍ਹਾਂ ਭਗਤ ਦੀ ਭਗਤੀ ਕਰਨ ਦੀ ਮਨਸ਼ਾ ਅਨੁਸਾਰ ਕੀਤੀ ਹੈ। ਇਸ ਅਨੁਸਾਰ ਭਗਤੀ ਦੋ ਤਰ੍ਹਾਂ ਦੀ ਹੈ।

1. ਸਕਾਮ ਭਗਤੀ

2. ਨਿਸ਼ਕਾਮ ਭਗਤੀ

**ਸ੍ਰੀਮਦ ਭਾਗਵਤ** ਵਿਚ ਮਾਨਵੀ ਬਿਰਤੀਆਂ ਅਨੁਸਾਰ ਭਗਤੀ ਦੇ ਚਾਰ ਭੇਦ ਮੰਨੇ ਗਏ ਹਨ।[17]

1. **ਸਾਤਵਿਕ ਭਗਤੀ** : ਜਿਸ ਵਿਚ ਮੁਕਤੀ ਦੀ ਕਾਮਨਾ ਰਹਿੰਦੀ ਹੈ।

2. **ਰਾਜਸੀ ਭਗਤੀ** : ਜਿਸ ਵਿਚ ਧਨ ਕੁਟੰਬ ਦੀ ਕਾਮਨਾ ਰਹਿੰਦੀ ਹੈ

3. **ਤਾਮਸੀ ਭਗਤੀ** : ਜਿਸ ਵਿਚ ਦੂਸਰਿਆਂ ਦੇ ਅਹਿੱਤ ਅਤੇ ਸ਼ਤਰੂਆਂ ਦੇ ਨਾਸ਼ ਦੀ ਕਾਮਨਾ ਰਹਿੰਦੀ ਹੈ।

4. **ਨਿਰਗੁਣ ਭਗਤੀ** : ਜਿਸ ਵਿਚ ਕੋਈ ਕਾਮਨਾ ਨਹੀਂ ਰਹਿੰਦੀ। ਚੌਥੀ ਭਗਤੀ ਨੂੰ ਹੀ ਸਰਵਸ਼੍ਰੇਸ਼ਠ ਮੰਨਿਆ ਜਾਂਦਾ ਹੈ।

**'ਸ੍ਰੀ ਮਦ ਭਾਗਵਤ ਗੀਤਾ'** ਵਿਚ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਚਰਚਾ ਕਰਦੇ ਹੋਏ ਭਗਤੀ ਦੀ ਦੋ ਸ਼ਾਖਾਵਾਂ ਦੀ ਗੱਲ ਕੀਤੀ ਗਈ ਹੈ।

1. ਸਰਗੁਣ ਭਗਤੀ

2. ਨਿਰਗੁਣ ਭਗਤੀ

## 2.3 ਸਰਗੁਣ ਭਗਤੀ ਅਤੇ ਇਸਦੇ ਭੇਦ:

ਗੀਤਾ ਅਨੁਸਾਰ ਪ੍ਰਕਿਰਤੀ ਦੇ ਤਿੰਨ ਗੁਣਾਂ ਸਤੋ, ਰਜੋ ਤੇ ਤਮੋ ਨੂੰ ਉਤਪੰਨ ਕਰਨ ਵਾਲਾ ਪਰ ਆਪ ਇਨ੍ਹਾਂ ਤਿੰਨਾਂ ਗੁਣਾਂ ਵਿਚ ਜੋ ਸਥਿਰ ਨਹੀਂ, ਉਹ ਅਵਿਨਾਸ਼ੀ ਪਰਮਾਤਮਾ ਜੋ ਵਿਅਕਤ ਵੀ ਹੈ ਤੇ ਵਿਅਕਤ ਵੀ, ਜੋ ਧਰਮ ਦੇ ਰੱਖਿਆ ਤੇ ਦੁਸ਼ਟਾਂ ਦੇ ਵਿਨਾਸ਼ ਲਈ ਇਸ ਧਰਤੀ ਤੇ ਜਨਮ ਲੈਂਦਾ ਹੈ ਭਾਵ ਵਿਅਕਤ ਰੂਪ ਧਾਰਦਾ ਹੈ, ਉਹੀ ਪਰਮਾਤਮਾ ਸਰਗੁਣ ਸਰੂਪ ਹੈ। ਇਸੇ ਸਰਗੁਣ ਸਰੂਪੀ ਈਸ਼ਵਰ ਦੀ ਭਗਤੀ ਨੂੰ ਸਰਗੁਣ ਭਗਤੀ ਕਿਹਾ ਗਿਆ ਹੈ।

ਸਰਗੁਣ ਭਗਤੀ ਨੂੰ ਭਗਤੀ ਦੇ ਆਚਾਰੀਆ ਵੱਲੋਂ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

(ੳ) ਵੈਧੀ ਭਗਤੀ

(ਅ) ਰਾਗਾਨੁਗਾ ਭਗਤੀ,

2.3.1 **ਵੈਧੀ ਭਗਤੀ** : ਜਿਸ ਭਗਤੀ ਦੀ ਕਮਾਈ ਸ਼ਾਸਤ੍ਰਾਂ ਅਤੇ ਉਨ੍ਹਾਂ ਦੇ ਨਿਯਮਾਂ ਦੇ ਅਨੁਕੂਲ ਕੀਤੀ ਜਾਂਦੀ ਹੈ, ਉਸ ਨੂੰ ਵੈਧੀ ਭਗਤੀ ਕਹਿੰਦੇ ਹਨ, ਕਿਉਂਕਿ ਅਜਿਹੀ ਭਗਤੀ ਮਰਿਯਾਦਾ ਦੇ ਅਨੁਸਾਰ ਕੀਤੀ ਜਾਂਦੀ ਹੈ। ਇਸ ਲਈ ਕਈਆਂ ਨੂੰ ਇਸ ਨੂੰ ਮਰਿਯਾਦਾ ਭਗਤੀ ਵੀ ਕਿਹਾ ਹੈ।

ਇਸ ਪ੍ਰਕਾਰ ਦੀ ਭਗਤੀ ਵਿੱਚ ਕੋਈ ਨਾ ਕੋਈ ਕਾਮਨਾ ਅਕਸਰ ਪ੍ਰਧਾਨ ਹੁੰਦੀ ਹੈ। ਇਸ ਲਈ ਕਈ ਵਿਦਵਾਨ ਇਸ ਨੂੰ ਹੈਤੁਕੀ (ਕਾਮਨਾ ਸਹਿਤ) ਜਾਂ ਗੌਣੀ ਭਗਤੀ ਵੀ ਆਖਦੇ ਹਨ। ਇਸ ਦੇ ਸਹਾਰੇ ਮੁੱਖ ਭਗਤੀ ਜਾਂ ਰਾਗਾਨੁਗਾ ਭਗਤੀ ਪ੍ਰਾਪਤ ਹੁੰਦੀ ਹੈ।

2.3.2 **ਰਾਗਾਨੁਗਾ ਭਗਤੀ** : ਜਿਸ ਭਗਤੀ ਭਾਵ ਨਾਲ ਭਗਵਾਨ ਦੇ ਪ੍ਰੇਮ ਵਿੱਚ ਅਪਾਰ ਰਸ ਦਾ ਅਨੁਭਵ ਹੁੰਦਾ ਹੈ ਜਿਸ ਪ੍ਰੇਮ ਅਨੁਭੂਤੀ ਦੁਆਰਾ ਭਗਤ ਦੇ ਹਿਰਦੇ ਵਿੱਚ ਪਰਮ ਸ਼ਾਂਤੀ ਅਤੇ ਆਨੰਦ ਦੀ ਉਤਪਤੀ ਹੁੰਦੀ ਹੈ, ਉਸ ਨੂੰ ਰਾਗਾਨੁਗਾ ਭਗਤੀ ਕਹਿੰਦੇ ਹਨ।

ਇਹ ਭਗਤੀ ਅਗੋਂ ਦੋ ਪ੍ਰਕਾਰ ਦੀ ਹੁੰਦੀ ਹੈ :

ਕਾਮਰੂਪੀ ਭਗਤੀ

ਸੰਬੰਧ ਰੂਪੀ ਭਗਤੀ

***(ੳ) ਕਾਮ ਰੂਪੀ ਰਾਗਾਨੁਗਾ ਭਗਤੀ:*** ਵਿਸ਼ੇ ਭੋਗ ਤ੍ਰਿਸ਼ਨਾ ਦਾ ਨਾਮ ਕਾਮ ਹੈ। ਬੁਨਿਆਦੀ ਤੌਰ 'ਤੇ ਇੰਦਰੀਆਂ ਦੀ ਤ੍ਰਿਪਤੀ ਦੀ ਕਾਮਨਾ ਨਾ ਕਰਦਿਆਂ ਹੋਇਆਂ ਭਗਵਾਨ ਤੋਂ ਉਨ੍ਹਾਂ ਦੀ ਤ੍ਰਿਪਤੀ ਕਰਨ ਨੂੰ ਰੂਪਗੋਸਵਾਮੀ ਦੀ ਭਗਤੀ ਪੱਖ ਵਿੱਚ ਕਾਮ ਆਖਦੇ ਹਨ। ਇਸ ਕਿਸਮ ਦੀ ਭਗਤੀ ਨੂੰ ਕਾਮ ਰੂਪੀ ਭਗਤੀ ਕਿਹਾ ਜਾਂਦਾ ਹੈ।

**(ਅ) ਸੰਬੰਧ ਰੂਪੀ ਰਾਗਾਨੁਗਾ ਭਗਤੀ** : ਦਾਸ, ਸਖਾ, ਪਿਤਾ, ਮਾਤਾ, ਪੁੱਤਰ, ਪਤੀ ਆਦਿ ਦੇ ਸੰਬੰਧ ਵਿੱਚ ਜੋ ਕਾਮ ਰਹਿਤ ਪ੍ਰੇਮ ਹੈ, ਉਸ ਨੂੰ ਸੰਬੰਧ ਰੂਪੀ ਰਾਗਾਤਮਮਿਕਾ ਭਗਤੀ ਜਾਂ ਅਹੈਤੁਕੀ ਭਗਤੀ (ਕਾਮਨਾ

ਸਹਿਤ) ਜਾਂ ਮੁੱਖ ਭਗਤੀ ਵੀ ਕਿਹਾ ਜਾਂਦਾ ਹੈ। ਐਹਤੁਕੀ ਦਾ ਮਤਲਬ ਹੈ ਕਿਸੇ ਹੋਰ ਦੀ ਅਭਿਲਾਖਾ ਤੋਂ ਰਹਿਤ। ਅਜਿਹੀ ਭਗਤੀ ਵਿੱਚ ਪੁੱਤਰ ਦੇਹ ਧਨ ਦੇਹ, ਜਸ ਦੇਹ ਵਰਗੀ ਪ੍ਰਾਰਥਨਾ ਨਹੀਂ ਹੁੰਦੀ। ਇਥੋਂ ਤੱਕ ਕਿ ਮੁਕਤੀ ਲਈ ਵੀ ਕੋਈ ਪ੍ਰਾਥਰਨਾ ਨਹੀਂ ਹੁੰਦੀ।

ਭਗਤੀ ਆਚਾਰੀਆ ਸ੍ਰੀ ਰੂਪ ਗੋਸਵਾਮੀ ਜੀ ਭਗਤੀ ਰਸਾਮ੍ਰਿਤ ਸਿੰਧੂ ਲਿਖਦੇ ਹਨ ਕਿ ਜਦ ਤਕ ਮਨੁੱਖੀ ਹਿਰਦੇ ਵਿੱਚ ਭਾਵ ਦੀ ਉਤਪਤੀ ਨਹੀਂ ਹੁੰਦੀ ਤਦ ਤਕ ਵੈਧੀ ਭਗਤੀ ਦੀ ਸਾਧਨਾ ਕਰਨੀ ਚਾਹੀਦੀ ਹੈ। ਭਾਵ ਉਤਪੰਨ ਹੋਣ ਨਾਲ ਹੀ ਰਾਗ ਉਤਪੰਨ ਹੁੰਦਾ ਹੈ। ਰਾਗ ਉਤਪੰਨ ਹੋਣ ਨਾਲ ਹੀ ਰਾਗਾਤਮਿਕਾ ਭਗਤੀ ਉਪਜਦੀ ਹੈ।

2.3.3 **ਨਵਧਾ ਭਗਤੀ** : ਸਰਗੁਣ ਭਗਤੀ ਦਾ ਸਭ ਤੋਂ ਪ੍ਰਚਲਤ ਰੂਪ ਨਵਧਾ ਭਗਤੀ ਹੀ ਹੈ। ਭਗਤੀ ਸਿਧਾਂਤ ਦੇ ਅੰਤਰਗਤ ਨਵਧਾ ਭਗਤੀ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀਮਦਭਾਗਵਤ ਪੁਰਾਣ (19) ਵਿਚ ਇਸ ਭਗਤੀ ਨੂੰ 'ਨਵਲਕਸ਼ਣਾ' ਅਧਿਆਤਮ ਰਸਾਇਣ ਵਿਚ (20) 'ਨਵ ਵਿਧਾ' ਅਤੇ ਤੁਲਸੀਦਾਸ ਜੀ ਨੇ ਇਸ ਲਈ 'ਨਵਧਾ ਭਗਤੀ' (21) ਸ਼ਬਦ ਦਾ ਪ੍ਰਯੋਗ ਕੀਤਾ ਹੈ।

ਮੂਲ ਰੂਪ ਵਿਚ ਨਵਧਾ ਭਗਤੀ ਦਾ ਸਿਧਾਂਤ ਸ੍ਰੀਮਦ ਭਾਗਵਤ ਦੀ ਦੇਣ ਹੈ, ਜਿਸ ਵਿਚ ਵਿਸ਼ਨੂੰ ਜੀ ਭਗਤ ਪ੍ਰਹਿਲਾਦ ਜੀ ਆਖਦੇ ਹਨ:

*"ਸ੍ਰਵਣਮ੍, ਕੀਰਤਨਮ੍, ਵਿਸ਼ਨੋ ਸਮਰਣਮ੍ ਪਾਦਸੇਵਨਮ੍।*(22)
*ਅਰਚਨਮ੍, ਵੰਦਨਮ੍ ਦਾਸਯਮ੍ ਸੰਖਿਅਮਾਤਮਨਿਵੇਦਨਮ੍।*

**ਭਾਵ** : ਭਗਵਾਨ ਵਿਸ਼ਨੂੰ ਜੀ ਦੇ ਨਾਮ, ਰੂਪ, ਗੁਣ ਅਤੇ ਪ੍ਰਭਾਵ ਆਦਿ ਦਾ ਸ੍ਰਵਣ, ਕੀਰਤਨ ਅਤੇ ਸਿਮਰਨ ਅਤੇ ਭਗਵਾਨ ਦੇ ਚਰਣਾਂ ਦੀ ਸੇਵਾ, ਪੂਜਨ ਅਤੇ ਵੰਦਨਾ, ਨਾਲ ਹੀ ਭਗਵਾਨ ਵਿੱਚ ਦਾਸ ਭਾਵ , ਸਖਾ ਭਾਵ ਅਤੇ ਅਪਣੇ ਆਪ ਨੂੰ ਸਮਰਪਤ ਕਰ ਦੇਣਾ ਇਹ ਨੌ ਪ੍ਰਕਾਰ ਦੀ ਭਗਤੀ ਹੈ।

ਇਸੇ ਗ੍ਰੰਥ ਵਿੱਚ ਅੱਗੇ ਲਿਖਿਆ ਗਿਆ ਹੈ ਕਿ ਨਵਧਾ ਭਗਤੀ ਵਿੱਚੋਂ ਕਿਸੇ ਇੱਕ ਦਾ ਵੀ ਸਹੀ ਤਰ੍ਹਾਂ ਪਾਲਨ ਕਰਨ ਨਾਲ ਮਨੁੱਖ ਨੂੰ ਪਰਮਪਦ ਪ੍ਰਾਪਤ ਹੋ ਜਾਂਦਾ ਹੈ, ਫਿਰ ਨੌਵਾਂ ਭਗਤੀਆਂ ਦਾ ਸਹੀ ਤਰ੍ਹਾਂ ਅਨੁਸ਼ਠਾਨ ਕਰਨ ਵਾਲੇ ਦੇ ਕਲਿਆਣ ਦਾ ਤਾਂ ਕੀ ਕਹਿਣਾ। ਇਸ ਭਗਤੀ ਦੇ ਨੌ ਭੇਦ ਹੋਣ ਕਾਰਨ ਇਸ ਦਾ ਲੋਕਪ੍ਰਿਯ ਨਾਂ ਨਵਧਾ ਭਗਤੀ ਹੈ। ਇਹ ਨੌ ਭੇਦ ਹਨ:

(ੳ) ਸ਼੍ਰਵਣ ਭਗਤੀ

(ਅ) ਕੀਰਤਨ ਭਗਤੀ

(ੲ) ਸਿਮਰਨ ਭਗਤੀ

(ਸ) ਪਾਦਸੇਵਨ ਭਗਤੀ


(ਹ) ਅਰਚਨਾ ਭਗਤੀ

(ਕ) ਬੰਦਨਾ ਭਗਤੀ

(ਖ) ਦਾਸ ਭਗਤੀ

(ਗ) ਸਖਾ ਭਗਤੀ

(ਘ) ਆਤਮ ਨਿਵੇਦਨ ਭਗਤੀ।




**ਰੇਖਾ ਚਿੱਤਰ ਨੰ. 3 – ਨਵਧਾ ਭਗਤੀ ਦੇ ਭੇਦ**

ਇਨ੍ਹਾਂ ਨੌਵਾਂ ਭਗਤੀਆਂ ਦਾ ਅੱਡ-ਅੱਡ ਵੇਰਵਾ ਇਸ ਪ੍ਰਕਾਰ ਹੈ।

2.3.3.1 **ਸ਼੍ਰਵਣ ਭਗਤੀ** : ਸ਼੍ਰਵਣ ਭਗਤੀ ਦਾ ਅਰਥ ਹੈ ਇਕਾਗਰ ਹੋ ਕੇ ਅਧਿਆਤਮਕ ਗਿਆਨ ਸੁਣਕੇ ਹਿਰਦੇ ਵਿਚ ਵਸਾਉਣਾ ਅਤੇ ਉਸ ਨਾਲ ਇਕਮਿਕਤਾ ਪ੍ਰਾਪਤ ਕਰਨੀ। ਸਮੁੱਚੇ ਤੌਰ 'ਤੇ ਪਰਮਾਤਮਾ ਦੇ ਪ੍ਰੇਮੀ ਭਗਤਾਂ ਦੁਆਰਾ ਜਾਂ ਸਤਿਸੰਗ ਜਾਂ ਸਾਧ ਸੰਗਤ ਦੁਆਰਾ ਪ੍ਰਭੂ ਦੇ ਨਾਮ, ਰੂਪ, ਗੁਣ, ਪ੍ਰਭਾਵ, ਲੀਲਾ, ਤੱਤ ਅਤੇ ਰਹੱਸਮਈ ਅੰਮ੍ਰਿਤਬਾਣੀ ਦਾ ਸ਼ਰਧਾ ਅਤੇ ਪ੍ਰੇਮ ਪੂਰਬਕ ਸੁਨਣਾ ਅਤੇ ਸ਼੍ਰਵਣ ਕਰਨ ਤੋਂ ਬਾਅਦ ਉਸ ਵਿਚ ਮੁਗਧ ਹੋ ਜਾਣਾ ਸ਼੍ਰਵਣ ਭਗਤੀ ਦਾ ਸਰੂਪ ਹੈ।

**ਜੈਦਯਾਲ ਗੋਯੰਦਕਾ** ਆਪਣੀ ਪੁਸਤਕ **'ਨਵਧਾ ਭਗਤੀ'** ਜੋ ਗੀਤਾ ਪ੍ਰੈਸ, ਗੋਰਖਪੁਰ ਵੱਲੋਂ ਪ੍ਰਕਾਸ਼ਿਤ ਹੈ, ਵਿਚ ਲਿਖਦੇ ਹਨ, 'ਪ੍ਰਭੂ ਦੇ ਨਾਮ, ਗੁਣ, ਲੀਲਾ, ਉਸਤਤਿ ਆਦਿ ਦਾ ਸ਼੍ਰਵਣ ਕਰਨਾ ਕਰਾਉਣਾ, ਸ਼੍ਰਵਣ ਕਰਕੇ ਮੰਨਣਾ-ਮਨਾਉਣਾ ਅਤੇ ਉਸ ਵਿਚ ਇੰਝ ਮੁਗਧ ਹੋ ਜਾਣਾ ਜਿਵੇਂ ਵੀਣਾ ਸੁਣਕੇ ਮੁਗਧ ਹੋ ਜਾਂਦਾ ਹੈ, ਹੀ ਸ਼੍ਰਵਣ ਭਗਤੀ ਹੈ।'(23)

ਸ਼੍ਰਵਣ ਭਗਤੀ ਨੂੰ ਭਗਤੀ ਦੀ ਪਉੜੀ ਦਾ ਪਹਿਲਾ ਡੰਡਾ ਮੰਨਿਆ ਜਾਂਦਾ ਹੈ। ਸਮਸਤ ਕਰਮ ਸ਼੍ਰਵਣ ਤੋਂ ਹੀ ਅਰੰਭ ਹੁੰਦੇ ਹਨ। ਵੇਦਾਂ ਦਾ ਜਨਮ ਵੀ ਸ਼੍ਰਵਣ ਤੋਂ ਹੀ ਹੋਇਆ। ਇਸੇ ਲਈ ਉਨ੍ਹਾਂ ਨੂੰ ਸ਼ਰੂਤੀ ਕਿਹਾ ਗਿਆ ਹੈ।

ਸ਼੍ਰਵਣ ਭਗਤੀ ਦਾ ਮਹਾਤਮ ਦਰਸਾਉਂਦਿਆਂ ਹੋਇਆ **ਸ਼੍ਰੀਮਦ ਭਗਵਤ ਦਾ ਕਥਨ ਹੈ**:(24) ਕਿ ਮਨ, ਬਚਨ ਅਤੇ ਕਰਮ ਦੁਆਰਾ ਜੋ ਲੋਕ ਪ੍ਰਭੂ ਦੀ ਕਥਾ ਦਾ ਸ਼੍ਰਵਣ ਕਰਦੇ ਹਨ, ਉਹ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ। ਪ੍ਰਭੂ ਦੀ ਅੰਮ੍ਰਿਤ ਰੂਪੀ ਕਥਾ ਦਾ ਸ਼੍ਰਵਣ ਦੁਖੀ ਲੋਕਾਂ ਨੂੰ ਸਜੀਵ ਕਰਦਾ ਹੈ, ਪਾਪਾਂ ਨੂੰ ਨਸ਼ਟ ਕਰਦਾ ਹੈ ਅਤੇ ਸ਼੍ਰਵਣ ਕਰਤਾ ਦਾ ਕਲਿਆਣ ਕਰਦਾ ਹੈ। ਦੁਸ਼ਟ ਮਨੁੱਖਾਂ ਦੇ ਹਿਰਦੇ ਦੀ ਸ਼ੁਧੀ, ਵਿਦਿਆ, ਵੇਦ-ਅਧਿਆਪਨ, ਦਾਨ-ਪੁੰਨ, ਤੱਪ, ਯੋਗ-ਕਿਰਿਆ ਆਦਿ ਨਾਲ ਨਹੀਂ ਹੁੰਦੀ, ਸਗੋਂ ਭਗਵਾਨ ਦੇ ਜਸ ਸਰਵਣ ਨਾਲ ਹੁੰਦੀ ਹੈ। ਪ੍ਰਭੂ ਆਪ ਆਪਣੀ ਕਥਾ ਸ੍ਰਵਣ ਕਰਨ ਵਾਲੇ ਮਨੁੱਖ ਦੇ ਹਿਰਦੇ ਵਿੱਚ ਉਤਰ ਕੇ ਕਾਮ ਆਦਿ ਵਾਸ਼ਨਾਵਾਂ ਤੋਂ ਉਸ ਨੂੰ ਸੁੰਤਤਰ ਕਰਵਾ ਦਿੰਦੇ ਹਨ।

ਹਿੰਦੀ ਦਾਸ ਬੋਧ ਦੇ ਕਰਤਾ ਗੁਰੂ ਰਾਮਦਾਸ ਜੀ ਨੇ ਸ਼੍ਰਵਣ ਭਗਤੀ ਨੂੰ ਵਿਸਤ੍ਰਿਤ ਪੁਰਾਤਲ ਪ੍ਰਦਾਨ ਕੀਤਾ ਹੈ। ਉਨ੍ਹਾਂ ਅਨੁਸਾਰ ਪਹਿਲਾਂ ਭਜਨ ਜਾਂ ਭਗਤੀ ਹੈ ਹੀ ਇਹੀ ਕਿ ਹਰੀ-ਕਥਾ, ਪੁਰਾਣ ਅਤੇ ਅਨੇਕ ਪ੍ਰਕਾਰ ਦੇ ਅਧਿਆਤਮ ਨਿਰੂਪਣਾ ਦਾ ਸਰਵਣ ਕੀਤਾ ਜਾਵੇ।(25)

ਵਿਗਿਆਨ ਗੀਤਾ[26] ਵਿੱਚ ਵੀ ਸ਼੍ਰਵਣ ਨੂੰ ਅਦਭੁਤ ਰਸ ਨਾਲ ਮਿਲਾ ਕੇ ਪੇਸ਼ ਕੀਤਾ ਗਿਆ ਹੈ।

ਇਸੇ ਲਈ ਸਾਰੇ ਪੁਰਾਣ ਤੇ ਗ੍ਰੰਥ ਮਨੁੱਖ ਨੂੰ ਅਪਣਾ ਜੀਵਨ ਪਰਮਾਤਮਾ ਦੇ ਨਾਮ, ਰੂਪ, ਗੁਣ, ਪ੍ਰੇਮ, ਪ੍ਰਭਾਵ ਲੀਲਾ ਰਹੱਸ ਅਤੇ ਤਤੱਵ ਦੀ ਅੰਮ੍ਰਿਤਮਈ ਕਥਾਵਾਂ ਨੂੰ ਨਿਰੰਤਰ ਸੁਣਨ ਵਿੱਚ ਲਗਾਉਣ ਲਈ ਆਖਦੇ ਹਨ।

**ਸ਼੍ਰਵਣ ਭਗਤੀ ਦੇ ਦੋ ਸਾਧਨ ਮੰਨੇ ਗਏ ਹਨ:**

1. ਭਾਉ

2. ਸ਼ਰਧਾ

(1) **ਭਾਉ**: ਭਗਤੀ ਮਾਰਗ ਦੀ ਚਰਮਸੀਮਾ ਤੇ ਪਹੁੰਚਣ ਲਈ ਪ੍ਰਭੂ ਪ੍ਰਤੀ ਭਾਉ ਬਹੁਤ ਆਵਸ਼ਕ ਹੈ। ਇਸ ਤੋਂ ਬਿਨਾਂ ਭਗਤੀ ਨਹੀਂ ਉਪਜਦੀ। ਕਠੋਪਨਿਸ਼ਦ [27] ਵਿਚ ਵੀ ਸ਼੍ਰਵਣ ਭਗਤੀ ਸਬੰਧੀ ਵਰਨਣ ਆਉਂਦਾ ਹੈ ਕਿ ਪਰਮਾਤਮਾ ਨਾ ਤਾਂ ਉਨ੍ਹਾਂ ਨੂੰ ਮਿਲਦਾ ਹੈ ਜੋ ਸ਼ਾਸ਼ਤ੍ਰਾਂ ਨੂੰ ਪੜ੍ਹ ਸੁਣ ਕੇ ਪਰਮ ਤੱਤ ਦਾ ਭਿੰਨ-ਭਿੰਨ ਤਰ੍ਹਾਂ ਵਰਨਣ ਕਰਦੇ ਹਨ ਅਤੇ ਨਾ ਉਨ੍ਹਾਂ ਨੂੰ ਮਿਲਦਾ ਹੈ ਜੋ ਪਰਮਾਤਮਾ ਦੇ ਵਿਸ਼ੇ ਵਿਚ ਬਹੁਤ ਕੁਝ ਸੁਣਦੇ ਹਨ। ਪਰਮਾਤਮਾ ਸਿਰਫ ਉਸ ਨੂੰ ਮਿਲਦਾ ਹੈ ਜਿਸ ਵਿਚ ਭਾਉ ਦੀ ਪ੍ਰਧਾਨਤਾ ਹੈ।

(2) **ਸ਼ਰਧਾ**:- ਸ਼ਰਧਾ ਭਗਤੀ ਦੀ ਸਰਬਪ੍ਰਥਮ ਜ਼ਰੂਰਤ ਹੈ। ਇਸ ਤੋਂ ਬਿਨਾਂ ਭਗਤੀ ਦਾ ਵਿਕਾਸ ਨਹੀਂ ਹੁੰਦਾ। ਸ਼ਵੈਤਾਸ਼ਵਤਰ ਉਪਨਿਸ਼ਦ ਵਿਚ ਭਗਤੀ ਪ੍ਰਾਪਤੀ ਲਈ ਸ਼ਰਧਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਸ੍ਰੀਮਦ ਭਾਗਵਤ ਗੀਤਾ ਵਿਚ ਵੀ ਸ਼ਰਧਾ ਹਿਤ ਤੱਤ ਨੂੰ ਜਾਨਣ ਵਾਲੇ ਪੁਰਖਾਂ ਨੂੰ ਦੰਡਵਤ ਪ੍ਰਣਾਮ ਕਰਨ ਅਤੇ ਨਿਸ਼ਕਾਮ ਭਾਵ ਨਾਲ ਗਿਆਨ ਦਾ ਮਰਮ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਤਰ੍ਹਾਂ ਸ਼੍ਰਵਣ ਭਗਤੀ ਅਨੁਸਾਰ ਪ੍ਰਭੂ ਦੇ ਗੁਰੂ ਵੱਲੋਂ ਕੀਤੇ ਜਾਂਦੇ ਸਤਿਸੰਗ, ਧਾਰਮਿਕ ਗ੍ਰਥਾਂ ਵਿਚਲੇ ਵਿਚਾਰਾਂ ਤੇ ਸ਼ਰਧਾ ਕਰਨ ਅਤੇ ਧਿਆਨ ਨਾਲ ਸੁਨਣ, ਮਨਨ ਕਰਨ ਨਾਲ ਪ੍ਰਭੂ ਪ੍ਰੇਮ ਤੇ ਭਗਤੀ ਵਿਚ ਪਰਿਪੱਕਤਾ ਆਉਂਦੀ ਹੈ।

2.3.3.2 **ਕੀਰਤਨ ਭਗਤੀ** : ਭਗਵਾਨ ਦੇ ਨਾਮ, ਗੁਣ, ਮਹਾਤਮ, ਲੀਲਾ, ਭਗਵਦ ਭਗਤੀ ਦੇ ਜਸ ਦਾ ਪ੍ਰੇਮ ਅਤੇ ਸ਼ਰਧਾ ਨਾਲ ਕਥਨ, ਉਸਤਤੀ, ਉਚੇ ਸੁਰ ਨਾਲ ਪਾਠ ਅਤੇ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ।

ਕੀਰਤਨ ਦਾ ਵਿਸ਼ੇਸ਼ ਮਹੱਤਵ ਦੱਸਿਆ ਜਾਂਦਾ ਹੈ। ਕਲਯੁਗ ਵਿੱਚ ਇਸ ਨੂੰ ਲੋਕ ਕਲਿਆਣ ਦਾ ਇੱਕ ਪ੍ਰਮੁੱਖ ਸਾਧਨ ਸਵੀਕਾਰ ਕੀਤਾ ਗਿਆ ਹੈ।

**ਨਾਰਦ ਪੁਰਾਣ ਵਿਚ ਕਿਹਾ ਗਿਆ ਹੈ**[29] "ਕਲਯੁੱਗ ਵਿਚ ਪ੍ਰਭੂ ਦੇ ਹੀ ਨਾਮ ਦਾ ਕੀਰਤਨ ਹੀ ਮਨੁੱਖ ਦੇ ਉਧਾਰ ਦਾ ਇਕਮਾਤਰ ਸਾਧਨ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਦੇ ਨਾਮ ਅਤੇ ਗੁਣਾਂ ਦੇ ਕੀਰਤਨ ਦੇ ਪ੍ਰਤਾਪ ਨਾਲ ਪੂਰਵਕਾਲ ਵਿੱਚ ਨਾਰਦ, ਵਾਲਮੀਕੀ, ਸ਼ੁਕਦੇਵ ਆਦਿ ਅਤੇ ਕਲਯੁਗ ਵਿੱਚ ਤੁਲਸੀ ਦਾਸ, ਸੂਰਦਾਸ, ਨਾਨਕ, ਤੁਕਾਰਾਮ, ਨਰਸੀ ਅਤੇ ਮੀਰਾਂ ਬਾਈ ਆਦਿ ਭਗਤ ਪਰਮਪਦ ਨੂੰ ਪ੍ਰਾਪਤ ਹੋਏ। ਇਸ ਲਈ ਮਨੁੱਖ ਸਾਰਾ ਜੀਵਨ ਪਰਮਾਤਮਾ ਵਿੱਚ ਤੇ ਕੇਵਲ ਉਸ ਪਰਮਾਤਮਾ ਵਿੱਚ ਪ੍ਰੇਮ ਰਖਦੇ ਹੋਏ ਉਸ ਦੀ ਪ੍ਰਾਪਤੀ ਲਈ, ਉਸ ਦੇ ਨਾਮ ਅਤੇ ਗੁਣਾਂ ਦਾ ਕੀਰਤਨ ਠੀਕ ਉਸੇ ਤਰ੍ਹਾਂ ਕਰਦੇ ਰਹਿਣਾ ਚਾਹੀਦਾ ਹੈ ਜਿਸ ਤਰ੍ਹਾਂ ਬੱਦਲਾਂ ਨੂੰ ਵੇਖ ਕੇ ਪਪੀਹਾ ਪੀ ਪੀ ਕਰਦਾ ਰਹਿੰਦਾ ਹੈ।"

**ਮਹਾਰਿਸ਼ੀ ਪਤੰਜਲੀ ਵੀ ਯੋਗ ਗ੍ਰੰਥ ਵਿੱਚ ਲਿਖਦੇ ਹਨ** [30] "ਉਸ ਪਰਮਾਤਮਾ ਦਾ ਵਾਚਕ ਅਰਥਾਤ ਨਾਮ ਓਂਕਾਰ ਹੈ। ਉਸ ਪਰਮਾਤਮਾ ਦੇ ਨਾਮ ਦਾ ਜਾਪ ਅਤੇ ਉਸ ਦੇ ਅਰਥ ਦੀ ਭਾਵਨਾ ਅਰਥਾਤ ਸਵਰੂਪ ਦਾ ਚਿੰਤਨ ਕਰਨਾ ਚਾਹੀਦਾ ਹੈ ਕਿਉਂ ਜੋ ਇਸ ਨਾਲ ਸਾਰੇ ਵਿਘਨਾਂ ਦਾ ਨਾਸ਼ ਹੁੰਦਾ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।"

ਪਰ ਕੀਰਤਨ ਭਗਤੀ ਵੀ ਈਸ਼ਵਰ ਤੇ ਮਹਾਂਪੁਰਖ਼ਾਂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ ਅਤੇ ਇਸ ਭਗਤੀ ਵਿਚ ਸੰਗੀਤ ਦਾ ਖਾਸ ਮਹੱਤਵ ਹੈ। ਸੰਗੀਤ ਇਕ ਕੋਮਲ ਕਲਾ ਹੈ, ਜਿਸਦਾ ਸਿੱਧਾ ਸਬੰਧ ਮਨ ਨਾਲ ਹੈ। ਇਹ ਧਿਆਨ ਨੂੰ ਕੇਂਦਰਿਤ ਕਰਨ ਦਾ ਸਾਧਨ ਹੈ। ਰਾਗਮਈ ਭਾਵ ਨਾਲ ਗਾਈ ਜਾਣ ਵਾਲੀ ਬਾਣੀ ਮਨ ਪੰਘਰ ਜਾਂਦਾ ਹੈ; ਕਰੁਣਾ ਤੇ ਨਿਰਮਾਣਤਾ ਦੇ ਭਾਵ ਨਾਲ ਸਰੋਬਾਰ ਹੋ ਜਾਂਦਾ ਹੈ। ਪ੍ਰਭੂ ਨਾਲ ਮਿਲਾਪ ਦਾ ਇਹਿਸਾਸ ਹੁੰਦਾ ਹੈ ਤੇ ਮਨੁੱਖ ਹੌਲੀ ਹੌਲੀ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਸੇ ਲਈ ਗੁਰਬਾਣੀ ਨੂੰ ਗਾਉਣ ਲਈ ਗੁਰਬਾਣੀ ਸੰਗੀਤ ਅਤੇ ਕਾਫੀਆਂ ਨੂੰ ਗਾਉਣ ਲਈ ਸੂਫ਼ੀ ਸੰਗੀਤ ਦਾ ਸਹਾਰਾ ਲਿਆ ਜਾਂਦਾ ਹੈ।

**ਕੀਰਤਨ ਭਗਤੀ ਦੇ ਪ੍ਰਮੁੱਖ ਸਾਧਨ**

(ੳ) **ਆਤਮ ਸਮਰਪਣ** : ਆਤਮ ਸਮਰਪਣ ਕੀਰਤਨ ਭਗਤੀ ਨੂੰ ਪ੍ਰਾਪਤ ਕਰਨ ਦਾ ਮੁੱਖ ਮਨੁੱਖ ਸਾਧਨ ਹੈ। ਇਸ ਤੋਂ ਭਾਵ ਹੈ ਤਨ, ਮਨ ਅਤੇ ਧਨ ਨੂੰ ਪ੍ਰਭੂ ਚਰਣਾਂ ਵਿਚ ਵਾਰਨਾ। ਇਸ ਨਾਲ ਭਗਤੀ ਵਿਚ ਪਰਿਪੱਕਤਾ ਆਉਂਦੀ ਹੈ। ਨਿਮਰਤਾ ਧਾਰਨ ਹੁੰਦੀ ਹੈ। ਹਉਮੈਂ ਦਾ ਨਾਸ਼ ਹੁੰਦਾ ਹੈ।

**(ਅ)** **ਸਾਧ ਸੰਗਤ**: ਸਾਧੂ ਦੇ ਸੰਗ ਵਿਚ ਕੀਤੀ ਕੀਰਤਨ ਭਗਤੀ ਪ੍ਰਭੂ ਚਰਣਾਂ ਵਿਚ ਪ੍ਰੀਤ ਲਗਾਉਂਦੀ ਹੈ ਤੇ ਪ੍ਰਭੂ ਨਾਲ ਇਕਮਿਕਤਾ ਪ੍ਰਦਾਨ ਕਰਦੀ ਹੈ।

2.3.3.3 **ਸਿਮਰਨ ਭਗਤੀ** : ਸਿਮਰਨ ਭਗਤੀ, ਸ਼੍ਰਵਣ ਅਤੇ ਕੀਰਤਨ ਦੋਹਾਂ ਨਾਲੋਂ ਸੂਖਮ ਹੈ। ਇਸ ਲਈ ਇਹ ਦੋਹਾਂ ਨਾਲੋਂ ਉਤਮ ਗਿਣੀ ਜਾਂਦੀ ਹੈ। ਮੂਲ ਰੂਪ ਵਿੱਚ ਇਸ ਦਾ ਸੰਬੰਧ ਮਾਨਸਿਕ ਜਗਤ ਨਾਲ ਹੈ। ਭਗਵਾਨ ਦੇ ਨਾਮ, ਗੁਣ, ਸਰਬਵਿਆਪਕਤਾ, ਲੀਲ੍ਹਾ ਆਦਿ ਦਾ ਹਮੇਸ਼ਾ ਧਿਆਨ ਅਤੇ ਉਸ ਦੀ ਯਾਦ ਵਿੱਚ ਲੀਨ ਰਹਿਣਾ ਸਿਮਰਨ ਭਗਤੀ ਹੈ। ਇਸੇ ਅੰਤਰਗਤ ਭਗਵਾਨ ਦਾ ਨਾਮ-ਜਾਪ ਦਾ ਵਿਸ਼ੇਸ਼ ਮਹੱਤਵ ਹੈ। ਸਾਧਕ ਦੀ ਬਿਰਤੀ ਸਿਮਰਨ ਅਤੇ ਧਿਆਨ ਵਿੱਚ ਇੰਨੀ ਰਮ ਜਾਂਦੀ ਹੈ ਕਿ ਚਲਦਿਆਂ, ਫਿਰਦਿਆਂ, ਸੌਂਦਿਆਂ, ਜਾਗਦਿਆਂ, ਹਰ ਸਮੇਂ ਇਸ਼ਟ ਦੇਵ ਦਾ ਧਿਆਨ ਬਰਾਬਰ ਬਣਿਆ ਰਹਿੰਦਾ ਹੈ। ਸਨਕਾਦਿ, ਭੀਸ਼ਮ, ਕੁੰਤੀ, ਸ਼ੁਬਰੀ, ਜਟਾਯੂ ਅਨੇਕ ਅਜਿਹੇ ਭਗਤਾਂ ਦਾ ਜ਼ਿਕਰ ਪੁਰਾਣਾਂ ਵਿੱਚ ਮਿਲਦਾ ਹੈ ਜੋ ਸਿਮਰਨ ਭਗਤੀ ਰਾਹੀਂ ਪਰਮਪਦ ਨੂੰ ਪ੍ਰਾਪਤ ਕਰਦੇ ਹਨ।

**ਗੀਤਾ ਦੇ ਅਠਵੇਂ ਅਧਿਆਇ ਦੇ 14ਵੇਂ ਸ਼ਲੋਕ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਅਰਜੁਨ ਨੂੰ ਆਖਦੇ ਹਨ**

"ਹੇ ਅਰਜੁਨ ! ਜੋ ਮਨੁੱਖ ਮੇਰੇ ਵਿੱਚ ਮਨ ਲਾ ਕੇ ਨਿਰੰਤਰ ਮੈਨੂੰ ਪ੍ਰਭੂ ਜਾਣ ਕੇ ਮੇਰਾ ਸਿਮਰਨ ਕਰਦਾ ਹੈ, ਉਸ ਯੋਗੀ ਨੂੰ ਮੈਂ ਸੁਲਭ ਹੋ ਜਾਂਦਾ ਹੈ ਭਾਵ ਸਹਿਜ ਹੀ ਪ੍ਰਾਪਤ ਹੋ ਜਾਂਦਾ ਹੈ।"

ਸਿਮਰਨ ਭਗਤੀ ਦੀ ਅਵਸਥਾ ਦੇ ਸਪਸ਼ਟੀਕਰਨ ਵਜੋਂ ਪਨਿਹਾਰੀ ਦਾ ਦ੍ਰਿਸ਼ਟਾਂਤ ਦਿਤਾ ਜਾ ਸਕਦਾ ਹੈ। ਸਿਮਰਨ ਦੀ ਅਵਸਥਾ ਵਿੱਚ ਮਸਤ ਕਾਰ-ਵਿਹਾਰ ਕਰਦਿਆਂ ਹੋਇਆਂ ਵੀ ਧਿਆਨ ਸਿਮਰਨ ਵਿੱਚ ਉਸੇ ਤਰ੍ਹਾਂ ਰਖਣਾ ਚਾਹੀਦਾ ਹੈ, ਜਿਸ ਤਰ੍ਹਾਂ ਪਨਿਹਾਰੀ ਸੱਭ ਕੁੱਝ ਕਰਦੀ ਹੋਈ ਵੀ ਅਪਣਾ ਧਿਆਨ ਸਿਰ ਤੇ ਪਏ

ਘੜੇ ਵਿੱਚ ਹੀ ਰਖਦੀ ਹੈ। ਇਸ ਤਰ੍ਹਾਂ ਦੀ ਸਿਮਰਨ ਭਗਤੀ ਨਾਲ ਸਾਰੇ ਪਾਪ, ਵਿਘਨ, ਔਗੁਣ ਨਸ਼ਟ ਹੋ ਜਾਂਦੇ ਹਨ ਅਤੇ ਪਰਮਾਤਮਾ ਤੇ ਪਰਮ ਸ਼ਾਂਤੀ ਦੋਹਾਂ ਦੀ ਪ੍ਰਾਪਤੀ ਸਹਿਜਤਾ ਨਾਲ ਹੋ ਜਾਂਦੀ ਹੈ। ਸ਼ਰੁਤੀਆਂ, ਸਮ੍ਰਤੀਆਂ, ਪੁਰਾਣ, ਸੰਤ, ਮਹਾਤਮਾ ਸਭ ਸਿਮਰਨ ਭਗਤੀ ਦੀ ਇੱਕ ਮਤ ਨਾਲ ਬੜੀ ਮਹਿਮਾ ਗਾਉਂਦੇ ਹਨ। ਸ੍ਰੀ ਤੁਲਸੀਦਾਸ ਜੀ ਦੁਆਰਾ ਰਚੀ ਗਈ ਰਮਾਇਣ ਵਿਚ ਵੀ ਸੁਤੀਕਸ਼ਣ ਦੀ ਸਿਮਰਨ ਭਗਤੀ ਦੀ ਬੜੀ ਸਰਾਹਨਾ ਕੀਤੀ ਗਈ ਹੈ। ਸਿਮਰਨ ਭਗਤੀ ਦਾ ਖੇਤਰ ਬੜਾ ਵਿਸ਼ਾਲ ਹੈ। ਇਸਦੇ ਅੰਤਰਗਤ ਨਾਮ ਭਗਤੀ ਜਾਂ ਸ਼ਬਦ ਸਾਧਨਾ ਆਉਂਦੀ ਹੈ।

2.3.3.4 **ਪਾਦਸੇਵਨ** : ਸ੍ਰੀ ਭਗਵਾਨ ਦੇ ਦ੍ਰਿਵ੍ਯ ਮੰਗਲਮਯ ਸਵਰੂਪ ਦੀ ਧਾਤੂ ਆਦਿ ਦੀ ਮੂਰਤੀ, ਚਿਤਰਪਟ ਅਤੇ ਮਾਨਸਪੂਰਤੀ ਦੇ ਮਨੋਹਰ ਚਰਣਾਂ ਦਾ ਸ਼ਰਧਾ ਪੂਰਵਕ ਦਰਸ਼ਨ, ਚਿੰਤਨ, ਪੂਜਨ ਅਤੇ ਸੇਵਨ ਕਰਦੇ ਕਰਦੇ ਭਗਵਾਨ ਦੇ ਪ੍ਰੇਮ ਵਿੱਚ ਡੁੱਬ ਜਾਣਾ ਪਾਦ-ਸੇਵਨ ਭਗਤੀ ਅਖਵਾਉਂਦਾ ਹੈ।

ਮਮਤਾ, ਅਭਿਮਾਨ ਅਤੇ ਅਹੰਕਾਰ ਆਦਿ ਦਾ ਨਾਸ਼ ਕਰਨ ਹਿੱਤ ਤੇ ਪ੍ਰਭੂ ਦੇ ਚਰਣਾਂ ਵਿੱਚ ਅਨੰਤ ਪ੍ਰੇਮ ਦੀ ਪ੍ਰਾਪਤੀ ਦੀ ਇੱਛਾ ਨਾਲ ਪਾਦਸੇਵਨ ਭਗਤੀ ਕੀਤੀ ਜਾਂਦੀ ਹੈ। ਇਸ ਭਗਤੀ ਦੀ ਪ੍ਰਾਪਤੀ ਲਈ ਅਨੇਕ ਤੀਰਥ ਸਥਾਨਾਂ ਜਿਥੇ-ਜਿਥੇ ਵੀ ਭਗਵਾਨ ਨੇ ਅਵਤਾਰ ਧਾਰਿਆ ਜਿਵੇਂ ਅਯੋਧਿਆ ਵਿੱਚ ਚਿੱਤਰਕੂਟ, ਬ੍ਰਿੰਦਾਵਨ, ਮਥੁਰਾ ਆਦਿ ਥਾਵਾਂ ਦੀ ਧੂਲੀ ਨੂੰ ਮਸਤਕ ਤੇ ਧਾਰਣ ਕਰਨਾ ਆਦਿ ਵੀ ਪਾਦਸੇਵਨ ਭਗਤੀ ਦਾ ਹੀ ਪ੍ਰਕਾਰ ਹੈ। ਸ਼ਾਸਤਰਾਂ ਅਤੇ ਮਹਾਤਮਾਵਾਂ ਨੇ ਪਾਦ-ਸੇਵਨ-ਭਗਤੀ ਦੀ ਬੜੀ ਮਹਿਮਾ ਗਾਈ ਹੈ। ਤੁਲਸੀਦਾਸ ਜੀ ਦੀ ਰਾਮਾਇਣ ਵਿੱਚ ਕੇਵਟ ਦੀ ਪਾਦ-ਸੇਵਨ-ਭਗਤੀ ਅਕਥਨੀਯ ਹੈ। ਉਹ ਪ੍ਰਭੂ ਦੇ ਚਰਣਾਂ ਨੂੰ ਧੋ ਕੇ ਤੇ ਉਸ ਜਲ ਨੂੰ ਪੀ ਕੇ ਉਨ੍ਹਾਂ ਨੂੰ ਅਪਣੀ ਨੌਕਾ ਵਿੱਚ ਪਾਰ ਲੈ ਜਾਂਦਾ ਹੈ। ਇਸੇ ਤਰ੍ਹਾਂ ਹੀ ਅਹਿਲਿਆ ਵੀ ਸ੍ਰੀ ਰਾਮ ਜੀ ਦੇ ਪੈਰਾਂ ਦੀ ਛੁਹ ਨਾਲ ਪੱਥਰ ਤੋਂ ਨਾਰੀ ਬਣ ਜਾਂਦੀ ਹੈ। ਸੱਭ ਤੋਂ ਵੱਧ ਭਰਤ ਜੀ ਦੀ ਪਾਦ-ਸੇਵਨ ਭਗਤੀ ਹੈ ਜੋ ਸ੍ਰੀ ਰਾਮ ਦੇ ਬਨਵਾਸ ਕਾਲ ਦੋਰਾਨ ਉਨ੍ਹਾਂ ਦੀਆਂ ਖੜਾਵਾਂ ਦੀ ਪੂਜਾ ਕਰਦੇ ਹੋਏ ਅਯੋਧਿਆ ਦੇ ਬਾਹਰ ਕੁਟੀਆਂ ਬਣਾ ਕੇ ਬਨਵਾਸੀਆਂ ਜਿਹਾ ਜੀਵਨ ਗੁਜਾਰਦੇ ਹਨ ਤੇ ਚੌਦਾਂ ਸਾਲ ਸ੍ਰੀ ਰਾਮ ਜੀ ਦਾ ਇੰਤਜ਼ਾਰ ਕਰਦੇ ਹੋਏ ਰਾਜ ਦਾ ਕਾਰਜ ਚਲਾਉਂਦੇ ਹਨ।

2.3.3.5 **ਅਰਚਨ ਭਗਤੀ** : ਸ਼ਰਧਾ ਪੂਰਬਕ ਅਤੇ ਆਦਰ ਪੂਰਬਕ ਭਗਵਾਨ ਦੇ ਸਗੁਣ-ਸਰੂਪ ਦੀ ਪੂਜਾ ਅਰਚਨਾ ਅਰਚਨ ਭਗਤੀ ਅਖਵਾਉਂਦਾ ਹੈ। ਇਹ ਦੋ ਪ੍ਰਕਾਰ ਦੀ ਹੋ ਸਕਦੀ ਹੈ।

(ੳ) ਸਥੂਲ

(ਅ) ਸੂਖਮ।

**(ੳ) ਸਥੂਲ ਅਰਚਨਾ ਭਗਤੀ** : ਇਸ ਵਿਚ ਪਹਿਲੀ ਭਾਂਤ ਦੀ ਅਰਚਨਾ ਵਿੱਚ ਭਗਵਾਨ ਦੀ ਮੂਰਤੀ ਨੂੰ ਇਸ਼ਨਾਨ ਕਰਾਉਣਾ, ਬਸਤਰ ਪਹਿਨਾਉਣੇ, ਸੁੰਗਧ, ਚੰਦਨ ਆਦਿ ਨਾਲ ਮੂਰਤੀ ਦੇ ਕੋਮਲ ਅੰਗਾਂ ਨੂੰ ਸੁੰਗਧਿਤ ਕਰਨਾ, ਅਪਣੇ ਆਪ ਨੂੰ ਪ੍ਰਿਅ ਲਗਣ ਵਾਲੇ ਸਮਸਤ ਪਦਾਰਥਾਂ ਨੂੰ ਉਸ ਪ੍ਰਤੀ ਅਰਪਣ ਕਰਨਾ ਸ਼ਾਮਲ ਹਨ।

**(ਅ) ਸੂਖਮ ਅਰਚਨਾ ਭਗਤੀ** : ਇਸ ਵਿੱਚ ਇਨ੍ਹਾਂ ਕਰਮਕਾਂਡਾ ਦੀ ਲੋੜ ਨਹੀਂ ਰਹਿੰਦੀ ਅਤੇ ਵਸਤੂਆਂ ਦਾ ਅਰਪਣ ਮਾਨਸਿਕ ਹੀ ਹੁੰਦਾ ਹੈ।

ਗੀਤਾ ਵਿੱਚ ਸ੍ਰੀ ਕ੍ਰਿਸ਼ਨ, ਅਰਜੁਨ ਨੂੰ ਆਖਦੇ ਹਨ,[32] "ਹੇ ਅਰਜੁਨ, ਜੋ ਕੋਈ ਭਗਤ ਮੇਰੇ ਲਈ ਪੱਤਰ, ਫੁੱਲ, ਫਲ, ਜਲ ਆਦਿ ਪ੍ਰੇਮ ਨਾਲ ਅਰਪਤ ਕਰਦਾ ਹੈ, ਉਸ ਸ਼ੁੱਧ ਬੁੱਧੀ ਨਿਸ਼ਕਾਮ ਪ੍ਰੇਮੀ ਭਗਤ ਦਾ ਪ੍ਰੇਮ ਪੂਰਬਕ ਅਰਪਣ ਕੀਤਾ ਹੋਇਆ ਉਹ ਪੱਤਰ-ਪੁਸ਼ਪ ਆਦਿ ਮੈਂ ਸਗੁਣ-ਰੂਪ ਵਿੱਚ ਪ੍ਰਗਟ ਹੋ ਕੇ ਪ੍ਰੀਤੀ ਨਾਲ ਖਾਂਦਾ ਹਾਂ।"

ਸ਼ਾਸਤ੍ਰਾਂ ਵਿੱਚ ਰਾਜਾ ਪ੍ਰਿਥੂ ਅਤੇ ਅੰਬਰੀਸ਼ ਦਾ ਜ਼ਿਕਰ ਆਉਂਦਾ ਹੈ, ਜੋ ਕਈ ਵਿਧੀਆਂ ਨਾਲ ਮਨ, ਬਚਨ, ਅਤੇ ਇੰਦ੍ਰੀਆਂ ਸਹਿਤ ਭਗਵਾਨ ਦੀ ਪੂਜਾ-ਅਰਚਨਾ ਕਰਦੇ ਸਨ ਅਤੇ ਇਸ ਤਰ੍ਹਾਂ ਅਨੰਤ ਪਦ ਨੂੰ ਪ੍ਰਾਪਤ ਹੋ ਗਏ। ਇਸੇ ਤਰ੍ਹਾਂ ਕ੍ਰਿਸ਼ਨ ਦੇ ਪਰਮ ਮਿੱਤਰ ਸੁਦਾਮਾ ਵੀ ਚੌਲਾਂ ਦੀਆਂ ਕਨੀਆਂ, ਗਜਿੰਦਰ ਇੱਕ ਫੁੱਲ ਨਾਲ, ਦ੍ਰੋਪਦੀ ਸ਼ਾਕਪੱਤਰ ਨਾਲ ਅਤੇ ਸ਼ਬਰੀ ਬੇਰਾਂ ਨਾਲ ਪਰਮਾਤਮਾ ਨੂੰ ਸੰਤੁਸ਼ਟ ਕਰ ਕੇ ਪਰਮਪਦ ਪਾ ਗਏ। ਇਸ ਲਈ ਮਨੁੱਖ ਨੂੰ ਪ੍ਰੇਮ-ਭਾਵ ਵਿੱਚ ਡੁੱਬ ਕੇ ਸ਼ਰਧਾਪੂਰਵਕ ਆਪਣੀ ਰੁਚੀ ਅਨੁਸਾਰ, ਭਾਵਨਾ ਅਨੁਸਾਰ ਭਗਵਾਨ ਦੀ ਪੂਜਾ ਕਰਨੀ ਚਾਹੀਦੀ ਹੈ।

2.3.3.6 **ਵੰਦਨ ਭਗਤੀ** : ਭਗਵਾਨ ਦੇ ਸ਼ਾਸਤ੍ਰ ਵਰਣਿਤ ਸਰੂਪ, ਭਗਵਾਨ ਦੇ ਨਾਮ, ਪਰਮਾਤਮਾ ਦੀ ਧਾਤੂ ਆਦਿ ਦੀ ਮੂਰਤੀ ਚਿੱਤਰ ਅਥਵਾ ਮਾਨਸਿਕ ਮੂਰਤੀ ਨੂੰ ਸ਼ਰੀਰ ਜਾਂ ਮਨ ਨਾਲ ਸ਼ਰਧਾ ਸਹਿਤ ਸ਼ਾਸ਼ਟਾਂਗ ਪ੍ਰਣਾਮ ਕਰਨਾ ਅਤੇ ਸਾਰੇ ਚਰਾਚਰ ਜਗਤ ਨੂੰ ਪ੍ਰਮਾਤਮਾ ਦਾ ਸਰੂਪ ਮੰਨਕੇ ਸ਼ਰਧਾ ਪੂਰਬਕ ਸ਼ਰੀਰ ਤੇ ਮਨ ਨਾਲ ਪ੍ਰਣਾਮ ਕਰਨਾ ਅਤੇ ਅਜਿਹਾ ਕਰਦੇ ਹੋਏ ਮੁਗਧ ਹੋ ਜਾਣਾ ਵੰਦਨ ਭਗਤੀ ਹੈ।

ਗੀਤਾ ਵਿੱਚ ਅਰਜੁਨ, ਗਿਆਰਵੇਂ ਅਧਿਆਏ ਵਿੱਚ ਪਰਮਾਤਮਾ ਨੂੰ ਸਾਰੀਆਂ ਦਿਸ਼ਾਵਾਂ ਵਿੱਚ ਮੌਜੂਦ ਜਾਣ ਕੇ ਜਦ ਪ੍ਰਣਾਮ ਕਰਦਾ ਹੋਇਆ ਇਹ ਆਖਦਾ ਹੈ।[33]

"ਹੇ ਅਨੰਤ ਸਮਰਥ ਵਾਲੇ ਪ੍ਰਭੂ ! ਤੁਹਾਡੇ ਲਈ ਅਗਿਉਂ ਤੇ ਪਿਛਿਉਂ ਵੀ ਨਮਸਕਾਰ ਹੈ, ਹੇ ਸਰਵਾਤਮਨ ! ਤੁਹਾਡੇ ਲਈ ਸੱਭ ਤਰਫ਼ੋਂ ਨਮਸਕਾਰ ਹੈ ਕਿਉਂਕਿ ਤੁਸੀਂ ਅਨੰਤ ਪਰਾਕ੍ਰਮਸ਼ਾਲੀ ਹੋ ਤੇ ਸਾਰੇ ਵਿਸ਼ਵ ਵਿੱਚ ਸਰਬਵਿਆਪਕ ਅਤੇ ਸਰਵਰੂਪ ਹੋ।" ਵੰਦਨ ਭਗਤੀ ਦਾ ਉਤਮ ਉਦਾਹਰਣ ਹੈ।

ਸ਼ਾਸਤਰਾਂ ਵਿੱਚ ਭੀਸ਼ਮ, ਅਕਰੂਰ, ਅਤੇ ਤੁਲਸੀਦਾਸ ਜੀ ਦਾ ਜ਼ਿਕਰ ਬਾਰ-ਬਾਰ ਉਨ੍ਹਾਂ ਦੀ ਵੰਦਨ ਭਗਤੀ ਲਈ ਆਉਂਦਾ ਹੈ।

2.3.3.7 **ਦਾਸ ਭਗਤੀ** : ਆਪਣੇ ਆਪ ਨੂੰ ਦਾਸ, ਭਿਖਾਰੀ ਅਤੇ ਪ੍ਰਭੂ ਨੂੰ ਸੁਆਮੀ ਅਤੇ ਦਾਤਾ ਸਮਝ ਕੇ ਕੀਤੀ ਬਿਨੈ, ਯਾਚਨਾ, ਦੀਨਤਾ ਆਦਿ ਨੂੰ ਦਾਸ ਭਗਤੀ ਅਖਵਾਉਂਦੀ ਹੈ। ਆਤਮ-ਦੋਸ਼-ਪ੍ਰਕਾਸ਼ਨ, ਬਿਨੈ-ਯਾਚਨਾ, ਦੀਨਤਾ, ਸਮਰਪਣ ਅਤੇ ਭਗਵਾਨ ਦੀ ਅਪਾਰ ਸਮਰਥਾ ਦਾ ਅਨੁਭਵ ਆਦਿ ਭਾਵਾਂ ਨੂੰ ਦਾਸ ਭਗਤੀ ਦੇ ਹੀ ਅੰਗ ਮੰਨਿਆ ਗਿਆ ਹੈ। ਦਾਸ-ਭਗਤੀ ਦੀਆਂ ਤਿੰਨ ਅਵਸਥਾਵਾਂ ਹਨ :

ੳ) ਅਧਿਭੌਤਿਕ

ਅ) ਅਧਿਦੈਵਿਕ

ੲ) ਅਧਿਆਤਮਕ

ਪਹਿਲੀ ਵਿੱਚ ਉਪਾਸਦੇਵ ਦੀ ਸੇਵਾ ਸੰਸਕਾਰ ਫਲ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਦੂਜੀ ਵਿੱਚ

ਇਹ ਸੇਵਾ ਮੋਖ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਤੀਜੀ ਵਿੱਚ ਇਹ ਸੇਵਾ ਪ੍ਰੇਮ ਭਾਵਨਾ ਤੋਂ ਪ੍ਰੇਰਿਤ ਹੋ ਕੇ ਸੁਆਰਥ ਰਹਿਤ ਹੋ ਕੇ ਕੀਤੀ ਜਾਂਦੀ ਹੈ।

ਸ੍ਰੀ ਲਕਸ਼ਮਣ, ਹਨੂੰਮਾਨ, ਅੰਗਦ ਆਦਿ ਦਾਸ-ਭਗਤੀ ਦੇ ਸੁੰਦਰ ਉਦਾਹਰਣ ਹਨ। ਮਾਤਾ ਸੁਮਿਤ੍ਰਾ ਜੀ ਵੀ ਲਕਸ਼ਮਣ ਨੂੰ ਬੰਨ ਵਿੱਚ ਰਾਮ ਜੀ ਦੇ ਨਾਲ ਜਾ ਕੇ ਰਾਮ ਜੀ ਦੀ ਸੇਵਾ ਕਰਨ ਦਾ ਸੁੰਦਰ ਉਪਦੇਸ਼ ਦਿੰਦੇ ਹਨ। ਇਸੇ ਤਰ੍ਹਾਂ ਜਦ ਹਨੂੰਮਾਨ ਜੀ ਪਹਿਲੀ ਵਾਰ ਬਨ ਵਿੱਚ ਭਟਕਦੇ ਰਾਮ ਜੀ ਨੂੰ ਰਿਸ਼ਮੁਖ ਪਰਬਤ ਤੇ ਮਿਲਦੇ ਹਨ ਤਾਂ ਰਾਮ ਜੀ ਵੀ ਹਨੂੰਮਾਨ ਜੀ ਨੂੰ ਆਪਣੇ ਹਿਰਦੇ ਨਾਲ ਲਾਅ ਲੈਂਦੇ ਹਨ। ਸਪੱਸ਼ਟ ਹੈ ਦਾਸ-ਭਗਤੀ ਵਿੱਚ ਤਨ-ਮਨ-ਧਨ ਸਭ ਕੁੱਝ ਅਰਪਣ ਕਰ ਕੇ ਪ੍ਰੇਮ ਵਿੱਚ ਵਹਿ ਕੇ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

2.3.3.8 **ਸਖਾ-ਭਗਤੀ** : ਸਖਾ ਜਾਂ ਮਿੱਤਰ ਭਾਵ ਨਾਲ ਕੀਤੀ ਗਈ ਭਗਤੀ ਨੂੰ ਸਖਾ ਭਗਤੀ ਕਿਹਾ ਜਾਂਦਾ ਹੈ। ਭਗਵਾਨ ਦੇ ਪ੍ਰਭਾਵ, ਤੱਤਵ, ਰਹੱਸ ਉਸ ਦੀ ਮਹਿਮਾ ਨੂੰ ਸਮਝ ਕੇ ਪਰਮ ਵਿਸ਼ਵਾਸ ਨਾਲ ਮਿੱਤਰਭਾਵ ਸਹਿਤ ਉਸ ਦੀ ਰੁਚੀ ਅਨੁਸਾਰ ਬਣ ਜਾਣਾ, ਉਸ ਨਾਲ ਅਨੰਨ ਪ੍ਰੇਮ ਰਖਣਾ, ਉਸ ਦੇ ਗੁਣ, ਰੂਪ ਅਤੇ ਲੀਲਾ ਤੇ ਮੁਗਧ ਹੋ ਜਾਣਾ ਤੇ ਨਿਰੰਤਰ ਪ੍ਰਸੰਨ ਰਹਿਣਾ ਸਖਾ ਭਗਤੀ ਹੀ ਹੈ।

ਇਸ ਕਿਸਮ ਦੀ ਭਗਤੀ ਦੀ ਪ੍ਰਾਪਤੀ ਲਈ ਭਗਵਾਨ ਦੇ ਪ੍ਰੇਮੀ ਸਖਾਵਾਂ ਦਾ ਸੰਗ, ਉਨ੍ਹਾਂ ਜੀਵਨ ਚਰਿਤ੍ਰਾਂ ਦਾ ਅਧਿਐਨ ਅਤੇ ਉਨ੍ਹਾਂ ਤੇ ਪ੍ਰਭੂ ਦੇ ਗੁਣਾਂ, ਲੀਲਾਵਾਂ ਆਦਿ ਦਾ ਪ੍ਰੇਮੀ ਭਗਤਾਂ ਵੱਲ ਸਰਵਣ ਕੀਤਾ ਜਾਣਾ ਚਾਹੀਦਾ ਹੈ। ਰਾਮਾਇਣ ਵਿੱਚ ਸ੍ਰੀ ਰਾਮ ਪ੍ਰਤੀ ਸੁਗ੍ਰੀਵ , ਵਿਭੀਸ਼ਨ ਅਤੇ ਸ੍ਰੀਮਦ ਭਾਗਵਤ ਵਿੱਚ ਉਧਵ ਦੀ ਕ੍ਰਿਸ਼ਨ ਪ੍ਰਤੀ ਭਗਤੀ, ਮਹਾਂਭਾਰਤ ਵਿੱਚ ਅਰਜੁਨ ਦੀ ਕ੍ਰਿਸ਼ਨ ਪ੍ਰਤੀ ਭਗਤੀ ਅਤੇ ਸ੍ਰੀ ਕ੍ਰਿਸ਼ਨ ਪ੍ਰਤੀ ਸੁਦਾਮਾ ਦੀ ਭਗਤੀ ਸਖਾ ਭਗਤੀ ਦੇ ਸੁੰਦਰ ਉਦਾਹਰਨ ਹਨ। ਇਸੇ ਤਰ੍ਹਾਂ ਰਾਮਾਇਣ ਵਿੱਚ ਭੀਲਾਂ ਦਾ ਰਾਜਾ ਗੁਹ ਵੀ ਰਾਮ ਪ੍ਰਤੀ ਸਖਾ ਭਗਤੀ ਰੱਖ ਕੇ ਭਵਸਾਗਰ ਤੋਂ ਪਾਰ ਹੋ ਗਿਆ।

2.3.3.9 **ਆਤਮਨਿਵੇਦਨ ਭਗਤੀ** : ਪ੍ਰਭੂ ਦੀ ਸ਼ਰਣ ਵਿੱਚ ਜਾ ਕੇ ਆਪਣੇ ਆਪ ਨੂੰ ਸੰਪੂਰਨ ਭਾਂਤ ਉਸ ਦੇ ਪ੍ਰਤੀ ਸਮਰਪਣ ਕਰ ਦੇਣਾ ਨੂੰ ਆਤਮ ਨਿਵੇਦਨ ਭਗਤੀ ਕਹਿੰਦੇ ਹਨ। ਇਹ ਆਤਮ ਸਮਰਪਣ ਭਾਵ ਭਗਤੀ ਦੇ ਤੱਤਾਂ ਵਿੱਚੋਂ ਸੱਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਵਿੱਚ ਤਨ, ਮਨ, ਧਨ, ਆਤਮਾ ਸੱਭ ਕੁੱਝ ਅਰਪਣ ਹੁੰਦਾ ਹੈ।

ਭਗਵਾਨ ਨੇ ਖ਼ੁਦ ਆਤਮ ਨਿਵੇਦਨ ਭਗਤੀ ਦਾ ਮਹੱਤਵ ਪ੍ਰਵਗਟ ਕਰਦੇ ਹੋਏ ਇਸ ਦੇ ਪਰਮਫੱਲ ਦੀ ਗੀਤਾ ਵਿੱਚ ਬੜੀ ਪ੍ਰਸ਼ੰਸਾ ਕੀਤੀ ਹੈ ਅਤੇ ਅਰਜੁਨ ਨੂੰ ਸਭ ਸੰਸਾਰਕ ਵਸਤਾ, ਭੋਗਾਂ ਆਦਿ ਦਾ ਤਿਆਗ ਕਰ ਕੇ ਆਪਣੀ ਸ਼ਰਣ ਵਿੱਚ ਆਉਣ ਲਈ ਕਿਹਾ ਹੈ।[34] ਪਾਂਚਰਾਤਰ ਦੀ ਲਕਸ਼ਮੀ ਸਹਿੰਤਾ ਅਤੇ ਅਹਿਰ ਬੁਧਨਯ ਸਹਿੰਤਾ ਵਿਚ ਆਤਮਨਿਵੇਦਨ ਭਗਤੀ ਦੇ ਛੇ ਅੰਗਾਂ ਅਨੁਕੂਲ ਦਾ ਸੰਕਲਪ, ਪ੍ਰਤੀਕੂਲ ਦਾ ਤਿਆਗ, ਗੋਪ ਤ੍ਰਤਵਵਰਣ ਰੱਖਿਆ ਦਾ ਵਿਸ਼ਵਾਸ, ਆਤਮਸਮਰਪਣ, ਕਾਰਪਣਯ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੀਨਤਾ, ਆਸ਼ਾਵਾਨ, ਮਾਨਮਰਸ਼ਣ, ਭੈਦਰਸ਼ਨ, ਭਰਤਸਨਾ, ਵਿਚਾਰਣਾ ਅਤੇ ਮਨੋਰਾਜਯ ਵੀ ਕੁਝ ਭਗਤੀ ਵੱਲੋਂ ਸੱਤ ਅੰਗ ਵੱਖਰੇ ਗਿਣੇ ਗਏ ਹਨ।

ਸ੍ਰੀਮਦ ਭਗਵਤ ਵਿੱਚ ਵਰਣਿਤ ਗੋਪੀਆਂ ਅਤੇ ਸ਼ਾਸਤਰਾਂ ਵਿੱਚ ਆਏ ਰਾਜਾ ਬਲੀ ਦੀ ਭਗਤੀ ਆਤਮ ਨਿਵੇਦਨ ਭਗਤੀ ਹੀ ਹੈ। ਇਸ ਕਿਸਮ ਦੀ ਭਗਤੀ ਨੂੰ ਪ੍ਰੱਧਤੀ ਜਾਂ ਸ਼ਰਣਾਗਤੀ ਦਾ ਨਾਂ ਵੀ ਦਿਤਾ ਜਾਂਦਾ ਹੈ।

ਇਸ ਪ੍ਰਕਾਰ ਜੋ ਪਰਮਾਤਮਾ ਦੇ ਅੱਗੇ ਆਤਮ ਸਮਰਪਣ ਕਰ ਦਿੰਦਾ ਹੈ, ਉਸ ਦੇ ਸੰਪੂਰਨ ਦੁੱਖਾਂ ਪਾਪਾਂ, ਔਗੁਣਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸ ਦੇ ਅੰਦਰ ਸ਼੍ਰਵਣ-ਕੀਰਤਨ ਆਦਿ ਸਾਰੀ ਭਗਤੀਆਂ ਦਾ ਵਿਕਾਸ ਹੋ ਜਾਂਦਾ ਹੈ ਅਤੇ ਉਸ ਦੀ ਆਨੰਦ ਅਤੇ ਸ਼ਾਂਤੀ ਦਾ ਪਾਰ ਨਹੀਂ ਰਹਿੰਦਾ। ਭਗਵਾਨ ਉਸ ਤੋਂ ਕਦੇ ਅਲੱਗ ਨਹੀਂ ਹੋ ਸਕਦੇ ਤੇ ਉਹ ਭਗਵਾਨ ਦਾ ਹੋ ਜਾਂਦਾ ਹੈ। ਇਸ ਲਈ ਆਤਮਨਿਵੇਦਨ ਭਗਤੀ, ਨਵਧਾ ਭਗਤੀ ਦਾ ਸੱਭ ਤੋਂ ਉਚੀ ਕਿਸਮ ਹੈ।

ਸ਼੍ਰਵਣ ਕੀਰਤਨ, ਪਾਦਸੇਵਨ, ਅਰਚਨਾ ਅਤੇ ਬੰਦਨਾ ਭਗਤੀ ਦਾ ਸਬੰਧ ਜਿਥੇ ਵੈਧੀ ਭਗਤੀ ਨਾਲ ਹੈ ਉਥੇ ਦਾਸ, ਸਖਾ ਅਤੇ ਆਤਮ ਨਿਵੇਦਨ ਭਗਤੀ ਰਾਗਾਨੁਗਾ ਨਾਲ ਸਬੰਧਿਤ ਹੈ।

## 2.4 ਨਿਰਗੁਣ ਭਗਤੀ ਤੇ ਇਸਦੇ ਭੇਦ

ਸ੍ਰੀਮਦ ਭਗਵਤ ਗੀਤਾ ਅਨੁਸਾਰ ਪਰਮਾਤਮਾ ਦੇ ਨਿਰਗੁਣ ਸਰੂਪ ਦੀ ਭਗਤੀ, ਨਿਰਗੁਣ ਭਗਤੀ ਅਖਵਾਉਂਦੀ ਹੈ ਤੇ ਪਰਮਾਤਮਾ ਦੇ ਨਿਰਗੁਨ ਸਰੂਪ ਤੋਂ ਭਾਵ ਹੈ ਪਰਮਾਤਮਾ ਦਾ ਉਹ ਸਰੂਪ ਜਿਸ ਦੀ ਕੋਈ ਇੰਦਰੀ ਨਹੀਂ ਪਰ ਫਿਰ ਵੀ ਉਸ ਵਿੱਚ ਇੰਦਰੀਆਂ ਦਾ ਆਭਾਸ ਵਿਦਮਾਨ ਹੈ, ਜੋ ਅਨਾਸ਼ਕਤ ਹੈ ਪਰ ਫਿਰ ਵੀ ਸੱਭ ਨੂੰ (ਆਸਕਤ) ਦੀ ਤਰ੍ਹਾਂ ਸੰਭਾਲੇ ਹੋਏ ਹੈ, ਉਹ ਖ਼ੁਦ ਪ੍ਰਕਿਰਤੀ ਦੇ (ਸਤ, ਰਜ, ਤਮ) ਗੁਣਾਂ ਤੋਂ ਰਹਿਤ ਹੈ।[35] ਪਰ ਫਿਰ ਵੀ ਪ੍ਰਕ੍ਰਿਤੀ ਦੇ ਗੁਣਾਂ ਨੂੰ ਭੋਗਣ ਵਾਲਾ ਹੈ।

**ਨਿਰਗੁਣ ਭਗਤੀ ਦੇ ਭੇਦ ਹਨ:** ਨਿਰਗੁਣ ਭਗਤੀ ਦੇ ਦੋ ਭੇਦ ਹਨ:

ੳ) ਗਿਆਨ ਮਾਰਗੀ ਨਿਰਗੁਣ ਭਗਤੀ

ਅ) ਪ੍ਰੇਮ ਮਾਰਗੀ ਨਿਰਗੁਣ ਭਗਤੀ

2.4.1 **ਗਿਆਨ ਮਾਰਗੀ ਨਿਰਗੁਣ ਭਗਤੀ :** ਗਿਆਨ ਹੀ ਭਗਤੀ ਹੈ। ਇਸ ਸੂਤਰ ਨੂੰ ਲੈ ਕੇ ਚੱਲਣ ਵਾਲੀ ਅਤੇ ਪ੍ਰਭੂ ਦੇ ਨਿਰਾਕਾਰ ਸਰੂਪ ਦਾ ਬਿਆਨ ਕਰਨ ਵਾਲੀ ਭਗਤੀ, ਗਿਆਨ ਮਾਰਗੀ ਨਿਰਗੁਣਵਾਦੀ ਭਗਤੀ ਹੈ। ਇਹ ਭਗਤੀ ਬ੍ਰਹਮਗਿਆਨ ਤੇ ਯੋਗ ਸਾਧਨਾ ਨੂੰ ਇੱਕੱਠੇ ਲੈ ਕੇ ਚੱਲਣ ਵਿੱਚ ਵਿਸ਼ਵਾਸ ਰਖਦੀ ਹੈ। ਇਹ ਭਗਤੀ ਸਾਧਨਾ ਗਿਆਨ ਦੇ ਨਾਲ-ਨਾਲ ਅਨੁਭੂਤੀ ਤੇ ਵੀ ਜ਼ੋਰ ਦਿੰਦੀ ਹੈ। ਸੰਤ ਕਬੀਰ, ਰਵਿਦਾਸ, ਦਾਦੂ ਆਦਿ ਗਿਆਨ ਮਾਰਗੀ ਸੰਤ ਹੋਏ ਹਨ।

ਗਿਆਨ ਮਾਰਗੀ ਨਿਰਗੁਣਵਾਦੀ ਭਗਤੀ ਦੀ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

(1) ਗਿਆਨ ਮਾਰਗੀ ਸੰਤ ਪ੍ਰਭੂ ਦੇ ਨਿਰਾਕਾਰ ਸਰੂਪ ਦੀ ਅਰਾਧਨਾ ਕਰਦੇ ਹਨ।

(2) ਇਨ੍ਹਾਂ ਦੀ ਭਗਤੀ ਪੱਧਤੀ ਦਾ ਮੂਲ ਸੂਤਰ ਗਿਆਨ ਹੈ ਤੇ ਗਿਆਨ ਆਤਮਕ ਅਨੁਭੂਤੀ ਤੇ ਆਧਾਰਿਤ ਹੁੰਦਾ ਹੈ।

(3) ਇਹ ਪੱਧਤੀ ਯੋਗ ਸਾਧਨਾ ਤੇ ਬ੍ਰਹਮਗਿਆਨ ਦਾ ਮਿਸ਼ਰਣ ਹੈ।

(4) ਇਹ ਭਗਤੀ ਪੱਧਤੀ ਮੂਰਤੀ ਪੂਜਾ ਦਾ ਖੰਡਨ ਕਰਦੀ ਹੈ।

(5) ਗਿਆਨ ਮਾਰਗੀ ਕਿਸੇ ਵੀ ਪ੍ਰਕਾਰ ਕਰਮ-ਕਾਂਡਾ ਨੂੰ ਸਵੀਕਾਰ ਨਹੀਂ ਕਰਦੇ ਅਤੇ ਹਰ ਪ੍ਰਕਾਰ ਦੇ ਅੰਧਵਿਸ਼ਵਾਸਾਂ ਦਾ ਖੰਡਨ ਕਰਦੇ ਹਨ।

(6) ਇਹ ਜਿਸ ਨਿਰਗੁਣ ਬ੍ਰਹਮ ਦੀ ਉਪਾਸਨਾ ਕਰਦੇ ਹਨ, ਉਸ ਬ੍ਰਹਮ ਦੀ ਉਪਾਸਨਾ ਦੇ ਇਹ ਦੋ ਸ਼ਬਦ, ਨਿਰਗੁਣ ਅਤੇ ਬ੍ਰਹਮ ਇਨ੍ਹਾਂ ਨੇ ਜਿਨ੍ਹਾਂ ਪੂਰਵਰਤੀਆਂ ਪਰੰਪਰਾਵਾਂ ਵਿੱਚੋਂ ਲਏ ਹਨ, ਉਹ ਹਨ ਨਾਥ ਪੰਥੀ ਤੇ ਵੇਦਾਂਤੀ ।

(7) ਇਨ੍ਹਾਂ ਨੇ ਪ੍ਰਚਲਤ ਸਾਧਨਾ ਵਿਧੀਆਂ ਵਿੱਚ ਸਮਨਵੈ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਇਨ੍ਹਾਂ ਦੀ ਸਾਧਨਾ ਵਿਧੀਆਂ ਵਿੱਚ ਗਿਆਨ, ਭਗਤੀ, ਯੋਗ ਅਤੇ ਵੈਰਾਗ ਉਪਰ ਇੱਕੋ ਜਿਹਾ ਬਲ ਦਿਤਾ।

(8) ਇਨ੍ਹਾਂ ਨੇ ਪ੍ਰਚਲਤ ਔਖੀ ਵਿੱਚਾਰਧਾਰਾਵਾਂ, ਸਾਧਨਾਵਾਂ ਅਤੇ ਸੰਪਰਦਾਇੱਕ ਵਿੱਚਾਰਾਂ ਦਾ ਸਹਜੀਕਰਨ ਕੀਤਾ। ਇਸੇ ਸਹਜੀਕਰਨ ਕਾਰਨ ਇਹ ਮੱਧਕਾਲ ਦੇ ਹੋਰ ਸੰਤਾਂ ਨਾਲੋਂ ਵੱਖਰੇ ਖੜ੍ਹੇ ਨਜ਼ਰ ਆਉਂਦੇ ਹਨ।

(9) ਬੁੱਧੀਮਤਾ, ਸਦਾਚਾਰਪ੍ਰਿਅਤਾ, ਸਮਾਜਿਕ ਅਤੇ ਅਧਿਆਤਮਕ ਸਾਮਵਾਦ ਅਤੇ ਵਿਚਾਰਾਤਮਕਾ ਇਨ੍ਹਾਂ ਸੰਤਾਂ ਦੀ ਉਲੇਖਯੋਗ ਪ੍ਰਵ੍ਰਿਤੀਆਂ ਹਨ।

(10) ਇਸ ਮੱਤ ਨੂੰ ਮੰਨਣ ਵਾਲੇ ਸੰਤ ਕਵੀ ਕ੍ਰਾਂਤੀਕਾਰੀ, ਸੱਚ ਦੇ ਖੋਜੀ, ਅੱਖੜ, ਫੱਕੜ ਅਤੇ ਘੁਮੱਕੜ ਹੋਏ ਹਨ। ਉਨ੍ਹਾਂ ਦੇ ਵਿਅਕਤਿਤਵ ਦੀ ਇਹ ਵਿਸ਼ੇਸ਼ਤਾਈਆਂ ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਝਲਕਦੀਆਂ ਹਨ।

(11) ਉਨ੍ਹਾਂ ਦੀ ਰਚਨਾਵਾਂ ਸ਼ਾਂਤ ਅਤੇ ਵੀਰ ਰਸ ਨਾਲ ਭਰਪੂਰ ਹਨ ਅਤੇ ਭਾਰਤੀ ਸਭਿਆਚਾਰ ਵਿੱਚੋਂ ਲਏ ਬਿੰਬਾਂ, ਪ੍ਰਤੀਕਾਂ ਅਤੇ ਹਿੰਦੂ-ਇਸਲਾਮਿਕ ਮਿਥਿਹਾਸਕ ਹਵਾਲਿਆਂ ਨਾਲ ਭਰਪੂਰ ਹਨ।

(12) ਨਿਰਗੁਣਵਾਦੀ ਗਿਆਨ ਮਾਰਗੀ ਪਰੰਪਰਾ ਸੁੰਨ ਮੰਡਲ ਵਾਸੀ ਪੁਰੁਸ਼ ਦੀ ਰਹੱਸਮਈ ਅਨੁਭੂਤੀ ਨੂੰ ਪ੍ਰਮੁੱਖਤਾ ਨਾਲ ਸਵੀਕਾਰ ਕਰਦੀ ਹੋਈ ਸਾਧਨਾ ਮਾਰਗ 'ਤੇ ਚੱਲਣ ਲਈ ਗੁਰੂ-ਸ਼ਿਸ਼ ਪਰੰਪਰਾ ਤੇ ਜ਼ੋਰ ਦਿੰਦੀ ਹੈ ਜਿਸ ਵਿੱਚ ਗੁਰੂ ਹੀ ਉਨ੍ਹਾਂ ਸਾਰੇ ਪ੍ਰਯਤਨਾਂ ਅਤੇ ਸਾਧਨਾਵਾਂ ਦੇ ਵੇਰਵੇ ਸ਼ਿਸ਼ ਨੂੰ ਦਿੰਦਾ ਹੈ ਜੋ ਬ੍ਰਹਮ ਅਨੁਭੂਤੀ ਲਈ ਸਹਾਇੱਕ ਸਿੱਧ ਹੋ ਸਕਦੇ ਹਨ।

(13) ਨਿਰਗੁਣ ਕਾਵਿਧਾਰਾ ਨਾਲ ਜੁੜੇ ਸੰਤ ਕਵੀਆਂ ਦੇ ਨਾਂ ਹਨ ਜੈਦੇਵ, ਨਾਮਦੇਵ, ਕਬੀਰ, ਰਵਿਦਾਸ, ਦਾਦੂ, ਗੁਰੂ ਨਾਨਕ, ਗੁਰੂ ਅਰਜੁਨ, ਸਧਨਾ, ਧੰਨਾ, ਪੀਪਾ, ਤ੍ਰਿਲੋਚਨ, ਚਰਨਦਾਸ, ਗਰੀਬਦਾਸ, ਸੁੰਦਰਦਾਸ, ਸਹਜੋਬਾਈ ਆਦਿ।

(14) ਇਨ੍ਹਾਂ ਸੰਤਾਂ ਕਵੀਆਂ ਨੇ ਧਰਮ, ਜਾਤ, ਨਸਲ, ਕੌਮ ਅਤੇ ਰੰਗ ਦੇ ਕਿਸੇ ਵਿਤਕਰੇ ਨੂੰ ਸਵੀਕਾਰ ਨਹੀਂ ਕੀਤਾ। ਇਨ੍ਹਾਂ ਨੇ ਇੱਕ ਪ੍ਰਭੂ ਦੇ ਘਟ-ਘਟ ਵਿੱਚ ਵਿਆਪਕ ਹੋਣ ਦੀ ਗੱਲ ਕਰਦੇ ਹੋਏ ਪੂਰੇ ਵਿਸ਼ਵ ਨੂੰ ਹਰ ਪ੍ਰਕਾਰ ਦੇ ਭੇਦਭਾਵ ਤੋਂ ਉਪਰ ਉਠ ਕੇ ਆਪਸੀ ਭਾਈਚਾਰੇ ਵਿੱਚ ਬੰਨਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਮੱਧਕਾਲ ਵਿੱਚ ਭਗਤੀ ਲਹਿਰ ਵਿੱਚ ਵਹਿ ਰਿਹਾ ਭਾਰਤ ਇੱਕ ਮਜ਼ਬੂਤ ਸੂਤਰ ਵਿੱਚ ਬੰਨ੍ਹਿਆ ਗਿਆ।

2.4.2 **ਪ੍ਰੇਮ ਮਾਰਗੀ ਨਿਰਗੁਣ ਵਾਦੀ ਭਗਤੀ** : ਇਹ ਭਗਤੀ ਲੌਕਿਕ ਪ੍ਰੇਮ ਦੇ ਬਹਾਨੇ ਆਪਣੇ ਪ੍ਰਭੂ ਨੂੰ ਯਾਦ ਕਰਦੀ ਹੈ ਤੇ ਕਲਪਿਤ ਕਹਾਣੀਆਂ, ਪ੍ਰੇਮ ਖਿਆਲਾਂ, ਕਵਿਤਾਵਾਂ, ਕਾਫ਼ੀਆਂ ਰਾਹੀਂ ਪ੍ਰਭੂ ਦੇ ਪ੍ਰੇਮਾਭਾਵ ਨੂੰ ਰਗ-ਰਗ ਵਿੱਚ ਜਗਾ ਲੈਣ 'ਤੇ ਜ਼ੋਰ ਦਿੰਦੀ ਹੈ ਤਾਂ ਜੋ ਉਠਦੇ-ਬੈਠਦੇ, ਸੌਂਦੇ-ਜਾਗਦੇ, ਖਾਂਦੇ-ਪੀਂਦੇ, ਕੇਵਲ ਤੇ ਕੇਵਲ ਉਸੇ ਪ੍ਰਭੂ ਦਾ ਧਿਆਨ ਰਹੇ ਅਤੇ ਹੌਲੀ-ਹੌਲੀ ਆਪਣਾ ਆਪਾ ਉਸ ਪ੍ਰਭੂ ਵਿੱਚ ਫ਼ਨਾਹ ਹੋ ਜਾਵੇ। ਸੂਫ਼ੀਆਂ ਨੂੰ ਪ੍ਰੇਮਾਮਾਰਗੀ ਸੰਤ ਕਿਹਾ ਜਾਂਦਾ ਹੈ।

ਪ੍ਰੇਮ ਮਾਰਗੀ ਨਿਰਗੁਣਵਾਦੀ ਭਗਤੀ ਦੀ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

(1) ਪ੍ਰੇਮ ਮਾਰਗੀ ਨਿਰਗੁਣਵਾਦੀ ਭਗਤ ਨਿਰਾਕਾਰ ਪ੍ਰਭੂ ਦੀ ਉਪਾਸਨਾ ਕਰਦੇ ਹਨ।

(2) ਇਨ੍ਹਾਂ ਦੀ ਭਗਤੀ ਪੱਧਤੀ ਵਿੱਚ ਪ੍ਰਭੂ ਪ੍ਰੇਮ ਦਾ ਵਿਸ਼ੇਸ਼ ਮਹੱਤਵ ਹੈ।

(3) ਇਸ ਭਗਤੀ ਪੱਧਤੀ ਵਿੱਚ ਗੁਰੂ ਦਾ ਸਥਾਨ ਪ੍ਰਭੂ ਤੋਂ ਵੱਧ ਹੈ ਕਿਉਂਕਿ ਗੁਰੂ ਹੀ ਪ੍ਰਭੂ ਨਾਲ ਮਿਲਣ ਦਾ ਰਸਤਾ ਵਿਖਾਉਂਦਾ ਹੈ। ਇਸ ਲਈ ਪ੍ਰਭੂ ਨਾਲ ਪ੍ਰੇਮ ਤੋਂ ਪਹਿਲਾਂ ਗੁਰੂ ਪ੍ਰਤੀ ਵਿਸ਼ਵਾਸ ਅਤੇ ਉਸ ਪ੍ਰਤੀ ਗਹਿਰਾ ਪਿਆਰ ਮਨ ਵਿੱਚ ਹੋਣਾ ਲਾਜ਼ਮੀ ਹੈ।

(4) ਇਹ ਪੱਧਤੀ ਪ੍ਰਕ੍ਰਿਤੀ ਦੇ ਕਣ-ਕਣ ਵਿੱਚ ਪ੍ਰਭੂ ਦੀ ਮੌਜੂਦਗੀ ਦਾ ਅਹਿਸਾਸ ਰਖਦੀ ਹੈ। ਨਾਲ ਹੀ ਵਿਸ਼ਵ ਦੇ ਹਰ ਵਿਅਕਤੀ ਚਾਹੇ ਉਹ ਕਿਸੇ ਵੀ ਧਰਮ, ਜ਼ਾਤ ਨਾਲ ਸਬੰਧਿਤ ਕਿਉਂ ਨਾ ਹੋਵੇ, ਸਭ ਨੂੰ ਇੱਕ ਪ੍ਰਭੂ ਦੀ ਸੰਤਾਨ ਮੰਨਦੀ ਹੈ ਤੇ ਕਿਸੇ ਪ੍ਰਕਾਰ ਦੇ ਵਿਅਕਤੀ-ਵਿਅਕਤੀ ਵਿੱਚਲੇ ਭੇਦ ਨੂੰ ਸਵੀਕਾਰ ਨਹੀਂ ਕਰਦੀ।

(5) ਇਹ ਦੁਨੀਆਂ ਦੇ ਸਾਹਮਣੇ ਆਪਣੀ ਭਗਤੀ ਪੱਧਤੀ ਨੂੰ ਲੌਕਿਕ ਪ੍ਰੇਮ ਰਾਹੀਂ ਜ਼ਾਹਰ ਕਰਨ ਵਿੱਚ ਵਿਸ਼ਵਾਸ ਰਖਦੀ ਹੈ ਕਿਉਂਕਿ ਇਸ ਮਾਰਗ ਦੇ ਵੱਡੇ ਸ਼ਰਧਾਲੂ ਮੁਸਲਿਮ ਹੋਏ ਹਨ ਤੇ ਇਸਲਾਮ ਵਿੱਚ ਪ੍ਰੇਮ ਭਾਵ ਅਰਥਾਤ ਇਸ਼ਕ ਦੀ ਸਖ਼ਤ ਪਾਬੰਦੀ ਹੈ। ਇਸੇ ਲਈ ਪ੍ਰੇਮ ਮਾਰਗੀ ਭਗਤ ਤੇ ਖ਼ਾਸ ਕਰ ਸੂਫ਼ੀ ਆਪਣੇ ਸਮੇਂ ਦੇ ਸ਼ਾਸਕਾਂ ਦੀ ਤਾਨਾਸ਼ਾਹੀ ਦਾ ਸ਼ਿਕਾਰ ਬਣਦੇ ਰਹੇ ਹਨ। ਇਸਲਾਮ, ਮੁਰਸ਼ਦ ਨੂੰ ਹਜ਼ਰਤ ਮੁਹੰਮਦ ਦੇ ਬਰਾਬਰ ਦਰਜਾ ਦੇਣ ਤੋਂ ਇਨਕਾਰੀ ਹੈ। ਜਦਕਿ ਸੂਫੀ ਮੁਰਸ਼ਦ ਨੂੰ ਰੱਬ ਦਾ ਦਰਜਾ ਦਿੰਦੇ ਹਨ। ਇਸ ਲਈ ਵੀ ਸੂਫ਼ੀਆਂ ਨੂੰ ਕੱਟੜਪੰਥੀ ਮੁੱਲਾਂ ਤੇ ਮੌਲਵੀਆਂ ਦੇ ਗੁੱਸੇ ਦਾ ਸ਼ਿਕਾਰ ਬਣਨਾ ਪਿਆ ਹੈ।

(6) ਪ੍ਰੇਮ ਮਾਰਗੀ ਭਗਤਾਂ ਤੇ ਸੰਤਾਂ ਨੇ ਪ੍ਰਭੂ ਪ੍ਰੇਮ ਨੂੰ ਅਨੇਕਾਂ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਲੁਕਵੇਂ ਰੂਪ ਵਿੱਚ ਪੇਸ਼ ਕੀਤਾ ਹੈ। ਪਰ ਇਹ ਸਾਰੇ ਇਹ ਬਿੰਬ ਤੇ ਪ੍ਰਤੀਕ ਭਾਰਤੀ ਤੇ ਵਿਸ਼ੇਸ਼ਕਰ ਸੂਫ਼ੀ ਦੇ ਕਾਵਿ-ਬਿੰਬ ਪੰਜਾਬੀ ਸਭਿਆਚਾਰ ਨਾਲ ਜੁੜੇ ਹਨ। ਪਰ ਕਿਧਰੇ-ਕਿਧਰੇ ਇਨ੍ਹਾਂ 'ਤੇ ਇਸਲਾਮੀ ਹਵਾਲਿਆਂ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਇਨ੍ਹਾਂ ਨੇ ਆਪਣੀ ਰਚਨਾਵਾਂ ਨੂੰ ਸੰਗੀਤ ਵਿਚ ਢਾਲਣ ਲਈ ਵਿਭਿੰਨ ਲੋਕਛੰਦਾਂ, ਲੋਕ ਬਹਿਰਾਂ ਅਤੇ ਲੋਕ ਤਾਲਾਂ ਦਾ ਪ੍ਰਯੋਗ ਕੀਤਾ ਹੈ। ਇਸ ਲਈ ਪ੍ਰੇਮਮਾਰਗੀ ਸੰਤਾਂ ਦੀ ਰਚੀਆਂ ਕਾਫ਼ੀਆਂ, ਸ਼ਬਦ, ਬਿਸ਼ਨਪਦੇ ਅਤੇ ਸ਼ਲੋਕ ਅੱਜ ਵੀ ਜਦ ਗਾਏ ਜਾਂਦੇ ਹਨ ਤਾਂ ਲੋਕ ਝੂਮ ਉਠਦੇ ਹਨ।

(7) ਪ੍ਰੇਮ ਮਾਰਗੀ ਸੰਤਾਂ-ਕਵੀਆਂ ਨੇ ਕਈ ਪ੍ਰੇਮੀ ਜੋੜਿਆਂ ਦੇ ਹਵਾਲਿਆਂ ਨਾਲ ਵੀ ਪ੍ਰਭੂ ਦੇ ਪ੍ਰਤੀ ਆਪਣੇ ਡੂੰਘੇ ਪਿਆਰ ਨੂੰ ਪ੍ਰਗਟਾਇਆ ਹੈ।

ਜਿਵੇਂ ਪ੍ਰਸਿੱਧ ਸੂਫ਼ੀ ਬੁੱਲ੍ਹੇਸ਼ਾਹ ਲਿਖਦੇ ਹਨ :

***ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ,***

***ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ॥***

**(ਕਾਫ਼ੀ, ਬੁੱਲ੍ਹੇਸ਼ਾਹ)**

ਇਸ ਕਾਫ਼ੀ ਵਿੱਚ ਹੀਰ ਤੇ ਰਾਂਝੇ ਦੇ ਪਿਆਰ ਰਾਹੀਂ ਪ੍ਰਭੂ ਪ੍ਰਤੀ ਪਿਆਰ ਦੀ ਗਹਿਰਾਈ ਵਿਖਾਈ ਗਈ ਹੈ। ਇਸੇਤਰ੍ਹਾਂ ਸੱਸੀ-ਪੰਨੂੰ, ਸੋਹਣੀ-ਮਹੀਵਾਲ, ਲੈਲਾ-ਮਜਨੂੰ ਅਤੇ ਮਿਰਜਾ ਸਾਹਿਬਾਂ ਦੇ ਨਾਂ ਦੇ ਹਵਾਲੇ ਵੀ ਵੇਖੇ ਜਾ ਸਕਦੇ ਹਨ।

(8) ਪ੍ਰੇਮ ਮਾਰਗੀ ਸੰਤ ਕਵੀਆਂ ਨੇ ਸਮਾਜਿਕ ਰੂੜੀਆਂ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ। ਇਨ੍ਹਾਂ ਨੇ ਧਰਮ ਦੇ ਨਾਂ 'ਤੇ ਫ਼ੈਲਾਈ ਸੰਪਰਦਾਇੱਕਤਾ ਦਾ ਵੀ ਵਿਰੋਧ ਕੀਤਾ।

(9) ਪ੍ਰੇਮ ਮਾਰਗੀ ਸੰਤਜਨ ਧਾਰਮਕ ਕਰਮ-ਕਾਂਡਾ ਤੇ ਵਿਸ਼ਵਾਸ ਨਹੀਂ ਸੀ ਕਰਦੇ। ਇਨ੍ਹਾਂ ਦਾ ਮਤ ਸੀ ਕਿ ਕਰਮਕਾਂਡ ਪਰਮਾਤਮਾ ਨੂੰ ਮਿਲਣ ਦੀ ਪਹਿਲੀ ਪੌੜੀ ਤਾਂ ਹੋ ਸਕਦੇ ਹਨ ਪਰ ਆਖ਼ਰੀ ਨਹੀਂ। ਇਹ ਪ੍ਰਭੂ ਪ੍ਰੇਮ ਅਤੇ ਸਾਧਨਾ ਪੱਖ ਤੇ ਵੱਧ ਜ਼ੋਰ ਦਿੰਦੇ ਹਨ।

(10) ਪ੍ਰੇਮ ਮਾਰਗੀ ਸੰਤਾਂ ਨੇ ਵਿਸ਼ਵ-ਬੰਧੂਤਵ, ਸਦਾਚਾਰ, ਸਮਾਨਤਾ, ਅਤੇ ਧਾਰਮਕ ਸਹਿਨਸ਼ੀਲਤਾ ਦਾ ਪ੍ਰਚਾਰ ਕੀਤਾ। ਨਾਲ ਹੀ ਸਦਾਚਾਰਕ ਕਦਰਾਂ ਕੀਮਤਾਂ 'ਤੇ ਉਚ-ਨੈਤਿਕ ਜੀਵਨ ਨੂੰ ਅਪਨਾਉਣ ਦੀ ਪ੍ਰੇਰਨਾ ਵੀ ਦਿੰਦੇ ਹਨ। ਇਸ ਲਈ ਇਨ੍ਹਾਂ ਦੀ ਰਚਨਾਵਾਂ ਵਿਚ ਸ਼ਿੰਗਾਰ ਰਸ ਪ੍ਰਧਾਨ ਹੈ।

(11) ਇਸ ਪਰੰਪਰਾ ਨਾਲ ਜੁੜੇ ਪ੍ਰੇਮਾਖਿਆਨ ਵੀ ਕਿਧਰੇ ਨਾ ਕਿਧਰੇ ਇਸ਼ਕੇ ਮਜਾਜ਼ੀ ਤੋਂ ਇਸ਼ਕੇ ਹਕੀਕੀ ਭਾਵ ਇਲਾਹੀ ਪ੍ਰੇਮ ਵੱਲ ਸਫ਼ਰ ਕਰਦੇ ਨਜ਼ਰ ਆਉਂਦੇ ਹਨ।

(12) ਸਪੱਸ਼ਟ ਹੈ ਕਿ ਪ੍ਰੇਮ ਮਾਰਗੀ ਭਗਤੀ ਪੱਧਤੀ ਤੇ ਉਸ ਨਾਲ ਜੁੜੇ ਸੰਤ ਕਵੀ ਭਗਤੀ ਸਾਹਿਤ ਦਾ ਅਨਮੋਲ ਸਰਮਾਇਆ ਹਨ ਜੋ ਪ੍ਰਭੂ ਪ੍ਰੇਮ ਰਾਹੀਂ ਪੂਰੇ ਭਾਰਤ ਨੂੰ ਇੱਕ ਸੂਤਰ ਵਿੱਚ ਬਨਣ ਦਾ ਕਾਰਜ ਕਰਦੇ ਹਨ।

## 2.5 ਵਿਸ਼ਵ ਬੰਧੂਤਵ ਦੀ ਭਾਵਨਾ ਦਾ ਸਿਧਾਂਤਕ ਪਰਿਚੈ

ਵਿਸ਼ਵ ਬੰਧੂਤਵ ਸ਼ਬਦ ਵੇਖਣ ਨੂੰ ਭਾਵੇਂ ਬਹੁਤਾ ਵੱਡਾ ਨਹੀਂ ਲਗਦਾ ਪਰ ਇਹ ਅਪਦੇ ਕਲਾਵੇ ਵਿੱਚ ਵਿਸ਼ਾਲ ਸੰਸਾਰ ਦਾ ਸਮੁੱਚਾ ਅਸਤਿਤਵ ਬੰਨ੍ਹਦਾ ਹੈ।

2.5.1 **ਵਿਸ਼ਵ ਬੰਧੂਤਵ ਸ਼ਬਦ ਦੀ ਉਤਪੱਤੀ** – ਇਹ ਸ਼ਬਦ ਦੋ ਸ਼ਬਦਾਂ ਦੇ ਸਮਾਸਾਂ ਰਾਹੀਂ ਹੋਂਦ ਵਿੱਚ ਆਇਆ ਹੈ : ਵਿਸ਼ਵ ਅਤੇ ਬੰਧੂਤਵ। ਵਿਸ਼ਵ ਤੋਂ ਭਾਵ ਹੈ ਬਹੁਤ ਵਿਸ਼ਾਲ ਅਰਥਾਤ ਸਮੁੱਚਾ ਸੰਸਾਰ। ਜਦਕਿ ਬੰਧੂਤਵ ਸ਼ਬਦ ਮੂਲ ਰੂਪ ਵਿੱਚ ਬੰਧੂ ਸ਼ਬਦ ਤੋਂ ਬਣਿਆ ਹੈ। ਇਸ ਵਿੱਚ ਬੰਧੂ ਪੁਲਿੰਗ ਨਾਂਵੀ ਰੂਪ ਹੈ। ਇਹ

ਸ਼ਬਦ ਸੰਸਕ੍ਰਿਤ ਸ਼ਬਦ-ਸਮੂਹ ਤੋਂ ਗ੍ਰਹਿਣ ਕੀਤਾ ਗਿਆ ਹੈ। ਹਿੰਦੀ ਕੋਸ਼ ਵਿੱਚ ਇਸ ਸ਼ਬਦ ਦੇ ਅਨੇਕ ਅਰਥ ਮਿਲਦੇ ਹਨ ਜਿਵੇਂ ਸਵੈਜਨ, ਆਤਮੀਯ, ਸਜਾਤੀਯ ਵਿਅਕਤੀ, ਸਗੋਤਰ, ਭਰਾ, ਮਿੱਤਰ, ਪਿਤਾ, ਪਤੀ, ਬੰਧੂ, ਜੀਵ ਨਾਮਕ ਵਿਸ਼ੇਸ਼ ਫੁੱਲ ਆਦਿ। ਪਰ ਜਦ ਬੰਧੂ ਸ਼ਬਦ ਨਾਲ ਤਵ ਪ੍ਰਤ੍ਯ ਲਗ ਜਾਂਦਾ ਹੈ ਤਾਂ ਬੰਧੂਤਵ ਭਾਵਵਾਦੀ ਨਾਂਵ ਸ਼ਬਦ ਬਣਦਾ ਹੈ।

'ਬੰਧੂ' ਸ਼ਬਦ ਦੇ ਅਰਥ ਸਵੈਜਨ, ਆਤਮੀਯ ਆਦਿ ਵਿੱਚ ਜੋ ਪਿਆਰ ਭਰਿਆ ਅਪਨੇਪਣ ਦਾ ਭਾਵ ਮਿਲਦਾ ਹੈ ਉਸ ਦੀ ਗੰਭੀਰ ਪ੍ਰਤੀਤੀ ਬੰਧੂਤਵ ਵਿੱਚ ਹੁੰਦੀ ਹੈ। ਵਾਸਤਵ ਵਿੱਚ ਬੰਧੂਤਵ ਬੰਧੂਵਤ ਵਿਹਾਰ ਕਰਨ ਦੇ ਅਰਥਾਂ ਵਿੱਚ ਮੁੱਖ ਰੂਪ ਵਿੱਚ ਪ੍ਰਯੁਕਤ ਹੁੰਦਾ ਹੈ। ਆਮ ਬੋਲਚਾਲ ਦੀ ਭਾਸ਼ਾ ਵਿੱਚ ਇਸ ਨੂੰ ਭਾਈਚਾਰਾ ਵੀ ਆਖਦੇ ਹਨ।

2.5.2 **ਵਿਸ਼ਵ ਬੰਧੂਤਵ ਦੀ ਪਰਿਭਾਸ਼ਾ ਅਤੇ ਮਹੱਤਵ** – ਵਿਸ਼ਵ-ਬੰਧੂਤਵ ਤੋਂ ਭਾਵ ਹੈ ਪੂਰੇ ਵਿਸ਼ਵ ਦੇ ਲੋਕਾਂ ਵਿੱਚ ਆਪਸੀ ਭਾਈਚਾਰਾ ਹੋਣਾ ਤੇ ਕਿਸੇ ਪ੍ਰਕਾਰ ਦੀ ਈਰਖਾ, ਦਵੇਸ਼ ਜਾਂ ਕਾਲਕ ਮਨ ਵਿੱਚ ਨਾ ਹੋਣਾ।"

ਮਿੱਤਰਤਾ ਬੰਧੂਤਵ ਦਾ ਜ਼ਰੂਰੀ ਤੱਤ ਹੈ। ਜਿਥੇ ਮਿੱਤਰਤਾ ਹੈ ਉਥੇ ਹੀ ਬੰਧੂਤਵ ਹੈ। ਜਿਥੇ ਮਿੱਤਰਤਾ ਨਹੀਂ, ਉਥੇ ਬੰਧੂਤਵ ਦੀ ਕਲਪਨਾ ਕਰਨੀ ਵੀ ਅਸੰਭਵ ਹੈ। ਅਸਲ ਵਿੱਚ ਬੰਧੂਤਵ ਮਿੱਤਰਤਾ ਦੇ ਨਾਲ-ਨਾਲ ਆਪਸੀ ਵਿਸ਼ਵਾਸ ਤੇ ਪ੍ਰੇਮ ਦਾ ਪ੍ਰਤੀਕ ਵੀ ਹੈ। ਸਗੇ ਭਰਾਵਾਂ ਵਿੱਚ ਜੇਕਰ ਇਹ ਪ੍ਰੇਮ-ਪਿਆਰ, ਵਿਸ਼ਵਾਸ ਤੇ ਮਿੱਤਰਤਾ ਨਹੀਂ ਹੈ ਤਾਂ ਉਨ੍ਹਾਂ ਨੂੰ ਬੰਧੂ ਨਹੀਂ ਕਿਹਾ ਜਾ ਸਕਦਾ। ਜਦਕਿ ਇਹ ਪਿਆਰ ਤੇ ਵਿਸ਼ਵਾਸ ਹੀ ਅਪਰਿਚਿਤ ਮਿੱਤਰਾਂ ਦੇ ਵਿੱਚਕਾਰ ਬੰਧੂਤਵ ਭਾਵ ਦੀ ਸਥਾਪਨਾ ਕਰਦਾ ਹੈ। ਇਹੀ ਵਿਸ਼ਵ-ਬੰਧੂਤਵ ਦੀ ਭਾਵਨਾ ਪਿਛੇ ਕੰਮ ਕਰਦਾ ਮੋਟਿਫ਼ ਵੀ ਹੈ।

ਬੰਧੂਤਵ ਸ਼੍ਰੇਸ਼ਠ ਮਨੁੱਖੀ ਮੁੱਲਾਂ ਵਿੱਚੋਂ ਇੱਕ ਮੁੱਲ ਹੈ। ਫਿਰ ਵੀ ਇਸਦੀਆਂ ਆਪਣੀਆਂ ਸੀਮਾਵਾਂ ਵੀ ਹਨ। ਇਸ ਵਿੱਚ ਛਲ ਲਈ ਕੋਈ ਥਾਂ ਨਹੀਂ ਹੈ। ਜਿਥੇ ਛਲ ਕਪਟ ਹੋਵੇ, ਉਥੇ ਇਸ ਭਾਵਨਾ ਦਾ ਨਿਰਵਾਹ ਨਹੀਂ ਹੋ ਸਕਦਾ। ਇਸ ਲਈ ਬੰਧੂਤਵ ਦੀ ਪਾਲਣਾ ਲਈ ਦੁਸ਼ਮਣ ਦੀ ਪਛਾਣ ਹੋਣਾ ਲਾਜ਼ਮੀ ਹੈ। ਉਦਾਹਰਨ ਦੇ ਤੌਰ 'ਤੇ ਭਾਰਤ ਦੀ ਸੁੱਖ ਸ਼ਾਂਤੀ ਦੇ ਰਸਤੇ ਵਿੱਚ ਪੱਥਰ ਬਣੇ ਪਾਕਿਸਤਾਨ ਵਰਗੇ ਦੇਸ਼ ਨਾਲ ਬੰਧੂਤਵ ਦਾ ਵਿਵਹਾਰ ਨਹੀਂ ਕੀਤਾ ਜਾ ਸਕਦਾ। ਵਿਸ਼ਵ ਬੰਧੂਤਵ ਦੀ ਭਾਵਨਾ ਨੂੰ ਰਾਜਨੀਤੀ ਦੇ ਛਿਪੇ ਹੋਏ ਦਾਅ ਅਤੇ ਛਲ ਕਪਟ ਭਰੇ ਆਘਾਤ ਹੀ ਸੱਭ ਤੋਂ ਵੱਧ ਭਿਆਨਕ ਚੋਟਾਂ ਪਹੁੰਚਾਂਦੇ ਹਨ।

ਸਵਾਰਥੀਪੁਣਾ ਤੇ ਅਕ੍ਰਿਤਘਣਤਾ ਵੀ ਵਿਸ਼ਵ-ਬੰਧੂਤਵ ਦੇ ਰਸਤੇ ਵਿੱਚ ਵੱਡੀਆਂ ਰੁਕਾਵਟਾਂ ਹਨ। ਕਿਉਂਕਿ ਸੁਆਰਥੀ ਮਨੁੱਖ ਪਹਿਲਾਂ ਤਾਂ ਸਹਿਯੋਗ ਅਤੇ ਤਿਆਗ ਕਰਕੇ ਬੰਧੂਤਵ ਦੀ ਪੁਸ਼ਟੀ ਲਈ ਤਿਆਰ ਨਹੀਂ ਹੁੰਦਾ ਅਤੇ ਅਗਰ ਕਿਸੇ ਢੰਗ ਨਾਲ ਤਿਆਰ ਵੀ ਹੋ ਜਾਵੇ ਤਾਂ ਉਹ ਸਹੀ ਢੰਗ ਨਾਲ ਇਸ ਦਾ ਨਿਰਬਾਹ ਨਹੀਂ ਕਰ ਪਾਂਦਾ। ਅਮਰੀਕਾ ਅਕਸਰ ਵਿਸ਼ਵ ਦੇ ਨਾਲ ਬੰਧੂਤਵ ਦਾ ਢੋਂਗ ਕਰਦਾ ਨਜ਼ਰ ਆਉਂਦਾ ਹੈ। ੧੯੬੨ ਦੇ ਭਾਰਤ ਪਾਕਿ ਯੁੱਧ ਤੋਂ ਪਹਿਲਾਂ ਚੀਨ ਨੇ ਭਾਰਤ ਨਾਲ ਬੰਧੂਤਵ ਦਾ ਢੋਂਗ ਰਚਾਉਂਦੇ ਹੋਏ ਹਿੰਦ ਚੀਨੀ ਭਾਈ-ਭਾਈ ਦਾ ਨਾਅਰਾ ਲਾਇਆ ਸੀ। ਸਪਸ਼ਟ ਹੈ ਕਿ ਨਿਜੀ ਸੁਆਰਥਾਂ ਦੀ ਖ਼ਾਤਰ ਰਾਜਨੀਤਿਕ ਲੋਕ ਵਿਸ਼ਵ ਬੰਧੂਤਵ ਦੀ ਭਾਵਨਾ ਦੀ ਪਿੱਠ ਵਿੱਚ ਛੁਰਾ ਭੋਂਕ ਦਿੰਦੇ ਹਨ।

ਪੈਸੇ ਦੀ ਭੁੱਖ ਜਿਸ ਨੂੰ ਅਰਥ ਲੋਲੁਪਤਾ ਵੀ ਕਿਹਾ ਜਾਂਦਾ ਹੈ ਇਸੇ ਸਵਾਰਥੀ ਰੁਚੀ ਦਾ ਦੂਸਰਾ ਰੂਪ ਹੈ।

ਇਹ ਵਿਸ਼ਵ-ਬੰਧੂਤਵ ਦੇ ਰਸਤੇ ਵਿੱਚ ਬੜੀ ਵੱਡੀ ਰੁਕਾਵਟ ਹੈ। ਹਿੰਦੀ ਵਿੱਚ ਇੱਕ ਕਹਾਵਤ ਹੈ '**ਬਾਪ ਬੜਾ ਨਾ ਭਈਆ ਸਬਸੇ ਬੜਾ ਰੁਪਈਆ**' ਜਿਥੇ ਰੁਪਏ ਪੈਸਿਆਂ ਦਾ ਸੰਬੰਧ ਨਾਲੋਂ ਮਹੱਤਾ ਵੱਧ ਜਾਵੇ ਉਥੇ ਸੰਬੰਧਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਲੋਲੁਪਤਾ ਨੂੰ ਦੂਰ ਕੀਤੇ ਬਿਨਾਂ ਵਿਸ਼ਵ ਬੰਧੂਤਵ ਦੀ ਭਾਵਨਾ ਦਾ ਪ੍ਰਸਾਰ ਅਸੰਭਵ ਹੈ। ਹਿੰਦੀ ਦੇ ਪ੍ਰਸਿੱਧ ਕਵੀ **ਬਿਹਾਰੀ ਜੀ** ਵੀ ਲਿਖਦੇ ਹਨ

***ਜੋ ਚਾਹੋ ਚਟਕ ਨ ਘਟੇ, ਮੈਲੋ ਹੋਏ ਨਾ ਮਿੱਤ।***
***ਰਾਜਰਾਜਸ ਨ ਛੁਵਾਈਏ, ਨੇਹ ਚੀਕਨੋ ਚਿੱਤ।।***

***(ਬਿਹਾਰੀ)***

ਆਪਣੇ ਪਿਆਰੇ ਤੇ ਨਜ਼ਦੀਕੀ ਰਿਸ਼ਤੇਦਾਰਾਂ ਵਿੱਚ ਪੈਸੇ ਦਾ ਖੇਲ ਪਿਆਰ, ਮੁਹਬੱਤ, ਮਿੱਤਰਤਾ ਤੇ ਬੰਧੂਤਵ ਦੀ ਭਾਵਨਾ ਨੂੰ ਮੈਲਾ ਕਰ ਦਿੰਦਾ ਹੈ। ਫਿਰ ਵਿਸ਼ਵ ਬੰਧੂਤਵ ਬਾਰੇ ਕੀ ਕਿਹਾ ਜਾਵੇ?

ਅੱਜ ਦਾ ਦੌਰ ਵਿਸ਼ਵੀਕਰਨ ਦਾ ਦੌਰ ਹੈ। ਵੱਡੇ-ਵੱਡੇ ਅਮੀਰ ਮੁਲਕ ਸੂਚਨਾ ਕ੍ਰਾਂਤੀ ਦੀ ਤਕਨੀਕ ਦੀ ਮਦਦ ਨਾਲ ਤੇ ਆਵਾਜਾਈ ਦੇ ਉਨੱਤ ਸਾਧਨਾਂ ਰਾਹੀਂ ਆਪਣੇ ਵਪਾਰ ਨੂੰ ਛੋਟੇ ਤੇ ਗ਼ਰੀਬ ਦੇਸ਼ਾਂ ਵਿੱਚ ਫੈਲਾ ਰਹੇ ਹਨ। ਮੰਨਿਆ ਜਾਂਦਾ ਹੈ ਕਿ ਇਸ ਨਾਲ ਇਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਉਪਲਬੱਧ ਹੋ ਰਹੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਨਾਲ ਹੀ ਗ਼ਰੀਬ ਦੇਸ਼ਾਂ ਵਿੱਚ ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ ਪਰ ਗਰੀਬ ਲੋਕ ਹੋਰ ਗਰੀਬ ਹੁੰਦੇ ਜਾ ਰਹੇ ਹਨ। ਰੋਟੀ, ਕਪੜਾ, ਮਕਾਨ ਦੇ ਨਾਲ-ਨਾਲ ਚੰਗੀ ਤੇ ਉਚੇਰੀ ਵਿਦਿਆ ਦੋਹੇਂ ਗ਼ਰੀਬ ਦੇ ਨਾਲ ਮੱਧਮਵਰਗ ਦੀ ਪਹੁੰਚ ਤੋਂ ਵੀ ਦੂਰ ਹੋ ਰਹੀ ਹੈ। ਗਰੀਬ ਲੋਕਾਂ ਦਾ ਨਿਰਬਾਹ ਮੁਸ਼ਕਲ ਹੋ ਰਿਹਾ ਹੈ। ਭੌਤਿਕਵਾਦੀ ਸੰਸਕ੍ਰਿਤੀ ਅਤੇ ਗੱਲ ਕੱਟ ਮੁਕਾਬਲੇ ਨੈਤਿਕ ਮੁੱਲਾਂ ਨੂੰ ਕਮਜ਼ੋਰ ਕਰ ਰਹੇ ਹਨ। ਅਮੀਰ ਦੇਸ਼ ਗਰੀਬ ਤੇ ਕਮਜ਼ੋਰ ਦੇਸ਼ਾਂ ਦਾ ਵਪਾਰ ਦੇ ਨਾਂ 'ਤੇ ਸੋਸ਼ਣ ਕਰ ਰਹੇ ਹਨ। ਅਜਿਹੀ ਹਾਲਤਾਂ ਵਿੱਚ ਵਿਸ਼ਵ ਬੰਧੂਤਵ ਦੀ ਗੱਲ ਕਿਵੇਂ ਕੀਤੀ ਜਾ ਸਕਦੀ ਹੈ? ਕਿਵੇਂ ਵਿਸ਼ਵੀਕਰਨ ਦੀ ਭਾਵਨਾ ਨੂੰ ਵਿਸ਼ਵ ਬੰਧੂਤਵ ਨਾਲ ਜੋੜਿਆ ਜਾ ਸਕਦਾ ਹੈ?

ਇਹ ਭਾਵਨਾ ਤਾਂ ਹੀ ਜਿੰਦਾ ਰਹਿ ਸਕਦੀ ਹੈ ਕਿ ਜੇਕਰ ਸਹਜ ਭਾਵ ਨਾਲ ਨਿਸੁਆਰਥ ਹੋ ਕੇ ਦੂਸਰੇ ਵਿਅਕਤੀ ਦੀ ਆਪਣਾ ਸਗਾ ਭਰਾ ਜਾਂ ਬੰਧੂ ਸਮਝਦੇ ਕੇ ਮਦਦ ਕੀਤੀ ਜਾਵੇ। ਸਪਸ਼ਟ ਹੈ ਕਿ ਬੰਧੂਤਵ ਸ਼ਬਦ ਦੀਆਂ ਸੀਮਾਵਾਂ ਦੋ ਪਾਸੜ ਹਨ। ਇੱਕ ਸੀਮਾ ਵਿਅਕਤੀਗਤ ਰਿਸ਼ਤਿਆਂ ਨਾਲ ਬੱਝਦੀ ਹੈ ਤੇ ਦੂਜੀ ਸੀਮਾ ਸਮਾਜ, ਰਾਸ਼ਟਰ ਅਤੇ ਵਿਸ਼ਵ ਨਾਲ।

ਵਿਸ਼ਵ ਬੰਧੂਤਵ ਦੀ ਭਾਵਨਾ ਨੂੰ ਵਿਕਸਿਤ ਕਰਨ ਦੀ ਸਾਧਨਾ ਵਿੱਚ ਆਪਸੀ ਸਹਿਯੋਗ, ਤਿਆਗ ਅਤੇ ਸਹਿਨਸ਼ੀਲਤਾ ਨੂੰ ਸਰਬੋਤਮ ਸਾਧਨ ਮੰਨਿਆ ਜਾ ਸਕਦਾ ਹੈ। ਇਕੱਠੇ ਰਹਿਣ ਨਾਲ, ਮਿਲਕੇ ਨਿਰਣੈ ਲੈਣ ਨਾਲ ਵੀ ਇਸ ਭਾਵਨਾ ਦਾ ਵਿਕਾਸ ਹੁੰਦਾ ਹੈ। ਹੋਸਟਲ ਵਿੱਚ ਰਹਿਣ ਵਾਲੇ ਅਲਗ ਅਲਗ ਜਾਤੀ, ਧਰਮ ਤੇ ਦੇਸ਼ ਦੇ ਵਿਦਿਆਰਥੀ ਜਦ ਇੱਕੱਠੇ ਇੱਕ ਛੱਤ ਹੇਠ ਰਹਿੰਦੇ ਹੋਏ ਆਪਸ ਵਿੱਚ ਪਿਆਰ, ਸਹਿਯੋਗ, ਮਿਲਵਰਤਣ ਤੇ ਸਹਿਨਸ਼ੀਲਤਾ ਨਾਲ ਜੀਵਨ ਬਿਤਾਉਂਦੇ ਹਨ, ਤਨ, ਮਨ, ਧਨ ਨਾਲ ਇੱਕ ਦੂਜੇ ਦੀ ਮਦਦ ਕਰਦੇ ਹਨ, ਮੁਸੀਬਤ ਵਿੱਚ ਸਹਾਇੱਕ ਬਣ ਕੇ ਅਪੜਦੇ ਹਨ ਤਾਂ ਉਹ ਵਿਸ਼ਵ ਬੰਧੂਤਵ ਦੀ ਸੁੰਦਰ ਮਿਸਾਲ ਪੇਸ਼ ਕਰਦੇ ਹਨ। ਪਰ ਬਿਨਾਂ ਸਹਿਨਸ਼ੀਲਤਾ, ਆਪਸੀ ਮਿਲਵਰਤਣ ਤੇ ਸਹਿਯੋਗ ਦੀ ਇਸ ਭਾਵਨਾ ਦੀ ਹੋਂਦ ਅਸੰਭਵ ਹੈ।

ਮਹਾਂਪੁਰਸ਼, ਮਹਾਨ ਨੇਤਾ, ਸੰਤ, ਸਾਹਿਤਕਾਰ, ਵਿਚਾਰਕ ਆਦਿ ਵੀ ਆਪਣੇ ਵਿਆਖਿਆਨਾਂ ਅਤੇ ਵਿਅਕਤੀਗਤ ਜੀਵਨ ਵਿਚ ਵਿਸ਼ਵ ਬੰਧੁਤਵ ਦੀ ਸੁੰਦਰ ਮਿਸਾਲ ਪੇਸ਼ ਕਰਦੇ ਹਨ। ਉਨ੍ਹਾਂ ਦੇ ਹਿਰਦੇ ਵਿੱਚ ਸਭ ਪ੍ਰਤੀ ਮੈਤ੍ਰੀ ਤੇ ਪ੍ਰੇਮ ਦਾ ਭਾਵ ਪੁਸ਼ਟ ਹੁੰਦਾ ਹੈ। ਉਹ ਸਭ ਦੀ ਪੀੜਾ ਹਰਨ ਲਈ ਤਿਆਰ ਰਹਿੰਦੇ ਹਨ। ਇਸ ਲਈ ਉਨ੍ਹਾਂ ਦੇ ਆਚਰਣ ਨੂੰ ਵੀ ਬੰਧੁਤਵ ਦੀ ਕਸੌਟੀ ਤੇ ਪਰਖਿਆ ਜਾ ਸਕਦਾ ਹੈ। ਨਿਸੁਆਰਥੀ ਲੋਕ ਹੀ ਵਿਸ਼ਵ ਬੰਧੁਤਵ ਦੀ ਭਾਵਨਾ ਦੇ ਪ੍ਰਸਾਰ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਭਾਵਨਾ ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ। ਉਨ੍ਹਾਂ ਨੂੰ ਆਪਸੀ ਸਹਿਯੋਗ ਤੇ ਮਿੱਤਰਤਾ ਲਈ ਪ੍ਰੇਰਦੀ ਹੈ। ਸਹਾਇਤਾ, ਤਿਆਗ, ਉਪਕਾਰ, ਸਹਿਨਸ਼ੀਲਤਾ ਆਦਿ ਮਨੁੱਖ ਗੁਣ ਇਸੇ ਭਾਵਨਾ ਰਾਹੀਂ ਪੂਰੇ ਵਿਸ਼ਵ ਵਿੱਚ ਫਲਦੇ ਫੁੱਲਦੇ ਹਨ। ਇਹ ਭਾਵਨਾ ਸਮਾਜਿਕ ਸੰਘਰਸ਼ ਦੀ ਜਵਾਲਾਵਾਂ ਨੂੰ ਵੀ ਸ਼ਾਂਤ ਕਰਦੀ ਹੈ। ਸਮਾਜ ਵਿੱਚ ਸੁੱਖ-ਸ਼ਾਂਤੀ ਭਰਿਆ ਵਾਤਾਵਰਣ ਪੈਦਾ ਕਰਦੀ ਹੈ ਤੇ ਮਨੁੱਖਤਾ ਦੇ ਵਿਕਾਸ ਲਈ ਅਵਸਰ ਪ੍ਰਦਾਨ ਕਰਦੀ ਹੈ। ਇਸ ਲਈ ਸਮਾਜ ਅਤੇ ਪੂਰੇ ਵਿਸ਼ਵ ਨੂੰ ਇਸ ਦੀ ਬਹੁਤ ਲੋੜ ਹੈ।

ਇਹ ਭਾਵਨਾ ਸੱਚੀ ਮਾਨਵਤਾ ਦੀ ਪਛਾਣ ਹੈ। ਇਸੇ ਭਾਵਨਾ ਅਧੀਨ ਇੱਕ ਮਨੁੱਖ ਦੂਜੇ ਮਨੁੱਖ ਦੇ ਕੰਮ ਆਉਣਾ ਸਿੱਖਦਾ ਹੈ ਅਤੇ ਸੱਚਾ ਮਨੁੱਖ ਬਣਦਾ ਹੈ। ਕਵੀਵਰ **ਮੈਥਿਲੀਸ਼ਰਣ ਗੁਪਤ** ਨੇ ਵੀ ਲਿਖਿਆ ਹੈ :

*ਯਹੀ ਪਸ਼ੂ ਪ੍ਰਵ੍ਰਿਤੀ ਹੈ ਕਿ ਆਪ ਆਪ ਹੀ ਚਰੇ।।*
*ਵਹੀ ਮਨੁਸ਼ਯ ਹੈ ਜੋ ਕਿ ਮਨੁਸ਼ਯ ਕੇ ਲੀਏ ਮਰੇ।।*

(**ਮੈਥਿਲੀਸ਼ਰਣ ਗੁਪਤ**)

ਮਨੁੱਖ ਨੂੰ ਇਸ ਭਾਵਨਾ ਤਹਿਤ ਨਾ ਸਿਰਫ਼ ਦੂਸਰਿਆਂ ਲਈ ਜੀਣ ਸਗੋਂ ਮਰਨ ਦੀ ਸਿਖਿਆ ਵੀ ਮਿਲਦੀ ਹੈ। ਇਸ ਤਰ੍ਹਾਂ ਇਹ ਭਾਵਨਾ ਪੂਰੇ ਵਿਸ਼ਵ ਵਿੱਚ ਸੱਚੇ ਮਨੁੱਖ ਦੀ ਪਹਿਚਾਨ ਵਿੱਚ ਮਹੱਤਵਪੂਰਨ ਕਾਰਜ ਕਰਦੀ ਹੈ। ਇਸ ਲਈ ਮਨੁੱਖੀ ਸਮਾਜ ਵਿੱਚ ਇਸ ਦਾ ਬਹੁਤ ਮਹੱਤਵ ਹੈ।

## 2.6 ਭਾਰਤੀ ਪਰੰਪਰਾ ਵਿਚ ਵਿਸ਼ਵ ਬੰਧੁਤਵ ਦੀ ਭਾਵਨਾ:

ਭਾਰਤ ਵਿੱਚ ਵਿਸ਼ਵ ਬੰਧੁਤਵ ਦੀ ਪਰੰਪਰਾ ਬਹੁਤ ਹੀ ਪੁਰਾਣੀ ਹੈ। ਇਸ ਪਰੰਪਰਾ ਤੇ ਝਾਤ ਮਾਰਨ ਤੋਂ ਪਹਿਲਾਂ ਸਾਨੂੰ ਇਸ ਦੇ ਪਿਛੋਕੜ ਵੱਲ ਜਾਣਾ ਪਵੇਗਾ। ਭਾਰਤੀ ਸੰਸਕ੍ਰਿਤੀ ਦੇ ਵੇਦ, ਉਪਨਿਸ਼ਦ, ਪੁਰਾਣ, ਨੀਤੀ ਸ਼ਾਸ਼ਤ੍ਰ ਅਤੇ ਅਨੇਕ ਕਵੀ ਇਸ ਭਾਵਨਾ ਦੀ ਕਲਪਨਾ ਪ੍ਰਾਚੀਨ ਕਾਲ ਤੋਂ ਕਰਦੇ ਆਏ ਹਨ ਪਰ ਉਨ੍ਹਾਂ ਦਾ ਸਰੂਪ ਇੱਕ ਦੂਸਰੇ ਤੋਂ ਵਖਰਾ ਜ਼ਰੂਰ ਰਿਹਾ ਹੈ।

ਵੇਦਾਂ ਵਿੱਚ ਸੂਕਤੀ ਹੈ

*'ਲੋਕ: ਸਮਿਸ਼ਠਾ ਸੁਖਿਨੋ ਭਵੰਤੂ।।'*

ਭਾਵ ਦੁਨੀਆ ਦੇ ਸੱਭ ਲੋਕ ਸਦਾ ਸੁਖੀ ਰਹਿਣ। ਭਾਵ, ਇਹ ਵੇਦ-ਵਾਕ, ਅੱਜ ਦੇ ਵਿਸ਼ਵ ਬੰਧੁਤਵ ਦੀ ਭਾਵਨਾ ਦਾ ਬੀਜ ਤੱਤ ਹੈ।

**ਈਸ਼ਾਵਾਸਯੋਪਨਿਸ਼ਦ** ਦੇ ਮੰਤਰ ਛੇ ਵਿੱਚ ਵੀ ਕੁੱਝ ਇਸੇ ਤਰ੍ਹਾਂ ਦੀ ਭਾਵਨਾ ਵਿਅਕਤ ਕੀਤੀ ਗਈ ਹੈ।

*ਯਸਤੂ ਸਰਵਾਣਿ ਭੁਤਾਨਯਾਤ੍ਮਨਯੇਵਾਨੁਪਸ਼ਯਤਿ।*

*ਸਰਵ ਭੁਤੇਸ਼ੂ ਚਾਤ੍ਮਾਨੰ ਤਤੋ ਨ ਵਿਜੁਗੁਪਸਤੇ।।*

ਅਰਥਾਤ ਜੋ ਸੱਭ ਪ੍ਰਾਣੀਆਂ ਨੂੰ ਬ੍ਰਹਮ ਵਿੱਚ ਹੀ ਨਿਰੰਤਰ ਵੇਖਦਾ ਹੈ ਅਤੇ ਸਭ ਪ੍ਰਾਣੀਆਂ ਵਿੱਚ ਬ੍ਰਹਮ ਨੂੰ ਵੇਖਦਾ ਹੈ ਉਹ ਉਸ (ਬੰਧੁਤਵ) ਕਾਰਨ ਕਿਸੀ ਨਾਲ ਘ੍ਰਿਣਾ ਨਹੀਂ ਕਰਦਾ।

ਇਸੇ ਤਰ੍ਹਾਂ ਹੀ ਹਿੰਦੂ ਸੰਸਕ੍ਰਿਤੀ ਵਿੱਚ ਨਿੱਤ ਪ੍ਰਤੀ ਦੀ ਪ੍ਰਾਰਥਨਾ ਵਿੱਚ ਸ਼ਾਮਲ ਇਹ ਸੰਸਕ੍ਰਿਤ ਦੇ ਸ਼ਲੋਕ ਇਸੇ ਭਾਵਨਾ ਦੀ ਹੀ ਪੁਸ਼ਟੀ ਕਰਦੇ ਹਨ।

*ਸਰਵੇਅਪਿ ਸੁਖਿਨ ਸੰਤੂ, ਸਰਵੇ ਸੰਤੂ ਨਿਰਾਮਯਾ:।*

*ਸਰਵੇ ਭਦ੍ਰਾਣਿ ਪਸ਼ਯੰਤੂ, ਮਾ ਕਸ਼ਿਚਦ, ਦੁਖਮਾਪਨੁਯਾਤ੍।।*

*ਓਮ ਸ਼ਾਂਤਿ : ਸ਼ਾਂਤਿ : ਸ਼ਾਂਤਿ।*

ਅਰਥਾਤ ਪੂਰੇ ਵਿਸ਼ਵ ਦੇ ਸਭ ਲੋਕ ਸੁਖੀ ਹੋਣ ; ਸਭ ਲੋਕ ਨੀਰੋਗ ਜੀਵਨ ਬਤੀਤ ਕਰਨ, ਸਭ ਲੋਕ ਚੰਗੀ ਵਸਤਾਂ ਹੀ ਵੇਖਣ ਤੇ ਚੰਗੀ ਆਵਾਜ਼ਾਂ ਭਾਵ ਧੁਨੀਆ ਦਾ ਹੀ ਸ਼੍ਰਵਣ ਕਰਨ ਅਤੇ ਕਿਸੇ ਵੀ ਪ੍ਰਕਾਰ ਦੀ ਦੁੱਖ ਤਕਲੀਫ਼ ਉਨ੍ਹਾਂ ਦੇ ਨਜ਼ਦੀਕ ਨਾ ਆਵੇ। ਸਭ ਪਾਸੇ ਸ਼ਾਂਤੀ ਹੀ ਸ਼ਾਂਤੀ ਹੋਵੇ।

ਇਸੇ ਤਰ੍ਹਾਂ ਹੀ ਨੀਤੀ ਸ਼ਾਸਤ੍ਰ ਵਿੱਚ ਵੀ ਬੰਧੁਤਵ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਗਿਆ ਹੈ

***ਸ ਬੰਧੁਯੋਰਹਿਤੈਸ਼ੀ ਸਯਾਤ੍।***

***ਭਾਵ ਉਹੀ ਬੰਧੁ ਹੈ ਜੋ ਹਿਤੈਸ਼ੀ ਹੈ।***

ਇਹ ਭਾਰਤੀ ਸੰਸਕ੍ਰਿਤੀ ਵਿੱਚ ਮੌਜੂਦ ਬੰਧੁਤਵ ਦੀ ਭਾਵਨਾ ਹੈ ਕਿ ਇਥੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਦੇਵਤਿਆਂ ਵਾਂਗ ਕੀਤਾ ਜਾਂਦਾ ਸੀ, ਉਹ ਚਾਹੇ ਕਿਸੇ ਵੀ ਧਰਮ, ਕੁੱਲ, ਜਾਤ, ਵਰਣ ਜਾਂ ਦੇਸ਼ ਨਾਲ ਸਬੰਧਤ ਕਿਉਂ ਨਾ ਹੋਣ? ਇਸੇ ਲਈ ਇਹ ਉਕਤੀ ਵੀ ਬੜੀ ਪ੍ਰਸਿੱਧ ਸੀ –**ਅਤਿਥੀ ਦੇਵੋ ਭਵ:।**

**ਵਿਸ਼ਨੂੰ ਸ਼ਰਮਾ** ਦੀ ਰਚਨਾ **'ਹਿਤੋਪਦੇਸ਼'** ਇਸ ਭਾਵਨਾ ਦੇ ਸੰਬੰਧ ਵਿੱਚ ਮਹੱਤਵਪੂਰਨ ਕਾਰਜ ਕਰਦੀ ਹੋਈ ਮੀਲ ਦਾ ਪੱਥਰ ਸਾਬਤ ਹੁੰਦੀ ਹੈ। **ਵਿਸ਼ਣੂ ਸ਼ਰਮਾ** ਆਪਣੀ ਇਸ ਪੁਸਤਕ ਵਿੱਚ ਲਿਖਦਾ ਹੈ :

**ਆਯ ਨਿਜ : ਪਰੋ ਵੇਤਿ ਗਣਨਾ ਲਘੂਚੇਤਸਾਮ੍।**

**ਉਦਾਰਚਰਿਤਾ ਨਾਨਤੂ, ਵਸੁਧੈਵ ਕਟੁੰਬਕਮ੍।।**

ਅਰਥਾਤ ਇਹ ਮੇਰਾ ਹੈ, ਉਹ ਪਰਾਇਆ, ਇਸ ਤਰ੍ਹਾਂ ਦੀ ਗਣਨਾ ਲਘੂ ਹਿਰਦੇ ਵਾਲੇ ਕਰਦੇ ਹਨ। ਵਿਸ਼ਾਲ ਹਿਰਦੇ ਵਾਲੇ ਲੋਕਾਂ ਲਈ ਪੂਰਾ ਵਿਸ਼ਵ ਹੀ ਉਨ੍ਹਾਂ ਦਾ ਪਰਿਵਾਰ ਹੈ। ਵਿਸ਼ਣੂ ਸ਼ਰਮਾ ਦੀ ਇਹ ਪੁਸਤਕ ਭਾਰਤੀ ਸੰਸਕ੍ਰਿਤੀ ਦੇ ਵਿਵਹਾਰ ਵਿੱਚ ਵਸਦੇ ਵਿਸ਼ਵ ਬੰਧੁਤਵ ਦੇ ਸੰਕਲਪ ਨੂੰ ਇੱਕ ਨਵਾਂ ਰੂਪ ਦਿੰਦੀ ਹੈ ਅਤ। "ਵਸੁਧੈਵ ਕੰਟੁਬਕਮ" ਦਾ ਸੰਕਲਪ ਪੇਸ਼ ਕਰਦੀ ਹੈ।

ਜਿਸ ਦਾ ਭਾਵ ਹੈ : **ਸਾਰੀ ਪ੍ਰਿਥਵੀ ਹੀ ਸਾਡਾ ਪਰਿਵਾਰ ਹੈ।**

"ਵਸੁਧੈਵ ਕਟੁੰਬਕਮ"। ਦਾ ਇਹ ਆਦਰਸ਼ ਵਿਸ਼ਣੂ ਸ਼ਰਮਾ ਨੇ ਐਵੇਂ ਹੀ ਨਹੀਂ ਸਬਦਾਂ ਵਿੱਚ ਰਚ ਦਿਤਾ ਬਲਕਿ ਸਾਡੇ ਸੱਭ ਤੋਂ ਪ੍ਰਾਚੀਨ ਗ੍ਰੰਥ ਰਿਗਵੇਦ ਵਿੱਚ ਉਸ ਨੇ ਇਸ ਦੀਆਂ ਜੜ੍ਹਾਂ ਨੂੰ ਜ਼ਰੂਰ ਮਹਿਸੂਸ ਕੀਤਾ

ਹੋਵੇਗਾ।

ਰਿਗਵੇਦ ਵਿੱਚ ਆਉਂਦਾ ਹੈ:

*ਅਜਯੇਸ਼ਠਾਸੋ ਅਕਨਿਸ਼ਠ੍ਾਸ ਏਤੇ,*

*ਸਂ ਭ੍ਰਾਤਰੋ ਵਾਵ੍ਧੁ: ਸੋਮਗਾਯ।*

*ਯੁਵਾ ਪਿਤਾ ਸਵਪਾ ਰੁਦ੍ਰ ਏਸ਼ਾਂ,*

*ਸੁਦੁਧਾ ਪ੍ਰਸ਼ਿਨ: ਸੁਦਿਨਾ ਮਰਾਦ੍ਮਯ: ।।* (ਰਿਗਵੇਦ)

ਭਾਵ ਸਭ ਮਨੁੱਖ ਜੋ ਆਪਸ ਵਿੱਚ ਭਰਾ ਭਰਾ ਹਨ, ਜਿਸ ਵਿੱਚ ਨਾ ਕੋਈ ਛੋਟਾ ਹੈ, ਨਾ ਕੋਈ ਵੱਡਾ, ਮਿਲ ਕੇ ਸਮਰਿਧੀ ਲਈ ਅਤੇ ਸੁਭਾਗ ਲਈ ਅੱਗੇ ਵੱਧਣ। ਸਰਵਸ਼ਕਤੀਮਾਨ ਪ੍ਰਭੂ ਸਭ ਦੀ ਰਖਿਆ ਕਰਨ ਵਾਲਾ ਅਤੇ ਸਭ ਦੇ ਨਾਲ ਨਿਆਇ ਕਰਨ ਵਾਲਾ ਪਿਤਾ ਹੈ। ਇਹ ਪ੍ਰਿਥਵੀ ਜੋ ਧਨ, ਧਾਨ ਅਤੇ ਘਿਓ ਅਤੇ ਦੁੱਧ ਦੇਣ ਵਾਲੀ ਹੈ, ਸਭ ਪ੍ਰਾਣੀਆਂ ਦੇ ਲਈ ਸੁਖਦਾਇੱਕ ਹੋਵੇ।

ਇਸੇ ਤਰ੍ਹਾਂ ਇੱਕ ਹੋਰ ਸੰਗਠਨ ਸੂਤਰ ਹੈ।

*ਸਮਾਨੋ ਮੰਤਰ: ਸਮਿਤਿ: ਸਮਾਨੀ,*

*ਸਮਾਨਂ, ਮਨ: ਸ: ਚਿੰਤਮੇਸ਼ਾਨ।*

*ਸਮਾਨਂ, ਮੰਤਰਭਿਮੰਤਰਯੇ ਵ:,*

*ਸਮਾਨੇਨ ਵੋ ਹਵਿਸ਼ਾ ਜੁਹੋਮਿ।।*(ਰਿਗਵੇਦ)

ਅਰਥਾਤ ਵਿਸ਼ਵ ਦੇ ਸਭ ਲੋਕਾਂ ਦੇ ਵਿਚਾਰ ਸਮਾਨ ਹੋਣ। ਸਭ ਦੇ ਚਿੰਤ ਤੇ ਮਨ ਇੱਕੋ ਜਿਹੇ ਬਣ ਜਾਣ। ਪ੍ਰਭੂ ਸਭ ਨੂੰ ਬਰਾਬਰ ਗਿਆਨ ਦੇਣ ਜਿਸ ਨੂੰ ਪ੍ਰਾਪਤ ਕਰ ਕੇ ਸਾਰੇ ਹੀ ਨੇਕ ਬਣ ਜਾਣ।

ਇਸੇ ਲਈ ਹੀ ਵੈਦਿਕ ਸੰਸਕ੍ਰਿਤੀ ਦਾ ਲਕਸ਼ ਸਦਾ ਮੇਰਾਪਨ ਨਹੀਂ ਸਗੋਂ ਵਿਸ਼ਵ ਬੰਧੂਤਵ ਹੀ ਰਿਹਾ। ਆਪਣੀ ਜਾਤੀ, ਅਪਣਾ ਦੇਸ਼ ਅਤੇ ਆਪਣੇ ਰਾਸ਼ਟਰ ਦਾ ਸੰਗਠਨ ਇਸ ਸੰਸਕ੍ਰਿਤੀ ਵਿੱਚ ਵਿਸ਼ਵ ਬੰਧੂਤਵ ਦੇ ਲਕਸ਼ ਦੀ ਪ੍ਰਾਪਤੀ ਲਈ ਇੱਕ ਮੰਜ਼ਿਲ ਜਾਂ ਪੜਾਅ ਮਾਤਰ ਹੀ ਰਿਹਾ। ਇਸ ਸੰਸਕ੍ਰਿਤੀ ਵਿੱਚ ਸਦਾ **'ਮਿਤਰਸਯ ਚਕੁਸ਼ਾ ਸਮੀਕਸ਼ਾਮਹੇ'** ਅਰਥਾਤ ਸਭ ਨੂੰ ਬੰਧੂ ਤੇ ਮਿੱਤਰ ਦੀ ਅੱਖਾਂ ਨਾਲ ਵੇਖੀਏ, ਜਿਸ ਵਿੱਚ ਅਹੰ ਭਾਵ ਦਾ ਕੋਈ ਸਥਾਨ ਨਾ ਹੋਵੇ, ਅੰਤ ਆਤਮ ਤੱਤ ਆਪਣੇ ਵੇਗ ਨਾਲ ਫੁੱਟ ਰਿਹਾ ਹੋਵੇ, ਨੇ ਹੀ ਵੈਦਿਕ ਸੰਸਕ੍ਰਿਤੀ ਨੂੰ ਇਹ ਦਿਸ਼ਾ ਦਿਤੀ ਹੈ।

**ਸਵਾਮੀ ਵਿਵੇਕਾਨੰਦ ਦਾ ਵੀ ਮੱਤ ਹੈ :**

"ਜੋ ਸੱਚੇ ਬੰਧੂਤਵ ਵਿੱਚ ਵਿਸ਼ਵਾਸ ਕਰਦੇ ਹਨ, ਉਹ ਜ਼ਿਆਦਾ ਬੋਲਦੇ ਨਹੀਂ, ਉਨ੍ਹਾਂ ਦੇ ਕਰਮ ਹੀ ਖ਼ੁਦ ਜ਼ੋਰ ਨਾਲ ਬੋਲਦੇ ਹਨ।"

ਇਹ ਉਸੇ ਵੈਦਿਕ ਸੰਸਕ੍ਰਿਤੀ ਦਾ ਹੀ ਫਲ ਸੀ ਕਿ ਇਸ ਮਹਾਨ ਸੰਤ ਨੇ ਸ਼ਿਕਾਗੋ ਵਿੱਚ ਸਰਵਧਰਮ ਸੰਮੇਲਨ ਵਿੱਚ ਆਪਣੇ ਵਿੱਚਾਰ ਰਖਦੇ ਹੋਏ ਆਪਣੇ ਸੰਬੋਧਨ ਵਿਚ ਕਿਹਾ "ਪਿਆਰੀ ਭੈਣੋਂ ਤੇ ਭਰਾਵੋ।" ਸਿਰਫ਼ ਇਨ੍ਹਾਂ ਚਾਰ ਸ਼ਬਦਾਂ ਦੇ ਜਾਦੂ ਨਾਲ ਪੂਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਅੱਜ ਬੇਸ਼ਕ ਪੂਰੇ ਵਿਸ਼ਵ ਦੇ ਨੇਤਾਗਣ ਇਨ੍ਹਾਂ ਲਫ਼ਜ਼ਾਂ ਦਾ ਇਸਤੇਮਾਲ ਆਪਣੇ ਭਾਸ਼ਣਾਂ ਵਿੱਚ ਕਰਦੇ ਹਨ ਪਰ ਉਸ ਵਿੱਚ ਵਿਸ਼ਵ ਬੰਧੂਤਵ ਦੀ ਭਾਵਨਾ ਦੀ ਗਰਮੀ ਮਹਿਸੂਸ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੇ ਵਿਚਾਰ ਪਿਆਰ, ਸਦਭਾਵਨਾ,

ਮਿਲਵਰਤਣ ਅਤੇ ਸਹਿਯੋਗ ਤੋਂ ਕੋਰੇ ਹੁੰਦੇ ਹਨ।

ਆਧੁਨਿਕ ਭਾਰਤ ਦੇ ਮਹਾਨ ਨੇਤਾਵਾਂ ਵਿੱਚੋਂ ਇੱਕ, ਬਾਪੂ ਗਾਂਧੀ ਨੇ ਵੀ ਵਿਸ਼ਵ ਬੰਧੁਤਵ ਦੀ ਭਾਵਨਾ ਦੀ ਮਹੱਤਾ ਨੂੰ ਸਵੀਕਾਰ ਕੀਤਾ ਹੈ। ਉਹ ਆਖਦੇ ਸਨ "ਜਿਸ ਤਰ੍ਹਾਂ ਬਿੰਦੂ ਦਾ ਸਮੁਦਾਇ ਸਮੁੰਦਰ ਹੈ, ਉਸੇ ਤਰ੍ਹਾਂ ਅਸੀਂ ਮਿੱਤਰਤਾ ਕਰਕੇ ਮਿੱਤਰਤਾ ਦਾ ਸਮੁੰਦਰ ਬਣ ਸਕਦੇ ਹਾਂ ਅਤੇ ਜਗਤ ਵਿੱਚ ਸੱਭ ਇੱਕ ਦੂਸਰੇ ਦੇ ਨਾਲ ਬੰਧੂਤਵ ਨਾਲ ਰਹਿ ਸਕਦੇ ਹਾਂ। ਇਸ ਨਾਲ ਹੀ ਜਗਤ ਦਾ ਸਰੂਪ ਬਦਲ ਜਾਵੇਗਾ।"[36]

ਸਾਡੇ ਮਧਕਾਲ ਦੇ ਕਵੀਆਂ-ਕਬੀਰ ਜੀ, ਗੁਰੂ ਨਾਨਕ ਸਾਹਿਬ, ਗੁਰੂ ਰਵਿਦਾਸ ਨੇ ਵੀ ਸਭ ਨੂੰ ਜਾਤੀ ਪਾਤੀ, ਵਰਣ, ਰੰਗ-ਰੂਪ, ਧਰਮ ਨਸਲ ਆਦਿ ਦੇ ਭੇਦਭਾਵ ਛੱਡ ਕੇ ਆਪਸ ਵਿੱਚ ਭਰਾਤਰੀ-ਭਾਵ ਨਾਲ ਰਹਿਣ ਦੀ ਗੱਲ ਕੀਤੀ ਹੈ।

*"ਅਵਲ ਅਲਹ ਨੂਰ ਉਪਾਇਆ, ਕੁਦਰਤਿ ਦੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨੁ ਭਲੇ ਕੋ ਮੰਦੇ॥"*

**(ਕਬੀਰ)**

ਅਤੇ

*ਕ੍ਰਿਸ਼ਣ ਕਰੀਮ, ਰਾਮ ਹਰਿ ਰਾਘਵ ਜਬ ਲਗ ਏਕਨ ਸ਼ੇਸ਼ਾ॥*
*ਵੇਦ ਕਤੇਬ, ਪੁਰਾਤਨ ਸਹਜ ਏਕ ਨਾ ਹੀ ਵੇਸ਼ਾ॥*

**(ਰਵਿਦਾਸ)**

ਕੁੱਝ ਇਸੇ ਤਰ੍ਹਾਂ ਦੇ ਵਿੱਚਾਰ ਡਾ. ਸੁਮਿਤ੍ਰਾਨੰਦਨ ਪੰਤ ਵੀ ਆਪਣੀ ਕਵਿਤਾ ਆਸਥਾ 'ਤੇ ਪ੍ਰਗਟ ਕਰਦੇ ਹਨ।

*ਮਨੁਜ ਏਕਤਾ ਹੀ ਭਾਵੀ ਕੀ ਅਧਿਆਤਮਤਾ,*
*ਦੇਹ ਪ੍ਰਾਣ ਮਨ ਆਤਮਾ ਉਸਸੇ ਹੋਂਗੇ ਉਪਕ੍ਰਤ॥*

**(ਡਾ. ਸੁਮਿਤ੍ਰਾਨੰਦਨ ਪੰਤ)**

ਇਸ ਲਈ ਸਾਨੂੰ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪਰੰਪਰਾ ਵਿੱਚ ਮਿਲੀ ਵਿਸ਼ਵ ਬੰਧੁਤਵ ਦੀ ਭਾਵਨਾ ਦਾ ਪ੍ਰਚਾਰ ਤੇ ਪ੍ਰਸਾਰ ਪੂਰੇ ਵਿਸ਼ਵ ਵਿੱਚ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਵਸੂਧੈਵ ਕਟੁੰਬਰਕਮ ਦੇ ਨਾਅਰੇ ਨੂੰ ਅਸਲੀ ਜਾਮਾ ਪਹਿਨਾ ਸਕਾਂਗੇ। ਕੁੰਟੁੰਬ, ਬਿਰਾਦਰੀ, ਦੇਸ਼ ਤੇ ਜਾਤੀ ਦੇ ਅਹੰਕਾਰ ਨੂੰ ਛੱਡ ਕੇ ਆਪਣੇ ਆਤਮ ਤਤਵ ਨੂੰ ਪਛਾਣ ਕੇ ਅਤੇ ਅਧਿਆਤਮਵਾਦ ਨੂੰ ਆਪਣੀ ਜੜ੍ਹਾਂ ਵਿੱਚ ਧਾਰਨ ਕਰਕੇ ਹੀ ਅਸੀਂ ਇਹ ਕਾਰਜ ਕਰ ਸਕਦੇ ਹਾਂ ਅਤੇ ਸਮਾਜ ਦੀ ਹਰ ਇਕਾਈ ਨੂੰ ਧਰਮ, ਜਾਤ, ਨਸਲ ਆਦਿ ਦੇ ਵਿਤਕਰੇ ਦੀ ਦੀਵਾਰਾਂ ਤੋੜ ਕੇ ਵਿਸ਼ਵ ਬੰਧੁਤਵ ਦੇ ਪਾਸੇ ਤੋਰ ਸਕਦੇਹਾਂ।

ਇਸ ਲਈ ਸਾਨੂੰ ਆਪਣੇ ਇਤਿਹਾਸ ਤੋਂ ਵੀ ਸਬਕ ਸਿੱਖਣਾ ਪਵੇਗਾ। ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਸੰਸਾਰ ਨੂੰ ਇੱਕ ਬਨਾਉਣ ਦਾ ਸੁਫ਼ਨਾ ਸਮਰਾਟ ਅਸ਼ੋਕ ਨੇ ਵੀ ਵੇਖਿਆ ਸੀ। ਉਸ ਨੇ ਦੁਨੀਆ ਦੇ ਕੋਨੇ-ਕੋਨੇ ਵਿੱਚ ਸ਼ਾਂਤੀ ਦੇ ਦੂਤ ਭੇਜੇ ਸਨ, ਉਨ੍ਹਾਂ ਦੂਤਾਂ ਦੇ ਜ਼ਰੀਏ ਵਿਸ਼ਵ ਦੇ ਮਾਨਵ-ਸਮਾਜ ਨੂੰ ਸ਼ਾਂਤੀ, ਏਕਤਾ ਤੇ ਭ੍ਰਾਤੀਭਾਵ ਦਾ ਸੰਦੇਸ਼ ਭੇਜਿਆ ਸੀ ਜਿਸ ਦਾ ਭਾਵ ਸੀ ਕਿ ਅੱਜ ਤਕ ਮਨੁੱਖ-ਮਨੁੱਖ ਦਾ ਵੈਰੀ ਰਿਹਾ, ਉਹ ਭਿੰਨ-ਭਿੰਨ ਜਾਤੀਆਂ, ਦੇਸ਼ਾਂ ਤੇ ਰਾਸ਼ਟਰਾਂ ਵਿੱਚ ਵੰਡਿਆ ਰਿਹਾ। ਪਰ ਇਸ ਭਿੰਨਤਾ ਨੇ ਉਸ ਨੂੰ

ਈਰਖਾ, ਦਵੇਸ਼, ਦੁਸ਼ਮਣੀ ਤੋਂ ਇਲਾਵਾ ਕੁੱਝ ਨਹੀਂ ਦਿਤਾ। ਹੁਣ ਉਹ ਸਮਾਂ ਆ ਗਿਆ ਹੈ ਜਦ ਅਸੀਂ ਦੇਸ਼, ਧਰਮ ਤੇ ਰਾਸ਼ਟਰ ਦੇ ਫ਼ਰਕ ਨੂੰ ਭੁੱਲ ਕੇ ਸਮੁੱਚੇ ਵਿਸ਼ਵ ਨੂੰ ਆਪਣਾ ਪਰਿਵਾਰ ਤੇ ਮਨੁੱਖ ਨੂੰ ਆਪਣੀ ਜਾਤੀ ਸਵੀਕਾਰ ਕਰੀਏ। ਨਿਸ਼ਚੇ ਰੂਪ ਵਿੱਚ ਇਹ ਸੰਦੇਸ਼ ਹਮਲਾਵਰ ਦਾ ਨਹੀਂ ਮਾਨਵਤਾ ਦਾ ਸੀ। ਅਹੰਕਾਰ ਦਾ ਨਹੀਂ ਆਤਮਤਤਵ ਦਾ ਸੀ। ਅਸ਼ੋਕ ਤੋਂ ਪਹਿਲਾਂ ਸਾਡੀ ਵੈਦਿਕ ਸੰਸਕ੍ਰਿਤੀ ਨੇ ਵੀ ਮਾਨਵ-ਸਮਾਜ ਨੂੰ ਇਹੀ ਸੰਦੇਸ਼ ਦਿਤਾ ਸੀ। ਵੈਦਿਕ ਆਰੀਆ ਨੇ ਘੋਸ਼ਣਾ ਕੀਤੀ ਸੀ।

***'ਸਮਜੰਤੂ ਸਰਵੇਅਮ੍ਰਿਤਸਯ ਪੁਤਰਾ:।'***

ਅਰਥਾਤ

**ਸਮਪੂਰਣ ਮਾਨਵ-ਸਮਾਜ ਅੰਮ੍ਰਿਤ ਦਾ ਪੁੱਤਰ ਹੈ, ਮਨੁੱਖ-ਮਨੁੱਖ ਦਾ ਭਰਾ ਹੈ।**

ਅੱਜ ਹਜ਼ਾਰਾਂ ਸਾਲ ਬਾਅਦ ਜਦ ਭਾਰਤ ਇੱਕ ਵਾਰ ਫਿਰ ਵਿਸ਼ਵ ਵਿੱਚ ਮਜ਼ਬੂਤੀ ਨਾਲ ਆਪਣੀ ਸਾਖ ਸਥਾਪਤ ਕਰ ਰਿਹਾ ਹੈ ਤਾਂ ਉਸ ਨੂੰ ਵੈਦਿਕ ਸੰਸਕ੍ਰਿਤੀ ਦਾ ਵਾਹਕ ਬਣ ਕੇ ਏਕਤਾ ਦੇ ਇਸ ਸੰਦੇਸ਼ 'ਵਸੁਧੈਵ ਕਟੁੰਬਕਮ' ਨੂੰ ਫ਼ੈਲਾਉਣ ਦਾ ਕਾਰਜ ਨੇਪਰੇ ਚਾੜ੍ਹਣਾ ਚਾਹੀਦਾ ਹੈ।

## 2.7 ਸਾਮੀ ਪਰੰਪਰਾ ਵਿਚ ਵਿਸ਼ਵ ਬੰਧੁਤਵ ਦੀ ਭਾਵਨਾ

ਵਿਸ਼ਵ ਬੰਧੁਤਵ ਦੀ ਭਾਵਨਾ ਸਾਮੀ ਪਰੰਪਰਾ ਵਿਚ ਵੀ ਨਜ਼ਰੀਂ ਪੈਂਦੀ ਹੈ। ਇਸ ਪਰੰਪਰਾ ਦੇ ਮੂਲ ਵਿਚ ਇਸਲਾਮ ਧਰਮ ਹੈ ਜੋ ਅੱਲ੍ਹਾ ਅੱਗੇ ਬਿਨਾਂ ਸ਼ਰਤ ਆਤਮਸਮਰਪਣ ਕਰਨ ਦੀ ਗੱਲ ਕਰਦਾ ਹੈ ਤੇ ਰੱਬ ਦੇ ਹਰ ਆਦੇਸ਼ ਨੂੰ ਠੀਕ ਉਸੇ ਤਰ੍ਹਾਂ ਖਿੜੇ ਮੱਥੇ ਸਵੀਕਾਰ ਕਰਨ ਦੀ ਗੱਲ ਕਰਦਾ ਹੈ ਜਿਵੇਂ ਗੁਰਬਾਣੀ ਵਿਚ ਭਾਣੇ ਦਾ ਸੰਕਲਪ ਆਉਂਦਾ ਹੈ। ਪੱਛਮੀ ਦੱਖਣੀ ਏਸ਼ੀਆ ਵਿਚ ਸਥਿਤ ਅਰਬ, ਈਰਾਨ, ਈਰਾਕ, ਪਾਕਿਸਤਾਨ, ਅਫਗਾਨਿਸਤਾਨ ਵਰਗੇ ਮੁਸਲਿਮ ਦੇਸ਼ ਮੂਲ ਰੂਪ ਵਿਚ ਇਸ ਪਰੰਪਰਾ ਦੇ ਕੇਂਦਰ ਰਹੇ ਹਨ। ਇਸ ਪਰੰਪਰਾ ਦੀ ਜੜ੍ਹ ਵਿਚ **ਮੁਸਲਮਾਨਾਂ ਦਾ ਪਵਿੱਤਰ ਗ੍ਰੰਥ 'ਕੁਰਾਨ'** ਨਜ਼ਰੀ ਆਉਂਦਾ ਹੈ।

ਇਸ ਪਵਿੱਤਰ ਧਾਰਮਿਕ ਪੁਸਤਕ ਅਨੁਸਾਰ, 'ਸਾਰੀ ਮਨੁੱਖੀ ਜਾਤੀ ਇਕੋ ਮਰਦ ਅਤੇ ਤੀਵੀਂ ਦੇ ਜੋੜੇ ਤੋਂ ਜਨਮੀ ਹੈ। ਸਾਰੀ ਮਨੁੱਖੀ ਜਾਤ ਦਾ ਇਕ ਹੀ ਪਿਤਾ ਤੇ ਇਕ ਹੀ ਮਾਤਾ ਹੈ। ਅੱਲ੍ਹਾ ਨੇ ਮਨੁੱਖ ਨੂੰ ਵਿਭਿੰਨ ਨਸਲਾਂ, ਜਾਤਾਂ ਅਤੇ ਦੇਸ਼ਾਂ ਵਿਚ ਇਸ ਲਈ ਵੰਡਿਆ ਤਾਂ ਜੋ ਉਹ ਇਕ ਦੂਜੇ ਨੂੰ ਪਛਾਣ ਸਕਣ ਨਾ ਕਿ ਇਸ ਲਈ ਕਿ ਉਹ ਇਕ ਦੂਜੇ ਤੋਂ ਨਫਰਤ ਕਰਨ; ਲੜਾਈ ਝਗੜਾ ਕਰਨ। ਅੱਲ੍ਹਾ ਦੀ ਨਜ਼ਰ ਵਿਚ ਲਿੰਗ, ਜਾਤ, ਰੰਗ, ਨਸਲ, ਦੇਸ਼ ਅਤੇ ਪੈਸੇ ਅਨੁਸਾਰ ਕੋਈ ਉਚਾ ਜਾਂ ਨੀਵਾਂ ਨਹੀਂ। ਸਗੋਂ ਅੱਲ੍ਹਾ ਦੀ ਨਜ਼ਰ ਵਿਚ ਜੋ ਵਿਅਕਤੀ ਆਪਣੇ ਆਚਰਣ ਅਤੇ ਕਰਮ ਵਿਚ ਪਵਿੱਤਰ ਹੈ, ਪਰਮਾਤਮਾ ਪ੍ਰਤੀ, ਧਰਮ ਪ੍ਰਤੀ, ਈਮਾਮ ਪ੍ਰਤੀ ਈਮਾਨਦਾਰ ਹੈ, ਉਹ ਸਨਮਾਨ ਦਾ ਪਾਤਰ ਹੈ; ਉਹੀ ਅੱਲ੍ਹਾ ਦੇ ਦਰ ਤੇ ਕਬੂਲ ਹੁੰਦਾ ਹੈ।'[37]

ਅੱਲ੍ਹਾ ਨੇ ਹੀ ਬਹਿਸ਼ਤ ਤੇ ਧਰਤੀ ਦੀ ਰਚਨਾ ਕੀਤੀ ਹੈ। ਅੱਲ੍ਹਾ ਨੇ ਹੀ ਅਲੱਗ-ਅਲੱਗ ਭਾਸ਼ਾਵਾਂ, ਰੰਗਾਂ ਦੀ ਰਚਨਾ ਕੀਤੀ ਹੈ। ਮਨੁੱਖਾਂ ਦੀ ਰੰਗ ਅਧਾਰਿਤ ਵੰਡ ਅਤੇ ਵੱਖਰੀ ਵੱਖਰੀ ਭਾਸ਼ਾਵਾਂ ਦੀ ਵਰਤੋਂ ਸਿਰਫ ਉਨ੍ਹਾਂ ਦੀ ਪਹਿਚਾਨ ਦੀ ਸੂਚਕ ਹੈ। ਕੋਈ ਕਾਲਾ ਹੈ ਜਾਂ ਸਫੇਦ, ਬਰਾਊਨ ਜਾਂ ਭੂਰੀ ਚਮੜੀ ਵਾਲਾ ਹੈ ਜਾਂ ਪੀਲੀ ਚਮੜੀ ਵਾਲਾ ਕੋਈ ਅੰਤਰ ਨਹੀਂ ਪੈਂਦਾ ਕਿਉਂਕਿ ਇਹ ਸਿਰਫ ਉਸ ਦੀ ਪਛਾਣ ਹਨ। ਹਰ ਵਿਅਕਤੀ ਲਈ ਉਸ ਵੱਲੋਂ ਬੋਲੀ ਜਾਂਦੀ ਭਾਸ਼ਾ ਖੂਬਸੂਰਤ ਹੈ। ਦੂਸਰੇ ਵਿਅਕਤੀ ਲਈ ਜੋ ਉਸ ਨੂੰ ਨਹੀਂ ਜਾਣਦਾ ਇਹ ਹਾਸੋਹੀਣੀ ਹੋ ਸਕਦੀ ਹੈ। ਪਰੰਤੂ ਜੋ ਵਿਅਕਤੀ ਉਸ ਭਾਸ਼ਾ ਨੂੰ ਬੋਲਦੇ ਹਨ, ਉਹੀ ਉਸ ਦੀ

ਖ਼ੂਬਸੂਰਤੀ ਸਮਝ ਸਕਦੇ ਹਨ। ਇਸੇ ਲਈ ਇਸਲਾਮ ਰੰਗ, ਨਸਲ ਅਤੇ ਭਾਸ਼ਾ ਦੇ ਅਧਾਰ ਤੇ ਕੀਤੇ ਜਾਂਦੇ ਵਿਤਕਰਿਆਂ ਨੂੰ ਸਵੀਕਾਰ ਨਹੀਂ ਕਰਦਾ ਅਤੇ ਨਾ ਹੀ ਕਿਸੇ ਵਿਅਕਤੀ ਵਿਸ਼ੇਸ਼ ਨੂੰ ਖਾਸ ਦਰਜਾ ਦਿੰਦਾ ਹੈ। ਇਸਲਾਮ ਦੀ ਨਜ਼ਰ ਵਿਚ ਸਭ ਵਿਅਕਤੀ ਸਮਾਜ ਹਨ।

ਕੁਰਾਨ ਵਿਚ ਹੀ ਅੱਗੇ ਕਿਹਾ ਗਿਆ ਹੈ ਕਿ ਅੱਲ੍ਹਾ ਕਦੇ ਵੀ ਔਰਤ ਅਤੇ ਮਰਦ ਵਿਚ ਵੀ ਭੇਦ ਨਹੀਂ ਕਰਦਾ ਕਿਉਂਕਿ ਅੱਲ੍ਹਾ ਨਾ ਤਾਂ ਮਰਦ ਹੈ ਅਤੇ ਨਾ ਹੀ ਔਰਤ। ਲਿੰਗ ਭੇਦ ਸਿਰਫ ਮਾਤਲੋਕ ਤੱਕ ਹੀ ਮੁਕੱਰਰ ਹੈ। ਹਦੀਸ ਅਨੁਸਾਰ ਇਸਲਾਮ ਨੇ ਕਈ ਥਾਈਂ ਮਰਦ ਨੂੰ ਔਰਤ ਤੋਂ ਵੱਧ ਸਨਮਾਨ ਦਿੱਤਾ ਹੈ ਤੇ ਕਈ ਥਾਈਂ ਔਰਤ ਨੂੰ ਮਰਦ ਨਾਲੋਂ ਵੱਧ ਆਦਰ ਦਿੱਤਾ ਹੈ। ਇਸੇ ਲਈ ਇਸਲਾਮ ਦਾ ਮੰਨਣਾ ਹੈ ਕਿ ਧਰਤੀ ਤੇ ਮਨੁੱਖ ਦਾ ਜਨਮ ਕਦੇ ਈਵ ਦੀ ਗਲਤੀ ਸਦਕਾ ਨਹੀਂ ਅਦਨ ਤੇ ਈਵ ਦੋਹਾਂ ਦੀ ਗਲਤੀ ਦਾ ਨਤੀਜਾ ਹੈ। ਇਸਲਾਮ ਵਿਚ ਮਨੁੱਖ ਨੂੰ ਇਹ ਵੀ ਆਦੇਸ਼ ਦਿੱਤਾ ਗਿਆ ਹੈ ਕਿ ਉਹ ਵਿਅਕਤੀ ਸਹੀ ਅਰਥਾਂ ਵਿਚ ਸੱਚਾ ਮੁਸਲਮਾਨ ਨਹੀਂ ਜਿਸਦਾ ਗੁਆਂਢੀ ਭੁੱਖਾ ਸੌਂ ਰਿਹਾ ਹੈ। ਇਸ ਲਈ ਮਨੁੱਖ ਨੂੰ ਜ਼ਕਾਤ ਭਾਵ ਦਾਨ ਦੇਣ ਦਾ ਆਦੇਸ਼ ਵੀ ਦਿੱਤਾ ਗਿਆ ਹੈ। ਪਰੰਤੂ ਇਸ ਦਾਨ ਦੇ ਇਸਤੇਮਾਲ ਲਈ ਵੀ ਕਿਸੇ ਤਰ੍ਹਾਂ ਦੇ ਧਾਰਮਿਕ ਭੇਦਭਾਵ ਦਾ ਜ਼ਿਕਰ ਕੁਰਾਨ ਵਿਚ ਨਹੀਂ ਕੀਤਾ ਗਿਆ ਕਿਉਂਕਿ ਕੁਰਾਨ ਅਨੁਸਾਰ ਧਰਤੀ ਦੇ ਸਭ ਜੀਵ ਅੱਲ੍ਹਾ ਵੱਲੋਂ ਇਕ ਮਾਤ-ਪਿਤਾ ਦੇ ਉਤਪੰਨ ਕੀਤੇ ਜੀਵ ਹਨ ਅਤੇ ਸਭ ਬਰਾਬਰ ਹਨ ਤੇ ਆਪਸ ਵਿਚ ਭਰਾ-ਭਰਾ ਹਨ।

## 2.8 ਸੂਫ਼ੀ ਅਤੇ ਵਿਸ਼ਵ ਬੰਧੂਤਵ :

ਇਸਲਾਮ ਤੋਂ ਪੈਦਾ ਹੋਈ ਸੂਫੀ ਸੰਪਰਦਾਇ ਰੂਪੀ ਸ਼ਾਖਾ ਵਿਸ਼ਵ ਬੰਧੂਤਵ ਦੀ ਆਤਮਾ ਨੂੰ ਸਹੀ ਰੂਪ ਵਿਚ ਸਾਕਾਰ ਕਰਦੀ ਹੈ। ਸੂਫੀਆਂ ਦੇ ਦੋ ਸਿਧਾਂਤ ਇਸ ਸੰਬੰਧ ਵਿਚ ਧਿਆਨ ਦੀ ਮੰਗ ਕਰਦੇ ਹਨ। (35)

**(ੳ) ਅਲਹਿ ਰੂਹ ਅਮਰਿ ਰੱਬੀ**

**(ਅ) ਹਮਾਓਸਤ ਦਾ ਸਿਧਾਂਤ**

**(ੳ) ਅਲਹਿ ਰੂਹ ਅਮਰਿ ਰੱਬੀ**:- ਕੁਰਾਨ ਸ਼ਰੀਫ ਵਿਚ ਕਿਹਾ ਗਿਆ ਹੈ ਕਿ ਸੂਫੀਆਂ ਦਾ ਪ੍ਰਮੁੱਖ ਸਿਧਾਂਤ 'ਅਲਹਿ ਰੂਹ ਅਮਰਿ ਰੱਬੀ'। ਇਹ ਸੂਫੀਆਂ ਦਾ ਮੁੱਖ ਸਿਧਾਂਤ ਵੀ ਹੈ ਜਿਸ ਤੋਂ ਭਾਵ ਹੈ ਰੂਹ ਰੱਬ ਦਾ ਅੰਸ਼ ਹੈ ਅਤੇ ਜੇਕਰ ਸਾਰੀ ਰੂਹਾਂ ਉਸ ਇਕ ਅਮਰ ਨਾਸ਼ ਰਹਿਤ, ਅਨੰਤ ਤੇ ਅਵਿਨਾਸ਼ੀ ਪ੍ਰਭੂ ਦੀ ਸੰਤਾਨ ਹਨ। ਹਰ ਰੂਹ ਵਿਚ ਰੱਬ ਵਾਲੀ ਸਿਫਤਾਂ ਮੌਜੂਦ ਹਨ ਤਾਂ ਫਿਰ ਵਿਅਕਤੀ ਅਤੇ ਵਿਅਕਤੀ ਵਿਚ ਭੇਦ ਕਿਵੇਂ ਹੋ ਸਕਦਾ ਹੈ? ਸਾਰੇ ਹੀ ਵਿਅਕਤੀ ਚਾਹੇ ਉਹ ਕਿਸੇ ਵੀ ਧਰਮ, ਜਾਤ, ਸੰਪਰਦਾਇ ਜਾਂ ਫਿਰਕੇ ਦੇ ਹੋਣ ਸੂਫੀਆਂ ਲਈ ਉਹ ਰੱਬ ਦਾ ਰੂਪ ਹਨ। ਇਸੇ ਲਈ ਉਹ ਇਸਲਾਮੀ ਕੱਟੜਪੰਥੀਆਂ ਵੱਲੋਂ ਕੀਤੀ ਜਾਂਦੀ ਕਾਫ਼ਰ ਅਤੇ ਮੋਮਨ ਦੀ ਵੰਡ ਨੂੰ ਸਹਿਜੇ ਹੀ ਅਸਵੀਕਾਰ ਕਰ ਦਿੰਦੇ ਹਨ। ਪ੍ਰਸਿੱਧ ਸੂਫੀ ਸੁਲਤਾਨ ਬਾਹੂ ਲਿਖਦਾ ਹੈ:

*ਨ ਉਹ ਹਿੰਦੂ ਨ ਉਹ ਮੋਮਨ, ਨ ਸਜਦਾ ਦੇਣ ਮਸੀਤੀ ਹੂ।*
*ਦਮ ਦਮ ਦੇ ਵਿਚ ਵੇਖਣ ਮੌਲਾ, ਜਿਨ੍ਹਾਂ ਕਜ਼ਾ ਨ ਕੀਤੀ ਹੂ।*

**(ਸੀਹਰਫ਼ੀ, ਸੁਲਤਾਨ ਬਾਹੂ)**

ਇਸੇ ਤਰ੍ਹਾਂ ਪੰਜਾਬੀ ਸੂਫੀ ਕਵਿਤਾ ਦੇ ਮੋਢੀ ਅਤੇ ਪ੍ਰਸਿੱਧ ਸੂਫੀ ਬਾਬਾ ਫਰੀਦ ਜੀ ਨੇ ਵੀ ਸਭ ਮਨੁੱਖਾਂ ਦੇ ਹਿਰਦਿਆਂ ਨੂੰ ਮੋਤੀਆਂ ਦੀ ਤਰ੍ਹਾਂ ਅਨਮੋਲ ਮੰਨਦੇ ਹੋਏ ਕਿਸੇ ਵੀ ਵਿਅਕਤੀ ਦਾ ਹਿਰਦਾ ਤੋੜਨ ਤੋਂ

ਵਰਜਿਆ ਹੈ। ਜ਼ਿਆਦਾਤਰ ਸੂਫੀਆਂ ਨੇ ਮੁਸਲਮਾਨਾਂ ਵਿਚ ਵੀ ਕੀਤੇ ਜਾਂਦੇ ਜਾਤੀਗਤ ਭੇਦ ਨੂੰ ਸਵੀਕਾਰ ਨਹੀਂ ਕੀਤਾ। ਖ਼ੁਦ ਪ੍ਰਸਿੱਧ ਸੂਫ਼ੀ ਫ਼ਕੀਰ ਬੁੱਲ੍ਹੇਸ਼ਾਹ ਸੱਯਦ ਜਾਤ ਵਿਚੋਂ ਸਨ ਪਰ ਉਨ੍ਹਾਂ ਦੇ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਅਰਾਈਂ ਜਾਤ ਵਿਚੋਂ ਸਨ ਜੋ ਮੁਸਲਮਾਨਾਂ ਵਿਚ ਨੀਵੀਂ ਜਾਤ ਮੰਨੀ ਜਾਂਦੀ ਹੈ।

ਸੂਫੀਆਂ ਨੂੰ ਮੰਨਣ ਵਾਲਿਆਂ ਵਿਚ ਵੱਡੀ ਗਿਣਤੀ ਇਸਲਾਮ ਤੋਂ ਬਾਹਰੀ ਵੱਖ ਵੱਖ ਧਰਮਾਂ ਦੀ ਇਸੇ ਲਈ ਹੈ ਕਿਉਂਕਿ ਉਹ ਉਦਾਰਵਾਦੀ ਹਨ। ਵੱਡੀ ਗਿਣਤੀ ਵਿਚ ਭਾਰਤ ਦੀ ਧਰਤੀ ਤੇ ਹੀ ਅਜਿਹੇ ਸੂਫੀ ਮਿਲ ਜਾਂਦੇ ਹਨ ਜੋ ਮੁਸਲਮਾਨ ਨਹੀਂ ਹਨ ਅਤੇ ਇਸ ਤਰ੍ਹਾਂ ਪੂਰੇ ਵਿਸ਼ਵ ਦੇ ਲੋਕਾਂ ਨੂੰ ਸੂਫੀ ਆਪਸੀ ਪ੍ਰੇਮ ਤੇ ਭ੍ਰਾਤਰੀਭਾਵ ਵਿਚ ਬੰਨ੍ਹਦੇ ਹਨ।

**(ਅ) ਹਮਾਓਸਤ ਦਾ ਸਿਧਾਂਤ**:- ਸੂਫੀਆਂ ਦਾ ਦੂਸਰਾ ਪ੍ਰਮੁੱਖ ਸਿਧਾਂਤ ਹਮਾਓਸਤ ਦਾ ਸਿਧਾਂਤ ਹੈ। ਇਸ ਸਿਧਾਂਤ ਲਈ ਸੂਫੀ ਫਕੀਰਾਂ ਨੇ ਤਿੰਨ ਸ਼ਬਦ ਵਰਤੇ ਹਨ: **ਹਮਾਅਜ਼ ਉਸਤ**, **ਹਮਾਓਸਤ** ਤੇ **ਵਹਦਤ- ਉਲ ਵਜੂਦ** ਇਸਦੇ ਅਰਥ ਹਨ ਕਿ ਉਸ ਮਾਲਕ ਤੋਂ ਹੀ ਸਭ ਕੁਝ ਪੈਦਾ ਹੋਇਆ ਹੈ। (ਹਮਾ ਅਜ਼ ਊਸਤ) ਸਭ ਕੁਝ ਉਹੀ ਹੈ (ਹਮਾ ਉਸਤ) ਤੇ ਸਾਰੀ ਸ਼੍ਰਿਸ਼ਟੀ ਤੇ ਉਸ ਵਿਚ ਜੋ ਕੁਝ ਵੀ ਹੈ, ਉਸਦਾ ਵਜੂਦ ਹੈ। (ਵਹਦਤ-ਉਲ ਵਜੂਦ) ਭਾਵ ਉਸੇ ਦਾ ਹੀ ਪਸਾਰਾ, ਉਸੇ ਦਾ ਹੀ ਰੂਪ ਹੈ। ਵਹਦਤ ਜਾਂ ਅਦਵੈਤ ਵਿਚ ਸਾਰੀ ਅਨੇਕਤਾ ਅਤੇ ਵੰਨ ਸੁਵੰਨਤਾ ਇਕ ਹੋ ਨਿਬੜਦੀ ਹੈ, ਜਿਥੇ ਦੂਈ ਤੇ ਦਵੈਤ ਲਈ ਕੋਈ ਥਾਂ ਨਹੀਂ ਰਹਿੰਦੀ। ਸ਼੍ਰਿਸ਼ਟੀ ਵਿਚ ਹਰ ਥਾਂ ਇਕੋ ਹਕੀਕਤ ਦਾ ਪਸਾਰਾ ਹੈ ਤੇ ਜਿੰਨੀ ਵੀ ਦਵੈਤ ਜਾਂ ਕਸਰਤ ਨਜ਼ਰ ਆਉਂਦੀ ਹੈ, ਉਹ ਇਸ ਭਰਮ ਹੈ। ਇਹ ਧਾਰਨਾ ਵਹਦਤ ਹੈ। ਭਾਰਤੀ ਫਲਸਫੇ ਵਿਚ ਇਸ ਨੂੰ ਅਦਵੈਤ ਕਿਹਾ ਗਿਆ ਹੈ। ਸੂਫੀਆਂ ਅਨੁਸਾਰ ਜੇ ਕਰ ਰੱਬ ਸ਼੍ਰਿਸ਼ਟੀ ਦੇ ਕਣ ਕਣ ਵਿਚ ਵਿਆਪਕ ਹੈ ਤਾਂ ਵਿਅਕਤੀ ਵਿਅਕਤੀ ਵਿਚ ਭੇਦ ਕਰਨਾ ਉਸ ਪ੍ਰਭੂ ਦਾ ਅਪਮਾਨ ਕਰਨਾ ਹੈ। ਇਸੇ ਲਈ ਸੂਫੀ ਵਿਅਕਤੀ ਰੰਗ, ਨਸਲ, ਦੇਸ਼ ਅਤੇ ਕੌਮ ਨਾਲ ਜੁੜੇ ਵਿਤਕਰੇ ਨੂੰ ਅਸਵੀਕਾਰ ਕਰਦੇ ਹਨ। ਕੱਟੜ ਪੰਥੀ ਬਾਦਸ਼ਾਹਾਂ ਕੋਲੋਂ ਉਨ੍ਹਾਂ ਦੇ ਇਸੇ ਵਤੀਰੇ ਨੇ ਉਨ੍ਹਾਂ ਨੂੰ ਕਈ ਤਸੀਹੇ ਦਿਵਾਏ ਜਿਸ ਕਾਰਨ ਉਹ ਆਪਣੀ ਕਵਿਤਾ ਪ੍ਰਤੀਕਾਤਮਕ ਅੰਦਾਜ਼ ਵਿਚ ਲਿਖਣ ਲੱਗ ਪਏ। ਇਸ ਸਬੰਧ ਵਿਚ ਬੁੱਲ੍ਹੇਸ਼ਾਹ ਦੀ ਹੇਠ ਲਿਖੀ ਕਾਫੀ ਧਿਆਨ ਦੀ ਮੰਗ ਕਰਦੀ ਹੈ।:

*ਬਿੰਦਾਬਨ ਮੇਂ ਗਊਆਂ ਚਰਾਵੇ*
*ਮੱਕੇ ਦਾ ਬਣ ਹਾਜ਼ੀ ਆਵੇ।।*
*ਲੰਕਾ ਚੜ੍ਹਕੇ ਨਾਦ ਵਜਾਵੇ*
***ਵਾਹਵਾ ਰੰਗ ਬਣ ਆਇਦਾ।।(ਕਾਫ਼ੀ, ਬੁੱਲ੍ਹੇਸ਼ਾਹ)***

ਸਪੱਸ਼ਟ ਹੈ ਕਿ ਇਸਲਾਮ ਵਿਚ ਪੇਸ਼ ਵਿਸ਼ਵਬੰਧੂਤਵ ਦੀ ਭਾਵਨਾ ਦੀ ਸਹੀ ਤਰਜ਼ਮਾਨੀ ਸੂਫੀਆਂ ਦੇ ਵਿਚਾਰਾਂ ਅਤੇ ਕਾਫੀਆਂ ਰਾਹੀਂ ਹੁੰਦੀ ਹੈ।

2.9 **ਸਾਰਾਂਸ਼** : ਸੋ ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਇਹ ਸਾਰ ਤੱਤ ਕੱਢ ਸਕਦੇ ਹਾਂ ਕਿ ਬੇਸ਼ੱਕ ਭਾਰਤੀ ਦਰਸ਼ਨ ਵਿੱਚ ਪਰਮਾਤਮਾ ਦੀ ਪ੍ਰਾਪਤੀ ਲਈ ਯੋਗ, ਕਰਮ, ਗਿਆਨ ਅਤੇ ਭਗਤੀ ਮਾਰਗ ਦੀ ਗੱਲ ਕੀਤੀ ਗਈ ਹੈ। ਪਰ ਇਨ੍ਹਾਂ ਵਿੱਚੋਂ ਭਗਤੀ ਮਾਰਗ ਹੀ ਕਲਯੁੱਗ ਵਿੱਚ ਸੁਲਭ ਹੈ ਅਤੇ ਹਰ ਵਿਅਕਤੀ ਦੇ ਅਧਿਕਾਰ ਵਿੱਚ ਅਤੇ ਸਿੱਧ ਹੋਣ ਵਾਲਾ ਮੰਨਿਆ ਗਿਆ ਹੈ। ਇਸ ਮਾਰਗ ਦਾ ਆਧਾਰ ਪਰਮਾਤਮਾ ਪ੍ਰਤੀ ਨਿਸ਼ਕਾਮ ਪ੍ਰੇਮ ਹੈ। **ਇਸ ਲਈ ਪ੍ਰਭੂ ਪ੍ਰਤੀ ਅਤਿਸ਼ਯ ਪ੍ਰੇਮਪੂਰਤਾ ਨੂੰ ਭਗਤੀ ਦਾ ਨਾਂ ਦਿਤਾ ਜਾਂਦਾ ਹੈ।**

ਭਗਤੀ ਦੀ ਪ੍ਰਕਾਰ ਵੰਡ ਹਰ ਆਚਾਰੀਆ ਨੇ ਆਪੋ-ਅਪਣੀ ਵਿਦਵਤਾ ਅਨੁਸਾਰ ਕੀਤੀ ਹੈ ਪਰ ਪ੍ਰਧਾਨ ਰੂਪ ਵਿੱਚ ਭਗਤੀ ਦੀ ਸਾਧਨ ਰੂਪ ਤੇ ਸਾਧਯ ਰੂਪ ਵਿੱਚ ਵੰਡ ਕੀਤੀ ਜਾਂਦੀ ਹੈ। ਸਾਧਨ ਰੂਪ ਵੰਡ ਪ੍ਰਭੂ ਦੇ ਸਰਗੁਣ ਸਰੂਪ ਨਾਲ ਜੁੜ ਜਾਣ ਕਾਰਨ **ਸਰਗੁਣ ਭਗਤੀ** ਅਖਵਾਉਂਦੀ ਹੈ ਅਤੇ ਸਾਧਯ ਭਗਤੀ ਪਰਮਾਤਮਾ ਦੇ ਨਿਰਗੁਣ ਸਰੂਪ ਨਾਲ ਜੁੜ ਜਾਣ ਕਾਰਨ-**ਨਿਰਗੁਣ ਭਗਤੀ** ਕਹਾਉਂਦੀ ਹੈ।

ਪਰੰਤੂ ਸ੍ਰੀਮਦ ਭਗਵਤ ਪੁਰਾਣ ਵਿੱਚ ਦਿਤਾ ਗਿਆ **'ਨਵਧਾ ਭਗਤੀ ਦਾ ਸੰਕਲਪ'** ਸਰਵੋਪਰੀ ਹੈ ਕਿਉਂਕਿ ਇਹ ਸੰਕਲਪ ਨਿਰਗੁਣ ਤੇ ਸਰਗੁਣ ਦੋਹਾਂ ਤਰ੍ਹਾਂ ਦੀ ਭਗਤੀਆਂ ਤੇ ਪ੍ਰਭੂ ਦੇ ਦੋਹਾਂ ਸਰੂਪਾਂ ਦਾ ਸਮਾਵੇਸ਼ ਕਰ ਕੇ ਨਿਰਗੁਣ ਤੇ ਸਰਗੁਣ ਸਰੂਪ ਵਿੱਚ ਭੇਦ ਮਿਟਾ ਕੇ ਨਿਸ਼ਕਾਮ ਪ੍ਰੇਮ ਅਤੇ ਸ਼ਰਧਾ ਦੀ ਭਾਵਨਾ ਨੂੰ ਸਥਾਪਤ ਕਰਦਾ ਹੈ। ਜਿਸ ਨਾਲ ਇਹ ਤੱਥ ਇੱਕ ਵਾਰ ਫਿਰ ਦ੍ਰਿੜ੍ਹ ਹੋ ਜਾਂਦਾ ਹੈ ਕਿ **"ਈਸ਼ਵਰ ਵਿੱਚ ਪਰਮ ਅਨੁਰਾਗ ਹੀ ਭਗਤੀ ਹੈ।"**

ਵਿਸ਼ਵ ਬੰਧੁਤਵ ਦੀ ਭਾਵਨਾ ਪੂਰੇ ਵਿਸ਼ਵ ਦੇ ਲੋਕਾਂ ਵਿਚ ਆਪਸੀ ਧਰਮ, ਜਾਤ, ਰੰਗ, ਨਸਲ ਦੇ ਇਤਕਰੇ ਨੂੰ ਭੁੱਲ ਕੇ ਭ੍ਰਾਤਰੀ ਭਾਵ ਨਾਲ ਰਹਿਣ ਦਾ ਨਾਮ ਹੈ। ਇਸ ਭਾਵਨਾ ਦੀਆਂ ਜੜ੍ਹਾਂ ਭਾਰਤੀ ਵੈਦਿਕ ਸੰਸਕ੍ਰਿਤੀ ਦੇ ਸਰੋਤਾਂ ਵੇਦਾਂ, ਉਪਨਿਸ਼ਦਾਂ, ਗੀਤਾ, ਨੈਤਿਕ ਸ਼ਾਸਤ੍ਰਾਂ ਤੇ ਮਹਾਂਪੁਰਖਾਂ ਦੇ ਬਦਨਾਂ ਵਿੱਚ ਡੂੰਘੀਆਂ ਸਮੋਈਆਂ ਹੋਈਆਂ ਹਨ। ਮੱਧਕਾਲ ਦੇ ਭਗਤ ਕਵੀਆਂ ਕਬੀਰ, ਰਵਿਦਾਸ, ਗੁਰੂ ਨਾਨਕ, ਗੁਰੂ ਅਰਜੁਨ ਦੇਵ, ਨਾਮਦੇਵ ਆਦਿ ਨੇ ਵੀ ਇਸੇ ਤਰ੍ਹਾਂ ਦੇ ਸੰਦੇਸ਼ ਮਨੁੱਖਤਾ ਨੂੰ ਦਿਤੇ ਹਨ। ਪੱਛਮ ਵਿੱਚ ਇਸੇ ਭਾਵਨਾ ਨੂੰ ਯੂਨੀਵਰਸਲ ਬਰਦਰਹੁੱਡ (Universal Brotherhood) ਦੇ ਨਾਂ ਤੋਂ ਸਵੀਕਾਰ ਕੀਤਾ ਜਾਂਦਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਜਦ ਭੌਤਿਕਤਾਵਾਦੀ ਸੰਸਕ੍ਰਿਤੀ ਮਨੁੱਖਤਾ ਤੇ ਹਾਵੀ ਹੋ ਰਹੀ ਹੈ ਤੇ ਹਰ ਮਨੁੱਖ ਪੈਸਾ ਕਮਾਉਣ ਲਈ ਗੱਲ ਕੱਟ ਪ੍ਰਤੀਯੋਗਿਤਾ ਵਿੱਚ ਸ਼ਾਮਲ ਹੋ ਰਿਹਾ ਹੈ। ਉਸ ਸਮੇਂ ਸ਼ੋਸ਼ਕਾਂ ਦੇ ਸ਼ੋਸ਼ਣ ਤੋਂ ਗ਼ਰੀਬ ਤੇ ਨਿਰੀਹ ਜਨਤਾ ਨੂੰ ਬਚਾਉਣ ਲਈ ਇਸ ਭਾਵਨਾ ਦੇ ਪ੍ਰਚਾਰ ਤੇ ਪ੍ਰਸਾਰ ਦੀ ਬਹੁਤ ਲੋੜ ਹੈ। ਭਾਰਤ ਅਤੇ ਉਸ ਦੀ ਜਨਤਾ ਨੂੰ ਵਿਸ਼ਵ-ਬੰਧੁਤਵ ਅਤੇ ਵਸੁਧੈਵ ਕਟੁੰਬਕਮ੍ ਦੀ ਭਾਵਨਾ ਦਾ ਜਗਤ ਵਿੱਚ ਪ੍ਰਚਾਰ ਤੇ ਪ੍ਰਸਾਰ ਕਰ ਕੇ ਵਿਸ਼ਵ ਵਿੱਚ ਨਾ ਸਿਰਫ਼ ਵੈਦਿਕ ਸੰਸਕ੍ਰਿਤੀ ਦਾ ਵਾਹਕ ਬਣਨਾ ਚਾਹੀਦਾ ਹੈ ਸਗੋਂ ਪੂਰੀ ਮਨੁੱਖਤਾ ਨੂੰ ਉਸਦੇ ਕਲਿਆਣ ਦਾ ਇੱਕ ਨਵਾਂ ਰਾਹ ਵੀ ਵਿਖਾਉਣਾ ਚਾਹੀਦਾ ਹੈ।

## ਹਵਾਲੇ


1. ਸ੍ਰੀਮਦ ਭਾਗਵਤ ਗੀਤਾ, ਅਧਿਆਇ ਚੌਥਾ, ਸਲੋਕ (7)
2. ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ (51)
3. ਸ਼ਾਂਡਿਲਯ ਭਗਤੀ ਸੂਤਰ (2)
4. ਨਾਰਦ ਪਾਂਚਰਾਤਰ (1)
5. ਸ਼੍ਰੀ ਮਦਭਾਗਵਤ, ਸਕੰਧ (3) ਅਧਿਆਇ (25), ਸ਼ਲੋਕ 32-33
6. ਮਹਾਂਭਾਰਤ ਤਾਤਪਰਯ ਨਿਰਣਯ, (1086. 107)
7. ਭਗਤੀ ਰਸਾਮ੍ਰਿਤ ਸਿੰਧੂ
8. ਤਤਵਦੀਪ ਨਿਬੰਧ, ਸ਼ਾਸਤ੍ਰਾਰਥ ਪ੍ਰਕਰਣ, ਸ਼ਲੋਕ 66, ਪੰਨਾ (127)
9. ਸ੍ਰੀ ਵੈਸ਼ਣਵ ਮਤਾਬਜ ਭਾਸਕਰ, ਰਾਮ ਟਹਲਦਾਸ, ਪੰਨਾ (10)
10. ਗੀਤਾ ਉਪਰ ਰਾਮਾਨੁਜ ਦਾ ਭਾਸ਼ਯ, ਪੰਨਾ 34
11. ਹਰੀ ਭਗਤੀ ਰਸਾਮ੍ਰਿਤ ਸਿੰਧੂ, ਪੂਰਵ ਭਾਗ, ਲਹਿਰੀ (2), ਸ਼ਲੋਕ 3
12. ਸੂਰਸਾਗਰ, ਤੀਜਾ ਸਕੰਧ ਪੰਨਾ (42)
13. ਸ਼ਾਂਡਿਲਯ ਭਗਤੀ ਸੂਤਰ (56)
14. ਰਾਮਚਰਿਤਮਾਨਸ, 7.26.28
15. ਰਾਮਚਰਿਤਮਾਨਸ, 3.9.1
16. ਰਾਮਚਰਿਤਮਾਨਸ 7.15.3
17. ਸ੍ਰੀ ਮਦ ਭਾਗਵਤ, 7/5/23-24
18. ਸ੍ਰੀ ਮਦ ਭਾਗਵਤ ਗੀਤਾ, ਅਧਿਆਇ ਚੌਥਾ, ਸ਼ਲੋਕ 7-8
19. ਸ਼੍ਰੀ ਮਦ ਭਾਗਵਤ ਪੁਰਾਣ, 47-5-23-24
20. ਏਵਮ ਨਵ ਵਿਧਾ ਭਗਤੀ (ਅਧਿਆਤਮਕ ਰਮਾਇਣ)
21. ਭਗਤੀ ਸਿਧਾਂਤ ਦੇ ਆਧਾਰ ਸ਼੍ਰੋਤ, ਮਨਮੋਹਨ ਸਿੰਘ, ਪੰਨਾ (280)
22. ਸ੍ਰੀਮਦ ਭਾਗਵਤ ਪੁਰਾਣ (75-23)
23. ਨਵਧਾ ਭਗਤੀ, ਜੈਦਯਾਲ ਗੋਯੰਦਕਾ (ਪੰਨਾ 6)
24. ਸ੍ਰੀ ਮਦ ਭਾਗਵਤ ਪੁਰਾਣ (7.2.16.17)
25. ਹਿੰਦੀ ਦਾਸ ਬੋਧ, ਗੁਰੂ ਰਾਮਦਾਸ, ਪੰਨਾ 60

26. ਵਿਗਿਆਨਕ ਗੀਤਾ, ਪੰਨਾ 235-36, ਛੰਦ 172-174

27. ਕਠੋਪਨਿਸ਼ਦ, 1/12/9

28. ਸ੍ਰੀ ਮਦ ਭਾਗਵਤ ਗੀਤਾ 4/34

29. ਨਾਰਦ ਪੁਰਾਣ (1/41/225)

30. ਯੋਗ (1/27/28/29)

31. ਗੀਤਾ (7/14)

32. ਗੀਤਾ (8/26)

33. ਗੀਤਾ (11/40)

34. ਗੀਤਾ (18/69)

35. ਗੀਤਾ, ਤੇਰਵਾਂ ਅਧਿਆਇ, ਸ਼ਲੋਕ 14

36. ਬਾਪੂ ਕੇ ਆਸ਼ੀਰਵਾਦ, ਮਹਾਤਮਾ ਗਾਂਧੀ, ਪੰਨਾ 35

37. ਕੁਰਾਨ, ਸੁਰਾ ਹੁਜ਼ਰਤ, ਅਧਿਆਇ 49, ਆਇਤ 13

# ਅਧਿਆਇ : ਤੀਜਾ

3.1 ਸਰਗੁਣਵਾਦੀ ਭਗਤੀ ਪਰੰਪਰਾ।

3.2 ਸਰਗੁਣਵਾਦੀ ਭਗਤੀ ਪਰੰਪਰਾ ਦੀ ਵੰਡ।

3.3 ਨਿਰਗੁਣਵਾਦੀ ਭਗਤੀ ਪਰੰਪਰਾ।

3.4 ਨਿਰਗੁਵਾਦੀ ਭਗਤੀ ਕਾਵਿਧਾਰਾ ਦੀ ਵੰਡ।

3.5 ਸਰਗੁਣ ਤੇ ਨਿਰਗੁਣਵਾਦੀ ਭਗਤੀ ਪਰੰਪਰਾ ਵਿਚ ਭੇਦ।

3.6 ਭਗਤੀ ਪਰੰਪਰਾ ਵਿਚ ਗੁਰੂ ਰਵਿਦਾਸ ਦਾ ਸਥਾਨ।

# ਅਧਿਆਇ ਤੀਜਾ

ਮੱਧਕਾਲੀਨ ਭਾਰਤੀ ਆਰੀਆ ਭਾਸ਼ਾਵਾਂ ਦੇ ਰਹੱਸਵਾਦੀ ਸਾਹਿਤ ਵਿੱਚ ਭਗਤੀ ਦੋ ਪਰੰਪਰਾਵਾਂ ਦਾ ਮਹੱਤਵਪੂਰਣ ਯੋਗਦਾਨ ਮੰਨਿਆ ਗਿਆ ਹੈ: ਸਰਗੁਣਵਾਦੀ ਭਗਤੀ ਪਰੰਪਰਾ ਅਤੇ ਨਿਰਗੁਣ ਭਗਤੀ ਪਰੰਪਰਾ। ਇਨ੍ਹਾਂ ਭਗਤੀ ਪਰੰਪਰਾਵਾਂ ਨਾਲ ਜੁੜੇ ਸੰਤਾਂ ਨੇ ਆਪਣੇ ਰਹੱਸਵਾਦੀ ਵਿਚਾਰਾਂ ਦੀ ਅਭਿਵਿਅਕਤੀ ਕਾਵਿ ਰਾਹੀਂ ਕੀਤੀ ਹੈ। ਇਸ ਲਈ ਇਨ੍ਹਾਂ ਭਗਤੀ ਧਾਰਾਵਾਂ ਨਾਲ ਜੁੜੇ ਸਾਹਿਤ ਨੂੰ ਸਰਗੁਣਵਾਦੀ ਭਗਤੀ ਕਾਵਿ ਪਰੰਪਰਾ ਤੇ ਨਿਰਗੁਣਵਾਦੀ ਭਗਤੀ ਕਾਵਿ ਪਰੰਪਰਾ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਭਗਤੀ ਪਰੰਪਰਾਵਾਂ ਦਾ ਵਿਸਤਾਰ ਪੂਰਵਕ ਵਰਨਣ ਇਸ ਤਰ੍ਹਾਂ ਹੈ:

## 3.1 ਸਰਗੁਣਵਾਦੀ ਭਗਤੀ ਪਰੰਪਰਾ ਦੀ ਪਰਿਭਾਸ਼ਾ :

"ਸਗੁਣ ਇਸ਼ਟ ਦੀ ਅਰਾਧਨਾ ਨਾਲ ਜੁੜੀ ਭਗਤੀ ਨੂੰ ਸਰਗੁਣ ਭਗਤੀ ਕਿਹਾ ਜਾਂਦਾ ਹੈ। ਇਸ ਭਗਤੀ ਨਾਲ ਜੁੜੀ ਪਰੰਪਰਾ ਤੇ ਸਾਹਿਤ ਕ੍ਰਮਵਾਰ ਸਰਗੁਣ ਭਗਤੀ ਪਰੰਪਰਾ ਤੇ ਸਰਗੁਣ ਭਗਤੀ ਸਾਹਿਤ ਅਖਵਾਉਂਦੇ ਹਨ।"[1]

### 3.1.1 ਸਰਗੁਣਵਾਦੀ ਭਗਤੀ ਪਰੰਪਰਾ ਦੀ ਵਿਸ਼ੇਸ਼ਤਾਵਾਂ :

(i). ਸਰਗੁਣ ਜਾਂ ਸਗੁਣ ਤੋਂ ਭਾਵ ਹੈ ਗੁਣ ਸਹਿਤ। ਇਹ ਗੁਣ ਪ੍ਰਕ੍ਰਿਤੀ ਤੋਂ ਉਤਪੰਨ ਸੱਤ, ਰਜ ਤੇ ਤਮ ਹਨ ਜੋ ਪਰਮਾਤਮਾ ਰਾਹੀਂ ਪ੍ਰਕ੍ਰਿਤੀ ਦਵਾਰਾ ਰਚੇ ਗਏ ਹਨ ਪਰ ਪਰਮਾਤਮਾ ਇਨ੍ਹਾਂ ਗੁਣਾਂ ਤੋਂ ਉਪਰ ਹੈ।[1]

(ii). ਇਸ ਭਗਤੀ ਪਰੰਪਰਾ ਦਾ ਮੂਲ ਸਿਧਾਂਤ ਹੈ ਕਿ ਪ੍ਰਭੂ ਦੁਸ਼ਟਾਂ ਦੇ ਵਿਨਾਸ਼ ਤੇ ਧਰਮ ਦੀ ਸਥਾਪਨਾ ਲਈ ਧਰਤੀ ਤੇ ਮਨੁੱਖ ਰੂਪ ਵਿੱਚ ਅਵਤਾਰ ਧਾਰਦਾ ਹੈ।[2] ਉਹ ਆਕਾਰ ਤੇ ਰੂਪ ਸਹਿਤ ਅਤੁੱਲ ਸ਼ਕਤੀ ਤੇ ਖ਼ੂਬਸੂਰਤੀ ਦੇ ਸੰਗਮ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਪਰ ਸਤੋ, ਰਜੋ ਤੇ ਤਮੋ ਜਿਹੇ ਗੁਣਾਂ ਤੋਂ ਮੁਕਤ ਰਹਿੰਦਾ ਹੈ। ਉਨ੍ਹਾਂ ਦਾ ਇਹ ਸਿਧਾਂਤ ਅਵਤਾਰਵਾਦ ਦੀ ਨੀਂਹ ਹੈ।

(iii). ਆਮ ਤੌਰ ਤੇ ਸਰਗੁਣਵਾਦੀ ਪਰਮਾਤਮਾ ਨੂੰ ਤ੍ਰਿਮੂਰਤੀ ਰੂਪ ਵਿੱਚ ਕਲਪਿਤ ਕਰਦੇ ਹਨ ਜਿਸ ਵਿੱਚ ਜਨਮ ਦੇਣ ਵਾਲੇ ਬ੍ਰਹਮਾ, ਵਿਸ਼ਨੂੰ ਨੂੰ ਜਗਤ ਦੇ ਪਾਲਨਹਾਰ ਅਤੇ ਸ਼ਿਵ ਸੰਹਾਰਕ ਰੂਪ ਵਿੱਚ ਵੇਖਿਆ ਜਾਂਦਾ ਹੈ ਪਰ ਪਾਲਨਹਾਰ ਵਿਸ਼ਨੂੰ ਹੀ ਧਰਮ ਦੀ ਪੁਨਰਸਥਾਪਨਾ ਲਈ ਬਾਰ-ਬਾਰ ਧਰਤੀ ਤੇ ਅਵਤਾਰ ਧਾਰਦੇ ਹਨ। ਉਨ੍ਹਾਂ ਦੇ ਕੁੱਲ ੨੪ ਅਵਤਾਰਾਂ ਦੀ ਗੱਲ ਕੀਤੀ ਗਈ ਹੈ ਜਿਸ ਵਿੱਚ ਕਲਿ ਨਾਂ ਦਾ ਅਵਤਾਰ ਅਜੇ ਆਉਣਾ ਬਾਕੀ ਹੈ।

(iv). ਪਰ ਇਨ੍ਹਾਂ ਅਵਤਾਰਾਂ ਵਿੱਚ ਰਾਮ ਤੇ ਕ੍ਰਿਸ਼ਨ ਦੀ ਪੂਜਾ ਸੱਭ ਤੋਂ ਵੱਧ ਹੁੰਦੀ ਹੈ ਜੋ ਸਗੁਣਵਾਦੀਆਂ ਦੀ ਵੈਸ਼ਨਵ ਪਰੰਪਰਾ ਨੂੰ ਜਨਮ ਦਿੰਦੀ ਹੈ।

(v). ਇਸ ਤੋਂ ਇਲਾਵਾ ਸਗੁਣਵਾਦੀ ਸ਼ਿਵ ਦੇ ਉਪਾਸਕ ਰਹੇ ਹਨ ਜੋ ਸ਼ੈਵ ਮੱਤ ਅਖਵਾਉਂਦਾ ਹੈ। ਕੁੱਝ ਸਗੁਣਵਾਦੀ ਈਸ਼ਵਰ ਦੀ ਦੇਵੀ ਰੂਪ ਵਿੱਚ ਉਪਾਸਨਾ ਵੀ ਕਰਦੇ ਹਨ। ਇਸ ਨੂੰ ਸ਼ਾਕਤ ਸਗੁਣਵਾਦੀ ਪਰੰਪਰਾ ਕਿਹਾ ਜਾਂਦਾ ਹੈ।

(vi) ਭਗਤੀ ਪਰੰਪਰਾ ਨਾਲ ਜੁੜੇ ਸੰਤ ਕਵੀਆਂ ਨੇ ਮੁੱਖ ਰੂਪ ਵਿਚ ਵਿਸ਼ਨੂੰ ਦੇ ਅਵਤਾਰ ਰਾਮ ਤੇ ਕ੍ਰਿਸ਼ਨ

ਦੀ ਸਤੂਤੀ ਵਿਚ ਹੀ ਕਾਵਿ ਲਿਖੇ ਹਨ ਜਿਨ੍ਹਾਂ ਨੂੰ ਕ੍ਰਮਵਾਰ ਰਾਮਕਾਵਿ ਤੇ ਕ੍ਰਿਸ਼ਨ ਕਾਵਿ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

## 3.1.2 ਸਰਗੁਣਵਾਦੀ ਭਗਤੀ ਪਰੰਪਰਾ ਦੀ ਵੰਡ :

ਸਗੁਣ ਭਗਤੀ ਪਰੰਪਰਾ ਇਸ਼ਟ ਦੀ ਉਪਾਸਨਾ ਦੇ ਆਧਾਰ 'ਤੇ 3 ਧਾਰਾਵਾਂ ਵਿੱਚ ਵੰਡੀ ਜਾਂਦੀ ਹੈ :

3.2.1 ਸ਼ਿਵ ਦੇ ਉਪਾਸਕ ਭਾਵ ਸ਼ੈਵ ਮੱਤ

3.2.2 ਦੇਵੀ ਦੇ ਉਪਾਸਕ ਭਾਵ ਸ਼ਾਕਤ ਮੱਤ

3.2.3 ਰਾਮ ਤੇ ਕ੍ਰਿਸ਼ਨ ਦੇ ਉਪਾਸਕ ਭਾਵ ਵੈਸ਼ਨਵ ਮੱਤ

ਇਨ੍ਹਾਂ ਮੱਤਾ ਦਾ ਵਿਸਤਾਰ ਪੂਰਬਕ ਵੇਰਵਾ ਇਸ ਪ੍ਰਕਾਰ ਹੈ :

**3.2.1 ਸ਼ੈਵ ਮੱਤ** : ਸ਼ੈਵ ਮੱਤ ਵੈਸ਼ਨਵ ਪਰੰਪਰਾ ਦੀ ਤਰ੍ਹਾਂ ਬਹੁਤ ਪ੍ਰਾਚੀਨ ਹੈ। ਇਸ ਮਤ ਨੂੰ ਮੰਨਣਵਾਲੇ ਸ਼ਿਵ ਨੂੰ ਸ੍ਰਿਸ਼ਟੀ ਦਾ ਆਦਿ ਕਾਰਣ ਮੰਨਦੇ ਹਨ। ਸ਼ਿਵ ਹੀ ਚਿਰ ਅਨੰਦ ਸਰੂਪ ਹਨ। ਮਾਇਆ ਸ਼ਿਵ ਦਾ ਹੀ ਅੰਸ਼ ਹੈ। ਇਸ ਲਈ ਉਹ ਸ਼ਿਵ ਦੀ ਸ਼ਕਤੀ ਹੈ। ਸ਼ੈਵ ਮਤ ਦੇ ਅਨੁਸਾਰ ਮਾਇਆ ਦੇ ਸ਼ਿਵ ਨਾਲ ਸੰਯੋਗ ਨਾਲ ਸੰਸਾਰ ਦੀ ਸ੍ਰਿਸ਼ਟੀ ਹੋਈ ਹੈ। ਜੀਵ ਯੋਗ ਦੁਆਰਾ ਸ਼ਿਵ ਵਿੱਚ ਲੀਨ ਹੋ ਸਕਦਾ ਹੈ।

ਸ਼ੈਵ ਮਤ ਨੂੰ ਪ੍ਰਤੀਸ਼ਠਿਤ ਕਰਨ ਦਾ ਮੁੱਖ ਸ਼੍ਰੇਅ **ਕੁਮਾਰਿਲ ਭੱਟ** ਨੂੰ ਜਾਂਦਾ ਹੈ। ਉਨ੍ਹਾਂ ਨੇ ਹੀ 'ਸ਼ੈਵ ਦਰਸ਼ਨ' ਦਾ ਪ੍ਰਚਾਰ ਆਮ ਜਨਤਾ ਵਿੱਚ ਕੀਤਾ। ਡਾ. ਸੁਦਰਸ਼ਨ ਸਿੰਘ ਮਜੀਠੀਆ ਦੀ ਪੁਸਤਕ 'ਸੰਤ ਸਾਹਿਤ'(6) ਅਨੁਸਾਰ, "ਵੈਸ਼ਨਵ ਮਤ ਦੇ ਲਈ ਦੱਖਣ ਵਿੱਚ ਅਲਵਾਰਾਂ ਨੇ ਜੋ ਕੀਤਾ ਉਹੀ ਸ਼ੈਵ ਮਤ ਦੇ ਲਈ ਦੱਖਣ ਵਿੱਚ ਅੜਵਾਰਾਂ ਨੇ ਕੀਤਾ।"

ਸ਼ੈਵ ਭਗਤਾਂ ਦੀ ਪਰੰਪਰਾ ਛੇਵੀਂ ਤੋਂ ਗਿਆਰਵੀਂ ਸਦੀ ਤਕ ਰਹੀ। ਅੜਵਾਰ ਭਗਤਾਂ ਨੇ ਬਹੁਤ ਹੀ ਪ੍ਰਗਤੀਸ਼ੀਲ ਭਗਤੀ ਸਾਹਿਤ ਪ੍ਰਸਤੁਤ ਕੀਤਾ। ਇਨ੍ਹਾਂ ਭਗਤਾਂ ਵਿੱਚ ਸੱਭ ਤੋਂ ਪ੍ਰਸਿੱਧ **'ਮਾਨਿਕਵਸਾਗਰ'** ਹੈ। ਕਸ਼ਮੀਰ ਦੇ ਵਸੂ ਗੁਪਤ ਨੇ **'ਸ਼ਿਵ ਸੂਤਰ'** ਦੀ ਰਚਨਾ ਦੁਆਰਾ ਕਸ਼ਮੀਰ ਵਿਚ ਸ਼ੈਵ ਸੰਪ੍ਰਦਾਇ ਦਾ ਅਰੰਭ ਕੀਤਾ। ਵਸੂ ਗੁਪਤ ਦੇ ਚੇਲੇ **ਕਲੱਟ** ਨੇ ਸੰਪਦਨ-ਸ਼ਾਸਤਰ ਦੇ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਦਾ ਮਤ **"ਈਸ਼ਵਰਯਵਾਦ"** ਕਹਾਇਆ। ਉਨ੍ਹਾਂ ਦਾ ਮਤ ਹੈ ਕਿ ਈਸ਼ਵਰ ਬ੍ਰਹਮ ਵਾਂਗ ਨਿਸ਼ਕਿਰਿਆਹੀਨ ਨਹੀਂ ਹੈ। ਪਰ ਉਹ ਸੁਤੰਤਰ ਹੈ, ਕਰਤਾ ਸਰੂਪ ਹੈ। ਮਾਇਆ ਉਸ ਦੀ ਇੱਛਾ ਅਨੁਸਾਰ ਲਿਆ ਸਰੂਪ ਮਾਤਰ ਹੈ। ਮੁਕਤੀ ਕੇਵਲ ਗਿਆਨ ਤੋਂ ਹੀ ਸੰਭਵ ਹੈ, ਕੋਰੀ ਭਰਾਂਤੀ ਤੋਂ ਨਹੀਂ। ਦੋਵਾਂ ਦਾ ਮਿਲਾਪ ਜ਼ਰੂਰੀ ਹੈ। ਸ਼ੁੱਧ ਭਗਤੀ ਵਿੱਚ ਮਾਇਆ ਤੇ ਬ੍ਰਹਮ ਦਾ ਦਵੈਤ ਭਾਗ ਵਰਜਿਤ ਹੈ। ਗਿਆਨ ਦੇ ਮਿਲਾਪ ਨਾਲ ਭਗਤੀ ਤੋਂ ਮੋਹ ਅਤੇ ਆਗਿਆਨ ਨਿਕਲ ਜਾਂਦਾ ਹੈ।

ਵਸੂ ਗੁਪਤ ਦੇ ਦੂਸਰੇ ਚੇਲੇ ਨੇ **'ਪ੍ਰਭਭਿਗਿਆ'** ਮਤ ਨੂੰ ਫੈਲਾਇਆ। ਪ੍ਰਤਭਿਗਿਆ ਸ਼ਬਦ ਤੋਂ ਭਾਵ ਹੈ ਕਿ ਸਾਧਕ ਆਪਣੀ ਗਿਆਤ ਵਸਤੂ ਨੂੰ ਜਾਣ ਕੇ ਖ਼ੁਸ਼ ਹੁੰਦਾ ਹੈ। ਈਸ਼ਵਰ ਦਾ ਗਿਆਨ ਸ਼ਿਸ਼ ਨੂੰ ਵੀ ਸਪੱਸ਼ਟ ਰੂਪ ਵਿੱਚ ਮਿਲਦਾ ਹੈ। ਇਸ ਤਰ੍ਹਾਂ ਅਦਵੈਤ ਭਾਵ ਤੋਂ ਦਵੈਤ ਭਾਵ ਦੀ ਕਲਪਨਾ ਅਤੇ ਨਿਰਗੁਣ ਭਾਵ ਵਿੱਚ ਵੀ ਸਰਗੁਣ ਭਾਵ ਦਾ ਕਾਲਪਨਿਕ ਅਰੋਪ ਇਸ ਮੱਤ ਦੀ ਵਿਸ਼ੇਸ਼ਤਾ ਹੈ। ਬਾਹਰਵੀਂ ਸ਼ਤਾਬਦੀ ਵਿੱਚ ਸ਼ੈਵਾਂ ਦਾ ਇੱਕ ਸੰਪ੍ਰਦਾਇ **'ਲਿੰਗਾਯਤ ਸੰਪ੍ਰਦਾਇ'** ਦੱਖਣ ਭਾਰਤ ਵਿੱਚ ਪ੍ਰਚਲਿਤ ਸੀ। ਇਸ ਸੰਪ੍ਰਦਾਇ ਦੇ ਅਨੁਯਾਈ

ਸ਼ਿਵ ਦੇ ਲਿੰਗ ਦੀ ਪੂਜਾ ਕਰਿਆ ਕਰਦੇ ਸਨ। ਇਹ ਲੋਕ ਵੇਦਾਂ ਨੂੰ ਹੀ ਮੰਨਦੇ ਹਨ।

3.2.2 **ਸ਼ਾਕਤ ਮਤ** : ਪਰਮਾਤਮਾ ਜਾਂ ਸ਼ਕਤੀ ਦੀ ਨਾਰੀ ਦੇ ਰੂਪ ਵਿੱਚ ਉਪਾਸਨਾ ਕਰਨ ਵਾਲਾ ਵਿਅਕਤੀ 'ਸ਼ਾਕਤ' ਅਖਵਾਉਂਦਾ ਹੈ। 'ਦੁਰਗਾ ਸਪਤਸ਼ਤੀ' ਵਿੱਚ ਸ਼ਕਤੀ ਦੇ ਤਿੰਨ ਰੂਪਾਂ ਦਾ ਵਰਣਨ ਹੈ:

1. ਮਹਾਂ ਕਾਲੀ

2. ਮਹਾਂ ਲਕਸ਼ਮੀ

3. ਮਹਾਂ ਸਰਸਵਤੀ

ਇਸ ਵਿੱਚ ਸ਼ਕਤੀ ਨੂੰ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਕਰਦੇ ਦਰਸਾਇਆ ਗਿਆ ਹੈ। ਸ਼ਕਤੀ ਦੀ ਪੂਜਾ ਦੀਆਂ ਤਿੰਨ ਵਿਧੀਆਂ ਹਨ :

ੳ. **ਸਮਾਨ ਵਿਧੀ** : ਸ਼ਕਤੀ ਦੀ ਉਪਾਸਨਾ ਹੋਰ ਦੇਵੀ ਦੇਵਤਿਆਂ ਵਾਂਗ ਕਰਨੀ।

ਅ. **ਭਿਆਨਕ ਵਿਧੀ** : ਪਸ਼ੂਆਂ ਜਾਂ ਮਨੁੱਖਾਂ ਦੀ ਬਲੀ ਦੇ ਕੇ ਸ਼ਕਤੀ ਨੂੰ ਪ੍ਰਸੰਨ ਕਰਨਾ।

ੲ. **ਭਾਵਾਤਮਕ ਵਿਧੀ** : ਇਸ਼ਟ ਨਾਲ ਅਭੇਦਤਾ ਕਰ ਕੇ ਉਪਾਸਨਾ ਕਰਨੀ।

ਸ਼ਾਕਤ ਮੱਤ ਜਾਂ ਸੰਪ੍ਰਦਾਇ ਭਾਰਤ ਤੋਂ ਇਲਾਵਾ, ਤਿੱਬਤ, ਭੂਟਾਨ ਅਤੇ ਨੇਪਾਲ ਵਿੱਚ ਵੀ ਪ੍ਰਚਲਿਤ ਰਿਹਾ ਹੈ। ਸ਼ਾਕਤ ਸੰਪ੍ਰਦਾਇ ਦੀਆਂ ਤਿੰਨ ਮੁੱਖ ਸ਼ਾਖਾਵਾਂ ਹਨ ਕੌਲ, ਦਰਸ਼ਾਚਾਰ ਅਤੇ ਵਾਸਾਚਾਰ ਹਨ। ਇਨ੍ਹਾਂ ਵਿੱਚੋਂ ਵਾਸਾਚਾਰ ਜਾਂ ਵਾਮਮਾਰਗੀ ਸ਼ਾਕਤ ਦੰਦਾਂ ਦੀ ਮਾਲਾ ਪਾਉਂਦੇ ਅਤੇ ਖੋਪੜੀ ਦਾ ਕਚਕੋਲ ਜਾਂ ਪਿਆਲਾ ਰਖਦੇ ਹਨ। ਪੰਜ ਮਕਾਰ (ਮਦਿਰਾ, ਮਾਸ, ਮਸਤਯ, ਮੁਦਾ, ਤੇ ਮੈਥੁਨ) ਉਨ੍ਹਾਂ ਦੀ ਉਪਾਸਨਾ ਵਿਧੀ ਦੇ ਜ਼ਰੂਰੀ ਅੰਗ ਹੁੰਦੇ ਹਨ। ਇਸ ਲਈ ਕਈ ਭਗਤਾਂ, ਸੰਤਾਂ ਨੇ ਇਸ ਮਤ ਦੀ ਨਿਖੇਧੀ ਕੀਤੀ ਹੈ।

***ਕਬੀਰ ਸਾਕਤ ਸੰਗਿ ਨਾ ਕੀਜੀਐ,***

***ਦੂਰਹਿ ਜਾਈਏ ਭਾਗਿ।***

***ਬਾਸਨ ਕਾਰੋ ਪਰਸੀਐ ਤਉ ਕਿਛੁ ਲਾਗੈ ਦਾਗੁ।***

**(ਸ਼ਲੋਕ, ਕਬੀਰ)**

3.2.3 **ਵੈਸ਼ਨਵ ਮੱਤ**: ਵੈਸ਼ਨਵ ਪਰੰਪਰਾ ਦਾ ਭਾਰਤੀ ਭਗਤੀ ਸਾਹਿਤ ਅਤੇ ਭਗਤੀ ਅੰਦੋਲਨ ਵਿੱਚ ਮਹੱਤਵਪੂਰਨ ਸਥਾਨ ਹੈ। ਲੋਕਭਾਸ਼ਾਵਾਂ ਵਿੱਚ ਵੈਸ਼ਨਵ ਭਗਤੀ ਦਾ ਆਰੰਭਕ ਰੂਪ ਸੱਭ ਤੋਂ ਪਹਿਲਾਂ ਦੱਖਣ ਭਾਰਤ ਦੇ ਆਲਵਾਰ ਭਗਤਾਂ ਦੀ ਰਚਨਾ '**ਨਾਲਿਯੋਰ ਪ੍ਰਬੰਧਮ**' ਵਿੱਚ ਮਿਲਦਾ ਹੈ। ਇਸ ਨੂੰ ਤਾਮਿਲਨਾਢੂ ਦਾ ਪੰਚਮ ਵੇਦ ਵੀ ਕਿਹਾ ਜਾਂਦਾ ਹੈ। ਇਹ ਰਚਨਾ ਚਾਰੋਂ ਵੇਦਾਂ, ਉਪਨਿਸ਼ਦਾਂ, ਭਾਗਵਤ ਅਤੇ ਗੀਤਾ ਦਾ ਨਿਚੋੜ ਹੈ। ਵੈਸ਼ਨਵਾਂ ਦੀ ਰਾਮ ਅਤੇ ਕ੍ਰਿਸ਼ਨ ਦੇ ਪ੍ਰਤੀ ਭਗਤੀ ਭਾਵਨਾ ਦਾ ਮੂਲ ਰੂਪ ਇਸ ਪ੍ਰਬੰਧ ਵਿੱਚ ਮਿਲਦਾ ਹੈ। ਇਸ ਗ੍ਰੰਥ ਦੀ ਭਗਤੀ ਭਾਵਨਾ ਦਾ ਮੂਲ ਤੱਤ ਪ੍ਰੇਮ ਹੈ। ਬ੍ਰਹਮ ਦਾ ਨਿਰਗੁਣ ਅਤੇ ਸਰਗੁਣ ਦੋਹੇਂ ਰੂਪ ਇਸ ਭਗਤੀ ਭਾਵਨਾ ਵਿੱਚ ਅਭੇਦ ਹਨ। ਇਸੇ ਲਈ ਆਲਵਾਰ ਭਗਤ ਵੈਸ਼ਨਵ ਸੰਪ੍ਰਦਾਇ ਦੇ ਆਦਿ ਗੁਰੂ ਮੰਨੇ ਜਾਂਦੇ ਹਨ।

ਦੱਖਣੀ ਤਾਮਿਲਨਾਡੂ ਵਿੱਚ ਨੌਵੀਂ ਸਦੀ ਵਿੱਚ ਰਚਿਤ ਸ੍ਰੀਮਦਭਗਵਤ ਦੇ ਨੇੜੇ ਭਾਵ ਛੇਵੀਂ ਸ਼ਤਾਬਦੀ

ਤੋਂ ਲੈ ਕੇ ਨੌਂਵੀਂ ਸ਼ਤਾਬਦੀ ਤਕ ਵੈਸ਼ਨਵ ਭਗਤੀ ਅੰਦੋਲਨ ਦੀ ਅਗਵਾਈ ਆਲਵਰਾਂ ਨੇ ਕੀਤੀ ਸੀ। ਇਹ ਅੰਦੋਲਨ ਅੱਗੇ ਵਿਕਸਿਤ ਹੁੰਦਾ ਗਿਆ। ਇਸੇ ਕਾਰਨ ਭਿੰਨ-ਭਿੰਨ ਭਾਰਤੀ ਭਾਸ਼ਾਵਾਂ ਵਿੱਚ ਵੀ ਵਿਸ਼ਾਲ ਵੈਸ਼ਨਵ ਸਾਹਿਤ ਦਾ ਸਿਰਜਨ ਹੋਇਆ ਹੈ।

ਆਲਵਾਰਾਂ ਨੇ ਭਗਵਤ ਵਿੱਚ ਸ਼ਰਨਾਗਤੀ ਨੂੰ ਭਗਤੀ ਦਾ ਜ਼ਰੂਰੀ ਅੰਗ ਮੰਨਿਆ ਹੈ।

"**ਆਲਵਾਰ**" ਸ਼ਬਦ ਦਾ ਅਰਥ ਹੀ ਭਗਵਤ ਪ੍ਰੇਮ ਭਗਤੀ ਰਸ ਵਿਚ ਲੀਨ ਵਿਅਕਤੀ ਤੋਂ ਹੈ। ਇਨ੍ਹਾਂ ਦੀਆਂ ਬਾਣੀਆਂ ਵਿਚ ਵਿਸ਼ਨੂੰ ਦੇ ਪ੍ਰਤੀ ਸ਼ਰਧਾ ਦੇ ਨਾਲ ਪ੍ਰੇਮ ਦਾ ਪ੍ਰਗਟਾਵਾ ਵੀ ਹੋਇਆ ਹੈ। ਇਹ ਪ੍ਰੇਮ ਪੱਲ ਭਰ ਦਾ ਨਾ ਹੋ ਕੇ ਨਿਰੰਤਰ ਬਣਿਆ ਰਹਿਣ ਵਾਲਾ ਹੈ ਅਤੇ ਇਹ ਆਪਣੇ ਇਸ਼ਟ ਦੇਵ ਦੀ ਮਹਾਂਭਾਰਤ ਤੇ ਭਗਵਤ ਅਨੁਸਾਰ ਵਾਸੁਦੇਵ, ਨਰਾਇਣ, ਰਾਮ ਕ੍ਰਿਸ਼ਨ ਆਦਿ ਅਨੇਕ ਨਾਵਾਂ ਨਾਲ ਪੂਜਾ ਕਰਦੇ ਹਨ। ਇਨ੍ਹਾਂ ਨੇ ਭਗਤਾਂ ਦੀ ਸੇਵਾ ਨੂੰ ਭਗਵਾਨ ਦੀ ਸੇਵਾ ਦਾ ਅੰਗ ਮੰਨਿਆ ਹੈ। ਇਨ੍ਹਾਂ ਦੀ ਭਗਤੀ ਭਾਵਨਾ ਦਾਸ ਭਾਵਨਾ, ਵਾਤਸਲ ਅਤੇ ਕਾਂਤਾ ਭਾਵਨਾ ਤਿੰਨ ਰੂਪਾਂ ਵਿੱਚ ਪ੍ਰਗਟ ਹੋਈ। ਭਗਤ ਦੇ ਹਿਰਦੇ ਵਿੱਚ ਈਸ਼ਵਰ ਲਈ ਸ਼ਰਧਾ, ਆਸਥਾ, ਆਤਮਸਮਰਪਨ ਤੇ ਪ੍ਰੇਮ ਭਾਵ ਦਾ ਹੋਣਾ ਬੜਾ ਜ਼ਰੂਰੀ ਹੈ। ਈਸ਼ਵਰ ਦੀ ਕਿਰਪਾ ਤੋਂ ਸੱਭ ਕੁੱਝ ਪ੍ਰਾਪਤ ਹੁੰਦਾ ਹੈ। ਆਲਵਾਰ ਵੈਸ਼ਨਵਾਂ ਨੇ ਭਗਤੀ ਦੇ ਖੇਤਰ ਵਿੱਚ ਜਾਤ ਪਾਤ ਅਤੇ ਉਚ ਅਤੇ ਨੀਚ ਦਾ ਭੇਦ ਭਾਵ ਨਹੀਂ ਰਖਿਆ। ਇਥੇ ਬ੍ਰਹਮ ਦੇ ਸਰਗੁਣ ਤੇ ਨਿਰਗੁਣ ਰੂਪ ਦਾ ਕੋਈ ਵਿਵਾਦ ਵੀ ਨਹੀਂ ਹੈ। ਇਨ੍ਹਾਂ ਦੀ ਭਗਤੀ ਦਾ ਅਧਾਰ ਭਾਵ ਅਨੁਭੂਤੀ ਹੈ। 'ਨਾਲਿਯੇਰ ਪ੍ਰਬੰਧਮ' ਦੇ ਪ੍ਰਮੁੱਖ ਰਚਨਾਕਾਰ ਬਾਰਾਂ ਭਗਤ ਕਵੀ ਹਨ। **ਪੇਰਿਆਲ** ਸੱਭ ਤੋਂ ਪ੍ਰਮੁੱਖ ਆਲਵਾਰ ਭਗਤ ਕਵੀ ਸੀ। ਅਸ਼ਟਛਾਪ ਦੇ ਭਗਤ ਕਵੀਆਂ ਵਿੱਚ ਸੂਰਦਾਸ ਦੀ ਤਰ੍ਹਾਂ ਇਨ੍ਹਾਂ ਦਾ ਪ੍ਰਮੁੱਖ ਸਥਾਨ ਹੈ। ਵਾਤਸਲ, ਨਿਮਰਤਾ, ਦਾਸ ਭਾਵਨਾ ਅਤੇ ਨਿਰਮਲ ਪ੍ਰੇਮ ਦੀ ਧਾਰਾ ਇਨ੍ਹਾਂ ਦੀ ਬਾਣੀ ਵਿੱਚ ਪ੍ਰਵਾਹਿਤ ਹੁੰਦੀ ਹੈ। ਸੂਰਦਾਸ ਦੇ ਵਾਂਗ ਸ੍ਰੀਰੰਗਨਾਥ-ਕ੍ਰਿਸ਼ਨ ਦੇ ਪ੍ਰਤੀ ਭਗਤੀ ਭਾਵ ਤਾਮਿਲ ਆਲਵਾਰਾਂ ਦੀ ਵਿਸ਼ੇਸ਼ਤਾ ਹੈ। ਤਾਮਿਲ ਪ੍ਰਦੇਸ਼ ਦੀ ਵੈਸ਼ਨਵ ਪਰੰਪਰਾ ਵਿੱਚ ਇਨ੍ਹਾਂ ਵੈਸ਼ਨਵਾਂ ਆਲਾਵਾਰਾਂ ਦਾ ਮਹੱਤਵਪੂਰਨ ਸਥਾਨ ਹੈ।

ਨੌਂਵੀਂ ਦਸਵੀਂ ਸ਼ਤਾਬਦੀ ਦੇ ਸਮੇਂ ਵਿੱਚ ਵੈਸ਼ਨਵ ਅੰਦੋਲਨ ਦੱਖਣ-ਭਾਰਤ ਵਿੱਚ ਤਾਮਿਲ ਅਤੇ ਕੰਨੜ ਪ੍ਰਦੇਸ਼ਾਂ ਤੋਂ ਹੁੰਦਾ ਹੋਇਆ ਬਾਹਰਵੀਂ ਸ਼ਤਾਬਦੀ ਦੇ ਪਿਛਲੇ ਦੌਰ ਵਿੱਚ ਮਹਾਰਾਸ਼ਟਰ ਵਿੱਚ ਪਹੁੰਚਿਆ। ਪਰ ਮਹਾਰਾਸ਼ਟਰ ਦੇ ਸੰਤ '**ਗਿਆਨਏਸ਼ਵਰ** (੧੨੭੧-੧੨੯੬ ਈ ) ਅਤੇ **ਨਾਮਦੇਵ** (੧੨੭੦-੧੩50 ਈ) ਦੇ ਦੁਆਰਾ ਪਹਿਲਾਂ ਇਸ ਨਵਜਾਗਰਨ ਦੀ ਸਥਾਪਨਾ ਪੰਡਰਪੁਰ ਵਿੱਚ ਹੋ ਚੁੱਕੀ ਸੀ। ਸੰਤ ਨਾਮਦੇਵ ਜੀ ਨੇ ਇਸੇ ਭਗਤੀ ਦੀ ਅਲਖ ਨੂੰ ਆਪਣੇ ਬਾਕੀ ਜੀਵਨ ਦੌਰਾਨ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਜਗਾਇਆ ਤੇ ਇੰਜ ਮਹਾਰਾਸ਼ਟਰ ਤੋਂ ਪੰਜਾਬ ਅਤੇ ਸਮੁੱਚਾ ਉਤਰੀ ਭਾਰਤ ਵੈਸ਼ਨਵ ਪਰੰਪਰਾ ਦੇ ਰੰਗ ਵਿੱਚ ਰੰਗਿਆ ਗਿਆ। ਪਰ ੧੨ਵੀਂ ਸਦੀ ਤੋਂ ੧5ਵੀਂ ਸਦੀ ਤਕ ਭਾਰਤ ਤੇ ਮੁਸਲਮਾਨਾਂ ਹਮਲਿਆਂ ਕਾਰਨ ਭਾਰਤੀ ਸੰਸਕ੍ਰਿਤੀ, ਧਰਮ, ਸਭਿਅਤਾ, ਸਮਾਜਿਕ ਆਦਰਸ਼ ਤਹਿਸ-ਨਹਿਸ ਹੋ ਕੇ ਖੰਡਰ ਬਣ ਗਏ ਸਨ। ਇਸਲਾਮੀ ਸ਼ਰੀਅਤ ਤੇ ਮੁੱਲ੍ਹਾ-ਮੌਲਵੀਆਂ ਦੇ ਨਿਰਦੇਸ਼ਨ ਤੇ ਚੱਲਣ ਵਾਲੇ ਸੁਲਤਾਨਾਂ ਦੀਆਂ ਹਕੂਮਤਾਂ ਦੇ ਅਤਿਆਚਾਰਾਂ ਤੋਂ ਸਾਰੇ ਭਾਰਤ ਵਿੱਚ ਸਹਿਮ ਛਾਇਆ ਹੋਇਆ ਸੀ। ਹਿੰਦੂ ਤੇ ਮੁਸਲਿਮ ਦੋਵਾਂ ਸੰਸਕ੍ਰਿਤੀਆਂ ਵਿੱਚ ਸੰਘਰਸ਼ ਸੀ। ਮੰਦਿਰ ਤੋੜੇ ਜਾ ਰਹੇ ਸਨ। ਸਮੁੰਦਰਾਂ ਵਿੱਚ ਦੇਵਤਿਆਂ ਦੀਆਂ ਮੂਰਤੀਆਂ ਸੁੱਟੀਆਂ ਜਾ ਰਹੀਆਂ ਸਨ ਅਤੇ ਤੰਜੋਰ ਤੇ ਇੰਦ੍ਰਪ੍ਰਸਤ ਦੇ ਵਿਸ਼ਾਲ ਹਸੱਤਲਿਖਿਤ ਪੁਸਤਕ ਭੰਡਾਰ ਸਾੜ ਦਿਤੇ ਗਏ ਸਨ। ਇਸ ਇਸਲਾਮੀ ਜਿੱਤ ਦੇ ਕਾਰਨ ਭਾਰਤ ਦੇ ਧਾਰਮਕ ਤੇ ਸਮਾਜਿਕ ਖੇਤਰਾਂ ਵਿੱਚ ਉਥਲ-ਪੁਥਲ ਸੀ। ਰਾਜਾ ਦੀ ਸ਼ਰਨ ਵਿੱਚ ਪੱਲਣ ਵਾਲੀਆਂ ਸੰਸਕ੍ਰਿਤਿਕ ਮੰਡਲੀਆਂ ਜਾਣ ਬਚਾਉਣ ਲਈ ਦੂਰ-ਦਰਾਜ਼ ਦੇ ਦੇਹਾਤੀ ਖੇ

ਤਰਾਂ ਵਿੱਚ ਜਾ ਛਿਪੀਆਂ ਸੀ। ਪਰ ਭਾਰਤੀ ਸੰਸਕ੍ਰਿਤੀ ਦੇ ਪ੍ਰੇਮੀ ਲੋਕਾਂ ਨੇ ਅਨਪੜ੍ਹ ਪੇਂਡੂ ਜਨਤਾ ਵਿੱਚ ਇਸ ਸੰਕਟ ਦੇ ਸਮੇਂ ਵਿੱਚ ਵੀ ਭਾਰਤੀ ਸੰਸਕ੍ਰਿਤੀ ਦੀ ਨੀਂਹ ਨੂੰ ਬਣਾਏ ਰਖਿਆ। ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਦੀ ਇਸ ਵਿਨਾਸ਼ਕਾਰੀ ਮੁਸਲਿਮ ਹੜ੍ਹ ਦਾ ਮੁਕਾਬਲਾ ਕਰਨ ਲਈ ਵੈਸ਼ਨਵ ਧਰਮ **ਸੁਆਮੀ ਰਾਮਾਨੰਦ ਜੀ** (੧੩੫੬-੧੫੦੦ ਵਿ:) ਦੀ ਅਗਵਾਈ ਵਿੱਚ ਅੱਗੇ ਵਧਿਆ। ਭਗਤੀ ਦੇ ਖੇਤਰ ਵਿੱਚ **ਰਾਮਾਨੁਜ ਦੇ ਵਿਸ਼ਿਸਟੀਕਰਨ** ਨੂੰ ਲੈ ਕੇ ਸਰਗੁਣ ਤੇ ਨਿਰਗੁਣ ਦੋਵਾਂ ਰੂਪਾਂ ਵਿੱਚ ਪ੍ਰੇਮ-ਭਗਤੀ ਦੇ ਪ੍ਰਚਾਰ ਦੁਆਰਾ ਸੁਆਮੀ ਰਾਮਾਨੰਦ ਜੀ ਨੇ ਈਸ਼ਵਰ ਦੀ ਸ਼ਰਨਾਗਤੀ ਵਿੱਚ ਭਾਰਤੀਅਤਾ ਦੇ ਬਚਾਉ ਲਈ ਅਭਿਯਾਨ ਨੂੰ ਚਲਾਇਆ।

ਉਹ ੧੪ ਸਾਲਾਂ ਦੀ ਅਵਸਥਾ ਵਿੱਚ ਆਪਣੇ ਗੁਰੂ **ਰਾਘਵਨੰਦ ਜੀ** ਅਤੇ ਦੇ **ਪਰਿਆਰਾ** ਸਥਿਤ ਆਸ਼ਰਮ ਤੋਂ ਬਾਹਰ ਨਿਕਲੇ ਸਾਰੇ ਭਾਰਤ ਦਾ ਦੌਰਾ ਕੀਤਾ। ਭਾਰਤੀਆਂ ਦੀ ਹੀਨ ਤੇ ਅਸਹਾਈ ਦਸ਼ਾ ਨੂੰ ਵੇਖ ਦੇ ਇਨ੍ਹਾਂ ਦਾ ਹਿਰਦਾ ਦੁੱਖੀ ਹੋ ਗਿਆ। ਉਨ੍ਹਾਂ ਨੇ **ਗਿਰਨਾਰ ਪਰਬਤ** ਤੇ ਤੱਪ-ਸਾਧਨਾ ਨਾਲ ਆਪਣੇ ਵਿਅਕਤੀਤਵ ਨੂੰ ਇੱਕ ਤਪ ਨਿਸ਼ਠ ਯੋਗੀ ਦੇ ਰੂਪ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਸਥਾਪਿਤ ਕੀਤਾ। ਬਨਾਰਸ ਵਿੱਚ ਪੰਚਰੰਗਾ ਘਾਟ ਵਿੱਚ ਆਪਣੇ ਆਸ਼ਰਮ ਦੀ ਸਥਾਪਨਾ ਕੀਤੀ। ਗੁਫ਼ਾ ਵਿੱਚ ਸਮਾਧੀ ਸਥਿਤ ਸੁਆਮੀ ਜੀ ਨੇ ਆਪਣੇ ਪ੍ਰਭਾਵਸ਼ਾਲੀ ਵਿਅਕਤੀਤਵ ਨਾਲ ਵੈਸ਼ਨਵ ਭਗਤੀ ਦਾ ਅਭਿਯਾਨ ਚਲਾਇਆ। ਇਹ ਅਭਿਯਾਨ ਬਿਜਲੀ ਦੀ ਚਮਕ ਵਾਂਗ ਸਾਰੇ ਭਾਰਤ ਵਿੱਚ ਫੈਲ ਗਿਆ। ਧਰਮਾਂਦ ਮੁੱਲ੍ਹਾ-ਮੌਲਵੀ ਸੁਆਮੀ ਜੀ ਦੀ ਤੱਪ-ਸਾਧਨਾ ਨਾਲ ਡਰ ਗਏ ਅਤੇ ਭਾਰਤੀਆਂ ਦਾ ਮਨੋਬਲ ਉੱਚਾ ਹੋ ਗਿਆ।

ਇਸ ਨਵੇਂ ਵਿਕਾਸ ਨੇ ਇਸਲਾਮੀ ਮਜ਼ਹਬ ਦੀ ਕਾਫ਼ਿਰਵਾਦੀ ਨਫ਼ਰਤ ਦੇ ਮੁਕਾਬਲੇ ਵਿੱਚ ਵਰਣਵਿਵਸਥਾ ਦੀ ਸੀਮਾਵਾਂ ਨੂੰ ਤੋੜ ਕੇ **ਵਿਸ਼ਿਸ਼ਟਤਾਦੈਤਵਾਦੀ ਢੰਗ ਨਾਲ ਸਰਗੁਣ ਤੇ ਨਿਰਗੁਣ ਦੋਵਾਂ ਰੂਪਾਂ ਵਿੱਚ ਰਾਮ-ਕ੍ਰਿਸ਼ਨ ਜੀ** ਦੀ ਉਪਾਸਨਾ ਦਾ ਪ੍ਰਚਾਰ ਕੀਤਾ। ਸੁਆਮੀ ਰਾਮਾਨੰਦ ਇਸ ਅੰਦੋਲਨ ਦੇ ਨੇਤਾ ਸਨ।

ਉਨ੍ਹਾਂ ਨੇ **"ਹਰਿ ਕੋ ਭਜੇ ਸੋ ਹਰਿ ਦਾ ਹੋਏ, ਜਾਤ-ਪਾਤ ਪੁੱਛੇ ਨਹੀਂ ਕੋਏ"** ਦੇ ਵਿੱਚਾਰ ਨਾਲ ਵਰਣਵਿਵਸਥਾ ਅਤੇ ਸਮਾਜਿਕ ਅਚਾਰ-ਵਿਹਾਰ ਦੀ ਕਠੋਰਤਾ ਨੂੰ ਦੂਰ ਕੀਤਾ ਗਿਆ। ਸੁਆਮੀ ਜੀ ਨੇ ਛੋਟੀ ਅਤੇ ਅਛੂਤ ਜਾਤੀਆਂ ਤੋਂ ਆਪਣੇ ਚੇਲਿਆਂ ਨੂੰ ਚੁਣਿਆ। ਹਿੰਦੂ ਸੰਸਕ੍ਰਿਤੀ ਦੀ ਰਖਿਆ ਲਈ ਅਵਦੂਤਾਂ, ਵੈਰਾਗੀਆਂ ਅਤੇ ਨੰਗੇ ਸਾਧੂਆਂ ਦੀ **"ਦਿਗੰਬਰ ਅਨੀ"** ਅਤੇ **"ਨਿਰਵਾਨ ਅਨੀ"** ਸੇਨਾਵਾਂ ਨੂੰ ਸੰਗਠਿਤ ਕੀਤਾ ਗਿਆ। ਥਾਂ-ਥਾਂ ਤੇ ਅਖਾੜਿਆਂ ਦੀਆਂ ਸਥਾਪਨਾਵਾਂ ਕੀਤੀਆਂ ਗਈਆਂ। ਇਨ੍ਹਾਂ ਸਾਰੀਆਂ ਗਤੀਵਿਧੀਆਂ ਨੂੰ ਸ਼ਾਸਕਾਂ ਤੋਂ ਬਚਾਉਣ ਲਈ ਗੁਪਤ ਰਖਿਆ ਜਾਂਦਾ ਸੀ। ਨਿਰਗੁਣ ਅਤੇ ਸਰਗੁਣ ਰੂਪ ਰਾਮ ਭਗਤੀ ਦੇ ਦੁਆਰਾ ਆਰਿਆ ਸੰਸਕ੍ਰਿਤੀ ਦੇ ਬਚਾਅ ਲਈ ਨਵੀਂ ਰਖਿਆ ਪੰਗਤੀਆਂ ਦਾ ਸੰਗਠਨ ਕੀਤਾ ਗਿਆ।

ਗੁਰੂ ਰਾਮਾਨੰਦ ਜੀ ਦੇ ਇਸ ਅੰਦੋਲਨ ਨੂੰ ਉਨ੍ਹਾਂ ਦੇ ਭਿੰਨ-ਭਿੰਨ ਜਾਤਾਂ ਤੋਂ ਆਏ ੧੨ ਸ਼ਿਸ਼ਾਂ ਨੇ ਉਨ੍ਹਾਂ ਦੀ ਇੱਛਾ ਅਨੁਸਾਰ ਅੱਗੇ ਵਧਾਇਆ। ਉਨ੍ਹਾਂ ਨੇ ਆਪਣੇ ੧੨ ਸ਼ਿਸ਼ਾਂ ਨੂੰ ੧੨ ਸੂਰਜਾਂ ਦੀ ਸੰਗਿਆ ਵੀ ਦਿੱਤੀ। ਇਨ੍ਹਾਂ ੧੨ ਸੰਤ ਜਨਾਂ ਦੇ ਨਾਂ ਇਸ ਪ੍ਰਕਾਰ ਹਨ: **ਅਨੰਤਾਨੰਦ, ਕਬੀਰ, ਸੁਖਾਨੰਦ, ਸੁਰਸੁਰਾਨੰਦ, ਮੁਰਸੁਰੀ, ਪਦਮਾਵਤੀ, ਨਰਹਰਿਆਨੰਦ, ਰੈਦਾਸ, ਪੀਪਾ, ਭਾਵਾਨੰਦ, ਰੈਦਾਸ, ਧੰਨਾ ਜਾਟ ਅਤੇ ਸੇਨ ਨਾਈ।** ਸੁਆਮੀ ਜੀ ਨੇ ਮਰਨ ਦਾ ਸਮਾਂ ਨੇੜੇ ਜਾਣ ਕੇ ਧੰਨਾ ਜਾਟ, ਕਬੀਰ, ਰੈਦਾਸ ਤੇ ਸੇਨ ਨੂੰ ਕਾਸ਼ੀ ਵਿੱਚ ਰਹਿ ਕੇ ਤੇ ਸੁਰਸੁਰਾਨੰਦ ਨੂੰ ਪੰਜਾਬ ਵਿੱਚ, ਭਾਵਾਨੰਦ ਨੂੰ ਦੱਖਣ ਭਾਰਤ, ਨਰਹਰਿਆਨੰਦ ਨੂੰ ਉਤੱਰ, ਗਾਲਵਾਨੰਦ ਨੂੰ ਕਸ਼ਮੀਰ, ਪੀਪਾ ਅਤੇ ਯੋਗਾਨੰਦ ਨੂੰ ਗੁਜ਼ਰ ਪ੍ਰਦੇਸ਼ ਵਿੱਚ ਰਹਿ ਕੇ ਸਮਾਜ ਸੇਵਾ ਕਰਨ ਲਈ ਤੇ ਧਰਮ ਅਤੇ

ਭਗਤੀ ਦਾ ਪ੍ਰਚਾਰ ਕਰਨ ਦਾ ਆਦੇਸ਼ ਦਿਤਾ। ਕਬੀਰ, ਰੈਦਾਸ, ਪੀਪਾ ਤੇ ਸੇਨ, ਇਹ ਚਾਰੇ ਇੱਕੱਠੇ ਕੰਮ ਕਰਦੇ ਸੀ। ਪੀਪਾ ਦਾ ਪ੍ਰਚਾਰ ਸਥਾਨ ਰਾਜਸਥਾਨ ਸੀ। ਸੇਨ ਨਾਈ ਮੱਧ ਪ੍ਰਦੇਸ਼ ਵਿੱਚ ਰੀਵਾ ਨਰੇਸ਼ ਵੀਰਸਿੰਘ ਦੇਵ ਦੇ ਕੋਲ ਰਹਿੰਦੇ ਸਨ। ਕਬੀਰ-ਰੈਦਾਸ ਦਾ ਪ੍ਰਚਾਰ ਸਥਾਨ ਕਾਸ਼ੀ ਵਿੱਚ ਹੀ ਰਿਹਾ।

ਪ੍ਰੰਤੂ ਗੁਰੂ ਰਵਿਦਾਸ ਜੀ ਨੇ ਜਿਥੇ ਆਪਣੇ ਗੁਰੂ ਰਾਮਾਨੰਦ ਦੀ ਦੀਕਸ਼ਾ ਅਨੁਸਾਰ 'ਸਗੁਣ ਨਿਰਗੁਣ ਏਕ ਵਿਚਾਰ' ਕਹਿ ਕੇ ਵਿਸ਼ਿਸ਼ਟਦਵੈਤਵਾਦੀ ਵੈਸ਼ਨਵ ਭਗਤੀ ਪੱਧਤੀ ਦਾ ਪਾਲਨ ਕੀਤਾ ਉਥੇ ਕਬੀਰ ਨੇ ਮੁਸਲਿਮ ਏਕਈਸ਼ਵਰਵਾਦ ਦੇ ਆਧਾਰ ਤੇ ਨਿਰਗੁਣ ਪੰਥ ਦਾ ਡੰਡਾ ਉਚਾ ਕੀਤਾ। ਸਵਾਮੀ ਜੀ ਦੇ ਸਵਰਗ ਸਿਧਾਰਣ ਮਗਰੋਂ ਕਬੀਰ ਵੈਸ਼ਨਵ ਪੰਥ ਦੇ ਬੰਧਨਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਏ ਅਤੇ ਇਨ੍ਹਾਂ ਨੇ ਸਮਾਜ ਦੇ ਰੂੜੀਗਤ ਬੰਧਨਾਂ ਖਿਲਾਫ਼ ਵਿਦਰੋਹ ਕਰ ਦਿਤਾ। ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ, ਸਭਿਅਤਾ ਅਤੇ ਧਰਮ ਗ੍ਰੰਥਾਂ ਦੀ ਕਰੜੀ ਆਲੋਚਨਾ ਕੀਤੀ। ਪਰੰਤੂ ਸਵਾਮੀ ਰਾਮਾਨੰਦ ਦੇ ਬਾਕੀ ਸਾਰੇ ਸ਼ਿਸ਼ ਅੰਦਰੂਨੀ ਪ੍ਰੇਮ ਅਤੇ ਭਗਤੀ ਨੂੰ ਆਧਾਰ ਬਣਾ ਕੇ ਵੈਸ਼ਨਵ ਪਰੰਪਰਾ ਵਿੱਚ ਬੱਝੇ ਹੋਏ ਤੁਰਦੇ ਗਏ।

ਕੁੱਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਵੈਸ਼ਨਵ ਪਰੰਪਰਾ ਦਾ ਭਾਰਤੀ ਭਗਤੀ ਸਾਹਿਤ ਵਿੱਚ ਅਮਿਟ ਯੋਗਦਾਨ ਹੈ। ਇਸ ਦੀ ਚਰਚਾ ਕੀਤੇ ਬਗੈਰ ਕਦੇ ਵੀ ਭਾਰਤੀ ਭਗਤੀ ਸਾਹਿਤ ਦਾ ਅਧਿਐਨ ਪੂਰਾ ਨਹੀਂ ਹੋ ਸਕਦਾ।

## 3.2 ਨਿਰਗੁਣਵਾਦੀ ਭਗਤੀ ਪਰੰਪਰਾ

ਨਿਰਗੁਣ ਭਗਤੀ ਪਰੰਪਰਾ ਉਤਰੀ ਭਾਰਤ ਦੀ ਵਿਸ਼ਾਲ ਅਤੇ ਲੋਕਪ੍ਰਿਅ ਭਗਤੀ ਪਰੰਪਰਾ ਹੈ।

ਇਥੇ ਨਿਰਗੁਣ ਸ਼ਬਦ ਤੋਂ ਭਾਵ ਹੈ ਗੁਣ ਰਹਿਤ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ [(6)] - ਨਿਰਗੁਣ ਦੇ ਕੋਸ਼ਗਤ ਅਰਥ ਹਨ ਮਾਇਆ ਦੇ ਸਤੋ, ਰਜੋ ਅਤੇ ਤਮੋ ਗੁਣ ਤੋਂ ਰਹਿਤ ਜਾਂ ਸ਼ੁੱਧ ਬ੍ਰਹਮ।

ਜਦਕਿ ਡਾ: ਹਜ਼ਾਰੀ ਪ੍ਰਸਾਦ ਦਿਵੇਦੀ ਦਾ ਮਤ ਹੈ

ਨਿਰਗੁਣ ਤੋਂ ਇਹ ਅਰਥ ਨਿਕਲਦਾ ਹੈ ਕਿ ਭਗਵਾਨ ਸਤ, ਰਜ ਅਤੇ ਤਮ ਗੁਣਾਂ ਤੋਂ ਅਤੀਤ ਹੈ ਅਤੇ ਇਸ ਗੁਣਾਤੀਤ ਰੂਪ ਨਿਰਗੁਣ ਸ਼ਬਦ ਤੋਂ ਪ੍ਰਗਟ ਹੁੰਦਾ ਹੈ।[(7)]

ਸਪੱਸ਼ਟ ਹੈ ਕਿ ਨਿਰਗੁਣ ਦਾ ਸਰਬਪ੍ਰਵਾਨਿਤ ਅਰਥ ਹੈ ਬ੍ਰਹਮ ਦਾ ਗੁਣਤੀਤ ਰੂਪ।

### 3.3.1 *ਨਿਰਗੁਣਵਾਦੀ ਭਗਤੀ ਪਰੰਪਰਾ ਦੀ ਵਿਸ਼ੇਸ਼ਤਾਵਾਂ:*

1) ਨਿਰਗੁਣ ਕਾਵਿਧਾਰਾ ਦਾ ਉਦੈ ਰੂੜੀਵਾਦੀ ਅੰਧਵਿਸ਼ਵਾਸ ਪ੍ਰਧਾਨ ਧਾਰਮਕ ਸੰਪਰਦਾਵਾਂ ਦੀ ਪ੍ਰਤੀਕਿਰਿਆ ਰੂਪ ਵਿੱਚ ਹੋਇਆ।

2) ਇਸ ਧਾਰਾ ਦੇ ਨਾਲ ਜੁੜੇ ਸੰਤਾਂ ਦਾ ਲਕਸ਼ ਨਾ ਤਾਂ ਕਿਸੇ ਸੰਪਰਦਾਇ ਨੂੰ ਜਨਮ ਦੇਣਾ ਸੀ ਤੇ ਨਾ ਹੀ ਉਹ ਕਿਸੇ ਪੰਥ ਦੇ ਅਨੁਯਾਈ ਸੀ।

3) ਇਨ੍ਹਾਂ ਕਵੀਆਂ ਦੀ ਪ੍ਰਵ੍ਰਿਤੀ ਇੱਕ ਸਮਾਨ ਸੀ। ਇਨ੍ਹਾਂ ਨੇ ਆਪਣੇ ਸਮੇਂ ਦੀ ਪ੍ਰਚਲਤ ਧਾਰਮਕ ਅਤੇ ਦਾਰਸ਼ਨਿਕ ਵਿਚਾਰਧਾਰਾਵਾਂ, ਸਾਧਨਾਵਾਂ ਅਤੇ ਸਾਧੂ ਸੰਪ੍ਰਦਾਇ ਦੇ ਆਧਾਰਭੂਤ ਤਤਵਾਂ ਨੂੰ ਆਪਣੇ ਅਨੁਭਵ

ਰਾਹੀਂ ਆਤਮਸਾਤ ਕਰ ਕੇ ਅਤੇ ਆਪਣੀ ਪ੍ਰਤਿਭਾ ਅਤੇ ਪ੍ਰਯੋਗ ਦੇ ਸਾਂਚੇ ਵਿੱਚ ਢਾਲ ਕੇ ਅਨੋਖਾ ਰੂਪ ਦਿਤਾ ਜੋ ਇਨ੍ਹਾਂ ਦੀ ਮੌਲਿਕ ਦੇਣ ਸੀ। ਇਹ ਸੱਚਾਈ ਦੇ ਉਪਾਸਕ ਸਨ। ਇਹ ਝੂਠ ਅਤੇ ਦਿਖਾਵੇ ਤੋਂ ਨਫ਼ਰਤ ਕਰਦੇ ਸਨ। ਇਹੀ ਕਾਰਨ ਹੈ ਕਿ ਜਿਥੇ ਕਿਧਰੇ ਵੀ ਇਨ੍ਹਾਂ ਨੂੰ ਝੂਠ, ਦਿਖਾਵਾ ਜਾਂ ਆਡੰਬਰ ਲੱਭਾ ਇਨ੍ਹਾਂ ਨੇ ਡੱਟ ਕੇ ਉਸ ਦਾ ਵਿਰੋਧ ਕੀਤਾ। ਸੱਚ ਦੇ ਮੰਡਨ ਤੇ ਅੰਮ੍ਰਿਤ ਦੇ ਖੰਡਨ ਦੀ ਇਹ ਪ੍ਰਵ੍ਰਿਤੀ ਬੜੀ ਮਹੱਤਵਪੂਰਨ ਹੈ।

(4) ਨਿਰਗੁਣਵਾਦੀ ਸੰਤ ਨਿਰਗੁਣ ਬ੍ਰਹਮ ਦੇ ਉਪਾਸਕ ਸਨ। ਇਨ੍ਹਾਂ ਨੂੰ ਇਹ ਸ਼ਬਦ ਦੋ ਪਰੰਪਰਾਵਾਂ ਵਿੱਚੋਂ ਮਿਲਿਆ। ਪਹਿਲੀ ਪਰੰਪਰਾ ਨਾਥ ਪੰਥੀਆਂ ਦੀ ਸੀ। ਦੂਜੀ ਵੇਦਾਂਤੀਆਂ ਦੀ।

(5)ਇਨ੍ਹਾਂ ਸੰਤਾਂ ਨੇ ਪ੍ਰਚਲਤ ਸਾਧਨਾ ਵਿਧੀਆਂ ਵਿੱਚ ਸਮਨੈਵ ਸਥਾਪਤ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਨ੍ਹਾਂ ਦੀ ਸਾਧਨਾ ਵਿਧੀਆਂ ਵਿੱਚ ਗਿਆਨ, ਭਗਤੀ ਯੋਗ ਅਤੇ ਵੈਰਾਗ ਉਪਰ ਇੱਕੋ ਜਿਹਾ ਬਲ ਦਿਤਾ ਗਿਆ ਹੈ।

(6)ਨਿਰਗੁਣਵਾਦੀ ਸੰਤਾਂ ਨੇ ਔਖੀ ਵਿੱਚਾਰਧਾਰਾਵਾਂ, ਸਾਧਨਾਵਾਂ ਅਤੇ ਸੰਪ੍ਰਦਾਇੱਕ ਵਿਚਾਰਾਂ ਦਾ ਸਹਜੀਕਰਨ ਕੀਤਾ। ਇਸ ਸਹਜੀਕਰਨ ਕਰ ਕੇ ਇਹ ਮੱਧਕਾਲ ਦੇ ਹੋਰ ਸੰਤਾਂ ਨਾਲੋਂ ਵੱਖਰੇ ਖੜੇ ਨਜ਼ਰ ਆਉਂਦੇ ਹਨ।

(7)ਬੁਧੀਮਤਾ, ਸਦਾਚਾਰ ਪ੍ਰਿਅਤਾ, ਸਮਾਜਿਕ ਅਤੇ ਅਧਿਆਤਮਕ ਸਾਮਵਾਦ, ਵਿਚਾਰਾਤਮਕਤਾ ਆਦਿ ਇਨ੍ਹਾਂ ਸੰਤਾਂ ਦੀਆਂ ਉਲੇਖਯੋਗ ਪ੍ਰਵ੍ਰਿਤੀਆਂ ਹਨ। ਇਨ੍ਹਾਂ ਦੀ ਇਹ ਵਿਸ਼ੇਸ਼ਤਾਵਾਂ ਹੀ ਇਨ੍ਹਾਂ ਨੂੰ ਇੱਕ ਸੂਤਰ ਵਿੱਚ ਬੰਨ੍ਹ ਦਿੰਦੀਆਂ ਹਨ। ਇਸੇ ਲਈ ਇਹ ਸੰਤ ਬਾਕੀ ਦੇ ਸੰਤਾਂ ਦੀ ਪਰੰਪਰਾ ਤੋਂ ਵਿਲੱਖਣ, ਅਲੱਗ ਤੇ ਨਿਰਪੇਖ ਦਿਖਾਈ ਦਿੰਦੇ ਹਨ।

3.3.2 **ਨਿਰਗੁਣ ਸੰਤਾਂ ਦੀ ਇਤਿਹਾਸਕ ਸਥਿਤੀ** : ਨਿਰਗੁਣ ਸਾਹਿਤ ਤੇ ਸੰਤ ਕਵੀਆਂ ਦੀ ਇਤਿਹਾਸਕ ਸਥਿਤੀ ਤੋਂ ਭਾਵ ਕਾਲ ਸਬੰਧੀ ਸੀਮਾ ਤੇ ਵਿਸਤਾਰ ਦੇ ਨਿਰਣੈ ਤੋਂ ਹੈ। ਨਿਰਗੁਣ ਕਾਵਧਾਰਾ ਦੇ ਮੁੱਖ ਪ੍ਰਵਰਤਕ ਸੰਤ ਕਬੀਰ ਮੰਨੇ ਜਾਂਦੇ ਹਨ। ਪਰ ਸੱਚੀ ਗੱਲ ਤਾਂ ਇਹ ਹੈ ਕਿ ਨਿਰਗੁਣ ਕਾਵਿਧਾਰਾ ਦਾ ਬੀਜ ਉਨ੍ਹਾਂ ਤੋਂ ਪਹਿਲਾਂ ਜੈਦੇਵ, ਨਾਮਦੇਵ, ਤ੍ਰਿਲੋਚਨ, ਸਧਨਾ, ਬੇਣੀ, ਰਾਮਾਨੰਦ, ਧੰਨਾ, ਪੀਪਾ, ਸੇਨ ਪਹਿਲਾਂ ਹੀ ਕਰ ਚੁੱਕੇ ਸਨ। ਕਬੀਰ ਨੇ ਕੇਵਲ ਉਨ੍ਹਾਂ ਨੂੰ ਵਿਵਸਥਿਤ ਰੂਪ ਦਿਤਾ, ਪ੍ਰਚਾਰਿਤ ਕੀਤਾ ਅਤੇ ਪ੍ਰਸਾਰਿਤ ਵੀ ਕੀਤਾ। ਲੋਕ ਪ੍ਰਸਿੱਧ ਨਿਮਨ ਲਿਖਤ ਉਕਤ ਇਸ ਤੱਥ ਵੱਲ ਇਸ਼ਾਰਾ ਵੀ ਕਰਦੀ ਹੈ :

***ਭਕੁਤੀ ਦ੍ਰਾਵਿੜ ਉਪਜੀ ਲਾਯੇ ਰਾਮਾਨੰਦ।***

***ਪ੍ਰਕਟ ਕੀਯਾ ਕਬੀਰ ਨੇ ਸਪਤ ਦੀਪ ਨਵਖੰਡ।।***

ਅਗਰ ਇਸ ਉਕਤੀ ਦਾ ਕੋਈ ਸਾਰ ਸਵੀਕਾਰ ਕੀਤਾ ਜਾਵੇ ਤਾਂ ਨਿਰਗੁਣ ਕਾਵਧਾਰਾ ਦਾ ਉਦੈ। 4ਵੀਂ ਸ਼ਤਾਬਦੀ ਵਿੱਚ ਮੰਨਣਾ ਪਵੇਗਾ।

## 3.4 ਨਿਰਗੁਣਵਾਦੀ ਭਗਤੀ ਕਾਵਿ ਧਾਰਾ ਦੀ ਵੰਡ :

ਨਿਰਗੁਣ ਭਗਤੀ ਧਾਰਾ ਨਾਲ ਜੁੜੇ ਕਵੀਆਂ ਦੀ ਰਚਨਾਵਾਂ ਰਾਹੀਂ ਨਿਰਗੁਣ ਕਾਵਿਧਾਰਾ ਦਾ ਜਨਮ ਹੁੰਦਾ ਹੈ। ਨਿਰਗੁਣ ਕਾਵਿਧਾਰਾ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

(ੳ) ਸੂਫ਼ੀ ਕਾਵਿਧਾਰਾ

P.U. LIBRARY CHANDIGARH 692474

(ਅ) ਸੰਤ ਕਾਵਿ

ਸੂਫੀ ਕਾਵਿਧਾਰਾ ਵਿਚ ਸੂਫੀ ਮਤ ਨਾਲ ਜੁੜੇ ਫਕੀਰਾਂ ਦੀ ਰਹੱਸਵਾਦੀ ਸ਼ਾਇਰੀ ਅਤੇ ਪ੍ਰੇਮਾਖਿਆਨ ਸ਼ਾਮਲ ਹਨ। ਇਹ ਕਾਵਿਧਾਰਾ ਮੂਲ ਰੂਪ ਵਿਚ ਇਸਲਾਮ ਧਰਮ ਦੇ ਨਾਲ ਜੁੜੇ ਮੁਸਲਿਮ ਫਕੀਰਾਂ ਦੀ ਕੁੱਖੋਂ ਜਨਮੀ ਹੈ।

ਜਦਕਿ ਸੰਤ ਕਾਵਿਧਾਰਾ ਪ੍ਰਭੂ ਦੇ ਨਿਰਾਕਾਰ ਸਰੂਪ ਦੀ ਉਪਾਸਨਾ ਵਿਚ ਭਾਰਤੀ ਤੇ ਹਿੰਦੂ ਅਧਿਆਤਮਕ ਜਗਤ ਨਾਲ ਜੁੜੇ ਸਾਧੂ ਸੰਤਾਂ ਦੀ ਆਸ਼ੀਸ਼ ਨਾਲ ਜਨਮੀ ਹੈ।

### 3.4.1 ਸੂਫੀ ਕਾਵਿਧਾਰਾ

ਨਿਰਗੁਣ ਭਗਤੀ ਪਰੰਪਰਾ ਦੀ ਚਰਚਾ ਕਦੇ ਵੀ ਸੂਫੀ ਸਾਹਿਤ ਦੀ ਚਰਚਾ ਤੋਂ ਬਿਨਾਂ ਪੂਰੀ ਨਹੀਂ ਹੋ ਸਕਦੀ। ਇਹ ਉਹ ਸਾਹਿਤ ਹੈ, ਜਿਸਨੂੰ ਸੂਫੀ ਫਕੀਰਾਂ ਨੇ ਖੁਦਾ ਦੀ ਇਬਾਦਤ ਵਿਚ ਰਚਿਆ ਅਤੇ ਇਸ ਸਾਹਿਤ ਨਾਲ ਜੁੜਿਆ ਦਰਸ਼ਨ ਸੂਫੀਵਾਦ ਅਖਵਾਇਆ।

ਸੂਫੀਵਾਦ ਬੁਨਿਆਦੀ ਤੌਰ 'ਤੇ ਇਸਲਾਮ ਨਾਲ ਸਬੰਧਿਤ ਵਿਚਾਰਧਾਰਾ ਅਤੇ ਜੀਵਨ ਜੁਗਤ ਹੈ। ਇਸਦੇ ਨਿਕਾਸ ਬਾਰੇ ਅਨੇਕਾਂ ਮਤ ਹਨ। ਕੁਝ ਇਕ ਵਿਚਾਰਵਾਨ ਇਸਨੂੰ ਇਸਲਾਮ ਦੇ ਹੀ ਅੰਦਰੋਂ ਉਪਜੀ ਹੋਈ ਅਧਿਆਤਮਕ ਲਹਿਰ ਮੰਨਦੇ ਹਨ ਪਰ ਦੂਸਰੇ ਵਿਦਵਾਨਾਂ ਦਾ ਮਤ ਹੈ ਕਿ ਇਹ ਵਿਚਾਰਧਾਰਾ ਇਸਲਾਮ ਧਰਮ ਉਪਰ ਪਏ ਬਾਹਰਲੇ ਪ੍ਰਭਾਵਾਂ ਦਾ ਸਿੱਟਾ ਹੈ, ਜਿਨ੍ਹਾਂ ਵਿਚੋਂ ਮੁੱਖ ਰੂਪ ਵਿਚ ਯੂਨਾਨੀ ਫਿਲਾਸਫੀ, ਈਸਾਈ ਮਤ ਅਤੇ ਬੁੱਧ ਮਤ ਦਾ ਪ੍ਰਭਾਵ ਸਭ ਤੋਂ ਵਧੇਰੇ ਮੰਨਿਆ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਹਰ ਵਿਚਾਰਧਾਰਾ ਆਪਣੇ ਅੰਦਰਲੇ ਇਤਿਹਾਸਕ ਵਿਕਾਸ ਅਤੇ ਬਾਹਰਲੇ ਪ੍ਰਭਾਵਾਂ ਦੇ ਕਾਰਨ ਹੀ ਆਪਣਾ ਵਿਲੱਖਣ ਸੁਭਾਅ ਗ੍ਰਹਿਣ ਕਰਦੀ ਹੈ। ਸੂਫੀ ਵਿਚਾਰਧਾਰਾ ਸ਼ੁਰੂ ਤੋਂ ਅਖੀਰ ਤੱਕ ਇਸਲਾਮ ਦੇ ਵਿਆਪਕ ਪ੍ਰਸੰਗ ਨਾਲ ਜੁੜੀ ਰਹਿੰਦੀ ਹੈ ਅਤੇ ਕਿਸੇ ਵੀ ਸੂਫੀ ਨੇ ਇਸਲਾਮ ਦੀ ਵਿਸ਼ਵ ਦ੍ਰਿਸ਼ਟੀ ਨੂੰ ਰੱਦ ਨਹੀਂ ਕੀਤਾ ਹੈ। ਇਹ ਠੀਕ ਹੈ ਕਿ ਉਨ੍ਹਾਂ ਸੂਫੀਆਂ ਨੇ ਕੁਰਾਨ ਸ਼ਰੀਫ ਅਤੇ ਹੋਰ ਇਸਲਾਮੀ ਧਰਮ ਗ੍ਰੰਥਾਂ ਨੂੰ ਰਹੱਸਵਾਦੀ ਅਰਥਾਂ ਵਿਚ ਪੁਨਰ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ।

ਸੂਫ਼ੀ ਸ਼ਬਦ ਦੀ ਉਤਪਤੀ(8) ਸੂਫ, ਸੁਫ਼ਾ, ਸਫ਼ ਅਤੇ ਤਸਵੱਫ਼ ਵਰਗੇ ਕਈ ਸ਼ਬਦਾਂ ਤੋਂ ਮੰਨੀ ਜਾਂਦੀ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਤੌਰ 'ਤੇ 'ਸੂਫ਼' ਅਤੇ 'ਤਸੱਵਫ਼' ਦਾ ਮਹੱਤਵ ਸਭ ਤੋਂ ਵਧੇਰੇ ਹੈ। 'ਸੂਫ਼' ਦਾ ਅਰਥ ਹੈ ਉੱਨ ਦੇ ਕੱਪੜੇ। ਮੁੱਢਲੇ ਸੂਫ਼ੀ ਫ਼ਕੀਰਾਨਾ ਲਿਬਾਸ ਪਹਿਨਦੇ ਸਨ ਜੋ ਸੂਫ਼ ਦਾ ਬਣਿਆ ਹੁੰਦਾ ਸੀ। ਇਸੇ ਲਈ ਹੀ ਸ਼ਾਇਦ ਇਨ੍ਹਾਂ ਲਈ 'ਸੂਫ਼ੀ' ਸ਼ਬਦ ਪ੍ਰਚਲਿਤ ਹੋ ਗਿਆ। 'ਤਸੱਵਫ਼' ਰੱਬੀ ਗਿਆਨ ਦਾ ਸਮਾਨਾਰਥਕ ਹੈ। ਇਹ ਇਸਲਾਮ ਦੇ ਅੰਤਰਮੁਖੀ ਅਧਿਆਤਮਕ ਪੱਖ ਦਾ ਸੂਚਕ ਹੈ। ਸੂਫ਼ੀਆ ਨੇ ਇਸਲਾਮ ਦੇ ਬਾਹਰਮੁਖੀ ਨੇਮ ਵਿਧਾਨਾਂ ਅਤੇ ਕਰਮਕਾਂਢੀ ਵੇਰਵਿਆਂ ਦੀ ਥਾਵੇਂ ਇਸ ਦੇ ਅੰਦਰਲੇ ਅਧਿਆਤਮਕ ਕੇਂਦਰ ਨੂੰ ਦ੍ਰਿੜ ਕਰਨ ਉਪਰ ਵਧੇਰੇ ਬਲ ਦਿੱਤਾ ਹੈ। ਉਹ ਆਪਣੀ ਰਹੱਸਵਾਦੀ ਜੀਵਨ ਵਿਧੀ ਦਾ ਸੋਮਾ ਕੁਰਾਨ ਦੀਆਂ ਆਇਤਾਂ ਵਿਚੋਂ ਤਲਾਸ਼ ਕਰਦੇ ਹਨ।

ਸ਼ਿਪਲੇ ਦੁਆਰਾ ਸੰਪਾਦਿਤ 'ਡਿਸਕਵਰੀ ਔਫ਼ ਵਰਡਜ਼' ਵਿਚ ਬੜੀ ਜ਼ੋਰਦਾਰ ਦਲੀਲਾਂ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸੂਫ਼ੀ ਸ਼ਬਦ ਯੂਨਾਨੀ ਸ਼ਬਦ ਸੋਫੀਆ ਤੋਂ ਬਣਿਆ ਹੈ। ਇਸਦੇ ਅਰਥ ਹਨ ਦਾਨਿਸ਼, ਅਕਲ, ਬੁੱਧੀ।(9)

ਜਦਕਿ ਕੁਝ ਵਿਦਵਾਨਾਂ ਦਾ ਵਿਚਾਰ ਹੈ[10] ਕਿ 'ਸੂਫ਼ੀ' ਸ਼ਬਦ 'ਸੁਫ਼ਾ' ਤੋਂ ਬਣਿਆ ਹੈ। ਸੁਫ਼ਾ ਦਾ ਅਰਥ ਹੈ ਚਬੂਤਰਾ। ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਕਾਲ ਵਿਚ ਕੁਝ ਲੋਕ ਮੱਕੇ ਦੀ ਮਸਜਿਦ ਤੋਂ ਬਾਹਰ ਸੁਫੇ ਤੇ ਹੀ ਬੈਠੇ ਰਹਿੰਦੇ ਸਨ ਅਤੇ ਰਾਤ ਅਲ੍ਹਾ ਦੇ ਜ਼ਿਕਰ ਵਿਚ ਗੁਜ਼ਾਰਦੇ ਸਨ। ਪਰੰਤੂ ਕੁਝ ਹੋਰ ਚਿੰਤਕਾਂ ਦਾ ਵਿਚਾਰ ਹੈ ਕਿ ਇਹ ਸ਼ਬਦ 'ਸਫ਼' ਤੋਂ ਬਣਿਆ ਹੈ। 'ਸਫ਼' ਦਾ ਅਰਥ ਹੈ ਕਤਾਰ ਭਾਵ ਪਹਿਲੀ ਕਤਾਰ ਵਿਚ ਨਮਾਜ਼ ਪੜ੍ਹਨ ਵਾਲੇ ਲੋਕ।

ਪਹਿਲੇ ਦੌਰ ਦੇ ਸੂਫ਼ੀਆਂ ਵਿਚ ਹਸਨ ਬਸਰੀ, ਰਾਬਿਆ ਤੇ ਇਮਾਮ ਜਾਫ਼ਿਰ ਸਾਦਿਕ ਦੇ ਨਾਂ ਲਏ ਜਾ ਸਕਦੇ ਹਨ।

ਪਰ ਮੁੱਢਲੇ ਸੂਫ਼ੀਆਂ ਦੀ ਇਹ ਰਹੱਸਵਾਦੀ ਧਾਰਨਾ ਇਸਲਾਮ ਦੇ ਕੱਟੜ ਅਤੇ ਪਰੰਪਰਾਵਾਦੀ ਚਿੰਤਕਾਂ ਨੂੰ ਇਸਲਾਮ ਦਾ ਵਿਰੋਧ ਜਾਪਦੀ ਸੀ। ਇਸੇ ਲਈ ਮਨਸੂਰ ਵਰਗੇ ਸੂਫੀ ਫਕੀਰਾਂ ਨੂੰ 'ਅਨਲਹਕ' (ਮੈਂ ਰੱਬ ਹਾਂ) ਦਾ ਨਾਹਰਾ ਲਾਉਣ ਤੇ ਸੂਲੀ ਚੜ੍ਹਨਾ ਪਿਆ ਕਿਉਂਕਿ ਜੋ ਪਰੰਪਰਕ ਧਾਰਨਾ ਅਨੁਸਾਰ ਬੰਦਾ ਖੁਦਾ ਦਾ ਰੂਪ ਨਹੀਂ ਹੋ ਸਕਦਾ। ਸਮਾਂ ਪਾ ਕੇ ਇਨ੍ਹਾਂ ਸੂਫੀ ਫਕੀਰਾਂ ਦੀ ਰਹੱਸਵਾਦੀ ਅਤੇ ਅਧਿਆਤਮਕ ਜੀਵਨ-ਵਿਧੀ ਦੀ ਸਾਰਕਥਾ ਪਛਾਣਦਿਆਂ ਹੋਇਆਂ ਇਮਾਮ ਗਜ਼ਾਲੀ ਵਰਗੇ ਫਿਲਾਸਫਰਾਂ ਨੇ ਇਸ ਵਿਚਾਰਧਾਰਾ ਦੇ ਇਸਲਾਮੀ ਪ੍ਰਸੰਗ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਤਾਂ ਜਾ ਕੇ ਸ਼ਰ੍ਹਈ ਇਸਲਾਮ ਵਾਲਿਆਂ ਨੇ ਸੂਫੀਆਂ ਨੂੰ ਸੱਚੇ ਮੁਸਲਿਮ ਫਕੀਰ ਹੋਣ ਦੀ ਪ੍ਰਵਾਨਗੀ ਦਿੱਤੀ।

ਭਾਰਤ ਵਿਚ ਇਸਲਾਮ ਦੀ ਆਮਦ ਪੰਜਾਬ ਵਿਚ ਮੁਸਲਿਮ ਹਮਲਿਆਂ ਨਾਲ ਜੁੜੀ ਹੋਈ ਹੈ। 712 ਈ. ਵਿਚ ਜਦੋਂ ਕਾਸਮ ਨੇ ਸਿੰਧ ਨੂੰ ਫਤਹਿ ਕੀਤਾ ਤਾਂ ਪੰਜਾਬ ਨਾਲ ਵੀ ਇਸਲਾਮ ਦਾ ਪਹਿਲਾ ਸੰਪਰਕ ਸਥਾਪਿਤ ਹੋਇਆ ਕਿਉਂ ਜੋ ਕਾਸਮ ਦੀ ਜਿੱਤ ਦਾ ਘੇਰਾ ਮੁਲਤਾਨ ਤੱਕ ਫੈਲਿਆ ਹੋਇਆ ਸੀ। ਬਾਅਦ ਵਿਚ ਜਦੋਂ ਮਹਿਮੂਦ ਗਜ਼ਨਵੀ ਨੇ ਖੈਬਰ ਦੇ ਰਾਹੀਂ ਭਾਰਤ ਉਤੇ ਹਮਲੇ ਸ਼ੁਰੂ ਕਰ ਦਿੱਤੇ ਤਾਂ ਇਸ ਦਿਸ਼ਾ ਵੱਲੋਂ ਵੀ ਇਸਲਾਮੀ ਸੱਭਿਆਚਾਰ ਦਾ ਫੈਲਾਉ ਸ਼ੁਰੂ ਹੋ ਗਿਆ। ਗਿਆਰ੍ਹਵੀਂ ਸਦੀ ਵਿਚ ਜਦੋਂ ਮਹਿਮੂਦ ਗਜ਼ਨਵੀ ਦੇ ਪੁੱਤਰ ਮਸੂਦ ਨੇ ਪੰਜਾਬ ਤੇ ਹਮਲਾ ਕੀਤਾ ਤਾਂ ਉਸਦੀ ਸੈਨਾ ਦੇ ਨਾਲ ਹੀ ਇਕ ਪ੍ਰਸਿੱਧ ਸੂਫੀ ਵੀ ਲਾਹੌਰ ਆ ਕੇ ਰਹਿਣ ਲੱਗਾ। ਇਸ ਦਾ ਨਾਂ **ਸ਼ੇਖ ਅਲੀ ਮਖਦੂਮ ਰੁਜ਼ਵੀਰੀ** ਸੀ, ਜੋ **ਦਾਤਾ ਗੰਜ ਬਖਸ਼** ਦੇ ਨਾਮ ਨਾਲ ਪ੍ਰਸਿੱਧ ਹੋਇਆ ਹੈ। ਇਸਨੇ ਸੂਫੀ ਮਤ ਦੀ ਵਿਆਖਿਆ ਕਰਨ ਵਾਲੀ ਇਕ ਫਾਰਸੀ ਪੁਸਤਕ **'ਕਸ਼ਫ-ਅਲ-ਮਹਿਜੂਬ'** ਲਿਖੀ। ਇਸ ਸੂਫ਼ੀ ਚਿੰਤਕ ਦਾ ਪੰਜਾਬ ਦੀ ਧਰਤੀ ਤੇ ਆ ਕੇ ਟਿਕਣਾ, ਸੂਫੀ ਵਿਚਾਰਾਂ ਦੇ ਫੈਲਾਉ ਦਾ ਆਰੰਭ ਮੰਨਿਆ ਜਾ ਸਕਦਾ ਹੈ। ਇਸ ਤੋਂ ਦੋ ਸਦੀਆਂ ਬਾਅਦ ਪੰਜਾਬ ਵਿਚ ਇਕ ਹੋਰ ਸੂਫੀ ਫਕੀਰ ਦਾ ਉਦੈ ਹੋਇਆ। ਇਸ ਦਾ ਨਾਮ **ਫਰੀਦੁੱਦੀਨ ਸ਼ਕਰ ਗੰਜ** ਸੀ ਜੋ ਬਾਅਦ ਵਿਚ ਜਾ ਕੇ **ਬਾਬਾ ਫਰੀਦ** ਦੇ ਨਾਮ ਨਾਲ ਪ੍ਰਸਿੱਧ ਹੋਏ। ਇਨ੍ਹਾਂ ਨੇ ਅਜੋਧਨ (ਪਾਕ ਪਟਨ) ਨੂੰ ਆਪਣਾ ਟਿਕਾਣਾ ਬਣਾਇਆ।

ਪੰਜਾਬੀ ਭਾਸ਼ਾ ਵਿਚ ਰਚੀ ਗਈ ਬਾਬਾ ਫ਼ਰੀਦ ਦੀ ਸ਼ਾਇਰੀ ਪੰਜਾਬੀ ਸਾਹਿਤ ਵਿਚ ਸੂਫੀ ਕਾਵਿ ਪਰੰਪਰਾ ਦਾ ਮੁੱਢ ਬੰਨ੍ਹਦੀ ਹੈ। ਇਸ ਰਚਨਾ ਨੂੰ ਆਦਿ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸਿਧਾਂਤ ਦੇ ਅਨੁਕੂਲ ਮੰਨਦਿਆਂ ਹੋਇਆਂ ਆਦਿ ਗ੍ਰੰਥ ਵਿਚ ਸਥਾਨ ਦਿੱਤਾ।

### 3.4.1.1 ਸ਼ੇਖ ਫਰੀਦ:

ਪੰਜਾਬੀ ਸੂਫ਼ੀ-ਕਾਵਿ ਪਰੰਪਰਾ ਦੇ ਮੋਢੀ ਕਵੀ ਸ਼ੇਖ ਫਰੀਦ ਹਨ। ਇਨ੍ਹਾਂ ਦਾ ਜੀਵਨ ਕਾਲ 1173 ਈਸਵੀ ਤੋਂ 1266 ਈਸਵੀ ਤੱਕ ਹੈ। ਇਨ੍ਹਾਂ ਦਾ ਜਨਮ ਜ਼ਿਲ੍ਹਾ ਮੁਲਤਾਨ ਦੇ ਪਿੰਡ ਖੋਤਵਾਲ ਵਿਚ ਹੋਇਆ।

ਇਨ੍ਹਾਂ ਦੇ ਪਿਤਾ ਗਜ਼ਨੀ ਦੇ ਸ਼ਾਹੀ ਖਾਨਦਾਨ ਨਾਲ ਸਬੰਧਿਤ ਸਨ ਅਤੇ ਮਾਂ ਹਜ਼ਰਤ ਅਲੀ ਦੇ ਖਾਨਦਾਨ ਨਾਲ ਸਬੰਧਿਤ ਸੀ। ਉਸ ਸਮੇਂ ਦੇ ਪ੍ਰਸਿੱਧ ਸੂਫ਼ੀ **ਖ਼ਵਾਜਾ ਬ਼ਖਤਿਆਰ ਕਾਕੀ ਅਤੇ ਮੁਈਅਨੁਦੀਨ-ਚਿਸ਼ਤੀ** ਪਾਸੋਂ ਇਨ੍ਹਾਂ ਨੇ ਰੂਹਾਨੀ ਸਿੱਖਿਆ ਪ੍ਰਾਪਤ ਕੀਤੀ। ਬਾਅਦ ਵਿਚ ਸੂਫ਼ੀਆਂ ਦੇ **ਚਿਸ਼ਤੀ ਸੰਪ੍ਰਦਾਇ ਦੇ ਮੁਖੀ** ਬਣੇ ਅਤੇ ਆਪਣੇ ਪ੍ਰਚਾਰ ਦਾ ਕੇਂਦਰ ਪੰਜਾਬ ਦੀ ਧਰਤੀ ਉਤੇ ਅਜੋਧਨ (ਪਾਕ ਪਟਨ) ਨੂੰ ਬਣਾਇਆ। ਇਨ੍ਹਾਂ ਦੇ ਜੀਵਨ ਕਾਲ ਵਿਚ ਹੀ ਇਨ੍ਹਾਂ ਦੀ ਮਾਨਤਾ ਦੂਰ ਦੂਰ ਤਕ ਫੈਲ ਗਈ ਸੀ। **'ਸੀਅਰੁਲ ਔਲੀਆ'** ਪੁਸਤਕ ਦੇ ਲੇਖਕ ਹਜ਼ਰਤ ਕ੍ਰਿਮਾਨੀ ਨੇ ਬਾਬਾ ਫਰੀਦ ਜੀ ਨੂੰ 'ਪੀਰਾਂ ਦਾ ਪੀਰ' ਆਖਿਆ ਹੈ। ਇਸੇ ਤਰ੍ਹਾਂ ਹੀ ਅਮੀਰ ਖ਼ੁਸਰੋ ਵੀ ਬਾਬਾ ਫਰੀਦ ਜੀ ਦਾ ਨਾਮ ਬੜੀ ਸ਼ਰਧਾ ਨਾਲ ਲੈਂਦਾ ਹੈ।

ਸ਼ੇਖ ਫਰੀਦ ਜੀ ਦੀ ਰਚਨਾ ਪੰਜਾਬੀ ਤੋਂ ਬਿਨਾਂ ਅਰਬੀ, ਫਾਰਸੀ ਅਤੇ ਹਿੰਦੀ ਵਿਚ ਵੀ ਮਿਲਦੀ ਹੈ। ਇਨ੍ਹਾਂ ਦੀ ਪੰਜਾਬੀ ਰਚਨਾ ਦਾ ਪ੍ਰਮਾਣਿਕ ਸੰਗ੍ਰਹਿ ਆਦਿ ਗ੍ਰੰਥ ਵਿਚ ਹੈ ਜੋ ਸ਼ਬਦਾਂ ਤੇ ਸ਼ਲੋਕਾਂ ਦੇ ਰੂਪ ਵਿਚ ਹੈ। ਆਦਿ ਗ੍ਰੰਥ ਵਿਚ ਇਨ੍ਹਾਂ ਦੇ ਨਾਮ ਹੇਠ ਦਰਜ ਕੀਤੇ ਗਏ 112 ਸ਼ਲੋਕਾਂ ਦੇ ਨਾਲ ਕੁਝ ਗੁਰੂ ਵਿਅਕਤੀਆਂ ਦੇ ਸ਼ਲੋਕ ਵੀ ਦਰਜ ਕੀਤੇ ਗਏ ਹਨ ਜੋ ਇਕ ਤਰ੍ਹਾਂ ਦੀ ਟਿੱਪਣੀ ਹਨ। ਆਦਿ ਗ੍ਰੰਥ ਤੋਂ ਬਾਹਰਲੀ ਕੁਝ ਹੋਰ ਰਚਨਾ ਵੀ ਹੱਥ-ਲਿਖਤਾਂ ਦੇ ਰੂਪ ਵਿਚ ਪ੍ਰਾਪਤ ਹੈ, ਜਿਸ ਵਿਚ ਸ਼ਲੋਕ, ਸ਼ਬਦ ਅਤੇ ਕਾਫ਼ੀ ਵੀ ਸ਼ਾਮਲ ਹੈ। ਪਰੰਤੂ ਇਸ ਬਾਹਰਲੀ ਰਚਨਾ ਦੀ ਪ੍ਰਮਾਣਿਕਤਾ ਸੰਦੇਹ ਪੂਰਨ ਹੈ।

ਸ਼ੇਖ ਫਰੀਦ ਜੀ ਦੀ ਰਚਨਾ ਪੰਜਾਬੀ ਸੂਫੀ ਕਾਵਿ-ਪਰੰਪਰਾ ਨੂੰ ਸਿਧਾਂਤਕ ਅਤੇ ਸਾਹਿਤਕ ਰੂੜ੍ਹੀਆਂ ਪ੍ਰਦਾਨ ਕਰਦੀ ਹੈ, ਜਿਨ੍ਹਾਂ ਨੂੰ ਬਾਅਦ ਦੇ ਸੂਫੀ ਕਵੀਆਂ ਨੇ ਆਪਣੀ ਸਮਰੱਥਾ ਅਤੇ ਯੋਗਤਾ ਅਨੁਸਾਰ ਗ੍ਰਹਿਣ ਕਰਦੇ ਹੋਏ ਇਸਨੂੰ ਪ੍ਰਫੁੱਲਿਤ ਅਤੇ ਵਿਕਸਿਤ ਕੀਤਾ। ਫ਼ਰੀਦ ਬਾਣੀ ਦੇ ਮੂਲ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਧਾਰਮਿਕ ਚੇਤਨਾ ਕਾਰਜਸ਼ੀਲ ਨਜ਼ਰ ਆਉਂਦੀ ਹੈ। ਇਸ ਕਾਵਿ ਚੇਤਨਾ ਨੂੰ 'ਬਿਰਹਾ' ਤੇ 'ਨੇਹੁੰ' ਦੀ ਥੀਮ ਵਿਚ ਢਾਲ ਕੇ ਪੇਸ਼ ਕੀਤਾ ਗਿਆ ਹੈ।

***ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੈ ਨੇਹੁ।***

***ਚਲਾ ਤ ਭਿਜੇ ਕੰਬਲੀ, ਰਹਾਂ ਤ ਤੁਟੈ ਨੇਹੁ।।***

***(ਸ਼ਲੋਕ, ਫ਼ਰੀਦ)***

ਫਰੀਦ ਬਾਣੀ ਦੀ ਕਾਵਿਕਤਾ ਆਪਣੇ ਪ੍ਰਗਟਾਵੇ ਲਈ ਵਧੇਰੇ ਲੋਕ ਪ੍ਰੱਚਲਿਤ ਕਾਵਿ-ਰੂੜ੍ਹੀਆ ਨੂੰ ਚੁਣਦੀ ਹੈ ਅਤੇ ਪੰਜਾਬ ਦੇ ਸੱਭਿਆਚਾਰਕ ਮਾਹੌਲ ਅਤੇ ਪ੍ਰਕ੍ਰਿਤਿਕ ਮਾਹੌਲ ਵਿਚ ਮਿਲਦੀ ਸਾਮੱਗ੍ਰੀ ਨੂੰ ਹੀ ਕਾਵਿਕ ਪ੍ਰਤੀਕਾਂ ਵਜੋਂ ਵਰਤਦੀ ਹੈ। ਮਿਸਾਲ ਦੇ ਤੌਰ 'ਤੇ ਹੇਠ ਲਿਖੇ ਸ਼ਲੋਕਾਂ ਨੂੰ ਵੇਖਿਆ ਜਾ ਸਕਦਾ ਹੈ।

***'ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ।***

***ਸਭੈ ਵਸਤੂ ਮਿਠੀਆ ਰਬ ਨਾ ਪੁਜਨ ਤੁਧੁ।।'***

***(ਸ਼ਲੋਕ, ਫ਼ਰੀਦ)***

**3.4.1.2 ਸ਼ਾਹ ਹੁਸੈਨ:**

ਸ਼ੇਖ ਫਰੀਦ ਤੋਂ ਬਾਅਦ ਤਕਰੀਬਨ ਤਿੰਨ ਸੌ ਸਾਲ ਤੱਕ ਪੰਜਾਬੀ ਸੂਫੀ ਕਾਵਿ ਦੀ ਕੋਈ ਰਚਨਾ ਪ੍ਰਾਪਤ ਨਹੀਂ। ਇਨ੍ਹਾਂ ਤੋਂ ਬਾਅਦ ਸ਼ਾਹ ਹੁਸੈਨ ਦੀ ਰਚਨਾ ਹੀ ਪ੍ਰਾਪਤ ਹੈ। ਸ਼ਾਹ ਹੁਸੈਨ ਦਾ ਜੀਵਨ ਕਾਲ 1539

ਈਸਵੀ ਤੋਂ 1593 ਈਸਵੀ ਤੱਕ ਹੈ। ਇਹ ਲਾਹੌਰ ਦੇ ਜੰਮਪਲ ਸਨ। ਇਸ ਲਈ ਇਨ੍ਹਾਂ ਦੀ ਰਚਨਾ ਵਿੱਚ ਕੇਂਦਰੀ ਪੰਜਾਬੀ ਦਾ ਰੰਗ ਪ੍ਰਧਾਨ ਹੈ। ਇਨ੍ਹਾਂ ਨੇ ਪਹਿਲੋ ਪਹਿਲ ਅਬੂਬਕਰ ਪਾਸੋਂ ਤਾਲੀਮ ਹਾਸਲ ਕੀਤੀ ਪਰ ਬਾਦ ਵਿਚ ਇਹ ਸੂਫੀ ਫਕੀਰ **ਸ਼ੇਖ ਬਹਿਲੋਲ** ਦੇ ਮੁਰੀਦ ਬਣ ਗਏ। ਸ਼ਾਹ ਹੁਸੈਨ ਦੇ ਨਾਮ ਨਾਲ ਕਈ ਕਹਾਵਤਾਂ ਵੀ ਜੁੜੀਆਂ ਹੋਈਆਂ ਹਨ ਜੋ ਇਨ੍ਹਾਂ ਦੀ ਲੋਕਪ੍ਰਿਅਤਾ ਅਤੇ ਲੋਕ ਪ੍ਰਸਿੱਧੀ ਦਾ ਪ੍ਰਮਾਣ ਹਨ। ਇਹ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਰਹੇ ਹਨ, ਪਰ ਇਨ੍ਹਾਂ ਦੀ ਰਚਨਾ ਆਦਿ ਗ੍ਰੰਥ ਵਿਚ ਸ਼ਾਮਿਲ ਨਹੀਂ ਕੀਤੀ ਗਈ ਜਿਸਦਾ ਕਾਰਣ ਸ਼ਾਇਦ ਗੁਰਮਤਿ ਵਿਚਾਰਧਾਰਾ ਨਾਲੋਂ ਕਿਸੇ ਇਕ ਪੱਖੋਂ ਇਸ ਦਾ ਵਿਰੋਧ ਹੈ।

ਸ਼ਾਹ ਹੁਸੈਨ ਦੀ ਰਚਨਾ ਵਧੇਰੇ **ਕਾਫ਼ੀਆਂ** ਦੇ ਰੂਪ ਵਿਚ ਮਿਲਦੀ ਹੈ। ਡਾ. ਮੋਹਨ ਸਿੰਘ ਦੀਵਾਨਾ[10] ਨੇ ਆਪਣੀ ਪੁਸਤਕ 'ਮੁਕੰਮਲ ਕਲਾਮ ਸ਼ਾਹ ਹੁਸੈਨ ਲਾਹੌਰੀ' ਵਿਚ 162 ਕਾਫੀਆਂ ਦਰਜ ਕੀਤੀਆਂ ਹਨ। ਕਾਫੀ ਦੇ ਰੂਪਾਕਾਰ ਨੂੰ ਸ਼ਾਹ ਹੁਸੈਨ ਤੋਂ ਪਹਿਲਾਂ ਗੁਰੂ ਘਰ ਨੇ ਵੀ ਵਰਤਿਆ ਹੈ ਪ੍ਰੰਤੂ ਸ਼ਾਹ ਹੁਸੈਨ ਨੇ ਇਸ ਰੂਪਾਕਾਰ ਨੂੰ ਪ੍ਰਮੁੱਖਤਾ ਪ੍ਰਦਾਨ ਕਰਕੇ ਸੂਫੀ ਕਲਾਮ ਦਾ ਪ੍ਰਮਾਣਿਕ ਕਾਵਿ-ਰੂਪ ਬਣਾ ਦਿੱਤਾ, ਜਿਸ ਨੂੰ ਬਾਅਦ ਵਿਚ ਬੁਲ੍ਹੇ ਸ਼ਾਹ ਤੇ ਹੋਰ ਸੂਫੀ ਕਵੀਆਂ ਨੇ ਵੀ ਇਸ ਕਾਵਿ ਰੂਪ ਨੂੰ ਅਪਣਾਇਆ।

ਸ਼ਾਹ ਹੁਸੈਨ ਦਾ ਸਬੰਧ ਸੂਫੀਆਂ ਦੇ '**ਮਲਾਮਤੀ**' ਸੰਪਰਦਾਇ ਨਾਲ ਹੈ, ਜਿਸਦੀ ਜੀਵਨ ਜੁਗਤ ਸ਼ਰ੍ਹਾਂ ਦੇ ਵਿਪਰੀਤ ਸੀ। ਭੰਗ, ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ ਅਤੇ ਸ਼ਰ੍ਹਾਂ ਵਿਰੋਧੀ ਵਿਹਾਰ ਮਲਾਮਤੀ ਸੰਪ੍ਰਦਾਇ ਦੇ ਮਤ ਅਨੁਸਾਰ ਮਨੁੱਖ ਨੂੰ ਰੱਬ ਦੇ ਨੇੜੇ ਲੈ ਜਾਣ ਦੇ ਸਾਧਨ ਹਨ ਕਿਉਂ ਜੋ ਇਸ ਕਿਸਮ ਦੀਆਂ ਵਰਜਨਾਵਾਂ ਦੀ ਉਲੰਘਣਾ ਲੋਕਾਂ ਦੀ ਮਲਾਮਤ ਸਹੇੜਨ ਵਾਲੀ ਹੁੰਦੀ ਸੀ। ਜੋ ਸੂਫੀ ਨੂੰ ਖੁਦੀ ਅਤੇ ਤਕਬਰ (ਹੰਕਾਰ) ਤੋਂ ਮੁਕਤ ਕਰ ਦੇਂਦੀ ਸੀ।

ਸ਼ਾਹ ਹੁਸੈਨ ਨੇ ਫ਼ਰੀਦ ਬਾਣੀ ਦੇ ਥੀਮਕ ਤੱਤਾਂ 'ਬਿਰਹਾ' ਅਤੇ 'ਨੇਹੁੰ' ਦਾ ਹੀ ਹੋਰ ਵਿਸਤਾਰ ਕੀਤਾ ਹੈ। ਉਸਦੀ ਰਚਨਾ ਵਿਚ 'ਨੇਹੁੰ', 'ਇਸ਼ਕ' ਦਾ ਰੂਪ ਧਾਰਨ ਕਰ ਲੈਂਦਾ ਹੈ।

***'ਇਸ਼ਕੇ ਦੀ ਸਿਰੇ ਖਾਹੀ ਚਾਈ ਆ***
***ਦਰ ਦਰ ਦੇਨੀਆ ਹੋਕਾ ਵੇ ਲੋਕਾ।'***

***(ਕਾਫ਼ੀ, ਸ਼ਾਹ ਹੁਸੈਨ)***

ਸ਼ਾਹ ਹੁਸੈਨ ਆਪਣੇ ਕਾਵਿ ਪ੍ਰਗਟਾਵੇ ਲਈ ਫਰੀਦ ਬਾਣੀ ਦੇ ਹੀ ਸਥਾਪਿਤ ਕੀਤੇ ਹੋਏ ਪ੍ਰਤੀਮਾਨਾਂ ਨੂੰ ਸਵੀਕਾਰ ਕਰਦਾ ਹੋਇਆਂ ਪੰਜਾਬੀ ਜਨ-ਜੀਵਨ ਅਤੇ ਸੱਭਿਆਚਾਰਕ ਵਿਰਸੇ ਦੀ ਭਰਪੂਰ ਵਰਤੋਂ ਕੀਤੀ ਹੈ। ਉਨ੍ਹਾਂ ਦੇ ਇਸ ਦੇ ਕਲਾਮ ਦੀ ਉਦਾਹਰਣ ਪੇਸ਼ ਹੈ:

***'ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।***
***ਅੰਦਰਿ ਤੂੰ ਹੈ ਬਾਹਰ ਤੂੰ ਹੈ, ਰੋਮ ਰੋਮ ਵਿਚ ਤੂੰ।***
***ਤੂੰ ਹੈ ਤਾਣਾ ਤੂੰ ਹੈਂ ਬਾਣਾ, ਸਭੁ ਕਿਛੁ ਮੇਰਾ ਤੂੰ।***
***ਕਹੈ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀ ਸਭ ਤੂੰ।'***

***(ਕਾਫ਼ੀ, ਸ਼ਾਹ ਹੁਸੈਨ)***

3.4.1.3 **ਸੁਲਤਾਨ ਬਾਹੂ:**

ਸੂਫੀ ਕਵੀਆਂ ਵਿਚ ਸੁਲਤਾਨ ਬਾਹੂ ਦਾ ਵੀ ਆਪਣਾ ਵਿਸ਼ੇਸ਼ ਸਥਾਨ ਹੈ। ਇਸ ਦਾ ਜੀਵਨ ਕਾਲ 1631 ਈਸਵੀ ਤੋਂ 1691 ਈਸਵੀ ਤਕ ਹੈ। ਸ਼ਾਹ ਹੁਸੈਨ ਅਤੇ ਸੁਲਤਾਨ ਬਾਹੂ ਵਿਚਕਾਰ ਤਕਰੀਬਨ ਇਕ ਸਦੀ ਦਾ ਅੰਤਰ ਹੈ। ਇਨ੍ਹਾਂ ਦਾ ਜਨਮ ਪੱਛਮੀ ਪੰਜਾਬ ਵਿਚ ਜ਼ਿਲ੍ਹਾ ਝੰਗ ਦੇ ਇਕ ਪਿੰਡ ਆਵਾਣ ਵਿਚ ਹੋਇਆ। ਬਾਦਸ਼ਾਹ ਸ਼ਾਹ ਜਹਾਨ ਨੇ ਬਾਹੂ ਦੇ ਪਿਤਾ ਬਾਯਜ਼ੀਦ ਨੂੰ ਇਕ ਪਿੰਡ ਜਾਗੀਰ ਵਜੋਂ ਇਨਾਮ ਦਿੱਤਾ ਸੀ। ਬਾਹੂ ਨੇ ਆਪਣੀ ਅਧਿਆਤਮਕ ਸਿੱਖਿਆ **ਹਬੀਬਉਲਾ ਗਦਰੀ** ਅਤੇ **ਸਯਦ ਅਬਦੁਲ ਰਹਿਮਾਨ** ਪਾਸੋਂ ਗ੍ਰਹਿਣ ਕੀਤੀ। ਇਹ ਅਰਬੀ ਅਤੇ ਫਾਰਸੀ ਦੇ ਵਿਦਵਾਨ ਸਨ। ਆਪ ਨੇ ਇਨ੍ਹਾਂ ਭਾਸ਼ਾਵਾਂ ਵਿਚ ਬਹੁਤ ਸਾਰੀਆਂ ਪੁਸਤਕਾਂ ਵੀ ਰਚੀਆਂ ਹਨ ਪਰ ਪੰਜਾਬੀ ਵਿਚ ਇਨ੍ਹਾਂ ਦੀ ਕੁਝ ਸ਼ਹਿਰਫੀਆਂ ਹੀ ਮਿਲਦੀਆਂ ਹਨ, ਇਨ੍ਹਾਂ ਆਖਰੀ ਸ਼ੀਹਰਫੀਆਂ ਦੀ ਤੁੱਕ ਦੇ ਅੰਤ ਤੇ 'ਹੂ' ਸ਼ਬਦ ਵਰਤਿਆ ਗਿਆ ਹੈ ਜੋ ਇਕ ਅਜੀਬ ਤਰ੍ਹਾਂ ਦੀ ਰਾਗਾਤਮਕ ਧੁਨੀ ਉਪਜਾਉਂਦਾ ਹੈ। ਮਿਸਾਲ ਵਜੋਂ

***'ਚੇ ਚੜ੍ਹ ਚੰਨਾ ਤੇ ਕਰ ਰੁਸ਼ਨਾਈ ਤੇ ਜ਼ਿਕਰ ਕਰੇਂਦੇ ਤਾਰੇ ਹੂ***
***ਗਲੀਆਂ ਦੇ ਵਿਚ ਫਿਰਨ ਨਿਮਾਣੇ, ਲਾਲਾਂ ਦੇ ਵਣਜਾਰੇ ਹੂ***
***ਸ਼ਾਲਾ ਕੋਈ ਮੁਸਾਫਰ ਨਾ ਥੀਵੇ ਤੇ ਕੱਖ ਜਿਨ੍ਹਾਂ ਤੋਂ ਭਾਰੇ ਹੂ***
***ਤਾੜੀ ਮਾਰ ਉਡਾ ਨਾ ਬਾਹੂ, ਅਸੀਂ ਆਪੇ ਉਡਣ ਹਾਰੇ ਹੂ।'***

***(ਸੀਹਰਫ਼ੀ, ਸੁਲਤਾਨ ਬਾਹੂ)***

ਸੁਲਤਾਨ ਬਾਹੂ ਦਾ ਸਬੰਧ ਕਾਦਰੀ ਸੰਪ੍ਰਦਾਇ ਨਾਲ ਸੀ ਪਰ ਇਨ੍ਹਾਂ ਨੇ ਸ਼ਾਹ ਹੁਸੈਨ ਦੇ ਮਲਾਮਤੀ ਰੰਗ ਨੂੰ ਕਬੂਲ ਨਹੀਂ ਕੀਤਾ ਸਗੋਂ ਸ਼ਰ੍ਹਾ ਦੀ ਪਾਬੰਦੀ ਦੇ ਅੰਦਰ ਰਹਿੰਦਿਆਂ ਹੋਇਆਂ ਇਸ਼ਕ ਹਕੀਕੀ ਦੇ ਮਾਰਫ਼ਤ ਵਾਲੇ ਰੰਗ ਨੂੰ ਗ੍ਰਹਿਣ ਕੀਤਾ। ਸੁਲਤਾਨ ਬਾਹੂ ਦੇ ਕਲਾਮ ਵਿਚੋਂ ਇਸਦੀ ਮਿਸਾਲ ਇਸ ਤਰ੍ਹਾਂ ਹੈ:

***ਅਲਫ ਈਮਾਨ ਸਲਾਮਤ ਹਰ ਕੋਈ ਮੰਗੇ, ਇਸ਼ਕ ਸਲਾਮਤ ਕੋਈ ਹੂ।***
***ਮੰਗਣ ਈਮਾਨ ਸ਼ਰਮਾਵਨ ਇਸ਼ਕੋਂ, ਦਿਲ ਨੂੰ ਗੈਰਤ ਹੋਈ ਹੂ।***
***ਜਿਸ ਮੰਜ਼ਲ ਨੂੰ ਇਸ਼ਕ ਪਹੁੰਚਾਏ, ਈਮਾਨੇ, ਖਬਰ ਨਾ ਕੋਈ ਹੂ।***
***ਮੇਰਾ ਇਸ਼ਕ ਸਲਾਮਤ ਰਖੀਂ, ਬਾਹੂ ਈਮਾਨੋਂ ਦਿਆਂ ਧਰੋਈ ਹੂ।***

***(ਸੀਹਰਫ਼ੀ, ਸੁਲਤਾਨ ਬਾਹੂ)***

3.4.1.4 **ਸ਼ਾਹ ਸ਼ਰਫ਼ ਬਟਾਲਵੀ:**

ਪੰਜਾਬੀ ਸੂਫੀ ਕਾਵਿ ਧਾਰਾ ਵਿਚ ਸ਼ਾਹ ਸ਼ਰਫ ਨੇ ਵੀ ਆਪਣੀ ਰਚਨਾ ਰਾਹੀਂ ਵੱਡਮੁੱਲਾ ਯੋਗਦਾਨ ਦਿੱਤਾ। ਇਨ੍ਹਾਂ ਦਾ ਜੀਵਨ ਕਾਲ 1624 ਈ. ਤੋਂ 1724 ਈ. ਤੱਕ ਮੰਨਿਆ ਜਾਂਦਾ ਹੈ। ਕਵੀ ਦੇ ਜੀਵਨ ਕਾਲ ਦੀ ਮੁੱਖ ਘਟਨਾ ਪਰਿਵਾਰਕ ਕਲਾ-ਕਲੇਸ਼ ਅਤੇ ਝੂਠੇ ਦੋਸ਼ ਕਾਰਨ ਘਰ-ਬਾਰ ਦਾ ਤਿਆਗ ਕਰਨਾ ਹੈ। ਇਨ੍ਹਾਂ ਨੇ **ਸ਼ੇਖ ਮੁਹੰਮਦ ਫਾਜ਼ਲ** ਨੂੰ ਆਪਣਾ ਮੁਰਸ਼ਦ ਧਾਰਿਆ। ਇਨ੍ਹਾਂ ਦੀ ਰਚਨਾ ਵਿਚ ਵੀ ਸੂਫੀ ਕਾਵਿ ਦੀਆਂ ਪ੍ਰਤੀਨਿਧ ਰੂੜ੍ਹੀਆਂ ਪ੍ਰੇਮ, ਬਿਰਹੋਂ ਅਤੇ ਨੈਤਿਕਤਾ ਮਿਲਦੀਆਂ ਹਨ। ਇਨ੍ਹਾਂ ਦੀ ਰਚਨਾ ਸ਼ੀਹਰਫ਼ੀਆਂ ਅਤੇ ਕਾਫ਼ੀਆਂ ਦੇ ਰੂਪ ਵਿਚ ਮਿਲਦੀ ਹੈ। ਆਪਣੇ ਜੀਵਨ ਦਾ ਬਹੁਤਾ ਹਿੱਸਾ ਲਾਹੌਰ ਵਿਚ ਬਿਤਾਉਣ

ਕਾਰਨ ਸ਼ਰਫ਼ ਨੇ ਕੇਂਦਰੀ ਪੰਜਾਬੀ ਨੂੰ ਹੀ ਆਪਣੀ ਸ਼ਾਇਰੀ ਦਾ ਮਾਧਿਅਮ ਬਣਾਇਆ। ਮਿਸਾਲ ਵਜੋਂ ਇਨ੍ਹਾਂ ਦੀ ਰਚਨਾ ਦੀਆਂ ਕੁਝ ਪੰਗਤੀਆਂ ਵੇਖੀਆਂ ਜਾ ਸਕਦੀਆਂ ਹਨ:

*'ਅਖੀਆਂ ਦੁਖ ਭਰੀਆਂ, ਮੇਰੀ ਵੇਖਣ ਯਾਰ ਤੁਸਾਂ ਨੂੰ।*

*ਡਿਠੇ ਬਾਝੋਂ ਰਹਿਣ ਨਾ ਮੂਲੇ, ਲਗੀ ਚੋਟ ਨੈਨਾਂ ਨੂੰ।*

*ਜੈਂ ਤਨ ਲਗੀ ਸੋ ਤਨ ਜਾਣ, ਗੁੱਝੀ ਵੇਦਨ ਸਾਨੂੰ।*

*ਸ਼ਾਹ ਸ਼ਰਫ਼ ਦਿਲ ਦਰਦ ਘਨੇਰੇ, ਮਾਲਮ ਹਾਲ ਮਿੱਤਰਾਂ ਨੂੰ।'*

*(ਕਾਫ਼ੀ, ਸ਼ਾਹ ਸ਼ਰਫ਼)*

3.4.1.5 ਬੁੱਲ੍ਹੇਸ਼ਾਹ:

ਇਸ ਕਾਲ ਦੇ ਅੰਦਰ ਪੰਜਾਬੀ ਦੇ ਇਕ ਹੋਰ ਪ੍ਰਸਿੱਧ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਦਾ ਜਨਮ ਹੋ ਚੁੱਕਿਆ ਸੀ, ਜਿਸਨੇ ਆਪਣੇ ਕਲਾਮ ਰਾਹੀਂ ਸ਼ਾਹ ਹੁਸੈਨ ਤੋਂ ਬਾਅਦ ਪੰਜਾਬੀ ਸੂਫ਼ੀ-ਕਾਵਿ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਕਵੀ ਨੇ ਕਾਫ਼ੀਆਂ ਲਿਖੀਆਂ, ਅਠਵਾਰੇ ਰਚੇ, ਬਾਰਾਮਾਂਹ ਦੀ ਵੀ ਰਚਨਾ ਕੀਤੀ, ਸ਼ੀਹਰਫ਼ੀਆਂ ਦੀ ਰਚਨਾ ਵੀ ਉਸ ਦੇ ਨਾਂ ਨਾਲ ਜੋੜੀ ਗਈ ਹੈ। ਇਥੋਂ ਤੱਕ ਕਿ ਲੋਕ-ਕਾਵਿ ਦੀ ਵੰਨਗੀ- 'ਗੰਢਾਂ' ਵੀ ਸਾਈਂ ਜੀ ਦੀ ਰਚਨਾ ਵਿਚ ਸ਼ਾਮਿਲ ਹਨ।

ਬੁੱਲ੍ਹੇ ਸ਼ਾਹ (1680-1758) ਦਾ ਪੂਰਾ ਨਾਂ ਅਬਦੁੱਲਾ ਸ਼ਾਹ ਸੀ, ਜਿਸਦੇ ਜਨਮ ਸਮੇਂ ਦਿੱਲੀ ਅਤੇ ਪੰਜਾਬ ਉਤੇ ਔਰੰਗਜ਼ੇਬ ਮੁਗਲ ਸ਼ਹਿਨਸ਼ਾਹ ਦਾ ਰਾਜ ਸੀ। ਇਹ ਉਹ ਸਮਾਂ ਸੀ ਜਦੋਂ ਦਿੱਲੀ ਦੀ ਸ਼ਹਿਨਸ਼ਾਹੀ ਕਾਬਲ ਦੇ ਧਾੜਵੀ ਬਾਦਸ਼ਾਹਾਂ ਨਾਲ ਟਕਰਾ ਰਹੀ ਸੀ ਅਤੇ ਪੰਜਾਬ ਵਿਚ ਸਿੱਖ ਵਿਦਰੋਹ ਕਰ ਰਹੇ ਸਨ। ਇਸਲਾਮ ਦਾ ਪ੍ਰਚਾਰ ਤਲਵਾਰ ਦੇ ਜ਼ੋਰ ਨਾਲ ਕੀਤਾ ਜਾ ਰਿਹਾ ਸੀ। ਇਸ ਸੰਘਰਸ਼ ਦੀ ਦਾਸਤਾਨ ਉਸਦੀ ਕਾਫ਼ੀਆਂ ਵਿਚ ਵੀ ਮਿਲਦੀ ਹੈ:

*ਨਾ ਬਾਤ ਕਹੂੰ ਅਬ ਕੀ, ਨਾ ਬਾਤ ਕਹੂੰ ਤਬ ਕੀ।*

*ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁਨੰਤ ਹੋਤੀ ਸਭ ਕੀ।*

*(ਦੋਹੜਾ, ਬੁਲ੍ਹੇਸ਼ਾਹ)*

ਪਰ ਉਸਦੀ ਕਵਿਤਾ ਦਾ ਮੂਲ ਸਵਰ ਇਸ਼ਕ ਅਤੇ ਸ਼ਰੀਅਤ ਦੀ ਵਿਰੋਧਤਾ ਹੈ।

*ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ (1)*

*ਜਿਉੜਾ ਮਸਜਿਦ ਕੋਲੋਂ ਡਰਿਆ (2)*

*ਡੇਰੇ ਜਾ ਠਾਕਰ ਦੇ ਵੜ੍ਹਿਆ।(3)*

*ਜਿਥੇ ਵਜਦੇ ਨਾਦ ਹਜ਼ਾਰ (4)*

*ਇਸ਼ਕ ਦੀ ਨਵੀਓਂ, ਨਵੀਂ ਬਹਾਰ।।(5)*

*(ਕਾਫ਼ੀ, ਬੁਲ੍ਹੇਸ਼ਾਹ)*

ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਇਸ ਕਾਫ਼ੀ ਰਾਹੀਂ ਵਹਦ-ਉਲ-ਵਜੂਦ ਤੇ ਪਰਮਾਤਮਾ ਦੇ ਸੱਚੇ ਇਸ਼ਕ ਦੀ ਗੱਲ ਛੇੜੀ ਹੈ। ਇਸੇ ਕਾਫ਼ੀ ਵਿਚ ਉਹ ਅੱਗੇ ਵੀ ਲਿਖਦੇ ਹਨ:

*'ਫੂਕ ਮੁਸੱਲਾ, ਭੰਨ ਸਿਟ ਲੋਟਾ,*

*ਨਾ ਫੜ ਤਸਬੀ, ਕਾਸਾ ਸੋਟਾ*

*ਆਸ਼ਿਕ ਕਹਿੰਦੇ ਦੇ ਦੇ ਹੋਕਾ,*

*ਤਰਕ ਹਲਾਲੋਂ ਖਾ ਮੁਰਦਾਰ।'*

***(ਕਾਫ਼ੀ, ਬੁਲ੍ਹੇਸ਼ਾਹ)***

ਬੁੱਲ੍ਹੇਸ਼ਾਹ ਕਾਦਰੀ ਸੰਪਰਦਾਇ ਨਾਲ ਸਬੰਧਿਤ ਸੀ। ਉਸਦੇ ਮੁਰਸ਼ਦ ਦਾ ਸ਼ਾਹ ਇਨਾਇਤ ਕਾਦਰੀ ਸੀ ਜੋ ਜਾਤ ਦਾ ਅਰਾਈਂ ਸੀ ਪਰ ਬੁੱਲ੍ਹਾ ਖੁਦ ਸੱਯਦ ਜਾਤ ਦਾ ਸੀ ਜੋ ਮੁਸਲਮਾਨਾਂ ਵਿਚ ਉੱਚੀ ਜਾਤ ਮੰਨੀ ਜਾਂਦੀ ਹੈ। ਇਸ ਕਾਰਨ ਉਸ ਨੂੰ ਸ਼ਾਹ ਇਨਾਇਤ ਕਾਦਰੀ ਦਾ ਸ਼ਿਸ਼ ਬਨਣ ਕਾਰਣ ਬੜੀ ਪਰਿਵਾਰਕ ਵਿਰੋਧਤਾ ਸਹਿਣੀ ਪਈ। ਸੂਫੀ ਵਿਚਾਰਧਾਰਾ ਨੇ ਬੁੱਲ੍ਹੇ ਸ਼ਾਹ ਦੇ ਰੂਪ ਵਿਚ ਖਾੜਕੂ ਰੂਪ ਧਾਰਨ ਕੀਤਾ।

ਸ਼ਰ੍ਹਾ ਦੀ ਵਿਰੋਧਤਾ, ਉਦਾਰਵਾਦੀ ਵਿਚਾਰਾਂ ਤੇ ਧਰਮ, ਨਸਲ, ਰੰਗ ਰੂਪ ਦੇ ਦੁਫ਼ਰਕੇ ਨੂੰ ਸਵੀਕਾਰ ਨਾ ਕਰਨ ਕਾਰਨ ਬੁੱਲ੍ਹਾ ਹਰਮਨਪਿਆਰਾ ਕਵੀ ਤੇ ਪਹੁੰਚਿਆ ਫਕੀਰ ਬਣ ਗਿਆ।

ਇਨ੍ਹਾਂ ਤੋਂ ਇਲਾਵਾ ਕਈ ਹੋਰ ਸੂਫ਼ੀ ਫ਼ਕੀਰ ਵੀ ਹੋਏ ਹਨ। ਅਲੀ ਹੈਦਰ (1101-1199 ਹਿ.) ਫ਼ਰਦ ਫ਼ਕੀਰ (1720-1790) ਈ. ਵਜ਼ੀਦ ਗੁਲਾਮ ਜੀਲਾਨੀ (1744-1819), ਅਹਿਮਦ ਯਾਰ (1768-1848) ਈ, ਇਮਾਮ ਬਖਸ਼ (1778-1863 ਈ.), ਸ਼ਾਹ ਮੁਹੰਮਦ (1789-1862) ਈ., ਹਾਫ਼ਜ਼ ਮੁਹੰਮਦ (1804-94), ਮੌਲਵੀ ਮੁਹੰਮਦ ਮੁਸਲਿਮ (1805-80), ਮੌਲਵੀ ਅਬਦੁੱਲ ਸਤਾਰ (1823-1913), ਮੌਲਵੀ ਨੂਰ ਮੁਹੰਮਦ ਚਿਸ਼ਤੀ (1244-1275 ਹਿ.), ਮੀਆਂ ਮੁਹੰਮਦ (1830-1904 ਈ.), ਮੌਲਾਨਾ ਗੁਲਾਮ ਨਬੀ (1834-1929 ਈ.), ਮੌਲਾਨਾ ਰੌਸ਼ਨ ਦੀਨ (1836-1922 ਈ.) ਹਾਫਿਜ਼ ਸ਼ਮਸ਼ੁਦੀਨ (1838-1902), ਮੌਲਵੀ ਮੁਹੰਮਦ ਹੁਸੈਨ (1844-1916 ਈ.) ਮੌਲਵੀ ਗੁਲਾਮ ਰਸੂਲ (1228-1291), ਫਜ਼ਲ ਸ਼ਾਹ (1827-1890 ਈ.), ਬਖਸ਼ ਫਕੀਰ (ਜਨਮ 1830 ਈ.), ਮੀਆਂ ਮੁਹੰਮਦ (1830-1904 ਈ.), ਮਾਹੀ ਕੰਬੋਜ਼ (1820-1908 ਈ.), ਅਹਿਮਦ ਅਲੀ ਸਾਈਆਂ (1836-1929 ਈ.) ਆਦਿ।

ਇਸ ਤਰ੍ਹਾਂ ਸੂਫ਼ੀ ਕਾਵਿਧਾਰਾ ਆਪਣੇ ਨਿਰਗੁਣ ਵਾਦੀ ਸਰੂਪ ਨਾਲ ਭਗਤੀ ਕਾਵਿ ਨੂੰ ਅਮੀਰ ਕਰਦੀ ਨਜ਼ਰ ਆਉਂਦੀ ਹੈ।

### 3.4.2 ਪ੍ਰੇਮਾਖਿਆਨ

ਨਿਰਗੁਣ ਕਾਵਿਧਾਰਾ ਨੂੰ ਦੋ ਸ਼ਾਖਾਵਾਂ ਵਿਚ ਵੰਡਿਆ ਜਾ ਸਕਦਾ ਹੈ- ਗਿਆਨ ਮਾਰਗੀ ਅਤੇ ਪ੍ਰੇਮਾ ਮਾਰਗੀ। ਗਿਆਨਮਈ ਸ਼ਾਖਾ ਭਾਰਤੀ ਬ੍ਰਹਮ ਗਿਆਨ ਅਤੇ ਯੋਗਸਾਧਨਾ ਨੂੰ ਲੈ ਕੇ ਚਲਦੀ ਹੈ ਅਤੇ ਦੂਸਰੀ ਸ਼ਾਖਾ ਉਨ੍ਹਾਂ ਸੂਫੀ ਕਵੀਆਂ ਦੀ ਹੈ ਜਿਨ੍ਹਾਂ ਨੇ ਪ੍ਰੇਮਗਾਥਾਵਾਂ ਦੇ ਰੂਪ ਵਿਚ ਉਨ੍ਹਾਂ ਪ੍ਰੇਮ ਤੱਤਾਂ ਦਾ ਵਰਣਨ ਕੀਤਾ ਹੈ, ਜਿਹੜੇ ਈਸ਼ਵਰ ਨੂੰ ਮਿਲਾਉਣ ਵਾਲੇ ਹਨ ਅਤੇ ਜਿਸਦੀ ਅਨੁਭੂਤੀ ਲੌਕਿਕ ਪ੍ਰੇਮ ਦੇ ਰੂਪ ਵਿਚ ਮਿਲਦੀ ਹੈ। ਇਨ੍ਹਾਂ ਸਾਧਕ ਕਵੀਆਂ ਨੇ ਲੌਕਿਕ ਪ੍ਰੇਮ ਦੇ ਬਹਾਨੇ ਜਿਸ ਪ੍ਰੇਮ ਤੱਤ ਨੂੰ ਆਪਣੀ ਕਲਪਿਤ

ਕਹਾਣੀਆਂ ਰਾਹੀਂ ਪੇਸ਼ ਕੀਤਾ ਹੈ, ਉਹ ਨਾ ਸਿਰਫ ਪ੍ਰੇਮ ਦਾ ਭਗਤੀ ਦੇ ਰਾਹ ਵਿਚ ਮਹੱਤਵ ਉਜਾਗਰ ਕਰਦਾ ਹੈ ਸਗੋਂ ਭਗਤੀ ਕਾਲ ਵਿਚ ਪ੍ਰੇਮਾਖਿਆਨ ਪਰੰਪਰਾ ਦਾ ਮੁੱਢ ਵੀ ਬੰਨ੍ਹਦਾ ਹੈ। ਆਚਾਰਿਆ ਰਾਮਚੰਦਰ ਸ਼ੁਕਲ ਨੇ **'ਮਿਰਗਾਵਤੀ'**(1502) ਦੇ ਰਚੇਤਾ ਕੁਤਬੱਨ ਨੂੰ ਇਸ ਪਰੰਪਰਾ ਦਾ ਪਹਿਲਾ ਕਵੀ ਮੰਨਿਆ ਹੈ ਜਦਕਿ ਅਚਾਰਿਆ ਹਜ਼ਾਰੀ ਪ੍ਰਸਾਦ ਨੇ ਈਸ਼ਵਰਦਾਸ ਦੀ **'ਸਤਯਵਤੀ ਕਥਾ'** (1500) ਨੂੰ ਇਸ ਪਰੰਪਰਾ ਦੀ ਪਹਿਲੀ ਰਚਨਾ ਦੇ ਰੂਪ ਵਿਚ ਵਰਣਿਤ ਕੀਤਾ ਹੈ। ਡਾ. ਰਾਮਕੁਮਾਰ ਵਰਮਾ ਨੇ ਮੁੱਲਾ ਦਾਊਦ ਦੇ **'ਚੰਦਾਯਨ'** (1371) ਨੂੰ ਇਸ ਪਰੰਪਰਾ ਦਾ ਪਰਵਰਤਕ ਮੰਨਿਆ ਹੈ, ਪਰ ਇਨ੍ਹਾਂ ਸਾਰੇ ਵਿਦਵਾਨਾਂ ਦਾ ਧਿਆਨ ਪ੍ਰਾਚੀਨ 'ਪ੍ਰੇਮਾਖਿਆਨ' **'ਹੰਸਾਵਲੀ'** ਦੇ ਵੱਲ ਨਹੀਂ ਗਿਆ, ਜਿਸਦੀ ਰਚਨਾ ਅਸਾਈਤ ਦੁਆਰਾ 1360 ਈ. ਵਿਚ ਹੋਈ ਸੀ। ਇਸ ਤੋਂ ਪਹਿਲਾਂ ਦਾ ਕੋਈ ਪ੍ਰੇਮਾਖਿਆਨ-ਕਾਵਿ ਭਗਤੀ ਕਾਲ ਵਿਚ ਉਪਲੱਭਧ ਨਹੀਂ ਹੁੰਦਾ ਹੈ, ਇਸੇ ਲਈ ਜਦ ਤੱਕ ਕੋਈ ਹੋਰ ਪ੍ਰਾਚੀਨ ਪ੍ਰੇਮਾਖਿਆਨ ਪ੍ਰਾਪਤ ਨਹੀਂ ਹੋ ਜਾਂਦਾ, ਤਦ ਤੱਕ ਇਸੇ ਨੂੰ ਇਸ ਪਰੰਪਰਾ ਦੇ ਪਰਵਰਤਕ ਕਾਵਿ ਦੇ ਰੂਪ ਵਿਚ ਸਵੀਕਾਰ ਕਰਨਾ ਚਾਹੀਦਾ ਹੈ। ਇਨ੍ਹਾਂ ਪ੍ਰੇਮਾਖਿਆਨ ਤੇ ਉਨ੍ਹਾਂ ਦੇ ਰਚੇਤਾ ਦਾ ਵੇਰਵਾ ਇਸ ਪ੍ਰਕਾਰ ਹੈ:

3.4.2.1 **ਹੰਸਾਵਲੀ** : ਇਸ ਪ੍ਰੇਮਾਖਿਆਨ ਵਿਚ ਰਾਜਸਥਾਨੀ ਭਾਸ਼ਾ ਦੇ ਪ੍ਰਾਚੀਨ ਰੂਪ ਦਾ ਪ੍ਰਯੋਗ ਹੋਇਆ ਹੈ। ਉਸ ਸਮੇਂ ਤੱਕ ਗੁਜਰਾਤੀ ਭਾਸ਼ਾ ਰਾਜਸਥਾਨੀ ਤੋਂ ਅਲਗ ਨਹੀਂ ਹੋਈ ਸੀ। ਇਸੇ ਲਈ ਗੁਜਰਾਤੀ ਦੇ ਵਿਦਵਾਨ ਇਸ ਨੂੰ ਪ੍ਰਾਚੀਨ ਗੁਜਰਾਤੀ ਦਾ ਗ੍ਰੰਥ ਵੀ ਮੰਨਦੇ ਹਨ। ਪਰ ਜਿਸ ਤਰ੍ਹਾਂ ਡਾਕਟਰ ਮੋਤੀਲਾਲ ਮੇਨਾਰਿਆ ਨੇ 'ਰਾਜਸਥਾਨੀ ਭਾਸ਼ਾ ਅਤੇ ਸਾਹਿਤ'[11] ਵਿਚ ਸਪਸ਼ਟ ਕੀਤਾ ਹੈ, ਭਾਸ਼ਾ ਦੀ ਨਿਗਾਹ ਤੋਂ ਇਸ ਨੂੰ ਰਾਜਸਥਾਨੀ ਹਿੰਦੀ ਵਿੱਚ ਸਥਾਨ ਦਿੱਤਾ ਜਾ ਸਕਦਾ ਹੈ। ਕਵੀ ਅਸਾਈਤ ਨੇ ਇਸ ਰਚਨਾ ਦਾ ਰਚਨਾ ਸਰੋਤ ਵਿਕਰਮ ਅਤੇ ਬੇਤਾਲ ਦੀ ਕਥਾ ਨੂੰ ਮੰਨਿਆ ਹੈ।

3.4.2.2 **ਚੰਦਾਯਾਨ** : ਇਹ ਪ੍ਰੇਮਾਖਿਆਨ ਪਰੰਪਰਾ ਦਾ ਦੂਜਾ ਕਾਵਿ ਹੈ, ਜਿਸਦੀ ਰਚਨਾ ਮੁਲਾ ਦਾਊਦ ਦੁਆਰਾ 1371 ਈ. ਵਿਚ ਹੋਈ ਸੀ। ਇਸਦੇ ਭਿੰਨ ਪਾਠ ਪ੍ਰਾਪਤ ਹੋਏ ਹਨ- ਡਾ. ਮਾਤਾ ਪ੍ਰਸਾਦ ਨੇ ਇਸ ਗ੍ਰੰਥ ਦਾ ਮੂਲ ਨਾਂ 'ਲੋਰ ਕਹਾਂ' ਜਾਂ 'ਲੋਰ ਕਥਾ' ਮੰਨਿਆ ਹੈ, ਪਰ ਉਹ ਇਸਦੀ ਪ੍ਰਸਿੱਧੀ 'ਚੰਦਾਯਾਨ' ਦੇ ਰੂਪ ਵਿਚ ਵੀ ਸਵੀਕਾਰ ਕਰਦੇ ਹਨ। ਡਾ. ਪਰਮੇਸ਼ਵਰੀ ਲਾਲ ਗੁਪਤ ਨੇ ਇਸਦਾ ਇਕ ਪਾਠ ਚੰਦਾਯਾਨ ਨਾਂ ਨਾਲ ਪ੍ਰਸਤੁਤ ਕੀਤਾ ਹੈ। ਪਰ ਹੁਣ ਇਸਦੇ ਨਾਂ 'ਚੰਦਾਪਨ' ਜਾਂ 'ਚੰਦਾਯਾਨ' ਹੀ ਮੰਨੇ ਜਾਂਦੇ ਹਨ।

3.4.2.3 **ਲਖਮਸੇਨ ਪਦਮਾਵਤੀ ਕਥਾ** : ਇਸਦੀ ਰਚਨਾ ਦਾਮੋ ਜਾਂ ਦਾਮੋਦਰ ਕਵੀ ਨੇ 1451 ਈ. ਵਿਚ ਕੀਤੀ ਸੀ। ਆਪ ਕਵੀ ਨੇ ਇਸ ਨੂੰ 'ਵੀਰ ਕਥਾ' ਕਿਹਾ ਹੈ, ਪਰ ਵਾਸਤਵ ਵਿਚ ਇਸਦੇ ਵਿਚ ਰਾਜਾ ਲਖਮਨਸੇਨ ਅਤੇ ਰਾਜਕੁਮਾਰੀ ਪਦਮਾਵਤੀ ਦੇ ਪਹਿਲੇ ਮਿਲਨ ਅਤੇ ਪ੍ਰੇਮ ਦਾ ਚਿੱਤਰਨ ਰੋਮਾਨੀ ਸ਼ੈਲੀ ਵਿਚ ਕੀਤਾ ਗਿਆ ਹੈ।

3.4.2.4 **ਭਗਤੀ ਕਾਲ ਦੀ ਸਤਯਵਤੀ ਕਥਾ** : ਇਸ ਰਚਨਾ (1501) ਦੇ ਰਚੇਤਾ ਈਸ਼ਵਰ ਦਾਸ ਸਨ, ਜਿਹੜੇ ਸਰਗੁਣ ਭਗਤ ਸਨ। ਪਰ ਅਚਾਰਿਆ ਸ਼ੁਕਲ ਨੇ ਇਸ ਨੂੰ ਕਿਸੇ ਵੀ ਧਾਰਾ ਵਿਚ ਸਥਾਨ ਦੇਣਾ ਉਚਿਤ ਨਹੀਂ ਸਮਝਿਆ। ਪਰੰਤੂ ਪ੍ਰੇਮ ਅਤੇ ਵਿਰਹ ਦੇ ਨਿਰੂਪਨ ਅਤੇ ਅਵੱਧੀ ਭਾਸ਼ਾ, ਦੋਹਾ-ਚੌਪਾਈ-ਸ਼ੈਲੀ ਆਦਿ ਦੇ ਪੱਖੋਂ ਇਹ ਹਿੰਦੀ ਪ੍ਰੇਮਾਖਿਆਨ ਪਰੰਪਰਾ ਦੀ ਉੱਤਮ ਕੋਟੀ ਦੀ ਰਚਨਾ ਮੰਨੀ ਜਾ ਸਕਦੀ ਹੈ। ਕਵੀ ਨੇ ਆਤਮ ਪਰਿਚੈ ਦੇਣ ਅਤੇ ਕਥਾ ਦੇ ਰਚਨਾ ਕਾਲ ਦਾ ਨਿਰਦੇਸ਼ ਕਰਨ ਦੇ ਨਾਲ-ਨਾਲ ਤਤਕਾਲੀਨ ਬਾਦਸ਼ਾਹ ਦਾ ਵਰਣਨ ਵੀ ਰਚਨਾ ਵਿਚ ਕੀਤਾ ਹੈ। ਕਥਾਨਕ ਦਾ ਸਬੰਧ ਰਾਜਕੁਮਾਰੀ ਸਤਯਵਤੀ ਅਤੇ ਰਾਜਕੁਮਾਰ ਰਿਤੁਪਰਨ ਦੇ ਪਹਿਲੇ ਪ੍ਰੇਮ ਮਿਲਣ ਦੇ ਪ੍ਰਸੰਗ ਤੋਂ ਹੈ।

3.4.2.5 **ਮਿਰਗਾਵਤੀ** : ਕੁਤਬਨ-ਕ੍ਰਿਤ 'ਮਿਰਗਾਵਤੀ (1503) ਵਿਚ ਨਾਇਕ ਰਾਜਕੁਮਾਰ ਅਤੇ ਨਾਇਕਾ ਮਿਰਗਾਵਤੀ ਦੇ ਪਹਿਲੇ ਪ੍ਰੇਮ ਮਿਲਣ ਦਾ ਨਿਰੂਪਨ ਭਾਵਾਤਮਕ ਸ਼ੈਲੀ ਵਿਚ ਹੋਇਆ ਹੈ। ਪਰੰਪਰਾਗਤ ਪ੍ਰੇਮਾਖਿਆਨਾ ਦੀਆਂ ਤਿੰਨ ਪ੍ਰਵਿਰਤੀਆਂ ਵੀ ਇਸ ਵਿਚ ਮਿਲਦੀਆਂ ਹਨ। ਮਿਰਗਾਵਤੀ ਨੂੰ ਪਾਉਣ ਲਈ ਨਾਇਕ ਯੋਗੀ ਦਾ ਵੇਸ਼ ਧਾਰਨ ਕਰਕੇ ਘਰੋਂ ਨਿਕਲ ਪੈਂਦਾ ਹੈ ਅਤੇ ਰਸਤੇ ਵਿਚ ਇੱਕ ਹੋਰ ਸੁੰਦਰੀ ਨੂੰ ਕਿਸੇ ਰਾਕਸ਼ ਦੇ ਚੁੰਗਲ ਤੋਂ ਛੁਡਾ ਕੇ ਉਸ ਨਾਲ ਵਿਆਹ ਕਰਦਾ ਹੋਇਆ ਅੰਤ ਵਿਚ ਮਿਰਗਾਵਤੀ ਨੂੰ ਪਾਉਣ ਵਿਚ ਸਫਲ ਹੋ ਜਾਂਦਾ ਹੈ। ਕਥਾ ਦਾ ਅੰਤ ਅਪਭ੍ਰਸ਼ ਦੇ ਜੈਨ-ਕਵੀਆਂ ਦੀ ਪਰੰਪਰਾ ਦੇ ਅਨੁਸਾਰ ਸ਼ਾਂਤ ਰਸ ਵਿਚ ਹੁੰਦੀ ਹੈ, ਕਿਉਂਕਿ ਨਾਇਕ ਦੀ ਮੌਤ ਤੋਂ ਬਾਅਦ ਨਾਇਕਾਵਾਂ ਦਾ ਸਤੀ ਹੋਣਾ ਦਿਖਾਇਆ ਗਿਆ ਹੈ। ਇਸਦੀ ਭਾਸ਼ਾ ਅਵੱਧੀ ਹੈ ਅਤੇ ਚੌਪਾਈ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸ਼ੈਲੀ ਵਿਚ ਸਰਲਤਾ, ਸਰਸਤਾ ਅਤੇ ਪ੍ਰਵਾਹ ਮਿਲਦਾ ਹੈ।

3.4.2.6 **ਮਾਧਵਾਨਲ ਕਾਮਕੰਦਲਾ** : 'ਮਾਧਵਾਨਲ ਕਾਮਕੰਦਲਾ' (1527) ਦੇ ਰਚੇਤਾ ਗਨਪਤੀ ਨੇ ਨਾਇਕ ਮਾਧਵ ਅਤੇ ਨਾਇਕ ਕਾਮਕੰਦਲਾ ਦੇ ਪ੍ਰੇਮ ਦਾ ਨਿਰੂਪਨ ਬੜੀ ਹੀ ਰੁਮਾਂਚਕ ਸ਼ੈਲੀ ਵਿਚ ਕੀਤਾ ਹੈ। ਨਾਇਕ, ਕਾਮਕੰਦਲਾ ਦੀ ਨ੍ਰਿਤ ਕਲਾ ਤੇ ਮੋਹਿਤ ਹੋ ਕੇ ਉਸ ਨਾਲ ਪ੍ਰੇਮ ਕਰਨ ਲੱਗਦਾ ਹੈ ਅਤੇ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਨ ਤੋਂ ਬਾਅਦ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਦੀ ਭਾਸ਼ਾ ਰਾਜਸਥਾਨੀ ਹੈ। ਕਾਵਿ ਦੇ ਅਰੰਭ ਵਿਚ ਕਵੀ ਨੇ ਆਪਣਾ ਪਰਿਚੈ ਦੇਣ ਤੋਂ ਪਹਿਲਾਂ ਕਾਮਦੇਵ ਦੀ ਸਤੂਤੀ ਕੀਤੀ ਹੈ। ਭਾਰਤੀ ਕਥਾ ਕਾਵਿ ਦੀਆਂ ਸਾਰੀਆਂ ਪ੍ਰਵਿਤੀਆਂ ਇਸ ਰਚਨਾ ਵਿਚ ਪਾਈਆਂ ਜਾਂਦੀਆਂ ਹਨ। ਛੰਦ ਯੋਜਨਾ ਦੇ ਪੱਖੋਂ ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਕੇਵਲ ਦੋਹਿਆਂ ਦਾ ਪ੍ਰਯੋਗ ਕੀਤਾ ਗਿਆ ਹੈ। ਪ੍ਰੇਮ ਅਤੇ ਵੀਰਤਾ ਦੇ ਤੱਤਾਂ ਤੋਂ ਇਲਾਵਾ ਧਾਰਮਿਕ ਤੱਤਾਂ ਅਤੇ ਨੈਤਿਕ ਉਪਦੇਸ਼ ਵੀ ਪਾਏ ਜਾਂਦੇ ਹਨ। ਕਾਵੀ ਪੱਖੋਂ ਵੀ ਰਚਨਾ ਉਤਮ ਪੱਧਰ ਦੀ ਹੈ।

3.4.2.7 **ਪਦਮਾਵਤ : ਮਲਿਕ ਮੁਹੰਮਦ ਜਾਇਸੀ** - ਪਦਮਾਵਤ (1540) ਕ੍ਰਿਤ ਮਲਿਕ ਮੁਹੰਮਦ ਜਾਇਸੀ ਨੂੰ ਇਸ ਪਰੰਪਰਾ ਦਾ ਪ੍ਰਸਿੱਧ ਕਾਵਿ ਮੰਨਿਆ ਜਾਂਦਾ ਹੈ। ਇਸ ਵਿਚ ਚਿਤੌੜ ਦੇ ਰਾਜਾ ਰਤਨਸੇਨ ਅਤੇ ਸਿੰਗਲ ਦੀ ਰਾਜਕੁਮਾਰੀ ਪਦਮਾਵਤੀ ਦੇ ਪ੍ਰੇਮ, ਵਿਆਹ ਅਤੇ ਵਿਆਹ ਉਪਰੰਤ ਜੀਵਨ ਦਾ ਚਿੱਤਰਨ ਕੀਤਾ ਹੈ। ਇਸ ਦੀ ਕਥਾਵਸਤੂ ਨੂੰ ਆਲੋਚਕਾਂ ਨੇ ਦੋ ਖੰਡਾਂ ਵਿਚ ਵੰਡਿਆ ਹੈ। ਰਤਨਸੇਨ ਪਦਮਾਵਤੀ ਦੇ ਵਿਆਹ ਤੱਕ ਪਹਿਲਾ ਭਾਗ ਅਤੇ ਸ਼ੇਸ਼ ਉਤਰਾਭਾਗ - ਵਿਚ ਵੰਡਿਆ ਹੈ ਤੇ ਪਹਿਲੇ ਭਾਗ ਨੂੰ ਕਲਪਿਤ ਅਤੇ ਉਤਰਾਭਾਗ ਨੂੰ ਇਤਿਹਾਸਕ ਮੰਨਿਆ ਹੈ, ਪਰ ਹੁਣ ਇਹ ਦੋਵੇਂ ਵਿਸ਼ੇ ਹੀ ਵਿਵਾਦਾਂ ਵਿਚ ਹਨ। ਸਮੱਗਰ ਰੂਪ ਵਿਚ ਇਹ ਅਤਿਅੰਤ ਉਤਮ ਕੋਟੀ ਦਾ ਕਾਵਿ ਪ੍ਰਬੰਧ ਹੈ। ਜਿਸਦੀ ਤੁਲਨਾ ਵਿਚ 'ਰਾਮਚਰਿਤਮਾਨਸ' ਅਤੇ 'ਕਾਮਾਯਨੀ' ਵਰਗੇ ਕੁਝ ਕਾਵਿ ਵੀ ਰੱਖੇ ਜਾ ਸਕਦੇ ਹਨ। 'ਪਦਮਾਵਤ' ਦੇ ਇਲਾਵਾ ਜਾਇਸੀ ਦੁਆਰਾ ਰਚਿਤ ਹੋਰ ਵੀ ਕਾਵਿ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿਚੋਂ 'ਅੱਖਰਾਵਟ', 'ਆਖਰੀ ਕਲਾਮ', 'ਚਿੱਤਰਰੇਖਾ', 'ਕਹਿਰਨਾਮਾ', 'ਮਸਲਾਨਾਮਾ' ਆਦਿ ਵਰਣਿਤ ਹਨ। ਇਨ੍ਹਾਂ ਵਿਚੋਂ 'ਚਿੱਤਰਰੇਖਾ' ਇਕ ਲਘੂ ਪ੍ਰੇਮਾਖਿਆਨ ਹੈ, ਜਦਕਿ ਬਾਕੀ ਛੋਟੀ ਛੋਟੀ-ਛੋਟੀ ਰਚਨਾਵਾਂ ਹਨ, ਜੋ ਕਵੀ ਦੀ ਵਿਚਾਰਧਾਰਾ ਦੇ ਪੱਖੋਂ ਅਤੇ ਨਵੇਂ ਨਵੇਂ ਪ੍ਰਯੋਗਾਂ ਦੇ ਅਧਿਐਨ ਪੱਖੋਂ ਮਹੱਤਵਪੂਰਨ ਹਨ।

3.4.2.8 **ਮਧੁਮਾਲਤੀ**: ਮੰਝਲ ਕ੍ਰਿਤ 'ਮਧੁਮਾਲਤੀ' ਵਿਚ ਨਾਇਕ ਨਾਇਕਾ ਦੇ ਪਹਿਲੇ ਪ੍ਰੇਮ ਮਿਲਣ ਦੇ ਨਾਲ ਨਾਲ ਪਿਛਲੇ ਜਨਮ ਦੇ ਸੰਸਕਾਰਾਂ ਨੂੰ ਵੀ ਦਿਖਾਇਆ ਗਿਆ ਹੈ। ਅਵਧੀ ਭਾਸ਼ਾ ਅਤੇ ਦੋਹਾ ਚੌਪਾਈ ਦਾ ਪ੍ਰਯੋਗ ਇਸ ਰਚਨਾ ਵਿਚ ਹੋਇਆ ਹੈ ਅਤੇ ਇਸਦੀ ਸ਼ੈਲੀ ਵਿਚ ਸਰਲਤਾ ਅਤੇ ਸਰਸਤਾ ਵਿਖਾਈ

ਦਿੰਦੀ ਹੈ।

3.4.2.9 **ਢੋਲਾ ਮਾਰੂ ਦਾ ਦੋਹਾ**: ਕਲੋਲ ਕਵੀ ਦੁਆਰਾ ਰਚਿਤ 'ਢੋਲਾ ਮਾਰੂ ਦਾ ਦੋਹਾ' ਰਾਜਸਥਾਨੀ ਪ੍ਰੇਮਾਖਿਆਨ ਹੈ। ਜਿਸਨੂੰ ਸ੍ਰੀ ਨਰੋਤਮਦਾਸ ਸੁਆਮੀ ਨੇ 1313 ਈ. ਤੋਂ ਪਹਿਲਾਂ ਦਾ ਮੰਨਿਆ ਹੈ, ਜਦਕਿ ਡਾ. ਮੋਤੀਲਾਲ ਮਨੇਰਿਆ ਦੇ ਆਂਤਰਿਕ ਗਵਾਹੀਆਂ ਦੇ ਅਧਾਰ ਤੇ ਇਸਨੂੰ 1473 ਈ. ਦਾ ਸਿੱਧ ਕੀਤਾ ਗਿਆ ਹੈ। ਇਸ ਕਾਵਿ ਵਿਚ ਨਰਵਰ ਦੇਸ਼ ਦੇ ਰਾਜਕੁਮਾਰ ਢੋਲਾ ਅਤੇ ਪੁੰਗਲ ਦੇਸ਼ ਦੀ ਰਾਜਕੁਮਾਰੀ ਮਾਰਵਣੀ ਦੇ ਵਿਆਹ ਤੋਂ ਪਹਿਲਾਂ ਅਤੇ ਬਾਅਦ ਦੇ ਪ੍ਰੇਮ ਦਾ ਵਰਣਨ ਕੀਤਾ ਹੈ।

ਕਾਵਿ ਸ਼ੈਲੀ ਦੇ ਪੱਖੋਂ ਵੀ ਇਹ ਪਰੰਪਰਾਗਤ ਪ੍ਰੇਮਾਖਿਆਨਾਂ ਤੋਂ ਭਿੰਨ ਹੈ। ਇਸ ਵਿਚ ਕੇਵਲ ਦੋਹਿਆਂ ਦਾ ਪ੍ਰਯੋਗ ਹੈ, ਭਾਸ਼ਾ ਪੁਰਾਣੀ ਰਾਜਸਥਾਨੀ ਹੈ। ਇਸ ਲਈ ਵਿਸ਼ੇ ਪ੍ਰਤੀਪਾਦਨ ਅਤੇ ਸ਼ੈਲੀ ਦੋਵੇਂ ਹੀ ਪੱਖਾਂ ਤੋਂ ਇਸਨੂੰ ਰੋਮਾਨੀ ਪ੍ਰੇਮਾਖਿਆਨ ਦੇ ਸਥਾਨ ਤੇ ਵਿਸ਼ੇਸ਼ ਪ੍ਰਕਾਰ ਦਾ ਸ਼ਿੰਗਾਰ -ਕਾਵਿ ਮੰਨਣਾ ਹੀ ਉਚਿਤ ਹੋਵੇਗਾ।

3.4.2.10 **ਮਾਧਵਾਨਲ ਕਾਮਕੰਦਲਾ ਚੌਪਾਈ**: ਇਹ ਇਸੇ ਨਾਮ ਦੇ ਪਹਿਲੇ ਪ੍ਰੇਮਾਖਿਆਨ ਤੇ ਆਧਾਰਿਤ ਕਾਵਿ ਹੈ, ਜਿਸਦੀ ਰਚਨਾ 1553 ਈ. ਵਿਚ ਕੁਸ਼ਲਲਾਭ ਦੁਆਰਾ ਹੋਈ। ਇਸ ਵਿਚ ਨਾਇਕ-ਨਾਇਕਾ ਦੇ ਅਨੇਕ ਜਨਮਾਂ ਦੀ ਕਥਾ ਦਾ ਪ੍ਰਤੀਪਾਦਨ ਬੜੇ ਵਿਸਤਾਰ ਨਾਲ ਕੀਤਾ ਗਿਆ ਹੈ। ਇਸ ਵਿਚ ਚੌਪਾਈਆਂ ਦੇ ਵਿਚ-ਵਿਚ ਦੋਹਿਆਂ, ਸੋਰਠਾ, ਗਾਥਾ ਆਦਿ ਦਾ ਪ੍ਰਯੋਗ ਹੋਇਆ ਹੈ ਅਤੇ ਇਸਦੀ ਭਾਸ਼ਾ ਰਾਜਸਥਾਨੀ ਹੈ।

3.4.2.11 **ਰੂਪਮੰਜਰੀ** : ਅਸ਼ਟਸ਼ਾਪ ਦੇ ਪ੍ਰਸਿੱਧ ਕਵੀ ਨੰਦਦਾਸ ਦੁਅਰਾ ਰਚਿਤ 'ਰੂਪਮੰਜਰੀ' (1561) ਵਿਚ ਪ੍ਰੇਮਾਖਿਆਨ ਪਰੰਪਰਾ ਦੀ ਪਰਵਰਤੀ ਹੋਣ ਦੇ ਨਾਲ ਨਾਲ ਰੂਪਮੰਜਰੀ ਅਤੇ ਕ੍ਰਿਸ਼ਨ ਜੀ ਦੇ ਪ੍ਰੇਮ ਦਾ ਚਿੱਤਰਨ ਵੀ ਬੜੇ ਸੁਤੰਤਰ ਰੂਪ ਨਾਲ ਹੋਇਆ ਹੈ।

3.4.2.12 **ਪ੍ਰੇਮਵਿਲਾਸ ਪ੍ਰੇਮਲਤਾ ਦੀ ਕਥਾ**: ਇਸਦੀ ਰਚਨਾ ਜੈਨ ਸ਼ਰਾਵਕ ਜਟਮਲ ਨੇ (1553) ਈ. ਵਿਚ ਲਾਹੌਰ ਵਿਚ ਕੀਤੀ ਸੀ। ਕਵੀ ਨੇ ਇਸਦਾ ਆਰੰਭ 'ਜੈਨਾਏ ਨੰਮ' ਤੋਂ ਕਰਦੇ ਹੋਇਆਂ ਆਪਣਾ ਪਰਿਚੈ ਅਤੇ ਤਤਕਾਲੀਨ ਸ਼ਾਸਕ ਦਾ ਨਾਂ ਵੀ ਦਿੱਤਾ ਹੈ। ਇਸਦੀ ਕਥਾਵਸਤੂ ਮੌਲਿਕ ਹੈ, ਜਿਸ ਵਿਚ ਲੋਕੋਤਰ ਘਟਨਾਵਾਂ ਦੀ ਪ੍ਰਧਾਨਤਾ ਹੈ। ਨਾਇਕ ਨਾਇਕਾ ਦਾ ਪ੍ਰੇਮ ਪਰਤੱਖ ਦਰਸ਼ਨ ਦੁਆਰਾ ਹੁੰਦਾ ਹੈ ਅਤੇ ਉਹ ਗੁਪਤ ਵਿਆਹ ਕਰਕੇ ਘਰੋਂ ਭੱਜ ਜਾਂਦੇ ਹਨ। ਕਥਾ ਦਾ ਅੰਤ ਸ਼ਾਂਤ ਰਸ ਨਾਲ ਕੀਤਾ ਗਿਆ ਹੈ। ਇਸ ਵਿਚ ਦੋਹਾ-ਚੌਪਾਈ ਛੰਦਾਂ ਦਾ ਪ੍ਰਯੋਗ ਹੋਇਆ ਹੈ, ਸ਼ੈਲੀ ਵਿਚ ਪਰਪਕਵਤਾ ਦਾ ਅਭਾਵ ਹੈ।

3.4.2.13 **ਛਿਤਾਈ ਵਾਰਤਾ**: ਛਿਤਾਈ ਵਾਰਤਾ (1510) ਦੇ ਰਚੇਤਾ ਨਰਾਇਣਦਾਸ ਸਨ, ਜਿਨ੍ਹਾਂ ਨੇ ਇਤਿਹਾਸ ਅਤੇ ਕਲਪਨਾ ਦੇ ਬਲ ਤੇ ਆਪਣੀ ਕਥਾ ਦਾ ਨਿਰਮਾਣ ਕੀਤਾ ਹੈ। ਇਸਦੀ ਭਾਸ਼ਾ ਰਾਜਸਥਾਨੀ-ਮਿਸ਼ਰਿਤ ਬਰਜ ਭਾਸ਼ਾ ਹੈ ਅਤੇ ਇਸ ਵਿਚ ਦੋਹਾ-ਚੌਪਾਈ ਦਾ ਪ੍ਰਯੋਗ ਕੀਤਾ ਗਿਆ ਹੈ। ਕਵੀ ਨੇ ਵਿੱਚ-ਵਿੱਚ ਲੋਕ ਨੀਤੀ ਸਬੰਧੀ ਤੱਤਾਂ ਦਾ ਵੀ ਨਿਰਦੇਸ਼ ਦਿੱਤਾ ਹੈ। ਕਾਵਿ ਤੱਤਾਂ ਦੀ ਦ੍ਰਿਸ਼ਟੀ ਤੋਂ ਰਚਨਾ ਸਧਾਰਨ ਹੈ।

3.4.2.14 **ਮਾਧਵਾਨਲ-ਕਾਮਕੰਦਲਾ ਕ੍ਰਿਤ ਆਲਮ ਕਵੀ** : ਇਸ ਪ੍ਰੇਮ ਕਥਾ ਨੂੰ ਲੈ ਕੇ ਕਈ ਅਖਿਆਨ ਇਸ ਤੋਂ ਪਹਿਲਾਂ ਵੀ ਲਿਖੇ ਜਾ ਚੁੱਕੇ ਹਨ। ਪਰ ਆਲਮ ਕਵੀ ਨੇ ਪ੍ਰਸਤੁਤ 'ਮਾਧਵਾਨਲ ਕਾਮਕੰਦਲਾ' (1584) ਨੂੰ ਹੋਰ ਜ਼ਿਆਦਾ ਮਾਰਮਿਕ ਰੂਪ ਵਿਚ ਪ੍ਰਸਤੁਤ ਕੀਤਾ ਹੈ। ਪੂਰਵਵਰਤੀ ਕਵੀਆਂ ਨੇ ਨਾਇਕ ਨਾਇਕਾ ਦੇ ਅਨੇਕ ਜਨਮਾਂ ਦੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ, ਜਦਕਿ ਆਲਮ ਨੇ ਇਕ ਹੀ ਥਾਂ

ਜਨਮ ਦੀ ਘਟਨਾ ਦਾ ਨਿਰੂਪਣ ਸੁਭਾਵਿਕ ਰੂਪ ਵਿਚ ਕੀਤਾ ਹੈ। ਇਸ ਦੀ ਭਾਸ਼ਾ ਅਵੱਧੀ ਹੈ। ਕਲਾਤਮਕਤਾ ਦੀ ਦ੍ਰਿਸ਼ਟੀ ਤੋਂ ਇਹ ਰਚਨ ਅਤਿਅੰਤ ਸਰਲ ਅਤੇ ਮਾਰਮਿਕ ਹੈ।

3.4.2.15 **ਚਿਤਰਾਵਲੀ**: ਚਿਤਰਾਵਲੀ (1613) ਦੇ ਰਚੇਤਾ ਉਸਮਾਨ ਗਾਜੀਪੁਰ ਦੇ ਨਿਵਾਸੀ ਸਨ। ਆਪਣੀ ਰਚਨਾ ਦਾ ਉਦੇਸ਼ ਉਨ੍ਹਾਂ ਨੇ ਅਮਰ ਹੋਣ ਦੀ ਇੱਛਾ ਦੀ ਪੂਰਤੀ ਦੱਸਿਆ ਹੈ। ਨਾਲ ਹੀ ਉਨ੍ਹਾਂ ਨੇ ਹੋਰ ਕਵੀਆਂ ਨੂੰ 'ਚਿਤਰਾਵਲੀ' ਤੋਂ ਵਧੇਰੇ ਪ੍ਰੇਮਕਥਾ ਲਿਖਣ ਦੀ ਚੁਣੌਤੀ ਦਿੱਤੀ ਹੈ।

3.4.2.16 **ਰਸਰਤਨ** : ਇਸਦੇ ਰਚੇਤਾ ਪੂਹਕਰ ਅਕਬਰ ਦੇ ਦਰਬਾਰੀ ਦੁਰਗਾਦਸ ਦੇ ਪੜਪੋਤੇ ਸਨ। ਪੂਹਕਰ ਪੜ੍ਹੇ ਲਿਖੇ ਸਨ, ਜਿਸਦੀ ਝਲਕ ਉਨ੍ਹਾਂ ਦੇ ਕਾਵਿ ਵਿਚੋਂ ਮਿਲਦੀ ਹੈ। 'ਰਸਰਤਨ' (1618) ਵਿਚ ਰਾਜਕੁਮਾਰੀ ਰਸਬਾ ਅਤੇ ਸੋਮ ਦੇ ਪ੍ਰੇਮ ਦਾ ਵਰਣਨ ਕੀਤਾ ਗਿਆ ਹੈ।

3.4.2.17 **ਗਿਆਨਦੀਪ** : ਗਿਆਨਦੀਪ (1619) ਦੀ ਰਚਨਾ ਸ਼ੇਖ ਨਬੀ ਦੁਆਰਾ ਹੋਈ ਸੀ। ਉਨ੍ਹਾਂ ਨੇ ਆਪਣੇ ਵਿਸ਼ਿਆਂ ਵਿਚ ਵੀਰ, ਸ਼ਿੰਗਾਰ, ਵਿਰਹ ਅਤੇ ਯੋਗ ਦਾ ਵਰਣਨ ਕਰਦਿਆਂ ਹੋਇਆਂ ਪਰੰਪਰਾਗਤ ਕਥਾਵਾਂ ਤੋਂ ਵੀ ਸਹਾਇਤਾ ਲੈਣ ਦੀ ਗੱਲ ਨੂੰ ਸਵੀਕਾਰ ਕੀਤਾ ਹੈ। ਕੁਝ ਰੂੜ੍ਹੀਆਂ ਵਿਚ ਵੀ ਮੌਲਿਕਤਾ ਲਿਆਉਣ ਦਾ ਯਤਨ ਕੀਤਾ ਹੈ, ਜਿਵੇਂ ਕਿ ਜਿਥੇ ਨਾਇਕ ਦੇ ਸਥਾਨ ਤੇ ਨਾਇਕਾ ਦੀ ਸਖੀ ਯੋਗੀ ਦਾ ਵੇਸ਼ ਧਾਰਨ ਕਰਦੀ ਹੈ।

3.4.2.18 **ਨਲ-ਦਮਿਅੰਤੀ ਸਬੰਧੀ ਪ੍ਰੇਮਾਖਿਆਨ** : ਇਸ ਪ੍ਰਸਿੱਧ ਅਖਿਆਨ ਨੂੰ ਲੈ ਕੇ ਅਨੇਕ ਹਿੰਦੀ ਕਵੀਆਂ ਨੇ ਪ੍ਰੇਮ ਕਥਾਵਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿਚ ਨਰਪਤੀ ਵਿਆਸ ਅਤੇ ਮੁਕੰਦ ਸਿੰਘ ਵਰਣਿਤ ਹਨ। ਇਨ੍ਹਾਂ ਦੀ ਰਚਨਾਵਾਂ ਦਾ ਨਾਂ ਇਸ ਪ੍ਰਕਾਰ ਹੈ- 'ਨਲ-ਦਮਿਅੰਤੀ (1625)', 'ਨਲਚਰਿਤ (1642)', ਇਹ ਦੋਹਾ-ਚੌਪਾਈ ਸ਼ੈਲੀ ਵਿਚ ਰਚਿਤ ਹਨ ਅਤੇ ਕਲਾਤਮਕ ਪੱਖ ਤੋਂ ਵੀ ਇਨ੍ਹਾਂ ਦੀ ਰਚਨਾ ਸਤਰ ਸਧਾਰਨ ਹੈ।

ਸਪੱਸ਼ਟ ਹੈ ਪ੍ਰੇਮਾਖਿਆਨ ਰਾਹੀਂ ਕਵੀਆਂ ਨੇ ਭਗਤੀ ਦੇ ਮਾਰਗ ਤੇ ਪ੍ਰੇਮ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਨੇ ਲੌਕਿਕ ਪ੍ਰੇਮ ਕਥਾਵਾਂ ਦੇ ਮਾਧਿਅਮ ਨਾਲ ਪਾਰਲੌਕਿਕ ਪ੍ਰੇਮ ਦੀ ਡੋਰ ਕਿਧਰੇ ਨਾ ਕਧਰੇ ਪ੍ਰਭੂ ਨਾਲ ਜੋੜਨ ਦੀ ਕੋਸ਼ਿਸ਼ ਵੀ ਕੀਤੀ ਹੈ। ਇਸੇ ਲਈ ਪ੍ਰੇਮਾਖਿਆਨ ਪਰੰਪਰਾ ਦੀ ਚਰਚਾ ਤੋਂ ਬਿਨਾਂ ਭਗਤੀ ਸਾਹਿਤ ਦੀ ਚਰਚਾ ਅਧੂਰੀ ਹੈ।

### 3.4.3 ਸੰਤ ਕਾਵਿ

ਭਗਤੀ ਕਾਲ ਦੇ ਸਮੇਂ ਵਿਚ ਸੰਤਾਂ ਵੱਲੋਂ ਰਚੇ ਕਾਵਿ ਨੂੰ ਸੰਤ ਕਾਵਿ ਕਿਹਾ ਜਾਂਦਾ ਹੈ। ਸੰਤ ਕਾਵਿਧਾਰਾ ਦੇ ਅਨੇਕ ਦਾਰਸ਼ਨਿਕ ਅਤੇ ਸਾਂਸਕ੍ਰਿਤਿਕ ਆਧਾਰ ਹਨ, ਜਿਨ੍ਹਾਂ ਵਿਚੋਂ ਮੁੱਖ ਰੂਪ ਨਾਲ ਵਰਣਿਤ ਹਨ- ਉਪਨਿਸ਼ਦ, ਸ਼ੰਕਰਾਚਾਰਿਆ ਦਾ ਅਦਵੈਤ ਦਰਸ਼ਨ, ਨਾਥ ਪੰਥ, ਇਸਲਾਮ ਧਰਮ ਅਤੇ ਸੂਫੀ ਦਰਸ਼ਨ। ਸੰਤਾਂ ਦੇ ਚਿੰਤਨ, ਜੀਵਨ-ਦਰਸ਼ਨ ਅਤੇ ਕਾਵਿਧਾਰਾ ਤੇ ਉਪਨਿਸ਼ਦਾਂ ਦਾ ਖਾਸ ਪ੍ਰਭਾਵ ਪਿਆ ਹੈ। ਉਪਨਿਸ਼ਦਾਂ ਵਿਚ ਵਰਣਿਤ ਬ੍ਰਹਮ, ਜੀਵ, ਜਗਤ ਅਤੇ ਮਾਇਆ ਸਬੰਧੀ ਵਿਚਾਰਧਾਰਾ ਅਤੇ ਬ੍ਰਹਮ ਦੇ ਸਰੂਪ ਵਰਣਨ ਨੂੰ ਸੰਤ ਕਵੀਆਂ ਨੇ ਉਸੇ ਹੀ ਰੂਪ ਵਿਚ ਗ੍ਰਹਿਣ ਕਰ ਲਿਆ ਹੈ। ਇਸ ਤੋਂ ਇਲਾਵਾ ਨਾਥ ਪੰਥੀ ਕਵੀਆਂ ਅਤੇ ਵਿਚਾਰਕਾਂ ਦੇ ਸ਼ੂਨਯਵਾਦ, ਉਨ੍ਹਾਂ ਦੁਆਰਾ ਗੁਰੂ ਦੀ ਪ੍ਰਤਿਸ਼ਠਾ, ਸ੍ਰਿਸ਼ਟੀ, ਆਤਮਾ, ਜੀਵ ਆਦਿ ਦੇ ਵਿਸ਼ਿਆਂ ਵਿਚ ਉਨ੍ਹਾਂ ਦੀਆਂ ਮਾਨਤਾਵਾਂ ਤੋਂ ਸੰਤ ਕਵੀ ਅਨੇਕ ਤਰ੍ਹਾਂ ਨਾਲ ਪ੍ਰਭਾਵਿਤ ਰਹੇ। ਇਸਲਾਮ ਦੇ

ਸੰਪਰਕ ਨਾਲ ਇਕ ਈਸ਼ਵਰਵਾਦ ਅਤੇ ਸੂਫ਼ੀ ਮਤ ਦੇ ਪ੍ਰਭਾਵ ਨਾਲ ਧਾਰਮਿਕ ਕੱਟੜਤਾ ਦੀ ਥਾਂ ਨੂੰ ਸਮਾਪਤ ਕਰਕੇ ਪ੍ਰੇਮ, ਸਦਭਾਵ, ਸਹਿਨਸ਼ੀਲਤਾ ਅਤੇ ਨਿਰਮਲ ਭਾਵਨਾ ਸੰਤ ਕਾਵਿ ਵਿਚ ਉਭਰਕੇ ਪੇਸ਼ ਹੋਈ। ਇਸ ਕਾਵਿਧਾਰਾ ਦੇ ਰਚਣਹਾਰੇ ਕਵੀਆਂ ਦਾ ਵੇਰਵਾ ਇਸ ਤਰ੍ਹਾਂ ਹੈ:

3.4.3.1 **ਰਾਮਾਨੰਦ**: ਰਾਮਾਨੰਦ ਜੀ ਆਪਣੇ ਗੁਰੂ ਦੇ ਸਭ ਤੋਂ ਜ਼ਿਆਦਾ ਸਨਮਾਨਿਤ ਅਤੇ ਪ੍ਰਗਤੀਸ਼ੀਲ ਵਿਚਾਰਕ ਸਨ। ਸੰਤ-ਮਤ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਸਿਹਰਾ ਇਨ੍ਹਾਂ ਨੂੰ ਹੀ ਜਾਂਦਾ ਹੈ। ਨਾਭਾਦਾਸ ਨੇ 'ਭਗਤਮਾਲ' ਵਿਚ ਲਿਖਿਆ ਹੈ(12) ਕਿ ਇਨ੍ਹਾਂ ਦੇ ਕਈ ਚੇਲੇ ਸਨ, ਜਿਨ੍ਹਾਂ ਵਿਚ ਅਨੰਤਦਾਸ, ਕਬੀਰ, ਰਵਿਦਾਸ, ਪੀਪਾ, ਧੰਨਾ ਆਦਿ ਮੁੱਖ ਰੂਪ ਵਿਚ ਵਰਣਿਤ ਹਨ। ਰਾਮਾਨੰਦ ਜੀ ਨੂੰ ਲੰਮਾ, ਪਵਿੱਤਰ ਅਤੇ ਸਾਧਨਾਤਮਕ ਜੀਵਨ ਪ੍ਰਾਪਤ ਹੋਇਆ ਸੀ, ਪਰ ਇਨ੍ਹਾਂ ਦੇ ਜਨਮ ਕਾਲ ਅਤੇ ਮਰਨ ਕਾਲ ਅਤੇ ਜੀਵਨ-ਚਰਿੱਤਰ ਦੇ ਸਬੰਧ ਵਿਚ ਕੋਈ ਪ੍ਰਮਾਣਿਕ ਸਮੱਗਰੀ ਜਾਂ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। 'ਭਗਤਮਾਲ' ਦੇ ਅਨੁਸਾਰ ਇਹ ਰਾਮਾਨੁਜਾਚਾਰਿਆ ਦੇ ਚੇਲਿਆਂ ਵਿਚੋਂ ਚੌਥੇ ਸਥਾਨ ਤੇ ਸੀ। ਰਾਮਾਨੰਦ ਜੀ ਬੜੇ ਉਦਾਰ ਅਤੇ ਤਪੱਸਵੀ ਸਨ। ਉਨ੍ਹਾਂ ਨੇ ਸਮਾਜਿਕ ਹੀਣਤਾ ਅਤੇ ਅਸਮਰਥਾ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਸਾਧਨਾ ਦਾ ਅਜਿਹਾ ਵਿਸ਼ਾਲ ਮੰਦਿਰ ਨਿਰਮਿਤ ਕੀਤਾ, ਜਿਸਦੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਸਨ। ਰਾਮਾਨੰਦ ਜੀ ਦੀਆਂ ਹਿੰਦੀ ਦੀਆਂ ਰਚਨਾਵਾਂ ਵਿਚ ਉਨ੍ਹਾਂ ਦਾ ਪ੍ਰਗਤੀਸ਼ੀਲ, ਅਧਿਆਤਮਿਕ ਅਤੇ ਸਾਧਨਾਤਮਕ ਦ੍ਰਿਸ਼ਟੀਕੋਣ ਨਜ਼ਰ ਆਂਉਂਦਾ ਹੈ। ਤੀਰਥ ਯਾਤਰਾ, ਮੂਰਤੀ ਪੂਜਾ, ਵੇਦਾਦਿ, ਧਰਮਗ੍ਰੰਥਾਂ ਅਤੇ ਉਪਾਸਨਾ ਦੇ ਬਾਹਰੀ ਸਾਧਨਾਂ ਦੀ ਆਲੋਚਨਾ ਕਰਦੇ ਹੋਏ ਉਨ੍ਹਾਂ ਨੇ ਅੰਤਰਸਾਧਨਾ ਦਾ ਮਾਰਗ ਪ੍ਰਦਰਸ਼ਿਤ ਕੀਤਾ ਹੈ। ਆਪਣੇ ਗੁਰੂ ਰਾਘਵਾਨੰਦ ਤੋਂ ਪ੍ਰਾਪਤ ਭਗਤੀ ਅਤੇ ਗਿਆਨ ਦੀ ਪ੍ਰਿਸ਼ਠਭੂਮੀ ਵਿਚ ਉਨ੍ਹਾਂ ਨੇ 'ਰਾਮਾਵਤ ਸੰਪ੍ਰਦਾਇ' ਦਾ ਆਰੰਭ ਕੀਤਾ। ਇਸ ਸੰਪ੍ਰਦਾਇ ਦਾ ਮੂਲ ਮੰਤਰ 'ਰਾਮ' ਜਾਂ 'ਸੀਤਾਰਾਮ' ਹੈ ਅਤੇ ਇਸ਼ਟਦੇਵ ਸ੍ਰੀ ਰਾਮ ਹਨ।

3.4.3.2 **ਕਬੀਰ** : ਭਾਰਤੀ ਧਰਮ ਸਾਧਨਾ ਦੇ ਇਤਿਹਾਸ ਵਿਚ ਕਬੀਰ ਜੀ ਅਜਿਹੇ ਮਹਾਨ ਵਿਚਾਰਕ ਅਤੇ ਪ੍ਰਤਿਭਾਸ਼ਾਲੀ ਮਹਾਂਕਵੀ ਹਨ, ਜਿਨ੍ਹਾਂ ਨੇ ਸ਼ਤਾਬਦੀਆਂ ਦੀ ਸੀਮਾ ਦਾ ਉਲੰਘਣ ਕਰ ਲੰਮੇ ਸਮੇਂ ਤੱਕ ਭਾਰਤੀ ਜਨਤਾ ਦਾ ਮਾਰਗ ਪ੍ਰਕਾਸ਼ਿਤ ਕੀਤਾ ਅਤੇ ਸੱਚੇ ਅਰਥਾਂ ਵਿਚ ਜਨ ਜੀਵਨ ਦੇ ਨਾਇਕ ਬਣੇ। ਕਬੀਰ ਸੁਆਮੀ ਰਾਮਾਨੰਦ ਜੀ ਦੇ ਚੇਲੇ ਸਨ। 'ਭਗਤਮਾਲ' ਵਿਚ ਰਾਮਾਨੰਦ ਦੇ ਚੇਲਿਆਂ ਵਿਚ ਕਬੀਰ ਜੀ ਦਾ ਵਿਸ਼ੇਸ਼ ਸਥਾਨ ਸੀ। ਕਬੀਰ-ਪੰਥੀਆਂ ਦੀ ਦ੍ਰਿਸ਼ਟੀ ਵਿਚ ਕਬੀਰਦਾਸ ਜੀ ਮਹਾਂਪੁਰਖ ਸਨ। ਅਜਿਹਾ ਕਿਹਾ ਜਾਂਦਾ ਹੈ ਕਿ ਨੀਰੂ ਜੁਲਾਹਾ ਅਤੇ ਉਸਦੀ ਪਤਨੀ ਨੀਮਾ ਨੇ ਬਾਲਕ ਦੇ ਰੂਪ ਵਿਚ ਸੱਤਪੁਰਖ ਨੂੰ ਆਪਣੇ ਘਰ ਲਿਆ ਕੇ ਉਸਦਾ ਪਾਲਨ ਪੋਸ਼ਣ ਕੀਤਾ। ਇਸ ਤਰ੍ਹਾਂ ਜੁਲਾਹੇ ਪਰਿਵਾਰ ਵਿਚ ਪਲਣ ਵਾਲੇ ਸੱਤਪੁਰਖ ਨੇ ਯੁੱਗ ਦੇ ਅਤਿਆਚਾਰਾਂ ਅਤੇ ਬੰਧਨਾਂ ਨੂੰ ਸਮਾਪਤ ਕਰਕੇ ਸਮਾਜਿਕ ਜੀਵਨ ਦਾ ਇਕ ਨਵਾਂ ਅਧਿਆਇ ਸ਼ੁਰੂ ਕੀਤਾ। ਜਨ ਸ਼ਰੁਤੀਆਂ ਵਿਚ ਪ੍ਰਸਿੱਧ ਹੈ ਕਿ ਕਬੀਰ ਦੀ ਪਤਨੀ ਦਾ ਨਾਂ ਲੋਈ ਸੀ। ਉਨ੍ਹਾਂ ਦੀ ਸੰਤਾਨ ਦੇ ਰੂਪ ਵਿਚ ਪੁੱਤਰ ਕਮਾਲ ਅਤੇ ਪੁੱਤਰੀ ਕਮਾਲੀ ਦਾ ਵਰਣਨ ਮਿਲਦਾ ਹੈ। ਅੱਖਰ ਬ੍ਰਹਮ ਦੇ ਧਰਮ ਸਾਧਕ ਕਬੀਰ ਦਾਸ ਜੀ ਆਮ ਅੱਖਰ ਗਿਆਨ ਤੋਂ ਵਾਂਝੇ ਸਨ। ਖੋਜ ਰਿਪੋਰਟਾਂ, ਗ੍ਰੰਥਾਂ, ਪੁਸਤਕਾਲਿਆਂ ਦੇ ਵਿਵਰਣਾਂ ਆਦਿ ਤੋਂ ਉਨ੍ਹਾਂ ਦੁਆਰਾ ਰਚਿਤ ਤਿਰੇਂਹਟ (63) ਗ੍ਰੰਥਾਂ ਦਾ ਵਰਣਨ ਮਿਲਦਾ ਹੈ। ਇਹ ਹਨ ਅਗਾਦ, ਮੰਦਲ, ਅਨੁਰਾਗਸਾਗਰ, ਅਮਰਮੂੱਲ, ਅੱਖਰ ਖੰਡ ਦੀ ਰਮੈਨੀ, ਅੱਖਰ ਭੇਦ ਦੀ ਰਮੈਨੀ, ਉਗਰਗੀਤਾ, ਕਬੀਰ ਦੀ ਬਾਣੀ, ਕਬੀਰ ਦੀ ਗੋਸ਼ਠੀ, ਕਬੀਰ ਦੀ ਸਾਖੀ, ਬੀਜਕ, ਬ੍ਰਹਮਨਿਰੂਪਨ, ਮੁੰਹਮਦ ਬੋਧ, ਰੇਖਤਾ, ਵਿਚਾਰਮਾਲਾ, ਵਿਵੇਕਸਾਗਰ, ਸ਼ਬਦਾਵਲੀ, ਹੰਸ ਮੁਕਤਾਵਲੀ, ਗਿਆਨਸਾਗਰ ਆਦਿ।

ਉਹ ਜਨਮ ਤੋਂ ਹੀ ਵਿਦਰੋਹੀ ਸੁਭਾਅ ਦੇ ਕਾਰਨ ਸਮਾਜਸੁਧਾਰਕ ਕਾਰਨਾਂ ਤੋਂ ਪ੍ਰੇਰਿਤ ਹੋ ਕੇ ਧਰਮ ਸੁਧਾਰਕ, ਪ੍ਰਗਤੀਸ਼ੀਲ ਦਾਰਸ਼ਨਿਕ ਅਤੇ ਲੋੜ ਅਨੁਸਾਰ ਕਵੀ ਵੀ ਸਨ। ਉਨ੍ਹਾਂ ਦੇ ਵਿਅਕਤੀਤਵ ਦਾ ਪ੍ਰਤੀਬਿੰਬ ਉਨ੍ਹਾਂ ਦੇ ਸਾਹਿਤ ਵਿਚੋਂ ਝਲਕਦਾ ਹੈ। ਉਨ੍ਹਾਂ ਨੇ ਆਪਣੀ ਰਚਨਾਵਾਂ ਵਿਚ ਜਾਤਪਾਤ ਦਾ ਖੰਡਨ ਕੀਤਾ ਅਤੇ ਇੱਕ ਨਵੇਂ ਕ੍ਰਾਂਤੀਕਾਰੀ ਯੁੱਗ ਦੇ ਆਗਾਜ਼ ਦੀ ਗੱਲ ਤੋਰੀ।

**(ੲ) ਰਵਿਦਾਸ** : ਮੱਧਯੁਗੀਨ ਸਾਧਕਾਂ ਵਿਚ ਰਵਿਦਾਸ ਜੀ ਦਾ ਵਿਸ਼ੇਸ਼ ਸਥਾਨ ਹੈ। ਨਿਚਲੇ ਵਰਗ ਵਿਚ ਜਨਮ ਲੈ ਕੇ ਵੀ ਉੱਤਮ ਜੀਵਨ ਸ਼ੈਲੀ, ਉੱਚੀ ਸਾਧਨਾ ਰੀਤੀ ਅਤੇ ਵਰਣਿਤ ਆਚਰਣ ਦੇ ਕਾਰਨ, ਅੱਜ ਭਾਰਤੀ ਧਰਮ ਦੇ ਇਤਿਹਾਸ ਵਿਚ ਉਨ੍ਹਾਂ ਦੇ ਨਾਂ ਦਾ ਸਿਮਰਨ ਕੀਤਾ ਜਾਂਦਾ ਹੈ। ਰਵਿਦਾਸ ਜੀ ਦਾ ਜਨਮ ਕਾਸ਼ੀ ਵਿਚ ਹੋਇਆ ਸੀ। ਅਨੰਤਦਾਸ ਦੁਆਰਾ ਲਿਖਿਤ 'ਪਰਿਚਈ' ਅਤੇ 'ਪ੍ਰਿਅਦਾਸ ਦੇ ਸਟੀਕ ਭਗਤਮਾਲ' ਦੇ ਅਨੁਸਾਰ ਰਵਿਦਾਸ ਜੀ ਨੂੰ ਸੁਆਮੀ ਰਾਮਾਨੰਦ ਜੀ ਨੇ ਦੀਖਿਆ ਦਿੱਤੀ ਸੀ, ਪਰ ਰਵਿਦਾਸ ਜੀ ਦੀ ਰਚਨਾਵਾ ਵਿਚ ਕਿਤੇ ਵੀ ਰਾਮਾਨੰਦ ਜੀ ਦਾ ਵਰਣਨ ਨਾ ਹੋਣ ਕਾਰਨ ਇਸ ਵਿਸ਼ੇ ਤੇ ਸ਼ੰਕਾ ਹੁੰਦੀ ਹੈ। ਰਵਿਦਾਸ ਜੀ ਵਿਆਹੇ ਸਨ, ਉਨ੍ਹਾਂ ਦੀ ਪਤਨੀ ਦਾ ਨਾਂ ਲੋਨਾ ਸੀ। ਆਪਣੇ ਸੰਤ ਸੁਭਾਅ ਦੇ ਕਾਰਨ ਹੀ ਉਨ੍ਹਾਂ ਨੇ ਪ੍ਰਯਾਗ, ਮਥੁਰਾ, ਵਰਿੰਦਾਵਨ, ਭਰਤਪੁਰ, ਜੈਪੁਰ, ਪੁਸ਼ਕਰ, ਚਿਤੌੜ ਆਦਿ ਸਥਾਨਾਂ ਦਾ ਦੌਰਾ ਕੀਤਾ ਸੀ। ਕੁਝ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਮੁਕਤੀ ਸਥਾਨ ਕਾਸ਼ੀ ਦਾ ਗੰਗਾ ਘਾਟ ਸੀ। ਮੂਰਤੀਪੂਜਾ , ਤੀਰਥਯਾਤਰਾ ਆਦਿ ਬਾਹਰੀ ਭੇਖਾਂ ਦਾ ਵਿਰੋਧ ਕਰਕੇ ਉਨ੍ਹਾਂ ਨੇ ਅੰਦਰਲੀ ਸਾਧਨਾ ਤੇ ਬੱਲ ਦਿੱਤਾ ਹੈ। ਆਪਣੇ ਭਾਵਾਂ ਅਤੇ ਵਿਚਾਰਾਂ ਦੀ ਅਭਿਵਿਅਕਤੀ ਲਈ ਉਨ੍ਹਾਂ ਕਾਵਿ ਨੂੰ ਮਾਧਿਅਮ ਬਣਾਇਆ।

**(ਸ) ਗੁਰੂ ਨਾਨਕ ਦੇਵ ਜੀ**: ਗੁਰੂ ਨਾਨਕ ਦੇਵ ਜੀ ਨਾਨਕ ਪੰਥ ਦੇ ਪਰਵਰਤਕ ਤੇ ਇਤਿਹਾਸ ਪ੍ਰਸਿੱਧ ਵਿਅਕਤੀ ਸਨ। ਉਨ੍ਹਾਂ ਦੇ ਦੁਆਰਾ ਸਥਾਪਿਤ ਸੰਪ੍ਰਦਾਇ ਨੇ ਉਨ੍ਹਾਂ ਦੇ ਜੀਵਨ ਕਾਲ ਵਿਚ ਇਕ ਵਿਆਪਕ ਸੰਗਠਨ ਦਾ ਰੂਪ ਧਾਰਨ ਕਰ ਲਿਆ ਸੀ। ਰਾਜਨੀਤਿਕ ਪਰਿਸਥਿਤੀਆਂ ਦੇ ਕਾਰਨ ਉਨ੍ਹਾਂ ਦਾ ਸੰਪ੍ਰਦਾਇ ਹੋਰ ਵੀ ਵਿਆਪਕ, ਮਜ਼ਬੂਤ ਅਤੇ ਸੰਗਠਿਤ ਹੁੰਦਾ ਗਿਆ। ਉਨ੍ਹਾਂ ਦਾ ਜਨਮ ਲਾਹੌਰ ਦੇ ਨੇੜੇ ਰਾਈਂ ਭੋਇੰ ਦੀ ਤਲਵੰਡੀ ਪਿੰਡ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਕਾਲੂਚੰਦ ਤੇ ਮਾਤਾ ਦਾ ਨਾਂ ਤ੍ਰਿਪਤਾ ਦੇ ਵੀ ਸੀ। ਇਨ੍ਹਾਂ ਦਾ ਜਨਮ ਸਥਾਨ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਬਚਪਨ ਵਿਚ ਹੀ ਇਨ੍ਹਾਂ ਨੇ ਸੰਸਕ੍ਰਿਤ, ਫਾਰਸੀ, ਪੰਜਾਬੀ ਅਤੇ ਹਿੰਦੀ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਇਹ ਸ਼ੁਰੂ ਤੋਂ ਹੀ ਆਤਮਚਿੰਤਨ, ਈਸ਼ਵਰ-ਭਗਤੀ ਅਤੇ ਸੰਤ ਸੇਵਾ ਦੇ ਵੱਲ ਆਕਰਸ਼ਿਤ ਰਹਿੰਦੇ ਸਨ। ਕੁਝ ਸਮੇਂ ਤੱਕ ਇਨ੍ਹਾਂ ਨੇ ਗ੍ਰਹਿਸਥੀ ਵੀ ਚਲਾਈ। ਇਨ੍ਹਾਂ ਦੇ ਦੋ ਪੁੱਤਰ ਹੋਏ, ਜਿਨ੍ਹਾਂ ਦੇ ਨਾਂ ਸ਼੍ਰੀਚੰਦ ਤੇ ਲੱਖਮੀਦਾਸ ਸਨ। ਪਿਤਾ ਦੀ ਤਰ੍ਹਾਂ ਸ੍ਰੀਚੰਦ ਵੀ ਪ੍ਰਸਿੱਧ ਸਾਧੂ ਹੋਏ ਅਤੇ ਉਨ੍ਹਾਂ ਨੇ 'ਉਦਾਸੀ ਸੰਪ੍ਰਦਾਇ' ਦਾ ਆਰੰਭ ਕੀਤਾ। ਗੁਰੂ ਨਾਨਕ ਜੀ ਘੁੰਮਕੜ ਸਾਧੂ ਸਨ। ਉਨ੍ਹਾਂ ਨੇ ਚਾਰ ਦਿਸ਼ਾਵਾਂ ਵਿਚ ਯਾਤਰਾਵਾਂ ਕੀਤੀ ਸਨ। ਅਧਿਆਤਮ ਦੇ ਵਿਸ਼ੇ ਵਿਚ ਸਾਰੇ ਧਰਮਾਂ ਅਤੇ ਮੱਤਾਂ ਦੇ ਅਨੁਯਾਈ ਸੰਤਾਂ ਨਾਲ ਉਨ੍ਹਾਂ ਦੀ ਭੇਟ ਹੁੰਦੀ ਰਹਿੰਦੀ ਸੀ। ਫਲਸਰੂਪ ਸਮਾਜ ਅਤੇ ਧਰਮ ਦੇ ਸੰਬੰਧ ਵਿਚ ਉਨ੍ਹਾਂ ਦੀ ਵਿਚਾਰਧਾਰਾ ਅਨੁਭੂਤੀ ਤੇ ਅਧਾਰਿਤ ਹੈ। ਧਾਰਮਿਕ ਰੂੜੀਵਾਦ, ਜਾਤੀ ਦੇ ਬੰਧਨਾਂ ਅਤੇ ਅਤਿਆਚਾਰਾਂ ਦੇ ਪ੍ਰਤੀ ਉਨ੍ਹਾਂ ਨੇ ਹਮੇਸ਼ਾ ਵਿਰੋਧ ਦਾ ਸਵਰ ਉਠਾਇਆ। ਉਨ੍ਹਾਂ ਦੇ ਕਾਵਿ ਵਿਚ ਨਿਰਗੁਣ ਬ੍ਰਹਮ ਦੇ ਪ੍ਰਤੀ ਉੱਚ ਕੋਟੀ ਦੀ ਭਗਤੀ-ਭਾਵਨਾ ਵਿਰਾਜਮਾਨ ਸੀ, ਪਰ ਇਸਦ ਨਾਲ ਹੀ ਉਨ੍ਹਾਂ ਦੇ ਮਨ ਵਿਚ ਹੋਰ ਧਾਰਮਿਕ ਵਿਚਾਰਧਾਰਾਵਾਂ ਲਈ ਵੀ ਸ਼ਰਧਾ ਸੀ। ਸੱਚ ਦੇ ਪ੍ਰਤੀ ਆਸਥਾ ਦੇ ਫਲ ਸਰੂਪ ਉਨ੍ਹਾਂ ਦੀ ਬਾਣੀ ਵਿਚ ਸਪਸ਼ਟਤਾ ਮਿਲਦੀ ਹੈ। ਨਾਨਕ ਨੇ ਅਨੇਕ ਪਦਾਂ ਦੀ ਰਚਨਾ ਕੀਤੀ ਜਿਹੜੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਿਤ ਹੈ। 'ਜਪੁਜੀ' ਨਾਨਕ ਦਰਸ਼ਨ ਦਾ ਸਾਰ ਤੱਤ ਹੈ। 'ਆਸਾ ਦੀ ਵਾਰ', 'ਰਹਿਰਾਸ' ਅਤੇ 'ਸੋਹਿਲਾ' ਇਨ੍ਹਾਂ ਦੀ ਪ੍ਰਸਿੱਧ ਰਚਨਾਵਾਂ ਹਨ।

3.4.3.5 **ਜੰਭਨਾਥ** : ਸੰਤ ਜੰਭਨਾਥ ਦਾ ਜਨਮ 1552 ਈ. ਵਿਚ ਜੋਧਪੁਰ ਰਾਜ ਦੇ ਨਾਗੌਰ ਪ੍ਰਦੇਸ਼ ਦੇ ਪੀਪਾਸਰ ਭਾਵ ਪਜਾਸਰ ਪਿੰਡ ਵਿਚ ਰਾਜਪੂਤ ਪਰਿਵਾਰ ਵਿਚ ਹੋਇਆ ਸੀ। ਜਨਸ਼ਰੁਤੀ ਹੈ ਕਿ ਚੌਤੀ ਸਾਲਾਂ ਦੀ ਅਵਸਥਾ ਤੱਕ ਇਨ੍ਹਾਂ ਨੇ ਇਕ ਵੀ ਸ਼ਬਦ ਉਚਰਿਤ ਨਹੀਂ ਕੀਤਾ ਅਤੇ ਚਮਤਕਾਰੀ ਕੰਮਾਂ ਦੇ ਪ੍ਰਦਰਸ਼ਨ ਦੇ ਕਾਰਨ ਜਨਤਾ ਨੇ ਇਨ੍ਹਾਂ ਨੂੰ ਜੰਭ ਜੀ ਕਹਿਣਾ ਆਰੰਭ ਕੀਤਾ। ਸਿੱਧੀ ਪ੍ਰਾਪਤ ਹੋ ਜਾਣ ਦੇ ਬਾਅਦ ਇਹ ਮੁਨੀਵਰ ਜੰਭ ਰਿਸ਼ੀ ਦੇ ਨਾਂ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੀ ਸਿੱਖਿਆ, ਦੀਖਸ਼ਾ, ਵਿਆਹ, ਪਰਿਵਾਰ, ਆਜੀਵਿਕਾ ਆਦਿ ਦੇ ਵਿਸ਼ੇ ਵਿਚ ਕੋਈ ਵਿਸ਼ੇਸ਼ ਵਰਣਨ ਨਹੀਂ ਮਿਲਦਾ। ਅਜਿਹਾ ਕਿਹਾ ਜਾਂਦਾ ਹੈ ਕਿ ਇਹ ਸਾਰਾ ਜੀਵਨ ਬ੍ਰਹਮਚਾਰੀ ਰਹੇ। ਇਹ ਪ੍ਰਸਿੱਧ ਹੈ ਕਿ ਕਿਸੇ ਬਾਬਾ ਗੋਰਖਨਾਥ ਨੇ ਇਨ੍ਹਾਂ ਨੂੰ ਦੀਖਸ਼ਾ ਪ੍ਰਦਾਨ ਕੀਤੀ ਸੀ। ਸੁਭਾਅ ਤੋਂ ਇਹ ਬੜੇ ਵਿਨਮਰ ਤੇ ਕੋਮਲ ਸਨ, ਇਨ੍ਹਾਂ ਨੇ ਕਾਵਿ ਰਚਨਾ ਵੀ ਕੀਤੀ ਪਰ ਬਦਕਿਸਮਤੀ ਨਾਲ ਇਨ੍ਹਾਂ ਦੀ ਕੋਈ ਵੀ ਰਚਨਾ ਅਜੇ ਤੱਕ ਨਹੀਂ ਮਿਲੀ ਹੈ।

ਸੰਤ ਜੰਭਨਾਥ ਨੇ ਆਪਣੇ ਆਦਰਸ਼ਾਂ ਜਾਂ ਮਤਾਂ ਦੇ ਪ੍ਰਚਾਰ ਲਈ ਵਿਸ਼ਨੂੰਈ ਸੰਪ੍ਰਦਾਇ ਦੀ ਸਥਾਪਨਾ ਕੀਤੀ। ਆਪਣੇ ਜੀਵਨ ਵਿਚ ਇਨ੍ਹਾਂ ਨੇ ਪੰਜ ਮੁੱਖ ਚੇਲਿਆਂ ਨੂੰ ਮਾਨਤਾ ਕੀਤੀ ਸੀ। ਜਿਨ੍ਹਾਂ ਦੇ ਨਾਂ ਨਾਲ ਹਾਵਲੀ, ਪਾਵਜੀ, ਲੋਹਾ ਪਾਗਲ, ਦੱਤਨਾਥ ਅਤੇ ਮਾਲਦੇਵ। ਨਾਂ ਤੋਂ ਇਹ ਚੇਲੇ ਨਾਥਪੰਥੀ ਪ੍ਰਤੀਤ ਹੁੰਦੇ ਹਨ। ਸੰਭਵ ਹੈ ਕਿ ਵਿਸ਼ਨੂੰਈ ਸੰਪ੍ਰਦਾਇ ਕਿਸੇ ਅੰਸ਼ ਤੱਕ ਨਾਥ ਪੰਥ ਦੇ ਆਦਰਸ਼ਾਂ ਤੋਂ ਪ੍ਰਭਾਵਿਤ ਰਿਹਾ ਹੋਵੇ । ਜੰਭਨਾਥ ਦੀ ਉਪਲਬੱਧ ਰਚਨਾਵਾਂ ਵਿਚੋਂ ਵੀ ਵਧੇਰੇ ਦੇਹਭੇਦ ਅਤੇ ਯੋਗ ਅਭਿਆਸ ਵਰਗੇ ਵਿਸ਼ੇ ਮਿਲਦੇ ਹਨ, ਜਿਸ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਾਥ ਪੰਥ ਤੋਂ ਵਧੇਰੇ ਪ੍ਰਭਾਵਿਤ ਸਨ। ਇਨ੍ਹਾਂ ਦੀ ਰਚਨਾਵਾਂ ਵਿਚ ਇਕ ਓਂਕਾਰ ਜੱਪ, ਨਿਰੰਜਨ ਦੀ ਉਪਾਸਨਾ, ਅਜੱਪਾ ਜੱਪ, ਗਗਨਮੰਡਲ, ਪੰਚ ਪੁਰਖ, ਸਤਿਗੁਰੂ ਮਹਿਮਾ, ਸੋਹੰਮ ਜਾਪ, ਜਗਮਰਨ ਤੋਂ ਮੁਕਤੀ, ਭਗਤੀ ਆਦਿ ਦਾ ਬਾਰ ਬਾਰ ਵਰਣਨ ਮਿਲਦਾ ਹੈ। ਅਜਪਾ ਜੱਪ ਅਤੇ ਨਿਰੰਜਨ ਦੀ ਉਪਾਸਨਾ ਦਾ ਇਨ੍ਹਾਂ ਨੇ ਵਿਸ਼ੇਸ਼ ਰੂਪ ਤੋਂ ਉਪਦੇਸ਼ ਦਿੱਤਾ ਹੈ। ਪ੍ਰਸਿੱਧ ਹੈ ਕਿ ਸੰਤ ਜੀ ਨੇ 1523 ਈ. ਦੇ ਲਗਭਗ ਤਾਲਬਾ (ਬੀਕਾਨੇਰ) ਵਿਚ ਸਮਾਧੀ ਲੈ ਕੇ ਆਪਣੀ ਜੀਵਨਲੀਲਾ ਸਮਾਪਤ ਕੀਤੀ ਪਰ ਇਨ੍ਹਾਂ ਦੇ ਅਨੁਯਾਈ ਇਸ ਘਟਨਾ ਨੂੰ 1536 ਈ. ਵਿਚ ਤਾਲਾਸਰ ਪਿੰਡ ਦੇ ਨੇੜੇ ਹੋਣ ਬਾਰੇ ਦੱਸਦੇ ਹਨ। ਇਨ੍ਹਾਂ ਦਾ ਸਮਾਧੀ ਸਥਾਨ ਜੰਭਰਾਥਲ ਨਾਂ ਨਾਲ ਪ੍ਰਸਿੱਧ ਹੈ।

3.4.3.6 **ਹਰਿਦਾਸ ਨਿਰੰਜਨੀ** : ਸੰਤ ਹਰਿਦਾਸ ਨਿਰੰਜਨੀ ਸੰਪ੍ਰਦਾਇ ਦੇ ਕਵੀ ਸਨ, ਜਿਸਦਾ ਮੂਲ ਸਰੋਤ ਨਾਥ ਪੰਥ ਹੈ। ਸਾਧਨਾ ਖੇਤਰ ਵਿਚ ਇਸ ਸੰਪਰਦਾਇ ਨੂੰ ਨਾਥ ਪੰਥ ਅਤੇ ਸੰਤ ਮਤ ਦੀ ਮੱਧਵਰਤੀ ਕੜੀ ਕਿਹਾ ਜਾ ਸਕਦਾ ਹੈ। ਇਹ ਇਕ ਪ੍ਰਾਚੀਨ ਧਰਮ ਸੰਪਰਦਾਇ ਹੈ, ਜਿਸਦਾ ਪ੍ਰਭਾਵ ਉੜੀਸਾ ਪ੍ਰਾਂਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਵਿਰਾਜਮਾਨ ਹੈ। ਹਰਿਦਾਸ ਕ੍ਰਿਤਾਂ ਅਸ਼ਟਪਦੀ ਯੋਗ ਗ੍ਰੰਥ, ਬ੍ਰਹਮਸਤੁੱਤੀ, ਹੰਸ ਪ੍ਰਬੋਧ ਗ੍ਰੰਥ, ਨਿਰਪੱਖ ਮੂਲ ਗ੍ਰੰਥ, ਪੂਜਾਯੋਗ ਗ੍ਰੰਥ, ਸਮਾਧੀਯੋਗ ਗ੍ਰੰਥ, ਸੰਗਰਾਮਜੋਗ ਗ੍ਰੰਥ ਆਦਿ ਵਿਚ ਨਿਰਗੁਣ ਬ੍ਰਹਮ ਦੇ ਅਲੋਕਿਕ ਸਰੂਪ ਤੇ ਵਿਸ਼ੇਸ਼ ਬਲ ਦਿੱਤਾ ਗਿਆ। ਉਨ੍ਹਾਂ ਦੇ ਅਨੁਸਾਰ ਬ੍ਰਹਮਾ-ਕਿਰਪਾ ਤੋਂ ਹੀ ਸਾਧਕ ਨੂੰ ਆਨੰਦ ਪ੍ਰਾਪਤੀ ਹੁੰਦੀ ਹੈ।

3.4.3.7 **ਸੀਂਗਾ** : ਸੰਤ ਸੀਂਗਾ (1529-1651) ਦਾ ਜਨਮ ਮੱਧਭਾਰਤ ਦੀ ਰਿਆਸਤ ਬਡਵਾਨੀ ਦੇ ਖਜੂਰ ਪਿੰਡ ਵਿਚ ਇਕ ਗਵਾਲ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਨੇ ਮਨ-ਰੰਗੀਰ ਨੂੰ ਅਪਣਾ ਅਧਿਆਤਮਿਕ ਪੱਖ ਪ੍ਰਦਰਸ਼ਕ ਸਵੀਕਾਰ ਲਿਆ। ਪਿੱਪਲਿਆ ਦੇ ਜੰਗਲਾਂ ਵਿਚ ਉਨ੍ਹਾਂ ਨੇ ਬ੍ਰਹਮ ਦੀ ਸਾਧਨਾ ਅਤੇ ਅਨਹਦ ਨਾਦ ਸਬੰਧੀ ਭਜਨ ਲਿਖੇ। ਉਹ ਉੱਤਮ ਕੋਟੀ ਦੇ ਵਿਚਾਰਕ ਸੀ। ਉਨ੍ਹਾਂ ਦੇ ਅਨੁਸਾਰ ਧਰਮ ਤੱਤ ਦੀ ਖੋਜ ਵਿਚ ਮੰਦਿਰ, ਮਸਜਿਦ ਅਤੇ ਤੀਰਥਾਂ ਤੇ ਜਾਣ ਦੀ ਲੋੜ ਨਹੀਂ। ਉਸਦੇ ਦਰਸ਼ਨ ਗੰਗਾ,

ਜਮੁਨਾ ਆਦਿ ਵਿਚ ਇਸ਼ਨਾਨ ਕਰਨ ਨਾਲ ਨਹੀਂ ਹੁੰਦੇ ਸਗੋਂ ਉਹ ਤਾਂ ਹਿਰਦੇ ਵਿਚ ਹੀ ਵਿਰਾਜਮਾਨ ਹਨ। ਉਨ੍ਹਾਂ ਦੇ ਦੁਆਰਾ ਰਚਿਤ ਪਦਾਂ ਦੀ ਸੰਖਿਆ 800 ਦੱਸੀ ਗਈ ਹੈ ਪਰ ਉਹ ਸਾਰੇ ਅਜੇ ਤੱਕ ਉਪਲਬਧ ਨਹੀਂ ਹੋ ਸਕੇ ਹਨ। ਉਨ੍ਹਾਂ ਨੇ ਗਿਆਰ੍ਹਾਂ ਰਚਨਾਵਾਂ ਦਾ ਨਿਰਮਾਣ ਕੀਤਾ ਸੀ, ਜਿਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ: ਸੀਂਗਾ ਜੀ ਦਾ ਨਿਸ਼ਚਿਤ ਉਪਦੇਸ਼, ਸੀਂਗਾ ਜੀ ਦਾ ਆਤਮਧਿਆਨ, ਸੀਂਗਾ ਜੀ ਦਾ ਦੋਸ਼ ਬੋਧ, ਸੀਂਗਾ ਜੀ ਦਾ ਨਰਦ, ਸੀਂਘਾ ਜੀ ਦਾ ਸ਼ਰਦ, ਸੀਂਗਾ ਜੀ ਦੀ ਬਾਣੀ, ਸੀਂਗਾ ਜੀ ਦੀ ਬਾਣਾਵਲੀ, ਸੀਂਗਾ ਜੀ ਦੀ ਪੰਦਰ ਮਿਤੀ, ਸੀਂਗਾ ਜੀ ਦਾ ਸਾਭਵਾਰ, ਸੀਂਗਾ ਜੀ ਦੀ ਬਾਰਹਮਾਸੀ, ਸੀਂਗਾ ਜੀ ਦੇ ਭਜਨ। ਇਨ੍ਹਾਂ ਵਿਚੋਂ ਅੰਤ ਵਾਲੀ ਰਚਨਾ ਦੇ ਅੰਤਰਗਤ ਉਨ੍ਹਾਂ ਦੇ ਸਮਾਧੀ, ਭਜਨ ਅਤੇ ਨਿਰਗੁਣ ਮਾਰਗ ਦੇ ਭਜਨ ਆਉਂਦੇ ਹਨ, ਜਿਨ੍ਹਾਂ ਨੂੰ ਅੱਜ ਵੀ ਗਾਇਆ ਜਾਂਦਾ ਹੈ। ਉਨ੍ਹਾਂ ਦੇ ਕਾਵਿ ਦਾ ਇਕ ਛੋਟਾ-ਜਿਹਾ ਸੰਗ੍ਰਹਿ 'ਸੰਤ ਸੀਂਗਾ ਜੀ' ਨਾਂ ਹੇਠ ਉਪਲਬਧ ਹੈ।

3.4.3.8 **ਲਾਲਦਾਸ** : ਲਾਲ ਪੰਥ ਦੇ ਪਰਵਰਤਕ (1540-1648) ਸੰਤ ਲਾਲਦਾਸ ਜੀ ਦਾ ਜਨਮ ਅਲਵਰ ਰਾਜ ਦੇ ਪਿੰਡ ਧੋਲੀਧੂਪ ਵਿਚ ਇਕ ਅਜਿਹੇ ਮੁਸਲਮਾਨ ਪਰਿਵਾਰ ਵਿਚ ਹੋਇਆ ਸੀ, ਜਿਥੇ ਭਰਨ ਪੋਸ਼ਣ ਅਤੇ ਜੀਵਿਕਾ ਦੇ ਸਾਧਨਾਂ ਲਈ ਇੰਨਾ ਸੰਘਰਸ਼ ਕਰਨਾ ਪੈਂਦਾ ਸੀ, ਬਾਲਕਾਂ ਦੀ ਸਿੱਖਿਆ-ਦੀਖਿਆ ਦਾ ਕੋਈ ਪ੍ਰਬੰਧ ਨਾ ਹੋ ਪਾਇਆ ਸੀ। ਭਗਵਦ ਭਗਤੀ ਦਾ ਬੀਜ ਲਾਲਦਾਸ ਦੇ ਹਿਰਦੇ ਵਿਚ ਬਚਪਨ ਤੋਂ ਹੀ ਅੰਕੁਰਿਤ ਹੋ ਗਿਆ ਸੀ। ਉਹ ਸਾਧੂਆਂ ਦਾ ਸਤਿਸੰਗ ਕਰਦੇ ਰਹਿੰਦੇ ਅਤੇ ਨਾਮ ਜੱਪਣ ਵਿਚ ਲੀਨ ਰਹਿੰਦੇ ਸਨ। ਸਮੇਂ ਦੇ ਨਾਲ ਨਾਲ ਉਨ੍ਹਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲਣ ਲੱਗ ਪਈ। ਕੁਝ ਸਮੇਂ ਬਾਅਦ ਉਹ ਆਪਣੇ ਸਥਾਨ ਨੂੰ ਤਿਆਗ ਕੇ ਰਾਮਗੜ੍ਹ ਪਰਗਨੇ ਦੇ ਵਿਚ ਸਥਿਤ ਬਦੋਨੀ ਵਿਚ ਨਿਵਾਸ ਕਰਨ ਲੱਗੇ ਅਤੇ ਜਨਤਾ ਦੀ ਸੇਵਾ ਵਿਚ ਅਨੁਰਕਤ ਹੋ ਗਏ। ਉਨ੍ਹਾਂ ਮਗਰੋਂ ਉਨ੍ਹਾਂ ਦੇ ਚੇਲਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਪ੍ਰਚਲਿਤ ਹੈ ਕਿ ਅਯੋਗ ਚੇਲਿਆਂ ਦੇ ਕਾਰਨ ਉਨ੍ਹਾਂ ਨੂੰ ਅਨੇਕਾਂ ਵਾਰ ਕਈ ਕਸ਼ਟ ਵੀ ਝੱਲਣੇ ਪਏ। ਦੁਸ਼ਟਾਂ ਦੁਆਰਾ ਕਸ਼ਟ ਦਿਤੇ ਜਾਣ ਤੇ ਇਨ੍ਹਾਂ ਨੇ ਬਦੋਨੀ ਦਾ ਪਰਿਤਿਆਗ ਕਰ ਦਿੱਤਾ ਅਤੇ ਫਿਰ ਨਾਰੋਲੀ ਪਿੰਡ ਵਿਚ ਨਿਵਾਸ ਕਰਨ ਲੱਗੇ। ਬਾਅਦ ਵਿਚ ਉਨ੍ਹਾਂ ਨੇ ਰਸਪਿੰਡ ਨੂੰ ਆਪਣਾ ਨਿਵਾਸ ਸਥਾਨ ਬਣਾਇਆ। ਲਾਲਦਾਸ ਜੀ ਨੇ ਗ੍ਰਹਿਸਥ ਆਸ਼ਰਮ ਵਿਚ ਰਹਿ ਕੇ ਸਾਧਨਾ ਕੀਤੀ। ਉਨ੍ਹਾਂ ਦੀ ਸਮਾਧੀ ਨਗਲਾ (ਭਰਤਪੁਰ ਰਾਜ) ਵਿਚ ਅੱਜ ਵੀ ਸਥਿਤ ਹੈ।

ਸੰਤ ਲਾਲਦਾਸ ਜੀ ਸਿੱਧ ਮਹਾਪੁਰਖ ਸਨ। ਉਨ੍ਹਾਂ ਦੀ ਵਿਚਾਰਧਾਰਾ ਕਬੀਰ ਮੱਤ ਤੋਂ ਪ੍ਰਭਾਵਿਤ ਹੈ। ਉਹ ਚੰਗੇ ਕਵੀ ਤੇ ਉਪਦੇਸ਼ਕ ਸਨ। ਉਨ੍ਹਾਂ ਦੀਆਂ ਰਚਨਾਵਾਂ 'ਲਾਲ ਦਾਸ ਦੀ ਚੇਤਾਵਨੀ' ਵਿਚ ਸੰਕਲਿਤ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਸ਼ਾਨਦਾਰ ਅਭਿਵਿਅੰਜਨਾ-ਸ਼ਕਤੀ ਅਤੇ ਗੰਭੀਰ ਰਹੱਸ ਅਨੁਭੂਤੀ ਦਾ ਗਿਆਨ ਹੁੰਦਾ ਹੈ।

3.4.3.9 **ਦਾਦੂ-ਦਿਆਲ** : ਦਾਦੂ ਪੰਥ ਦੇ ਪਰਵਰਤਕ ਸੰਤ ਦਾਦੂ ਦਿਆਲ, ਸਮਾਜ-ਸੁਧਾਰਕ ਅਤੇ ਰਹੱਸਵਾਦੀ ਕਵੀ ਸਨ। ਮੱਧਕਾਲੀਨ ਸਾਧਕਾਂ ਵਿਚ ਉਨ੍ਹਾਂ ਦਾ ਵਿਅਕਤੀਤਵ ਬੜਾ ਪ੍ਰਭਾਵਸ਼ਾਲੀ ਹੈ। ਦਾਦੂ ਪੁਨਿਆਂ ਪਰਿਵਾਰ ਵਿਚ ਹੋਏ ਸਨ ਅਤੇ ਜਾਤੀ ਦੇ ਮੁਸਲਮਾਨ ਸਨ। ਦਾਦੂ ਦੇ ਗੁਰੂ ਜੀ ਵਿਰਦ ਭਗਵਾਨ ਸਨ। ਦਾਦੂ ਪੰਥ ਵਿਚ ਪ੍ਰਚਲਿਤ ਹੈ ਕਿ ਉਹ ਵਿਆਹੇ ਸਨ ਅਤੇ ਗਰੀਬਦਾਸ ਅਤੇ ਮਸਕੀਨ ਨਾਂ ਦੇ ਉਨ੍ਹਾਂ ਦੇ ਦੋ ਪੁੱਤਰ ਸਨ। ਪਰਚੀ ਦੇ ਅਨੁਸਾਰ ਦਾਦੂ ਦਾ ਮਹਾਪ੍ਰਸਥਾਨ 1603 ਈ. ਵਿਚ ਹੋਇਆ। ਇਨ੍ਹਾਂ ਦੇ ਸਤਿਸੰਗ ਦਾ ਸਥਲ 'ਅਲੱਬ ਦਰੀਬਾ' ਨਾਂ ਨਾਲ ਪ੍ਰਸਿੱਧ ਹੋਇਆ। ਦਾਦੂ ਦੇ ਜੀਵਨ ਕਾਲ ਵਿਚ ਦਾਦੂ ਪੰਥ ਬੜਾ ਲੋਕਪ੍ਰਿਅ ਹੋਇਆ ਅਤੇ ਇਸਦੇ ਅੰਤਰਗਤ ਰਜਬ, ਸੁੰਦਰਦਾਸ, ਪ੍ਰਾਗਦਾਸ, ਜਨਗੋਪਾਲ,

ਜਗਜੀਵਨ, ਪਰਬੀਤੀ ਪ੍ਰਸਿੱਧ ਸਾਧਕਾਂ ਦਾ ਜਨਮ ਹੋਇਆ।

ਦਾਦੂ ਪ੍ਰਤਿਭਾਸ਼ਾਲੀ ਕਵੀ ਸਨ। ਪ੍ਰਸਿੱਧ ਹੈ ਕਿ ਉਨ੍ਹਾਂ ਨੇ ਵੀਹ ਸਹੱਸਤਰ ਪਦਾਂ ਅਤੇ ਸਾਖੀਆਂ ਦੀ ਰਚਨਾ ਕੀਤੀ ਸੀ। ਪਰ ਹੁਣ ਇਨ੍ਹਾਂ ਵਿਚੋਂ ਬਹੁਤ ਘੱਟ ਉਪਲਬਧ ਹਨ।

3.4.3.10 **ਮਲੂਕਦਾਸ** : ਮਲੂਕਦਾਸ (1574-1682) ਦਾ ਜਨਮ ਉਸ ਸਮੇਂ ਹੋਇਆ ਜਦੋਂ ਭਾਰਤ ਵਿਚ ਅਕਬਰ ਦੇ ਰਾਜ ਦਾ ਦੀਪਕ ਹਿੰਦੂਆਂ ਦੇ ਡੂੰਘੇ ਪਿਆਰ ਨਾਲ ਜਗਮਗਾ ਰਿਹਾ ਸੀ। ਉਨ੍ਹਾਂ ਦਾ ਮਹਾਂਪ੍ਰਸਥਾਨ ਔਰੰਗਜ਼ੇਬ ਦੇ ਕਾਲ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸੁੰਦਰਦਾਸ ਖੱਤਰੀ ਸੀ। ਸੰਸਾਰ ਤੋਂ ਵਿਰਕਤੀ ਦਾ ਜੋ ਬੀਜ ਮਲੂਕਦਾਸ ਦੇ ਹਿਰਦੇ ਵਿਚ ਅੱਗੇ ਚੱਲ ਕੇ ਹੋਰ ਡੂੰਘਾ ਹੋਇਆ, ਉਸਦਾ ਬੀਜਾਰੋਪਨ ਉਨ੍ਹਾਂ ਦੀ ਬਾਲ ਅਵਸਥਾ ਵਿਚ ਹੀ ਹੋ ਚੁੱਕਿਆ ਸੀ। ਕੁਝ ਉਨ੍ਹਾਂ ਨੰ ਕੀਲ ਦਾ ਚੇਲਾ ਮੰਨਦੇ ਹਨ ਅਤੇ ਕੁਝ ਦ੍ਰਵਿੜ ਵਿੱਠਲ ਨੂੰ ਉਨ੍ਹਾਂ ਦਾ ਗੁਰੂ ਦੱਸਦੇ ਹਨ। ਪਰ ਮਲੂਕਦਾਸ ਨੇ 'ਸੁੱਖਸਾਗਰ' ਵਿਚ ਗੁਰੂ ਦੇ ਵਨਾਥ ਦੇ ਪੁੱਤਰ ਪੁਰਸ਼ੋਤਮ ਦਾ ਗੁਰੂ ਰੂਪ ਵਿਚ ਸਿਮਰਨ ਕੀਤਾ ਹੈ। ਉਹ ਜੀਵਨ-ਪਰਿਅੰਤ ਆਪਣੇ ਪੈਤ੍ਰਿਕ ਕੰਮ ਦੁਆਰਾ ਗ੍ਰਹਿਸਥੀ ਦਾ ਪਾਲਨ ਕਰਦੇ ਰਹੇ। ਮਲੂਕਦਾਸ ਦੇ ਪ੍ਰਮਾਣਿਕ ਗ੍ਰੰਥ ਇਹ ਹਨ- ਗਿਆਨ ਬੋਧ, ਰਤਨਖਾਨ, ਭਗਵਤ ਛਾਵਲੀ, ਭਗਤੀ ਵਿਵੇਕ, ਗਿਆਨ ਪਰੋਸ਼ੀ, ਬਾਰਹਖੜੀ, ਰਾਮ ਅਵਤਾਰ ਲੀਲਾ, ਬਰਜਲੀਲਾ, ਧਰੂਵਚਰਿੱਤਰ, ਵਿਭਵਵਿਭੂਤਿ, ਸੁੱਖ ਸਾਗਰ, ਸ਼ਬਦ ਅਤੇ ਸਫੁਟ ਪੱਦ।

3.4.3.11 **ਜੈਦੇਵ** : ਭਾਰਤੀ ਭਗਤੀ ਸਾਹਿਤ ਵਿਚ ਜੈਦੇਵ ਨੂੰ ਗੀਤ ਗੋਬਿੰਦ ਕਰਕੇ ਜਾਣਿਆ ਜਾਂਦਾ ਹੈ। ਕੁਝ ਵਿਦਵਾਨ ਉਨ੍ਹਾਂ ਨੂੰ ਰਾਜਾ ਲਛਮਣ ਸੈਨ ਦਾ ਸਮਕਾਲੀ ਦੱਸਦੇ ਹੋਏ, ਉਨ੍ਹਾਂ ਦੇ ਦਰਬਾਰ ਦਾ ਪ੍ਰਸਿੱਧ ਕਵੀ ਕਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਚਾਰ ਸ਼ਬਦ ਹਨ, ਜਿਨ੍ਹਾਂ ਦੋ ਸ਼ਬਦ ਰਾਗ ਗੁਜ਼ਰੀ ਅਤੇ ਦੋ ਮਾਰੂ ਰਾਗ ਵਿਚ ਹਨ।

3.4.3.12 **ਤ੍ਰਿਲੋਚਨ** : ਆਪ ਜੀ ਨੂੰ ਨਾਮਦੇਵ ਜੀ ਦਾ ਸਮਕਾਲੀ ਕਿਹਾ ਜਾਂਦਾ ਹੈ। ਆਪ ਜੀ ਦਾ ਜਨਮ ਪਿੰਡ ਬਾਰ ਸੀ, ਜ਼ਿਲ੍ਹਾ ਸ਼ੋਲਾਪੁਰ ਵਿਚ 1267 ਈ. ਵਿਚ ਹੋਇਆ। ਭਗਤ ਕਬੀਰ ਦੇ ਦੋ ਸ਼ਬਦਾਂ ਵਿਚ ਆਪ ਦਾ ਨਾਮਦੇਵ ਜੀ ਨਾਮ ਸੰਬਾਦ ਮਿਲਦਾ ਹੈ, ਜਿਸ ਵਿਚ ਭਗਤ ਨਾਮਦੇਵ ਜੀ ਨਾਲ ਸੰਬਾਦ ਮਿਲਦਾ ਹੈ। ਜਿਸ ਵਿਚ ਭਗਤ ਨਾਮਦੇਵ ਆਪ ਨੂੰ ਕਿਰਤ ਕਰਨ ਤੇ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ।

*ਨਾਮਾ ਕਹੈ ਤ੍ਰਿਲੋਚਨਾ ਮੁਖ ਤੇ ਰਾਮੁ ਸੰਮਾਲਿ।*

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*

**(ਆਦਿ ਗ੍ਰੰਥ, ਪੰਨਾ 1376)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਚਾਰ ਸ਼ਬਦ ਮਿਲਦੇ ਹਨ ਜੋ ਰਾਗ ਸਿਰੀ, ਗੂਜਰੀ ਤੇ ਧਨਾਸਰੀ ਵਿਚ ਹਨ।

3.4.3.13 **ਧੰਨਾ**: ਆਪ ਜੀ ਦਾ ਜਨਮ 1415 ਈ. ਵਿਚ ਰਾਜਪੁਤਾਣੇ ਦੇ ਪਿੰਡ ਧੁਆਨ ਵਿਚ ਹੋਏ। ਪਹਿਲਾਂ ਪਹਿਲ ਆਪ ਮੂਰਤੀ ਪੂਜਕ ਸਨ ਤੇ ਮਗਰੋਂ ਆਪ ਨੂੰ ਨਿਰਗੁਣ ਭਗਤੀ ਦੀ ਚੇਟਕ ਲੱਗ ਗਈ। ਆਪ ਦੇ ਦੋ ਸ਼ਬਦ ਆਸਾ ਤੇ ਧਨਾਸਰੀ ਰਾਗ ਵਿਚ ਆਦਿ ਗ੍ਰੰਥ ਵਿਚ ਦਰਜ ਹਨ।

3.4.3.14 **ਨਾਮਦੇਵ**: ਸੰਤ ਨਾਮਦੇਵ ਦਾ ਜਨਮ 1270 ਈ. ਵਿਚ ਪਿਤਾ ਦਾਮਸੇਠ ਅਤੇ ਮਾਤਾ

ਗੋਨਾਬਾਈ ਦੇ ਘਰ ਹੋਇਆ। ਪਿਤਾ ਦਾਮਸ਼ੇਠ ਹਰ ਸਾਲ ਪੰਢਰਪੁਰ ਦੀ ਯਾਤਰਾ ਕਰਦੇ ਸਨ ਅਤੇ ਅਖੀਰ ਉਹ ਪੰਡਰਪੁਰ ਹੀ ਵਸ ਗਏ ਸਨ। ਉਹ 'ਵਿੱਠਲ' ਦੇ ਉਪਾਸਕ ਸਨ। ਸੰਤ ਨਾਮਦੇਵ ਉਪਰ ਆਪਣੇ ਪਿਤਾ ਦੀ ਧਾਰਮਿਕ ਬਿਰਤੀ ਦਾ ਬਹੁਤ ਪ੍ਰਭਾਵ ਪਿਆ। ਉਹ ਜਾਤ ਦੇ ਛੀਂਬਾ ਸਨ ਅਤੇ ਉਨ੍ਹਾਂ ਦੇ ਗੁਰੂ ਦਾ ਨਾਂ ਵਿਛੋਭਾ ਖੇਤਰ ਸੀ। ਆਪ ਪ੍ਰਭੂ ਦੀ ਸਰਵ-ਵਿਆਪਕਤਾ 'ਤੇ ਵਿਸ਼ਵਾਸ ਰੱਖਦੇ ਸਨ ਅਤੇ ਮੂਰਤੀ ਪੂਜਾ ਦੇ ਸਖਤ ਵਿਰੋਧੀ ਸਨ। ਆਪਣੇ ਪੱਚੀ ਸਾਲ ਦੀ ਉਮਰ ਵਿਚ ਦਿੱਲੀ, ਜਗਨਨਾਥ ਪੁਰੀ, ਮਥੁਰਾ, ਬਿੰਦਰਾਬਨ, ਦੇਵਗਿਰੀ, ਜੂਨਾਗੜ੍ਹ, ਕਾਸ਼ੀ, ਹਸਤਿਨਾਪੁਰ, ਪ੍ਰਯਾਗ ਦੀ ਯਾਤਰਾ ਕਰ ਲਈ ਸੀ। ਪੰਜਾਹ ਸਾਲ ਦੀ ਉਮਰ ਵਿਚ ਘਰ ਬਾਰ ਦਾ ਤਿਆਗ ਕਰ ਦਿੱਤਾ। ਕੁਝ ਦੇਰ ਹਰਿਦੁਆਰ ਰਹਿਣ ਮਗਰੋਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਦੇ ਪਿੰਡ ਘੁਮਾਣ ਵਿਚ ਵਸ ਗਏ। ਇਥੇ 1507 ਵਿਚ ਪਰਲੋਕ ਸਿਧਾਰੇ। ਗੁਰੂ ਗ੍ਰੰਥ ਸਾਹਿਬ ਵਿਚ ਆਪਦੇ 61 ਪਦ ਅੰਕਿਤ ਹਨ। ਪੂਨਾ ਵਿਸ਼ਵਵਿਦਿਆਲੇ ਨੇ 1964 ਵਿਚ 'ਸੰਤ ਨਾਮਦੇਵ ਕੀ ਹਿੰਦੀ ਪਦਾਵਲੀ' ਪੁਸਤਕ ਵਿਚ ਉਨ੍ਹਾਂ ਦੇ 131 ਪਦ ਅਤੇ ਮਰਾਠੀ ਵਿਚ 'ਨਾਮਦੇਵ ਗਾਥਾ' ਵਿਚ 2337 ਅਭੰਗ ਦਿੱਤੇ ਹਨ। ਇਸ ਤੋਂ ਇਲਾਵਾ 'ਤੀਰਥਾਵਲੀ' ਨਾਂ ਦੀ ਰਚਨਾ ਵਿਚ ਆਪਦੇ 59 ਅਭੰਗ ਮਿਲਦੇ ਹਨ, ਜਿਨ੍ਹਾਂ ਵਿਚ ਗਿਆਨਦੇਵ ਨਾਲ ਮਿਲਦੇ ਕੀਤੀਆਂ ਯਾਤਰਾਵਾਂ ਦਾ ਜ਼ਿਕਰ ਹੈ।

3.4.3.15 **ਗੁਰੂ ਅਰਜੁਨ ਦੇਵ** : ਗੁਰੂ ਅਰਜੁਨ ਦੇਵ ਸਿੱਖਾਂ ਦੇ ਪੰਜਵੇਂ ਗੁਰੂ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ 1533 ਈ. ਨੂੰ ਗੁਰੂ ਰਾਮਦਾਸ ਦੇ ਘਰ ਹੋਇਆ। ਉਨ੍ਹਾਂ ਦੇ ਨਾਨਾ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਦਾ ਬੋਹਿਥਾ' ਦਾ ਵਰ ਉਨ੍ਹਾਂ ਨੂੰ ਛੋਟੀ ਉਮਰੇ ਹੀ ਦੇ ਦਿੱਤਾ। ਉਨ੍ਹਾਂ ਨੇ 30 ਅਗਸਤ 1582 ਨੂੰ ਗੁਰੂ ਗੱਦੀ ਪ੍ਰਾਪਤ ਕੀਤੀ। ਉਨ੍ਹਾਂ ਮੁਗਲ ਬਾਦਸ਼ਾਹ ਜਹਾਂਗੀਰ ਦੀ ਬਾਦਸ਼ਾਹਤ ਵਿਚ 30 ਮਈ 1606 ਨੂੰ ਸ਼ਹਾਦਤ ਪ੍ਰਾਪਤ ਕੀਤੀ।

ਉਨ੍ਹਾਂ ਨੇ ਆਪਣੇ ਜੀਵਨਕਾਲ ਵਿਚ ਕਈ ਮਹਾਨ ਕੰਮ ਕੀਤੇ ਜਿਵੇਂ ਆਦਿ ਗ੍ਰੰਥ ਦੀ ਸੰਪਾਦਨਾ ਤੇ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਥਾਪਣਾ। ਉਨ੍ਹਾਂ ਨੇ ਆਦਿ ਗ੍ਰੰਥ ਦੇ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਰਚੀ। ਉਨ੍ਹਾਂ ਦੀ ਬਾਣੀ ਵਿਚ 467 ਦੁਪਦੇ, 36 ਤਿਪਦੇ, 738 ਚਉਪਦੇ, 27 ਪੰਚ ਪਦੇ, ਇਕ ਛਿਪਦਾ, 32 ਪੜਤਾਲ ਦੁਪਦੇ, 2 ਪੜਤਾਲ ਤਿਪਦੇ, ਇਕ ਪੜਤਾਲ ਚਉਪਦਾ, 18 ਕਾਫ਼ੀਆਂ ਚਉਪਦੇ, 2 ਕਾਫ਼ੀ ਅਸ਼ਟਪਦੀ, 43 ਅਸ਼ਟਪਦੀਆ, 63 ਛੰਦ, 14 ਸੋਹਲੇ, 25 ਛੰਦਾਂ ਨਾਲ ਸ਼ਲੋਕ, 63 ਸਹਿਸਕ੍ਰਿਤੀ ਸ਼ਲੋਕ, 25 ਗਾਥਾ ਸ਼ਲੋਕ, 11 ਚਉਬੋਲੇ, 20 ਸਵਧੈ, 23 ਫੁਨਹੇ, 22 ਸ਼ਲੋਕ ਵਾਰਾਂ ਥੀ, ਵਧੀਕ ਅਤੇ ਦੋ ਮੁੰਦਾਵਨੀ, ਸ਼ਲੋਕ ਸ਼ਾਮਲ ਹਨ। ਉਨ੍ਹਾਂ ਨੇ ਛੇ ਵਾਰਾਂ ਵੀ ਲਿਖੀਆਂ। ਉਨ੍ਹਾਂ ਦੀ ਪ੍ਰਸਿੱਧ ਰਚਨਾਵਾਂ ਹਨ: ਸੁਖਮਨੀ, ਬਾਰਾਂਮਾਂਹ ਅਤੇ ਬਾਵਨ ਅੱਖਰੀ।

3.4.3.16 **ਚਰਨਦਾਸ** : ਸੰਤ ਚਰਨਦਾਸ 18ਵੀਂ ਸਦੀ ਦੇ ਸੰਤ ਕਵੀ ਹੋਏ ਹਨ, ਜਿਨ੍ਹਾਂ ਦਾ ਜਨਮ ਅਲਵਰ ਦੇ ਛੇਹਰਾ ਨਾਮੀ ਸਥਾਨ 'ਤੇ 1760 ਬਿਕ੍ਰਮੀ ਨੂੰ ਹੋਇਆ। ਇਨ੍ਹਾਂ ਦੀ ਮਾਂ ਦਾ ਨਾਂ ਕੁੰਜੋ ਦੇਵੀ ਅਤੇ ਪਿਤਾ ਦਾ ਨਾਮ ਮੁਰਲੀਧਰ ਸੀ। ਇਹ ਜਾਤ ਦੇ ਧੂਸਰ ਬਨੀਏ ਸਨ। ਛੋਟੀ ਉਮਰ ਵਿਚ ਹੀ ਇਹ ਆਪਣੇ ਨਾਨੇ ਪਾਸ ਆ ਗਏ। ਇਥੇ ਹੀ ਇਨ੍ਹਾਂ ਦੀ ਪਾਲਣ ਪੋਸ਼ਣ ਹੋਈ। 8 ਸਾਲ ਦੀ ਉਮਰ ਵਿਚ ਇਨ੍ਹਾਂ ਦੇ ਮਾਤਾ ਪਿਤਾ ਨੇ ਇਨ੍ਹਾਂ ਦਾ ਵਿਆਹ ਕਰਨਾ ਚਾਹਿਆ, ਪਰ ਇਨ੍ਹਾਂ ਦੀ ਭਗਵਤ ਭਗਤੀ ਅੱਗੇ ਕਿਸੇ ਦੀ ਪੇਸ਼ ਨਾ ਗਈ।

ਇਨ੍ਹਾਂ ਦੇ ਗੁਰੂ ਦਾ ਨਾਂ ਸ਼ੁਕਦੇਵ ਸੀ। ਦੀਖਿਆ ਤੋਂ ਬਾਅਦ ਇਨ੍ਹਾਂ ਦਾ ਨਾਂ ਸ਼ਿਆਮ ਚਰਨਦਾਸ ਰੱਖ ਦਿੱਤਾ ਗਿਆ। ਇਨ੍ਹਾਂ ਤੋਂ ਹੀ ਚਰਨਦਾਸ ਜੀ ਭਗਵਾਨ ਸ੍ਰੀ ਕ੍ਰਿਸ਼ਣ ਦੇ ਪੁਜਾਰੀ ਸਨ, ਪਰ ਹੌਲੀ ਹੌਲੀ ਹੋਰਨਾਂ ਸੰਤ ਭਗਤਾਂ ਦੀ ਤਰ੍ਹਾਂ ਸਰਗੁਣ ਤੋਂ ਨਿਰਗੁਣ ਵੱਲ ਤੁਰ ਪਏ।

ਇਸ ਸਮੇਂ ਤੱਕ ਉਨ੍ਹਾਂ ਦੀ 21 ਰਚਨਾਵਾਂ ਪ੍ਰਾਪਤ ਹਨ। 15 ਗ੍ਰੰਥਾਂ ਦਾ ਇਕ ਸੰਗ੍ਰਹਿ ਵੇਂਕਟੇਸ਼ਵਰ ਪ੍ਰੈਸ, ਬੰਬਈ ਤੋਂ ਉਨ੍ਹਾਂ ਦੇ ਨਾਂ ਹੇਠ ਪ੍ਰਕਾਸ਼ਿਤ ਹੋਇਆ ਹੈ। ਇਸੇ ਤਰ੍ਹਾਂ 21 ਗ੍ਰੰਥਾਂ ਦਾ ਸੰਗ੍ਰਹਿ ਕਿਸ਼ੋਰ ਪ੍ਰੈਸ ਨੇ ਪ੍ਰਕਾਸ਼ਿਤ ਕੀਤਾ ਹੈ। ਤਿੰਨ ਭਾਗਾਂ ਵਿਚ ਇਨ੍ਹਾਂ ਦੀਆਂ ਕੁਝ ਬਾਣੀਆਂ ਦਾ ਇਕ ਸੰਗ੍ਰਹਿ ਬੇਲਵੀਡੀਅਰ ਪ੍ਰੈਸ ਨੇ ਵੀ ਪ੍ਰਕਾਸ਼ਿਤ ਕੀਤਾ ਹੈ।

ਚਰਨਦਾਸ ਦੀ ਮ੍ਰਿਤੂ ਸੰਮਤ 1836 ਦੇ ਲਗਭਗ ਦਿੱਲੀ ਵਿਖੇ ਹੋਈ। ਇਥੇ ਇਨ੍ਹਾਂ ਦੀ ਸਮਾਧੀ ਤੇ ਮੰਦਰ ਅੱਜ ਤੱਕ ਮੌਜੂਦ ਹਨ। ਮੰਦਰ ਵਿਚ ਇਨ੍ਹਾਂ ਦੇ ਚਰਨ ਚਿੰਨ੍ਹ ਬਣੇ ਹੋਏ ਹਨ। ਬਸੰਤ ਪੰਚਮੀ ਨੂੰ ਇਥੇ ਮੇਲਾ ਲੱਗਦਾ ਹੈ। ਚਰਨਦਾਸ ਦੇ ਬਹੁਤ ਸਾਰੇ ਸ਼ਿਸ਼ ਸਨ, ਜਿਨ੍ਹਾਂ ਵਿਚੋਂ 52 ਸ਼ਿਸ਼ਾਂ ਨੂੰ ਵੱਖ ਵੱਖ ਥਾਵਾਂ ਤੇ ਚਰਨਦਾਸੀ ਮਤ ਦੀਆਂ ਸ਼ਾਖਾਵਾਂ ਸਥਾਪਿਤ ਕਰਨ ਲਈ ਚੁਣਿਆ ਗਿਆ। ਸਹਜੋਬਾਈ ਤੇ ਦਯਾਬਾਈ ਨਾਮ ਦੀਆਂ ਦੋ ਸ਼ਿਸ਼ਿਆਂ ਚਰਨਦਾਸ ਦੀ ਚਾਚੇ ਦੀਆਂ ਧੀਆਂ ਦੱਸੀਆਂ ਜਾਂਦੀਆਂ ਹਨ। ਇਨ੍ਹਾਂ ਨੇ ਵੀ ਕਵਿਤਾ ਰਚੀ ਹੈ। ਸਹਜੋਬਾਈ ਨੇ ਸਹਿਜ ਪ੍ਰਕਾਸ਼ ਲਿਖਿਆ ਹੈ ਤੇ ਦਯਾਬਾਈ ਨੇ ਦਯਾਬੋਧ ਦੀ ਰਚਨਾ ਕੀਤੀ ਹੈ। ਚਰਨਦਾਸ ਜੀ ਦੇ ਕੁਝ ਪਦ, ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਵਲੋਂ ਪ੍ਰਕਾਸ਼ਿਤ 'ਸ਼ਬਦ ਸ਼ਲੋਕ ਭਗਤਾਂ ਦੇ' ਨਾਮਕ ਗ੍ਰੰਥ ਵਿਚ ਰਾਗ ਬਿਲਾਵਲ ਦੇ ਸਿਰਲੇਖ ਹੇਠ ਦਰਜ ਮਿਲਦੇ ਹਨ।

3.4.3.17 **ਸਧਨਾ** : ਆਪ 13ਵੀਂ ਸਦੀ ਵਿਚ ਸਿੰਧ ਵਿਚ ਹੋਏ। ਆਪ ਕਸਾਈ ਦਾ ਕਿੱਤਾ ਕਰਦੇ ਸੀ ਪਰ ਫਿਰ ਵੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਆਪ ਜੀ ਦਾ ਕੇਵਲ ਇੱਕ ਹੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਜ ਹੈ। ਆਪਨੇ ਇਸ ਵਿਚ ਪ੍ਰਭੂ ਦੀ ਉਸਤਤਿ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਹਮੇਸ਼ਾ ਆਪਣੀ ਭਗਤਾਂ ਦੀ ਲਾਜ ਰੱਖਦਾ ਹੈ।

3.4.3.18 **ਬੇਣੀ** : ਆਪ ਜੀ ਦਾ ਜਨਮ 13ਵੀਂ ਸਦੀ ਦੇ ਪਿਛਲੇ ਅੱਧ ਵਿਚ ਹੋਇਆ ਮੰਨਿਆ ਜਾਂਦਾ ਹੈ। ਆਪ ਨੂੰ ਨਿਰਗੁਣਵਾਦੀ ਸੰਤ ਕਿਹਾ ਜਾਂਦਾ ਹੈ ਜੋ ਮਾਇਆ ਦੇ ਜਾਲ ਵਿਚ ਫੱਸੇ ਜੀਵ ਨੂੰ ਉਪਦੇਸ਼ ਦਿੰਦੇ ਹਨ ਕਿ ਸੰਸਾਰਕ ਕੰਮ ਕਰਦਿਆਂ ਪਰਮਾਤਮਾ ਨਾਮ ਭੁੱਲਣਾ ਨਹੀਂ ਚਾਹੀਦਾ। ਉਸ ਨੂੰ ਬ੍ਰਹਮ ਨਾਲ ਸਾਂਝ ਹਮੇਸ਼ਾ ਰੱਖਣੀ ਚਾਹੀਦੀ ਹੈ। ਜਿਹੜੇ ਜੀਵ ਪਰਮਾਤਮਾ ਨਾਲ ਸਾਂਝ ਪਾ ਲੈਂਦੇ ਹਨ ਉਨ੍ਹਾਂ ਨੂੰ ਇੜਾ, ਪਿੰਗਲਾ ਅਤੇ ਸੁਖਮਣੀ ਦੇ ਅਭਿਆਸ ਦੀ ਲੋੜ ਨਹੀਂ ਰਹਿੰਦੀ। ਉਨ੍ਹਾਂ ਨੇ ਆਪਣੀ ਰਚਨਾਵਾਂ ਵਿਚ ਭੇਖਧਾਰੀਆਂ ਤੇ ਵੀ ਚੋਟ ਕੀਤੀ ਹੈ।

ਆਪ ਜੀ ਦੀ ਪ੍ਰਮਾਣਿਕ ਰਚਨਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਸਿਰੀ, ਰਾਮਕਲੀ ਤੇ ਪ੍ਰਭਾਤੀ ਵਿਚ ਤਿੰਨ ਸ਼ਬਦ ਹਨ।

3.4.3.19 **ਪੀਪਾ** : ਪੀਪਾ ਵੀ ਨਿਰਗੁਣਵਾਦੀ ਸੰਤ ਹੋਏ ਹਨ ਜੋ ਇਕ ਰਾਜਪਰਿਵਾਰ ਨਾਲ ਤਾਲੁੱਕ ਰੱਖਦੇ ਸਨ। ਆਪਦੇ ਜੀਵਨ ਦੀਆਂ ਝਲਕੀਆਂ 'ਭਗਤਮਾਲ' ਕ੍ਰਿਤ ਨਾਭਾਦਾਸ ਨਾਂ ਦੇ ਗ੍ਰੰਥ ਵਿਚ ਮਿਲਦੀਆਂ ਹਨ। ਆਪਦੀ ਪ੍ਰਮਾਣਿਕ ਰਚਨਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇੱਕੋ ਇੱਕ ਸ਼ਬਦ ਹੈ।

3.4.3.20 **ਬਾਬਾ ਲਾਲ** : ਬਾਬਾ ਲਾਲ ਨਾਂ ਦੇ ਚਾਰ ਸਾਧੂਆਂ ਦਾ ਜਨਮ ਪੰਜਾਬ ਪ੍ਰਦੇਸ਼ ਵਿਚ ਹੋਇਆ। ਇਨ੍ਹਾਂ ਵਿਚੋਂ ਇਕ ਪਿੰਡ ਦਾਦਾਨ ਥਾਂ ਦੇ ਨਿਵਾਸੀ ਸਨ, ਦੂਜਾ ਪੱਛਮੀ ਪ੍ਰਾਂਤ ਦੇ ਥੇਰਾ ਨਗਰ ਵਿਚ ਰਹਿੰਦੇ ਸਨ, ਤੀਜਾ ਸੰਤ ਬਾਬਾ ਲਾਲ ਦਾ ਮਠ ਗੁਰਦਾਸਪੁਰ ਵਿਚ ਸਥਿਤ ਹੈ ਅਤੇ ਚੌਥੇ ਸੰਤ ਕਵੀ ਬਾਬਾ ਲਾਲ ਸ਼ਾਹਜ਼ਾਦੇ ਦਾਰਾ ਸ਼ਿਕੋਹ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਵਿਚ ਧਾਰਮਿਕ ਮਿਲਾਪ ਹੋਇਆ ਸੀ। ਆਚਾਰਿਆ ਛਿਤੀ ਮੋਹਨ ਸੇਨ ਦੇ ਅਨੁਸਾਰ ਬਾਬਾ ਲਾਲ ਦਾ ਜਨਮ 1590 ਈ. ਵਿਚ ਮਾਲਵਾ ਪ੍ਰਦੇਸ਼ ਦੇ

ਇਕ ਖੱਤਰੀ ਪਰਿਵਾਰ ਵਿਚ ਹੋਇਆ ਸੀ। ਪਰ ਬਾਬਾ ਲਾਲ ਸੰਪ੍ਰਦਾਇ ਦੇ ਆਸਥਾਵਾਨ ਭਗਤਾਂ ਦੇ ਅਨੁਸਾਰ ਉਨ੍ਹਾਂ ਦਾ ਜਨਮ 1355 ਈ. ਵਿਚ ਅਤੇ ਦੇਹਾਵਾਸਾਨ 1655 ਈ. ਵਿਚ ਹੋਇਆ। ਸੰਪ੍ਰਦਾਇ ਦੇ ਅਨੁਯਾਈਆਂ ਦੇ ਅਨੁਸਾਰ ਉਨ੍ਹਾਂ ਦਾ ਜਨਮ ਸਥਾਨ ਪੰਜਾਬ ਪ੍ਰਦੇਸ਼ ਦੇ ਕਸੂਰ ਜਾਂ ਕੁਸ਼ਪੁਰ ਨਾਂ ਦੇ ਪਿੰਡ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਭੋਲਾਨਾਥ ਅਤੇ ਮਾਤਾ ਦਾ ਨਾਂ ਕ੍ਰਿਸ਼ਨਾ ਦੇਵੀ ਸੀ। ਪ੍ਰਸਿੱਧ ਹੈ ਕਿ ਅੱਠ ਸਾਲਾਂ ਦੀ ਅਵਸਥਾ ਵਿਚ ਹੀ ਉਨ੍ਹਾਂ ਧਰਮ ਗ੍ਰੰਥਾਂ ਦਾ ਅਧਿਐਨ ਕਰ ਲਿਆ ਸੀ। ਦੱਸ ਵਰ੍ਹਿਆਂ ਦੀ ਅਵਸਥਾ ਵਿਚ ਉਨ੍ਹਾਂ ਦੇ ਹਿਰਦੇ ਵਿਚ ਵੈਰਾਗ ਪੈਦਾ ਹੋ ਗਿਆ, ਸਿੱਟੇ ਵਜੋਂ ਉਹ ਸੰਤ ਅਤੇ ਸਤਿਗੁਰੂ ਦੀ ਖੋਜ ਵਿਚ ਨਿਕਲ ਪਏ। ਚੇਤਨ ਬਾਬਾ ਜਾਂ ਚੈਤਨਯ ਸੁਆਮੀ ਜੀ ਨਾਲ ਭੇਂਟ ਹੋਣ ਤੇ ਆਪਣੇ ਉਨ੍ਹਾਂ ਤੋਂ ਦੀਖਿਆ ਲੈ ਲਈ ਅਤੇ ਫਿਰ ਉਹ ਚੇਤਨ ਸੁਆਮੀ ਜੀ ਦੀ ਆਗਿਆ ਪਾ ਕੇ ਉਹ ਆਪਣੇ ਬਾਈ ਪ੍ਰਮੁੱਖ ਚੇ ਲਿਆਂ ਨੂੰ ਲੈ ਕੇ ਪੰਜਾਬ, ਕਾਬੁਲ, ਪੇਸ਼ਾਵਰ, ਗਜਨੀ, ਕੰਧਾਰ, ਦਿੱਲੀ, ਸੂਰਤ ਆਦਿ ਸਥਾਨਾਂ ਤੇ ਦੌਰਾ ਕਰਦੇ ਹੋਏ ਸਤਿ ਅਤੇ ਧਰਮ ਦੇ ਉੱਚੇ ਆਦਰਸ਼ਾਂ ਦਾ ਪ੍ਰਚਾਰ ਕਰਨ ਲੱਗੇ। ਅੱਜ ਵੀ ਉਨ੍ਹਾਂ ਦੇ ਅਨੁਯਾਈ ਬੜੌਦਾ, ਗੁਰਦਾਸਪੁਰ ਆਦਿ ਸਥਾਨਾਂ ਤੇ ਪਾਏ ਜਾਂਦੇ ਹਨ। ਇਸ ਸੰਪ੍ਰਦਾਇ ਦਾ ਮੁੱਖ ਸਥਾਨ ਗੁਰਦਾਸਪੁਰ ਦਾ ਸ਼੍ਰੀਧਿਆਨਪੁਰ ਪਿੰਡ ਹੈ।

3.4.3.21 **ਸੁੰਦਰਦਾਸ** : ਸੰਤ ਦਾਦੂ ਦਿਆਲ ਦੇ ਚੇਲੇ ਸੁੰਦਰਦਾਸ (1596-1689) ਬੜੇ ਹੀ ਪ੍ਰਤਿਭਾ ਸੰਪਨ ਕਵੀ ਅਤੇ ਸਾਧਕ ਸਨ। ਜੈਪੁਰ ਰਾਜ ਦੀ ਪ੍ਰਾਚੀਨ ਰਾਜਧਾਨੀ ਧੌਸਾ ਦੇ ਪਰਮਾਨੰਦ ਖੰਡੇਲਵਾਲ ਦੇ ਘਰ ਆਪਦਾ ਜਨਮ ਹੋਇਆ। ਛੇ ਸਾਲ ਦੀ ਛੋਟੀ ਜਿਹੀ ਉਮਰ ਵਿਚ ਉਹ ਸੰਤ ਦਾਦੂ ਦਿਆਲ ਦੇ ਚੇਲੇ ਹੋਏ ਅਤੇ ਗਿਆਰਾਂ ਸਾਲਾਂ ਦੀ ਅਵਸਥਾ ਵਿਚ ਸੰਤ ਜਗਜੀਵਨ ਅਤੇ ਸੰਤ ਰਜਬ ਦੇ ਨਾਲ ਕਾਸ਼ੀ ਦੀ ਯਾਤਰਾ ਕੀਤੀ। ਇਥੇ ਉਨ੍ਹਾਂ ਨੇ ਲੰਮੇ ਸਮੇਂ ਤੱਕ ਨਿਵਾਸ ਕੀਤਾ ਅਤੇ ਸੰਸਕ੍ਰਿਤ ਵਿਆਕਰਣ, ਸਾਹਿਤ ਅਤੇ ਦਰਸ਼ਨ ਦਾ ਗੰਭੀਰ ਅਧਿਐਨ ਕੀਤਾ। ਸਾਰੀਆਂ ਵਿਦਿਆਵਾਂ ਵਿਚ ਕੁਸ਼ਲ ਹੋ ਕੇ 1625 ਈ. ਵਿਚ ਸ਼ੇਖਾਵਟੀ ਵਿਚ ਵਾਪਿਸ ਆ ਗਏ ਅਤੇ ਫਿਰ ਉਨ੍ਹਾਂ ਨੇ ਫਤਿਹਪੁਰ ਵਿਚ ਗੁਫਾ ਵਿਚ ਨਿਵਾਸ ਕਰਕੇ ਬਾਰ੍ਹਾਂ ਵਰ੍ਹਿਆਂ ਤੱਕ ਯੋਗ ਸਾਧਨਾ ਕੀਤੀ। ਦੇਸ਼ਾਟਨ ਉਨ੍ਹਾਂ ਨੂੰ ਬੜਾ ਪਿਆਰਾ ਸੀ। ਯਾਤਰਾ ਕਰਦੇ ਹੋਏ ਉਹ ਦਾਦੂ ਦੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਸਨ ਅਤੇ ਨਾਲ ਕਾਵਿ ਰਚਨਾ ਵੀ ਕਰਦੇ ਸਨ। ਰਜਬ ਨਾਲ ਉਨ੍ਹਾਂ ਦਾ ਵਿਸ਼ੇਸ਼ ਪਿਆਰ ਸੀ।

ਸੁੰਦਰਦਾਸ ਨੇ ਬਤਾਲੀ ਗ੍ਰੰਥਾਂ ਦੀ ਰਚਨਾ ਕੀਤੀ ਸੀ, ਜਿਨ੍ਹਾਂ ਵਿਚ ਗਿਆਨ ਸਮੁੰਦਰ ਅਤੇ ਸੁੰਦਰਵਿਲਾਸ ਜ਼ਿਆਦਾ ਪ੍ਰਸਿੱਧ ਹਨ। ਪੁਰੋਹਿਤ ਹਰਿਨਰਾਇਣ ਸ਼ਰਮਾ ਦੁਆਰਾ ਸੰਪਾਦਿਤ ਸੁੰਦਰ ਗ੍ਰੰਥਾਵਲੀ (ਦੋ ਭਾਗ) ਉਨ੍ਹਾਂ ਦੀ ਸਾਰੀਆਂ ਰਚਨਾਵਾਂ ਦਾ ਪ੍ਰਮਾਣਿਕ ਸੰਕਲਨ ਹੈ।

3.4.3.22 **ਧਰਮਦਾਸ** : ਸੰਤ ਧਰਮਦਾਸ ਕਬੀਰ ਦੇ ਮੁੱਖ ਚੇਲੇ ਸਨ। ਕਬੀਰਬਾਣੀ ਨੂੰ 'ਬੀਜਕ' ਵਿਚ ਸੰਕਲਿਤ ਕਰਨ ਦਾ ਸਿਹਰਾ ਇਨ੍ਹਾਂ ਨੂੰ ਹੀ ਜਾਂਦਾ ਹੈ। ਕਬੀਰ ਜੀ ਦੀ ਮ੍ਰਿਤੂ ਤੋਂ ਬਾਅਦ ਉਨ੍ਹਾਂ ਦੀ ਗੱਦੀ ਦਾ ਉਤਰਾਧਿਕਾਰ ਵੀ ਇਨ੍ਹਾਂ ਨੂੰ ਹੀ ਮਿਲਿਆ। ਪਰ ਇਨ੍ਹਾਂ ਦੀ ਭਗਤੀਭਾਵਨਾ ਅਤੇ ਵਿਚਾਰਧਾਰਾ ਕਬੀਰ ਜੀ ਤੋਂ ਭਿੰਨ ਹੈ ਕਿਉਂਕਿ ਇਸ ਵਿਚ ਖੰਡਨ-ਮੰਡਨ ਦੀ ਭਾਵਨਾ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਲੋਕਿਕ ਪ੍ਰਪੰਚ ਅਤੇ ਮਾਇਆ ਦੇ ਪ੍ਰਭਾਵ ਨੂੰ ਨਸ਼ਟ ਕਰਨ ਲਈ ਇਹ ਬ੍ਰਹਮ ਦੀ ਸਾਧਨਾ ਨੂੰ ਜ਼ਰੂਰੀ ਮੰਨਦੇ ਸਨ। ਕਬੀਰ ਦੀ ਤੁਲਨਾ ਵਿਚ ਇਨ੍ਹਾਂ ਦੀ ਪ੍ਰਤੀਪਾਦਨ ਸ਼ੈਲੀ ਸਰਲ ਅਤੇ ਸਪੱਸ਼ਟ ਹੈ। ਇਨ੍ਹਾਂ ਦੀ ਰਚਨਾਵਾਂ 'ਧੰਨੀ ਧਰਮਦਾਸ' ਨਾਂ ਦੇ ਗ੍ਰੰਥ ਵਿਚ ਅੰਕਿਤ ਹਨ।

ਇਸ ਤਰ੍ਹਾਂ ਭਗਤੀ ਕਾਲ ਵਿਚ ਸੰਤ-ਕਾਵਿ ਧਾਰਾ ਦੇ ਵਿਕਾਸ ਵਿਚ ਸੌ ਤੋਂ ਵੱਧ ਕਵੀਆਂ ਦਾ

ਯੋਗਦਾਨ ਰਿਹਾ, ਜਿਨ੍ਹਾਂ ਵਿਚ ਉਪਰ ਦੱਸੇ ਗਏ ਕਵੀਆਂ ਦੇ ਇਲਾਵਾ ਕੁਝ ਹੋਰ ਕਵੀਆਂ ਨੂੰ ਵੀ ਲੋਕਪ੍ਰਿਅਤਾ ਪ੍ਰਾਪਤ ਹੋਈ। ਇਨ੍ਹਾਂ ਵਿਚ ਧਰਮ ਦਾਸ, ਰਜਬ, ਬਾਵਰੀ ਸਾਹਿਬਾ, ਗੁਰੂ ਅੰਗਦ ਦੇਵ, ਗੁਰੂ ਰਾਮਦਾਸ, ਗੁਰੂ ਤੇਗਬਹਾਦਰ, ਗੁਰੂ ਗੋਬਿੰਦ ਸਿੰਘ, ਸੇਨ, ਅੰਗਦ ਪਰਭੀਤਿ, ਭੀਖਨ, ਵੀਰਬਾਨ ਅਤੇ ਨਿਪਟ ਨਿਰੰਜਨ, ਸੁਆਮੀ ਵਰਣਿਤ ਹਨ।

ਸਪੱਸ਼ਟ ਹੈ ਕਿ ਸੰਤ ਕਾਵਿ ਇਕ ਅਨਮੋਲ ਖਜ਼ਾਨਾ ਹੈ, ਜਿਸ ਨੂੰ ਖੰਘਾਲਣ ਤੇ ਅਨੇਕਾਂ ਰਤਨ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਰਤਨਾਂ ਦੀ ਚਮਕ ਤੋਂ ਬਗੈਰ ਭਗਤੀ ਸਾਹਿਤ ਦੀ ਆਬ ਅਧੂਰੀ ਰਹਿੰਦੀ ਹੈ।

## 3.5 ਸਰਗੁਣ ਤੇ ਨਿਰਗੁਣਵਾਦੀ ਭਗਤੀ ਪਰੰਪਰਾ ਵਿੱਚ ਭੇਦ

ਸਗੁਣਵਾਦੀ ਪਰੰਪਰਾ ਕਈ ਗੱਲਾਂ ਵਿੱਚ ਨਿਰਗੁਣਵਾਦੀ ਪਰੰਪਰਾ ਤੋਂ ਭਿੰਨ ਹੈ।

(i) ਮਧਯੁਗ ਵਿੱਚ ਵੈਸ਼ਨਵ ਸਾਧਨਾ ਦੋ ਰੂਪਾਂ ਵਿੱਚ ਵਿਕਸਿਤ ਹੋਈ ਨਿਰਗੁਣ ਅਤੇ ਸਰਗੁਣ। ਨਿਰਗੁਣ ਉਪਾਸਨਾ ਸ਼ੁੱਧ ਵੈਸ਼ਨਵ ਰੂਪ ਵਿੱਚ ਨਹੀਂ ਰਹਿ ਪਾਈ। ਉਸ ਉਪਰ ਆਪਣੇ ਯੁੱਗ ਦੀ ਸਮਸਤ ਸਾਧਨਾਵਾਂ ਤੇ ਵਿਚਾਰਧਾਰਾਵਾਂ ਦਾ ਪੂਰਾ-ਪੂਰਾ ਪ੍ਰਭਾਵ ਪਿਆ ਜਿਸ ਕਾਰਨ ਉਸ ਦਾ ਸਰੂਪ ਹੀ ਬਦਲ ਗਿਆ ਅਤੇ ਉਹ ਵੈਸ਼ਨਵ ਹੁੰਦੀ ਹੋਈ ਵੀ ਉਸ ਤੋਂ ਭਿੰਨ ਪ੍ਰਤੀਤ ਹੋਣ ਲੱਗੀ। ਜਦਕਿ ਇਸ ਤੋਂ ਉਲਟ ਸਰਗੁਣਵਾਦੀ ਉਪਾਸਨਾ ਸ਼ੁੱਧ ਵੈਸ਼ਨਵ ਹੀ ਰਹੀ। ਸੰਤਾਂ ਦੇ ਦੋ ਵਰਗ ਅਲੱਗ ਅਲੱਗ ਇਨ੍ਹਾਂ ਦੋਨਾਂ ਉਪਾਸਨਾ ਪੱਧਤੀਆਂ ਨੂੰ ਲੈ ਕੇ ਚੱਲੇ। ਇਨ੍ਹਾਂ ਦੋਹਾਂ ਵਰਗਾਂ ਦੇ ਸੰਤਾਂ ਦੇ ਕਾਵਿ ਦਾ ਇੱਕੋ ਸਮੇਂ ਜਨਮ ਹੋਇਆ। ਇੱਕ ਸਰਗੁਣ ਕਾਵਿਧਾਰਾ ਦੇ ਨਾਂ ਤੇ ਪ੍ਰਸਿੱਧ ਹੋਇਆ ਤੇ ਦੂਜਾ ਨਿਰਗੁਣਵਾਦੀ ਕਾਵਿਧਾਰਾ ਦਾ।

(ii) ਸਰਗੁਣ ਅਤੇ ਨਿਰਗੁਣ ਧਾਰਾਵਾਂ ਦਾ ਮੌਲਿਕ ਅੰਤਰ ਰੂਪ ਉਪਾਸਨਾ ਨਾਲ ਸਬੰਧਤ ਹੈ। ਨਿਰਗੁਣ-ਵਾਦੀ ਸੰਤ ਅਲਖ ਨਿਰੰਜਨ ਤੇ ਨਿਰਗੁਣ ਬ੍ਰਹਮ ਦੇ ਉਪਾਸਕ ਸਨ। ਉਨ੍ਹਾਂ ਦਾ ਇਹ ਨਿਰਗੁਣ ਰੂਪ ਅਤੇ ਆਕਾਰ ਤੋਂ ਰਹਿਤ ਸੂਖਮ ਤੇ ਬਿਆਨ ਤੋਂ ਬਾਹਰ ਹੈ। ਪਰ ਫਿਰ ਵੀ ਇਹ ਵੇਦਾਂਤੀਆਂ ਦੇ ਬ੍ਰਹਮ ਵਾਂਗ ਸ਼ੁਸ਼ਕ ਨਹੀਂ ਅਤੇ ਨਾ ਹੀ ਬੋਧਾਂ ਵਾਂਗ ਸ਼ੂਨਯ। ਇਹ ਸੂਖਮ ਹੁੰਦੇ ਹੋਏ ਵੀ ਕਰੁਣਾ ਭਰਪੂਰ ਅਤੇ ਭਗਤਵਤਸਲ ਹੈ। ਇਹ ਅੰਤਰਯਾਮੀ ਪ੍ਰਭੂ ਹੈ ਜੋ ਆਪਣੇ ਭਗਤਾਂ ਨੂੰ ਸਮੇਂ ਪੈਣ ਤੇ ਦਰਸ਼ਨ ਦਿੰਦਾ ਹੈ। ਪਰ ਦਰਸ਼ਨ ਪਾਉਣ ਵਾਲਾ ਵੀ ਉਸ ਦਾ ਵਰਨਣ ਨਹੀਂ ਕਰ ਸਕਦਾ ਅਤੇ ਜੇਕਰ ਕੋਸ਼ਿਸ਼ ਕਰੇ ਵੀ ਤਾਂ ਸਫ਼ਲ ਨਹੀਂ ਹੋ ਸਕਦਾ ਕਿਉਂਕਿ ਇਹ ਬ੍ਰਹਮ ਰੂਪਵਾਨ ਤੇ ਅਰੂਪ ਹੁੰਦੇ ਹੋਏ ਵੀ ਇਨ੍ਹਾਂ ਦੋਹਾਂ ਗੁਣਾਂ ਤੋਂ ਵਖਰਾ ਹੈ।

ਪਰੰਤੂ ਸਰਗੁਣਵਾਦੀਆਂ ਦਾ ਬ੍ਰਹਮ ਮਨੁੱਖਾਂ ਦੇ ਰੂਪ ਵਿੱਚ ਹੀ ਪ੍ਰਤੀਸ਼ਠਿਤ ਰਹਿੰਦਾ ਹੈ। ਮਾਨਵ-ਜੀਵਨ ਦੀ ਸਾਰੀ ਸ਼ਕਤੀ, ਸਾਰੀ ਖ਼ੂਬਸੂਰਤੀ ਅਤੇ ਸਾਰਾ ਸ਼ੀਲ ਤੇ ਸਦਾਚਾਰ ਉਸ ਵਿੱਚ ਮੌਜੂਦ ਹੁੰਦਾ ਹੈ। ਚਾਹੇ ਉਹ ਮਰਿਆਦਾ ਪੁਰਸ਼ੋਤਮ ਰਾਮ ਹੋਵੇ ਜਾਂ ਸੋਲ੍ਹਾ ਕਲਾ ਸੰਪੂਰਨ ਕ੍ਰਿਸ਼ਨ। ਇਹੀ ਕਾਰਨ ਹੈ ਕਿ ਜਿਥੇ ਨਿਰਗੁਣ ਦਾ ਬ੍ਰਹਮ ਕੇਵਲ ਅਨੁਭੂਤੀ ਅਤੇ ਸਾਧਨਾ ਗਮਯ ਮਾਤਰ ਹੋਣ ਕਰ ਕੇ ਰਹੱਸਪੂਰਨ ਹੈ ਉਥੇ ਸਰਗੁਣ ਦਾ ਬ੍ਰਹਮ ਪ੍ਰਤੱਖ ਹੋਣ ਕਾਰਨ ਪ੍ਰੇਮ ਤੇ ਸ਼ਰਧਾ ਦਾ ਪਾਤਰ ਹੈ।

(iii) ਨਿਰਗੁਣਵਾਦੀ ਬ੍ਰਹਮ ਕੇਵਲ ਬੁੱਧੀਜੀਵੀ ਭਗਤਾਂ ਨੂੰ ਆਕਰਸ਼ਿਤ ਕਰਦਾ ਹੈ ਜਦਕਿ ਸਰਗੁਣ ਰੂਪ ਸੰਪੂਰਨ ਸ੍ਰਿਸ਼ਟੀ ਨੂੰ ਤਨਮਯ ਅਤੇ ਰਸਮਗਨ ਕਰਨ ਦੀ ਸ਼ਮਤਾ ਰਖਦਾ ਹੈ। ਉਪਾਸਯ ਰੂਪ ਦਾ ਇਹੀ ਅੰਤਰ ਨਿਰਗੁਣ ਤੇ ਸਰਗੁਣ ਕਾਵਿ ਧਾਰਾਵਾਂ ਨੂੰ ਬਿਲਕੁਲ ਵੱਖਰਾ ਕਰ ਦਿੰਦਾ ਹੈ।

(iv) ਨਿਰਗੁਣ ਤੇ ਸਰਗੁਣ ਭਗਤਾਂ ਵਿੱਚ ਸੁਭਾਅ ਵੱਸ ਵੀ ਭੇਦ ਹੈ। ਨਿਰਗੁਣਵਾਦੀ ਸੰਤ ਕ੍ਰਾਂਤੀਕਾਰੀ,

ਸੱਚ ਦੇ ਖੋਜੀ, ਅਖੱੜ-ਫਕੱੜ ਤੇ ਘੁਮਕੜ ਹੋਏ ਹਨ। ਉਨ੍ਹਾਂ ਦਾ ਇਹ ਵਿਅਕਤਿਤਵ ਉਨ੍ਹਾਂ ਦੀ ਰਚਨਾਵਾਂ ਵਿੱਚ ਵੀ ਝਲਕਦਾ ਹੈ। ਇਸ ਤੋਂ ਉਲਟ ਸਰਗੁਣਵਾਦੀ ਕਵੀ ਜ਼ਿਆਦਾਤਰ ਸਮਾਜ ਸਵਾਦੀ, ਰੂੜੀਵਾਦੀ, ਸੱਤਿਵਾਦੀ ਤੇ ਪ੍ਰੇਮੀ ਜੀਵ ਹੋਏ ਹਨ। ਉਨ੍ਹਾਂ ਦੇ ਵਿਅਕਤਿਤਵ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਨੇ ਵੀ ਉਨ੍ਹਾਂ ਦੀ ਰਚਨਾਵਾਂ ਨੂੰ ਨਿਰਗੁਣਵਾਦੀ ਕਵੀਆਂ ਨਾਲੋਂ ਵੱਧ ਕੋਮਲ, ਰਾਗ ਭਰਪੂਰ ਅਤੇ ਮਧੁਰ ਬਣਾ ਦਿਤਾ ਹੈ। ਇਸ ਦ੍ਰਿਸ਼ਟੀ ਤੋਂ ਵੀ ਨਿਰਗੁਣ ਤੇ ਸਰਗੁਣ ਕਾਵਿਧਾਰਾ ਵੱਖ ਹਨ।

(v) ਨਿਰਗੁਣ ਤੇ ਸਰਗੁਣ ਕਾਵਿਧਾਰਾ ਵਿੱਚ ਰਸ ਸਬੰਧੀ ਵੀ ਅੰਤਰ ਹੈ। ਨਿਰਗੁਣ ਕਾਵਿਧਾਰਾ ਭਗਤੀ ਸ਼ਾਂਤ ਅਤੇ ਬੀਰਰਸ ਦੀ ਤਿਰਵੇਣੀ ਹੈ ਜਿਸ ਵਿੱਚ ਮਨੁੱਖ ਆਪਣੇ ਜਨਮਾਂ ਦੇ ਪਾਪ ਧੋ ਸਕਦਾ ਹੈ। ਪਰ ਇਸ ਤੋਂ ਉਲਟ ਸਰਗੁਣ ਕਾਵਿਧਾਰਾ ਵਿੱਚ ਸ਼ਿੰਗਾਰ ਤੇ ਭਗਤੀ ਦੇ ਮਧੁਰ ਮਿਲਨ ਨਾਲ ਮਾਧੁਰਯ ਭਾਵ ਦਾ ਜਨਮ ਹੁੰਦਾ ਹੈ ਅਤੇ ਪ੍ਰਭੂ ਦੀ ਰਸਮਈ ਲੀਲਾਵਾਂ ਦਾ ਵਰਨਣ ਨਜ਼ਰ ਆਉਂਦਾ ਹੈ। ਉਸ ਵੈਭਵ ਦੀ ਅਨੁਭੂਤੀ ਮਾਤਰ ਨਾਲ ਹੀ ਮਨੁੱਖ ਦਾ ਖਿੰਨ ਮਨ ਹਰਸ਼ ਤੇ ਖ਼ੁਸ਼ੀ ਨਾਲ ਨੱਚ ਉਠਦਾ ਹੈ। ਇਸ ਤਰ੍ਹਾਂ ਨਿਰਗੁਣ ਵਾਦੀ ਕਾਵਿ ਪਤਿਤ ਪਾਵਨੀ ਧਾਰਾ ਹੈ ਅਤੇ ਸਰਗੁਣਵਾਦੀ ਆਨੰਦ ਦੀ। ਇਹੀ ਦੋਨਾਂ ਵਿੱਚ ਅੰਤਰ ਹੈ।

(vi) ਇਨ੍ਹਾਂ ਦੋਹਾਂ ਧਾਰਾਵਾਂ ਵਿੱਚ ਪ੍ਰਵ੍ਰਿੱਤੀਗਤ ਭੇਦ ਵੀ ਨਜ਼ਰ ਆਉਂਦਾ ਹੈ। ਨਿਰਗੁਣ ਕਾਵਿਧਾਰਾ ਦੀ ਆਧਾਰਭੂਮੀ ਬੁੱਧੀਵਾਦਿਤਾ ਅਤੇ ਵਿਚਾਰਾਤਮਕਤਾ ਹੈ ਪਰ ਸਰਗੁਣਵਾਦੀ ਕਾਵਿਧਾਰਾ ਪਰਮ ਭਾਵ ਭਰਪੂਰ, ਸ਼ਰਧਾਮੂਲਕ ਅਤੇ ਅਨੁਭੂਤੀ ਪ੍ਰਧਾਨ ਹੈ।

(vii) ਦੋਨੋਂ ਧਾਰਾਵਾਂ ਵਿੱਚ ਸਾਧਨਾ ਅਤੇ ਸਿੱਧੀ ਸੰਬੰਧੀ ਵੀ ਅੰਤਰ ਹੈ। ਨਿਰਗੁਣ ਕਾਵਿਧਾਰਾ ਦਾ ਸੰਬੰਧ ਜੀਵਨ ਦੇ ਸਾਧਨਾ ਪੱਖ ਨਾਲ ਹੈ ਜਦਕਿ ਸਰਗੁਣ ਕਾਵਿਧਾਰਾ ਵਿੱਚ ਜੀਵਨ ਦੇ ਸਿੱਧੀ ਪੱਖ ਦੀ ਝਾਂਕੀ ਨਜ਼ਰ ਆਉਂਦੀ ਹੈ। ਨਿਰਗੁਣਧਾਮ ਵਿੱਚ ਉਨ੍ਹਾਂ ਸਾਰੇ ਸਾਧਨਾਂ ਅਤੇ ਪ੍ਰਯਤਨਾਂ ਦਾ ਉਲੇਖ ਹੈ ਜੋ ਆਨੰਦ ਬ੍ਰਹਮ ਦੀ ਉਪਲੱਭਧੀ ਕਰਵਾਉਂਦੇ ਹਨ। ਪਰ ਸਗੁਣ ਵਾਦੀ ਧਾਰਾ ਆਨੰਦਰੂਪ ਬ੍ਰਹਮ ਦਾ ਵਰਨਣ ਕਰਦੀ ਹੈ। ਸਰਗੁਣ ਕਵੀਆਂ ਦਾ ਮੰਤਵ ਭਗਵਾਨ ਦੇ ਸਰਗੁਣਵਾਦੀ ਸਰੂਪ ਦੀ ਮਧੁਰ ਝਾਂਕੀ ਨੂੰ ਪੇਸ਼ ਕਰਨਾ ਸੀ। ਇਸ ਦੇ ਵਿਪਰੀਤ ਨਿਰਗੁਣ ਵਾਦੀ ਕਵੀਆਂ ਦਾ ਉਦੇਸ਼ ਆਪਣੇ ਹਿਰਦੇ ਦੇ ਵਾਸੀ ਪ੍ਰਭੂ ਦੀ ਰਹੱਸਮਈ ਅਨੁਭੂਤੀ ਪੇਸ਼ ਕਰਨਾ ਸੀ। ਸਰਗੁਣ ਤੇ ਨਿਰਗੁਣ ਧਾਰਾ ਦੇ ਇਨ੍ਹਾਂ ਭੇਦਾਂ ਨੇ ਇਨ੍ਹਾਂ ਨੂੰ ਇੱਕ ਦੂਜੇ ਤੋਂ ਵੱਖਰਾ ਕਰ ਦਿਤਾ।

## 3.6 ਭਗਤੀ ਪਰੰਪਰਾ ਵਿਚ ਗੁਰੂ ਰਵਿਦਾਸ ਜੀ ਦਾ ਸਥਾਨ

ਮੱਧਯੁੱਗ ਦੇ ਸੰਤ ਸਾਧਕਾਂ ਵਿਚ ਗੁਰੂ ਰਵਿਦਸ ਦਾ ਵਿਸ਼ੇਸ਼ ਮਹੱਤਵ ਅਤੇ ਸਥਾਨ ਹੈ। ਜੋ ਭਗਤੀ ਲਹਿਰ ਮੱਧਯੁੱਗ ਵਿਚ ਉੱਤਰੀ ਭਾਰਤ ਦੇ ਇਕ ਪਾਸੇ ਤੋਂ ਦੂਜੇ ਪਾਸੇ ਤੱਕ ਬਿਜਲੀ ਦੀ ਚਮਕ ਵਾਂਗ ਪਸਰੀ, ਉਸ ਨੂੰ ਵਿਕਾਸ ਦੇਣ ਅਤੇ ਸਰਬਵਿਆਪੀ ਬਣਾਉਣ ਵਾਲਿਆਂ ਵਿਚ ਗੁਰੂ ਰਵਿਦਾਸ ਦਾ ਖਾਸ ਯੋਗਦਾਨ ਰਿਹਾ ਹੈ। ਭਾਰਤ ਵਰਸ਼ ਵਿਚ ਉਨ੍ਹਾਂ ਦਾ ਜਨਮ ਇਕ ਸੁਭਾਗਸ਼ਾਲੀ ਘਟਨਾ ਹੈ। ਇਕ ਪਾਸੇ ਵਿਦੇਸ਼ੀ ਹਮਲਾਵਰਾਂ ਤੇ ਦੂਜੇ ਪਾਸੇ ਬ੍ਰਾਹਮਣਵਾਦੀ ਸਮਾਜ ਦੇ ਹੱਥੋਂ ਸਤਾਏ ਲੋਕਾਂ ਲਈ ਉਹ ਰੱਖਿਅਕ ਬਣਕੇ ਉਤਰੇ। ਉਨ੍ਹਾਂ ਨੇ ਭਾਰਤੀ ਸਮਾਜ ਨੂੰ ਰੱਖਿਆ ਪ੍ਰਦਾਨ ਕੀਤੀ। ਉਨ੍ਹਾਂ ਨੇ ਉਤਮ ਭਾਰਤ ਦਾ ਸੁਫਨਾ ਲਿਆ ਜੋ ਸਮਾਜਕ ਆਦਰਸ਼ਾਂ ਤੇ ਆਧਾਰਿਤ ਸੀ।

ਡਾ. ਗ੍ਰੀਅਰਸਨ ਦੇ ਕਥਨ ਅਨੁਸਾਰ ਇਸ ਯੁੱਗ ਵਿਚ ਅਜਿਹੀਆਂ ਆਤਮਾਵਾਂ ਦੇ ਦਰਸ਼ਨ ਹੁੰਦੇ ਹਨ ਜੋ ਕਾਸ਼ੀ ਦੇ ਪ੍ਰਸਿੱਧ ਅਤੇ ਸ਼੍ਰੇਸ਼ਠ ਪੰਡਿਤਾਂ ਦੀ ਜਾਤੀ ਵਿੱਚੋਂ ਨਹੀਂ ਸਗੋਂ ਪੈਰਾਂ ਵਿਚ ਮਿਧੀਆਂ ਹੋਈਆਂ ਉਨ੍ਹਾਂ

ਜਾਤੀਆਂ ਤੋਂ ਪੈਦਾ ਹੋਏ ਸਨ, ਜਿਨ੍ਹਾਂ ਨੂੰ ਯੁੱਗ-ਯੁਗਾਂਤਰਾਂ ਤੱਕ ਆਪਣੀ ਗੱਲ ਕਹਿਣ ਦਾ ਅਧਿਕਾਰ ਨਹੀਂ ਸੀ[10]

ਇਨ੍ਹਾਂ ਮਹਾਤਮਾਵਾਂ ਨੇ ਭਾਵਾਂ ਦੇ ਆਵੇਸ਼ ਵਿਚ ਜੋ ਬੋਲ ਬੋਲ ਦਿੱਤੇ ਉਹ ਸਦੀਆਂ ਬੀਤਣ ਤੋਂ ਬਾਦ ਵੀ ਇਕ ਅਗੰਮੀ ਪਰ ਲੋਕ ਕਲਿਆਣਕਾਰੀ ਸੰਦੇਸ਼ ਆਪਣੇ ਆਪ ਵਿਚ ਸਮੇਟੇ ਬੈਠੇ ਹਨ, ਜਿਨ੍ਹਾਂ ਦੀ ਮੰਗਲਮਈ ਭਾਵਨਾ ਨਾਲ ਹੀ ਭਾਰਤ ਭੂਮੀ ਵਿਚ ਧਰਮ ਦੀਆਂ ਜੜ੍ਹਾਂ ਸਦਾ ਮਜ਼ਬੂਤੀ ਨਾਲ ਜੰਮੀਆਂ ਰਹਿਗੀਆਂ ਅਤੇ ਧਰਮ ਸੰਕਟ ਵਿਚ ਗ੍ਰਸੇ ਦੇਸ਼ ਦੀਆਂ ਆਸਾਂ ਸਦਾ ਭਾਰਤ ਵੱਲ ਲੱਗੀਆਂ ਰਹਿਣਗੀਆਂ। ਭਾਰਤ ਨੂੰ ਅਜਿਹਾ ਮਾਣ ਦਿਵਾਉਣ ਵਾਲੀਆਂ ਮਹਾਨ ਆਤਮਾਵਾਂ ਵਿਚੋਂ ਇਕ ਗੁਰੂ ਰਵਿਦਾਸ ਵੀ ਸਨ। ਉਹ ਸੰਤ ਰਾਮਾਨੰਦ ਦੇ ਸ਼ਿਸ਼ ਕਹੇ ਜਾਂਦੇ ਹਨ। ਉਨ੍ਹਾਂ ਦੀ ਗਿਣਤੀ ਭਗਤੀ ਯੁੱਗ ਦੇ ਸਵਾਮੀ ਰਾਮਾਨੰਦ ਜੀ ਦੇ ਬਾਰਾਂ ਸ਼ਿਸ਼ਾਂ ਵਿਚ ਸਨਮਾਨ ਪੂਰਬਕ ਕੀਤੀ ਜਾਂਦੀ ਹੈ।

ਉਨ੍ਹਾਂ ਦਾ ਜਨਮ ਉਸ ਸਮੇਂ ਹੋਇਆ ਜਦ ਦੇਸ਼ ਦੀ ਆਰਥਕ, ਰਾਜਨੀਤਕ, ਭਾਈਚਾਰਕ ਤੇ ਧਾਰਮਕ ਸਥਿਤੀ ਪੂਰੀ ਤਰ੍ਹਾਂ ਡਾਵਾਂਡੋਲ ਸੀ। ਭਾਰਤ ਛੋਟੀ ਛੋਟੀ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਬਾਹਰੀ ਹਮਲਾਵਰ ਭਾਰਤ ਦੇ ਉਪਰ ਅਧਿਕਾਰ ਕਰਨ ਦੀ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਸਨ ਤੇ ਉਹ ਨਾਰੀ ਜਾਤੀ ਨੂੰ ਆਪਣੇ ਅੱਤਿਆਚਾਰ ਦਾ ਕੇਂਦਰ ਬਣਾ ਰਹੇ ਸਨ। ਚੌਦਵੀਂ ਸਦੀ ਤੱਕ ਇਸਲਾਮ ਆਪਣਾ ਪ੍ਰਭੁਤਵ ਭਾਰਤ ਵਿਚ ਜਮਾ ਬੈਠਾ ਸੀ। ਹਿੰਦੂ ਜਨਤਾ ਬੇਬਸ ਤੇ ਨਿਹੱਥੀ ਸੀ ਤੇ ਆਪਣੀ ਰੱਖਿਆ ਲਈ ਪਰਮਾਤਮਾ ਤੋਂ ਹੀ ਕੇਵਲ ਮਦਦ ਦੀ ਆਸ ਰੱਖ ਰਹੀ ਸੀ।

ਦੂਜੇ ਪਾਸੇ ਬ੍ਰਾਹਮਣ ਜਾਤੀ ਨੇ ਹਿੰਦੂ ਧਰਮ ਤੇ ਆਪਣੀ ਪਕੜ ਬਹੁਤ ਮਜ਼ਬੂਤ ਕੀਤੀ ਹੋਈ ਸੀ। ਵਿਭਿੰਨ ਧਾਰਮਿਕ ਪਾਖੰਡ ਤੇ ਕਰਮ ਕਾਂਡਾਂ ਦਾ ਬੋਲਬਾਲਾ ਸੀ। ਸ਼ੂਦਰ ਜਾਤੀ ਦੇ ਲੋਕ ਇਕ ਪਾਸੇ ਬ੍ਰਾਹਮਣ ਜਾਤੀ ਦੇ ਅਤਿਆਚਾਰਾਂ ਦੇ ਸ਼ਿਕਾਰ ਸਨ ਤਾਂ ਦੂਜੇ ਪਾਸੇ ਇਸਲਾਮ ਧਰਮ ਸਵੀਕਾਰ ਕਰਨ ਤੇ ਵੀ ਉਨ੍ਹਾਂ ਨੂੰ ਕੋਈ ਢੋਅ ਨਜ਼ਰ ਨਹੀਂ ਸੀ ਆ ਰਿਹਾ। ਮੁੱਲਾਂ ਤੇ ਪੰਡਤ ਆਪਣੇ ਆਪਣੇ ਧਰਮ ਦੇ ਨਾਂ ਤੇ ਕਈ ਗੋਟੀਆਂ ਖੇਲ੍ਹ ਰਹੇ ਸਨ। ਅਜਿਹੀ ਹਾਲਤ ਵਿਚ ਗੁਰੂ ਰਵਿਦਾਸ ਨੇ ਭੁੱਲੀ ਭਟਕੀ ਲੋਕਾਈ ਨੂੰ ਪਿਆਰ ਏਕਤਾ ਤੇ ਮਿਲਵਰਤਣ ਦਾ ਰਸਤਾ ਵਿਖਾਇਆ। ਉਨ੍ਹਾਂ ਦੇ ਪੈਰੁਕਾਰ ਵੱਖ ਵੱਖ ਧਰਮਾਂ ਤੇ ਜਾਤੀਆਂ ਵਿਚੋਂ ਸਨ। ਉਨ੍ਹਾਂ ਦੀ ਸਮਾਜਿਕ ਸਥਿਤੀ ਵਿਚ ਵੀ ਬੜਾ ਅੰਤਰ ਸੀ ਪਰ ਸਭ ਨੇ ਇਕ ਆਵਾਜ਼ ਵਿਚ ਹੀ ਕਿਹਾ-

***ਚੌਦਹ ਸੈ ਤੈਤੀਸ ਕੀ ਮਾਘ ਸੁਦੀ ਪੰਦਰਾਸ।***

***ਦੁਖਿਯੋਂ ਕੇ ਕਲਯਾਨ ਹਿਤ ਪ੍ਰਗਟੇ ਸ੍ਰੀ ਰਵਿਦਾਸ।।***

**(ਰਵਿਦਾਸ ਦਰਸ਼ਨ, ਪੰਨਾ 72)**

ਬੇਸ਼ੱਕ ਉਨ੍ਹਾਂ ਦੀ ਜਨਮ ਤਿਥੀ ਉਪਰ ਵਿਵਾਦ ਹੈ ਪਰ ਮਾਘ ਦੀ ਪੂਰਨਮਾਸੀ ਨੂੰ ਪੂਰੇ ਭਾਰਤ ਵਿਚ 'ਰੈਦਾਸ ਸੰਪ੍ਰਦਾਇ' ਦੇ ਲੋਕ ਬੜੀ ਧੂਮਧਾਮ ਨਾਲ ਸੰਤ ਰਵਿਦਾਸ ਜਯੰਤੀ ਮਨਾਉਂਦੇ ਹਨ।

ਗੁਰੂ ਰਵਿਦਾਸ ਜੀ ਦੂਰਦ੍ਰਿਸ਼ਟਾ ਸਨ। ਉਹ ਦੁਨੀਆਂ ਦੇ ਸਭ ਮਨੁੱਖਾਂ ਨੂੰ ਇਕ ਪ੍ਰਭੂ ਦੀ ਸੰਤਾਨ ਮੰਨਦੇ ਸਨ। ਉਹ ਜੀਵਨ ਦੀ ਨਾਸ਼ਵਾਨਤਾ ਨੂੰ ਮੰਨਦੇ ਹੋਏ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਨੂੰ ਛੱਡਕੇ ਸੱਚੇ ਗੁਰੂ ਦੀ ਸ਼ਰਣ ਲੈਣ ਤੇ ਜ਼ੋਰ ਦਿੰਦੇ ਹਨ। ਉਹ ਬਾਹਰੀ ਆਡੰਬਰਾਂ ਅਤੇ ਬਾਹਰੀ ਵਿਖਾਵਿਆਂ ਦੇ ਸਖਤ ਖਿਲਾਫ਼ ਸਨ। ਉਹ ਪ੍ਰਵਿਰਤੀ ਮਾਰਗ ਦੇ ਧਾਰਨੀ ਸਨ। ਉਹ ਪਰਮਾਤਮਾ ਪ੍ਰਾਪਤੀ ਲਈ ਘਰ ਬਾਰ ਛੱਡ ਕੇ ਜੰਗਲਾਂ ਵਿਚ ਜਾਣ ਦੇ ਸਖਤ ਵਿਰੋਧੀ ਸਨ। ਉਨ੍ਹਾਂ ਨੇ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਸੰਸਾਰਕ ਪਦਰਥਾਂ ਤੋਂ

ਨਿਰਲੇਪ ਰਹਿਣ ਦੀ ਜੀਵਨ ਜਾਚ ਦੱਸੀ। ਉਨ੍ਹਾਂ ਦਾ ਵਿਚਾਰ ਸੀ ਕਿ ਦੱਸਾਂ ਨਹੁੰਆਂ ਦੀ ਕਿਰਤ ਕਰਨ ਨਾਲ ਗ੍ਰਹਿਸਥੀ ਵਿਚ ਰਹਿੰਦਿਆਂ ਪ੍ਰਭੂ ਪ੍ਰਾਪਤੀ ਸੰਭਵ ਹੈ। ਉਹ ਮਾਨਵਵਾਦੀ ਅਤੇ ਵਿਹਾਰਕ ਵਿਅਕਤੀ ਹਨ। ਮਾਨਵੀ ਬਰਾਬਰਤਾ ਦੀ ਸਥਾਪਨਾ ਕਰਨਾ ਉਨ੍ਹਾਂ ਦੇ ਜੀਵਨ ਦਾ ਮੁੱਖ ਅਦਰਸ਼ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਨਮ ਤੋਂ ਕੋਈ ਉਚਾ ਜਾਂ ਨੀਵਾਂ ਨਹੀਂ ਹੋ ਸਕਦਾ ਸਿਰਫ਼ ਆਪਣੇ ਕਰਮ ਸਦਕਾ ਉੱਚਾ ਜਾਂ ਨੀਵਾਂ ਹੋ ਸਕਦਾ ਹੈ।

ਗੁਰੂ ਰਵਿਦਾਸ ਦਾ ਮੰਨਣਾ ਸੀ ਕਿ ਧਨ-ਦੌਲਤ, ਜਾਇਦਾਦ ਤੇ ਸਬੰਧੀਆਂ ਦਾ ਸਾਥ ਸਦਾ ਨਾਲ ਨਹੀਂ ਨਿਭਣਾ। ਪਰਮਾਤਮਾ ਹੀ ਸਭ ਦਾ ਸਹਾਈ ਤੇ ਸਦੀਵੀ ਸੰਗੀ ਹੈ। ਉਚੇ ਮਹਿਲ ਅਤੇ ਰਸੋਈਖਾਨੇ ਵੀ ਮਰਨ ਉਪਰੰਤ ਸਾਥ ਨਹੀਂ ਨਿਭਦੇ। ਪਰ ਸਰੀਰ ਤਾਂ ਘਾਹ ਦੀ ਕੁੱਲੀ ਸਮਾਨ ਹੈ, ਜਿਸ ਤਰ੍ਹਾਂ ਘਾਹ ਸੜਕੇ ਮਿੱਟੀ ਵਿਚ ਮਿਲ ਜਾਂਦਾ ਹੈ, ਇਹੀ ਮਨੁੱਖੀ ਸ਼ਰੀਰ ਦਾ ਹਸ਼ਰ ਹੈ। ਸਕੇ ਸੰਬੰਧੀ, ਮਨੁੱਖਾਂ ਦਾ ਸਾਥ ਜੀਉਂਦਿਆਂ ਨਾਲ ਹੀ ਨਿਭਦਾ ਹੈ ਪਰ ਅਗਿਆਨਤਾ ਵਸ ਮਨੁੱਖੀ ਜੀਵਨ ਇਸ ਵਾਸਤਵਿਕਤਾ ਤੋਂ ਜਾਣੂ ਨਹੀਂ ਹੈ। ਇਸ ਲਈ ਮਨੁੱਖ ਨੂੰ ਧਨ ਦੌਲਤ ਕਮਾਉਣ ਦੇ ਚੱਕਰ ਵਿਚ ਨਾ ਪੈ ਕੇ ਨਾਮ ਦੀ ਕਮਾਈ ਕਰਨੀ ਚਾਹੀਦੀ ਹੈ। ਸਤਿਸੰਗ, ਸੇਵਾ ਤੇ ਸੱਚਾ ਆਚਾਰ ਹੀ ਉਸਦਾ ਕਲਿਆਣ ਕਰ ਸਕਦਾ ਹੈ।

ਇਨ੍ਹਾਂ ਉਪਦੇਸ਼ਾਂ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਵਿਚ ਅਜਿਹੇ ਕਈ ਤੱਤ ਮਿਲਦੇ ਹਨ ਜੋ ਉਨ੍ਹਾਂ ਨੂੰ ਭਗਤੀ ਕਾਲ ਦੇ ਕਵੀਆਂ ਵਿਚ ਵਿਸ਼ਿਸ਼ਟ ਸਥਾਨ ਦਿਵਾਉਂਦੇ ਹਨ। ਇਨ੍ਹਾਂ ਤੱਤਾਂ ਦਾ ਵੇਰਵਾ ਇਸ ਪ੍ਰਕਾਰ ਹੈ:

• ਗੁਰੂ ਰਵਿਦਾਸ ਨੇ ਹਿੰਦੂ ਸਮਾਜ ਵਿਚ ਵਿਆਪਕ ਵਰਣ-ਵਿਵਸਥਾ ਇਕ ਰੋਗ ਵਾਂਗ ਪ੍ਰਤੀਤ ਹੁੰਦੀ ਸੀ ਜਿਸਦੇ ਕੀਟਾਣੂ ਹੌਲੀ ਹੌਲੀ ਪੂਰੇ ਸਮਾਜ ਨੂੰ ਖਾ ਰਹੇ ਸਨ। ਇਹ ਵਿਵਸਥਾ ਮਨੁੱਖ ਤੇ ਮਨੁੱਖ ਵਿਚ ਵੰਡ ਦੀ ਰੇਖਾ ਖਿੱਚ ਰਹੀ ਸੀ। ਇਸ ਲਈ ਗੁਰੂ ਰਵਿਦਾਸ ਨੇ ਵਰਣ-ਵਿਵਸਥਾ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਜਦ ਤੱਕ ਮਨੁੱਖ ਮਨੁੱਖ ਵਿਚ ਜਾਤੀ ਦਾ ਭੇਦਭਾਵ ਵਿਆਪਕ ਹੈ ਤਦ ਤਕ ਉਸਦਾ ਕਲਿਆਣ ਨਹੀਂ ਹੋ ਸਕਦਾ।

*ਜਾਤ ਪਾਤ ਕੇ ਫੇਰ ਨਹਿੰ ਉਰਝਿ ਰਹਇ ਸਭ ਲੋਕ।*
*ਮਨੁਖਤਾ ਕੋ ਖਾਤ ਹੈ ਰਵਿਦਾਸ ਜਾਤ ਕਰ ਰੋਗ।।*

*(ਪਦ, ਰਵਿਦਾਸ)*

ਉਨ੍ਹਾਂ ਅਨੁਸਾਰ ਇਕ ਜਾਤੀ ਵਿਚ ਅੱਜ ਅਨੇਕ ਜਾਤੀਆਂ ਵਿਆਪਕ ਹੋ ਗਈਆਂ ਹਨ। ਇਹ ਠੀਕ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਕੇਲੇ ਦੇ ਤਨੇ ਵਿਚ ਅਨੇਕ ਪਰਤਾਂ ਹੁੰਦੀਆਂ ਹਨ।

*ਜਾਤ ਪਾਤ ਮੇਂ ਜਾਤ ਹੈ ਜਿਉਂ ਕੇਲਨ ਮੇਂ ਪਾਤ।*
*ਰਵਿਦਾਸ ਮਨੁੱਖ ਜੁੜ ਸਕੈਂ ਜੌਂ ਲੌਂ ਜਾਤ ਨ ਜਾਤ।।*

*(ਪਦ, ਰਵਿਦਾਸ)*

ਇਹੀ ਜਾਤ ਵਿਵਸਥਾ ਮਨੁੱਖ ਨੂੰ ਦੂਜੇ ਮਨੁੱਖ ਨਾਲ ਜੁੜਨ ਨਹੀਂ ਦੇ ਰਹੀ। ਉਨ੍ਹਾਂ ਨੇ ਜਾਤੀ ਦੇ ਵਿਸ਼ੇ ਨੂੰ ਖਤਮ ਕਰਕੇ ਸਾਰੇ ਭਾਰਤ ਵਾਸੀਆਂ ਨੂੰ ਜਾਤੀ ਵਿਹੀਨ ਭਾਵਾਨਾਤਮਕ ਏਕਤਾ ਦੀ ਸਥਾਪਨਾ ਲਈ ਕਾਸ਼ੀ ਵਿਖੇ ਪੰਚਗੰਗਾ ਘਾਟ ਤੇ ਆਪਣੇ ਆਸ਼ਰਮ ਤੋਂ ਘੋਸ਼ਣਾ ਕੀਤੀ।

*'ਜਾਤੀ ਪਾਤੀ ਕੁਲ ਭੇਦ ਨ ਕੀਜੈ।*

*ਸਭੈ ਬਰਾਬਰੀ ਰੰਕ ਅਰੁ ਰਾਜਾ।।'*

*(ਪਦ, ਰਵਿਦਾਸ)*

ਇਸੇ ਲਈ ਉਨ੍ਹਾਂ ਨੇ ਜਨਮ ਆਧਾਰਿਤ ਜਾਤੀ ਵਿਵਸਥਾ ਦਾ ਵਿਰੋਧ ਕਰਦੇ ਹੋਏ ਕਰਮ ਆਧਾਰਿਤ ਜਾਤੀ ਵਿਵਸਥਾ ਦੀ ਪ੍ਰਤੀਸ਼ਠਾ ਕੀਤੀ। ਇਸ ਤਰ੍ਹਾਂ ਉਹ ਭਾਰਤੀ ਸਮਾਜ ਦੀ ਰੂੜ੍ਹ ਹੋ ਚੁੱਕੀ ਵਰਣ-ਵਿਵਸਥਾ ਨੂੰ ਸਹੀ ਦਿਸ਼ਾ ਵਿਖਾਉਂਦੇ ਨਜ਼ਰ ਆਉਂਦੇ ਹਨ।

*ਜਨਮ ਜਾਤ ਨੂੰ ਛਾਂਡਿ ਕਰ, ਕਰਨੀ ਜਾਤ ਪ੍ਰਧਾਨ।*

*ਇਹਓ ਵੇਦ ਕੋ ਧਰਮ ਹੈ, ਕਹੈ ਰਵਿਦਾਸ ਬਖਾਨ।।*

*(ਪਦ, ਰਵਿਦਾਸ)*

- ਸੰਤ ਰਵਿਦਾਸ ਨੇ ਸਰਵਸਾਧਾਰਣ ਨੂੰ ਸਮਾਜ ਵਿਚ ਅਤਿਆਚਾਰ ਕਰਨ ਵਾਲੇ ਲੋਕਾਂ ਪ੍ਰਤੀ ਵੀ ਪ੍ਰੇਮ ਤੇ ਬੰਧੁਤਵ ਦੀ ਸਿੱਖਿਆ ਦਿੱਤੀ। ਇਸ ਨਾਲ ਸ਼ੋਸ਼ਕ ਅਤੇ ਸ਼ੋਸ਼ਿਤ ਦੋਹਾਂ ਵਰਗਾਂ ਨੂੰ ਮਿਲਕੇ ਰਹਿਣ ਦਾ ਸੰਦੇਸ਼ ਮਿਲਿਆ।

*ਰਵਿਦਾਸ ਇਕ ਨੂਰ ਤੇ, ਜਿਮਿ ਉਪਜਨਓ ਸੰਸਾਰ।*

*ਉਚ ਨੀਚ ਕਿਹ ਵਿਧੀ ਭਏ, ਬ੍ਰਾਹਮਣ ਅਰੁ ਚਮਾਰ।।*

*(ਪਦ, ਰਵਿਦਾਸ)*

ਉਨ੍ਹਾਂ ਨੇ ਵਰਣ ਵਿਵਸਥਾ ਵਿਚ ਉਚ ਤੇ ਨਿਮਨ ਵਰਗ ਦੀ ਪ੍ਰਥਾ ਨੂੰ ਅਸਵਕ੍ਰਿਤ ਕਰਦੇ ਹੋਏ ਸਭ ਜਾਤੀਆਂ ਨੂੰ ਸਮਾਨ ਸਤਰ ਪ੍ਰਦਾਨ ਕੀਤਾ ਤੇ ਸਰਵਜਾਤੀ ਸਮਭਾਵ ਦਾ ਅਨੁਮੋਦਨ ਕੀਤਾ। ਉਨ੍ਹਾਂ ਦੀ ਮਾਨਤਾ ਸੀ ਕਿ ਬਿਨਾਂ ਪ੍ਰਭੂ ਭਜਨ ਦੇ ਕਦੇ ਵੀ ਕੋਈ ਵਿਅਕਤੀ ਉੱਚਤਾ ਪ੍ਰਾਪਤ ਨਹੀਂ ਕਰ ਸਕਦਾ, ਚਾਹੇ ਉਹ ਕਿਸੇ ਵੀ ਵਰਣ ਦਾ ਕਿਉਂ ਨਾ ਹੋਵੇ।

ਉਨ੍ਹਾਂ ਦੀ ਬਾਣੀ ਵਿਚ ਲੋਕ ਮੰਗਲ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਹੈ। ਉਨ੍ਹਾਂ ਨੇ ਇਕ ਆਮ ਮਨੁੱਖ ਨੂੰ ਉਸਦੇ ਕਲਿਆਣ ਦਾ ਰਸਤਾ ਵਿਖਾਉਂਦੇ ਹੋਏ ਉਸ ਨੂੰ ਸਾਦਾ ਜੀਵਨ, ਉਚ ਵਿਚਾਰ ਤੇ ਸਤਿਸੰਗ ਦਾ ਰਸਤਾ ਵਿਖਾਇਆ ਤੇ ਨਾਲ ਹੀ ਕਟੁ ਵਚਨਾਂ, ਕ੍ਰੋਧ, ਕਾਮ, ਮੋਹ, ਲੋਭ ਅਤੇ ਅਹੰਕਾਰ ਤੋਂ ਬਚਣ ਲਈ ਕਿਹਾ।

- ਗੁਰੂ ਰਵਿਦਾਸ ਬਚਨਾਂ ਦੇ ਹੀ ਨਹੀਂ ਕਰਨੀ ਦੇ ਪੂਰੇ ਸਨ। ਉਨ੍ਹਾਂ ਨੇ ਜਾਤ ਅਤੇ ਜਨਮ ਦੇ ਆਧਾਰ ਤੇ ਮਨੁੱਖ ਵਿਚ ਪਾਏ ਵਿਤਕਰਿਆਂ ਦੇ ਵਿਰੁੱਧ ਤਕੜੀ ਆਵਾਜ਼ ਉਠਾਈ ਤੇ ਸਭ ਲੋਕਾਂ ਨੂੰ ਉਚ ਨੀਚ ਦਾ ਵਿਚਾਰ ਤਿਆਗ ਕੇ ਬੇਗਮਪੁਰੇ ਦੇ ਸ਼ਹਿਰੀ ਹੋਣ ਦਾ ਸੱਦਾ ਦਿੱਤਾ। ਇਹ ਉਹ ਬੇਗਮਪੁਰਾ ਹੈ ਜਿਥੇ ਦੁੱਖ ਅੰਦੇਸ਼ ਨਹੀਂ, ਡਰ-ਧੋਖਾ ਨਹੀਂ, ਜਬਰੀ ਟੈਕਸ ਨਹੀਂ, ਜਿਥੇ ਅਣ-ਸੁਖਾਵੀਂ ਘਟਨਾਵਾਂ ਨਹੀਂ ਘਟਦੀਆਂ। ਜਿਥੋਂ ਦੇ ਸਭ ਸ਼ਹਿਰੀ ਇਕ ਸਮਾਨ ਹਨ, ਕੋਈ ਛੋਟਾ ਜਾਂ ਵੱਡਾ ਨਹੀਂ ਹੈ।

*ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹ ਨਹੀਂ ਤਿਹਿ ਠਾਉ।*

*ਨਾਂ ਤਸਵੀਸ ਖਿਰਾਜੁ ਨ ਮਾਲ। ਖਉਫੁ ਨ ਖਤਾ ਨ ਤਰਸੁ ਜਵਾਲੁ।*

*ਅਬ ਮੋਹਿ ਖੂਬ ਵਤਨ ਗਹ ਪਾਈ। ਊਹਾਂ ਖੈਰਿ ਸਦਾ ਮੇਰੇ ਭਾਈ।।*

**(ਆਦਿ ਗ੍ਰੰਥ, ਪੰਨਾ 345)**

ਇਸ ਸ਼ਬਦ ਦੁਆਰਾ ਗੁਰੂ ਰਵਿਦਾਸ ਜੀ ਨੇ ਸਾਡੇ ਸਾਹਮਣੇ ਐਸੇ ਸਮਾਜ ਦਾ ਨਕਸ਼ਾ ਖਿਚਿਆ ਹੈ, ਜਿਸ ਦੀ ਲੋੜ ਤੇ ਮਹਾਨਤਾ ਅੱਜ ਅੰਤਰਰਾਸ਼ਟਰੀ ਪੱਧਰ ਉਤੇ ਕਬੂਲ ਕੀਤੀ ਜਾ ਰਹੀ ਹੈ। ਅੱਜ ਸਮੁੱਚੀ ਵਿਸ਼ਵ ਤੇ ਖਾਸ ਕਰਕੇ ਭਾਰਤੀ ਅਜਿਹੇ ਹੀ ਸਮਾਜ ਦੇ ਨਿਰਮਾਣ ਕਰਨ ਦੇ ਚਾਹਵਾਨ ਹਨ, ਜਿਸ ਦੀ ਝਲਕ ਗੁਰੂ ਜੀ ਨੇ ਸਾਨੂੰ ਮੁੱਦਤਾਂ ਪਹਿਲਾਂ ਵਿਖਾ ਦਿੱਤੀ ਸੀ।

- ਸੰਤ ਸ਼ਿਰੋਮਣੀ ਗੁਰੂ ਰਵਿਦਾਸ ਜੀ ਨੇ ਸਾਰਿਆਂ ਧਾਰਮਿਕ ਗੁਰੂਆਂ ਤੇ ਧਰਮਾਂ ਵਿਚਕਾਰ ਸਮਨਵੈ ਸਥਾਪਿਤ ਕਰਨ ਦੀ ਗੱਲ ਕੀਤੀ ਅਤੇ ਕਿਹਾ ਕਿ ਸਾਰੇ ਧਾਰਮਿਕ ਵਿਸ਼ਵਾਸਾਂ ਤੇ ਆਸਥਾਵਾਂ ਦਾ ਕੇਂਦਰ ਬਿੰਦੂ ਕੇਵਲ ਇੱਕ ਸੱਤਾ ਸੰਪੰਨ ਈਸ਼ਵਰ ਹੈ।

*ਸਰਬੇ ਏਕੁ ਅਨੇਕੈ ਸੁਆਮੀ।*

*ਸਭ ਘਟ ਭੁਗਵੈ ਸੋਈ॥*

*ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਇ।*

**(ਆਦਿ ਗ੍ਰੰਥ, 658)**

ਉਨ੍ਹਾਂ ਨੇ ਮੋਹ ਮਾਇਆ ਦੇ ਜਾਲ ਵਿਚ ਫਸੀ ਹੋਈ ਤੇ ਅਖੌਤੀ ਗੁਰੂਆਂ ਵੱਲੋਂ ਭ੍ਰਮਿਤ ਕੀਤੀ ਭੋਲੀ-ਭਾਲੀ ਜਨਤਾ ਨੂੰ ਨਿਰਦੇਸ਼ ਦਿੱਤਾ ਕਿ ਆਸਥਾਵਾਂ ਤੇ ਮਾਨਤਾਵਾਂ ਦੇ ਅਲੱਗ ਅਲੱਗ ਮਾਰਗ ਹੋ ਸਕਦੇ ਹਨ ਪਰ ਸਾਰੇ ਹੀ ਮਾਰਗਾਂ ਦੀ ਮੰਜ਼ਲ ਇਕ ਹੀ ਹੈ। ਪਰੰਤੂ ਇਹ ਗੱਲ ਸਾਨੂੰ ਕਦੇ ਭੁੱਲਣੀ ਨਹੀਂ ਚਾਹੀਦੀ ਕਿ ਸਾਰੇ ਮਤ-ਮਤਾਂਤਰਾਂ ਦਾ ਲਕਸ਼ ਸਿਰਫ਼ ਈਸ਼ਵਰ ਦੀ ਪ੍ਰਾਪਤੀ ਹੈ। ਉਨ੍ਹਾਂ ਈਸ਼ਵਰ ਦੇ ਨਾਂ ਵੱਖੋ ਵੱਖ ਹੋ ਸਕਦੇ ਹਨ। ਉਸਦੀ ਉਪਾਸਨਾ ਦੀ ਵਿਧੀਆਂ ਭਿੰਨ-ਭਿੰਨ ਹੋ ਸਕਦੀ ਹੈ ਪਰ ਉਹ ਇੱਕ ਹੈ।

ਉਨ੍ਹਾਂ ਦੇ ਦੇਸ਼ ਭਗਤੀ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਆਪਣੇ ਗੁਰੂ ਰਾਮਾਨੰਦ ਜੀ ਵੱਲੋਂ ਨਿਰਦੇਸ਼ਿਤ ਰਾਸ਼ਟਰੀ ਏਕਤਾ ਦੇ ਅਭਿਯਾਨ ਨੂੰ ਅੱਗੇ ਵਧਾਉਂਦੇ ਹੋਏ ਭਾਰਤੀ ਜਨਤਾ ਵਿਚ ਦੇਸ਼ ਪ੍ਰੇਮ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇਸ਼ ਦੀ ਜਨਤਾ ਵਿਚ ਭਾਵਾਤਮਕ ਏਕਤਾ ਪੈਦਾ ਕਰਨ ਲਈ ਆਪਣਾ ਸਰਵੱਸ ਵਾਰ ਦਿੱਤਾ।

*ਮੰਦਰ ਮਸਜਦ ਦੋਉ ਏਕ ਹੈ, ਇਨ ਮਹ ਅੰਤਰ ਨਾਹੀਂ।*

*ਰਵਿਦਾਸ, ਰਾਮ, ਰਹਿਮਾਨ ਦਾ ਝਗੜਾ ਕੋਉ ਨਾਹੀਂ॥*

**(ਰਵਿਦਾਸ ਦਰਸ਼ਨ, ਸਾਖੀ 143)**

- ਗੁਰੂ ਰਵਿਦਾਸ ਜੀ ਨੇ ਜੀਵਨ ਦਾ ਆਧਾਰ ਸਦਾਚਾਰ ਨੂੰ ਮੰਨਿਆ। ਉਨ੍ਹਾਂ ਨੇ ਇਸਦੇ ਨਾਲ ਸੱਚ, ਸੰਤੋਸ਼, ਧੀਰਜ, ਸੰਜਮ, ਦਇਆ, ਖਿਮਾ ਅਤੇ ਉਦਾਰਤਾ ਆਦਿ ਨੂੰ ਵੀ ਵਿਸ਼ੇਸ਼ ਮਹੱਤਵ ਪ੍ਰਦਾਨ ਕੀਤਾ।

ਉਨ੍ਹਾਂ ਨੇ ਕਿਹਾ :-

*ਸਤ ਸੰਤੋਸ਼ ਅਰੁ ਸਦਾਚਾਰ ਜੀਵਨ ਕੋ ਆਧਾਰ।*

*ਰਵਿਦਾਸ ਭਏ ਨਰ ਦੇਵਤਾ ਜਿਨ ਤਿਆਗੇ ਪੰਚ ਵਿਕਾਰ॥*

***(ਪਦ, ਰਵਿਦਾਸ)***

ਇਸੇ ਤਰ੍ਹਾਂ ਇਕ ਥਾਂ 'ਤੇ ਉਨ੍ਹਾਂ ਨੇ ਫਿਰ ਫਰਮਾਇਆ–

*ਸੁਖ ਦੁਖ ਹਾਨੀ ਲਾਭ ਕਉ, ਜਉ ਸਮੁਝਹਿ ਇਕ ਸਮਾਨ।*

*ਰਵਿਦਾਸ ਤਿਨਹਿ ਜਾਨੀਏ, ਜੋਗੀ ਪੁਰਖ ਸੁਜਾਨ।।*

*(ਪਦ, ਰਵਿਦਾਸ)*

ਉਨ੍ਹਾਂ ਨੇ ਆਮ ਮਨੁੱਖ ਨੂੰ ਜੀਵਨ ਵਿਚ ਸੁੱਖ-ਦੁੱਖ, ਲਾਭ-ਹਾਨੀ ਨੂੰ ਇਕ ਸਮਾਨ ਸਮਝਕੇ ਸਦਾਚਾਰਕ ਤੇ ਗ੍ਰਹਿਸਥ ਜੀਵਨ ਬਿਤਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਪਰਿਵਾਰਕ ਜੀਵਨ ਨੂੰ ਮਹੱਤਾ ਦਿੰਦੇ ਹੋਏ ਮੁੱਲ ਭਰਪੂਰ ਸਮਾਜਕ ਜੀਵਨ ਜੀਉਣ ਦੀ ਪ੍ਰੇਰਣਾ ਜਨਸਾਧਾਰਣ ਨੂੰ ਦਿੱਤੀ।

- ਗੁਰੂ ਰਵਿਦਾਸ ਦੀ ਬਾਣੀ ਮਨੁੱਖੀ ਜੀਵਨ ਵਿਚ ਮਿਹਨਤ ਤੇ ਕਿਰਤ ਦਾ ਮਹੱਤਵ ਉਜਾਗਰ ਕਰਦੀ ਹੈ। ਗੁਰੂ ਰਵਿਦਾਸ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਉਹ ਆਪਣਾ ਪਰੰਪਰਾਗਤ ਕਿੱਤਾ ਭਾਵ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਕਦੇ ਵੀ ਪ੍ਰਭੂ ਦਾ ਨਾਮ ਜੱਪਣ ਲਈ ਗ੍ਰਹਿਸਥ ਅਤੇ ਰੁਜ਼ਗਾਰ ਦਾ ਤਿਆਗ ਕਰਕੇ ਹੱਥ ਤੇ ਹੱਥ ਧਰ ਕੇ ਬੈਠਣ ਜਾਂ ਜੰਗਲਾਂ ਵਿਚ ਜਾਣ ਦਾ ਉਪਦੇਸ਼ ਨਹੀਂ ਦਿੱਤਾ। ਉਨ੍ਹਾਂ ਨੇ ਹੱਥੀਂ ਕੰਮ ਕਰਨ ਨੂੰ ਕਦੇ ਮਾੜਾ ਨਹੀਂ ਸੀ ਮੰਨਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਦਸਾਂ ਨਹੁੰਆਂ ਨਾਲ ਕਿਰਤ ਕਰਨ ਦੇ ਸੰਕਲਪ' ਤੇ 'ਜਲ ਮਾਹਿ ਜੈਸੇ ਕਮਲ ਅਲੇਪ' ਵਾਂਗ ਹੀ ਗੁਰੂ ਰਵਿਦਾਸ ਨੇ ਮਨੁੱਖ ਨੂੰ ਕਿਸੇ ਕੰਮ ਨੂੰ ਵੱਡਾ ਜਾਂ ਛੋਟਾ ਨਾ ਮੰਨਕੇ ਗ੍ਰਹਿਸਥ ਜੀਵਨ ਵਿਚ ਰਹਿਕੇ ਪੂਰੀ ਮਿਹਨਤ ਨਾਲ ਕਿਰਤ ਕਰਨ ਅਤੇ ਰੁਜ਼ਗਾਰ ਕਮਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਦੀ ਬਾਣੀ ਵਿਚ ਕਈ ਥਾਈਂ ਚਮਾਰ ਦੇ ਕਿੱਤੇ ਲਈ ਇਸਤੇਮਾਲ ਹੁੰਦੇ ਔਜ਼ਾਰਾਂ ਦਾ ਜ਼ਿਕਰ ਵੀ ਮਿਲਦਾ ਹੈ। ਜਿਵੇਂ:

*ਚਮਰਟਾ ਗਾਂਠਿ ਨ ਜਨਈ।*

*ਲੋਗੁ ਗਠਾਵੈ ਪਨਹੀ।*

*ਆਰ ਨਹੀਂ ਜਿਹ ਤੋਪਉ।*

*ਨਾਹੀਂ ਰਾਂਬੀ ਠਾਉ ਰੋਪਉ।।*

**(ਆਦਿ ਗ੍ਰੰਥ, ਪੰਨਾ 659)**

ਉਨ੍ਹਾਂ ਦੇ ਸਮਕਾਲੀ ਭਗਤ ਕਵੀ ਕਬੀਰ ਵੀ ਜੁਲਾਹੇ ਦਾ ਕੰਮ ਕਰਦੇ ਸੀ। ਭਗਤ ਨਾਮਦੇਵ ਨੇ ਛੀਂਬੇ ਦਾ ਕੰਮ ਕੀਤਾ। ਭਗਤ ਸੈਨ ਨੇ ਨਾਈ ਦੇ ਕਿੱਤੇ ਦਾ ਨਿਰਬਾਹ ਕੀਤਾ ਅਤੇ ਭਗਤ ਧੰਨੇ ਨੇ ਹੱਥੀਂ ਮੱਝਾਂ ਚਾਰੀਆਂ। ਗੁਰੂ ਰਵਿਦਾਸ ਮਰੇ ਪਸ਼ੂਆਂ ਨੂੰ ਢੋਣ, ਉਨ੍ਹਾਂ ਦਾ ਚੰਮ ਕੱਟਣ, ਜੁੱਤੀਆਂ ਬਨਾਉਣ ਅਤੇ ਜੁੱਤੀਆਂ ਗੰਢਣ ਦਾ ਕੰਮ ਕਰਦੇ ਰਹੇ।

*ਜਾ ਕੈ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ*

*ਅਜਹੁ ਬਾਨਾਰਸੀ ਆਸਪਾਸਾ।।*

**(ਆਦਿ ਗ੍ਰੰਥ, ਪੰਨਾ 1293)**

ਅਤੇ

*ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ*

*ਨਿਤਹਿ ਬਨਾਰਸੀ ਆਸਪਾਸਾ।*

(ਆਦਿ ਗ੍ਰੰਥ, ਪੰਨਾ 1293)

ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਨਾ ਤਾਂ ਕੋਈ ਕੰਮ ਉਚਾ ਹੈ ਤੇ ਨਾ ਹੀ ਮਾੜਾ। ਗੁਰੂ ਰਵਿਦਾਸ ਦਾ ਵਿਚਾਰ ਸੀ ਮਨੁੱਖ ਆਪਣੇ ਕਰਮਾਂ ਕਾਰਨ ਮਾੜਾ ਹੁੰਦਾ ਹੈ, ਜਨਮ ਜਾਂ ਜਾਤੀ ਨਾਲ ਨਹੀਂ।

- ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਵਰਣ-ਵਿਵਸਥਾ ਆਧਾਰਤ ਬ੍ਰਾਹਮਣ ਦੇ ਮਹੱਤਵ ਨੂੰ ਖੰਡਿਤ ਕਰਦੇ ਹੋਏ ਸੰਤ ਦੇ ਮਹੱਤਵ ਨੂੰ ਪ੍ਰਤੀਸ਼ਠਿਤ ਕੀਤਾ। ਉਨ੍ਹਾਂ ਨੂੰ ਪੰਡਤਾਈ ਕਰਨ ਵਾਲੇ ਬ੍ਰਾਹਮਣਾਂ ਦੀ ਬਾਣੀ ਥੋਥੀ ਲੱਗਦੀ ਸੀ।

*ਥੋਥਾ ਪੰਡਤ ਥੋਥੀ ਬਾਣੀ,*

*ਥੋਥੀ ਹਰਿ ਬਿਨ ਸਭੈ ਕਹਾਣੀ।।*

*(ਪਦ 50)*

ਉਹ ਸਪਸ਼ਟ ਅਨੁਭਵ ਕਰਦੇ ਸਨ ਕਿ ਬ੍ਰਾਹਮਣ ਕੁਲ ਵਿਚ ਪੈਦਾ ਹੋ ਕੇ ਵੀ ਇਹ ਪੰਡਤ ਪਰਮਤੱਤਵ ਨੂੰ ਨਹੀਂ ਜਾਣਦੇ ਤੇ ਨਾ ਹੀ ਆਵਾਗਮਨ ਤੋਂ ਮੁਕਤੀ ਦਾ ਰਾਹ ਵਿਖਾ ਸਕਦੇ ਹਨ। ਇਸ ਲਈ ਉਹ ਸੰਤ ਦਾ ਮਹੱਤਵ ਸਥਾਪਿਤ ਕਰਦੇ ਹੋਏ ਲਿਖਦੇ ਹਨਃ

*ਸੰਤ ਤੁਝੀ ਤਨੁ ਸੰਗਤਿ ਪ੍ਰਾਨ,*

*ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ,*

*ਸੰਤ ਦੀ ਸੰਗਤਿ ਕਥਾ ਰਸੁ।*

*ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।।*

*ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ*

*ਅਉਰ ਇਕ ਮਾਗਉ ਭਗਤੀ ਚਿੰਤਾਮਣਿ।*

*ਜਣੀ ਲਖਾਵਹੁ ਅਸੰਤ ਪਾਪੀ ਸਣਿ।*

*ਰਵਿਦਾਸ ਭਣੈ ਜੋ ਜਾਣੈ ਸੋ ਜਾਣੁ।*

*ਸੰਤ ਅਨੰਤਹਿ ਅੰਤਰੁ ਨਾਹੀ।।*

(ਆਦਿ ਗ੍ਰੰਥ, ਪੰਨਾ 486)

- ਗੁਰੂ ਰਵਿਦਾਸ ਜੀ ਨੇ ਬਿਖਰੇ ਹੋਏ ਭਾਰਤੀ ਸਮਾਜ ਨੂੰ ਜਦ ਵੇਖਿਆ ਤਾਂ ਭਾਰਤੀਅਤਾ ਦੀ ਰੱਖਿਆ ਦਾ ਬੀੜਾ ਚੁੱਕ ਲਿਆ। ਉਨ੍ਹਾਂ ਨੇ ਪਰਾਧੀਨਤਾ ਨੂੰ ਅਭਿਸ਼ਾਪ ਮੰਨਿਆ। ਉਨ੍ਹਾਂ ਦਾ ਵਿਚਾਰ ਸੀ ਕਿ ਪਰਾਧੀਨਤਾ ਨਾਲ ਗ੍ਰਸਿਆ ਮਨੁੱਖ ਆਪਣੇ ਮਨ ਵਿਚ ਹੀਨ ਭਾਵਨਾ ਰੱਖਦਾ ਹੈ। ਉਹ ਹਰ ਥਾਂ ਤੇ ਤਿਰਸਕਾਰ ਦਾ ਭਾਗੀ ਬਣਦਾ ਹੈ। ਉਨ੍ਹਾਂ ਨੇ ਮਨੁੱਖ ਮਾਤਰ ਨੂੰ ਪਰਾਧੀਨਤਾ ਤੋਂ ਮੁਕਤ ਕਰਵਾਉਣ ਲਈ

ਕਿਹਾ-

*ਪਰਾਧੀਨ ਪਾਪ ਹੈ ਜਾਨ ਲੇਹੁ ਰੇ ਮੀਤ।*

*ਰੈਦਾਸ ਦਾਸ ਪਰਾਧੀਨ ਸਿਉ, ਕੌਣ ਕਰੇ ਹੈ ਪ੍ਰੀਤ॥*

*(ਪਦ, ਰਵਿਦਾਸ)*

ਇਸੇ ਤਰ੍ਹਾਂ

*ਪਰਾਧੀਨ ਕਉ ਦੀਨ ਕਿਆ, ਪਰਾਧੀਨ ਬੇਦੀਨ॥*

*ਰਵਿਦਾਸ ਪਰਾਧੀਨ ਕਉ, ਸਭ ਹੀ ਸਮਝੇ ਹੀਨ॥*

*(ਪਦ, ਰਵਿਦਾਸ)*

(**ਘ**) ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਧਰਮ ਅਤੇ ਕਰਮ ਵਿਚ ਏਕਤਾ ਕਰਦੇ ਹੋਏ ਸਪਸ਼ਟ ਕੀਤਾ ਕਿ ਧਰਮ ਹੀ ਕਰਮ ਹੈ ਅਤੇ ਸਤਿਕਰਮ ਹੀ ਸਵੈਕਰਮ ਹੈ। ਸਦਾਚਾਰ ਦੀ ਪਾਲਣਾ ਅਸਲੀ ਧਰਮ ਹੈ। ਇਕ ਦੂਜੇ ਤੋਂ ਬਗੈਰ ਇਨ੍ਹਾਂ ਦਾ ਕੋਈ ਅਸਤਿਤਵ ਨਹੀਂ ਹੈ। ਧਰਮ ਦੇ ਲਈ ਕਰਮ ਕਰਨਾ ਚਾਹੀਦਾ ਹੈ। ਕਰਮ ਨੂੰ ਵੀ ਧਰਮ ਹੀ ਸਮਝਣਾ ਚਾਹੀਦਾ ਹੈ। ਕਰਮ ਸਾਧਨਾ ਹੀ ਧਰਮ ਦਾ ਸੱਚੇ ਅਰਥਾਂ ਵਿਚ ਅਨੁਸਰਣ ਕਰਵਾਉਂਦੀ ਹੈ।

ਗੁਰੂ ਰਵਿਦਾਸ ਨਾ ਸਿਰਫ ਇਕ ਮਹਾਨ ਵਿਚਾਰਕ ਸਨ ਸਗੋਂ ਮਹਾਨ ਕਵੀ ਵੀ ਸਨ। ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ ਹਰ ਵਾਕ, ਮਹਾਨ ਕਾਵਿ ਦਾ ਉਤਮ ਨਮੂਨਾ ਹੈ। ਉਹ ਮਨੁੱਖੀ ਜਾਮੇ ਵਿਚ ਖੁਦ ਪਰਮਾਤਮਾ ਸਨ। ਉਨ੍ਹਾਂ ਦੀ ਬਾਣੀ ਜੀਵਨ ਵਿਚ ਪਰਾਜਿਤ ਮਨੁੱਖ ਨੂੰ ਧੀਰਜ ਦਿੰਦੀ ਹੈ ਅਤੇ ਮਨੁੱਖ ਨੂੰ ਰੱਬ ਦੇ ਦਰਸ਼ਨ ਕਰਨ ਦੇ ਯੋਗ ਬਣਾਉਂਦੀ ਹੈ। ਪ੍ਰਭੂ ਨੂੰ ਪ੍ਰੇਮ ਨਾਲ ਪਾਉਣ ਦਾ ਸੰਦੇਸ਼ ਦਿੰਦੀ ਹੈ। ਉਹ ਪ੍ਰਭੂ ਨੂੰ ਮੁਕਤੀ ਦੇ ਦਾਤੇ ਰੂਪ ਵਿਚ ਚਿਤਰਦੀ ਹੈ ਜੋ ਵਿਅਕਤੀ ਦਾ ਮਾਤਾ ਪਿਤਾ ਵੀ ਹੈ, ਸਗਾ-ਸਬੰਧੀ ਵੀ। ਉਹ ਪ੍ਰਭੂ ਨਾਲ ਕਾਂਤਾ-ਭਗਤੀ ਦੇ ਰੂਪਕ ਰਾਹੀਂ ਵੀ ਰਿਸ਼ਤਾ ਜੋੜਦੇ ਹਨ ਤੇ ਮਨੁੱਖ ਕੇਵਲ ਤੇ ਕੇਵਲ ਉਸ ਪ੍ਰਭੂ ਉਪਰ ਆਸ਼ਰਿਤ ਰਹਿਣ ਦਾ ਉਪਦੇਸ਼ ਵੀ ਦਿੰਦੇ ਹਨ।

ਗੁਰੂ ਰਵਿਦਾਸ ਜੀ ਨੇ ਆਪਣੇ ਕਾਵਿ ਰਾਹੀਂ ਮਾਨਵਜਾਤੀ ਵਿਚ ਨਵੀਂ ਸੁਹਜ ਪੈਦਾ ਕੀਤਾ। ਬੋਦੀਆਂ ਹੋ ਚੁੱਕੀਆਂ ਕਦਰਾਂ-ਕੀਮਤਾਂ ਦੀ ਬਜਾਇ ਉਨ੍ਹਾਂ ਵਿਚ ਨਵੀਂ ਚੇਤਨਾ ਪੈਦਾ ਕੀਤੀ। ਆਪਣੀ ਅਨੁਭੂਤੀ ਦੀ ਅਭਿਵਿਅੰਜਨਾ ਲਈ ਉਨ੍ਹਾਂ ਨੇ ਜਿਹੜਾ ਮਾਧਿਅਮ ਚੁਣਿਆ ਉਸ ਵਿਚ ਉਨ੍ਹਾਂ ਦੀ ਸੋਂਦਰਯ ਸੂਝ ਦਾ ਕਮਾਲ ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਉਨ੍ਹਾਂ ਦੀ ਭਾਵਪੂਰਨ ਭਾਸ਼ਾ, ਅਲੰਕ੍ਰਿਤ ਸ਼ੈਲੀ ਅਤੇ ਮੁਹਾਵਰੇਦਾਰ ਬੋਲੀ ਆਪਣੇ ਆਪ ਵਿਚ ਕਮਾਲ ਹੈ।

ਉਨ੍ਹਾਂ ਦੇ ਅਧਿਆਤਮ - ਸਾਖਿਆਤਕਾਰੀ ਕਾਵਿ ਵਿਚ ਰੂਪਾਕਾਰਾਂ ਦੀ ਵੀ ਭਰਮਾਰ ਹੈ। ਨਾਲ ਹੀ ਉਪਮਾ, ਦ੍ਰਿਸ਼ਟਾਂਤ, ਤਦਗੁਣ, ਉਦਾਹਰਨ ਸਮ-ਅਲੰਕਾਰ, ਪ੍ਰਸਨੋਤਰ, ਵੀਪਸਾ, ਅਨੁਪ੍ਰਾਸ ਜਿਹੇ ਅਲੰਕਾਰਾਂ ਦੀ ਵਰਤੋਂ ਵੀ ਹੋਈ ਹੈ। ਅਨੁਪ੍ਰਾਸ ਅਲੰਕਾਰਾਂ ਦੀ ਖੂਬਸੂਰਤੋਂ ਵਰਤੋਂ ਨੇ ਉਨ੍ਹਾਂ ਦੀ ਬਾਣੀ ਨੂੰ ਇਕ ਅਲੌਕਿਕ ਸੰਗੀਤ ਨਾਲ ਭਰ ਦਿੱਤਾ ਹੈ। ਰੂਪਕ ਅਲੰਕਾਰਾਂ ਦੀ ਵਰਤੋਂ ਉਨ੍ਹਾਂ ਦੀ ਬਾਣੀ ਨੂੰ ਅਲੰਕਾਰੀ ਖੂਬਸੂਰਤੀ ਪ੍ਰਦਾਨ ਕਰਦੀ ਹੈ।

*ਜਿਵੇਂ ਤੁਮ ਚੰਦਨ ਹਮ ਇਰੰਡ*

*ਬਾਪੁਰੇ ਸੰਗਿ ਤੁਮਾਰੇ ਬਾਸਾ*

**(ਆਦਿ ਗ੍ਰੰਥ, ਪੰਨਾ 486)**

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਦ੍ਰਿਸ਼, ਗੰਧ, ਸਪਰਸ਼, ਰਸ ਅਤੇ ਨਾਦ ਬਿੰਬਾਂ ਦੀ ਖ਼ੂਬਸੂਰਤੀ ਨਾਲ ਵਰਤੋਂ ਕੀਤੀ ਹੈ। ਉਨ੍ਹਾਂ ਵੱਲੋਂ ਸਿਰਜੇ ਗਏ ਦ੍ਰਿਸ਼ ਬਿੰਬ ਕਮਾਲ ਹਨ। ਜਿਵੇਂ:

*ਮਾਟੀ ਕੋ ਪੁਤਲਾ ਕੈਸੇ ਨਚਤੁ ਹੈ।*

*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।*

**(ਆਦਿ ਗ੍ਰੰਥ, ਪੰਨਾ 487)**

ਉਨ੍ਹਾਂ ਦੇ ਇਹ ਬਿੰਬ ਜਾਂ ਤਾਂ ਕੁਦਰਤ ਨਾਲ ਸਬੰਧਿਤ ਹਨ ਜਾਂ ਫਿਰ ਘਰੋਗੀ ਜੀਵਨ ਨਾਲ। ਇਸ ਤੋਂ ਇਲਾਵਾ ਉਨ੍ਹਾਂ ਦੀ ਕਾਵਿ ਵਿਚ ਵਰਤੇ ਗਏ ਪ੍ਰਤੀਕ ਉਨ੍ਹਾਂ ਦੀ ਰਮਜ਼ ਭਰਪੂਰ ਗੱਲਾਂ ਨੂੰ ਬੜੀ ਸਹਿਜਤਾ ਨਾਲ ਕਾਵਿ ਵਿਚ ਪ੍ਰਗਟ ਕਰਦੇ ਹਨ ਜੋ ਪਾਠਕਾਂ ਨੂੰ ਬੜੀ ਆਸਾਨੀ ਨਾਲ ਸਮਝ ਆ ਜਾਂਦੀਆਂ ਹਨ। ਜਿਵੇ ਂ ਸੰਸਾਰ ਲਈ ਬਾਜ਼ੀ, ਪਰਮਾਤਮਾ ਲਈ ਬਾਜ਼ੀਗਰ ਆਤਮਾ ਤੇ ਪਰਮਾਤਮਾ ਲਈ ਸੇਵਕ ਤੇ ਸਵਾਮੀ, ਵਿਸ਼ੇ -ਵਿਕਾਰਾਂ ਲਈ ਦੂਤਨ, ਮੌਤ ਦੇ ਮਾਰਗ ਲਈ ਪੁਲਸਰਾਤ ਆਦਿ।

ਕਾਵਿ ਵਿਚ ਜਿਸ ਢੰਗ ਨਾਲ ਗੁਰੂ ਰਵਿਦਾਸ ਨੇ ਕਲਪਨਾ ਉਡਾਰੀ ਦਾ ਇਸਤੇਮਾਲ ਕੀਤਾ ਹੈ ਉਹ ਉਨ੍ਹਾਂ ਨੂੰ ਬਾਕੀ ਸੰਤ ਜਨਾਂ ਤੋਂ ਵੱਖਰਾਉਂਦੀ ਹੈ। ਕਦੇ ਉਹ ਜਗਤ ਨੂੰ ਬਾਜ਼ੀ ਨਾਲ ਉਪਮਾਉਂਦੇ ਹਨ ਤੇ ਪ੍ਰਭੂ ਨੂੰ ਬਾਜ਼ੀਗਰ ਆਖਦੇ ਹਨ ਤੇ ਕਦੇ ਉਚੇ ਮੰਦਰਾਂ ਤੇ ਰਸੋਈ ਘਰ ਦੀ ਕਲਪਨਾ ਕਰਕੇ ਉਹ ਸਮਾਜਕ ਅਸਾਰਤਾ ਦਾ ਉਲੇਖ ਕਰਦੇ ਹਨ। ਨਾਲ ਹੀ ਮਨੁੱਖ ਦੇ ਅੰਤਲੇ ਸਮੇਂ ਨੂੰ 'ਦਿਨ ਦੀ ਸ਼ਾਮ' ਦੇ ਰੂਪ ਵਿਚ ਪੇਸ਼ ਕਰਦੇ ਹਨ। ਮਨੁੱਖੀ ਜੀਵਨ ਦੀ ਸ਼੍ਰੇਸ਼ਠਤਾ ਦਰਸਾਉਣ ਲਈ ਉਨ੍ਹਾਂ ਨੇ ਸੋਚਹੀਣ ਪਸ਼ੂ-ਜੋਨੀਆਂ ਦੀ ਕਲਪਨਾ ਕਰਦੇ ਹਨ। ਜਿਵੇਂ ਹਿਰਨ ਆਪਣੇ ਅੰਦਰ ਛੁਪੀ ਕਸਤੂਰੀ ਦੀ ਸੁਗੰਧੀ ਤੋਂ ਅਣਜਾਣ ਰਹਿੰਦਾ, ਉਵੇਂ ਜੀਵ ਨੂੰ ਆਪਣੇ ਹਿਰਦੇ ਵਿਚ ਵਿਆਪਕ ਪਰਮਾਤਮਾ ਦੀ ਸੋਝੀ ਨਹੀਂ ਹੁੰਦੀ। ਮਨੁੱਖ ਦੇ ਨਾਸ਼ਵਾਨ ਜੀਵਨ ਦਾ ਵਰਨਣ ਕਰਦਿਆਂ ਵਿਵਿਧ ਢੰਗਾਂ ਦੀ ਕਲਪਨਾ ਗੁਰੂ ਰਵਿਦਾਸ ਜੀ ਨੇ ਆਪਣੇ ਕਾਵਿ ਵਿਚ ਕੀਤੀ ਹੈ। ਇਸ ਸਰੀਰ ਨੂੰ ਜਲਬਲ ਕੇ ਮਿੱਟੀ ਨਾਲ ਮਿੱਟੀ ਬਣ ਜਾਣ ਵਾਲੇ ਘਾਹ ਦੇ ਛੱਪਰ ਦੇ ਰੂਪ ਵਿਚ ਕਲਪਿਆ ਹੈ ਤੇ ਕਦੇ ਉਨ੍ਹਾਂ ਮਨੁੱਖ ਨੂੰ ਮਾਟੀ ਦੇ ਪੁਤਲੇ ਦੀ ਤਰ੍ਹਾਂ ਕਲਪਿਆ ਹੈ ਜੋ ਜੀਵਨ ਦੀ ਨਾਸ਼ਵਾਨਤਾ ਨੂੰ ਭੁੱਲਕੇ, ਵਿਕਾਰਾਂ ਵਿਚ ਖਚਿਤ ਹੋ ਕੇ ਨੱਚਦਾ-ਟੱਪਦਾ ਪਿਆ ਹੈ। ਇਸੇ ਤਰ੍ਹਾਂ ਨਾਮ ਖਜ਼ਾਨੇ ਨੂੰ 'ਟਾਂਡੇ' ਦੇ ਰੂਪ ਵਿਚ ਕਿਆਸਦੇ ਕਿਹਾ ਹੈ ਕਿ ਕਠਿਨ ਪੈਂਡਿਆਂ ਤੇ ਤੁਰਨ ਵਾਲੇ ਮਨ ਰੂਪੀ ਬਲਦ ਨੂੰ ਨਾਮ ਰੂਪੀ ਟਾਂਡਾ ਖਿੱਚਣਾ ਪੈ ਰਿਹਾ ਹੈ, ਜਿਸ ਤੇ ਰਾਮ ਨਾਮ ਦਾ ਧਨ ਲੱਦਿਆ ਹੋਇਆ ਹੈ।

*ਰੇ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ।*

*ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰੁ।*

*ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ।*

**(ਆਦਿ ਗ੍ਰੰਥ, ਪੰਨਾ 346)**

ਉਂਞ ਵੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਮੁੱਚੀ ਬਾਣੀ ਰਾਗਬੱਧ ਹੋਣ ਕਰਕੇ ਇਸ ਵਿਚ ਹਮੇਸ਼ਾ ਲੈਅ ਕਾਇਮ ਰਹਿੰਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਰਵਿਦਾਸ ਦੇ ਸ਼ਬਦਾਂ ਦੀਆਂ ਤੁਕਾਂ ਵਿਚ ਆਏ ਸ਼ਬਦਾਂ, ਮਾਤਰਾਵਾਂ ਅਤੇ ਵਰਣਾਂ ਦੀ ਵਾਧ-ਘਾਟ ਨੇ ਉਨ੍ਹਾਂ ਦੀ ਸੁਭਾਵਕ ਲਯ ਵਿਚ ਕੋਈ ਅੰਤਰ ਨਹੀਂ ਪਾਇਆ ਹੈ ਅਤੇ ਉਨ੍ਹਾਂ ਦੇ ਸ਼ਬਦ ਸੰਗੀਤ ਭਰਪੂਰ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕੱਤੀ ਰਾਗਾਂ ਵਿਚ ਅੰਕਿਤ ਹੈ। ਪਰੰਤੂ ਗੁਰੂ ਰਵਿਦਾਸ ਜੀ ਦੀ ਬਾਣੀ ਸੋਲ੍ਹਾਂ ਰਾਗਾਂ ਵਿਚ ਹੈ। ਇਥੇ ਰਾਗਾਂ ਦੀ ਤਰਤੀਬ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ ਸਗੋਂ ਸਾਰੇ ਰਾਗ ਆਪੋ ਆਪਣੀ ਖਾਸ ਮਹੱਤਾ ਰੱਖਦੇ ਹਨ।

ਇਸ ਬਾਣੀ ਨੂੰ ਲੋਕਪ੍ਰਿਯ ਬਨਾਉਣ ਵਿਚ ਸੰਗੀਤ ਦਾ ਖਾਸ ਯੋਗਦਾਨ ਹੈ। ਇੰਞ ਵੀ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਬਾਣੀ ਦੇ ਅਗੰਮੀ ਸੰਗੀਤ ਤੇ ਮਧੁਰ ਲੈਅ ਸਾਹਮਣੇ ਸਭ ਛੰਦ, ਵਜ਼ਨ ਅਤੇ ਤੋਲ ਤੁਕਾਂਤ ਦੱਬਕੇ ਰਹਿ ਜਾਂਦੇ ਹਨ। ਕਬੀਰ ਬਾਣੀ ਵਾਂਗ ਰਵਿਦਾਸ ਬਾਣੀ ਵਿਚ ਗੀਤ-ਸੰਗੀਤ ਸਬੰਧੀ ਇੱਕੜ-ਦੁੱਕੜ ਕਈ ਸੰਕੇਤ ਉਪਲਬਧ ਹਨ। ਪ੍ਰਭੂ ਭਗਤੀ ਦਾ ਚਾਉ ਹਾਸਲ ਕਰਨ ਲਈ ਅੱਜ ਵੀ ਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਵਜ਼ਦ ਵਿਚ ਆ ਕੇ ਗਾਉਂਦੇ ਹਨ, ਕਿਉਂਕਿ ਪ੍ਰਭੂ ਪਿਆਰ ਦੀ ਚਰਮ ਸੀਮਾ ਸਾਧਕ ਵਿਚ ਮਸਤੀ ਭਰ ਦਿੰਦੀ ਹੈ ਅਤੇ ਉਹ ਸੰਸਾਰਿਕਤਾ ਤੋਂ ਨਿਰਲੇਪ ਹੋ ਕੇ ਬਾਣੀ ਸੰਗੀਤ ਵਿਚ ਗੁਆਚ ਜਾਂਦਾ ਹੈ। ਇਸ ਵਿਚ ਹੀ ਰਵਿਦਾਸ ਬਾਣੀ ਦੀ ਸਫ਼ਲਤਾ ਵੀ ਹੈ।

ਸਪਸ਼ਟ ਹੈ ਗੁਰੂ ਰਵਿਦਾਸ ਦੀ ਬਾਣੀ ਹਿਰਦੇ ਦੀ ਸਹਿਜ ਅਨੁਭੂਤੀ ਨੂੰ ਬੜੀ ਸਰਲਤਾ, ਸੁਭਾਵਿਕਤਾ ਤੇ ਸਪੱਸ਼ਠਤਾ ਨਾਲ ਪ੍ਰਗਟਾਉਣ ਵਿਚ ਸਫਲ ਹੈ। ਡਾ. ਨਗੇਂਦ੍ਰ[11] ਨੇ ਵੀ ਹਿਰਦੇ ਦੀ ਸਹਿਜ ਅਨੁਭੂਤੀ ਨੂੰ ਸ਼ਾਸਤਰਾਂ ਵਿਚ ਪ੍ਰਤਿਪਾਦਿਤ ਨੀਰਸ ਸਿਧਾਂਤਾਂ ਦੀ ਬਜਾਇ ਸ੍ਰੇਸ਼ਠ ਮੰਨਿਆ ਹੈ।

ਸ੍ਰੀ ਅਰਵਿੰਦ [12] ਦੇ ਕਥਨ ਅਨੁਸਾਰ ਵੀ ਕਾਵਿ ਲੇਖਨ ਲਈ ਜਿਨ੍ਹਾਂ ਤਿੰਨ ਤੱਤਾਂ ਦੀ ਆਵਸ਼ਕਤਾ ਹੈ, ਭਾਵ ਕਾਵਿਮਈ ਅਨੁਭੂਤੀ, ਭਾਸ਼ਾ ਦਾ ਪ੍ਰਭੁਤਵ ਤੇ ਲਯਬੱਧਤਾ ਅਤੇ ਯੋਗਤਾ, ਉਹ ਸਭ ਗੁਰੂ ਰਵਿਦਾਸ ਦੀ ਬਾਣੀ ਵਿਚ ਮੌਜੂਦ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਅੰਤਰ ਪ੍ਰੇਰਣਾ ਦੀ ਸ਼ਕਤੀ ਅਤੇ ਸਿਰਜਣਸ਼ੀਲ ਸਮਰੱਥਾ ਉਨ੍ਹਾਂ ਨੂੰ ਕਾਵਿ ਵਿਚ ਵੱਖਰਾ ਸਥਾਨ ਦਿਵਾਉਂਦੀ ਹੈ।

## 3.7 ਸਾਰਾਂਸ਼

ਮੱਧਕਾਲੀਨ ਰਹੱਸਵਾਦੀ ਭਾਰਤੀ ਸਾਹਿਤ ਵਿਚ ਭਗਤੀ ਭਾਵਨਾ ਦੇ ਪ੍ਰਗਟਾਉ ਲਈ ਸਰਗੁਣ ਅਤੇ ਨਿਰਗੁਣ ਭਗਤੀ ਸਾਹਿਤਧਾਰਾਵਾਂ ਪੈਦਾ ਹੋਈਆਂ। ਸਰਗੁਣ ਕਾਵਿਧਾਰਾ ਜਿਥੇ ਪ੍ਰਭੂ ਦੇ ਸਰਗੁਣ ਸਰੂਪ ਦੀ ਆਰਾਧਨਾ ਨਾਲ ਜੁੜੀ ਸੀ ਉਥੇ ਨਿਰਗੁਣ ਕਾਵਿਧਾਰਾ ਨਾਲ ਜੁੜੇ ਭਗਤਾਂ ਤੇ ਸੰਤ ਜਨਾਂ ਨੇ ਪ੍ਰਭੂ ਦੇ ਨਿਰਗੁਣ ਸਰੂਪ ਨੂੰ ਆਪਣੀ ਉਪਾਸਨਾ ਦਾ ਆਧਾਰ ਬਣਾਇਆ। ਸਰਗੁਣ ਕਾਵਿਧਾਰਾ ਸ਼ਾਕਤ, ਸ਼ੈਵ ਅਤੇ ਵੈਸ਼ਨਵ ਮੱਤ ਦੇ ਰੂਪ ਵਿਚ ਸਫਰ ਕਰਦੀ ਹੈ ਜਦਕਿ ਨਿਰਗੁਣ ਸਾਹਿਤਕ ਧਾਰਾ ਸੂਫੀ ਕਾਵਿਧਾਰਾ, ਪ੍ਰੇਮਾਖਿਆਨ ਅਤੇ ਸੰਤ ਸਾਹਿਤ ਦੇ ਰੂਪ ਵਿਚ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਹਨ।

ਮੱਧਕਾਲੀ ਭਗਤੀ ਧਾਰਾ ਵਿਚ ਗੁਰੂ ਰਵਿਦਾਸ ਸਰਬੋਤਮ ਸਥਾਨ ਦੇ ਅਧਿਕਾਰੀ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਬੇਗ਼ਮਪੁਰਾ ਦੇ ਆਦਰਸ਼ ਨਾਲ ਭਾਰਤੀ ਦਰਸ਼ਨ ਨੂੰ ਨਵੀਂ ਦਿਸ਼ਾ ਦਿੱਤੀ, ਜਾਤੀਵਾਦ ਦਾ ਖੰਡਨ ਕੀਤਾ, ਪੰਡਤ ਦੀ ਥਾਂ ਸੰਤ ਦਾ ਸੰਕਲਪ ਦਿੱਤਾ ਅਤੇ ਵਿਸ਼ਵ ਬੰਧੁਤਵ ਦਾ ਆਦਰਸ਼ ਭੁੱਲ ਚੁੱਕੇ ਭਾਰਤੀ

ਸਮਾਜ ਦੇ ਅੰਤਰ ਵਿਰੋਧਾਂ ਦਾ ਨਾਸ਼ ਕੀਤਾ। ਉਨ੍ਹਾਂ ਦੇ ਕਿਰਤ ਦੇ ਮਹੱਤਵ ਨੂੰ ਉਜਾਗਰ ਕੀਤਾ ਅਤੇ ਇਹ ਉਨ੍ਹਾਂ ਨੇ ਬੜੇ ਕਲਾਮਈ ਅਤੇ ਕਾਵਿਮਈ ਢੰਗ ਨਾਲ ਕੀਤਾ ਜਿਸ ਕਾਰਨ ਉਹ ਮੱਧਕਾਲੀ ਭਗਤੀ ਸਾਹਿਤ ਤੇ ਇਸ ਨਾਲ ਜੁੜੇ ਸੰਤ ਜਨਾਂ ਵਿਚ ਨਿਵੇਕਲੇ ਸਥਾਨ ਦੇ ਅਧਿਕਾਰੀ ਹਨ।

**ਹਵਾਲੇ :**


1. ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਸੰਪਾਦਕ: ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ 385
2. ਗੀਤਾ, ਅਧਿਆਇ ਚੌਥਾ, ਸ਼ਲੋਕ (8)
3. ਕਬੀਰ ਗ੍ਰੰਥਾਵਲੀ, ਪੰਨਾ (15 ਅਤੇ 60)
4. ਕਬੀਰ ਅਤੇ ਜਾਯਸੀ ਦਾ ਰਹੱਸਵਾਦ, ਡਾ. ਗੋਬਿੰਦ ਤ੍ਰਿਗਣਾਯਤ, ਪੰਨਾ 17
5. ਭਾਰਤੀ ਸਾਹਿਤ ਦੀ ਸਾਂਸਕ੍ਰਿਤ ਰੇਖਾਵਾ, ਡਾ. ਪਰਸ਼ੁਰਾਮ ਚਤੁਰਵੇਦੀ, ਪੰਨਾ 65
6. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 532
7. ਕਬੀਰ, ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਪੰਨਾ 122
8. ਸਾਹਿਤ ਕੋਸ਼, ਡਾ. ਰਤਨ ਸਿੰਘ ਜੱਗੀ ਪੰਨਾ 303
9. 'ਡਿਕਸ਼ਨਰੀ ਔਫ ਵਰਡਜ਼', ਸ਼ਿਪਲੇ
10. ਬਾਣੀ ਭਗਤ ਰਵਿਦਾਸ: ਇਕ ਵਿਵੇਚਨ, ਸੰ. ਬਲਦੇਵ ਸਿੰਘ ਬੱਦਨ, ਪੰਨਾ 46
11. ਡਾ. ਨਗੇਂਦ ਦੇ ਸਰਵਸ੍ਰੇਸ਼ਠ ਨਿਬੰਧ, ਭਾਰਤ ਭੂਸ਼ਣ ਅਗਰਵਾਲ (ਸੰਪਾਦਕ)
12. ਸ੍ਰੀ ਅਰਵਿੰਦ ਕੇ ਪੱਤਰ, ਪੰਨਾ 309

# ਅਧਿਆਇ : ਚੌਥਾ


4.1 ਗੁਰੂ ਰਵਿਦਾਸ ਲਈ ਪ੍ਰਯੁਕਤ ਦੂਸਰੇ ਨਾਮ।

4.2 ਗੁਰੂ ਰਵਿਦਾਸ ਜੀ ਦਾ ਜਨਮ ਸਮਾਂ।

4.3 ਗੁਰੂ ਰਵਿਦਾਸ ਜੀ ਦਾ ਜਨਮ ਸਥਾਨ।

4.4 ਗੁਰੂ ਰਵਿਦਾਸ ਜੀ ਦੇ ਮਾਤਾ ਪਿਤਾ।

4.5 ਗੁਰੂ ਰਵਿਦਾਸ ਜੀ ਦਾ ਜੀਵਨ।

4.6 ਗੁਰੂ ਰਵਿਦਾਸ ਜੀ ਦਾ ਕਿੱਤਾ।

4.7 ਗੁਰੂ ਰਵਿਦਾਸ ਜੀ ਦੇ ਗੁਰੂ।

4.8 ਗੁਰੂ ਰਵਿਦਾਸ ਜੀ ਦਾ ਵਿਅਕਤਿਤਵ।

4.9 ਗੁਰੂ ਰਵਿਦਾਸ ਜੀ ਦਾ ਜੋਤੀ ਜੋਤ ਸਮਾਉਣਾ।

4.10 ਗੁਰੂ ਰਵਿਦਾਸ ਬਾਣੀ ਦੇ ਸ੍ਰੋਤ ਸੰਗ੍ਰਹਿ।

4.11 ਗੁਰੂ ਰਵਿਦਾਸ ਬਾਣੀ ਦਾ ਪਰਿਚੈ।

4.12 ਗੁਰੂ ਰਵਿਦਾਸ ਬਾਣੀ ਦੇ ਪ੍ਰੇਰਣਾ ਤੱਤ।

4.13 ਗੁਰੂ ਰਵਿਦਾਸ ਬਾਣੀ ਦਾ ਵਿਚਾਰਧਾਰਾਈ ਪੱਖ।

4.14 ਗੁਰੂ ਰਵਿਦਾਸ ਬਾਣੀ ਦਾ ਕਲਾਤਮਿਕ ਪੱਖ।

4.15 ਸਾਰਾਂਸ਼।

# ਅਧਿਆਇ ਚੌਥਾ

ਸੰਪੂਰਣ ਵਿਸ਼ਵ ਦੇ ਅਧਿਆਤਮਕ ਜਗਤ ਵਿਚ ਸ੍ਰੀ ਗੁਰੂ ਰਵਿਦਾਸ ਜੀ ਆਪਣੀ ਵਿਸ਼ੇਸ਼ ਭਗਤੀ ਪੱਧਤੀ ਤੇ ਬਾਣੀ ਵਿਚਲੀ ਵਿਸ਼ਵ ਬੰਧੂਤਵ ਦੀ ਭਾਵਨਾ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀ ਬਾਣੀ ਨਾ ਕੇਵਲ ਵਿਚਾਰਧਾਰਾਈ ਪੱਖ ਤੋਂ ਸਗੋਂ ਕਲਾ ਪੱਖ ਤੋਂ ਵੀ ਵਿਸ਼ੇਸ਼ ਹੈ ਅਤੇ ਡੂੰਘੇ ਅਧਿਐਨ ਦੀ ਮੰਗ ਕਰਦੀ ਹੈ। ਗੁਰੂ ਰਵਿਦਾਸ ਜੀ ਨੇ ਸਾਹਿਤਕ ਦ੍ਰਿਸ਼ਟੀ ਤੋਂ ਕਾਵਿ-ਰਚਨਾ ਨਹੀਂ ਕੀਤੀ ਸਗੋਂ ਉਨ੍ਹਾਂ ਨੇ ਕਾਵਿ ਨੂੰ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਲਈ ਮਾਧਿਅਮ ਵਜੋਂ ਵਰਤਿਆ ਹੈ। ਇਹ ਉਨ੍ਹਾਂ ਦੀ ਵਿਚਾਰਧਾਰਾ ਵਿਚ ਛਿਪੀ ਅਧਿਆਤਮਕ ਸ਼ਕਤੀ ਹੀ ਸੀ ਜਿਸ ਨੇ ਕਈ ਸਮਕਾਲੀ ਰਾਜਿਆਂ-ਰਾਣੀਆਂ ਨੂੰ ਉਨ੍ਹਾਂ ਦੇ ਸ਼ਿਸ਼ ਬਨਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਨੇ ਵਰਣਾਸ਼੍ਰਮ ਪ੍ਰਧਾਨ ਸਮਾਜ ਵਿਚ ਜਨਮ ਲੈ ਕੇ ਬ੍ਰਾਹਮਣਵਾਦ ਨਾਲ ਟੱਕਰ ਲਈ ਅਤੇ ਅਖਉਤੀ ਨੀਵੀਂ ਸ਼੍ਰੇਣੀ ਨਾਲ ਸਬੰਧਿਤ ਹੋਣ ਦੇ ਬਾਵਜੂਦ ਆਪਣੀ ਆਧਿਆਤਮਕ ਪ੍ਰਾਪਤੀ ਕਾਰਨ, ਵਕਤ ਦੇ ਪ੍ਰਤਿਨਿੱਧ ਪੁਰੋਹਿਤਾਂ ਵੱਲੋਂ ਸਲਾਹੇ ਅਤੇ ਸਤਿਕਾਰੇ ਗਏ। ਮੱਧਕਾਲੀਨ ਉਤਰੀ ਭਾਰਤ ਦੀ 'ਸਗੁਣ ਨਿਰਾਕਾਰ' ਭਗਤੀ ਪਰੰਪਰਾ ਵਿਚ ਉਨ੍ਹਾਂ ਦਾ ਬੜਾ ਗੌਰਵਮਈ ਸਥਾਨ ਹੈ।(1) ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਮੌਜੂਦ ਰਵਿਦਾਸ ਦੇ ਨਾਂ ਨਾਲ ਸਬੰਧਿਤ ਛਤਰੀਆਂ, ਸਮਾਧੀਆਂ ਅਤੇ ਹੋਰ ਸਮਾਰਕ ਚਿੰਨ੍ਹ ਮੇਰੇ ਉਪਰੋਕਤ ਕਥਨ ਦੀ ਪੁਸ਼ਟੀ ਕਰਦੇ ਹਨ।

ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ ਕਈ ਤੱਥ ਅਤੇ ਸਾਖੀਆਂ ਪ੍ਰਚਲਿਤ ਹਨ ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਸਬੰਧੀ ਕਾਫੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਸਮਕਾਲੀ ਭਗਤਾਂ, ਉਨ੍ਹਾਂ ਤੋਂ ਬਾਅਦ ਹੋਏ ਸੰਤਾਂ, ਉਨ੍ਹਾਂ ਦੇ ਸ਼ਿਸ਼ਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਬਾਣੀ ਤੋਂ ਵੀ ਉਨ੍ਹਾਂ ਦੇ ਜੀਵਨ ਸਬੰਧੀ ਕਈ ਮਹੱਤਵਪੂਰਨ ਤੱਥ ਪਤਾ ਚਲਦੇ ਹਨ।

## 4.1 ਗੁਰੂ ਰਵਿਦਾਸ ਲਈ ਪ੍ਰਯੁਕਤ ਦੂਸਰੇ ਨਾਮ

ਭਾਰਤੀ ਭਾਸ਼ਾਵਾਂ ਦੇ ਸਾਹਿਤ-ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਲਈ 'ਰਵਿਦਾਸ' ਤੋਂ ਇਲਾਵਾ ਕਈ ਹੋਰ ਨਾਂ ਵੀ ਪ੍ਰਚਲਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਸਾਰੀ ਬਾਣੀ ਭਾਵੇ 'ਰਵਿਦਾਸ' ਦੇ ਨਾਂ ਹੇਠ ਅੰਕਿਤ ਹੈ ਅਤੇ ਉਨ੍ਹਾਂ ਦੇ ਸਮਕਾਲੀ ਭਗਤ ਕਬੀਰ, ਪਰਵਰਤੀ ਭਗਤ ਧੰਨਾ, ਗੁਰੂ ਸਾਹਿਬਾਨ, ਭਾਈ ਗੁਰਦਾਸ, ਭੱਟਾਂ ਨੇ ਵੀ, ਨਿਰਸੰਦੇਹ ਉਨ੍ਹਾਂ ਦੀ ਰਵਿਦਾਸ ਨਾਂ ਵਰਤਿਆ ਹੈ ਪਰੰਤੂ ਖੋਜ ਵਿਸ਼ੇ ਨਾਲ ਸਬੰਧਿਤ ਸਮੱਗਰੀ ਇਕੱਠੀ ਕਰਨ ਲਈ ਜਦੋਂ ਹਿੰਦੁਸਤਾਨ ਦੇ ਵੱਖ ਵੱਖ ਰਾਜਾਂ ਅਤੇ ਉਥੋਂ ਦੀਆਂ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਵਿਚ ਸਾਹਿਤ-ਅਧਿਐਨ ਦਾ ਅਵਸਰ ਮਿਲਿਆ ਤਾਂ ਉਥੇ ਗੁਰੂ ਰਵਿਦਾਸ ਲਈ ਪ੍ਰਯੁਕਤ ਕਈ ਹੋਰ ਨਾਵਾਂ ਦੀ ਜਾਣਕਾਰੀ ਵੀ ਹੋਈ।

ਗੁਰੂ ਰਵਿਦਾਸ ਲਈ ਜਿਹੜਾ ਨਾਂ ਵਧੇਰੇ ਪ੍ਰਚਲਿਤ ਹੈ, ਉਹ 'ਰੈਦਾਸ' ਹੈ। ਨਾ ਕੇਵਲ ਨਾਭਾਦਾਸ ਕ੍ਰਿਤ ਭਕ੍ਤਮਾਲ ਵਿਚ ਹੀ ਸਗੋਂ ਬੇਲਵੀਡਿਯਰ ਪ੍ਰਿੰਟਿੰਗ ਵਰਕਸ, ਇਲਾਹਾਬਾਦ ਵੱਲੋਂ ਪ੍ਰਕਾਸ਼ਿਤ ਉਨ੍ਹਾਂ ਦੀ ਜੀਵਨ ਅਤੇ ਦੂਸਰੀਆਂ ਆਲੋਚਨਾਤਮਿਕ ਪੁਸਤਕਾਂ ਵਿਚ ਵੀ ਰੈਦਾਸ ਨਾਂ ਦੀ ਵਰਤੋਂ ਦ੍ਰਿਸ਼ਟੀਗੋਚਰ ਹੈ। ਕਈ ਰਵਿਦਾਸ ਪੰਥੀਏ 'ਰਵਿਦਾਸ' ਅਤੇ 'ਰੈਦਾਸ' ਦੋ ਵੱਖੋ ਵੱਖਰੇ ਵਿਅਕਤੀ ਵੀ ਮੰਨਦੇ ਹਨ।(2) ਇਸ ਸੰਬੰਧੀ ਕੁਝ ਵਿਦਵਾਨਾਂ ਦੇ ਵਿਚਾਰ ਵਾਚ ਲੈਣ ਉਪਰੰਤ ਅਸੀਂ ਕਿਸੇ ਸਿੱਟੇ ਤੇ ਪਹੁੰਚਣ ਦਾ ਜਤਨ ਕਰਾਂਗੇ।

ਰਾਮਾਨੰਦ ਸਾਸਤ੍ਰੀ[3] ਦਾ ਕਥਨ ਹੈ 'ਅਲੱਗ ਅਲੱਗ ਪ੍ਰਾਂਤਾਂ ਵਿਚ ਰਵਿਦਾਸ ਰੁਈਦਾਸ, ਰੋਹੀਦਾਸ ਅਤੇ ਰਾਯਦਾਸ ਆਦਿ ਭਿੰਨ ਭਿੰਨ ਨਾਮ ਪ੍ਰਚਲਿਤ ਹਨ। ਜਿਥੋਂ ਤੱਕ ਰੁਈਦਾਸ, ਰੋਹੀਦਾਸ ਔਰ ਰਾਯਦਾਸ ਆਦਿ ਦਾ ਪ੍ਰਸ਼ਨ ਹੈ, ਇਹ ਅਨੁਮਾਨ ਤਰਕਸੰਗਤ ਹੈ ਕਿ ਇਹ ਸਾਰੇ ਨਾਮ ਰਵਿਦਾਸ ਔਰ ਰੈਦਾਸ ਦੇ ਵਿਗੜੇ ਹੋਏ ਰੂਪ ਹਨ। ਥਾਂ-ਥਾਂ ਦੀ ਬੋਲੀ ਅਤੇ ਭਾਸ਼ਾ ਤੋਂ ਪ੍ਰਭਾਵਿਤ ਹੋ ਕੇ ਅਸਲ ਨਾਮ ਵਿਚ ਕੁਝ ਨਾ ਕੁੜ ਪਰਿਵਰਤਨ ਹੋਣਾ ਸੁਭਾਵਿਕ ਹੈ।' ਇਸ ਸਬੰਧੀ ਰਾਮਾਨੰਦ ਸ਼ਾਸਤ੍ਰੀ ਇਸ ਸਿੱਟੇ ਤੇ ਪਹੁੰਚਦੇ ਹਨ ਕਿ ਉਨ੍ਹਾਂ ਦਾ ਅਸਲ ਨਾਂ 'ਰਵਿਦਾਸ' ਸੀ ਭਾਵੇਂ ਹੌਲੀ ਹੌਲੀ ਉਹ 'ਰੈਦਾਸ' ਦੇ ਨਾਂ ਨਾਲ ਵੀ ਪੁਕਾਰੇ ਜਾਣ ਲੱਗ ਪਏ।

ਹਿੰਦੀ ਵਿਸ਼ਵ ਕੋਸ਼ [4] ਵਿਚ ਰਵਿਦਾਸ ਜੀ ਲਈ ਰਵਿਦਾਸ ਅਤੇ ਰੈਦਾਸ ਦੋਵਾਂ ਨਾਵਾਂ ਦਾ ਜ਼ਿਕਰ ਕਰਦਿਆਂ ਇਨ੍ਹਾਂ ਨੂੰ ਇਕੋ ਵਿਅਕਤੀ ਦੇ ਨਾਂ ਸਵੀਕਾਰਿਆ ਗਿਆ ਹੈ।

ਡਾ. ਯੋਗੇਂਦਰ ਸਿੰਘ [5] ਨੇ ਰਵਿਦਾਸ, ਰੈਦਾਸ, ਰਾਯਦਾਸ, ਰੁਦਰਦਾਸ, ਰੁਈਦਾਸ, ਰਇਦਾਸ, ਰਹੀਦਾਸ, ਰੋਹਿਤਾਸ, ਰੁਹਦਾਸ, ਰਮਾਦਾਸ, ਰਾਮਦਾਸ ਤੇ ਹਰਿਦਾਸ ਆਦਿ ਨਾਂ ਗਿਣਾਉਂਦਿਆਂ ਲਿਖਿਆ ਹੈ ਕਿ ਰਵਿਦਾਸ ਅਤੇ ਰੈਦਾਸ ਦੋ ਅਜਿਹੇ ਨਾਂ ਹਨ ਜੋ ਦੋਵੇਂ ਇਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਵਿਚ ਉਪਲਬਧ ਹਨ। ਬਾਕੀ ਨਾਂ ਉਨ੍ਹਾਂ ਦੀਆਂ ਰਚਨਾਵਾ ਵਿਚ ਨਹੀਂ ਮਿਲਦੇ ਸਗੋਂ ਦੂਸਰੇ ਲੇਖਕਾਂ ਅਤੇ ਵਿਅਕਤੀਆਂ ਵੱਲੋਂ ਉਨ੍ਹਾਂ ਲਈ ਵਰਤੇ ਗਏ ਹਨ। ਉਹ ਵੀ ਇਸ ਨਤੀਜੇ ਤੇ ਪਹੁੰਚਦੇ ਹਨ ਕਿ 'ਸੰਤ ਰੈਦਾਸ ਦਾ ਵਾਸਤਵਿਕ ਨਾਮ ਰਵਿਦਾਸ ਹੀ ਸੀ ਜੋ ਕਿ ਉਚਾਰਣ ਭੇਦ ਕਾਰਣ ਰੈਦਾਸ ਹੋ ਗਿਆ। ਦੂਸਰੇ ਸਾਰੇ ਨਾਮ ਭਿੰਨ-ਭਿੰਨ ਖੇਤਰਾਂ ਵਿਚ ਉਚਾਰਣ ਭੇਦ ਅਥਵਾ ਅਨੁਯ ਭਾਵ ਦੇ ਆਰੋਪ ਨਾਲ ਬੰਨੇ ਰਹੇ।'

ਡਾ. ਬੀ.ਪੀ. ਸ਼ਰਮਾ[6] 'ਰਵਿਦਾਸ' ਨੂੰ 'ਰੈਦਾਸ' ਦਾ ਆਧੁਨਿਕੀਕਰਨ ਮੰਨਦੇ ਹਨ।

ਡਾ. ਸੁਰਿੰਦਰ ਸਿੰਘ ਕੋਹਲੀ[7] ਨੇ ਗੱਲ ਵਧੇਰੇ ਸਪੱਸ਼ਟ ਨਹੀਂ ਕੀਤੀ। ਉਨ੍ਹਾਂ ਦੇ ਸ਼ਬਦਾਂ ਅਨੁਸਾਰ ਕਿਤੇ ਕਿਤੇ ਇਹ ਸੰਕੇਤ ਵੀ ਮਿਲਦਾ ਹੈ ਕਿ ਰੈਦਾਸ ਤੇ ਰਵਿਦਾਸ ਦੋ ਭਿੰਨ ਭਿੰਨ ਮਹਾਪੁਰਖ ਸਨ ਪਰ ਬਹੁਤੇ ਵਿਦਵਾਨ ਇਹ ਦੋਵੇਂ ਨਾਂ ਇਕੋ ਮਹਾਂਪੁਰਖ ਦੇ ਮੰਨਦੇ ਹਨ।

ਸ੍ਰੀ ਪਰਸ਼ੂਰਾਮ ਚਤੁਰਵੇਦੀ[8] ਨੇ ਵੀ ਰਵਿਦਾਸ ਜੀ ਲਈ ਰਵਿਦਾਸ ਅਤੇ ਰੈਦਾਸ ਦੋਹਾਂ ਨਾਵਾਂ ਦਾ ਜ਼ਿਕਰ ਕਰਦਿਆਂ ਇਨ੍ਹਾਂ ਨੂੰ ਇਕੋ ਵਿਅਕਤੀ ਮੰਨਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ[9] ਨੇ 'ਰਵਿਦਾਸ' ਅਤੇ 'ਰੈਦਾਸ' ਦਾ ਜ਼ਿਕਰ ਕਰਦਿਆਂ ਗੁਰੂ ਰਵਿਦਾਸ ਦਾ ਅਸਲ ਨਾਂ ਰਵਿਦਾਸ ਹੀ ਪ੍ਰਵਾਨ ਕੀਤਾ ਹੈ।

ਭਗਤ ਕਬੀਰ ਜੋ ਗੁਰੂ ਰਵਿਦਾਸ ਜੀ ਦੇ ਸਮਕਾਲੀ ਸਨ, ਭਗਤ ਧੰਨਾ, ਗੁਰੂ ਰਾਮਦਾਸ, ਗੁਰੂ ਅਰਜੁਨ, ਭਾਈ ਗੁਰਦਾਸ ਅਤੇ ਗੁਰੂ ਘਰ ਦੇ ਗਵੱਈਏ, ਭੱਟ ਜੇਕਰ ਉਨ੍ਹਾਂ ਲਈ 'ਰਵਿਦਾਸ' ਨਾਂ ਦਾ ਪ੍ਰਯੋਗ ਕਰਦੇ ਹਨ ਤਾਂ ਇਸ ਸਬੰਧੀ ਕੋਈ ਸ਼ੰਕਾ ਬਾਕੀ ਨਹੀਂ ਰਹਿ ਜਾਂਦੀ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਾਰਮਿਕ ਗ੍ਰੰਥ ਹੈ, ਜਿਸ ਦੀ ਪ੍ਰਮਾਣਿਕਤਾ ਸਬੰਧੀ ਕਿਸੇ ਨੂੰ ਸੰਦੇਹ ਨਹੀਂ ਅਤੇ ਇਨ੍ਹਾਂ ਵਿਚੋਂ ਭਾਈ ਗੁਰਦਾਸ ਨੂੰ ਛੱਡ ਕੇ ਹਰ ਲੇਖਕ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਸਪੱਸ਼ਟ ਹੈ ਕਿ ਰਵਿਦਾਸ ਜੀ 'ਰਵਿਦਾਸ' ਦੇ ਨਾਂ ਹੇਠ ਬਾਣੀ ਰਚਦੇ ਸਨ। ਉਨ੍ਹਾਂ ਦੇ ਚਾਲ੍ਹੀ ਸ਼ਬਦਾਂ ਤੇ ਲਗੀ 'ਰਵਿਦਾਸ' ਨਾਂ ਦੀ ਮੁਹਰ ਛਾਪ ਨੂੰ ਅੱਖੋਂ ਪਰੋਖੇ ਕਰਕੇ 'ਰੈਦਾਸ' ਨਾਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਸੰਭਵ ਹੈ ਕਿ ਉਨ੍ਹਾਂ ਦਾ ਵਾਸਤਵਿਕ ਨਾਂ ਰਵਿਦਾਸ ਹੌਲੀ ਹੌਲੀ ਰੈਦਾਸ ਬਣ ਗਿਆ ਹੋਵੇ ਕਿਉਂਕਿ ਭਾਸ਼ਾ ਵਿਗਿਆਨ ਦਾ ਨਿਯਮ ਹੈ ਕਿ ਆਪਣੇ ਮੁੱਖ ਸੁੱਖ ਦੇ ਕਾਰਨ, ਅਕਸਰ ਸ਼ਬਦਾਂ ਵਿਚ ਕਈ ਪਰਿਵਰਤਨ ਕਰ ਲਏ ਜਾਂਦੇ ਹਨ।

## 4.2 ਗੁਰੂ ਰਵਿਦਾਸ ਜੀ ਦਾ ਜਨਮ-ਸਮਾਂ

ਵੱਖ ਵੱਖ ਆਲੋਚਕਾਂ ਅਤੇ ਸਾਹਿਤਕਾਰਾਂ ਨੇ ਗੁਰੂ ਰਵਿਦਾਸ ਦੇ ਜਨਮ ਸੰਬੰਧੀ ਵੱਖ ਵੱਖ ਅਨੁਮਾਨ ਲਗਾਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਤਾ ਲੱਗਦਾ ਹੈ ਕਿ ਰਵਿਦਾਸ, ਕਬੀਰ ਤੋਂ ਬਹੁਤ ਮਗਰੋਂ ਸੁਵਾਮੀ ਰਾਮਾਨੰਦ ਦੇ ਸ਼ਿਸ਼ ਹੋਏ ਕਿਉਂਕਿ ਆਪਨੇ ਇੱਕ ਪਦ ਵਿਚ ਕਬੀਰ ਅਤੇ ਸੇਨ ਨਾਈ ਦੇ ਤਰਨੇ ਦਾ ਉਲੇਖ ਕੀਤਾ ਹੈ, ਜਿਵੇਂ:

***ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨ ਤਰੈ।***

***ਕਹਿ ਰਵਿਦਾਸ ਸੁਨਹੁ ਕੇ ਸੰਤਹੁ ਹਰਿ ਜੀਉ ਤੇ ਸਭੈ ਸਰੈ।***

***(ਆਦਿ ਗ੍ਰੰਥ, ਪੰਨਾ 1106)***

ਇਸ ਤਰ੍ਹਾਂ ਇਸ ਪਦ ਤੋਂ ਅਨੁਮਾਨ ਲਗਾਇਆ ਜਾਂਦਾ ਹੈ ਕਿ ਰਵਿਦਾਸ ਜੀ ਕਬੀਰ ਜੀ ਤੋਂ ਉਮਰ ਵਿਚ ਵੱਡੇ ਸਨ।

ਰਵਿਦਾਸ ਪਰੰਪਰਾ ਦੇ ਅਨੁਯਾਈਆਂ ਨੇ ਨਿਮਨ ਸਾਖੀ ਨੂੰ ਆਧਾਰ ਬਣਾਕੇ ਉਨ੍ਹਾਂ ਦੀ ਜਨਮ ਮਿਤੀ 1433 ਸੰਵਤ, ਮਾਘ ਪੁਰਨਿਮਾ, ਦਿਨ ਰਵਿਵਾਰ ਮੰਨੀ ਹੈ।

ਦਲੀਲ ਇਹ ਦਿੱਤੀ ਜਾਂਦੀ ਹੈ ਕਿ ਜੋਤਿਸ਼ ਅਨੁਸਾਰ ਸੰਵਤ1433 ਨੂੰ ਮਾਘ ਪੂਰਣਮਾਸੀ, ਐਤਵਾਰ ਨੂੰ ਆਉਂਦੀ ਹੈ। ਮੱਧ ਯੁੱਗ ਦੇ ਸਾਰੇ ਹੀ ਮਹਾਂਪੁਰਸ਼ਾਂ ਨੇ ਪੂਰਣਮਾਸੀ ਨੂੰ ਹੀ ਜਨਮ ਲਿਆ ਹੈ, ਚਾਹੇ ਉਹ ਜੇਠੀ ਪੂਰਣਮਾਸੀ ਹੋਵੇ, ਮਾਘ ਪੂਰਨਿਮਾ ਹੋਵੇ ਜਾਂ ਕੱਤਕ ਦੀ। ਕਬੀਰ ਜੀ ਦੀ ਜਨਮ ਮਿਤੀ ਵੀ ਪੂਰਣਮਾਸੀ, ਜੇਠ ਮਹੀਨਾ ਦਿਨ ਸੋਮਵਾਰ ਹੈ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਸਾਹਿਬ ਦੀ ਜਨਮ ਮਿਤੀ ਵੀ ਕੱਤਕ ਪੂਰਣਮਾਸੀ, ਮਹੀਨਾ ਵੈਸਾਖ ਸੰਮਤ 1526 ਹੈ। ਇਸੇ ਲਈ ਵੱਡੀ ਗਿਣਤੀ ਵਿਚ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵੱਲੋਂ ਮਾਘ ਮਹੀਨੇ ਦੀ ਪੂਰਣਮਾਸੀ ਨੂੰ ਰਵਿਦਾਸ ਜਯੰਤੀ ਮਨਾਈ ਜਾਂਦੀ ਹੈ।

## 4.3 ਰਵਿਦਾਸ ਜੀ ਦਾ ਜਨਮ ਸਥਾਨ

ਪਰਸ਼ੁਰਾਮ ਚਤੁਰਵੇਦੀ ਆਪਣੀ ਪੁਸਤਕ 'ਉਤਰੀ ਭਾਰਤ ਦੀ ਸੰਤ ਪਰੰਪਰਾ' ਵਿਚ ਆਖਦੇ ਹਨ ਕਿ ਰਵਿਦਾਸ ਦਾ ਜਨਮ ਵਰਤਮਾਨ ਕਾਸ਼ੀ ਨਗਰ ਦੇ ਪੱਛਮ ਅਤੇ ਮੰਡੁਆਡੀਹ ਨੇੜੇ ਲਹਿਰਤਾਰਾ ਤਾਲਾਬ ਦੇ ਕੋਲ ਕਿਸੇ ਚਮਾਰ ਕੁਲ ਵਿਚ ਹੋਇਆ।

ਪੀਤਾਂਬਰ ਦੱਤ ਬੜਥੁਵਾਲ[10] ਰਵਿਦਾਸ ਜੀ ਨੂੰ ਕਾਸ਼ੀ ਦਾ ਵਸਨੀਕ ਲਿਖਦੇ ਹਨ। ਡਾ. ਹਜ਼ਾਰੀ ਪ੍ਰਸਾਦ[11] ਦਿਵੇਦੀ ਰਵਿਦਾਸ ਦੀ ਬਾਣੀ ਦੇ ਅਧਾਰ ਤੇ ਉਨ੍ਹਾਂ ਦੇ ਕੁਟੰਬ ਦੇ ਲੋਕਾਂ ਨੂੰ ਬਨਾਰਸ ਦੇ ਆਲੇ-ਦੁਆਲੇ ਢੋਰ ਢੋਣ ਦਾ ਕੰਮ ਕਰਦੇ ਮੰਨਦੇ ਹਨ।

ਬੇਲਵੀਡਿਯ ਪ੍ਰਿੰਟਿੰਗ ਵਰਕਸ, ਇਲਾਹਾਬਾਦ[12] ਵੱਲੋਂ ਛਾਪੀ ਰੈਦਾਸ ਬਾਣੀ ਵਿਚ ਕਬੀਰ ਵਾਂਗ ਇਨ੍ਹਾਂ ਨੂੰ ਕਾਸ਼ੀ ਵਿਚ ਪੈਦਾ ਹੋਇਆ ਸਵੀਕਾਰਿਆ ਗਿਆ ਹੈ।

ਐਨਸਾਇਕਲੋਪੀਡਿਆ ਆਫ ਰਿਲਿਜਨ ਐਂਡ ਐਥੀਕਸ[13] ਵਿਚ ਰਵਿਦਾਸ ਜੀ ਦਾ ਘਰ ਬਨਾਰਸ ਮੰਨਿਆ ਗਿਆ ਹੈ। ਹਿੰਦੀ ਵਿਸ਼ਵਕੋਸ਼[14] ਅਨੁਸਾਰ ਉਨ੍ਹਾਂ ਦਾ ਜਨਮ ਮੰਡਵਾਡੀਹ (ਕਾਸ਼ੀ) ਦੇ ਨਿਕਟ ਵਰਤੀ ਲਹਿਰਤਾਰਾ ਤਾਲਾਬ ਕੋਲ ਹੋਇਆ ਸੀ।

ਪ੍ਰੋ. ਧਰਮਪਾਲ ਸਿੰਗਲ ਜੀ ਦਾ[15] ਵੀ ਇਹੀ ਮਤ ਹੈ ਕਿ ਗੁਰੂ ਰਵਿਦਾਸ ਦਾ ਜਨਮ ਚੰਦਰਬੰਸੀ ਚਮਾਰ ਖਾਨਦਾਨ ਵਿਚ ਸੰਮਤ 1433 ਜਾਂ ਸੰਨ 1376 ਵਿਚ ਹੋਇਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ[16] ਦਰਜ ਰਵਿਦਾਸ ਬਾਣੀ ਵਿਚ ਵੀ ਇਹੀ ਤੱਥ ਸਪੱਸ਼ਟ ਹੁੰਦਾ ਹੈ ਕਿ ਰਵਿਦਾਸ ਜੀ ਬਨਾਰਸ ਦੇ ਆਸਪਾਸ ਚੰਮ ਕੱਟਣ ਅਤੇ ਨਿੱਤ ਮਰੇ ਪਸ਼ੂ ਢੋਣ ਦਾ ਕਿੱਤਾ ਕਰਦੇ ਸਨ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਬਨਾਰਸ ਦੇ ਆਸਪਾਸ ਸਥਿਤ ਪਿੰਡ ਮੰਡੁਆਡੀਹ ਵਿਚ ਪੈਦਾ ਹੋਏ ਸਨ। ਭਾਵੇਂ ਕਈ ਰਵਿਦਾਸ ਪੰਥੀ ਬਨਾਰਸ ਹਿੰਦੀ ਯੂਨੀਵਰਸਿਟੀ ਦੇ ਨੇੜੇ ਸਥਿਤ ਸ੍ਰੀ ਅਰਗੋਵਧਨਪੁਰ ਪਿੰਡ ਨੂੰ ਉਨ੍ਹਾਂ ਦਾ ਜਨਮ ਸਥਾਨ ਮੰਨਦੇ ਹਨ। ਇਸ ਲਈ ਇਸ ਪਿੰਡ ਦੇ ਉਸ ਬੂਟੇ ਨੂੰ ਜਿਸ ਥੱਲੇ ਬੈਠ ਕੇ ਉਹ ਪ੍ਰਵਚਨ ਕਰਦੇ ਸਨ, ਇਸ ਦੀ ਸ਼ਾਹਦੀ ਮੰਨਿਆ ਜਾਂਦਾ ਹੈ ਪਰ ਇਸ ਤੋਂ ਇਲਾਵਾ ਹੋਰ ਕੋਈ ਪ੍ਰਮਾਣਿਕ ਸਬੂਤ ਨਹੀਂ ਹੈ।

## 4.4 ਗੁਰੂ ਰਵਿਦਾਸ ਦੇ ਮਾਤਾ ਪਿਤਾ

ਗੁਰੂ ਰਵਿਦਾਸ ਦੇ ਜਨਮ ਵਾਂਗ ਉਨ੍ਹਾਂ ਦੇ ਮਾਤਾ ਪਿਤਾ ਦੇ ਨਾਵਾਂ ਬਾਰੇ ਵੀ ਵਿਦਵਾਨ ਇਕ ਮੱਤ ਨਹੀਂ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ[17] ਨੇ ਇਨ੍ਹਾਂ ਦੀ ਮਾਤਾ ਦਾ ਨਾਂ ਦਿਆਰੀ ਅਤੇ ਪਿਤਾ ਦਾ ਨਾਂ ਸੰਤੋਖ ਮੰਨਿਆ ਹੈ। ਰੈਦਾਸ ਜੀ ਕੀ ਬਾਣੀ ਵਿਚ ਇਨ੍ਹਾਂ ਦੀ ਮਾਤਾ ਦਾ ਨਾਂ ਘੁਰਬਿਨਿਆ ਅਤੇ ਪਿਤਾ ਦਾ ਨਾਂ ਰਘੁ ਮੰਨਿਆ ਗਿਆ ਹੈ।[18] ਰਾਮਾਨੰਦ ਸ਼ਾਸ਼ਤ੍ਰੀ[19] ਨੇ ਇਨ੍ਹਾਂ ਦੀ ਮਾਤਾ ਦਾ ਨਾਂ ਕਰਮੋ ਅਤੇ ਪਿਤਾ ਦਾ ਨਾਂ ਰਘੁ ਸਵੀਕਾਰਿਆ ਹੈ।

ਡਾ. ਬੀ ਪੀ ਸ਼ਰਮਾ[20] ਵੀ ਇਨ੍ਹਾਂ ਦੇ ਪਿਤਾ ਦਾ ਨਾਂ ਰਾਘਵਦਾਸ ਤੇ ਮਾਤਾ ਦਾ ਨਾਂ ਕਰਮੋਦੇਵੀ ਦੱਸਦੇ ਹਨ।

ਰਵਿਦਾਸ ਦਰਸ਼ਨ[21] ਪੁਸਤਕ ਵਿਚ ਪ੍ਰਿਥਵੀ ਸਿੰਘ ਆਜ਼ਾਦ ਲਿਖਦੇ ਹਨ ਕਿ ਉਨ੍ਹਾਂ ਦੇ ਪਿਤਾ ਦਾ ਨਾਂ ਰਾਘਵ ਅਥਵਾ ਰਘੁ ਸੀ। ਉਨ੍ਹਾਂ ਦਾ ਜਨਮ ਨਾਮ ਭਾਨਦਾਸ ਸੀ। ਉਹ ਭਵਿੱਖਪੁਰਾਣਾ[22] ਉਲੇਖ ਕਰਦੇ ਹੋਏ ਲਿਖਦੇ ਹਨ ਕਿ ਭਾਨਦਾਸ ਦਾ ਪੁੱਤਰ ਰਵਿਦਾਸ ਨਾਂ ਨਾਲ ਪ੍ਰਸਿੱਧ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਕਰਮੋਦੇਵੀ ਸੀ।

ਪ੍ਰੰਤੂ ਉਪਰੋਕਤ ਚਰਚਾ ਤੋਂ ਇਕ ਗੱਲ ਉਘੜ ਕੇ ਸਾਹਮਣੇ ਆ ਜਾਂਦੀ ਹੈ ਕਿ ਰਘੂ ਅਤੇ ਕਰਮੋ ਦੇਵੀ ਹੀ

ਅਜਿਹੇ ਨਾਂ ਹਨ ਜੋ ਲਗਭਗ ਸਾਰੇ ਹੀ ਵਿਦਵਾਨ ਗੁਰੂ ਰਵਿਦਾਸ ਜੀ ਦੇ ਮਾਤਾ ਪਿਤਾ ਵਜੋਂ ਲੈਂਦੇ ਹਨ ਤੇ ਆਮ ਜਨਤਾ ਵਿਚ ਵੀ ਪ੍ਰਵਾਨਿਤ ਹਨ।

## 4.5 ਗੁਰੂ ਰਵਿਦਾਸ ਜੀ ਦਾ ਜੀਵਨ

ਗੁਰੂ ਰਵਿਦਾਸ ਜੀ ਦੇ ਬਚਪਨ ਬਾਰੇ ਵੀ ਕੋਈ ਖਾਸ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਅਨੰਤਦਾਸ ਜੀ 'ਰੈਦਾਸ ਕੀ ਪਰਚਯੀ' ਵਿਚ ਲਿਖਦੇ ਹਨ ਕਿ ਰਵਿਦਾਸ ਜਿਵੇਂ ਜਿਵੇਂ ਵੱਡਾ ਹੋਣ ਲੱਗਾ, ਉਸ ਦੇ ਮਨ ਵਿਚ ਪ੍ਰਭੂ ਪ੍ਰਤੀ ਆਸਥਾ ਵੀ ਵਧਣ ਲੱਗੀ। ਸੱਤ ਸਾਲ ਦੀ ਉਮਰ ਵਿਚ ਉਹ ਪ੍ਰਭੂ ਦੀ ਨਵਧਾ ਭਗਤੀ ਕਰਨ ਲਗ ਪਏ। ਵਰਣਾਸ਼੍ਰਮ ਪ੍ਰਧਾਨ ਸਮਾਜ ਵਿਚ ਪੜ੍ਹਨ ਪੜ੍ਹਾਉਣ ਦਾ ਅਧਿਕਾਰ ਬ੍ਰਾਹਮਣ ਵਰਗ ਅਤੇ ਉਚ ਸ਼੍ਰੇਣੀਆਂ ਤੱਕ ਹੀ ਸੀਮਿਤ ਸੀ। ਕਥਿਤ ਨੀਚ ਜਾਤਾਂ ਦੇ ਬੱਚੇ ਪੜ੍ਹਾਈ ਲਿਖਾਈ ਸਬੰਧੀ ਕਲਪਨਾ ਵੀ ਨਹੀਂ ਸੀ ਕਰ ਸਕਦੇ। ਅਜਿਹੀ ਪਰਿਸਥਿਤੀਆਂ ਵਿਚ ਰਵਿਦਾਸ ਜੀ ਦਾ ਕਿਸੇ ਪਾਠਸ਼ਾਲਾ ਵਿਚ ਵਿਦਿਆ ਪ੍ਰਾਪਤੀ ਦਾ ਪ੍ਰਸ਼ਨ ਹੀ ਨਹੀਂ ਉਠਦਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਕਦੇ ਕਿਸੇ ਵਿਅਕਤੀ ਵਿਸ਼ੇਸ਼ ਤੋਂ ਕੋਈ ਅੱਖਰੀਂ ਗਿਆਨ ਹਾਸਲ ਨਹੀਂ ਕੀਤਾ। ਪ੍ਰਿਥਵੀ ਸਿੰਘ ਆਜ਼ਾਦ[23] ਦਾ ਵਿਚਾਰ ਸੀ ਕਿ ਕਬੀਰ ਵਾਂਗ ਰਵਿਦਾਸ ਜੀ ਸਰਵਥਾ ਅਨਪੜ੍ਹ ਨਹੀਂ ਮੰਨੇ ਜਾ ਸਕਦੇ। ਉਨ੍ਹਾਂ ਦੀ ਬਾਣੀ ਵਿਚੋਂ ਅਜਿਹੇ ਹਵਾਲੇ ਉਪਲਬਧ ਹਨ ਜਿਨ੍ਹਾਂ ਦੇ ਅਧਾਰ ਤੇ ਉਹ ਬਹੁਤ ਗਿਆਨਵਾਨ ਸਿੱਧ ਮੰਨੇ ਜਾ ਚੁੱਕੇ ਹਨ। ਇਵੇਂ ਭਾਵੇਂ ਰਵਿਦਾਸ ਜੀ ਨੇ ਬਕਾਇਦਾ ਕਿਸੇ ਸਕੂਲ ਤੋਂ ਪੁਸਤਕੀ ਵਿਦਿਆ ਨਾ ਵੀ ਪ੍ਰਾਪਤ ਕੀਤੀ ਹੋਵੇ, ਪ੍ਰੰਤੂ ਸਤਿਸੰਗ, ਵਿਅਕਤੀਗਤ ਜੀਵਨ ਅਨੁਭਵ, ਪਰੰਪਰਾਗਤ, ਸੰਸਕਾਰਾਂ ਅਤੇ ਆਪਣੇ ਆਤਮਿਕ ਬਲ ਕਾਰਨ ਉਨ੍ਹਾਂ ਨੂੰ ਸਾਰੀਆਂ ਤਤਕਾਲੀਨ ਭਾਰਤੀ ਸਾਧਨਾਵਾਂ, ਪੂਰਣ ਪ੍ਰਚਲਿਤ ਅਤੇ ਸਮਕਾਲੀ ਪਰੰਪਰਾਵਾਂ ਅਤੇ ਦਾਰਸ਼ਨਿਕ ਸਿਧਾਂਤਾਂ ਦੀ ਪੂਰੀ ਜਾਣਕਾਰੀ ਸੀ।

ਰਵਿਦਾਸ ਬਾਣੀ ਵਿਚ ਭਾਵੇਂ ਉਨ੍ਹਾਂ ਦੇ ਵਿਆਹ ਅਤੇ ਸੰਤਾਨ ਸਬੰਧੀ ਕੋਈ ਸੰਕੇਤ ਨਹੀਂ ਮਿਲਦੇ ਪਰੰਤੂ ਜਨਮ ਸਾਥੀ ਪਰੰਪਰਾ ਅਨੁਸਾਰ ਉਨ੍ਹਾਂ ਨੂੰ ਸੰਸਾਰਿਕ ਰੁਝੇਵਿਆਂ ਵੱਲੋਂ ਨਿਰਲੇਪ ਅਤੇ ਖੱਟਣ ਕਮਾਉਣ ਵੱਲੋਂ ਅਵੇਸਲੇ ਵੇਖ ਕੇ ਉਨ੍ਹਾਂ ਦੇ ਮਾਤਾ ਪਿਤਾ ਨੇ ਉਨ੍ਹਾਂ ਦਾ ਵਿਆਹ ਕਰ ਦਿੱਤਾ। ਉਨ੍ਹਾਂ ਨੇ ਘਰ ਦੇ ਪਿਛਵਾੜੇ ਵਿਚ ਇਕ ਝੌਂਪੜੀ ਵਿਚ ਦੋਵਾਂ ਪਤੀ ਪਤਨੀ ਨੂੰ ਵੱਖ ਕਰ ਦਿੱਤਾ ਤਾਂ ਜੋ ਗ੍ਰਹਿਸਥੀ ਚਲਾਉਣ ਦੀ ਚਿੰਤਾ ਕਾਰਨ ਉਹ ਆਪਣੇ ਹੱਥੀਂ ਕਮਾ ਕੇ ਆਪਣਾ ਜੀਵਨ ਨਿਰਬਾਹ ਕਰ ਸਕਣ। ਪ੍ਰੰਤੀ ਗੁਰੂ ਰਵਿਦਾਸ ਗ੍ਰਹਿਸਥ ਜੀਵਨ ਦੀਆਂ ਖੁਸ਼ੀਆਂ ਮਾਣਨ ਦੀ ਬਜਾਇ ਪ੍ਰਭੂ ਚਰਨਾਂ ਵਚ ਲਿਵ ਜੋੜੀ ਰੱਖਦੇ ਸਨ।

ਗੁਰੂ ਰਵਿਦਾਸ ਜੀ ਦੀ ਪਤਨੀ ਦੇ ਨਾਂ ਬਾਰੇ ਵੀ ਵਿਦਵਾਨਾਂ ਦੇ ਭਿੰਨ-ਭਿੰਨ ਵਿਚਾਰ ਹਨ। ਭਾਈ ਜੋਧ ਸਿੰਘ[24] ਭਗਵੰਤ ਵਰੁਤ[25] ਬ੍ਰਿਗਮ[26] ਨੇ ਉਨ੍ਹਾਂ ਦੀ ਪਤਨੀ ਦਾ ਨਾਂ ਕ੍ਰਮਵਾਰ ਭਾਗਵੰਤੀ ਅਤੇ ਲੋਨਾ ਮੰਨਿਆ ਹੈ। ਜਦਕਿ ਚਤੁਰਵੇਦੀ ਜੀ ਨੇ ਲੋਨਾ ਅਤੇ ਪ੍ਰਿਥਵੀ ਸਿੰਘ ਆਜ਼ਾਦ ਨੇ ਲੋਣਾ ਨਾਮ ਸਵੀਕਾਰ ਕੀਤਾ ਹੈ। ਇਸ ਲਈ ਉਪਲਬਧ ਸਾਮਗ੍ਰੀ ਦੇ ਆਧਾਰ ਤੇ ਉਨ੍ਹਾਂ ਦੀ ਪਤਨੀ ਦਾ ਨਾਂ ਲੋਨਾ ਹੀ ਸਵੀਕਾਰਿਆ ਜਾ ਸਕਦਾ ਹੈ।

ਰਵਿਦਾਸ ਜੀ ਦੀ ਸੰਤਾਨ ਬਾਰੇ ਰਵਿਦਾਸ ਸੰਪਰਦਾ ਵਿਚ ਕੋਈ ਸੰਕੇਤ ਨਹੀਂ ਮਿਲਦਾ। ਚਤੁਰਵੇਦੀ ਜੀ ਨੇ 'ਰਵਿਦਾਸ ਪੁਰਾਣ' ਦੇ ਰਚੇਤਾ ਪਰਮਾਨੰਦ ਸਵਾਮੀ ਦੇ ਹਵਾਲੇ ਨਾਲ, ਇਨ੍ਹਾਂ ਦੇ ਇਕ ਪੁੱਤਰ ਵਿਜਯਦਾਸ, ਦਾ ਉਲੇਖ ਕੀਤਾ ਹੈ।

## 4.6 ਗੁਰੂ ਰਵਿਦਾਸ ਜੀ ਦਾ ਕਿੱਤਾ

ਰਵਿਦਾਸ ਜੀ ਆਪਣੇ ਪੁਰਵਜ਼ਾਂ ਵਾਗ ਹੀ ਬਨਾਰਸ ਦੇ ਆਸਪਾਸ ਦੇ ਇਲਾਕੇ ਵਿਚ ਮਰੇ ਪਸ਼ੂਆਂ ਨੂੰ ਢੋ ਕੇ ਅਤੇ ਉਨ੍ਹਾਂ ਦਾ ਚੰਮ ਕੱਟਕੇ ਜੁੱਤੀਆਂ ਸੀਉਣ ਅਤੇ ਗੰਢਣ ਦਾ ਕੰਮ ਕਰਦੇ ਸਨ। ਇਸਦਾ ਸੰਕੇਤ ਭਾਈ ਗੁਰਦਾਸ ਦੀ ਬਾਣੀ ਵਿਚ ਇੰਝ ਮਿਲਦਾ ਹੈ:

*ਭਗਤੁ ਭਗਤੁ ਜਗਿ ਵਜਿਆ ਚਹੁ ਚਕਾ ਦੇ ਵਿਚ ਚਮਿਰੇਟਾ।*

*ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।।*

**(ਭਾਈ ਗੁਰਦਾਸ, ਵਾਰ 90, ਪਉੜੀ 17ਵੀਂ)**

ਉਨ੍ਹਾਂ ਦੇ ਇਕ ਸ਼ਬਦ ਵਿਚ ਇਸ ਕਿੱਤੇ ਦੇ ਸਾਰੇ ਸੰਦਾਂ ਜਿਵੇਂ ਰੰਬੀ, ਆਰ, ਟਾਕੇ, ਜੁੱਤੀ ਆਦਿ ਦਾ ਜ਼ਿਕਰ ਵੀ ਮਿਲਦਾ ਹੈ।

## 4.7 ਗੁਰੂ ਰਵਿਦਾਸ ਜੀ ਦੇ ਗੁਰੂ

ਭਗਤ ਮਾਲ ਪਰੰਪਰਾ ਜਨਮਸਾਖੀ ਪਰੰਪਰਾ ਲਗਭਗ ਸਾਰੇ ਹੀ ਇਸ ਗੱਲ ਤੋਂ ਸਹਿਮਤ ਹਨ ਕਿ ਸਵਾਮੀ ਰਾਮਾਨੰਦ ਗੁਰੂ ਰਵਿਦਾਸ ਦੇ ਗੁਰੂ ਸਨ।

ਨਾਭਾਦਾਸ ਰਚਿਤ ਭਗਤਮਾਲ ਵਿਚ ਗੁਰੂ ਰਵਿਦਾਸ ਨੂੰ ਸਵਾਮੀ ਰਾਮਾਨੰਦ ਜੀ ਦੇ ਬਾਰਾਂ ਸ਼ਿਸ਼ਾਂ ਵਿਚੋਂ ਮੰਨਿਆ ਗਿਆ ਹੈ। ਰਾਮਚੰਦਰ ਸ਼ੁਕਲ[27] ਰਾਜਕੁਮਾਰ ਵਰਮਾ[28], ਡਾ. ਸੁਰਿੰਦਰ ਸਿੰਘ ਕੋਹਲੀ[29] ਅਤੇ ਡਾ. ਮੁੰਸ਼ੀ ਰਾਮ[30] ਆਦਿ ਲੇਖਕਾਂ ਨੇ ਸਵਾਮੀ ਰਾਮਾਨੰਦ ਨੂੰ ਇਨ੍ਹਾਂ ਦੇ ਗੁਰੂ ਮੰਨਿਆ ਹੈ। ਰਿਲਿਜਸ ਸੈਕਟਸ ਆਫ ਹਿੰਦੂਜ਼[31], ਹਿੰਦੀ ਵਿਸ਼ਵ ਕੋਸ਼[32] ਅਤੇ ਬ੍ਰਿਹਤ ਕੋਸ਼[33] ਆਦਿ ਪੁਸਤਕਾਂ ਵਿਚ ਵੀ ਇਸੇ ਵਿਚਾਰ ਦੀ ਪ੍ਰੋੜਤਾ ਹੁੰਦੀ ਹੈ।

ਹਾਲਾਕਿ ਮੈਕਲੋਡ[34], ਸੁਦਰਸ਼ਨ ਸਿੰਘ ਮਜੀਠਿਆ,[35] ਰਾਮਾਨੰਦ ਸਾਸਤ੍ਰੀ, ਪਰਸ਼ੂਰਾਮ ਚਤੁਰਵੇਦੀ, ਭਗਵਤਵਰੁਤ ਮਿਸ਼ਰ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ।

## 4.8 ਗੁਰੂ ਰਵਿਦਾਸ ਜੀ ਦਾ ਵਿਅਕਤਿਤਵ

ਗੁਰੂ ਰਵਿਦਾਸ ਜੀ ਦੇ ਵਿਅਕਤਿਤਵ ਦੀ ਜਾਣਕਾਰੀ ਲਈ ਉਨ੍ਹਾਂ ਨਾਲ ਜੁੜੀ ਤੇ ਉਪਲਬਧ ਸਾਮਗ੍ਰੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਅਧਿਅਨ ਦੀ ਸਰਲਤਾ ਤੇ ਸਹਿਜਤਾ ਲਈ ਇਸ ਉਪਲੱਭਧ ਸਾਮਗ੍ਰੀ ਨੂੰ ਅਸੀਂ ਪੰਜ ਭਾਗਾਂ ਵਿਚ ਵੰਡ ਸਕਦੇ ਹਾਂ।

- ਉਨ੍ਹਾਂ ਦੀ ਪ੍ਰਮਾਣਿਕ ਅਤੇ ਅਪ੍ਰਮਾਣਿਕ ਰਚਨਾ
- ਭਗਤਮਾਲ
- ਜਨਮਸਾਖੀ ਪਰੰਪਰਾ
- ਪਰਵਰਤੀ ਸਾਹਿਤ
- ਉਪਲੱਭਧ ਚਿੱਤਰ, ਛਤਰੀਆਂ ਅਤੇ ਹੋਰ ਸਮਾਰਕ ਚਿੰਨ੍ਹ।

ਗੁਰੂ ਰਵਿਦਾਸ ਜੀ ਦੀ ਪ੍ਰਮਾਣਿਕ ਰਚਨਾ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ 40 ਸ਼ਬਦ ਅਤੇ ਇਕ ਸ਼ਲੋਕ ਸ਼ਾਮਲ ਹਨ। ਜਦ ਉਨ੍ਹਾਂ ਦੀ ਅਪ੍ਰਮਾਣਿਕ ਰਚਨਾਵਾਂ ਵਿਚ ਬਲਵੀਡਿਯਰ ਪ੍ਰੈਸ ਇਲਾਹਾਬਾਦ ਵੱਲੋਂ ਪ੍ਰਕਾਸ਼ਿਤ ਸੰਨ 1908 ਵਿਚ ਰਚਨਾ 'ਰਵਿਦਾਸ ਜੀ ਕੀ ਬਾਣੀ' ਵੀ ਬੜੀ ਮਹੱਤਵਪੂਰਨ ਹੈ। ਇਸ ਵਿਚ 87 ਪਦੇ, ਤੇ ਸਾਖੀ ਦਰਜ ਹਨ ਜੋ ਗੁਰੂ ਰਵਿਦਾਸ ਜੀ ਦੀ ਰਚਨਾ ਹੋਣ ਬਾਰੇ ਬੜੇ ਵਿਸਤਾਰ ਸਹਿਤ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਪ੍ਰਿਥਵੀ ਸਿੰਘ ਆਜ਼ਾਦ ਵੱਲੋਂ 1973 ਵਿਚ ਲਿਖੀ ਪੁਸਤਕ ਰਵਿਦਾਸ ਦਰਸ਼ਨ ਵਿਚ 190 ਸ਼ਲੋਕ ਹਨ। ਜਦਕਿ ਸੰਤ ਰਵਿਦਾਸ ਪੁਸਤਕ ਵਿਚ ਜੋਗਿੰਦਰ ਸਿੰਘ ਨੇ 112 ਪਦੇ ਅਤੇ 8 ਸਾਖੀਆ ਪੇਸ਼ ਕੀਤੀਆ ਹਨ। ਇਸੇ ਤਰ੍ਹਾਂ ਸਵਾਮੀ ਰਾਮਾਨੰਦ ਪਾਂਡੇ ਅਤੇ ਵਰਿੰਦਰ ਪਾਂਡੇ ਵੱਲੋਂ ਲਿਖੀ ਅਤੇ ਨਵਭਾਰਤ ਪ੍ਰੈਸ, ਲਖਨਊ ਵੱਲੋਂ ਪ੍ਰਕਾਸ਼ਿਤ ਪੁਸਤਕ 'ਸੰਤ ਰਵਿਦਾਸ ਔਰ ਉਨਕਾ ਕਾਲ' ਵਿਚ 97 ਪਦੇ ਅਤੇ 6 ਸਾਖੀਆਂ ਹਨ। ਇਸੇ ਤਰ੍ਹਾਂ ਬੇਨੀਪ੍ਰਸਾਦ ਸ਼ਰਮਾ ਨੇ 171 ਪਦ ਆਪਣੀ ਪੁਸਤਕ ਗੁਰੂ ਰਵਿਦਾਸ ਬਾਣੀ ਵਿਚ ਦਿੱਤੇ ਹਨ।

'ਭਗਤਮਾਲ' ਅਤੇ 'ਜਨਮਸਾਖੀ ਪਰੰਪਰਾ' ਵਿਚ ਰਵਿਦਾਸ ਜੀ ਦੇ ਵਿਅਕਤਿਤਵ ਨਾਲ ਬਹੁਤ ਸਾਰੀਆ ਚਮਤਕਾਰ ਪੂਰਨ ਘਟਨਾਵਾਂ ਜੋੜੀਆਂ ਜਾਂਦੀਆ ਹਨ ਪਰ ਇਨ੍ਹਾਂ ਦਾ ਕੋਈ ਪ੍ਰਮਾਣਿਕ ਆਧਾਰ ਨਹੀਂ ਹੈ। ਪਰ ਰਵਿਦਾਸ ਜੀ ਦੀ ਬਾਣੀ ਵਿਚ ਇਸ ਕਿਸਮ ਦੇ ਕਈ ਹਵਾਲੇ ਜ਼ਰੂਰ ਪੇਸ਼ ਹੁੰਦੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਬਹੁਤ ਸਹਿਨਸ਼ੀਲ, ਸੰਤੋਖੀ, ਭਗਤੀ ਕਰਨ ਵਾਲੇ, ਦੂਸਰਿਆਂ ਨੂੰ ਖਿਮਾ ਕਰਨ ਵਾਲੇ, ਸ਼ਾਂਤ, ਹਲੀਮੀ ਭਰੇ, ਨਿਡਰ ਅਤੇ ਨਿਮਰ ਸਾਧਕ ਸਨ।

ਲਗਭਗ ਸਾਰੇ ਹੀ ਮਹਾਨ ਵਿਅਕਤੀਆਂ ਦੇ ਜੀਵਨ ਕਾਲ, ਕਰਾਮਾਤਾਂ ਜੋੜ ਦਿੱਤੀਆਂ ਜਾਂਦੀਆ ਹਨ। ਅਜਿਹਾ ਉਨ੍ਹਾਂ ਦੇ ਅਨੁਯਾਈਆਂ ਵੱਲੋਂ ਕਈ ਵਾਰ ਗੁਰੂ ਦੇ ਅਕਾਲ ਚਲਾਣੇ ਮਗਰੋਂ ਵੀ ਕੀਤਾ ਜਾਂਦਾ ਹੈ ਤਾਂ ਜੋ ਉਹ ਹੋਰ ਵੀ ਗੁਰੂ ਦੀ ਮਹੱਤਾ ਨੂੰ ਉਜਾਗਰ ਕਰ ਸਕਣ। ਰਵਿਦਾਸ ਜੀ ਦੇ ਜੀਵਨ ਅਤੇ ਵਿਅਕਤਿਤਵ ਨਾਲ ਸਬੰਧਤ ਅਜਿਹੀਆਂ ਕੁਝ ਘਟਨਾਵਾਂ, ਜਿਨ੍ਹਾਂ ਦਾ ਜ਼ਿਕਰ ਥੋੜ੍ਹੇ ਜਿਹੇ ਫਰਕ ਨਾਲ ਸਭ ਜੀਵਨੀਕਾਰਾਂ ਨੇ ਕੀਤਾ ਹੈ, ਦਾ ਵਿਵੇਚਨ ਉਨ੍ਹਾਂ ਨੂੰ ਵਧੇਰੇ ਨਿਖਾਰ ਕੇ ਪੇਸ਼ ਕਰ ਸਕਦਾ ਹੈ। ਪਾਰਸ ਪੱਥਰ ਅਤੇ ਭਗਵਾਨ ਦੀ ਮੂਰਤੀ ਤੇ ਸੋਨੇ ਦੀਆਂ ਮੁਹਰਾਂ ਵਾਲੀ ਸਾਖੀ, ਗੰਗਾਜੀ ਦੇ ਰਵਿਦਾਸ ਜੀ ਨੂੰ ਸਾਖਿਆਤ ਦਰਸ਼ਨ ਦੇਣ ਵਾਲੀ ਘਟਨਾ, ਰਾਜਸਭਾ ਵਿਚ ਰਵਿਦਾਸ ਜੀ ਜਿੱਤ, ਉਨ੍ਹਾਂ ਵੱਲੋਂ ਮੂਰਤੀ ਤਰਾਉਣਾ, ਮੂਰਤੀਆਂ ਦਾ ਉਨ੍ਹਾਂ ਦੀ ਗੋਦ ਵਿਚ ਆ ਵਿਰਾਜਣ ਅਤੇ ਰਾਣੀ ਝਾਲੀ ਵੱਲੋਂ ਦਿੱਤੇ ਭੋਜ ਸਮੇਂ ਹਰ ਬ੍ਰਹਮ ਦੇ ਨਾਲ ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਗੋਚਰ ਹੋਣਾ ਆਦਿ ਅਜਿਹੀਆਂ ਸਾਖੀਆਂ ਹਨ, ਜਿਹੜੀਆਂ ਚਿੰਨ੍ਹਾਤਮਕ ਅਰਥ ਦੇਣ ਤੋਂ ਇਲਾਵਾ ਉਨ੍ਹਾਂ ਦੇ ਸ਼ਾਂਤਮਈ, ਤਿਆਗੀ, ਬੈਰਾਗੀ, ਉਚੇ-ਸੁੱਚੇ, ਮੋਹ-ਮਾਇਆ ਤੋਂ ਨਿਰਲੇਪ ਵਿਅਕਤਿਤਵ ਦਾ ਸੰਕੇਤ ਦਿੰਦੀਆਂ ਹਨ। ਕਠਿਨ ਪਰਿਸਥਿਤੀਆ ਨਾਲ ਜੂਝਦੇ ਹੋਏ ਵੀ ਉਨ੍ਹਾਂ ਨੇ ਕਦੇ ਆਪਣੇ ਪ੍ਰਭੂ ਪ੍ਰੇਮ ਵਿਚ ਵਿਘਨ ਨਹੀਂ ਪੈਣ ਦਿੱਤਾ। ਲਗਭਗ ਹਰ ਮਹਾਨ ਵਿਅਕਤੀ ਵਾਂਗ ਉਹ ਨਿਮਰਤਾ, ਦਇਆ ਸੰਤੋਖ, ਸਬਰ, ਸਹਿਨਸ਼ੀਲਤਾ ਅਤੇ ਉਦਾਰਤਾ ਦੀ ਸਾਕਾਰ ਮੂਰਤੀ ਨਜ਼ਰ ਆਉਂਦੇ ਹੈ। ਰਵਿਦਾਸ ਜੀ ਦੇ ਵਿਅਕਤਿਤਵ ਵਿਚ ਵੀ ਇਹ ਗੁਣ ਮੌਜੂਦ ਸਨ। 'ਕਲਿਯੁੱਗ ਕੇ ਕਾਸੀ', 'ਮੇਰੀ ਸੰਗਤਿ ਪੋਚ' ਅਤੇ 'ਮਲਿਨ ਭਈ ਮਤ' ਆਦਿ ਲਿਖਣ ਵਾਲੇ ਰਵਿਦਾਸ ਮਾਨਵਵਾਦੀ, ਸਮਾਜਵਾਦੀ ਅਤੇ ਲੋਕਵਾਦੀ ਦ੍ਰਿਸ਼ਟੀਕੋਣ ਦੇ ਸਵਾਮੀ ਸਨ।

ਪਰੰਪਰਾ ਵਿਚ ਇਹ ਵੀ ਤੱਥ ਚੱਲਦੇ ਹਨ ਕਿ ਰਾਣੀ ਝਾਲੀ ਅਤੇ ਮੀਰਾਂਬਾਈ, ਗੁਰੂ ਰਵਿਦਾਸ ਜੀ ਦੀ ਸ਼ਿਸ਼ਾਂ ਸਨ। ਮੀਰਾਂਬਾਈ ਤਾਂ ਆਪਣੇ ਪਦਿਆਂ ਵਿਚ ਰਵਿਦਾਸ ਜੀ ਦਾ ਨਾਂ ਲੈਂਦੇ ਨਹੀਂ ਸੀ ਥਕਦੀ। ਕਿਹਾ

ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਮੀਰਾਂਬਾਈ ਦੇ ਬੁਲਾਵੇ ਤੇ ਚਿਤੌੜ ਗਏ ਅਤੇ ਉਥੇ ਹੀ ਉਹ ਪ੍ਰਭੂਧਾਮ ਪਧਾਰੇ। ਉਨ੍ਹਾਂ ਦੀ ਯਾਦ ਵਿਚ ਮੀਰਾਂਬਾਈ ਨੇ 'ਰਵਿਦਾਸ ਦੀ ਛਤਰੀ' ਬਣਵਾਈ। ਗੁਰੂ ਰਵਿਦਾਸ ਦੇ ਚਰਣ ਚਿੰਨ੍ਹ ਅੱਜ ਵੀ ਚਿਤੌੜ ਵਿਚ ਵਿਦਮਾਨ ਹਨ, ਜਿਸ ਤੋਂ ਇਸ ਗੱਲ ਦਾ ਅੰਦਾਜ਼ਾ ਵੀ ਲੱਗ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦੀ ਪ੍ਰਸਿੱਧ ਦੂਰ-ਦੁਰਾਡੇ ਤੱਕ ਫੈਲ ਚੁੱਕੀ ਸੀ ਅਤੇ ਰਾਜਘਰਾਣੇ ਵੀ ਉਨ੍ਹਾਂ ਅੱਗੇ ਨਮਨ ਕਰਦੇ ਸਨ।!

## 4.9 ਗੁਰੂ ਰਵਿਦਾਸ ਜੀ ਦਾ ਜੋਤੀ ਜੋਤ ਸਮਾਉਣਾ

ਰਵਿਦਾਸ ਜੀ ਦੇ ਜਨਮ ਵਰ੍ਹੇ ਵਾਂਗ ਹੀ ਉਨ੍ਹਾਂ ਦੇ ਅਕਾਲ ਚਲਾਣੇ ਦੀ ਮਿਤੀ ਬਾਰੇ ਵੀ ਵਿਦਵਾਨ ਇਕਮਤ ਨਹੀਂ। ਪ੍ਰੋ. ਰਾਮ ਕੁਮਾਰ ਵਰਮਾ[36] ਅਤੇ ਗਿਆਨੀ ਬਰਕਤ ਸਿੰਘ ਆਨੰਦ[37] ਵਰਗੇ ਵਿਦਵਾਨ 28 ਮਾਘ ਸੰਮਤ 1575 (1518 ਈ.) ਨੂੰ ਆਪ ਦਾ ਅਕਾਲ ਚਲਾਣਾ ਹੋਇਆ ਮੰਨਦੇ ਹਨ। ਪ੍ਰੰਤੂ ਸ੍ਰੀ ਭਗਵੰਤ ਮਿਸ਼ਰ[38] ਸੰਮਤ 1597 ਅਤੇ ਸ੍ਰੀ ਪ੍ਰਿਥੀ ਸਿੰਘ ਆਜ਼ਾਦ[39] ਸੰਮਤ 1584 (1527ਈ.) ਦੀਆ ਮਿਤੀਆਂ ਪੇਸ਼ ਕਰਦੇ ਹਨ। ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ ਪੁਰਾਤਨ ਸਰੋਤਾਂ[37] ਸੁਖਮਨੀ ਸਹੰਸਰ ਚਮਾਰ ਅਤੇ 'ਰੈਦਾਸ ਰਾਮਾਇਣ' ਤੋਂ ਸਿੱਧ ਹੁੰਦਾ ਹੈ ਕਿ ਰਵਿਦਾਸ ਜੀ ਦੇ ਸਮੇਂ ਭਾਰਤ ਉਤੇ ਸਿਕੰਦਰ ਲੋਧੀ ਦਾ ਰਾਜ ਸੀ ਅਤੇ ਭਗਤ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਣ ਆਦਿਕ ਭਗਤ ਜਨ ਆਪ ਤੋਂ ਪਹਿਲਾਂ ਅਕਾਲ ਚਲਾਣਾ ਕਰ ਚੁੱਕੇ ਸਨ। ਇਸ ਤੋਂ ਇਸ ਗੱਲ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਉਹ ਆਪਣੇ ਸਮੇਂ ਦੇ ਪ੍ਰਸਿੱਧ ਸੰਤਾਂ, ਭਗਤਾਂ ਅਤੇ ਗੁਰੂ ਭਰਾਵਾਂ ਵਿਚੋਂ ਸਭ ਤੋਂ ਵੱਧ ਆਯੂ ਵਾਲੇ ਸਨ ਅਤੇ ਉਨ੍ਹਾਂ ਦੀ ਆਯੂ 151 ਵਰ੍ਹੇ ਮੰਨੀ ਜਾਂਦੀ ਹੈ। ਸਵਾਮੀ ਰਾਮਾਨੰਦ ਜੀ ਦੇ 12 ਪ੍ਰਮੁੱਖ ਸ਼ਿਸ਼ਾਂ ਵਿਚੋਂ ਪੀਪਾ, ਕਬੀਰ, ਸੇਨ, ਧਨਾ, ਅਤੇ ਰਵਿਦਾਸ ਵਿਸ਼ੇਸ਼ ਹਨ। ਇਨ੍ਹਾਂ ਵਿਚੋਂ ਮੰਨਿਆ ਜਾਂਦਾ ਹੈ ਕਿ ਗੁਰੂ ਰਵਿਦਾਸ ਸਭ ਤੋਂ ਬਜ਼ੁਰਗ ਸਨ।

ਉਹ ਸੰਤ ਕਬੀਰ ਜੀ ਦੇ ਸੱਚਖੰਡ ਜਾਣ ਮਗਰੋਂ ਵੀ ਜੀਵਤ ਸਨ। ਆਪਦਾ ਅਕਾਲ ਚਲਾਣਾ ਸੰਮਤ 1546 ਤੋਂ 1574 (1489 ਈ ਤੋਂ 1517 ਈ.) ਤਕ ਨਿਸ਼ਚਿਤ ਕੀਤਾ ਜਾਂਦਾ ਹੈ।

ਪਰ ਇਹ ਵੀ ਨੁਕਤਾ ਇਥੇ ਉਠਦਾ ਹੈ ਕਿ ਉਹ ਕਿਥੇ ਜੋਤੀ ਜੋਤ ਸਮਾਏ? ਰਵਿਦਾਸ ਸੰਪਰਦਾ ਵਿਚ ਉਨ੍ਹਾਂ ਦੇ ਸੰਦੇਹ-ਗੁਪਤ ਹੋਣ ਦੀ ਸਾਖੀ ਪ੍ਰਚਲਿਤ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਇਨ੍ਹਾਂ ਦੀ ਮੌਤ ਚਿਤੌੜ ਯਾਤਰਾ ਸਮੇਂ ਹੋਈ ਮੰਨੀ ਹੈ। ਪਰੰਤੂ ਵਧੇਰੇ ਕਰਕੇ ਵਿਦਵਾਨ ਉਨ੍ਹਾਂ ਦੇ ਜ਼ਿਆਦਾ ਸਮਾਂ ਬਨਾਰਸ ਰਹਿਣ ਕਾਰਨ ਬਨਾਰਸ ਨੂੰ ਹੀ ਧਰਤੀ ਮੰਨਦੇ ਹਨ ਜਿਥੇ ਉਨ੍ਹਾਂ ਆਖਰੀ ਸਾਹ ਲਏ।

## 4.10 ਗੁਰੂ ਰਵਿਦਾਸ ਬਾਣੀ ਦੇ ਸ੍ਰੋਤ-ਸੰਗ੍ਰਹਿ

ਗੁਰੂ ਰਵਿਦਾਸ ਜੀ ਮੱਧਕਾਲੀਨ ਭਾਰਤ ਵਿਚ ਬ੍ਰਾਹਮਣੀ ਕਰਮਕਾਂਡ ਦੇ ਵਿਰੋਧ ਵਿਚ ਉਭਰੀ ਭਗਤੀ ਪਰੰਪਰਾ ਦੇ ਸ਼ਿਰੋਮਣੀ ਅੰਗ ਹਨ। ਆਪ ਦੀ ਰਚਨਾਵਾਂ ਨੂੰ ਮੱਧਕਾਲੀ ਚਿੰਤਨ-ਸਾਹਿਤ ਵਿਚ ਆਦਰਯੋਗ ਸਥਾਨ ਪ੍ਰਾਪਤ ਹੈ। ਪਰ ਅਫਸੋਸ ਇਸ ਗੱਲ ਦਾ ਹੈ ਕਿ ਆਪ ਜੀ ਦੀ ਰਚਨਾਵਾਂ ਬਾਰੇ ਹਾਲੀ ਤੀਕ ਕੋਈ ਅਜਿਹਾ ਗ੍ਰੰਥ ਸਾਹਮਣੇ ਨਹੀਂ ਆਇਆ ਜਿਸ ਤੋਂ ਇਹ ਦਾਅਵਾ ਕੀਤਾ ਜਾ ਸਕੇ ਕਿ ਉਹ ਆਪ ਜੀ ਨੇ ਖੁਦ ਲਿਖਿਆ ਜਾਂ ਲਿਖਵਾਇਆ ਹੋਵੇ ਅਤੇ ਨਾ ਹੀ ਐਸਾ ਕੋਈ ਸੰਕੇਤ ਕਿਸੇ ਗ੍ਰੰਥ ਵਿਚੋਂ ਅਜਿਹੀ ਕੋਈ ਜਾਣਕਾਰੀ ਮਿਲਦੀ ਹੈ ਕਿ ਜਿਸ ਸਮੇਂ ਆਪ ਆਵੇਸ਼ ਵਿਚ ਆ ਕੇ ਬਾਣੀ ਉਚਾਰਣ ਕਰਦੇ ਸਨ ਉਦੋਂ ਆਪ ਦੇ ਕਿਸੇ ਸ਼ਰਧਾਲੂ ਨੇ ਉਸ ਬਾਣੀ ਨੂੰ ਲਿਖਕੇ, ਮੁੜਕੇ ਆਪ ਜੀ ਨੂੰ ਵਿਖਾਂਦਿਆਂ ਉਸ ਦੀ ਪ੍ਰੋੜਤਾ ਜਾਂ ਸੁਧਾਈ

ਕਰਵਾਈ ਹੋਵੇ। ਪ੍ਰਮਾਣਿਕ ਗ੍ਰੰਥ ਦੀ ਅਣਹੋਂਦ ਕਾਰਨ ਇਹੀ ਖਿਆਲ ਕੀਤਾ ਜਾਂਦਾ ਹੈ ਕਿ ਆਪ ਜੀ ਦੀ ਮਧੁਰ ਬਾਣੀ ਨੂੰ ਆਪਦੇ ਅਨੁਯਾਈਆਂ ਨੇ ਜ਼ੁਬਾਨੀ ਯਾਦ ਕਰ ਲਿਆ ਅਤੇ ਥਾਂ ਥਾਂ ਉਸਦਾ ਗਾਇਨ ਹੋਣ ਲੱਗਾ।[41] ਇਹ ਬਾਣੀ ਸੀਨਾ-ਬਸੀਨਾ ਕਾਫੀ ਸਮਾਂ ਇਕ ਤੋਂ ਬਾਅਦ ਦੂਜੀ ਪੀੜ੍ਹੀ ਕੋਲ ਵਿਚਰਦੀ ਰਹੀ ਅਤੇ ਆਪ ਜੀ ਦੇ ਸ਼ਰਧਾਲੂ ਇਸ ਨੂੰ ਵਜਦ ਵਿਚ ਆ ਕੇ ਗਾਉਂਦੇ ਰਹੇ। ਇਹੋ ਕਾਰਨ ਹੈ ਕਿ ਆਪ ਜੀ ਦੀ ਰਚਨਾ ਦੇ ਜਿੰਨੇ ਵੀ ਹੱਥ ਲਿਖਿਤ ਮਿਲਦੇ ਹਨ, ਡਾ. ਜਸਬੀਰ ਸਿੰਘ ਸਾਬਰ ਅਨੁਸਾਰ ਉਨ੍ਹਾਂ ਵਿਚ ਕਾਫੀ ਪਾਠਾਂਤਰ ਮੌਜੂਦ ਹਨ ਅਤੇ ਸਮਾਨਤਾ ਅਤੇ ਇਕਸਾਰਤਾ ਦੀ ਵੀ ਘਾਟ ਹੈ।[42]

ਇਨ੍ਹਾਂ ਗ੍ਰੰਥਾਂ ਦੇ ਲਿਪੀਕਾਲ ਸਤਾਰ੍ਹਵੀਂ ਤਂ ਉਨੀਵੀਂ ਸਦੀ ਤੱਕ ਹਨ। ਪਰੰਤੂ ਗੁਰੂ ਰਵਿਦਾਸ ਜੀ ਦੀ ਬਾਣੀ ਦਾ **ਪ੍ਰਾਚੀਨ ਤੇ ਪ੍ਰਮਾਣਿਕ ਸੰਗ੍ਰਹਿ** ਸਿੱਖਾਂ ਦੇ ਪੰਜਵੇਂ ਗੁਰੂ, **ਗੁਰੂ ਅਰਜੁਨ ਦੇਵ ਜੀ ਦਵਾਰਾ ਸੰਪਾਦਿਤ ਸ੍ਰੀ ਆਦਿ ਗ੍ਰੰਥ** ਹੀ ਹੈ, ਜਿਸ ਨੂੰ ਉਨ੍ਹਾਂ ਨੇ 1604 ਈ. ਵਿਚ ਸੰਪਾਦਿਤ ਕੀਤਾ। ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਕਿਹਾ ਜਾਂਦਾ ਹੈ। ਇਸ ਵਿਚ **ਗੁਰੂ ਰਵਿਦਾਸ ਜੀ ਦੇ 40 ਸ਼ਬਦ ਦਰਜ** ਹਨ। ਇਨ੍ਹਾਂ ਵਿਚੋਂ ਇਕ ਸ਼ਬਦ ਮਾਮੂਲੀ ਪਰਿਵਰਤਨ ਨਾਲ ਸੋਰਠਿ ਅਤੇ ਮਾਰੂ ਦੋਹਾਂ ਰਾਗਾਂ ਵਿਚ ਆਇਆ ਹੈ। ਇਨ੍ਹਾਂ 40 ਸ਼ਬਦਾਂ ਵਿਚੋਂ 22 ਸ਼ਬਦ ਦੂਸਰੇ ਸਰੋਤਾਂ ਵਿਚ ਮਿਲਣ ਵਾਲੇ ਆਪਦੇ ਪਦਿਆਂ ਦਾ ਰੂਪਾਂਤਰ ਕਿਹਾ ਜਾ ਸਕਦਾ ਹੈ। ਕੁਝ ਵਿਦਵਾਨਾਂ ਨੇ ਕਬੀਰ ਜੀ ਵੱਲੋਂ ਉਚਰਿਤ ਕੀਤਾ ਇਕ ਸ਼ਬਦ 'ਹਰਿ ਸਾ ਹੀਰਾ ਛਾਡਿ ਕਰਿ.....' ਰਵਿਦਾਸ ਜੀ ਦਾ ਮੰਨਦਿਆਂ ਇਹ ਗਿਣਤੀ 41 ਦੱਸੀ ਹੈ।

ਹੁਣ ਤੱਕ ਗੁਰੂ **ਰਵਿਦਾਸ ਬਾਣੀ** ਦੇ ਨਾਲ ਜੁੜੇ **ਹੱਥਲਿਖਿਤ ਗ੍ਰੰਥ** ਦਾਦੂ **ਸੰਸਕ੍ਰਿਤ ਮਹਾਂ ਵਿਦਿਆਲਾ, ਜੈਪੁਰ, ਸਿਟੀ ਪੈਲੇਸ ਜੈਪੁਰ, ਭਾਰਤੀ ਵਿਦਿਆ ਮੰਦਰ, ਬੀਕਾਨੇਰ, ਮਹਾਰਾਜ ਸਵਾਈ ਮਾਨ ਸਿੰਘ, ਪੁਸਤਕਾਲਾ, ਜੋਧਪੁਰ, ਰਾਜਸਥਾਨ ਪ੍ਰਾਚਯ ਵਿਦਿਆ ਪ੍ਰਤਿਸ਼ਠਾਨ, ਉਦੈਪੁਰ, ਰਾਜਸਥਾਨ ਪ੍ਰਾਚਯ ਵਿਦਿਆ ਪ੍ਰਤਿਸ਼ਠਾਨ ਜੈਪੁਰ, ਨਾਗਰੀ ਪ੍ਰਚਾਰਣੀ ਸਭਾ,** ਬਨਾਰਸ, **ਗੁਰੂ** ਨਾਨਕ ਦੇਵ **ਯੂਨੀਵਰਸਿਟੀ ਅੰਮ੍ਰਿਤਸਰ** (ਰੇਅਰ ਸੈਕਸ਼ਨ) **ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਉਪਲਬਧ ਹਨ।** ਇਸ ਤੋਂ ਇਲਾਵਾ ਗੁਰੂ ਰਵਿਦਾਸ ਜੀ ਦੇ ਬਨਾਰਸ ਦੇ ਮੰਦਰ **ਸੀਰਗੋਵਰਧਨਪੁਰ** ਵਿਖੇ ਵੀ ਇਕ **ਹੱਥਲਿਖਿਤ ਗ੍ਰੰਥ** ਸੁਸ਼ੋਭਿਤ ਹੈ, ਜਿਸ ਦੀ ਸ਼ਰਧਾਲੂਆਂ ਵੱਲੋਂ ਪੂਜਾ ਕੀਤੀ ਜਾਂਦੀ ਹੈ। ਇਸ ਗ੍ਰੰਥ ਵਿਚ ਦਰਜ ਗੁਰੂ ਰਵਿਦਾਸ ਦੀ ਬਾਣੀ ਕਿਸੇ ਹੋਰ ਗ੍ਰੰਥ ਨਾਲ ਮੇਲ ਨਹੀਂ ਖਾਂਦੀ।

**ਰਾਜਸਥਾਨ ਓਰੀਐਂਟਲ ਰੀਸਰਚ ਇਨਸਟੀਚਿਊਟ ਜੋਧਪੁਰ, ਸ਼ੋਧ ਸੰਸਥਾਨ, ਚੌਪਾਸਨੀ,** ਮੋਤੀ ਡੂੰਗਰੀ, ਜੈਪੁਰ ਸੰਸਥਾਵਾਂ ਵਿਚ ਵੀ ਕੁਝ ਹੱਥਲਿਖਿਤ ਗ੍ਰੰਥ ਮੌਜੂਦ ਹਨ। ਇਸ ਤਰ੍ਹਾਂ 200 ਤੋਂ ਵੱਧ ਗ੍ਰੰਥ ਵਿਚ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਨਾਲ ਸਬੰਧਿਤ ਮਿਲਦੇ ਹਨ।

ਇਸ ਤੋਂ ਇਲਾਵਾ ਕਈ ਸੰਸਥਾਵਾਂ ਤੇ ਵਿਅਕਤੀ ਅਜਿਹੇ ਹਨ ਜਿਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਇਕੱਤਰ ਕਰਨ ਵਿਚ **ਮਹੱਤਵਪੂਰਨ ਯੋਗਦਾਨ** ਪਾਇਆ ਹੈ। ਉਨ੍ਹਾਂ ਵਿਚ **ਬਲਵੇਡਿਅਰ ਪ੍ਰੈਸ, ਇਲਾਹਾਬਾਦ ਕ੍ਰਿਤ (ਰਵਿਦਾਸ ਬਾਣੀ), ਸੁਆਮੀ ਰਾਮਾਨੰਦ ਸ਼ਾਸਤ੍ਰੀ ਦੀ (ਸੰਤ ਰਵਿਦਾਸ ਔਰ ਉਨਕਾ ਕਾਵਯ)** ਸ੍ਰੀ ਸੰਗਮ ਲਾਲ ਪਾਂਡੇ ਦੀ (ਸੰਤ ਰਵਿਦਾਸ: ਵਿਅਕਤਿਤਵ ਔਰ ਕਰਤਿਤਵ) ਆਚਾਰੀਯ ਪ੍ਰਿਥਵੀ ਸਿੰਘ ਆਜ਼ਾਦ ਦੀ (ਰਵਿਦਾਸ ਦਰਸ਼ਨ) ਡਾ. ਬੀ.ਪੀ. ਸ਼ਰਮਾ ਦੀ (ਗੁਰੂ ਰਵਿਦਾਸ ਬਾਣੀ), ਡਾ. ਧਰਮਪਾਲ ਸਿੰਗਲ ਦੀ (ਭਗਤ ਰਵਿਦਾਸ: ਜੀਵਨ ਤੇ ਰਚਨਾ) ਅਤੇ ਡਾ. ਜਸਬੀਰ ਸਿੰਘ ਸਾਬਰ ਦੀ ਪੁਸਤਕ (ਭਗਤ ਰਵਿਦਾਸ): ਸ੍ਰੋਤ ਪੁਸਤਕ ਸ਼ਲਾਘਾਯੋਗ ਜਯਨ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਇਲਾਵਾ ਪ੍ਰਾਪਤ ਉਨ੍ਹਾਂ ਦੀ ਬਾਣੀ ਦੇ

ਉਪਲਬਧ ਸਰੋਤ ਅਧਿਐਨ ਦੇ ਪੱਖ ਤੋਂ ਤਿੰਨ ਭਾਗਾਂ ਵਿਚ ਵੰਡੇ ਜਾ ਸਕਦੇ ਹਨ।

- ਗੁਰਮੁਖੀ ਸਰੋਤ
- ਦੇਵਨਾਗਰੀ ਜਾਂ ਹਿੰਦੀ ਸਰੋਤ
- ਸੰਸਕ੍ਰਿਤ ਸਰੋਤ

- **ਗੁਰਮੁਖੀ ਸਰੋਤ**: ਇਸ ਵਿਚ ਵਾਰਾਂ ਭਾਈ ਗੁਰਦਾਸ, ਪੁਰਾਤਨ ਗੋਸ਼ਟਿ ਸੰਗ੍ਰਹਿ (ਮਿਹਰਬਾਨ), ਗੋਸ਼ਟਾਂ ਸੋਢੀ ਮਿਹਰਬਾਨ, ਪਰਮਾਰਥ ਸੁਖਮਨੀ ਸਹੰਸ੍ਰਨਾਮਾ (ਹਰਿ ਜੀ), ਪ੍ਰੇਮ-ਅਬੋਧ ਪੋਥੀ (ਭਾਈ ਦਰਬਾਰੀ ਦਾਸ) ਤੇ (ਕੁਸ਼ਲਦਾਸ), ਭਗਤਿ ਪ੍ਰੇਮਾਕਰਿ (ਕੀਰਤ ਸਿੰਘ) ਭਗਤਿ ਪ੍ਰੇਮਾਕਰਿ (ਜੱਸਾ ਸਿੰਘ) ਭਗਤਿ ਸੁਧਾਸਰ (ਬਿਧੀ ਦਾਸ ਉਦਾਸੀ) ਗੋਸ਼ਟਿ ਕਬੀਰ ਅਤੇ ਰਵਿਦਾਸ (ਅਗਿਆਤ) ਭਗਤ ਰਸ ਮੰਜਰੀ (ਕਵੀ ਧਿਆਨ ਸਿੰਘ) ਸ਼ਾਮਲ ਹਨ।

- **ਹਿੰਦੀ ਸਰੋਤ** : ਇਸ ਵਿਚ ਪਰਿਚਈ (ਅਨੰਤ ਦਾਸ) ਭਗਤਮਾਲ (ਨਾਭਾਦਾਸ) ਪ੍ਰਹਿਲਾਦ ਚਰਿੱਤਰ (ਰੈਦਾਸ) ਭਗਤਮਾਲ (ਰਾਘੋਦਾਸ) ਭਗਤਿ ਰਸ ਬੋਧਨੀ ਟੀਕਾ ਭਗਤਮਾਲ (ਟੀਕਾਕਾਰ ਪ੍ਰਿਯਦਾਸ) ਗੋਸ਼ਟਿ ਕਬੀਰ ਰਵਿਦਾਸ (ਦੇਵਨਾਗਰੀ) ਰਾਮਰਸਨਾਵਲੀ (ਰਘੁਨਾਜ ਸਿਹੁੰ) ਸ਼ਾਮਲ ਹਨ।

- **ਸੰਸਕ੍ਰਿਤ ਸਰੋਤ**: ਇਸ ਵਿਚ ਇਕੋ ਇਕ ਰਚਨਾ ਭਵਿੱਸ਼ ਪੁਰਾਣ ਆਉਂਦੀ ਹੈ।

ਇਸ ਤਰ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ ਜਿਥੇ ਗੁਰੂ ਰਵਿਦਾਸ ਜੀ ਦਾ ਉਲੇਖ ਬੜੀ ਸ਼ਰਧਾਪੂਰਬਕ ਕਰਦੀਆਂ ਹਨ, ਉਥੇ ਉਨ੍ਹਾਂ ਦੇ ਜੀਵਨ ਚਰਿੱਤਰ ਬਾਰੇ ਪੁਰਾਤਨ ਗੋਸ਼ਟਾਂ, ਭਗਤਮਾਲਾਵਾਂ ਅਤੇ ਪਰਚੀਆਂ ਵਿਚੋਂ ਵੀ ਕਾਫੀ ਸਮੱਗਰੀ ਮਿਲ ਜਾਂਦੀ ਹੈ। ਅਜਿਹੇ ਗ੍ਰੰਥਾਂ ਵਿਚੋਂ ਸੋਢੀ ਮਿਹਰਬਾਨ ਦੀ ਗੋਸ਼ਟਿ ਸਭ ਤੋਂ ਪੁਰਾਣੀ ਹੈ। ਇਸ ਗ੍ਰੰਥ ਵਿਚ ਨਾਥਾਂ, ਭਗਤਾਂ ਅਤੇ ਹੋਰ ਕੀ ਮਿਥਿਹਾਸਕ ਪਾਤਰਾਂ ਬਾਰੇ ਗੋਸ਼ਟਾਂ ਸੰਕਲਿਤ ਹਨ। ਇਸ ਵਿਚ ਗੁਰੂ ਰਵਿਦਾਸ ਦੇ ਅਕਾਲ ਚਲਾਣੇ ਬਾਰੇ ਵੀ ਇਕ ਗੋਸ਼ਟਿ ਹੈ, ਜਿਸ ਵਿਚ ਲੇਖਕ ਦੱਸਦਾ ਹੈ ਕਿ ਪਾਰਬ੍ਰਹਮ ਨੇ ਨਾਮਦੇਵ, ਕਬੀਰ, ਤ੍ਰਿਲੋਚਨ ਅਤੇ ਧੰਨਾ ਜੀ ਵਰਗੇ ਭਗਤਾਂ ਨੂੰ ਭੇਜਿਆ ਤਾਂ ਕਿ ਉਹ ਰਵਿਦਾਸ ਜੀ ਨੂੰ ਲੈ ਆਉਣ। ਇਹ ਭਗਤਜਨ ਰਵਿਦਾਸ ਜੀ ਨੂੰ ਮਿਲ ਕੇ ਪਾਰਬ੍ਰਹਮ ਦਾ ਸੁਨੇਹਾ ਦਿੰਦੇ ਹਨ ਅਤੇ ਗੁਰੂ ਰਵਿਦਾਸ ਨੂੰ ਮਿਲਕੇ ਇਹ ਵੀ ਜਾਣਦੇ ਹਨ ਕਿ ਪਾਰਬ੍ਰਹਮ ਤੇ ਗੁਰੂ ਰਵਿਦਾਸ ਵਿਚ ਕੋਈ ਅੰਤਰ ਨਹੀਂ ਹੈ।

ਸੋਢੀ ਮਿਹਰਬਾਨ ਜੀ ਦੀ ਇਕ ਹੋਰ ਰਚਨਾ 'ਪਰਮਾਰਥ ਸੁਖਮਨੀ ਸਹੰਸਰਨਾਮਾ' ਦੀ ਰਚਨਾ 1703 ਵਿਚ ਕੀਤੀ ਗਈ ਹੈ। ਇਹ 529 ਪੱਤਰਿਆਂ ਵਾਲੀ ਵਾਰਤਕ ਰਚਨਾ ਹੈ, ਜਿਸ ਵਿਚ 30 ਅਸ਼ਟਪਦੀਆਂ ਹਨ ਅਤੇ 29ਵੀਂ ਅਸ਼ਟਪਦੀ ਵਿਚ ਭਗਤਾਂ ਦੇ ਜੀਵਨ ਬਿਰਤਾਂਤ ਦਿੱਤੇ ਗਏ ਹਨ। ਇਸੇ ਅਸ਼ਟਪਦੀ ਵਿਚ ਰਵਿਦਾਸ ਜੀ ਦੀ ਕਥਾ ਪੇਸ਼ ਕੀਤੀ ਗਈ ਹੈ।

ਰਵਿਦਾਸ ਜੀ ਸਬੰਧੀ ਜਾਣਕਾਰੀ ਦੇਣ ਵਾਲੀ ਇਕ ਹੋਰ ਪੋਥੀ 'ਪ੍ਰੇਮ ਅੰਬੋਧ ਪੋਥੀ' ਹੈ। ਇਸ ਰਚਨਾ ਨੂੰ 'ਪਰਚੀਆਂ ਪ੍ਰੇਮ ਭਗਤਾਂ ਦੀਆਂ' ਦਾ ਨਾਮ ਵੀ ਦਿੱਤਾ ਗਿਆ ਹੈ। ਇਸ ਵਿਚ ਭਗਤ ਕਬੀਰ, ਤ੍ਰਿਲੋਚਨ, ਧੰਨਾ, ਨਾਮਦੇਵ, ਜੈਦੇਵ, ਰਵਿਦਾਸ, ਮੀਰਾਂਬਾਈ ਆਦਿ ਦੀਆ ਕਥਾਵਾਂ ਦਰਜ ਹਨ। ਰਵਿਦਾਸ ਜੀ ਦੀ ਪਰਚੀ ਛੇਵੇਂ ਨੰਬਰ ਤੇ ਆਉਂਦੀ ਹੈ। ਇਸ ਪਰਚੀ ਵਿਚ ਰਵਿਦਾਸ ਜੀ ਦੀ ਪ੍ਰੇਮਾਭਗਤੀ ਦੀ ਪ੍ਰਸੰਸਾ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਜੀਵਨ ਚਰਿੱਤਰ ਨਾਲ ਸਬੰਧਿਤ ਕੁਝ ਘਟਨਾਵਾਂ ਜਿਵੇਂ ਗੰਗਾ ਦਾ ਭਗਤ ਰਵਿਦਾਸ ਨੂੰ ਕੰਗਨ ਭੇਂਟ ਕਰਨਾ ਆਦਿ ਪੇਸ਼ ਕੀਤੀਆਂ ਗਈਆਂ ਹਨ। ਇਹ ਕੇਵਲ ਦਾਸ ਦੀ ਰਚਨਾ ਹੈ।

ਸੋਢੀ ਮਿਹਰਬਾਨ ਦੀ ਗੱਦੀ ਉਤੇ ਅੱਠਵੀਂ ਥਾਂ ਤੇ ਬੈਠੇ ਭਾਈ ਦਰਬਾਰੀ ਦਾਸ ਦੀ ਵੱਡ-ਅਕਾਰੀ ਰਚਨਾ 'ਪੋਥੀ ਹਰਿਜਸ' ਵਿਚ ਉਤਰੀ ਭਾਰਤ ਦੇ ਸੰਤਾਂ ਅਤੇ ਭਗਤਾਂ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਦੇ 1836 ਪੰਨੇ ਹਨ ਅਤੇ ਪਿੰਡ ਵੈਰੋਕੇ (ਜ਼ਿਲ੍ਹਾ ਫਰੀਦਕੋਟ) ਵਿਚ 'ਗੁਰਦੁਆਰਾ ਭਾਈ ਦਰਬਾਰ ਦਾਸ' ਵਿਚ ਰੱਖਿਆ ਹੋਇਆ ਹੈ। ਇਸ ਗ੍ਰੰਥ ਦੀ ਰਚਨਾ 1811 ਈ. ਵਿਚ ਕੀਤੀ ਗਈ। ਇਸ ਗ੍ਰੰਥ ਵਿਚ 30 ਭਗਤਾਂ ਦੇ ਜੀਵਨ ਸਮਾਚਾਰ ਮਿਲਦੇ ਹਨ।

ਗੁਰੂ ਰਵਿਦਾਸ ਦੀ ਪਰਚੀ 22ਵੇਂ ਨੰਬਰ ਤੇ ਆਉਂਦੀ ਹੈ। ਇਸ ਗ੍ਰੰਥ ਵਿਚ ਬੈਂਤ, ਦੋਹਰਾ, ਸੋਰਠਾ ਅਤੇ ਚੌਪਾਈ ਆਦਿਕ ਛੰਦਾਂ ਵਿਚ ਰਵਿਦਾਸ ਜੀ ਦੀ ਪ੍ਰੇਮਾਭਗਤੀ ਦਾ ਗੁਣਗਾਨ ਹੋਇਆ ਹੈ।

ਕਵੀ ਜੱਸਾ ਸਿੰਘ ਰਚਿਤ 'ਭਗਤੀ ਪ੍ਰੇਮਾ ਕਰਿ' ਗ੍ਰੰਥ ਵਿਚ 24 ਭਗਤਾਂ ਦਾ ਜੀਵਨ ਚਰਿੱਤਰ ਮਿਲਦਾ ਹੈ। ਇਹ ਗ੍ਰੰਥ ਸੰਮਤ 1883 ਵਿਚ ਲਿਖਿਆ ਗਿਆ ਅਤੇ ਇਸਦੇ ਕੁੱਲ੍ਹ 191 ਪੱਤਰ ਹਨ। ਇਹ ਗ੍ਰੰਥ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਖੇ ਸਾਂਭਿਆ ਹੋਇਆ ਹੈ। ਇਹ ਗ੍ਰੰਥ ਕਵਿਤਾ ਰੂਪ ਵਿਚ ਅਤੇ ਇਸ ਵਿਚ ਕਈ ਨੇ ਕੁੰਡਲੀਆ, ਛਪੈ, ਕਬਿੱਤ, ਅਛਿੱਲ, ਸਵੈਯਾ, ਪਾਧਰੀ, ਭੁਜੰਗ ਪ੍ਰਯਾਤ, ਭੋਟਕ ਅਤੇ ਦੋਹਰਾ ਆਦਿਕ ਛੰਦਾਂ ਦਾ ਪ੍ਰਯੋਗ ਕੀਤਾ ਹੈ। ਇਸ ਗ੍ਰੰਥ ਦੇ ਸਤਪਦੇ ਹਨ ਅਤੇ ਇਨ੍ਹਾਂ ਪਦਿਆਂ ਵਿਚ ਰਵਿਦਾਸ ਜੀ ਦੀ ਪ੍ਰੇਮਾਭਗਤੀ ਨੂੰ ਪੇਸ਼ ਕੀਤਾ ਗਿਆ ਹੈ। ਜ਼ਿਆਦਾਤਰ ਉਹ ਘਟਨਾਵਾਂ ਬਿਆਨ ਹੋਈਆਂ ਹਨ, ਜਿਨ੍ਹਾਂ ਵਿਚ ਬ੍ਰਾਹਮਣਾਂ ਵੱਲੋਂ ਰਵਿਦਾਸ ਜੀ ਦੇ ਵਿਰੋਧ ਦਾ ਜ਼ਿਕਰ ਮਿਲਦਾ ਹੈ।

ਇਕ ਹੋਰ ਭਗਤੀ ਪ੍ਰਮਾਕਰਿ ਗ੍ਰੰਥ ਕਵੀ ਕੀਰਤ ਸਿੰਘ ਦੁਆਰਾ ਲਿਖਿਆ ਮਿਲਦਾ ਹੈ, ਜਿਸ ਵਿਚ ਰਵਿਦਾਸ ਜੀ ਦੇ ਚਰਿੱਤਰ ਦੇ 30 ਪਦੇ ਲਿਖੇ ਮਿਲਦੇ ਹਨ।

ਇਸੇ ਤਰ੍ਹਾਂ ਇਕ ਉਦਾਸੀ ਸਾਧੂ ਬਿਧੀਦਾਸ ਦਾ 'ਭਗਤੀ ਸੁਧਾਸਰ' ਗ੍ਰੰਥ ਵੀ ਹੈ। ਇਸ ਗ੍ਰੰਥ ਦਾ ਖਰੜਾ ਵੀ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਪਿਆ ਹੋਇਆ ਹੈ। ਲੇਖਕ ਨੇ ਇਹ ਗ੍ਰੰਥ ਸੰਮਤ 1886 ਵਿਚ ਸੰਪੂਰਨ ਕੀਤਾ, ਲਿਖਿਆ ਗਿਆ ਹੈ। ਗ੍ਰੰਥ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਸਾਧੂ ਬਿਧੀਦਾਸ ਨਨਕਾਣਾ ਸਾਹਿਬ (ਜ਼ਿਲ੍ਹਾ ਸ਼ੇਖੂਪੁਰਾ) ਦੇ ਵਸਨੀਕ ਸਨ। ਉਨ੍ਹਾਂ ਦੁਆਰਾ ਲਿਖੇ ਇਸ ਗ੍ਰੰਥ ਵਿਚ ਬਹੁਤ ਸਾਰੇ ਦੇਵੀ-ਦੇਵਤਿਆਂ, ਸੰਤਾਂ ਭਗਤਾਂ ਦੇ ਜੀਵਨ ਬ੍ਰਿਤਾਂਤ ਅੰਕਿਤ ਹਨ। ਇਸ ਗ੍ਰੰਥ ਵਿਚ ਦੋਹਰਾ ਅਤੇ ਚੌਪਈ ਛੰਦਾਂ ਦੁਆਰਾ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ ਕੁਝ ਪ੍ਰਮੁੱਖ ਘਟਨਾਵਾਂ ਬਿਆਨ ਕੀਤੀਆਂ ਗਈਆਂ ਹਨ।

ਇਸ ਰੈਫਰੈਂਸ ਲਾਇਬ੍ਰੇਰੀ ਵਿਚ ਇਕ ਹੋਰ ਗ੍ਰੰਥ 'ਗੋਸ਼ਟਿ ਕਬੀਰ ਅਤੇ ਰਵਿਦਾਸ' ਦੇ ਸਿਰਲੇਖ ਹੇਠ ਰੱਖਿਆ ਹੋਇਆ ਹੈ। ਇਸ ਗ੍ਰੰਥ ਉਪਰ ਰਚਣਹਾਰੇ ਦਾ ਨਾਮ ਨਹੀਂ ਲਿਖਿਆ ਹੋਇਆ। ਵਿਦਵਾਨ ਜਸਬੀਰ ਸਿੰਘ ਸਾਬਰ[43] ਦਾ ਵਿਚਾਰ ਹੈ ਕਿ ਇਹ ਗ੍ਰੰਥ ਭਗਤ ਸੈਨ ਦੀ ਰਚਨਾ ਹੈ। ਇਸ ਗ੍ਰੰਥ ਵਿਚ ਪੇਸ਼ ਹੋਈ ਗੋਸ਼ਟਿ ਤੋਂ ਪਤਾ ਚਲਦਾ ਹੈ ਕਿ ਰਵਿਦਾਸ ਜੀ ਪਹਿਲਾਂ ਸਗੁਣ ਭਗਤੀ ਵਿਚ ਆਸਥਾ ਰੱਖਦੇ ਸਨ। ਭਗਤ ਕਬੀਰ ਦੇ ਸੰਪਰਕ ਵਿਚ ਆ ਕੇ ਉਹ ਨਿਰਗੁਣਵਾਦੀ ਬਣੇ। ਇਸ ਗ੍ਰੰਥ ਵਿਚ ਬ੍ਰਹਮ ਦੇ ਨਿਰਗੁਣ ਅਥਵਾ ਸਗੁਣ ਸਰੂਪ ਬਾਰੇ ਦਾਰਸ਼ਨਿਕ ਵਾਦ ਵਿਵਾਦ ਉਪਲਬਧ ਹੈ। ਇਸ ਰਚਨਾ ਵਿਚ ਜੋਗ ਸੰਬੰਧੀ ਸ਼ਬਦਾਵਲੀ ਦਾ ਭਰਪੂਰ ਇਸਤੇਮਾਲ ਵੀ ਮਿਲਦਾ ਹੈ।

ਲਾਲ ਸਿੰਘ ਨਰੋਤਮ ਰਚਿਤ ਵਾਰਤਕ ਭਗਤਮਾਲ, ਭਗਤਾਂ ਦੇ ਜੀਵਨ ਚਰਿੱਤਰ ਬਾਰੇ ਜਾਣਕਾਰੀ ਦੇਣ ਵਾਲੀ ਇਕ ਹੋਰ ਪ੍ਰਸਿੱਧ ਰਚਨਾ ਹੈ। ਇਸ ਗ੍ਰੰਥ ਵਿਚ ਗੁਰੂ ਰਵਿਦਾਸ ਬਾਰੇ ਛੇ ਸਾਖੀਆਂ ਹਨ। ਇਹ ਸਾਖੀਆ

ਹਨः ਰਵਿਦਾਸ ਜੀ ਦੁਆਰਾ ਗੁਰੂ ਰਾਮਾਨੰਦ ਜੀ ਨੂੰ ਦੂਸ਼ਿਤ ਭੋਜਨ ਖੁਆਉਣਾ ਤੇ ਸ਼ਰਾਪ, ਗੰਗਾ ਨੂੰ ਦਮੜੀ ਭੇਟ ਕਰਨਾ, ਕੰਗਣ ਵਾਲੀ ਸਾਖੀ, ਕੁਠਾਲੀ ਵਿਚ ਗੰਗਾ ਵਗਣੀ, ਸੰਤਾਂ ਦਾ ਰਵਿਦਾਸ ਨੂੰ ਪਾਰਸ ਦੇਣਾ, ਰਾਣੀ ਝਾਲੀ ਦਾ ਪ੍ਰਸੰਗ ਆਦਿ।

ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਕੁਝ ਰਚਨਾਵਾਂ ਦੇਵਨਾਗਰੀ ਲਿਪੀ ਵਿਚ ਵੀ ਮਿਲਦੀਆ ਹਨ। ਇਨ੍ਹਾਂ ਵਿਚੋਂ ਇਕ ਸ੍ਰੀ ਅਨੰਤ ਦਾਸ ਰਚਿਤ 'ਪਰਿਚਈ' ਹੈ। ਇਸ ਰਚਨਾ ਵਿਚ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ 28 ਘਟਨਾਵਾਂ ਦਰਜ ਹਨ। ਜਿਨ੍ਹਾਂ ਵਿਚੋਂ ਕੁਝ ਪ੍ਰਮੁੱਖ ਹਨ। ਮਾਸ ਖਾਣ ਕਾਰਨ ਨੀਵ ਘਰ ਵਿਚ ਜਨਮ ਲੈਣਾ, ਚਮਾਰਨ ਮਾਤਾ ਦਾ ਦੁੱਧ ਪੀਣਾ, ਹਰਿ ਜੀ ਦਾ ਪਾਰਸ ਦੇਣਾ, ਸਾਲਗ-ਗ੍ਰਾਮ ਦਾ ਗੋਦੀ ਆਉਣਾ, ਬ੍ਰਹਮਭੋਜ ਸਮੇਂ ਬ੍ਰਾਹਮਣ ਸਾਧੂਆਂ ਨੂੰ ਆਪਣੇ ਸੱਜੇ-ਖੱਬੇ ਰਵਿਦਾਸ ਜੀ ਦਾ ਦਿਸਣਾ, ਛਾਤੀ ਚੀਰ ਕੇ ਜਨੇਊ ਆਦਿ ਵਿਖਾਉਣਾ। ਇਹ ਗ੍ਰੰਥ ਵੀ ਕਾਵਿਕ ਰੂਪ ਵਿਚ ਹੈ ਅਤੇ ਇਸ ਵਿਚ ਚੌਪਦੀ ਛੰਦ ਦਾ ਪ੍ਰਯੋਗ ਹੋਇਆ ਹੈ।

ਸ੍ਰੀ ਨਾਭਾ ਦਾਸ ਦੀ ਰਚਨਾ 'ਭਗਤਮਾਲ' ਵਿਚ ਵੀ ਸੰਤਾਂ ਅਤੇ ਭਗਤਾਂ ਦੇ ਜੀਵਨ ਬਾਰੇ ਭਰਪੂਰ ਹਵਾਲੇ ਮਿਲਦੇ ਹਨ। ਇਸ ਵਿਚ ਲਗਭਗ 200 ਭਗਤਾਂ ਦੇ ਜੀਵਨ ਚਰਿੱਤਰ ਨੂੰ ਬਿਆਨ ਕੀਤਾ ਗਿਆ ਹੈ। ਸ੍ਰੀ ਨਾਭਾਦਾਸ, ਰਾਮਾਨੰਦ ਸੰਪਰਦਾਇ ਨਾਲ ਸਬੰਧਿਤ ਸਨ। ਇਸ ਲਈ ਇਸ ਸੰਪਰਦਾਇ ਵਿਚ ਆਪ ਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਭਗਤਮਾਲ ਦੀ ਰਚਨਾਕਾਲ ਸੰਮਤ 1642-1680 ਮੰਨਿਆ ਹੈ।

ਪ੍ਰਿਯਦਾਸ ਰਚਿਤ 'ਭਗਤ ਰਸ ਬੋਧਨੀ ਟੀਕਾ ਭਗਤ ਮਾਲ' ਇਕ ਹੋਰ ਪ੍ਰਸਿੱਧ ਰਚਨਾ ਹੈ। ਇਸ ਗ੍ਰੰਥ ਦਾ ਰਚਨਾ ਕਾਲ ਸੰਮਤ 1969 ਮੰਨਿਆ ਜਾਂਦਾ ਹੈ। ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਇਸ ਗ੍ਰੰਥ ਦੀਆਂ ਹੱਥ ਲਿਖਤਾਂ ਦੀਆਂ ਪ੍ਰਤੀਆਂ ਮੌਜੂਦ ਹਨ।

'ਗੋਸ਼ਟੀ ਕਬੀਰ, ਰਵਿਦਾਸ', ਰਘੁਰਾਜ ਸਿੰਹ ਰਚਿਤ ਸ੍ਰੀ ਭਗਤਮਾਲ ਅਥਵਾ 'ਰਾਮਰਸਿਕਾਵਲੀ' ਆਦਿ ਰਚਨਾਵਾਂ ਵਿਚ ਵੀ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਕਈ ਵੇਰਵੇ ਮਿਲ ਜਾਂਦੇ ਹਨ।

ਸੰਸਕ੍ਰਿਤ ਵਿਚ ਗੁਰੂ ਰਵਿਦਾਸ ਦੇ ਜੀਵਨ ਬਾਰੇ ਜਾਣਕਾਰੀ ਦੇਣ ਵਾਲੀ ਸਰੋਤ ਪੁਸਤਕ ਭਵਿੱਖ ਪੁਰਾਣ ਹੈ ਜਿਸਦੇ ਪੰਜ ਪਰਵ ਹਨ ਅਤੇ ਇਹ ਅਠਾਰਾਂ ਪੁਰਾਣਾਂ ਵਿਚੋਂ ਇਕ ਹੈ। ਹਿੰਦੂਆਂ ਦਾ ਨਿਸ਼ਚਾ ਹੈ ਕਿ ਇਸ ਵਿਚ ਆਉਣ ਵਾਲੀ ਘਟਨਾਵਾਂ ਦਾ ਵੇਰਵਾ ਦਰਜ਼ ਹੈ ਲਈ ਇਸ ਨੂੰ ਭਵਿੱਸ਼ ਪੁਰਾਣ ਕਿਹਾ ਜਾਂਦਾ ਹੈ। ਇਸ ਗ੍ਰੰਥ ਦੇ ਰਚਨਹਾਰੇ 26ਵੇਂ ਵੇਦ-ਵਿਆਸ ਕਹੇ ਜਾਂਦੇ ਹਨ। ਇਸ ਵਿਚ ਰਵਿਦਾਸ ਜੀ ਨਾਲ ਸਬੰਧਿਤ ਸ਼ਲੋਕ ਹਨ। ਦੱਸਿਆ ਗਿਆ ਹੈ ਕਿ ਇਕ ਵਾਰ ਕੇਤੂ, ਰਾਹੂ ਦੇ ਅਤਿਆਚਾਰਾਂ ਨੂੰ ਦੂਰ ਕਰਨ ਲਈ ਸੂਰਜ ਨੇ ਆਪਣੇ ਦੋ ਪੁੱਤਰ ਧਰਤੀ ਉਪਰ ਭੇਜੇ। ਪਹਿਲਾ ਪੁੱਤਰ 'ਇੜਾਪਤਿ' ਕਸਾਈ ਦੇ ਘਰ ਜੰਮਿਆ। ਇਸਦਾ ਨਾਂ ਸਧਨਾ ਪ੍ਰਸਿੱਧ ਹੋਇਆ ਅਤੇ ਦੂਜਾ ਪੁੱਤਰ 'ਪਿੰਗਲਾ ਪਤਿ' ਚਮਾਰ ਮਾਨਦਾਸ ਦੇ ਘਰ ਪੈਦਾ ਹੋਇਆ ਜਿਸ ਦਾ ਨਾਂ ਰਵਿਦਾਸ ਪ੍ਰਸਿੱਧ ਹੋਇਆ। ਏਸੇ ਰਵਿਦਾਸ ਨੇ ਰਾਮ ਭਗਤ ਕਬੀਰ ਨੂੰ ਕਾਸ਼ੀ ਜਾ ਕੇ ਸ਼ਾਸ਼ਤਾਰਥ ਵਿਚ ਹਰਾਇਆ ਅਤੇ ਫੇਰ ਉਹ ਸ਼ੰਕਰਾਚਾਰੀਆ ਪਾਸ ਗਿਆ। ਦੋਨਾਂ ਵਿਚ ਇਕ ਦਿਨ ਤੇ ਇਕ ਰਾਤ ਸ਼ਾਸਤਾਰਥ ਹੁੰਦਾ ਰਿਹਾ। ਅੰਤ ਰਵਿਦਾਸ ਹਾਰ ਗਏ ਤੇ ਉਹ ਸਵਾਮੀ ਰਾਮਾਨੰਦ ਕੋਲ ਆ ਕੇ ਉਨ੍ਹਾਂ ਦੇ ਚੇਲੇ ਬਣ ਗਏ।

ਸਪਸ਼ਟ ਹੈ ਕਿ ਇਨ੍ਹਾਂ ਸਰੋਤ ਪੁਸਤਕਾਂ ਵਿਚ ਜਿਨ੍ਹਾਂ ਘਟਨਾਵਾਂ ਦਾ ਉਲੇਖ ਮਿਲਦਾ ਹੈ ਜਾਂ ਗੁਰੂ

ਰਵਿਦਾਸ ਜੀ ਦੀ ਜੋ ਸ਼ਖਸੀਅਤ ਇਹ ਸ੍ਰੋਤ ਪੁਸਤਕਾਂ ਪੇਸ਼ ਕਰਦੀਆਂ ਹਨ, ਉਹ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦੇ ਕਰਤਾ ਨਾਲ ਮੇਲ ਨਹੀਂ ਖਾਂਦੀ। ਇਸ ਦਾ ਮੁੱਖ ਕਾਰਨ ਇਹੀ ਹੈ ਕਿ ਇਹ ਸਾਖੀਆਂ ਪੌਰਾਣਿਕ ਜ਼ਰੂਰ ਹਨ ਪਰ ਇਨ੍ਹਾਂ ਵਿਚ ਏਨੀ ਕਰਾਮਾਤ ਘਟਨਾਵਾਂ ਦਾ ਜ਼ਿਕਰ ਹੈ ਕਿ ਕਈ ਵਾਰ ਤਾਂ ਗੁਰੂ ਰਵਿਦਾਸ ਦੇ ਇਤਿਹਾਸਕ ਪੁਰਖ ਹੋਣ ਤੇ ਸ਼ੰਕਾ ਪੈਦਾ ਹੋ ਜਾਂਦੀ ਹੈ ਅਤੇ ਉਹ ਦੈਵਿਕ ਪੁਰਖ ਹੋ ਨਿਬੜਦੇ ਹਨ।

ਜਿਥੋਂ ਤੱਕ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਰਵਿਦਾਸ ਜੀ ਦੇ ਨਾਂ ਨਾਲ ਜੁੜੀ ਬਾਣੀ ਦਾ ਸੁਆਲ ਹੈ, ਇਸ ਸਬੰਧਤ ਹੁਣ ਤੱਕ ਜਿੰਨੇ ਵੀ ਸੰਗ੍ਰਹਿ ਜਾਂ ਪੁਸਤਕਾਂ ਉਪਲਬਧ ਹਨ, ਉਨ੍ਹਾਂ ਵਿਚ ਬਾਣੀ ਨੂੰ ਇਕੱਤਰ ਕਰਦੇ ਸਮੇਂ ਸੰਪਾਦਨ ਵਿਧੀ ਦਾ ਧਿਆਨ ਨਹੀਂ ਰੱਖਿਆ ਗਿਆ ਹੈ। ਨਾ ਹੀ ਇਹ ਪਤਾ ਚੱਲਦਾ ਹੈ ਕਿ ਇਨ੍ਹਾਂ ਪੁਸਤਕਾਂ ਨੂੰ ਤਿਆਰ ਕਰਦੇ ਸਮੇਂ, ਕਿਹੜੇ ਹੱਥ ਲਿਖਿਤ ਗ੍ਰੰਥਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ, ਉਹ ਹੱਥ ਲਿਖਿਤ ਗ੍ਰੰਥ ਕਿਹੜੇ ਹਨ, ਉਹ ਕਿਥੇ ਕਿਥੇ ਹਨ? ਬੇਸ਼ੱਕ ਡਾ. ਬੀ.ਪੀ. ਸ਼ਰਮਾ ਦਾ ਜਤਨ ਬਾਕੀਆਂ ਨਾਲੋਂ ਕੁਝ ਚੰਗਾ ਹੈ ਤੇ ਉਨ੍ਹਾਂ ਨੇ ਆਰੰਭ ਵਿਚ ਹੀ ਗੁਰੂ ਰਵਿਦਾਸ ਬਾਣੀ ਦੇ ਪ੍ਰਾਪਤ ਕੁਝ ਹੱਥਲਿਖਿਤ ਗ੍ਰੰਥਾਂ ਦੀ ਸੂਚੀ ਵੀ ਦਿੱਤੀ ਹੈ ਪਰ ਫਿਰ ਵੀ ਬਾਣੀ ਵਾਲੇ ਹਿੱਸੇ ਨੂੰ ਪੜ੍ਹਦਿਆਂ ਇਹ ਪਤਾ ਨਹੀਂ ਚੱਲਦਾ ਕਿ ਕਿਹੜੇ ਕਿਹੜੇ ਸ਼ਬਦ ਕਿਹੜੇ ਕਿਹੜੇ ਗ੍ਰੰਥਾਂ ਵਿਚੋਂ ਲਏ ਗਏ ਹਨ। ਹਾਲਾਂਕਿ ਡਾ. ਜਸਬੀਰ ਸਿੰਘ ਸਾਬਰ ਨੇ ਅਜਿਹਾ ਸੰਕਲਨ ਕਰਦੇ ਹੋਏ ਆਪਣੇ ਵੱਲੋਂ ਪੂਰੀ ਦੀ ਪੂਰੀ ਸੂਚਨਾ ਦੇਣ ਦਾ ਜਤਨ ਜ਼ਰੂਰ ਕੀਤਾ ਹੈ। ਸੀਰਗੋਵਰਧਨਪੁਰ ਵਿਚ ਵੀ ਜਿਸ ਗ੍ਰੰਥ ਦੀ ਸ਼ਰਧਾਲੂ ਪੂਜਾ ਕਰ ਰਹੇ ਹਨ, ਉਸ ਗ੍ਰੰਥ ਦੀ ਭਾਸ਼ਾ ਨਵੀਨ ਹੈ। ਜਾਪਦਾ ਹੈ ਕਿ ਲਿਪੀਕਰਤਾ ਨੇ ਉਤਾਰਾ ਕਰਨ ਸਮੇਂ ਮੂਲ ਭਾਸ਼ਾ ਦੀ ਥਾਂ ਪ੍ਰਚਲਤ ਭਾਸ਼ਾ ਵਿਚ ਹੀ ਉਲਥਾ ਕਰ ਦਿੱਤਾ ਹੈ। ਇਸ ਗ੍ਰੰਥ ਵਿਚ ਗੁਰੂ ਰਵਿਦਾਸ ਜੀ ਦੇ ਜਨਮ ਮਾਤਾ ਪਿਤਾ ਅਤੇ ਪ੍ਰਸਿੱਧ ਥਾਵਾਂ ਦਾ ਜੋ ਵੇਰਵਾ ਮਿਲਦਾ ਹੈ, ਉਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਗ੍ਰੰਥ ਪ੍ਰਚਲਤ ਮਾਨਤਾਵਾਂ ਦੇ ਆਧਾਰ ਤੇ ਹੀ ਕਲਮਬੱਧ ਕੀਤਾ ਗਿਆ ਹੈ।

## 4.11 ਗੁਰੂ ਰਵਿਦਾਸ ਬਾਣੀ ਦਾ ਪਰਿਚੈ

ਭਾਰਤੀ ਚਿੰਤਨ ਪਰੰਪਰਾ ਦੀ ਧਾਰਾ ਵਿਚ ਗੁਰੂ ਰਵਿਦਾਸ ਦੇ ਚਿੰਤਨ ਦਾ ਸਥਾਨ ਮਹੱਤਵਪੂਰਨ ਹੈ। ਉਨ੍ਹਾਂ ਦਾ ਚਿੰਤਨ ਉਨ੍ਹਾਂ ਦੇ ਕਾਵਿ ਵਿਚ ਪ੍ਰਗਟ ਹੁੰਦਾ ਹੈ ਜਾਂ ਇਹ ਕਹਿ ਲਓ ਕਿ ਉਨ੍ਹਾਂ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਲਈ ਕਾਵਿ ਨੂੰ ਇਕ ਮਾਧਿਅਮ ਵਜੋਂ ਵਰਤਿਆ ਹੈ। ਇਸੇ ਲਈ ਇਨ੍ਹਾਂ ਦੀ ਬਾਣੀ ਵਿਚ ਅਧਿਆਤਮਕਤਾ ਵੈਰਾਗ, ਭਗਤੀ ਅਤੇ ਕਰਮ ਦੇ ਸਿਧਾਂਤ ਦਾ ਕਾਵਿਕ ਗੁਣਾਂ ਨਾਲ ਅਦਭੁੱਤ ਮੇਲ ਪ੍ਰਗਟ ਹੁੰਦਾ ਹੈ। ਭਾਵੇਂ ਉਨ੍ਹਾਂ ਦੀ ਬਾਣੀ ਕਾਵਿ-ਸ਼ਾਸਤ੍ਰੀ ਨਿਯਮਾਂ ਵਿਚ ਬੜੀ ਥਾਈਂ ਖੁੱਲ ਲੈਂਦੀ ਪ੍ਰਤੀਤ ਹੁੰਦੀ ਹੈ ਪਰ ਫਿਰ ਵੀ ਇਸ ਵਿਚ ਉਨ੍ਹਾਂ ਦੀ ਕਾਵਿ ਅਭਿਵਿਅਕਤੀ ਦੀ ਸਹਿਜਤਾ ਅਤੇ ਵਿਦਵਤਾ ਦਾ ਅਦਭੁੱਤ ਸੁਮੇਲ ਹੈ।

ਵੱਖ ਵੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ ਤੇ ਅਸੀਂ ਗੁਰੂ ਰਵਿਦਾਸ ਦੀ ਬਾਣੀ ਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ।

4.11.1 ਸ੍ਰੀ ਆਦਿ ਗ੍ਰੰਥ ਵਿਚ ਦਰਜ ਬਾਣੀ

4.11.2 ਸ੍ਰੀ ਆਦਿ ਗ੍ਰੰਥ ਤੋਂ ਬਾਹਰ ਪ੍ਰਾਪਤ ਬਾਣੀ।

4.11.1 **ਸ਼੍ਰੀ ਆਦਿ ਗ੍ਰੰਥ ਵਿਚ ਦਰਜ ਬਾਣੀ** :- ਆਦਿ ਗ੍ਰੰਥ ਵਿਚ ਗੁਰੂ ਰਵਿਦਾਸ ਜੀ ਦੇ ਕੁੱਲ੍ਹ 40 ਸ਼ਬਦ ਮੌਜੂਦ ਹਨ। ਇਸ ਗ੍ਰੰਥ ਦੀ ਸੰਪਾਦਨਾ ਗੁਰੂ ਅਰਜੁਨ ਦੇਵ ਜੀ ਨੇ 1604 ਈ. ਵਿਚ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕੀਤੀ ਸੀ। ਇਸ ਗ੍ਰੰਥ ਦੀ ਪ੍ਰਮਾਣਿਕਤਾ ਤੇ ਕੋਈ ਸੰਦੇਹ ਨਹੀਂ ਕਰ ਸਕਦਾ। ਇਸ ਵਿਚ ਮੱਧਕਾਲ ਦੇ ਲਗਭਗ 600 ਸਾਲ ਦੀ ਭਗਤੀ ਲਹਿਰ ਦੇ ਨਾਲ ਜੁੜੇ ਪ੍ਰਮੁੱਖ ਭਗਤਾਂ, ਗੁਰੂਆਂ ਅਤੇ ਭੱਟਾਂ ਦੀ ਬਾਣੀ ਦਰਜ ਹੈ। ਗੁਰੂ ਰਵਿਦਾਸ ਜੀ ਦੀ ਦਰਜ ਬਾਣੀ 16 ਰਾਗਾਂ ਵਿਚ ਹੈ। ਇਹ ਰਾਗ ਹਨ- ਸਿਰੀ ਰਾਗ, ਗਉੜੀ, ਆਸਾ, ਗੂਜਰੀ, ਸੋਠਿ ਧਨਾਸਰੀ, ਜੈਤਸਰੀ, ਸੂਹੀ, ਬਿਲਾਵਲੁ, ਗੌਂਡ, ਕਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤੁ, ਮਲਾਰੁ, ਇਸ ਤਰ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਸੰਗੀਤਮਈ ਹੋ ਨਿਬੜਦੀ ਹੈ। ਛੰਦ ਦੇ ਪੱਖ ਤੋਂ ਇਹ ਬਾਣੀ ਤਿਪਦੇ, ਚਉਪਦੇ, ਦੁਪਦੇ, ਪੰਜਪਦੇ, ਅਸ਼ਟਪਦੀ, ਆਰਤੀ ਅਤੇ ਸ਼ਲੋਕ ਕਾਵਿਰੂਪਾਂ ਵਿਚ ਵੰਡੀ ਜਾ ਸਕਦੀ ਹੈ। ਇਸ ਬਾਣੀ ਵਿਚ ਗੁਰੂ ਰਵਿਦਾਸ ਜੀ ਦੀ ਇਕ ਨਿਰਗੁਣਵਾਦੀ ਸੰਤ ਦੇ ਰੂਪ ਵਿਚ ਛਵੀ ਉਭਰਦੀ ਹੈ ਅਤੇ ਉਨ੍ਹਾਂ ਦੀ ਬਾਣੀ ਦਾ ਆਸ਼ਾ ਪੂਰੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਆਸ਼ੇ ਨਾਲ ਮੇਲ ਖਾਂਦਾ ਹੈ।

4.11.2 **ਸ਼੍ਰੀ ਆਦਿ ਗ੍ਰੰਥ ਤੋਂ ਬਾਹਰੀ ਬਾਣੀ**: ਇਸ ਭਾਗ ਵਿਚ ਗੁਰੂ ਰਵਿਦਾਸ ਜੀ ਦੀ ਉਹ ਬਾਣੀ ਰਖੀ ਗਈ ਹੈ ਜੋ ਉਨ੍ਹਾਂ ਦੇ ਸ਼ਿਸ਼ਾਂ ਨੇ ਮੌਖਿਕ ਰੂਪ ਵਿਚ ਇਕੱਤਰ ਕਰਕੇ ਲਿਪੀਬੱਧ ਕੀਤੀ ਹੈ ਪਰ ਇਸ ਬਾਣੀ ਦੇ ਪ੍ਰਮਾਣਿਕ ਹਸਤ ਲੇਖ ਬਹੁਤ ਹੀ ਘੱਟ ਮਿਲਦੇ ਹਨ। ਇਸ ਲਈ ਇਹ ਬਾਣੀ ਪੂਰੀ ਤਰ੍ਹਾਂ ਪ੍ਰਮਾਣਿਕ ਨਹੀਂ ਕਹੀ ਜਾ ਸਕਦੀ ਹੈ। ਪਰ ਫਿਰ ਵੀ ਉਨ੍ਹਾਂ ਦੀ ਇਸ ਕਿਸਮ ਦੀ ਬਾਣੀ ਨੂੰ ਪ੍ਰਕਾਸ਼ ਵਿਚ ਲਿਆਉਣ ਵਾਲੇ ਵਿਦਵਾਨਾਂ ਤੇ ਉਨ੍ਹਾਂ ਦੀ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

4.11.2.1 ਰੈਦਾਸ ਜੀ ਕੀ ਬਾਣੀ- ਬੈਲਵੇਡਿਯਰ ਪ੍ਰੈਸ, ਇਲਾਹਾਬਾਦ।

4.11.2.2 ਸੰਤ ਸੁਧਾਸਾਰ - ਸੰਪਾਦਕ ਸ਼੍ਰੀ ਵਿਯੋਗੀ ਹਰਿ।

4.11.2.3 ਸੰਤ ਰਵਿਦਾਸ ਔਰ ਉਨਕਾ ਕਾਵਯ - ਰਾਮਾਨੰਦ ਸ਼ਾਸਤ੍ਰੀ ਅਤੇ ਵੀਰੇਂਦਰ ਪਾਂਡੇਯ।

4.11.2.4 ਸੰਤ ਰਵਿਦਾਸ - ਰਤਨਚੰਦ।

4.11.2.5 ਸੰਤ ਰਵਿਦਾਸ - ਵਿਅਕਤਿਤਵ ਅਤੇ ਕ੍ਰਿਤਿਤਵ - ਸ਼੍ਰੀ ਸੰਗਮਲਾਲ ਪਾਂਡੇਯ।

4.11.2.6 ਸੰਤ ਰੈਦਾਸ : ਕਵਿਤਵ, ਜੀਵਨ ਅਤੇ ਵਿਚਾਰ - ਡਾ. ਯੋਗੇਂਦ੍ਰ ਸਿੰਘ।

4.11.2.7 ਰਵਿਦਾਸ ਦਰਸ਼ਨ - ਸੰਪਾਦਕ ਆਚਾਰਯ ਪ੍ਰਿਥਵੀ ਸਿੰਘ ਆਜ਼ਾਦ।

4.11.2.8 ਸੰਤ ਰਵਿਦਾਸ - ਵਿਚਾਰਕ ਅਤੇ ਕਵੀ - ਡਾ. ਪਦਮ ਗੁਰਚਰਨ ਸਿੰਘ।

4.11.2.9 ਸੰਤ ਰਵਿਦਾਸ ਬਾਣੀ - ਡਾ. ਬੇਣੀ ਪ੍ਰਸਾਦ ਸ਼ਰਮਾ।

4.11.2.10 ਸੰਤ ਕਾਵਯ - ਆਚਾਰੀਯ ਪਰਸ਼ੁਰਾਮ ਚਤੁਰਵੇਦੀ।

**4.11.2.1 ਰੈਦਾਸ ਜੀ ਦੀ ਬਾਣੀ** - ਬੇਲਵੇਡਿਯਰ ਪ੍ਰੈਸ : ਬੇਲਵੇਡਿਯਰ ਪ੍ਰੈਸ, ਇਲਾਹਾਬਾਦ ਤੋਂ ਪ੍ਰਕਾਸ਼ਿਤ 'ਰੈਦਾਸ ਜੀ ਦੀ ਬਾਣੀ' ਵਿਚ 84 ਪਦ ਅਤੇ 'ਸਾਖੀਆਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਕੁਝ ਪਦ ਆਦਿ ਗ੍ਰੰਥ ਵਿਚ ਵੀ ਉਪਲਬਧ ਹਨ। ਪਰ ਇਨ੍ਹਾਂ ਪਦਿਆਂ ਦੀ ਭਾਸ਼ਾ ਆਦਿਗ੍ਰੰਥ ਵਿਚ ਵੀ ਉਪਲਬਧ

ਬਾਣੀ ਤੋਂ ਬਾਅਦ ਦੀ ਹੈ ਅਤੇ ਕੁਝ ਪਦਿਆਂ ਵਿਚ ਅਰਬੀ ਫਾਰਸੀ ਦੀ ਸ਼ਬਦਾਵਲੀ ਦਾ ਪ੍ਰਯੋਗ ਬਹੁਲਤਾ ਨਾਲ ਹੋਇਆ ਹੈ। ਇਸ ਗ੍ਰੰਥ ਨੂੰ ਇਸ ਲਈ ਵਧੇਰੇ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਨੂੰ ਕਿਸੇ ਵਿਸ਼ੇਸ਼ ਪ੍ਰਾਚੀਨ ਹੱਥ ਲਿਖਿਤ ਪ੍ਰਤੀ ਦਾ ਆਧਾਰ ਪ੍ਰਾਪਤ ਨਹੀਂ ਹੈ ਪਰ ਫਿਰ ਵੀ ਜਨਸਾਧਾਰਨ ਵਿਚ ਪ੍ਰਚਾਰ ਦੀ ਦ੍ਰਿਸ਼ਟੀ ਤੋਂ ਇਹ ਹੀ ਬਾਣੀ ਵਧੇਰੇ ਪ੍ਰਚਲਿਤ ਅਤੇ ਉਪਲਬਧ ਰਹੀ ਹੈ।

4.11.2.2 **ਸੰਤ ਸੁਧਾਸਾਰ** – **(ਸੰ) ਸ੍ਰੀ ਵਿਯੋਗੀ ਹਰਿ** : ਵਿਯੋਗੀ ਹਰਿ ਦਵਾਰਾ ਸੰਪਾਦਿਤ 'ਸੰਤ ਸੁਧਾਸਾਰ' ਵਿਚ ਗੁਰੂ ਰਵਿਦਾਸ ਤੋਂ ਇਲਾਵਾ ਕਬੀਰ, ਨਾਨਕ, ਦਾਦੂ ਅਤੇ ਪਲਟੂ ਆਦਿ ਦੀ ਬਾਣੀ ਵੀ ਸੰਗ੍ਰਹਿਤ ਹੈ। ਪ੍ਰਸਤੁਤ ਬਾਣੀ ਸੰਗ੍ਰਹਿ ਵਿਚ ਗੁਰੂ ਰਵਿਦਾਸ ਦੇ 20 ਪਦ ਅਤੇ 5 ਸਾਖੀਆਂ ਹਨ।

ਇਨ੍ਹਾਂ ਸਾਰੇ ਪਦਾਂ ਦਾ ਆਧਾਰ ਆਦਿ ਗੁਰੂ ਗ੍ਰੰਥ ਸਾਹਿਬ ਹੈ ਅਤੇ ਸਾਖੀਆ ਦੀ ਚੋਣ ਪ੍ਰਸਤਕ ਰੈਦਾਸ ਜੀ ਦੀ ਬਾਣੀ ਵਿਚੋਂ ਕੀਤੀ ਗਈ ਹੈ।

4.11.2.3 **ਸੰਤ ਰਵਿਦਾਸ ਔਰ ਉਨਕਾ ਕਾਵਯ** – ਸੰ ਰਾਮਾਨੰਦ ਸ਼ਾਸਤ੍ਰੀ ਅਤੇ ਵੀਰੇਂਦਰ ਪਾਂਡੇਯ ਨੇ 'ਸੰਤ ਰਵਿਦਾਸ ਅਤੇ ਉਨਕਾ ਕਾਵਯ' ਦਾ ਸੰਪਾਦਨ 2012 ਵਿਕਰਮੀ ਸੰਵਤ ਵਿਚ ਕੀਤਾ। ਇਸ ਵਿਚ ਵੀ ਗੁਰੂ ਰਵਿਦਾਸ ਦੇ ਜੀਵਨ ਦਾ ਵਿਸਤਾਰ ਨਾਲ ਉਲੇਖ ਕੀਤਾ ਗਿਆ ਹੈ ਪਰ ਨਾਲ ਹੀ ਗੁਰੂ ਰਵਿਦਾਸ ਦੀ ਬਾਣੀ ਦਾ ਆਲੋਚਨਾਤਮਕ ਅਧਿਐਨ ਵੀ ਉਪਲਬਧ ਹੈ। ਇਸ ਗ੍ਰੰਥ ਵਿਚ ਸੰਕਲਿਤ ਗੁਰੂ ਰਵਿਦਾਸ ਬਾਣੀ ਦੀ ਪ੍ਰਮਾਣਿਕਤਾ ਤੇ ਸੰਦੇਹ ਵੀ ਕੀਤਾ ਜਾਂਦਾ ਹੈ। ਆਚਾਰਯ ਪ੍ਰਿਥਵੀ ਸਿੰਘ ਆਜ਼ਾਦ ਦੇ ਮਤ ਅਨੁਸਾਰ ਰਵਿਦਾਸ ਬਾਣੀ ਦੇ ਇਸ ਸੰਗ੍ਰਹਿ ਨੂੰ ਪੂਰਣ ਨਹੀਂ ਕਿਹਾ ਜਾ ਸਕਦਾ।

4.11.2.4 **ਸੰਤ ਰਵਿਦਾਸ – ਸ੍ਰੀ ਰਤਨਚੰਦ** : ਸੰਤ ਰਵਿਦਾਸ ਬਾਣੀ ਦਾ ਇਹ ਸੰਗ੍ਰਹਿ ਵਿਸ਼ਵੇ ਸ਼ਵਰਾਨੰਦ ਵੈਦਿਕ ਸ਼ੋਧ ਸੰਸਥਾਨ ਤੋਂ 1968 ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ ਸ੍ਰੀਰਤਨ ਚੰਦ੍ ਨੇ ਸੰਤ ਰਵਿਦਾਸ ਦੇ ਜੀਵਨ ਬਿਰਤਾਂਤ ਨੂੰ ਇਤਿਹਾਸਕ ਪਰਿਪੇਖ ਵਿਚ ਵਰਣਿਤ ਕੀਤਾ ਹੈ। ਪੁਸਤਕ ਦੇ ਅੰਤ ਵਿਚ ਗੁਰੂ ਰਵਿਦਾਸ ਦੇ 52 ਪਦ ਅਤੇ 3 ਸਾਖੀਆਂ ਸੰਗ੍ਰਹਿਤ ਹਨ। ਪ੍ਰਸਤੁਤ ਸੰਗ੍ਰਹਿ ਵਿਚ ਸ਼ਾਮਲ ਪਦਿਆਂ ਦੀ ਚੋਣ ਦੇ ਸਬੰਧ ਵਿਚ ਸੰਪਾਦਕ ਦਾ ਕਥਨ ਹੈ ਕਿ ਇਸ ਸੰਗ੍ਰਹਿ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਰੈਦਾਸ ਜੀ ਦੀ ਬਾਣੀ' ਵਿਚੋਂ ਕੁਝ ਪਦ ਲਏ ਗਏ ਹਨ। ਜੋ ਪਦ 'ਗੁਰੂ ਗ੍ਰੰਥ ਸਾਹਿਬ' ਅਤੇ 'ਰੈਦਾਸ ਜੀ ਦੀ ਬਾਣੀ' ਦੋਹਾਂ ਵਿਚ ਹਨ, ਉਨ੍ਹਾਂ ਦਾ ਪਾਠ ਗੁਰੂ ਗ੍ਰੰਥ ਸਾਹਿਬ ਵਿਚ ਹੀ ਲਿਆ ਗਿਆ ਹੈ। ਸੰਪਾਦਕ ਦੀ ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਪਦਿਆਂ ਨੂੰ ਹੀ ਪੂਰਣ ਪ੍ਰਮਾਣਿਕ ਮੰਨਦੇ ਹਨ। ਇਸ ਵਿਚ ਰਵਿਦਾਸ ਜੀ ਦੀ ਸੰਪੂਰਣ ਬਾਣੀ ਨਹੀਂ ਹੈ।

4.11.2.5 **ਸੰਤ ਰਵਿਦਾਸ – ਵਿਅਕਤਿਤਵ ਅਤੇ ਕ੍ਰਿਤਿਤਵ – ਸ੍ਰੀ ਸੰਗਮ ਲਾਲ ਪਾਂਡੇਯ**: ਸ੍ਰੀ ਸੰਗਲ ਲਾਲ ਪਾਂਡੇਯ ਦੀ ਇਹ ਰਚਨਾ ਇਲਾਹਾਬਾਦ ਤੋਂ ਸੰਨ 1870 ਵਿਚ ਛਪੀ। ਇਹ ਦੋ ਖੰਡਾਂ ਵਿਚ ਵੰਡੀ ਪੁਸਤਕ ਹੈ ਜਿਸਦੇ ਪਹਿਲੇ ਖੰਡ ਵਿਚ ਰਵਿਦਾਸ ਦੇ ਜੀਵਨ ਅਤੇ ਦਰਸ਼ਨ ਦਾ ਸੰਖੇਪ ਵੇਰਵਾ ਹੈ ਅਤੇ ਦੂਜੇ ਖੰਡ ਵਿਚ ਉਨ੍ਹਾਂ ਦੀ ਬਾਣੀ ਸੰਕਲਿਤ ਹੈ। ਇਸ ਵਿਚ 107 ਪਦ ਅਤੇ 7 ਸਾਖੀਆਂ ਸ਼ਾਮਲ ਹਨ। ਨਾਲ ਹੀ ਇਸ ਪੁਸਤਕ ਵਿਚ ਥਾਂ ਪਰ ਥਾਂ ਟਿੱਪਣੀਆਂ ਰਾਹੀਂ ਮੁਸ਼ਕਲ ਸ਼ਬਦਾਂ ਦੇ ਅਰਥ ਅਤੇ ਸਿਧਾਂਤਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਆਖਿਆ ਦੀ ਦ੍ਰਿਸ਼ਟੀ ਤੋਂ ਇਹ ਪੁਸਤਕ ਪਾਠਕਾਂ ਲਈ ਅਤਿ ਉਪਯੋਗੀ ਹੈ।

4.11.2.6 **ਸੰਤ ਰੈਦਾਸ- ਡਾ. ਯੋਗੇਂਦ੍ਰ ਸਿੰਘ** : ਡਾ. ਯੋਗੇਂਦ੍ਰ ਸਿੰਘ ਦੀ ਇਹ ਰਚਨਾ ਚਾਰ ਖੰਡਾਂ ਵਿਚ ਵੰਡੀ ਹੋਈ ਹੈ। ਪੁਸਤਕ ਦੇ ਪਹਿਲੇ ਤਿੰਨ ਖੰਡ ਰਵਿਦਾਸ ਜੀ ਦੇ ਜੀਵਨ, ਵਿਚਾਰਧਾਰਾ ਅਤੇ ਸਾਹਿਤ ਦੀ ਵਿਵੇਚਨਾ ਕਰਦੇ ਹਨ ਜਦਕਿ ਚੌਥਾ ਖੰਡ 112 ਪਦ ਅਤੇ ਸਾਖੀਆਂ ਦੀ ਪੇਸ਼ਕਾਰੀ ਕਰਦਾ ਹੈ। ਅੰਤ ਵਿਚ 'ਪ੍ਰਹਿਲਾਦ ਚਰਿਤ' ਨਾਂ ਦੀ ਰਚਨਾ ਵੀ ਹੈ। ਇਸ ਵਿਚ ਯਾਦ ਟਿੱਪਣੀਆਂ ਵਿਚ ਵਿਭਿੰਨ ਪਦ-ਭੇਦਾਂ ਰਾਹੀਂ ਉਸ ਨੂੰ ਪ੍ਰਮਾਣਿਕ ਬਨਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਇਹ ਇਕ ਵਧੀਆ ਪਾਠਪੁਸਤਕ ਹੈ।

4.11.2.7 **ਰਵਿਦਾਸ ਦਰਸ਼ਨ - ਆਚਾਰੀਯ ਪ੍ਰਿਥਵੀ ਸਿੰਘ ਆਜ਼ਾਦ** : ਆਚਾਰੀਯ ਪ੍ਰਿਥਵੀ ਸਿੰਘ ਆਜ਼ਾਦ ਨੇ 37 ਉਪ ਸਿਰਲੇਖਾਂ ਨਾਲ 194 ਸਾਖੀਆਂ ਨੂੰ ਇਸ ਪੁਸਤਕ ਵਿਚ ਪ੍ਰਸਤੁਤ ਕੀਤਾ। ਇਸ ਪੁਸਤਕ ਦਾ ਸੰਪਾਦਨ ਕਾਰਜ ਡਾ. ਪੀਤਾਂਬਰ ਨਾਰਾਇਣ ਅਤੇ ਡਾ. ਬੇਣੀ ਪ੍ਰਸਾਦ ਸ਼ਰਮਾ ਨੇ ਕੀਤਾ ਹੈ। ਇਹ ਪੁਸਤਕ ਜਿਥੇ ਅਨੇਕਾਂ ਹੱਥਲਿਖਤਾਂ ਤੇ ਆਧਾਰਿਤ ਹੈ ਉਥੇ ਮੌਖਿਕ ਪਰੰਪਰਾ ਵਿਚ ਉਪਲਬਧ ਬਾਣੀ ਦਾ ਭਰਪੂਰ ਆਸ਼੍ਰਯ ਵੀ ਲਿਆ ਗਿਆ ਹੈ। ਪੁਸਤਕ ਦੇ ਆਰੰਭ ਵਿਚ ਭਗਤੀ ਦਾ ਵਿਕਾਸ, ਰਵਿਦਾਸ ਜੀ ਦੇ ਵਿਚਾਰ ਅਤੇ ਭਗਤੀ ਕਾਰਜ ਦਾ ਪਰਿਚੈ ਦੇ ਕੇ ਉਨ੍ਹਾਂ ਦੀ ਬਾਣੀ ਦਿੱਤੀ ਗਈ ਹੈ।

4.11.2.8 **ਸੰਤ ਰਵਿਦਾਸ : ਵਿਚਾਰਕ ਅਤੇ ਕਵੀ - ਡਾ. ਪਦਮ ਗੁਰਚਰਨ ਸਿੰਘ** : ਪ੍ਰਸਤੁਤ ਪੁਸਤਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਰਵਿਦਾਸ ਬਾਣੀ ਤੇ ਆਧਾਰਿਤ ਹੈ। ਇਸ ਪੁਸਤਕ ਵਿਚ ਰਵਿਦਾਸ ਦੇ ਜੀਵਨ ਯੁੱਗ ਦੀ ਪਰਿਸਥਿਤੀਆਂ, ਚਿੰਤਨ ਉਨ੍ਹਾਂ ਦੇ ਪ੍ਰੇਰਕ ਬਿੰਦੂ ਅਤੇ ਬਾਣੀ ਨੂੰ ਦੋ ਸੌ ਦੇ ਕਰੀਬ ਪੰਨਿਆਂ ਵਿਚ ਸਮੇਟਿਆ ਗਿਆ ਹੈ।

4.11.2.9 **ਸੰਤ ਗੁਰੂ ਰਵਿਦਾਸ ਬਾਣੀ - ਡਾ. ਬੇਣੀ ਪ੍ਰਸਾਦ ਸ਼ਰਮਾ** - ਇਹ ਪੁਸਤਕ ਸੰਤ ਰਵਿਦਾਸ ਦੇ ਹੁਣ ਤੱਕ ਪ੍ਰਕਾਸ਼ਿਤ ਬਾਣੀ-ਸੰਗ੍ਰਿਹਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਣ ਹੈ। ਲੇਖਕ ਨੇ ਅੱਠ ਸਾਲ ਲਗਾਤਾਰ ਰਵਿਦਾਸ ਦੇ ਉਪਲਬੱਧ ਪਦਿਆਂ ਦਾ ਸੰਗ੍ਰਹਿ ਅਤੇ ਨਿਰੀਖਣ ਕਰਕੇ ਪੁਸਤਕ ਨੂੰ ਪ੍ਰਮਾਣਿਕ ਬਨਾਉਣ ਦਾ ਜਤਨ ਕੀਤਾ ਹੈ। ਇਸ ਵਿਚ ਗੁਰੂ ਰਵਿਦਾਸ ਦੇ 177 ਪਦ ਅਤੇ 43 ਸਾਖੀਆਂ ਸ਼ਾਮਲ ਹਨ। ਰਵਿਦਾਸ ਦਰਸ਼ਨ ਵਿਚ ਦਿੱਤੀਆਂ 163 ਸਾਖੀਆਂ ਇਸ ਪੁਸਤਕ ਵਿਚ ਸ਼ਾਮਲ ਨਹੀਂ ਹਨ। ਪੁਸਤਕ ਵਿਚ 3 ਤੋਂ 6 ਸਾਖੀਆਂ ਵਿਚ ਰਵਿਦਾਸ, ਕਬੀਰ ਗੋਸ਼ਟੀ ਅਤੇ 18 ਪਦਾਂ ਵਿਚ ਪ੍ਰਹਿਲਾਦ ਚਰਿੱਤਰ ਦਿੱਤਾ ਗਿਆ ਹੈ।

4.11.2.10 **ਸੰਤ ਕਾਵਯ - ਆਚਾਰੀਯ ਪਰਸ਼ੁਰਾਮ ਚਤੁਰਵੇਦੀ** - ਆਚਾਰੀਯ ਪਰਸ਼ੁਰਾਮ ਚਤੁਰਵੇਦੀ ਦੀ ਰਚਨਾ 'ਸੰਤ ਕਾਵਯ' ਵੀ ਇਕ ਮਹੱਤਵਪੂਰਣ ਰਚਨਾ ਹੈ। ਇਸ ਵਿਚ ਵਿਦਵਾਨ ਲੇਖਕ ਨੇ ਬੜੀ ਮਿਹਨਤ ਨਾਲ ਸੰਤ ਰਵਿਦਾਸ ਦੀ ਬਾਣੀ ਦੀ ਉਪਯੁਕਤ ਚੋਣ ਕਰਕੇ ਉਸਦੀ ਪ੍ਰਮਾਣਿਕਤਾ ਨੂੰ ਯਥਾਸ਼ਕਤੀ ਬਣਾਏ ਰੱਖਣ ਦੀ ਪ੍ਰਸ਼ੰਸਾਤਮਕ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਗੁਰੂ ਰਵਿਦਾਸ ਦੇ ਜੀਵਨ ਅਤੇ ਬਾਣੀ ਦੀ ਚਰਚਾ ਕਰਦੇ ਹੋਏ ਉਸਦੀ ਕਾਵਿਗਤ ਵਿਸ਼ੇਸ਼ਤਾਈਆਂ ਦਾ ਵੀ ਜ਼ਿਕਰ ਕੀਤਾ ਹੈ।

ਇਸ ਤੋਂ ਇਲਾਵਾ ਡਾ. ਧਰਮਪਾਲ ਸੈਣੀ ਨੇ ਵੀ ਆਪਣੇ ਸ਼ੋਧ ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਤਾਂ ਦੇ ਧਾਰਮਿਕ ਵਿਸ਼ਵਾਸਾਂ ਦਾ ਅਧਿਐਨ ਪ੍ਰਤਿਪਾਦਿਤ ਕਰਨ ਦਾ ਕਾਰਜ ਕਰਦੇ ਹੋਏ ਰਵਿਦਾਸ ਜੀ ਬਾਰੇ ਭਰਪੂਰ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਥਾਪਿਤ ਰਵਿਦਾਸ ਚੇਅਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਰਵਿਦਾਸ ਚੇਅਰ ਲਗਾਤਾਰ ਨਵੇਂ ਆਏ ਦੀ ਖੋਜ ਵਿਦਿਆਰਥੀਆਂ ਰਾਹੀਂ ਗੁਰੂ ਰਵਿਦਾਸ ਦੀ ਬਾਣੀ ਦੀ ਖੋਜ ਸਬੰਧੀ ਮਹੱਤਵਪੂਰਣ ਕਾਰਜ ਕਰ ਰਹੀਆਂ ਹਨ।

## 4.12 ਰਵਿਦਾਸ ਬਾਣੀ ਦੇ ਪ੍ਰੇਰਣਾ ਤੱਤ

ਗੁਰੂ ਰਵਿਦਾਸ ਦਲਿਤਾਂ ਦੇ ਮਸੀਹਾ ਸਨ। ਉਨ੍ਹਾਂ ਦੀ ਬਾਣੀ ਨੂੰ ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇ ਕੇ, ਉਨ੍ਹਾਂ ਦੀ ਮਹਾਨਤਾ ਤੇ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਦੀ ਸ਼ਖਸੀਅਤ ਅਤੇ ਬਾਣੀ ਦੋਹਾਂ ਵਿਚ ਉਸ ਯੁੱਗ ਦੇ ਪਰਿਵੇਸ਼ ਅਤੇ ਵਾਤਾਵਰਣ ਦੀ ਝਲਕ ਸਪਸ਼ਟ ਤੌਰ 'ਤੇ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਉਸ ਵਕਤ ਦਾ ਪਰਿਵੇਸ਼ ਅਤੇ ਵਾਤਾਵਰਣ ਹੀ ਹੈ ਜੋ ਉਨ੍ਹਾਂ ਦੀ ਬਾਣੀ ਦੇ ਪ੍ਰੇਰਕ ਤੱਤ ਬਣਕੇ ਉਭਰਦੇ ਹਨ। ਇਸ ਲਈ ਗੁਰੂ ਰਵਿਦਾਸ ਦੇ ਸਮੇਂ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਇਤਿਹਾਸਕ ਪਰਿਵੇਸ਼ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ।

4.12.1 **ਰਾਜਨੀਤਿਕ ਪਰਿਵੇਸ਼** : ਗੁਰੂ ਰਵਿਦਾਸ ਜੀ ਜਨਮ ਚੌਦਵੀਂ ਸਦੀ ਦੇ ਸ਼ੁਰੂ ਵਿਚ ਹੋਇਆ। ਇਸ ਸਮੇਂ ਦੀ ਰਾਜਨੀਤਿਕ ਵਿਵਸਥਾ ਨੂੰ ਸਮਝਣ ਲਈ ਪੂਰਵ ਮੱਧ ਯੁੱਗ ਦੇ ਪਰਿਵੇਸ਼ ਨੂੰ ਧਿਆਨ ਗੋਚਰੇ ਲਿਆਉਣਾ ਜ਼ਰੂਰੀ ਹੈ।

ਸਮਰਾਟ ਹਰਸ਼ਵਰਧਨ ਦੀ ਮੌਤ ਮਗਰੋਂ ਉਸਦਾ ਮਗਧ ਰਾਜ ਛੋਟੇ ਛੋਟੇ ਟੁਕੜਿਆਂ ਵਿਚ ਵੰਡਿਆ ਗਿਆ ਸੀ ਅਤੇ ਸਾਰੇ ਇਕ ਦੂਜੇ ਤੋਂ ਖਾਰ ਖਾਣ ਲੱਗੇ ਅਤੇ ਹਮੇਸ਼ਾ ਇਕ ਦੂਜੇ ਨਾਲ ਯੁੱਧ ਰੱਤ ਰਹਿਣ ਲੱਗੇ। ਅਜਿਹੇ ਹਾਲਤਾਂ ਵਿਚ ਮੱਧ ਅਰਬ ਦੇਸ਼ ਦੇ ਮੁਹੰਮਦ -ਬਿਨ-ਕਾਸਿਮ ਨੇ ਉਤਰੀ ਭਾਰਤ ਤੇ ਹਮਲਾ ਕਰਕੇ ਉਤਰੀ ਭਾਰਤ ਦੇ ਪ੍ਰਮੁੱਖ ਪ੍ਰਦੇਸ਼ ਸਿੰਧ ਨੂੰ ਜਿੱਤ ਲਿਆ। ਉਸਨੇ ਹਿੰਦੂ ਤੇ ਬੋਧਾਂ ਤੇ ਖਿਰਾਜ਼ ਅਤੇ ਜਜ਼ਿਆ ਨਾਂ ਦੇ ਟੈਕਸ ਲਗਾ ਦਿੱਤੇ। ਇਸੇ ਤਰ੍ਹਾਂ 11ਵੀਂ ਸਦੀ ਦੇ ਆਰੰਭ ਵਿਚ ਮੁਹੰਮ ਗਜ਼ਨਵੀ ਨੇ 17 ਵਾਰ ਭਾਰਤ 'ਤੇ ਹਮਲਾ ਕਰਕੇ ਹਿੰਦੂ ਮੰਦਰਾਂ, ਬੋਧ ਮਠਾਂ ਨੂੰ ਲੁੱਟ ਲਿਆ। ਉਸ ਮਗਰੋਂ ਮੁਹੰਮਦ ਗੋਰੀ ਤੇ ਫਿਰ ਸ਼ਹਾਬੁਦੀਨ ਨੇ ਭਾਰਤ ਹਮਲੇ ਕੀਤੇ ਅਤੇ ਭਾਰਤ ਦੀ ਰਾਜਨੀਤਿਕ ਹਾਲਤ ਹੋਰ ਵੀ ਖਸਤਾ ਕਰ ਦਿੱਤੀ।

ਸੰਨ 1265 ਵਿਚ ਅਲਾਉਦੀਨ ਖਿਲਜੀ ਆਪਣੇ ਚਾਚੇ ਦੀ ਹੱਤਿਆ ਕਰਕੇ ਰਾਜਾ ਬੰਨ੍ਹਿਆ। ਉਸਨੇ ਹਿੰਦੂ ਜਨਤਾ ਤੇ ਕਈ ਅਤਿਆਚਾਰ ਕੀਤੇ। ਉਸ ਮਗਰੋਂ ਮੁਹੰਮਦ-ਬਿਨ-ਤੁਗਲਕ ਭਾਰਤ ਦੀ ਰਾਜਨੀਤਿਕ ਪਰਿਵੇਸ਼ ਤੇ ਕਾਬਿਜ਼ ਹੋਇਆ। ਉਹ ਬੇਸ਼ੱਕ ਧਰਮ ਨਿਰਪੱਖ ਰਾਜਾ ਸੀ। ਪਰ ਉਸ ਮਗਰੋਂ ਰਾਜਾ ਬਣੇ ਫਿਰੋਜ਼ ਤੁਗਲਕ ਨੇ ਹਿੰਦੂਆ ਤੇ ਬਹੁਤ ਜ਼ੁਲਮ ਢਾਏ। ਉਹ ਬਹੁਤ ਕੱਟੜ ਤੇ ਤੰਗਦਿਲ ਸ਼ਾਸਕ ਸੀ ਜੋ ਮੁੱਲਾ-ਮੌਲਾਣਿਆਂ ਦੇ ਹੁਕਮ ਅਨੁਸਾਰ ਚਲਦਾ ਸੀ। ਉਸਨੇ ਹਿੰਦੂਆਂ 'ਤੇ ਜਜ਼ਿਆ ਵੀ ਲਗਾਇਆ। ਹਿੰਦੂ ਮੰਦਰ ਢਾਏ ਅਤੇ ਬ੍ਰਾਹਮਣ ਜਾਤੀ ਤੇ ਇਕ ਖਾਸ ਕਿਸਮ ਦਾ ਟੈਕਸ ਲਗਾਇਆ।

ਉਸਦੇ ਸ਼ਾਸਨ ਦੌਰਾਨ ਹੀ ਤੈਮੂਰ ਲੰਗ ਨੇ 1365 ਈ. ਵਿਚ ਭਾਰਤ ਤੇ ਹਮਲਾ ਕੀਤਾ। ਉਸਦੇ ਹਮਲੇ ਦਾ ਉਦੇਸ਼ ਭਾਰਤ ਵਿਚ ਲੁੱਟਮਾਰ ਕਰਨਾ, ਕਾਫਿਰਾਂ ਨੂੰ ਸਜ਼ਾ ਦੇਣਾ, ਮੂਰਤੀ ਪੂਜਾ ਤੇ ਬਹੁਦੇਵਵਾਦ ਨੂੰ ਖਤਮ ਕਰਨਾ ਸੀ। ਉਸਦੀ ਇਸ ਲੁੱਟਪਾਟ ਨੇ ਤੁਗਲਕ ਵੰਸ਼ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ। ਬੰਗਾਲ ਅਤੇ ਗੁਜਰਾਤ ਵਿਚ ਮੁੜ ਮੁਸਲਿਮ ਰਿਆਸਤਾਂ ਬਨਣ ਲੱਗੀਆਂ। ਰਾਜਸਥਾਨ ਵਰਗੇ ਇਲਾਕਿਆਂ ਵਿਚ ਰਾਜਪੂਤ ਸਿਰ ਚੁੱਕਣ ਲੱਗੇ। ਅਖੀਰ ਅਲਾਉਦੀਨ ਦੀ ਕਮਜ਼ੋਰ ਸਥਿਤੀ ਦਾ ਫਾਇਦਾ ਉਠਾ ਕੇ ਲਾਹੌਰ ਦੇ ਸ਼ਾਸਕ ਬਹਿਲੋਲ ਲੋਦੀ ਨੇ ਦਿੱਲੀ ਜਿੱਤ ਲਈ ਅਤੇ 16 ਅਪ੍ਰੈਲ 1451 ਵਿਚ ਲੋਦੀ ਵੰਸ਼ ਦੀ ਨੀਂਹ ਰੱਖੀ ਪਰ ਉਹ ਵੀ ਕੱਟੜਪੰਥੀ ਰਾਜਾ ਸਾਬਿਤ ਹੋਇਆ। ਉਸ ਮਗਰੋਂ ਸਿਕੰਦਰ ਲੋਦੀ ਰਾਜਾ ਬਣਿਆ। ਇਤਿਹਾਸ ਵਿਚ ਸਿਕੰਦਰ ਲੋਦੀ ਦੇ ਕਬੀਰ ਜੀ ਵਰਗੇ ਸੰਤਾਂ ਨੂੰ ਕਸ਼ਟ ਦੇਣ ਦਾ ਜ਼ਿਕਰ ਮਿਲਦਾ ਹੈ।

ਰਵਿਦਾਸ ਜੀ ਦੀ ਬਾਣੀ ਵਿਚ ਅਜਿਹੇ ਸੰਕੇਤ ਮਿਲਦੇ ਹਨ ਜਿਸ ਤੋਂ ਉਸ ਵਕਤ ਦੀ ਅਸ਼ਾਂਤੀ ਭਰੀ ਰਾਜਨੀਤਿਕ ਵਿਵਸਥਾ ਤੇ ਅਫ਼ਰਾਤਫ਼ਰੀ ਦੇ ਮਾਹੌਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੇ ਤਤਕਾਲੀਨ ਰਾਜਨੀਤਕ ਵਿਵਸਥਾ ਬਾਰੇ ਸਪਸ਼ਟ ਕੁਝ ਨਹੀਂ ਲਿਖਿਆ ਪਰ ਉਨ੍ਹਾਂ ਦਾ ਬੇਗਮਪੁਰੇ ਵਾਲਾ ਸ਼ਬਦ ਸਮਾਜਵਾਦੀ ਰਾਜ ਦੀ ਕਲਪਨਾ ਜ਼ਰੂਰ ਕਰਦਾ ਹੈ ਅਤੇ ਧਰਮ ਦੇ ਆਧਾਰ 'ਤੇ ਸ਼ਾਸਕ ਵਰਗ ਦੀ ਲੁੱਟਖਸੁੱਟ ਕਾਰਣ ਜਨਤਾ ਵਿਚ ਵਿਆਪਕ ਡਰ ਨੂੰ ਵਿਖਾਉਂਦਾ ਹੈ। ਸਿਕੰਦਰ ਲੋਦੀ ਦਾ ਸ਼ਾਸਨ ਵੀ ਥੁੜ ਚਿਰਾ ਹੀ ਸੀ। ਉਸ ਮਗਰੋਂ ਇਬਰਾਹੀਮ ਲੋਦੀ ਰਾਜਾ ਬਣਿਆ ਉਸ ਵਕਤ ਰਾਜਪੂਤ ਰਾਣਾ ਸਾਂਗਾ ਦੇ ਨੇਤਰਿਤਵ ਵਿਚ ਸ਼ਕਤੀਸ਼ਾਲੀ ਹੋ ਗਏ ਤੇ ਪੰਜਾਬ ਵਿਚ ਸੂਬੇਦਾਰ ਦੌਲਤ ਖਾਂ ਉਸ ਦਾ ਵਿਰੋਧੀ ਹੋ ਗਿਆ। ਉਸਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਦਾ ਸੁਨੇਹਾ ਭੇਜਿਆ ਤੇ ਬਾਬਰ ਨੇ ਪਾਨੀਪਤ ਦੇ ਮੈਦਾਨ ਵਿਚ 12 ਅਪ੍ਰੈਲ 1526 ਵਿਚ ਇਬਰਾਹੀਮ ਲੋਦੀ ਨੂੰ ਹਰਾ ਕੇ ਮੁਗਲ ਵੰਸ਼ ਦੀ ਨੀਂਹ ਰੱਖ ਦਿੱਤੀ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰਵਿਦਾਸ ਯੁੱਗ ਦਾ ਰਾਜਨੀਤਿਕ ਪਰਿਵੇਸ਼ ਅਸ਼ਾਂਤੀ ਅਤੇ ਅਵਿਵਸਥਾ ਦਾ ਯੁੱਗ ਸੀ। ਉਸ ਵਕਤ ਦੇ ਸ਼ਾਸਕ ਰਾਜ ਵਿਸਤਾਰ ਲਈ ਆਪਸ ਵਿਚ ਲੜਦੇ ਝਗੜਦੇ ਸਨ। ਧਾਰਮਿਕ ਕੱਟੜਤਾ ਤੋਂ ਪ੍ਰਭਾਵਿਤ ਹੋ ਕੇ ਉਹ ਹਿੰਦੂਆਂ ਤੇ ਅਤਿਆਚਾਰ ਕਰਦੇ ਸਨ।

4.12.2 **ਸਮਾਜਿਕ ਪਰਿਸਥਿਤੀਆਂ**: ਮੱਧਕਾਲੀਨ ਉੱਤਰੀ ਭਾਰਤ ਵਿਚ ਮੁੱਖ ਤੌਰ 'ਤੇ ਹਿੰਦੂ ਤੇ ਮੁਸਲਮਾਨ ਲੋਕ ਰਹਿੰਦੇ ਸਨ। ਹਿੰਦੂ ਅਤੇ ਮੁਸਲਮਾਨਾਂ ਵਿਚ ਇਕ ਨਿਰੰਤਰ ਟੱਕਰ ਚਲ ਰਹੀ ਸੀ ਕਿਉਂਕਿ ਇਨ੍ਹਾਂ ਵਿਚ ਸ਼ਾਸਿਤ ਅਤੇ ਸ਼ਾਸਕ ਸ਼੍ਰੇਣੀ ਵਾਲਾ ਵੱਖਰੇਵਾਂ ਮੌਜੂਦ ਸੀ। ਉਸ ਵਕਤ ਦੀਆਂ ਸਮਾਜਿਕ ਪਰਿਸਥਿਤੀਆਂ ਅਤੇ ਆਮ ਜਨਤਾ ਦੀ ਸਮਾਜਿਕ ਅਵਸਥਾ ਦਾ ਸਹੀ ਵਿਵੇਚਨ ਕਰਨ ਲਈ ਇਨ੍ਹਾਂ ਨੂੰ ਵੱਖ ਵੱਖ ਸਿਰਲੇਖਾਂ ਹੇਠ ਵਿਚਾਰਿਆ ਜਾ ਸਕਦਾ ਹੈ।

4.5.2.1 **ਮੁਸਲਮਾਨ ਸਮਾਜ** : ਰਾਜ ਸੱਤਾ ਵੱਖ ਹੋਣ ਕਰਕੇ ਉਸ ਸਮੇਂ ਸਮਾਜ ਵਿਚ ਮੁਸਲਮਾਨਾਂ ਦਾ ਬੋਲਬਾਲਾ ਸੀ। ਮੁਸਲਮਾਨ ਸ਼੍ਰੇਣੀ ਵਿਚ ਆਪਸੀ ਭੇਦਭਾਵ ਬਹੁਤ ਘੱਟ ਸਨ। ਮੁਸਲਮਾਨ ਹੋਣ ਦੇ ਨਾਤੇ ਛੋਟੇ ਤੋਂ ਛੋਟਾ ਵਿਅਕਤੀ ਵੀ ਆਪਣੇ ਆਪ ਨੂੰ ਸਮਾਜਕ ਦ੍ਰਿਸ਼ਟੀ ਤੋਂ ਕਿਸੇ ਦੂਸਰੇ ਮੁਸਲਮਾਨ ਦੇ ਬਰਾਬਰ ਸਮਝਦਾ ਸੀ। ਇਸਲਾਮ ਦੇ ਪੈਰੋਕਾਰ ਹੋਣ ਕਾਰਨ ਉਹ ਸਭ ਬਰਾਬਰੀ ਦੇ ਅਧਿਕਾਰੀ ਸਨ। ਸ਼ਾਸ਼ਕ ਵਰਗ ਵੱਲੋਂ ਉਨ੍ਹਾਂ ਨਾਲ ਚੰਗਾ ਵਤੀਰਾ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਹਰ ਪੱਖ ਤੋਂ ਵਿਸ਼ੇਸ਼ ਰਿਆਇਤਾਂ ਮਿਲਦੀਆਂ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਦੇ ਹਿੱਤ ਵਿਚਾਰੇ ਜਾਂਦੇ ਸਨ। ਉਸ ਸਮੇਂ ਦੇ ਮੁਸਲਮਾਨੀ ਸਮਾਜ ਨੂੰ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

ਪਹਿਲੇ ਵਰਗ ਵਿਚ ਸਮਕਾਲੀ ਸ਼ਾਸਕ ਸ਼੍ਰੇਣੀ ਨੂੰ ਰੱਖਿਆ ਜਾ ਸਕਦਾ ਹੈ, ਜਿਸ ਵਿਚ ਰਾਜੇ, ਮਹਾਰਾਜੇ, ਅਮੀਰ ਤੇ ਵਜ਼ੀਰ ਸ਼ਾਮਲ ਸਨ। ਇਹ ਸ਼੍ਰੇਣੀ ਬੜੇ ਐਸ਼-ਆਰਾਮ ਤੇ ਭੋਗ ਵਿਲਾਸ ਦੀ ਜ਼ਿੰਦਗੀ ਗੁਜ਼ਾਰਦੀ ਸੀ। ਇਹ ਸੁਰਾ ਤੇ ਸੁੰਦਰੀ ਦੇ ਪ੍ਰੇਮੀ ਸਨ। ਇਨ੍ਹਾਂ ਦੇ ਹਰਮ ਸੁੰਦਰ ਇਸਤਰੀਆਂ ਨਾਲ ਭਰੇ ਸਨ, ਜਿਨ੍ਹਾਂ ਵਿਚੋਂ ਬਹੁਤੀਆਂ ਹਿੰਦੂ ਜਾਂ ਮੁਸਲਮਾਨ ਇਸਤਰੀਆਂ ਨੂੰ ਜ਼ਬਰਦਸਤੀ ਚੁੱਕ ਕੇ ਲਿਆਂਦਾ ਗਿਆ ਸੀ। ਇਸ ਤਰ੍ਹਾਂ ਇਹ ਵਰਗ ਅਨੈਤਿਕ ਤੇ ਅਨਾਚਾਰੀ ਵਰਗ ਸੀ।

ਦੂਸਰੇ ਵਰਗ ਵਿਚ ਮੁੱਲਾ ਅਤੇ ਉਲੇਮਾ ਆਉਂਦੇ ਹਨ, ਜੋ ਸ਼ਾਸ਼ਕਾਂ ਦੀ ਸਰਪ੍ਰਸਤੀ ਹੇਠ ਇਸਲਾਮ ਦਾ ਪ੍ਰਚਾਰ ਕਰਦੇ ਸਨ। ਹਿੰਦੂਆਂ ਤੇ ਜਜ਼ਿਆ ਤੇ ਬ੍ਰਾਹਮਣਾਂ ਤੇ ਖਾਸ ਟੈਕਸ ਇਨ੍ਹਾਂ ਦੇ ਦਿਮਾਗ ਦੀ ਕਾਢ ਸੀ। ਇਹ ਦੰਭੀ ਲੋਕ ਸਨ, ਜਿਨ੍ਹਾਂ ਤੋਂ ਮੁਸਲਮਾਨ ਸ਼ਾਸ਼ਕ ਵੀ ਡਰਦੇ ਸਨ। ਇਸ ਤਰ੍ਹਾਂ ਕਈ ਵਾਰ ਇਹ ਰਾਜਤੰਤਰ

ਦੀ ਆੜ ਲੈ ਕੇ ਆਪ ਸ਼ਾਸ਼ਕ ਬਣ ਬੈਠਦੇ ਸਨ। ਇਸੇ ਲਈ ਮੁਸਲਮਾਨੀ ਸ਼ਾਸ਼ਨ ਨੂੰ ਇਲਾਹੀ ਰਾਜ ਵੀ ਕਿਹਾ ਜਾਂਦਾ ਹੈ।

ਤੀਸਰੇ ਵਰਗ ਵਿਚ ਸੈਨਿਕ ਆਉਂਦੇ ਹਨ, ਜਿਨ੍ਹਾਂ ਦੇ ਮੋਢਿਆਂ ਤੇ ਰਾਜ ਕਾਇਮ ਹੁੰਦੇ ਸਨ। ਇਹ ਬਾਦਸ਼ਾਹ ਦੇ ਰਾਜਨੀਤਿਕ ਉਦੇਸ਼ ਦੀ ਪੂਰਤੀ ਦਾ ਸਾਧਨ ਸਨ ਅਤੇ ਯੁੱਧ ਉਪਰੰਤ ਹਿੰਦੂ ਕੰਨਿਆ ਨਾਲ ਵਿਆਹ ਕਰਕੇ ਮੁਸਲਿਮ ਸਮਾਜ ਦੀ ਸੰਖਿਆ ਵਿਚ ਵਾਧਾ ਕਰਦੇ ਸਨ। ਇਹ ਵੈਸ਼ਯਾ-ਬਿਰਤੀ ਵਾਲੇ ਅਨਾਚਾਰੀ, ਕਰੂਰ ਅਤੇ ਅੱਤਿਆਚਾਰੀ ਸਨ, ਜੋ ਹਿੰਦੂ ਬੰਦਿਆਂ ਦਾ ਕਤਲ ਕਰਦੇ ਸਨ।

ਚੌਥਾ ਵਰਗ ਸਾਧਾਰਨ ਲੋਕਾਂ ਦਾ ਸੀ, ਜਿਨ੍ਹਾਂ ਵਿਚੋਂ ਰਾਜਸੀ ਚੇਤਨਾ ਜ਼ਰਾ ਨਹੀਂ ਸੀ। ਇਹ ਲੋਕ ਅਨਪੜ੍ਹ, ਸਮਾਜਿਕ ਕੁਰੀਤੀਆਂ ਵਿਚ ਜਕੜੇ, ਬਹੁਪ੍ਰਥਾ ਵਿਆਹ ਵਿਚ ਵਿਸ਼ਵਾਸ ਰੱਖਣ ਵਾਲੇ, ਗਰੀਬ ਤੇ ਪਰਦਾ ਕਰਨ ਵਾਲੇ ਲੋਕ ਸਨ।

4.12.2.2 **ਹਿੰਦੂ ਸਮਾਜ**: ਹਿੰਦੁਸਤਾਨ ਤੇ ਤੁਰਕ ਹਮਲੇ ਸਮੇਂ ਹਿੰਦੂ ਸਮਾਜ ਦੀ ਹਾਲਤ ਬੜੀ ਤਰਸਯੋਗ ਸੀ। ਹਿੰਦੂਆਂ ਵਿਚ ਚਾਰ ਵਰਣਾਂ ਦਾ ਬੋਲਬਾਲਾ ਸੀ। ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਹਿੰਦੂ ਸਮਾਜ ਕੋਲੋਂ ਰਾਜਸੀ ਤਾਕਤ ਖੁੱਸ ਗਈ ਸੀ। ਉਹ ਨਿਰਾਸ਼ ਸੀ ਅਤੇ ਮੁਸਲਮਾਨ ਵਰਗ ਨੂੰ ਮਲੇਛ ਆਖਕੇ ਉਸਤੋਂ ਦੂਰ ਰਹਿੰਦੀ ਸੀ। ਉਹ ਵਰਣ ਵੰਡ ਦਾ ਕੱਟੜਤਾ ਨਾਲ ਪਾਲਨ ਕਰਦੀ ਸੀ। ਵਿਦਵਤਾ ਦੇ ਅਧੀਨ ਕੇਵਲ ਬ੍ਰਾਹਮਣ, ਜੋ ਹਿੰਦੂ ਵਰਗ ਸੀ ਜੋ ਪੜ੍ਹਨ-ਪੜ੍ਹਾਉਣ, ਯੱਗ ਕਰਨ-ਕਰਾਉਣ ਦਾ ਕੰਮ ਕਰਦੇ ਸਨ। ਖੱਤਰੀ ਲੋਕ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਸਨ, ਖੇਤੀਬਾੜੀ ਦਾ ਕੰਮ ਵੈਸ਼ ਦੇ ਮੋਢਿਆਂ ਤੇ ਸੀ ਅਤੇ ਉਪਰੋਕਤ ਵਰਣਾਂ ਦੀ ਸੇਵਾ-ਸੰਭਾਲ ਦਾ ਕੰਮ ਸ਼ੂਦਰ ਜਾਤੀ ਕਰਦੀ ਸੀ। ਇਨ੍ਹਾਂ ਦੀ ਸਥਿਤੀ ਸੇਵਾ ਕਰਨ ਵਾਲੇ ਦਾਸਾਂ ਨਾਲੋਂ ਵੀ ਭੈੜੀ ਸੀ। ਉਹ ਵੇਦ-ਸ਼ਾਸ਼ਤਰ ਦਾ ਅਧਿਐਨ ਨਹੀਂ ਕਰ ਸਕਦੇ ਸੀ। ਉਹ ਮੰਦਰਾਂ ਵਿਚ ਮੂਰਤੀ ਦੇ ਦਰਸ਼ਨ ਦੇ ਅਧਿਕਾਰੀ ਨਹੀਂ ਸਨ। ਉਨ੍ਹਾਂ ਨੂੰ ਅਛੂਤ ਤੇ ਨੀਚ ਸਮਝਿਆ ਜਾਂਦਾ ਸੀ। ਸਮਾਜਕ ਬਰਾਬਰੀ ਦੀ ਇੱਛਾ ਨਾਲ ਹੀ ਅਛੂਤ ਕਹੇ ਜਾਣ ਵਾਲੇ ਸ਼ੂਦਰ ਵਰਗ ਦੇ ਲੋਕ ਹੌਲੀ-ਹੌਲੀ ਮੁਸਲਮਾਨ ਬਣਦੇ ਜਾ ਰਹੇ ਸੀ।

ਰਵਿਦਾਸ ਬਾਣੀ ਵਿਚ ਵਰਣ ਵਿਵਸਥਾ ਦੀ ਡੂੰਘੀਆਂ ਜੜ੍ਹਾਂ ਤੇ ਸ਼ੂਦਰਾਂ ਨਾਲ ਹੁੰਦੇ ਵਿਵਹਾਰ ਦੀ ਜਾਣਕਾਰੀ ਮਿਲਦੀ ਹੈ। ਉਹ ਆਪਣੀ ਬਾਣੀ ਵਿਚ ਬਾਰ ਬਾਰ ਚਮਾਰ ਜਾਤੀ ਦਾ ਜ਼ਿਕਰ ਕਰਕੇ ਰੱਬ ਦੇ ਦਰਬਾਰ ਵਿਚ ਬਰਾਬਰੀ ਦੀ ਗੱਲ ਕਰਦੇ ਬੇਗ਼ਮਪੁਰੇ ਦਾ ਸੰਕਲਪ ਪੇਸ਼ ਕਰਦੇ ਹਨ।

ਉਸ ਵਕਤ ਦੇ ਸਮਾਜਿਕ ਪਰਿਵੇਸ਼ ਵਿਚ ਨਾਰੀ ਦੀ ਹਾਲਤ ਵੀ ਬਹੁਤੀ ਵਧੀਆ ਨਹੀਂ ਸੀ। ਉਹ ਮੁਸਲਮਾਨ ਤੇ ਹਿੰਦੂ ਦੋਹਾਂ ਸ਼ਾਸਕਾਂ ਲਈ ਐਸ਼-ਆਰਾਮ ਦਾ ਸਾਧਨ ਸੀ। ਮੁਸਲਮਾਨ ਰਾਜ ਵਿਚ ਉਸਦੀ ਇੱਜ਼ਤ ਸੁਰੱਖਿਅਤ ਨਹੀਂ ਸੀ। ਪਰਦਾ ਪ੍ਰਥਾ ਪ੍ਰਚਲਿਤ ਸੀ ਤੇ ਔਰਤ ਨੂੰ ਹਿੰਦੂ ਸਮਾਜ ਵਿਚ ਸਤੀ-ਪ੍ਰਥਾ ਦੀ ਮਾਰ ਵੀ ਝੱਲਣੀ ਪਈ ਸੀ। ਸਿੱਧਾਂ ਤੇ ਨਾਥਾਂ ਨੇ ਉਸ ਨੂੰ ਬਾਘਣ ਤੱਕ ਕਿਹਾ ਸੀ। ਅਜਿਹੀ ਹਾਲਤ ਵਿਚ ਗੁਰੂ ਰਵਿਦਾਸ ਜੀ ਆਪਣੀ ਬਾਣੀ ਰਾਹੀਂ ਮਹਾਨ ਸਮਾਜ ਸੁਧਾਰਨ ਬਣਕੇ ਸਾਹਮਣੇ ਆਏ ਸਨ।

4.12.3 **ਧਾਰਮਿਕ ਪਰਿਸਥਿਤੀਆਂ**: ਗੁਰੂ ਰਵਿਦਾਸ ਜੀ ਨੂੰ ਪ੍ਰੇਰਣਾ ਦੇਣ ਵਿਚ ਉਸ ਵਕਤ ਦੇ ਧਾਰਮਿਕ ਵਾਤਾਵਰਣ ਦਾ ਮਹੱਤਵਪੂਰਨ ਰੋਲ ਹੈ ਕਿਉਂਕਿ ਉਸ ਵਕਤ ਦੇ ਧਾਰਮਿਕ ਹਾਲਤ ਲਗਾਤਾਰ ਨਿਘਰ ਰਹੇ ਸਨ। ਧਰਮ ਦੇ ਨਾਂ ਤੇ ਕੁਕਰਮ, ਭੇਖ- ਪਾਖੰਡ, ਫੋਕੇ ਦਿਖਾਵੇ ਅਤੇ ਬਾਹਰਮੁਖੀ ਕਰਮਾਂਡ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰ ਰਹੇ ਸਨ। ਉਸ ਵਕਤ ਦੋ ਧਰਮ ਪ੍ਰਚਲਿਤ ਸਨ-ਹਿੰਦੂ ਅਤੇ ਇਸਲਾਮ। ਇਸ ਤੋਂ ਇਲਾਵਾ ਪੂਰਵ ਪ੍ਰਚਲਿਤ ਮੱਤ ਬੁੱਧ ਅਤੇ ਜੈਨ ਆਪਣੇ ਅੰਤਮ ਸਾਹਾਂ ਵਿਚ ਸਨ। ਭਾਵੇਂ ਕਿਧਰੇ ਕਿਧਰੇ

ਸਿੱਖ ਅਤੇ ਨਾਥ ਸੰਪਰਦਾਵਾਂ ਦਾ ਜ਼ਿਕਰ ਵੀ ਮਿਲਦਾ ਹੈ।

4.12.3.1 **ਹਿੰਦੂ ਧਰਮ**: ਮੱਧਯੁੱਗ ਵਿਚ ਹਿੰਦੁਸਤਾਨ ਵਿਚ ਮੁਸਲਮਾਨਾਂ ਦੀ ਜਿੱਤ ਤੋਂ ਪਹਿਲਾਂ ਬ੍ਰਾਹਮਣਵਾਦ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕਾ ਸੀ। ਬ੍ਰਾਹਮਣ ਵਰਗ ਦਾ ਗਲਬਾ ਸਮਾਜ ਅਤੇ ਧਰਮ ਤੇ ਪੂਰੀ ਤਰ੍ਹਾਂ ਛਾਇਆ ਸੀ। ਜਪ, ਤਪ, ਪਾਠ, ਵਰਤ, ਪੂਜਾ, ਹਵਨ ਆਦਿ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਸਨ। ਬਾਹਰੀ ਆਡੰਬਰਾਂ, ਫੋਕੇ ਕਰਮ ਕਾਂਡਾਂ ਅਤੇ ਬਾਹਰਮੁਖੀ ਦਿਖਾਵਿਆ ਵਿਚ ਫਸੀ ਇਹ ਸ਼੍ਰੇਣੀ ਅਸਲ ਵਿਚ ਬਹੁਤ ਗਿਰੀ ਹੋਈ ਸੀ।

ਬਹੁਦੇਵਵਾਦ ਦਾ ਬੋਲਬਾਲਾ ਸੀ। ਮੂਰਤੀ ਪੂਜਾ ਕਰਣਾ, ਤੀਰਥ ਯਾਤਰਾਵਾਂ ਕਰਨੀਆਂ, ਤੀਰਥ ਇਸ਼ਨਾਨ, ਵਰਤ ਰੱਖਣੇ, ਸ਼ਿਲਾ ਪੂਜਣੀਆਂ ਇਸ ਧਰਮ ਦੇ ਜ਼ਰੂਰੀ ਅੰਗ ਬਣ ਗਏ ਸਨ। ਮੰਦਰ ਵਿਲਾਸਤਾ ਦੇ ਗੜ੍ਹ ਬਣ ਰਹੇ ਸਨ। ਦੇਵਦਾਸੀ ਪ੍ਰਥਾ ਆਰੰਭ ਹੋ ਚੁੱਕੀ ਸੀ। ਸ਼ੂਦਰਾਂ ਲਈ ਮੰਦਰਾਂ ਦੇ ਦਰਵਾਜ਼ੇ ਬੰਦ ਹੋ ਚੁੱਕੇ ਸਨ। ਪੂਜਾ ਪਾਠ ਤਾਂ ਦੂਰ ਦੀ ਗੱਲ, ਉਹ ਮੰਦਰ ਵਿਚ ਪ੍ਰਵੇਸ਼ ਵੀ ਨਹੀਂ ਕਰ ਸਕਦੇ ਸਨ। ਇਸੇ ਕਾਰਨ ਹਿੰਦੂ ਸ਼ੂਦਰ ਵੱਡੀ ਗਿਣਤੀ ਵਿਚ ਇਸਲਾਮ ਧਰਮ ਨੂੰ ਸਵੀਕਾਰ ਕਰਦੇ ਗਏ। ਕਬੀਰ, ਗੁਰੂ ਰਵਿਦਾਸ, ਨਾਮਦੇਵ ਆਦਿ ਨੂੰ ਵੀ ਸ਼ੂਦਰ ਹੋਣ ਕਾਰਨ ਬ੍ਰਾਹਮਣ ਸਮਾਜ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪਿਆ।

4.12.3.2 **ਇਸਲਾਮ**: ਭਾਰਤ ਵਿਚ ਮੱਧਕਾਲ ਵਿਚ ਜਿਥੇ ਮੁਸਲਮਾਨ ਰਾਜੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ, ਉਥੇ ਮੁੱਲਾਂ ਵਰਗ ਹਜ਼, ਰੋਜ਼ਾ, ਜ਼ਕਾਤ ਜਿਹੇ ਕਰਮਕਾਂਡਾਂ ਵਿਚ ਹੀ ਇਸਲਾਮ ਨੂੰ ਸੀਮਿਤ ਕਰਕੇ ਬੈਠੇ ਸਨ। ਉਨ੍ਹਾਂ ਵਿਚ ਵੀ ਸੱਯਦ ਵਰਗੀ ਉਚੇ ਖਾਨਦਾਨਾਂ ਅਤੇ ਅਰਾਈਂ ਨੀਵੇਂ ਖਾਨਦਾਨਾਂ ਦਾ ਜ਼ਿਕਰ ਮਿਲਦਾ ਹੈ। ਮੁਸਲਿਮ ਸ਼ਾਸਕਾਂ ਵੱਲੋਂ ਇਸ ਧਰਮ ਦੇ ਪੈਰੋਕਾਰਾਂ ਨੂੰ ਮਿਲਦੀ ਸਰਪ੍ਰਸਤੀ ਸਦਕਾ ਇਹ ਵਰਗ ਹਿੰਦੂ ਧਰਮ ਦੇ ਪੈਰੋਕਾਰਾਂ ਤੋਂ ਸਦਾ ਉਪਰ ਰਿਹਾ। ਇਹ ਵਰਗ ਇਸਲਾਮ ਨੂੰ ਨਾ ਮੰਨਣ ਵਾਲਿਆਂ ਨੂੰ ਕਾਫ਼ਰ ਸੱਦਦਾ ਅਤੇ ਤਲਵਾਰ ਦੇ ਜ਼ੋਰ ਨਾਲ ਉਨ੍ਹਾਂ ਨੂੰ ਮੋਮਨ ਬਣਾਉਣ ਵਾਲਿਆਂ ਨੂੰ ਗਾਜ਼ੀ ਤੇ ਇਸ ਸੰਘਰਸ਼ ਨੂੰ ਜਿਹਾਦ ਆਖਦਾ ਸੀ।

ਬੋਧ ਅਤੇ ਜੈਨ ਧਰਮ ਦੀ ਅਵਸਥਾ ਤਾਂ ਹੋਰ ਵੀ ਮਾੜੀ ਸੀ। ਇਨ੍ਹਾਂ ਵਿਚ ਭੂਤਾਂ, ਪ੍ਰੇਤਾਂ, ਪਿਸ਼ਾਚਾਂ ਤੇ ਤੰਤਰ ਮੰਤਰਾਂ ਦੀ ਪੂਜਾ ਹੋਣ ਲੱਗੀ ਸੀ। ਬਹੁਦੇਵਵਾਦ ਪ੍ਰਧਾਨ ਹੋ ਗਿਆ ਸੀ। ਵਾਮ-ਮਾਰਗੀ ਸਾਧਨਾ ਵਿਚ ਆਚਰਣ ਦੀ ਗਿਰਾਵਟ ਜੋਰਾਂ ਤੇ ਸੀ। ਜੈਨੀ ਵੀ ਅਨੇਕਾਂ ਧਾਰਮਿਕ ਕੁਰੀਤੀਆਂ ਦੇ ਸ਼ਿਕਾਰ ਸਨ।

ਕੁੱਲ ਮਿਲਾਕੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਦੇ ਯੁੱਗ ਵਿਚ ਧਾਰਮਿਕ ਮਾਹੌਲ ਬਹੁਤ ਹੀ ਜਰਜਰ ਅਵਸਥਾ ਵਿਚ ਸੀ। ਬਾਹਰੀ ਆਡੰਬਰਾਂ ਵਿਚ ਫਸਿਆ ਹਰ ਧਰਮ ਸਮਾਜ ਵਿਚ ਫਿਰਕਾਪ੍ਰਸਤੀ ਨੂੰ ਵਧਾ ਰਿਹਾ ਸੀ। ਧਰਮ ਦਾ ਅਸਲੀ ਅਰਥ ਗੁੰਮ ਹੋ ਗਿਆ ਸੀ ਅਤੇ ਈਰਥਾ ਦਾ ਬੋਲਬਾਲਾ ਸੀ। ਅਜਿਹੇ ਪਤਨਮੁਖੀ ਪਰਿਵੇਸ਼ ਤੋਂ ਦੁਖੀ ਹੋ ਕੇ ਹੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਪਰਿਵੇਸ਼ ਦੀ ਵਿਸ਼ਮਤਾ ਨੂੰ ਦੂਰ ਕਰਨ ਦੀ ਗੱਲ ਕੀਤੀ।

4.12.4 **ਸਾਹਿਤਕ ਪਰਿਵੇਸ਼**: ਗੁਰੂ ਰਵਿਦਾਸ ਜੀ ਦੇ ਸਮੇਂ ਇਕ ਪਾਸੇ ਬ੍ਰਾਹਮਣਵਾਦ ਦਾ ਬੋਲਬਾਲਾ ਹੋਣ ਕਰਕੇ ਸੰਸਕ੍ਰਿਤ ਵਿਚ ਧਾਰਮਿਕ ਕਰਮਕਾਂਡਾਂ ਨੂੰ ਧਿਆਨ ਵਿਚ ਰੱਖਕੇ ਬਹੁਤ ਕੁਝ ਲਿਖਿਆ ਜਾ ਰਿਹਾ ਸੀ ਤੇ ਦੂਜੇ ਪਾਸੇ ਸਿੱਧਾਂ, ਨਾਥਾਂ ਤੇ ਜੈਨ ਮੁਨੀ ਅਪ੍ਰਭੰਸ਼ ਵਿਚ ਆਪਣੀ ਰਚਨਾਵਾਂ ਰਚ ਰਹੇ ਸਨ। ਮੁਸਲਮਾਨ ਰਾਜੇ ਅਰਬੀ-ਫਾਰਸੀ ਨੂੰ ਪ੍ਰਧਾਨਤਾ ਦੇ ਰਹੇ ਸਨ। ਜਿਥੇ ਸੰਸਕ੍ਰਿਤ ਵਿਚ ਰਚਿਆ ਸਾਹਿਤ ਜਨ ਸਾਧਾਰਨ ਤੱਕ ਨਾ ਪਹੁੰਚ ਕੇ ਸੰਸਕ੍ਰਿਤ ਦੇ ਵਿਦਵਾਨਾਂ ਤੱਕ ਮਹਿਦੂਦ ਸੀ ਉਥੇ ਅਰਬੀ ਫਾਰਸੀ ਦੀ ਰਚਨਾਵਾਂ ਵਿਚ

ਮੁਸਲਿਮ ਲੋਕਾਂ ਤੱਕ ਪਹੁੰਚ ਰੱਖਦੀਆਂ ਸਨ। ਪਰ ਅਪਭ੍ਰੰਸ਼ ਵਿਚ ਰਚੀਆਂ ਰਚਨਾਵਾਂ ਆਮ ਲੋਕਾਂ ਤੱਕ ਆਪਣੀ ਪਹੁੰਚ ਬਣਾ ਰਹੀਆਂ ਸਨ। ਤੇਰਵੀਂ ਚੌਦਵੀਂ ਸ਼ਤਾਬਦੀ ਦੇ ਆਸ ਪਾਸ ਸਦੂਕੜੀ ਭਾਸ਼ਾ ਦਾ ਪ੍ਰਚਲਨ ਸਾਧ ਸੰਗਤ ਵਿਚ ਹੋ ਗਿਆ ਸੀ, ਜਿਸ ਵਿਚ ਅਵਧੀ, ਬ੍ਰਜੀ, ਪੰਜਾਬੀ, ਮਰਾਠੀ ਆਦਿ ਦੇ ਸ਼ਬਦ ਸਨ। ਗੁਰੂ ਰਵਿਦਾਸ ਨੇ ਵੀ ਹੋਰਨਾਂ ਸੰਤਾਂ ਵਾਂਗ ਇਸੇ ਭਾਸ਼ਾ ਵਿਚ ਆਪਣੀ ਰਚਨਾ ਰਚੀ ਕਿਉਂਕਿ ਇਹ ਜਨਮਾਨਸ ਦੇ ਮਨਾਂ ਵਿਚ ਪੈਠ ਬਿਠਾਉਣ ਵਿਚ ਕਾਮਯਾਬ ਹੋ ਰਹੀ ਸੀ। ਉਨ੍ਹਾਂ ਤੋਂ ਪਹਿਲਾਂ ਹੋਏ ਸੰਤ ਅਤੇ ਸਮਕਾਲੀ ਸਾਧੂ ਵਰਗ ਵੀ ਵਿਚਾਰਾਂ ਦੇ ਪ੍ਰਗਟਾ ਲਈ ਇਸੇ ਭਾਸ਼ਾ ਦੀ ਵਰਤੋਂ ਕਰ ਰਿਹਾ ਸੀ।

4.12.5 **ਗੁਰੂ ਰਵਿਦਾਸ ਬਾਣੀ ਤੇ ਪਏ ਵਿਚਾਰਕ ਪ੍ਰਭਾਵ** : ਗੁਰੂ ਰਵਿਦਾਸ ਆਪਣੀ ਬਾਣੀ ਪ੍ਰਭੂ ਦੇ ਇਲਾਹੀ ਰੂਪ ਦੀ ਪੇਸ਼ਕਾਰੀ ਕਰਦੇ ਰਹੇ ਹਨ। ਇਹ ਪੇਸ਼ਕਾਰੀ ਉਨ੍ਹਾਂ ਨੇ ਆਪਣੀ ਵਿਅਕਤੀਗਤ ਅਨੁਭੂਤੀ ਤੇ ਆਪਣੀ ਵਿਚਾਰਧਾਰਾ ਅਨੁਸਾਰ ਕੀਤੀ। ਇਸ ਵਿਚ ਹਿੰਦੂ, ਇਸਲਾਮ, ਬੋਧੀ, ਜੈਨੀ ਆਦਿ ਧਰਮਾਂ ਦੇ ਉਹ ਤੱਤ ਵੀ ਸ਼ਾਮਲ ਹਨ ਜਿਨ੍ਹਾਂ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਅਤੇ ਨਾਲ ਹੀ ਵੇਦਾਂਤ, ਮੱਧਯੁੱਗ ਦੀ ਸੰਤ ਪਰੰਪਰਾ ਅਤੇ ਰਾਮਾਨੰਦ ਵਰਗੇ ਮਹਾਨ ਸਾਧੂ ਸੰਤਾਂ ਦਾ ਡੂੰਘਾ ਪ੍ਰਭਾਵ ਵੀ ਸ਼ਾਮਲ ਹੈ। ਉਨ੍ਹਾਂ ਦੀ ਬਾਣੀ ਤੇ ਪਏ ਇਨ੍ਹਾਂ ਪ੍ਰਭਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

4.12.5.1 **ਵੇਦਾਂਤ-ਚਿੰਤਨ** : ਵੇਦ ਭਾਰਤੀ ਚਿੰਤਨ ਪਰੰਪਰਾ ਦੇ ਸੱਭ ਤੋਂ ਪ੍ਰਾਚੀਨ ਸਰੋਤ ਹਨ। ਵੇਦਾਂ ਦੀ ਗਿਣਤੀ ਚਾਰ ਹੈ। ਰਿਗਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵਵੇਦ। ਇਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾਂਦਾ ਹੈ: ਸਹਿੰਤਾ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ। ਸਹਿੰਤਾ ਵਿਚ ਦੇਵਤਿਆਂ ਦੇ ਪ੍ਰਸ਼ੰਸਾਤਮਕ ਗੀਤ ਹਨ। ਬ੍ਰਾਹਮਣ ਵਿਚ ਕਰਮਕਾਂਡਾਂ ਦਾ ਜ਼ਿਕਰ ਹੈ। ਅਰਣਯਕ ਵਿਚ ਪੂਜਾ ਵਿਧੀਆਂ ਅਤੇ ਉਪਨਿਸ਼ਦਾਂ ਵਿਚ ਗਿਆਨਕਾਂਡ ਹੈ।

ਉਪਨਿਸ਼ਦਾਂ ਵਿਚ ਕਰਮਕਾਂਡਾਂ ਅਤੇ ਬਹੁਦੇਵਵਾਦ ਦਾ ਖੰਡਨ ਮਿਲਦਾ ਹੈ ਅਤੇ ਇਨ੍ਹਾਂ ਨੂੰ ਹੀ ਵੇਦਾਂਤ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਆਚਾਰੀਯ ਬਾਦਰਾਯਣ ਨੇ ਉਪਨਿਸ਼ਦਾਂ ਦੇ ਅਧਾਰ ਤੇ ਵੇਦਾਂਤ ਦੇ ਸਿਧਾਂਤ ਨੂੰ ਜਗਤ ਸਾਹਮਣੇ ਰੱਖਿਆ। ਉਨ੍ਹਾਂ ਦੇ ਸਿਧਾਂਤ ਨੂੰ ਅਦਵੈਤ ਵੇਦਾਂਤ ਕਿਹਾ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਬ੍ਰਹਮ ਹੀ ਵਿਸ਼ਵ ਦੀ ਉਤਪਤੀ ਦਾ ਕਾਰਕ ਹੈ। ਉਹ ਚੇਤਨ ਬੁਧੀ ਤਤਵ ਹੈ। ਸਾਰਾ ਬ੍ਰਹਿਮੰਡ ਉਸ ਵਿਚ ਸਮਾਇਆ ਹੈ। ਬ੍ਰਹਮ ਦਾ ਆਦਿ ਅੰਤ ਨਹੀਂ। ਉਹ ਸੰਪੂਰਨ, ਨਿਰਾਕਾਰ, ਨਿਰਗੁਣ, ਨਿਰਲੇਪ, ਸਰਬਵਿਆਪਕ, ਪਵਿੱਤਰ, ਵਿਵੇਕੀ ਅਤੇ ਆਨੰਦਮਈ ਹੈ। ਉਹ ਸ੍ਰਿਸ਼ਟੀ ਅਤੇ ਸ੍ਰਿਸ਼ਟੀਕਰਤਾ ਦੋਨੋਂ ਹੈ। ਆਚਾਰਯ ਸ਼ੰਕਰ ਨੇ ਵੇਦਾਂਤ ਸਿਧਾਂਤ ਨੂੰ ਵਿਕਸਤ ਅਤੇ ਸਮਰਿਧ ਕੀਤਾ ਅਤੇ ਕਿਹਾ ਕਿ ਬ੍ਰਹਮ ਹੀ ਸੱਚ ਹੈ। ਜਗਤ ਮਿੱਥਿਆ ਹੈ। ਜੀਵ ਹੀ ਬ੍ਰਹਮ ਹੈ ਅਤੇ ਬ੍ਰਹਮ ਤੋਂ ਕਿਸੇ ਪ੍ਰਕਾਰ ਭਿੰਨ ਨਹੀਂ।

ਰਵਿਦਾਸ ਬਾਣੀ ਵਿਚ ਵੇਦਾਂਤ ਚਿੰਤਨ ਦੇ ਕਈ ਤੱਤ ਮਿਲਦੇ ਹਨ। ਜਿਵੇਂ ਰਵਿਦਾਸ ਦਾ ਬ੍ਰਹਮ ਵੀ ਨਿਰਗੁਣ ਨਿਰਾਕਾਰ, ਅਗੋਚਰ, ਅਮਰ ਅਤੇ ਸਰਵਵਿਆਪੀ ਹੈ। ਉਹ ਜਗਤ ਅਤੇ ਸ੍ਰਿਸ਼ਟੀ ਦਾ ਰਚਿਅਤਾ ਅਤੇ ਅਦੁੱਤੀ ਅਨੰਦ ਦਾ ਸੋਮਾ ਹੈ।

4.12.5.2 **ਵੈਸ਼ਨਵ ਮੱਤ**: ਭਾਰਤੀ ਚਿੰਤਨ ਪਰੰਪਰਾ ਵਿਚ ਵੈਸ਼ਨਵ ਮਤ ਬਹੁਤ ਪ੍ਰਾਚੀਨ ਹੈ। ਭਗਵਾਨ ਵਿਸ਼ਨੂੰ ਅਤੇ ਉਸਦੇ ਅਵਤਾਰਾਂ ਦੀ ਪੂਜਾ ਇਸ ਮੱਤ ਦਾ ਮੁੱਖ ਅੰਗ ਹੈ। ਇਹ ਮੱਤ ਭਗਵਾਨ ਵਿਸ਼ਨੂੰ ਵਿਚ ਨਿਰਗੁਣ ਅਤੇ ਸਗੁਣ ਦੋਹਾਂ ਰੂਪਾਂ ਦੀ ਛਵੀ ਵੇਖਦਾ ਹੈ। ਇਸ ਮੱਤ ਵਿਚ ਭਗਤੀ ਤਤਵ ਅਤੇ ਪ੍ਰੇਮ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ।

ਗੁਰੂ ਰਵਿਦਾਸ ਜੀ ਵੀ ਆਪਣੀ ਬਾਣੀ ਵਿਚ ਭਗਤੀ ਭਾਵ ਅਤੇ ਪ੍ਰੇਮ ਦੀ ਮਹੱਤਾ ਨੂੰ ਸਵੀਕਾਰ ਕਰਦੇ ਹਨ। ਵੈਸ਼ਨਵ ਮੱਤ ਦੇ ਆਚਾਰੀਯ ਰਾਮਾਨੁਜ ਨੇ ਵਰਣ-ਵਿਵਸਥਾ ਨੂੰ ਕਈ ਥਾਈਂ ਢਿੱਲਾ ਕੀਤਾ ਸੀ। ਇਨ੍ਹਾਂ ਦੀ ਸ਼ਿਸ਼-ਗੁਰੂ ਪਰੰਪਰਾ ਵਿਚ ਆਉਣ ਵਾਲੇ ਰਵਿਦਾਸ ਜੀ ਨੇ ਵੀ ਵਰਣ-ਵਿਵਸਥਾ ਨੂੰ ਸਵੀਕਾਰ ਨਹੀਂ ਕੀਤਾ।

4.12.5.3 **ਸ਼ੈਵਮੱਤ**: ਸ਼ੈਵ ਮਤ ਦੇ ਅਨੁਯਾਈ ਭਗਵਾਨ ਸ਼ਿਵ ਨੂੰ ਸ਼੍ਰਿਸ਼ਟੀ ਦਾ ਆਦਿ ਕਾਰਨ ਮੰਨਦੇ ਹਨ। ਸ਼ਿਵ ਹੀ ਆਨੰਦ ਸਰੂਪ ਹਨ। ਮਾਇਆ ਸ਼ਿਵ ਦਾ ਅੰਸ਼ ਹੈ। ਉਹ ਸ਼ਿਵ ਦੀ ਸ਼ਕਤੀ ਹੈ। ਮਾਇਆ ਦੇ ਸੰਯੋਗ ਨਾਲ ਸੰਸਾਰ ਦੀ ਉਤਪਤੀ ਹੋਈ ਹੈ। ਜੀਵ ਯੋਗ ਦੁਆਰਾ ਸ਼ਿਵ ਵਿਚ ਲੀਨ ਹੁੰਦਾ ਹੈ। ਇਹ ਸ਼ਿਵ ਨੂੰ ਨਿਰਗੁਣ ਅਤੇ ਸਗੁਣ ਦੋਹਾਂ ਰੂਪਾਂ ਵਿਚ ਸਵੀਕਾਰਦੇ ਹਨ। ਉਸ ਨੂੰ ਕਲਿਆਣਕਾਰੀ ਮੰਨਦੇ ਹਨ।

ਰਵਿਦਾਸ ਜੀ ਦਾ ਬ੍ਰਹਮ ਵੀ ਕਲਿਆਣਕਾਰੀ ਨਿਰਗੁਣ ਵੀ ਹੈ ਤੇ ਸਗੁਣ ਵੀ।

4.12.5.4 **ਜੈਨਮੱਤ** : ਜੈਨ ਮੱਤ ਦਾ ਉਦਭਵ ਬ੍ਰਾਹਮਣਵਾਦ ਦੇ ਵਿਰੋਧ ਵਿਚ ਹੋਇਆ। ਇਹ ਮਤ ਈਸ਼ਵਰ ਦੀ ਸੱਤਾ ਨੂੰ ਸਵੀਕਾਰ ਨਹੀਂ ਕਰਦਾ ਸਗੋਂ ਸ਼੍ਰਿਸ਼ਟੀ ਨੂੰ ਪ੍ਰਕਿਰਤ ਤੱਤਾਂ ਦੇ ਨਿਸ਼ਚਿਤ ਸੰਯੋਗ ਦਾ ਨਾਂ ਦੱਸਦਾ ਹੈ। ਇਹ ਮੱਤ ਆਖਦਾ ਹੈ ਕਿ ਬੰਧਨ ਕਾਰਕ ਤ੍ਰਿਸ਼ਣਾ ਹੈ। ਉਸਦੇ ਨਿਰੋਧ ਨਾਲ ਮੋਖਸ਼ ਮਿਲਦਾ ਹੈ।

ਰਵਿਦਾਸ ਜੀ ਇਸ ਮਤ ਤੋਂ ਬਹੁਤੇ ਪ੍ਰਭਾਵਿਤ ਨਹੀਂ ਸੀ ਪਰ ਫਿਰ ਵੀ ਪਵਿੱਤਰ ਜੀਵਨ ਯਾਪਨ ਨੰ ਉਹ ਵੀ ਸਵੀਕਾਰਦੇ ਸਨ।

4.12.5.5 **ਬੋਧਮੱਤ** : ਬ੍ਰਾਹਮਣਵਾਦ ਦੀ ਪ੍ਰਤਿਕਿਰਿਆ ਸਰੂਪ ਹੀ ਬੋਧਮਤ ਦਾ ਜਨਮ ਹੋਇਆ। ਇਸ ਮਤ ਅਨੁਸਾਰ ਦੁੱਖ ਹੀ ਜਗਤ ਦਾ ਸੱਚ ਹੈ। ਈਸ਼ਵਰ ਨਹੀਂ। ਦੁੱਖ ਤ੍ਰਿਸ਼ਣਾ ਤੋਂ ਪੈਦਾ ਹੁੰਦਾ ਹੈ। ਤ੍ਰਿਸ਼ਣਾ ਤੋਂ ਮੁਕਤੀ ਹੀ ਦੁੱਖਾਂ ਤੋਂ ਮੁਕਤੀ ਹੈ।

ਗੁਰੂ ਰਵਿਦਾਣ ਬੋਧਮਤ ਤੋਂ ਬਹੁਤੇ ਪ੍ਰਭਾਵਿਤ ਨਹੀਂ ਦਿਖਾਈ ਦਿੰਦੇ।

4.12.5.6 **ਨਾਥ ਸੰਪ੍ਰਦਾਇ**: ਨਾਥ ਸੰਪਰਦਾਇ ਭਗਵਾਨ ਸ਼ੰਕਰ ਦਾ ਪੁਜਾਰੀ ਹੈ। ਇਹ ਹੱਠ ਯੋਗ ਦੀ ਮਹੱਤਾ ਸਵੀਕਾਰਦੇ ਹੋਏ ਇਸ਼ਤਰੀ ਅਤੇ ਗ੍ਰਹਿਸਥ ਦਾ ਤਿਆਗ ਕਰ ਨਿਰਗੁਣ ਪ੍ਰਭੂ ਦੀ ਸਾਧਨਾ ਦੀ ਮਹੱਤਾ ਨੂੰ ਸਵੀਕਾਰ ਕਰਦਾ ਹੈ।

ਨਾਥਾਂ ਦੀ ਸਾਧਨਾ ਪੱਧਤੀ ਗੁਰੂ ਰਵਿਦਾਸ ਨੇ ਸਵੀਕਾਰ ਨਹੀਂ ਕੀਤੀ।

4.12.5.7 **ਮੱਧਕਾਲੀਨ ਭਗਤੀ ਅੰਦੋਲਨ**: ਇਹ ਭਗਤੀ ਅੰਦੋਲਨ ਆਚਾਰੀਯ ਸ਼ੰਕਰ ਦੀ ਅਦਵੈਤ ਵੇਦਾਂਤ ਦੀ ਧਾਰਨਾ ਦੇ ਪ੍ਰਤਿਕਿਰਿਆ ਸਰੂਪ ਸਥਾਨ ਗ੍ਰਹਿਣ ਕਰਦਾ ਹੈ। ਇਸ ਭਗਤੀ ਅੰਦੋਲਨ ਨੂੰ ਪੰਜ ਪ੍ਰਬਲ ਭਗਤੀ ਸੰਪਰਦਾਇਆਂ ਵਿਚ ਵੰਡਿਆ ਜਾਂਦਾ ਹੈ।

(1) ਰਾਮਾਨੁਜ ਦਾ ਸ਼੍ਰੀ ਸੰਪਰਦਾਇ

(2) ਮੱਧਵਾਚਾਰੀਆ ਦਾ ਬ੍ਰਹਮ ਸੰਪਰਦਾਇ

(3) ਨਿੰਬਾਰਕ ਦਾ ਸਨਕਾਦਿ ਸੰਪਰਦਾਇ

(4) ਵਿਸ਼ਨੂੰ ਸੁਆਮੀ ਦਾ ਰੁਦਰ ਸੰਪਰਦਾਇ

(5) ਸੰਤ ਗਿਆਨੇਸ਼ਵਰ ਦਾ ਵਾਰਕਰੀ ਸੰਪਰਦਾਇ

ਰਾਮਾਨੁਜ ਦਾ ਸ਼੍ਰੀ ਸੰਪਰਦਾਇ ਵਿਸ਼ਿਸ਼ਟ ਦਵੈਤਵਾਦੀ ਸੰਪਰਦਾਇ ਸੀ ਜੋ ਮਾਇਆ ਅਤੇ ਜਗਤ ਦੇ ਮਿੱਥਿਆ ਹੋਣ ਦੇ ਤੱਥ ਨਹੀਂ ਨਹੀਂ ਸੀ ਸਵੀਕਾਰਦਾ।

ਮੱਧਵਾਚਾਰੀਆ ਦਾ ਬ੍ਰਹਮ ਸੰਪਰਦਾਇ ਦਵੈਤਵਾਦੀ ਸੀ ਜੋ ਨਿਰਗੁਣ ਬ੍ਰਹਮ ਨੂੰ ਮਿਥਿਆ ਮੰਨਕੇ ਜੀਵ, ਬ੍ਰਹਮ, ਜਗਤ ਅਤੇ ਜੜ੍ਹ ਪਦਾਰਥਾਂ ਵਿਚ ਦਵੈਤ ਮੰਨਦਾ ਸੀ।

ਨਿੰਬਾਰਕਾਚਾਰੀਆ ਦਾ ਸਨਕਾਦਿ ਸੰਪਰਦਾਇ ਜੀਵ, ਜਗਤ ਅਤੇ ਬ੍ਰਹਮ ਵਿਚ ਦਵੈਤ ਅਤੇ ਅਦਵੈਤ ਦੋਹਾਂ ਨੂੰ ਸਵੀਕਾਰਦਾ ਸੀ।

ਵਿਸ਼ਨੂੰ ਸੁਆਮੀ ਦਾ ਰੁਦਰ ਸੰਪਰਦਾਇ ਕੁਝ ਹੱਦ ਤੱਕ ਮੱਧਵਾਚਾਰੀਆ ਦੇ ਦਵੈਤ ਸੰਪਰਦਾਇ ਨਾਲ ਮੇਲ ਖਾਂਦਾ ਸੀ।

ਮਹਾਰਾਸ਼ਟਰਾਂ ਵਿਚ ਗਿਆਨੇਸ਼ਵਰ ਜੀ ਨੇ ਵਾਰਕਰੀ ਸੰਪਰਦਾਇ ਰਾਹੀਂ ਅਦਵੈਤ ਆਨੰਦ ਦੀ ਅਨੁਭੂਤੀ ਨੂੰ ਸਰਵੋਤਮ ਆਖਦੇ ਹੋਏ ਪਰਮਾਤਮਾ ਅਤੇ ਜੀਵਾਤਮਾ ਵਿਚ ਸੁੱਤੇ ਸਿੱਧ ਰਿਸ਼ਤਾ ਸਵੀਕਾਰ ਕੀਤਾ।

ਇਸ ਤੋਂ ਇਲਾਵਾ ਦੱਖਣ ਦੇ ਆਲਵਾਰ ਸੰਤ ਜੋ ਗਿਣਤੀ ਵਿਚ ਬਾਰਾਂ ਸਨ ਅਤੇ ਸ਼ੈਵ ਅਡਿਆਰਾਂ ਨੇ ਵੀ ਮੱਧਕਾਲੀਨ ਭਗਤੀ ਅੰਦੋਲਨ ਵਿਚ ਮਹੱਤਵਪੂਰਣ ਹਿੱਸਾ ਪਾਇਆ। ਉਨ੍ਹਾਂ ਭਗਤੀ ਸਿਧਾਂਤਾਂ ਦਾ ਸ਼ਾਸਤ੍ਰੀਕਰਣ ਕਰਕੇ ਇਨ੍ਹਾਂ ਨੂੰ ਜਨਸਧਾਰਨ ਵਿਚ ਲੋਕਪ੍ਰਿਅ ਬਣਾ ਦਿੱਤਾ। ਗੁਰੂ ਰਵਿਦਾਸ ਜੀ ਨੇ ਰਾਮਾਨੁਜ ਦੇ ਸ਼ਿਸ਼ ਪਰੰਪਰਾ ਵਿਚੋਂ ਸਵਾਮੀ ਰਾਮਾਨੰਦ ਜੀ ਨੂੰ ਗੁਰੂ ਸਵੀਕਾਰ ਕੀਤਾ ਅਤੇ ਆਪਣੀ ਬਾਣੀ ਵਿਚ ਪ੍ਰਭੂ ਭਗਤੀ ਤੇ ਵਿਸ਼ੇਸ਼ ਜ਼ੋਰ ਦਿੱਤਾ।

ਉਪਰੋਕਤ ਕਿਹਾ ਜਾ ਸਕਦਾ ਹੈ ਕਿ ਸੰਤ ਰਵਿਦਾਸ ਜੀ ਮੱਧਯੁਗ ਅਤੇ ਉਸ ਤੋਂ ਪਹਿਲਾਂ ਦੇ ਸਮੇਂ ਦੀ ਅਨੇਕ ਧਾਰਾਵਾਂ ਦਾ ਪ੍ਰਭਾਵ ਪਿਆ ਪਰ ਉਨ੍ਹਾਂ ਕਿਸੇ ਧਾਰਾ ਵਿਸ਼ੇਸ਼ ਨੂੰ ਅੰਤਮ ਸੱਚ ਸਵੀਕਾਰ ਨਹੀਂ ਕੀਤਾ, ਉਹ ਹਰ ਮੱਤ ਅਤੇ ਧਰਮ ਤੋਂ ਉਹੀ ਅੰਗ ਚੁਣੇ ਜੋ ਉਨ੍ਹਾਂ ਨੂੰ ਚੰਗੇ ਲੱਗੇ। ਅਸਲ ਵਿਚ ਉਹ ਕਿਸੇ ਇਕ ਮਤ ਦੇ ਅਨੁਯਾਈ ਨਹੀਂ ਸਨ, ਸਗੋਂ ਉਨ੍ਹਾਂ ਦੀ ਵਿਚਾਰਧਾਰਾ ਇਕ ਵਿਸ਼ਵ ਦੇ ਨਿਰਮਾਣ ਦੀ ਧਾਰਾ ਹੈ।

## 4.13 ਗੁਰੂ ਰਵਿਦਾਸ ਜੀ ਦੀ ਬਾਣੀ ਦਾ ਵਿਚਾਰਧਾਰਾਈ ਪੱਖ

ਮੂਲ ਰੂਪ ਵਿਚ ਗੁਰੂ ਰਵਿਦਾਸ ਜੀ ਇਕ ਰਹੱਸਵਾਦੀ ਕਵੀ ਸਨ। ਇਸ ਕਾਰਨ ਉਨ੍ਹਾਂ ਦਾ ਅਸਲ ਮਨੋਰਥ ਪ੍ਰਭੂ-ਭਗਤੀ ਕਰਦਿਆਂ, ਨਾਮ ਸਿਮਰਦਿਆਂ ਅਤੇ ਪ੍ਰਭੂ ਸਹਿਜ-ਸਮਾਧੀ ਲਾਉਂਦਿਆਂ ਪ੍ਰਮਾਤਮਾ ਨੂੰ ਸਾਖਿਆਤ ਪਾਉਣਾ ਸੀ। ਇਸੇ ਲਈ ਉਨ੍ਹਾਂ ਦੀ ਸਾਰੀ ਦੀ ਸਾਰੀ ਬਾਣੀ ਪ੍ਰਮਾਤਮਾ, ਆਤਮਾ, ਜਗਤ, ਪ੍ਰਭੂ ਕਿਰਪਾ, ਨਾਮ-ਸਿਮਰਨ, ਮੁਕਤੀ, ਮਨੁੱਖੀ ਜਨਮ ਦੀ ਸ਼੍ਰੇਸ਼ਠਤਾ ਆਦਿ ਵਿਸ਼ਿਆਂ ਦੇ ਦੁਆਲੇ ਘੁੰਮਦੀ ਹੈ।

ਗੁਰੂ ਰਵਿਦਾਸ ਜੀ ਦੀ ਰਚਨਾਵਾਂ ਦੇ ਵਿਸ਼ੇ

4.13.1 ਪਰਮਾਤਮਾ ਦਾ ਸਰੂਪ ਅਤੇ ਸਮਰੱਥਾ।

4.13.2 ਆਤਮਾ ਅਤੇ ਪਰਮਾਤਮਾ ਦੀ ਇਕਰੂਪਤਾ।

4.13.3 ਪ੍ਰਭੂ ਕਿਰਪਾ ਅਤੇ ਪ੍ਰਭੂ-ਦਰਸ਼ਨ ਦੀ ਤਾਂਘ।

4.13.4 ਜੀਵਨ ਦੀ ਨਾਸ਼ਵਾਨਤਾ।

4.13.5 ਪ੍ਰਭੂ-ਭਗਤੀ ਅਤੇ ਪ੍ਰਭੂ ਪ੍ਰੇਮ ਦੀ ਵਡਿਆਈ।

4.13.6 ਕਰਮ ਕਾਂਡਾਂ ਦੀ ਨਿਖੇਧੀ।

4.13.7 ਜੀਵਨ-ਮੁਕਤੀ ਅਤੇ ਆਵਾਗਮਨ ਦਾ ਚੱਕਰ।

4.13.8 ਜਗਤ ਤੇ ਜਗਤ ਦਾ ਸਰੂਪ।

4.13.9 ਮਨੁੱਖੀ ਜਨਮ ਦੀ ਸ੍ਰੇਸ਼ਠਤਾ ਅਤੇ ਮਨ ਦਾ ਸੰਕਲਪ।

4.13.10 ਸਤਿਸੰਗ ਮਹਿਮਾ।

4.13.11 ਜੀਵਾਤਮਾ ਦਾ ਨਿਰੂਪਣ।

4.6.12 ਮਾਇਆ, ਵਿਸ਼ੇ ਵਿਕਾਰ ਤੇ ਹਉਮੈਂ ਦਾ ਤਿਆਗ।

**4.13.1 ਪਰਮਾਤਮਾ ਦਾ ਸਰੂਪ ਅਤੇ ਸਮਰਥਾ:** ਸਮੁੱਚੇ ਬ੍ਰਹਿਮੰਡ ਦਾ ਸੰਚਾਲਕ, ਰੱਖਿਅਕ ਅਤੇ ਪਾਲਣਹਾਰਾ ਕੇਵਲ ਇਕ ਪਰਮਾਤਮਾ ਹੈ ਜਿਸ ਦੇ ਸਰੂਪ ਨੂੰ ਜਾਨਣ ਅਤੇ ਜਿਸ ਨੂੰ ਸਮਝਣ ਦਾ ਯਤਨ ਕਰਨਾ ਅਧਿਆਤਮਕ ਸਾਧਕ ਦਾ ਮੁੱਖ ਮੰਤਵ ਹੈ। ਗੁਰੂ ਰਵਿਦਾਸ ਦੀ ਬਾਣੀ ਦਾ ਕੇਂਦਰੀ ਨੁਕਤਾ ਪ੍ਰਮਾਤਮਾ, ਪ੍ਰਮਾਤਮਾ ਨੂੰ ਪਾਉਣ ਦੇ ਸਾਧਨ, ਉਸ ਦੀ ਭਗਤੀ, ਉਸ ਦੀ ਆਵਸ਼ਕਤਾ, ਉਸ ਦੀ ਸ਼ਰਨ, ਉਸ ਦੀ ਮਿਹਰ, ਉਸ ਨੂੰ ਮਿਲਣ ਦੀ ਤਾਂਘ, ਪ੍ਰਭੂ ਦਰਸ਼ਨ ਦੀ ਤੜਫ, ਉਸ ਦੀ ਦਇਆ ਤੇ ਕ੍ਰਿਪਾਲਤਾ ਅਤੇ ਉਸ ਦਾ ਸਰੂਪ ਹਨ। ਦੂਸਰੇ ਚਿੰਤਕਾਂ, ਸਾਧਕਾਂ ਅਤੇ ਭਗਤਾਂ ਵਾਂਗ ਭਾਵੇਂ ਗੁਰੂ ਰਵਿਦਾਸ ਨੇ ਵੀ ਉਸ ਸਰਬ-ਉਚ ਸ਼ਕਤੀ ਅਤੇ ਮਹਾਨ ਅਸਲੀਅਤ ਨੂੰ ਸ਼ਬਦਾਂ ਰਾਹੀਂ ਪਕੜਨ ਦਾ ਉਪਰਾਲਾ ਬੇਸ਼ਕ ਕੀਤਾ ਹੈ। ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਉਸ ਨੂੰ ਚੌਂਤੀ ਅੱਖਰਾਂ ਰਾਹੀਂ ਬਿਆਨਿਆ ਨਹੀਂ ਜਾ ਸਕਦਾ।

***ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਹੀਂ***

***ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀਂ***

***ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਬਾਗਿ ਲਿਵ ਲਾਗੀ***

***ਕਹਿ ਰਵਿਦਾਸ ਪ੍ਰਗਾਸੁ ਰਿਦੈ ਸਰਿ ਜਨਮ ਮਰਨ ਭੈ ਭਾਗੀ॥***

**(ਆਦਿ ਗ੍ਰੰਥ ਪੰਨਾ 658)**

ਰਵਿਦਾਸ ਬਾਣੀ ਅਨੁਸਾਰ ਉਸ ਪਰਮਾਤਮਾ ਨੂੰ ਕਿਸੇ ਨਾਲ ਉਪਮਾਇਆ ਨਹੀਂ ਜਾ ਸਕਦਾ ਅਤੇ ਉਸ ਦੀ ਕਥਾ ਨੂੰ ਕਥਿਆ ਨਹੀਂ ਜਾ ਸਕਦਾ।

***ਕਹਿ ਰਵਿਦਾਸ ਅਕਥ ਕੱਥਾ***

***ਬਹੁ ਕਾਇ ਕਰੀਜੈ,***

***ਜੈਸਾ ਤੂ ਤੈਸਾ ਤੁਹੀ, ਕਿਆ ਉਪਮਾ ਦੀਜੈ॥***

**(ਆਦਿ ਗ੍ਰੰਥ ਪੰਨਾ 858)**

ਅਤੇ ਕੋਈ ਵੀ ਉਸ ਪ੍ਰਮਾਤਮਾ ਦੀ ਸਾਰ ਨਹੀਂ ਜਾਣ ਸਕਦਾ। ਉਹ ਪਰਮਾਤਮਾ ਹੀ ਜਗਤ ਦਾ ਕਰਤਾ ਹੈ, ਉਹ ਇਸਦਾ ਰਾਜਕ ਜਾਂ ਪਾਲਕ ਹੈ। ਜਿਸ ਪਰਮਾਤਮਾ ਨੇ ਇਨਸਾਨ ਨੂੰ ਇਸ ਧਰਤੀ ਤੇ ਪੈਦਾ ਕੀਤਾ ਹੈ, ਉਸਨੇ ਮਨੁੱਖ ਦਾ ਰਿਜ਼ਕ ਵੀ ਨਾਲ ਭੇਜ ਦਿੱਤਾ ਹੈ। ਘੱਟ ਘੱਟ ਵਿਚ ਰਮਿਆ ਉਹ ਪ੍ਰਭੂ ਸਭ ਦੀਆਂ ਲੋੜਾਂ ਪੂਰਤੀਆਂ ਕਰਦਾ ਹੈ। ਇਸ ਲਈ ਮਨੁੱਖ ਨੂੰ ਹਰ ਤਰ੍ਹਾਂ ਦੇ ਵਹਿਮ, ਭਰਮ ਅਤੇ ਡਰ ਤਜਕੇ ਪਰਮਾਤਮਾ ਦੀ ਭਗਤੀ ਅਤੇ ਉਸਦੀ ਨਾਮ ਦੀ ਕਮਾਈ ਕਰਨੀ ਚਾਹੀਦੀ ਹੈ। ਉਹ ਪਰਮ ਸੱਤਾ ਹੀ ਅਵਿਨਾਸ਼ੀ ਹੈ, ਸਰਵਵਿਆਪਕ ਹੈ, ਘੱਟ ਘੱਟ ਵਿਚ ਮੌਜੂਦ ਹੈ। ਉਹ ਆਵਾਗਮਨ ਤੋਂ ਮੁਕਤ ਹੈ। ਉਸ ਉਪਰ ਮਾਇਆ ਅਤੇ ਕਾਲ ਦਾ ਡੰਗ ਨਹੀਂ ਚੱਲ ਸਕਦਾ। ਉਹ ਸਮੁੱਚੇ ਜੱਗ ਦਾ ਆਦਿ ਪਿਤਾ ਹੋ ਕੇ ਵੀ ਇਸ ਜਗ ਤੋਂ ਨਿਰਲੇਪ ਹੈ। ਉਹ ਹੀ ਸ਼੍ਰਿਸ਼ਟੀ ਦਾ ਜਨਮ ਅਤੇ ਜੀਵਨ ਦਾ ਉਧਾਰਕ ਹੈ। ਵੱਡੇ ਵੱਡੇ ਜੋਗੀ ਤੱਕ ਵੀ ਉਸਦੇ ਗੁਣਾਂ ਨੂੰ ਬਿਆਨ ਨਹੀਂ ਕਰ ਸਕਦੇ।

*ਜੋਗੀਸਰ ਪਾਵਹਿ ਨਹੀਂ*

*ਤੁਅ ਗੁਣ ਕਥਨੁ ਅਪਾਰ।*

**(ਆਦਿ ਗ੍ਰੰਥ ਪੰਨਾ, 346)**

ਇਸੇ ਲਈ ਰਵਿਦਾਸ ਬਾਣੀ ਵਿਚ ਪਰਮਾਤਮਾ ਲਈ ਹਰਿ, ਮੁਰਾਰੀ, ਮੁਕੰਦ, ਮਾਧਵ, ਉਪਕਾਰੀ, ਪਾਰਸ, ਕਰਤਾ, ਸੁਖਸਾਗਰ, ਗੋਬਿੰਦ, ਅਨੰਤ, ਨਿਰੰਜਨ, ਸਤਿਨਾਮ, ਰਘੁਨਾਥ, ਰਾਜਾ ਰਾਮ, ਬਾਜੀਗਰ, ਅਨੂਪ, ਸੁਆਮੀ, ਨਾਇਕ, ਅੰਤਰਜਾਮੀ, ਠਾਕੁਰ, ਭਵਖੰਡਨਾਂ ਆਦਿ ਦਾ ਪ੍ਰਯੁਕਤ ਹੋਏ ਹਨ।

ਗੁਰੂ ਰਵਿਦਾਸ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਸੁੱਖਾਂ ਦਾ ਸਾਗਰ ਹੈ, ਸੁਰਗ ਦੇ ਪੰਜੇ ਸੁੱਖ, ਚਿੰਤਾਮਣੀ ਅਤੇ ਕਾਮਧੇਨੁ ਉਸਦੇ ਵਸ ਵਿਚ ਹਨ। ਧਰਮ, ਕਾਮ, ਅਰਥ ਅਤੇ ਮੋਕਸ਼ ਹਿੰਦੂ ਮਿਥਿਹਾਸ ਵਿਚ ਪ੍ਰਵਾਨਿਤ ਅਠਾਰਾਂ ਸਿੱਧੀਆਂ ਅਤੇ ਨੌਂ ਨਿਧੀਆਂ ਉਸਦੇ ਹੱਥਾਂ ਦੀਆਂ ਤਲੀ ਤੇ ਸੁਸ਼ੋਭਿਤ ਹਨ। ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨ ਨੂੰ ਉਚਿਆਉਣ ਵਾਲਾ, ਗਰੀਬ ਨਿਵਾਜ਼, ਉਨ੍ਹਾਂ ਦੇ ਮੱਥੇ ਤੇ ਛਤਰ ਝੁਲਾਉਣ ਵਾਲਾ ਉਹ ਪਰਮਾਤਮਾ ਸਗਲ ਭਵਨ ਕਾ ਨਾਇਕ ਹੈ:

***ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸ ਦਿਖਾਇ ਜੀ***

**(ਆਦਿ ਗ੍ਰੰਥ ਪੰਨਾ, 336)**

ਗੁਰੂ ਰਵਿਦਾਸ ਜੀ ਨੇ ਪ੍ਰਭੂ ਨਾਲ ਭਗਤ ਦੇ ਸੰਬੰਧ ਕਈ ਰੂਪਾਂ ਵਿਚ ਪੇਸ਼ ਕੀਤੇ ਹਨ। ਰਵਿਦਾਸ ਬਾਣੀ ਵਿਚ ਪ੍ਰਭੂ ਪਰਮਾਤਮਾ ਨੂੰ ਪਤੀ-ਪਤਨੀ ਦੇ ਸੰਬੰਧਾਂ ਤੋਂ ਇਲਾਵਾ ਸੇਵਕ ਸਵਾਮੀ ਅਤੇ ਮਾਤਾ ਪਿਤਾ ਦੇ ਰੂਪ ਵਿਚ ਵੀ ਪੇਸ਼ ਕੀਤਾ ਗਿਆ ਹੈ। ਪਤੀ-ਪਤਨੀ ਦੇ ਸੰਬੰਧਾਂ ਰਾਹੀਂ ਪਿਆਰ ਦੀ ਜਿਹੜੀ ਤੀਬਰਤਾ, ਇਕਰੂਪਤਾ ਅਤੇ ਸ਼ਿੱਦਤ ਗੁਰੂ ਰਵਿਦਾਸ ਨੇ ਬਿਆਨੀ ਹੈ ਉਹ ਕਿਸੇ ਹੋਰ ਸੰਬੰਧ ਰਾਹੀਂ ਸੰਭਵ ਨਹੀਂ ਪਰ ਫਿਰ ਵੀ ਇਸ ਵਿਚ ਦਵੈਤਵਾਦ ਲਈ ਕੋਈ ਗੁੰਜ਼ਾਇਸ਼ ਨਹੀਂ ਹੈ। ਇਸ ਤੋਂ ਇਲਾਵਾ ਗੁਰੂ ਰਵਿਦਾਸ ਨੇ ਮਾਤਾ ਪਿਤਾ ਕਹਿਕੇ ਪ੍ਰਭੂ ਨੂੰ ਆਪਣਾ ਮੁਕਤੀਦਾਤਾ ਆਖਿਆ ਹੈ ਅਤੇ ਉਸ ਪ੍ਰਤੀ ਸ਼ਰਧਾ ਤੇ ਪ੍ਰੇਮ ਪ੍ਰਗਟ ਕੀਤਾ ਹੈ। ਸੇਵਕ ਅਤੇ ਸਵਾਮੀ ਦੇ ਸੰਬੰਧਾਂ ਵਿਚ ਵੀ ਉਨ੍ਹਾਂ ਨੇ ਪ੍ਰਭੂ ਮਾਲਕ ਪ੍ਰਤੀ ਸੱਚੀ ਸਵਾਮੀ-ਭਗਤੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਮਨੁੱਖ ਨੂੰ ਪ੍ਰੇਰਨਾ ਵੀ ਦਿੱਤੀ ਹੈ ਕਿ ਉਹ ਸੱਚੇ ਸੇਵਕ ਦੀ ਤਰ੍ਹਾਂ ਆਪਣੇ ਪ੍ਰਭੂ ਦੀ ਸੇਵਾ ਵਿਚ ਤੱਤਪਰ ਰਹੇ। ਇਸ ਬਾਣੀ ਵਿਚ ਪ੍ਰਭੂ ਨਾਲ ਪੇਸ਼ ਹੋਏ ਇਨ੍ਹਾਂ ਸਬੰਧਾਂ ਦਾ ਵੇਰਵਾ ਇਸ ਪ੍ਰਕਾਰ ਹੈ:

(ੳ) **ਗੁਰੂ ਰਵਿਦਾਸ ਬਾਣੀ ਵਿਚ ਪ੍ਰਭੂ ਪਤੀ ਅਤੇ ਜੀਵਾਤਮਾ ਪਤਨੀ ਦੇ ਰੂਪ ਵਿਚ** : ਰਵਿਦਾਸ ਬਾਣੀ

ਵਿਚ ਪ੍ਰਭੂ ਸਿੱਧੇ ਰੂਪ ਵਿਚ ਪਤੀ ਅਤੇ ਪਤਨੀ ਦੇ ਸਬੰਧਾਂ ਵਿਚ ਬੱਝਿਆ ਨਜ਼ਰ ਨਹੀਂ ਆਉਂਦਾ। ਪਰ ਉਨ੍ਹਾਂ ਦੇ ਸੁਹਾਗਨ ਤੇ ਦੁਹਾਗਨ ਦੇ ਉਦਾਹਰਨ ਰਾਹੀਂ ਪ੍ਰਭੂ ਭਗਤਾਂ ਨੂੰ ਸੁਹਾਗਨ ਅਤੇ ਮਨਮੁੱਖ ਨੂੰ ਦੁਹਾਗਨ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

*ਸਹੁ ਕੀ ਸਾਰ ਸੁਹਾਗਨਿ ਜਾਨੈ।*
*ਤਜਿ ਅਭਿਮਾਨ ਸੁਖ ਰਲੀਆ ਮਾਨੈ।*
*ਦੁਖੀ ਦੁਹਾਗਨਿ ਦੁਇ ਪਖ ਹੀਨੀ*
*ਜਿਨਿ ਨਾਹ ਨਿਰੰਤਰਿ ਭਗਤੀ ਨ ਕੀਨੀ।*

(ਆਦਿ ਗ੍ਰੰਥ, ਪੰਨਾ 793)

(ਅ) ਗੁਰੂ ਰਵਿਦਾਸ ਬਾਣੀ ਵਿਚ ਪ੍ਰਭੂ, ਮਾਤਾ ਪਿਤਾ ਦੇ ਰੂਪ ਵਿਚ:

*ਮੁਕੰਦ ਮੁਕੰਦ ਜਪਹੁ ਸੰਸਾਰੁ।*
*ਬਿਨੁ ਮੁਕੰਦ ਤਨੁ ਹੋਇ ਅਉਹਾਰ।।*
*ਸੋਈ ਮੁਕੰਦ ਮੁਕਤਿ ਦਾ ਦਾਤਾ।*
*ਸੋਈ ਮੁਕੰਦ ਹਮਾਰਾ ਪਿਤ ਮਾਤਾ।*

(ਆਦਿ ਗ੍ਰੰਥ, ਪੰਨਾ 875)

(ੲ) ਗੁਰੂ ਰਵਿਦਾਸ ਬਾਣੀ ਵਿਚ ਪ੍ਰਭੂ ਸਵਾਮੀ ਰੂਪ ਵਿਚ

*ਤੁਮ ਜੁ ਨਾਇਕ ਆਛਹੁ ਅੰਤਰਜਾਮੀ,*
*ਪ੍ਰਭੂ ਤੇ ਜਨੁ ਜਾਨੀਜੈ ਜਨ ਤੇ ਸੁਆਮੀ।*

(ਆਦਿ ਗ੍ਰੰਥ, ਪੰਨਾ 93)

ਅਤੇ

*ਜੀਵਤ ਮੁਕੰਦੇ ਮਰਤ ਮੁਕੰਦੇ,*
*ਤਾ ਕੇ ਸੇਵਕ ਕਉ ਸਦਾ ਅਨੰਦੇ।*

(ਆਦਿ ਗ੍ਰੰਥ, ਪੰਨਾ 875)

ਇਸ ਸਬੰਧ ਵਿਚ ਜਯਰਾਮ ਮਿਸ਼ਰ ਦੇ ਵਿਚਾਰ ਬੜੇ ਸਾਰਥਕ ਹਨ, "ਜਿਥੇ ਰੱਖਿਆ ਪਾਲਣ ਆਦਿ ਭਾਵ ਹੈ, ਉਥੇ ਪਰਮਾਤਮਾ ਦੀ ਉਪਾਸਨਾ ਮਾਤਾ ਪਿਤਾ ਤੇ ਸਵਾਮੀ ਦੇ ਰੂਪ ਵਿਚ ਕੀਤੀ ਗਈ ਹੈ ਪਰ ਜਿਥੇ ਪ੍ਰੇਮ ਦੀ ਤੀਬਰਤਾ, ਤਨਸਯਤਾ ਅਤੇ ਇਕਰੂਪਤਾ ਦੀ ਅਭਿਵਿਅੰਜਨਾ ਹੋਈ ਹੈ, ਉਥੇ ਪਤੀ-ਪਤਨੀ ਦੇ ਮਾਧਿਅਨ ਦਾ ਸਹਾਰਾ ਲਿਆ ਗਿਆ ਹੈ।"(45)

4.13.2 **ਆਤਮਾ ਤੇ ਪਰਮਾਤਮਾ ਦੀ ਇਕਰੂਪਤਾ** : ਆਦਿ ਕਾਲ ਤੋਂ ਮਨੁੱਖ ਦੇ ਜਿਗਿਆਸੂ ਮਨ ਵਿਚ ਆਤਮਾ ਅਤੇ ਆਤਮਾ ਦੇ ਸਰੂਪ ਨੂੰ ਜਾਨਣ ਦੀ ਪ੍ਰਬਲ ਇੱਛਾ ਰਹੀ ਹੈ। ਰਿਗਵੇਦ ਤੋਂ ਲੈ ਕੇ ਭਾਰਤ ਵਿਚ ਪ੍ਰਚਲਿਤ ਲਗਭਗ ਸਭ ਧਰਮਾਂ, ਮਤਾਂ ਅਤੇ ਵਿਚਾਰਧਾਰਾਵਾਂ ਵਿਚ ਇਸ ਸਬੰਧੀ ਬੜੀ ਡੂੰਘਾਈ ਨਾਲ ਵਿਚਾਰ ਹੋਇਆ ਹੈ ਅਤੇ ਬਹੁਮਤ ਨੇ ਆਤਮਾ ਤੇ ਪਰਮਾਤਮਾ ਵਿਚ ਕੋਈ ਅੰਤਰ ਸਵੀਕਾਰ ਨਹੀਂ ਕੀਤਾ ਹੈ

ਅਤੇ ਆਤਮਾ ਨੂੰ ਪਰਮਾਤਮਾ ਦਾ ਅੰਸ਼ ਮੰਨਿਆ ਹੈ।

ਗੁਰੂ ਰਵਿਦਾਸ ਬਾਣੀ ਵਿਚ ਪ੍ਰਮਾਤਮਾ ਤੇ ਆਤਮਾ ਦੇ ਰਿਸ਼ਤੇ ਨੂੰ ਪਹਾੜ ਤੇ ਮੋਰ, ਚੰਦ ਤੇ ਚਕੋਰ, ਦੀਵਾ ਤੇ ਬੱਤੀ, ਤੀਰਥ ਤੇ ਜਾਤਰੀ ਜਿਹੇ ਰਿਸ਼ਤੇ ਰਾਹੀਂ ਵੀ ਚਿਤਵਿਆ ਗਿਆ ਹੈ। ਜਿਵੇਂ ਪਹਾੜ ਅਤੇ ਮੋਰ, ਚੰਦ ਅਤੇ ਚਕੋਰ, ਦੀਵਾ ਤੇ ਬਾਤੀ ਅਤੇ ਤੀਰਥ ਤੇ ਜਾਤਰੀ ਦਾ ਸੰਬੰਧ ਅਨਿੱਖੜ, ਸਦੀਵੀਂ ਅਤੇ ਪਿਆਰ ਆਧਾਰਿਤ ਹੈ ਤਿਵੇਂ ਆਤਮਾ ਵੀ ਪਰਮਾਤਮਾ ਦੇ ਪਿਆਰ ਵਿਚ ਖੀਵੀ ਹੁੰਦੀ ਅਤੇ ਉਸ ਨੂੰ ਦੇਖ ਦੇਖ ਕੇ ਪ੍ਰਫੁੱਲਤ ਹੁੰਦੀ ਹੈ ਅਤੇ ਹਮੇਸ਼ਾ ਪਰਮਾਤਮਾ ਦੇ ਅੰਗ ਸੰਗ ਰਹਿਣ ਲਈ ਅਰਜੋਈਆਂ ਕਰਦੀ ਹੈ।

*ਜਉ ਤੁਮ ਗਿਰਵਰ ਤਉ ਹਮ ਮੋਰਾ*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ।*

**(ਆਦਿ ਗ੍ਰੰਥ ਪੰਨਾ 659)**

ਅਤੇ

*ਜਉ ਤੁਮ ਦੀਵਰਾ ਤਉ ਹਮ ਬਾਤੀ।*
*ਜਉ ਤੁਮ ਤੀਰਥ ਤਉ ਹਮ ਜਾਤੀ।*

**(ਆਦਿ ਗ੍ਰੰਥ ਪੰਨਾ 659)**

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਆਤਮਾ ਨੂੰ ਪੰਛੀ ਦਾ ਰੂਪਕ ਦਿੰਦੇ ਹੋਏ ਦੱਸਿਆ ਹੈ ਕਿ ਉਸਦੀ ਹਾਲਤ ਪੰਛੀ ਦੀ ਤਰ੍ਹਾਂ ਹੈ ਜੋ ਸ਼ਰੀਰ ਰੂਪੀ ਪਿੰਜਰੇ ਵਿਚ ਬੰਦ ਹੈ।

*ਹਾਡ ਮਾਸ ਨਾੜੀ ਕੋ ਪਿੰਜੁਰ, ਪੰਖੀ ਬਸੈ ਬਿਚਾਰਾ।*

**(ਆਦਿ ਗ੍ਰੰਥ ਪੰਨਾ 659)**

ਆਤਮਾ ਉਸ ਪਰਮਾਤਮਾ ਦੇ ਵਿਛੋੜੇ ਵਿਚ ਤੜਪ ਰਹੀ ਹੈ। ਉਹ ਕਿਸੇ ਵੀ ਤਰ੍ਹਾਂ ਪਰਮਾਤਮਾ ਤੋਂ ਅਲਗ ਨਹੀਂ ਹੋਣਾ ਚਾਹੁੰਦੀ। ਉਹ ਆਪਣੇ ਸਰੀਰ ਤੇ ਹਰ ਮੁਸੀਬਤ ਝੱਲ ਕੇ ਪਰਮਾਤਮਾ ਦੇ ਚਰਣਾਂ ਨੂੰ ਛੱਡਣਾ ਨਹੀਂ ਚਾਹੁੰਦੀ ਹੈ।

*ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ।*

*ਚਰਣ ਨਾ ਛਾਡਉ ਸਰੀਰ ਕਲ ਜਾਈ*

**(ਆਦਿ ਗ੍ਰੰਥ, ਪੰਨਾ 345)**

ਗੁਰੂ ਰਵਿਦਾਸ ਜੀ ਨੇ ਆਤਮਾ ਤੇ ਪਰਮਾਤਮਾ ਦੇ ਸਬੰਧ ਨੂੰ ਲੋਹੇ ਅਤੇ ਪਾਰਸ ਦੇ ਰੂਪਕ ਰਾਹੀਂ ਵੀ ਉਜਾਗਰ ਕੀਤਾ ਹੈ। ਉਨ੍ਹਾਂ ਅਨੁਸਾਰ ਦਿਖਾਵੇ ਲਈ ਪੜਿਆ, ਵਿਚਾਰਿਆ ਅਤੇ ਸੁਣਿਆ ਪ੍ਰਭੂ ਨਾਮ ਵੀ ਆਤਮਾ ਵਿਚ ਪਰਮਾਤਮਾ ਦੀ ਤੜਪ ਪੈਦਾ ਨਹੀਂ ਕਰ ਸਕਦਾ ਕਿਉਂਕਿ ਉਹ ਅੰਦਰ ਕਾਮਾਦਿਕ ਵਿਕਾਰਾਂ ਦਾ ਬੋਲਬਾਲਾ ਹੁੰਦਾ ਹੈ। ਜਦੋਂ ਤੱਕ ਲੋਹਾ ਪਾਰਸ ਦੀ ਛੋਹ ਪ੍ਰਾਪਤ ਨਹੀਂ ਕਰਦਾ ਉਦੋਂ ਤੱਕ ਸੋਨਾ ਬਨਣ ਦਾ ਸੁਆਲ ਪੈਦਾ ਨਹੀਂ ਹੁੰਦਾ। ਜਦੋਂ ਆਤਮਾ ਤੋਂ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ ਤਾਂ ਹੀ ਉਹ ਪਰਮਾਤਮਾ ਦੇ ਦਰਸ਼ਨਾਂ ਦੇ ਸਮਰੱਥ ਹੁੰਦੀ ਹੈ।

*ਪੜੀਏ ਗੁਨੀਏ ਨਾਮੁ ਸਭੁ ਸੁਨੀਐ,*

*ਅਨਭਉ ਭਾਉ ਨ ਦਰਸੈ।*

*ਲੋਹਾ ਕੰਚਨੁ ਹਿਰਨ ਹੋਇ ਕੈਸੇ*

*ਜਉ ਪਾਰਸਹਿ ਨ ਪਰਸੈ।*

(ਆਦਿ ਗ੍ਰੰਥ, ਪੰਨਾ 973)

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਆਤਮਾ ਦੇ ਸਰੂਪ, ਉਸ ਦੇ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਜਤਨ, ਉਸਦੀ ਪ੍ਰਾਪਤੀ ਅਤੇ ਵਿਜੋਗ ਸਬੰਧੀ ਜ਼ਿਕਰ ਰਵਿਦਾਸ ਬਾਣੀ ਵਿਚ ਬੜੀ ਖੂਬਸੂਰਤੀ ਨਾਲ ਪੇਸ਼ ਹੋਏ ਹੈ।

4.13.3 **<u>ਪ੍ਰਭੂ ਕ੍ਰਿਪਾ ਤੇ ਪ੍ਰਭੂ ਦਰਸ਼ਨ ਦੀ ਤਾਂਘ</u>**: ਜੀਵਨ ਮੁਕਤੀ ਜਾਂ ਜੀਵਤ ਮਰਨ ਲਈ ਪ੍ਰਭੂ ਕ੍ਰਿਪਾ ਦਾ ਵਿਸ਼ੇਸ਼ ਮਹੱਤਵ ਹੈ। ਮੁਕਤੀ ਦੀ ਪ੍ਰਾਪਤੀ ਲਈ ਸਵੈਜਤਨ ਕਾਫ਼ੀ ਨਹੀਂ। ਪਰਮਾਤਮਾ ਦੀ ਮਿਹਰ ਤੋਂ ਬਿਨਾਂ ਮੁਕਤੀ ਮਿਲਣੀ ਮੁਸ਼ਕਿਲ ਹੁੰਦੀ ਹੈ। ਉਸਦੀ ਕ੍ਰਿਪਾ ਤੋਂ ਬਿਨਾਂ ਉਸਦੀ ਭਗਤੀ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਉਹ ਪ੍ਰਭੂ ਕ੍ਰਿਪਾ ਤੇ ਦਰਸ਼ਨ ਦੀ ਤਾਂਘ ਪ੍ਰਗਟ ਕਰਦੇ ਹਨ।

*ਸਗਲ ਭਵਨ ਕੇ ਨਾਇਕਾ ਇਕੁ, ਛਿਨੁ ਦਰਸੁ ਦਿਖਾਇ ਜੀ॥*

*ਮਲਿਨ ਭਈ ਮਤਿ ਮਾਧਵਾ ਤੇਰੀ, ਗਤੀ ਲਖੀ ਨਾ ਜਾਇ॥*

*ਕਰਹੁ ਕ੍ਰਿਪਾ ਭ੍ਰਮ ਚੁਕਈ ਮੈਂ ਸੁਮਤਿ ਦੇਹੁ ਸਮਝਾਇ॥*

*(ਆਦਿ ਗ੍ਰੰਥ, ਪੰਨਾ 346)*

ਗੁਰੂ ਰਵਿਦਾਸ ਜੀ ਆਖਦੇ ਹਨ ਕਿ ਮਨੁੱਖ ਦੀ ਮੱਤ ਵਿਸ਼ੇ ਵਿਕਾਰਾਂ ਦੀ ਮੈਲ ਨਾਲ ਲੱਥਪਥ ਹੋ ਚੁੱਕੀ ਹੈ, ਜਿਸ ਕਰਕੇ ਇਹ ਉਸ ਪਰਮਾਤਮਾ ਦੀਆਂ ਗਤੀਵਿਧੀਆਂ ਨਹੀਂ ਲੱਖ ਸਕਦਾ। ਪਰ ਜੇਕਰ ਪ੍ਰਭੂ ਕਿਰਪਾ ਹੋ ਜਾਵੇ ਤਾਂ ਪ੍ਰਭੂ ਉਸ ਦੀ ਭ੍ਰਮ ਦਾ ਪਰਦਾ ਪਾੜ ਕੇ ਉਸਦਾ ਉਧਾਰ ਕਰ ਦਿੰਦੇ ਹਨ।

ਗੁਰੂ ਰਵਿਦਾਸ ਆਪਣੇ ਜੀਵਨ ਦਾ ਉਦਾਹਰਨ ਦਿੰਦੇ ਆਖਦੇ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਹੀ ਉਨ੍ਹਾਂ ਦੇ ਸਭ ਕਲੇਸ਼ ਕੱਟੇ ਗਏ ਅਤੇ ਉਨ੍ਹਾਂ ਨੂੰ ਵਾਸਤਵਿਕਤਾ ਦਾ ਗਿਆਨ ਹੋ ਗਿਆ ਤੇ ਮਨ ਅੰਦਰ ਚਾਨਣ ਹੋ ਗਿਆ।

*ਉਪਜਿਓ ਗਿਆਨੁ ਹੂਆ ਪਰਗਾਸ*

*ਕਰਿ ਕਿਰਪਾ ਲੀਨੇ ਕੀਟ ਦਾਸ।*

(ਆਦਿ ਗ੍ਰੰਥ ਪੰਨਾ, 875)

ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਗਰੀਬਾਂ ਦੇ ਸਿਰ ਤੇ ਛਤਰ ਨਹੀਂ ਝੁੱਲ ਸਕਦਾ। ਜਿਸ ਦਾ ਛੋਹ ਜਾਣਾ ਵੀ ਪਾਪ ਸਮਝਿਆ ਜਾਂਦਾ ਸੀ, ਪ੍ਰਭੂ ਨੇ ਆਪਣੀ ਮਿਹਰ ਨਾਲ ਉਸ ਨੂੰ ਉੱਚਾ ਕਰ ਦਿੱਤਾ ਹੈ ਅਤੇ ਅੱਜ ਤਥਾਕਥਿਤ ਉੱਚੀ ਜਾਤੀ ਦੇ ਲੋਕ ਉਨ੍ਹਾਂ ਨੂੰ ਦੰਡਵਤ ਪ੍ਰਣਾਮ ਕਰ ਰਹੇ ਹਨ। ਉਹ ਪਰਮਾਤਮਾ ਸੁੱਖਾਂ ਦਾ ਸਮੁੰਦਰ ਹੈ। ਉਸਦੇ ਵੱਸ ਵਿਚ ਕਲਪਤਰੁ, ਚਿੰਤਾਮਣੀ ਤੇ ਕਾਮਧੇਨੁ ਹਨ। ਕਾਮ, ਧਰਮ, ਅਰਥ ਤੇ ਮੋਖ, ਅਠਾਰਾਂ ਸਿੱਧੀਆਂ ਨੌ ਨਿੱਧਾਂ ਉਸਦੇ ਹੱਥ ਦੀ ਤਲੀਆਂ ਤੇ ਹਨ। ਅਜਿਹੇ ਪ੍ਰਭੂ ਦੀ ਕਿਰਪਾ ਨਾਲ ਜਿਸ ਵੀ

ਵਿਅਕਤੀ ਨੂੰ ਉਸਦੀ ਸ਼ਰਨ ਮਿਲ ਜਾਂਦੀ ਹੈ ਉਹ ਭਵਸਾਗਰ 'ਚੋਂ ਪਾਰ ਹੋ ਜਾਦਾ ਹੈ। ਗੁਰੂ ਰਵਿਦਾਸ ਦੱਸਦੇ ਹਨ ਕਿ ਉਸ ਪ੍ਰਭੂ ਦੀ ਸ਼ਰਨ ਵਿਚ ਆ ਕੇ ਹੀ ਨਾਮਦੇਵ, ਕਬੀਰ, ਤਿਲੋਚਨ, ਧੰਨਾ, ਸਧਨਾ ਤੇ ਸੈਨ ਵਰਗੇ ਵੀ ਭਵਸਾਗਰ ਵਿਚੋਂ ਪਾਰ ਹੋ ਗਏ।

ਅਜਾਮਲ, ਪਿੰਗਲਾ (ਵੇਸਵਾ) ਕਿਾਰੀ, ਹਾਥੀ, ਇਹ ਸਾਰੇ ਹਰਿ ਦੇ ਪਾਸ ਪੁੱਜ ਗਏ ਤਾਂ ਫਿਰ ਦੁਰਮਤਿ ਵਿਅਕਤੀ ਕਿਉਂ ਨਹੀਂ ਤਰ ਸਕਦਾ?

*ਅਜਾਮਲੁ ਪਿੰਗੁਲਾ ਲਭਤੁ ਕੁੰਚਰੁ, ਗਏ ਹਰਿ ਕੈ ਪਾਸਿ॥*

*ਐਸੇ ਦੁਰਮਤਿ ਨਿਸਤਰੇ ਤੂ ਕਿਉਂ ਨ ਤਰਹਿ ਰਵਿਦਾਸ॥*

(**ਆਦਿ ਗ੍ਰੰਥ, ਪੰਨਾ** 1124)

ਇਸੇ ਲਈ ਗੁਰੂ ਰਵਿਦਾਸ ਹਰ ਪਲ ਉਸ ਪ੍ਰਭੂ ਕੋਲੋਂ ਉਨ੍ਹਾਂ ਦੀ ਸ਼ਰਣ ਵਿਚ ਰਹਿਣਾ ਲੋਚਦੇ ਹਨ ਅਤੇ ਮਨ ਵਿਚ ਉਨ੍ਹਾਂ ਦੇ ਦਰਸ਼ਨਾਂ ਦੀ ਤਾਂਘ ਰੱਖਦੇ ਹਨ।

*ਕਹੁ ਰਵਿਦਾਸ ਪਰਉ ਤੇਰੀ ਸਾਭਾ।*

*ਬੇਗਿ ਮਿਲ ਹੁ ਜਨ ਕਰਿ ਨਾ ਬਿਲਾਂਭਾ॥*

(**ਆਦਿ ਗ੍ਰੰਥ, ਪੰਨਾ** 345)

4.13.4 **ਜੀਵਨ ਦੀ ਨਾਸ਼ਵਾਨਤਾ** : ਜੀਵਨ ਦੀ ਨਾਸ਼ਵਾਨਤਾ ਦਾ ਸੰਕਲਪ ਅਧਿਆਤਮਕ ਜਗਤ ਵਿਚ ਬੜੀ ਪ੍ਰਮੁੱਖਤਾ ਨਾਲ ਵਿਚਾਰਿਆ ਜਾਂਦਾ ਸੰਕਲਪ ਹੈ। ਗੁਰਬਾਣੀ ਵਿਚ ਵੀ ਇਸ ਤੱਥ ਦਾ ਪ੍ਰਮੁੱਖਤਾ ਨਾਲ ਵਿਵੇਚਨ ਹੋਇਆ ਹੈ। ਜਿਵੇਂ:

*ਕਿਸੁ ਨਾਲ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।*

(**ਆਦਿ ਗ੍ਰੰਥ, ਪੰਨਾ** 468)

ਸੂਫੀ ਕਵਿਤਾ ਵਿਚ ਵੀ ਜੀਵਨ ਦੀ ਨਾਸ਼ਵਾਨਤਾ ਨੂੰ ਯਾਦ ਰੱਖਣ ਲਈ ਕਾਲੇ ਕੱਪੜੇ ਪਾਉਣ ਦਾ ਵਿਧਾਨ ਹੈ। ਕਾਲੇ ਕੱਪੜੇ ਮੌਤ ਦੀ ਨਿਸ਼ਾਨੀ ਹਨ। ਬਾਬਾ ਫ਼ਰੀਦ ਨੇ ਜੀਵਨ ਦੀ ਨਾਸ਼ਵਾਨਤਾ ਵੱਲ ਸੰਕੇਤ ਕਰਦੇ ਕਿਹਾ ਹੈ:

*ਕਾਲੇ ਮੈਡੇ ਕਪੜੇ, ਕਾਲਾ ਮੈਡਾ ਵੇਸੁ॥*

*ਗੁਨਹੀ ਭਰਿਆ ਮੈ ਫਿਰਾ, ਲੋਕੁ ਕਹਿ ਦਰਵੇਸੁ॥*

(**ਆਦਿ ਗ੍ਰੰਥ, ਪੰਨਾ** 1382)

ਗੁਰੂ ਰਵਿਦਾਸ ਜੀ ਨੇ ਵੀ ਜੀਵ ਦੀ ਨਾਸ਼ਵਾਨਤਾ ਦੇ ਸੰਕਲਪ ਨੂੰ ਆਪਣੀ ਵਿਚਾਰਧਾਰਾ ਵਿਚ ਬੜੀ ਪ੍ਰਮੁੱਖਤਾ ਦਿੱਤੀ ਹੈ। ਸੰਸਾਰ ਦੇ ਐਸ਼-ਆਰਾਮ ਵਿਚ ਖਚਿਤ ਜੀਵ ਦੀ ਹੋਣੀ ਬਾਰੇ ਉਹ ਦੱਸਦੇ ਹਨ ਕਿ ਜੀਵਨ ਰੂਪੀ ਸ਼ਾਮ ਪੈ ਜਾਣ ਨਾਲ ਚਾਰ ਚੁਫੇਰੀ ਹਨੇਰਾ ਪਸਰ ਰਿਹਾ ਹੈ, ਪਰ ਮਨੁੱਖ ਵੀ ਅਸਲੀਅਤ ਨੂੰ ਭੁੱਲਕੇ ਇੱਥੋਂ ਦੀਆਂ ਮਨਮੋਹਕ ਵਸਤਾਂ ਵਿਚ ਗੁਆਚਿਆ ਪਿਆ ਹੈ। ਸੰਸਾਰ ਕਿਸੇ ਦਾ ਪੱਕਾ ਟਿਕਾਣਾ ਨਹੀਂ ਬਣ ਸਕਦਾ। ਮੌਤ ਹਮੇਸ਼ਾ ਉਸਦੇ ਸਿਰ ਤੇ ਖੜੀ ਹੈ। ਇਸ ਲਈ ਜੀਵ ਦੁਨੀਆਂ ਦੀ ਨਾਸ਼ਵਾਨਤਾ ਨੂੰ

ਅਣਗੌਲਿਆ ਨਹੀਂ ਕਰ ਸਕਦਾ।

*ਜਨਮੁ ਸਿਰਾਨੋ ਪੰਥੁ ਨ ਸਵਾਰਾ,*

*ਸਾਂਝ ਪਰੀ ਦਹ ਦਿਸ ਅੰਧਿਆਰਾ।*

*ਕਹਿ ਰਵਿਦਾਸ ਨਿਦਾਨਿ ਦਿਵਾਨੇ,*

*ਚੇਤਸਿ ਨਾਹੀ ਦੁਨੀਆ ਫਨ ਖਾਨੇ।*

**(ਆਦਿ ਗ੍ਰੰਥ, 794)**

ਉਨ੍ਹਾਂ ਨੇ ਮਨੁੱਖੀ ਸਰੀਰ ਦੀ ਤੁਲਨਾ ਮਿੱਟੀ ਦੇ ਪੁਤਲੇ ਨਾਲ ਕੀਤੀ ਹੈ, ਜੋ ਮੋਹ-ਮਾਇਆ ਦੀ ਮਿੱਟੀ ਵਿਚ ਗੜੁੱਚ ਇਧਰ-ਉਧਰ ਟੱਪਦਾ ਪਿਆ ਹੈ। ਉਹ ਗਰਭ ਦਾ ਭਰਿਆ, ਜੀਵਨ ਦੇ ਰਸਾਂ ਦਾ ਲੋਭੀ ਹੈ, ਜਿਸ ਨੂੰ ਖਬਰ ਨਹੀਂ ਕਿ ਜੀਵਨ ਬਿਨਸ ਜਾਣ ਤੇ ਉਸਦੀ ਕੀ ਗਤੀ ਹੋਵੇਗੀ? ਦੁਨੀਆਂ ਇਕ ਬਾਜ਼ੀ ਦੀ ਤਰ੍ਹਾਂ ਹੈ ਜੋ ਪ੍ਰਭੂ ਰੂਪੀ ਬਾਜੀਗਰ ਨੇ ਪਾਈ ਹੈ। ਇਸ ਲਈ ਇਸ ਪ੍ਰਤੀ ਮੋਹ ਨਹੀਂ ਰੱਖਣਾ ਚਾਹੀਦਾ। ਇਹ ਸੰਸਾਰ ਤਾਂ ਕੁਸੁੰਭੇ ਦੇ ਰੰਗ ਵਾਂਗ ਕੱਚਾ ਅਤੇ ਅਸਥਿਰ ਹੈ। ਪੱਕਾ ਰੰਗ ਤਾਂ ਮਜੀਠੀ ਰੰਗ ਹੈ ਜੋ ਉਸ ਪ੍ਰਭੂ ਪਰਮਾਤਮਾ ਦਾ ਹੈ।

ਜਲ ਦੀ ਕੰਧ, ਪਵਨ ਦਾ ਥੰਮ ਅਤੇ ਲਹੂ ਦੀ ਬੂੰਦਾਂ ਨਾਲ ਬਣਿਆ ਗਾਰਾ ਲਗਾਕੇ ਮਨੁੱਖੀ ਸ਼ਰੀਰ ਦਾ ਨਿਰਮਾਣ ਹੋਇਆ ਹੈ। ਇਹ ਸ਼ਰੀਰ ਹੱਡ, ਮਾਸ ਤੇ ਨਾੜਾਂ ਦਾ ਪਿੰਜਰਾ ਹੈ, ਜਿਸਦੇ ਵਿਚ ਜੀਵ ਰੂਪੀ ਨਿਮਾਣਾ ਪੰਛੀ ਰਹਿੰਦਾ ਹੈ। ਪੰਛੀਆਂ ਵਾਂਗ ਉਹ ਸੰਸਾਰ ਰੂਪੀ ਰੁੱਖ ਤੇ ਰਾਤ ਗੁਜ਼ਾਰ ਰਿਹਾ ਹੈ। ਫਿਰ ਉਹ ਜੀਵਨ ਦੀ ਨਾਸ਼ਵਾਨਤਾ ਨੂੰ ਭੁੱਲਕੇ ਤੇਰ ਮੇਰ ਵਿਚ ਕਿਉਂ ਫਸਿਆ ਪਿਆ ਹੈ?

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।*

*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।*

*ਪ੍ਰਾਨੀ ਕਿਆ ਮੇਰਾ ਕਿਆ ਤੇਰਾ।।*

*ਜੈਰੇ ਤਰਵਰ ਪੰਖਿ ਬਸੇਰਾ।*

**(ਆਦਿ ਗ੍ਰੰਥ, ਪੰਨਾ 659)**

4.13.5 **ਪ੍ਰਭੂ ਭਗਤੀ ਅਤੇ ਪ੍ਰਭੂ ਪ੍ਰੇਮ ਦੀ ਵਡਿਆਈ**: ਜੀਵਨ ਮੁਕਤੀ ਦਾ ਆਧਾਰ ਪ੍ਰਭੂ ਭਗਤੀ ਹੈ ਜਿਸਦੀ ਪੁਸ਼ਟੀ ਕਬੀਰ ਜੀ ਵੱਲੋਂ ਰਚੇ ਇਸ ਵਾਕ ਤੋਂ ਵੀ ਹੁੰਦੀ ਹੈ।

*ਜਨਮ ਮਰਨ ਕਾ ਭਰਮ ਗਇਆ ਗੋਬਿੰਦ ਲਿਵ ਲਾਗੀ,*

*ਜੀਵਤ ਸੁੰਨ ਸਮਾਨਿਆ ਗੁਰ ਸਾਖੀ ਜਾਗੀ*

**(ਆਦਿ ਗ੍ਰੰਥ, ਪੰਨਾ 887)**

ਗੁਰੂ ਅਮਰਦਾਸ ਜੀ ਵੀ ਫਰਮਾਉਂਦੇ ਹਨ:

*ਸੋ ਮਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀਉ*

*ਤਿਨ ਟੂਟੀ ਜਮ ਕੀ ਫਾਸੀ।।*

**(ਆਦਿ ਗ੍ਰੰਥ, ਪੰਨਾ 348)**

ਸਪੱਸ਼ਟ ਹੈ ਗੁਰੂ ਰਵਿਦਾਸ ਵੀ ਜੀਵਨ ਵਿਚ ਪ੍ਰਭੂ ਭਗਤੀ ਦਾ ਮਹੱਤਵ ਸਵੀਕਾਰ ਕਰਦੇ ਹਨ। ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਰਾਮ ਨਾਮ ਦਾ ਬਨਜਾਰਾ ਕਹਿੰਦੇ ਹਨ। ਉਹ ਆਖਦੇ ਹਨ ਕਿ ਸੰਸਾਰਕ ਵਿਅਕਤੀ ਜਿਥੇ ਮਾਇਆ ਰੂਪੀ ਜ਼ਹਿਰ ਦਾ ਵਪਾਰ ਕਰਨ ਵਿਚ ਮਸਤ ਹਨ, ਉਥੇ ਉਹ ਰਾਮ ਨਾਮ ਰੂਪੀ ਧਨ ਨੂੰ ਇਕੱਤਰ ਕਰਨ ਵਿਚ ਰੁੱਝੇ ਹੋਏ ਹਨ। ਹਰਿਨਾਮ ਦੇ ਬਲ ਕਾਰਨ ਉਹ ਸੰਸਾਰਿਕਤਾ ਜਾਂ ਸੰਸਾਰਕ ਰੰਗੀਨੀਆਂ ਤੋਂ ਉਪਰ ਉਠਣ ਦੀ ਸਮਰੱਥਾ ਰੱਖਦੇ ਹਨ।

*ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰ॥*

*ਮੈਂ ਰਾਮ ਨਾਮ ਧਨੁ ਲਦਿਆ ਬਿਖੁ ਲਾਦਿ ਸੰਸਾਰਿ॥*

**(ਆਦਿ ਗ੍ਰੰਥ, ਪੰਨਾ 346)**

ਉਹ ਪ੍ਰਭੂ ਚਰਨਾਂ ਵਿਚ ਰਹਿ ਕੇ ਉਸ ਦੇ ਨਾਮ ਦਾ ਰਸ ਪਾਨ ਕਰਕੇ ਸਭ ਦੁਨਿਆਵੀ ਖਾਹਿਸ਼ਾਂ ਤੋਂ ਮੁਕਤ ਹੋਣ ਦਾ ਸੰਕੇਤ ਦਿੰਦੇ ਹਨ। ਹਰਿ ਸਿਮਰਨ ਕਰਕੇ ਹੀ ਮਨੁੱਖ ਪ੍ਰਭੂ ਦੀ ਭਗਤੀ ਵਿਚ ਡੁੱਬ ਸਕਦਾ ਹੈ ਅਤੇ ਹੌਲੀ ਹੌਲੀ ਪ੍ਰਭੂ ਪ੍ਰੇਮ ਵਿਚ ਸਰਸ਼ਾਰ ਹੋਇਆ ਮੁਕਤੀ ਦਾ ਅਧਿਕਾਰੀ ਬਣ ਜਾਂਦਾ ਹੈ।

*ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ,*

*ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥*

**(ਆਦਿ ਗ੍ਰੰਥ, ਪੰਨਾ 486)**

ਹਰਿ ਨਾਮ ਨੇ ਹੀ ਕਬੀਰ ਤੇ ਨਾਮਦੇਵ ਨੂੰ ਵੀ ਮੁਕਤ ਕਰ ਦਿੱਤਾ।

*ਹਰਿ ਕੇ ਨਾਮ ਕਬੀਰ ਉਜਾਗਰ,*

*ਜਨਮ ਜਨਮ ਕੇ ਕਾਟੇ ਕਾਗਰ॥*

**(ਆਦਿ ਗ੍ਰੰਥ, ਪੰਨਾ 487)**

ਗੁਰੂ ਰਵਿਦਾਸ ਪ੍ਰਭੂ ਭਗਤੀ ਤੇ ਪ੍ਰਭੂ ਪ੍ਰੇਮ ਦੀ ਮਹਿਮਾ ਗਾਂਦੇ ਆਖਦੇ ਹਨ ਕਿ ਪ੍ਰਭੂ-ਭਗਤੀ ਜੰਮ ਦੇ ਫੰਦੇ ਵੀ ਕੱਟ ਸਕਦੀ ਹੈ।

*ਤੁਮਰੇ ਭਜਨ ਕਟਹਿ ਜਮ ਫਾਂਸਾਂ,*

*ਭਗਤਿ ਹੇਤ ਗਾਵੈ ਰਵਿਦਾਸਾ॥*

**(ਆਦਿ ਗ੍ਰੰਥ, ਪੰਨਾ 658)**

ਪ੍ਰਭੂ ਭਗਤੀ ਕਰਨ ਵਾਲੇ ਸਾਧਕ ਵਿਚ ਆਤਮਵਿਸ਼ਵਾਸ ਇੰਨਾ ਦ੍ਰਿੜ ਹੋ ਜਾਂਦਾ ਹੈ ਕਿ ਉਹ ਪ੍ਰਭੂ ਨੂੰ ਆਪਣੇ ਪ੍ਰੇਮ ਬੰਧਨ ਤੋਂ ਮੁਕਤ ਹੋਣ ਲਈ ਵੀ ਵੰਗਾਰਨ ਲੱਗ ਪੈਂਦਾ ਹੈ। ਦੂਜੇ ਪਾਸੇ ਮਨਮੁੱਖ ਵਿਅਕਤੀ ਉਚੇ ਮਹਿਲਾਂ ਦੇ ਸੁੱਖ ਆਰਾਮ ਅਤੇ ਨਾਰੀ ਭੋਗ ਵਿਚ ਵਿਅਸਤ ਹੋ ਕੇ ਪ੍ਰਭੂ ਨਾਮ ਨੂੰ ਭੁਲਾ ਦਿੰਦੇ ਹਨ ਅਤੇ ਆਪਣਾ ਜੀਵਨ ਵਿਅਰਥ ਗੁਆ ਦਿੰਦੇ ਹਨ। ਪ੍ਰਭੂ ਦਾ ਭਜਨ ਵਰਣ ਵੰਡ ਮੇਟਕੇ ਭਜਨ ਕਰਨ ਵਾਲੇ ਨੂੰ ਹੀ ਕੇਵਲ ਮੁਕਤ ਨਹੀਂ ਕਰਦਾ ਸਗੋਂ ਉਸ ਦੀਆਂ ਦੋਵੇਂ ਕੁਲਾਂ ਵੀ ਤਾਰ ਦਿੰਦਾ ਹੈ। ਪ੍ਰਭੂ ਦਾ ਨਾਮ ਮਨ ਨੂੰ ਨਿਰਮਲ ਕਰਦਾ ਹੈ ਤੇ ਵਿਅਰਥ ਦੇ ਭੇਖਾਂ ਤੋਂ ਮੁਕਤ ਕਰਦਾ ਹੈ।

ਨਾਮ ਸਿਮਰਨ ਕਰਕੇ ਹੀ ਤ੍ਰਿਲੋਚਨ, ਸਧਨਾ ਅਤੇ ਸੈਨ ਵੀ ਹਰਿ ਪਾਸ ਪਹੁੰਚ ਗਏ। ਇਸ ਨਾਮ ਨੂੰ ਜੱਪਣ ਨਾਲ ਅਜਾਮਲ, ਪਿੰਗਲਾ, ਕੁੰਚਰ, ਲੁਭਤ ਅਤੇ ਬਾਲਮੀਕ ਆਦਿ ਤਰ ਗਏ। ਨਾਮ ਜਾਪ, ਪ੍ਰਭੂ ਭਗਤੀ ਤੇ ਇਸ ਪ੍ਰਭੂ ਪ੍ਰੇਮ ਕਾਰਨ ਹੀ ਗੁਰੂ ਰਵਿਦਾਸ ਨੀਚ ਕੁਲ ਚਮਾਰ ਵਿਚ ਜਨਮ ਲੈ ਕੇ ਵੀ ਚਾਰ ਚੱਕਾਂ ਵਿਚ ਬਹੁਤ ਪ੍ਰਸਿੱਧ ਹੋਏ। ਇੰਵ ਰਵਿਦਾਸ ਬਾਣੀ ਪ੍ਰਭੂ ਭਗਤੀ, ਪ੍ਰਭੂ ਪ੍ਰੇਮ ਦੀ ਮਹਾਨਤਾ ਦਾ ਜ਼ਿਕਰ ਕਰਦੀ ਹੋਈ ਮਨੁੱਖ ਨੂੰ ਪਲ ਪਲ ਪ੍ਰਭੂ ਦੀ ਬੰਦਗੀ ਦੀ ਪ੍ਰੇਰਨਾ ਦਿੰਦੀ ਹੈ।

4.13.6 **ਕਰਮਕਾਂਡਾ ਦੀ ਨਿਖੇਧੀ** : ਕਰਮਕਾਂਡਾਂ ਦੀ ਨਿਖੇਧੀ ਤੋਂ ਭਾਵ ਹੈ ਧਰਮ ਦੇ ਨਾਂ ਹੇਠ ਪ੍ਰਚਲਿਤ ਪਖੰਡਾਂ ਦਾ ਖੰਡਨ। ਗੁਰੂ ਰਵਿਦਾਸ ਜੀ ਨੇ ਅਠਾਰਾਂ ਤੀਰਥਾਂ ਦੇ ਇਸ਼ਨਾਨ, ਬਾਰਾਂ ਸ਼ਿਵਲਿੰਗਾਂ ਦੀ ਪੂਜਾ, ਕੁਲਖੇਤ੍ਰ ਦਾ ਇਸ਼ਨਾਨ, ਗਹਿਣਿਆਂ ਸਮੇਤ ਕੀਤਾ ਤ੍ਰੀਮਤ ਦਾਨ, ਸਿਮ੍ਰਿਤੀਆਂ ਦੇ ਪਾਠ ਦਾ ਸ਼੍ਰਵਣ-ਠਾਕਰਾਂ ਨੂੰ ਲਵਾਏ ਜਾਂਦੇ ਭੋਗ ਅਤੇ ਜ਼ਮੀਨ-ਜ਼ਾਇਦਾਦ ਦੇ ਕੀਤੇ ਦਾਨ ਆਦਿ ਨੂੰ ਵਿਅਰਥ ਦੱਸਿਆ ਹੈ ਕਿਉਂਕਿ ਬਹੁਤੀ ਵਾਰ ਮਨੁੱਖ ਧਰਮ ਦੇ ਨਾਂ ਤੇ ਅਜਿਹੇ ਕਰਮ ਕਰਦੇ ਹੋਏ ਵੀ ਗੁਰਮੁੱਖਾਂ ਤੇ ਸੰਤਾਂ ਦੀ ਨਿੰਦਾ ਕਰਨੀ ਨਹੀਂ ਛੱਡਦਾ ਅਤੇ ਨਰਕਾਂ ਦਾ ਭਾਗੀ ਬਣ ਜਾਂਦਾ ਹੈ। ਇਸੇ ਕਾਰਨ ਉਸ ਨੂੰ ਕਈ ਜੂਨਾਂ ਹੰਢਾਉਣੀਆਂ ਪੈਂਦੀਆਂ ਹਨ।

ਇਸੇ ਲਈ ਧਨਾਸਰੀ ਰਾਗ ਵਿਚ ਲਿਖੀ ਆਰਤੀ ਵਿਚ ਉਨ੍ਹਾਂ ਨੇ ਤਤਕਾਲੀ ਸਮਾਜ ਵਿਚ ਧਰਮ ਦੀ ਓਟ ਵਿਚ ਕੀਤੇ ਜਾਣ ਵਾਲੇ ਕਰਮਕਾਂਡ ਦੀ ਨਿਖੇਧੀ ਕਰਕੇ ਨਾਮ ਦੀ ਆਰਤੀ ਉਤਾਰਨ ਦਾ ਉਪਦੇਸ਼ ਦਿੱਤਾ। ਅਠਾਰਾਂ ਤੀਰਥਾਂ ਦੇ ਇਸ਼ਨਾਨ ਅਤੇ ਅਠਾਰਾਂ ਪੁਰਾਣਾਂ ਦੀਆਂ ਕਹਾਣੀਆਂ ਨੂੰ ਵੀ ਪ੍ਰਭੂ ਦੇ ਨਾਮ ਦੀ ਆਰਤੀ ਅੱਗੇ ਗੁਰੂ ਰਵਿਦਾਸ ਜੀ ਨੇ ਮਹੱਤਵਹੀਣ ਦੱਸਿਆ ਹੈ।

***ਤੇਰੋ ਕੀਆ ਤੁਝਹਿ ਕਿਆ ਅਰਪਉ,***

***ਨਾਮੁ ਤੇਰਾ ਤੁਹੀ ਚਵਰ ਢੋਲਾਰੋ॥***

***ਦਸ ਅਠਾ ਅਠਸਠੇ ਚਾਰੇ ਪਾਣੀ,***

***ਇਹੈ ਵਰਤਣਿ ਹੈ ਸਗਲ ਸੰਸਾਰੇ॥***

***ਕਹੈ ਰਵਿਦਾਸੁ ਨਾਮੁ ਤੇਰੋ ਆਰਤੀ,***

***ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥***

**(ਆਦਿ ਗ੍ਰੰਥ, ਪੰਨਾ 694)**

ਇਸੇ ਤਰ੍ਹਾਂ ਰਵਿਦਾਸ ਬਾਣੀ ਵਿਚ ਗੁਰੂ ਜੀ ਫਰਮਾਉਂਦੇ ਹਨ ਕਿ ਕਰਮਾਂ ਦੀ ਸ਼ਾਸਤਰੀ ਵੰਡ ਨੂੰ ਪ੍ਰਵਾਨ ਕਰਕੇ ਲੋਕਾਈ ਕਰਮ-ਧਰਮ ਕਰ ਰਹੀ ਹੈ ਪਰ ਉਸ ਕਰਮ ਤੋਂ ਅਨਜਾਣ ਹੈ ਜਿਸ ਦੇ ਕਾਰਨ ਉਸ ਨੂੰ ਆਵਾਗਮਨ ਤੋਂ ਖਲਾਸੀ ਮਿਲ ਸਕੇ। ਵੇਦਾਂ-ਪੁਰਾਣਾਂ ਵਿਚ ਦਰਸਾਏ ਕਰਮ ਮਨ ਦੇ ਸ਼ੰਕੇ ਨੂੰ ਸਗੋਂ ਹੋਰ ਤੀਬਰ ਕਰਦੇ ਹਨ। ਤੀਰਥ ਇਸ਼ਨਾਨ ਮਨੁੱਖੀ ਸਰੀਰ ਦੀ ਬਾਹਰੀ ਮੈਲ ਤਾਂ ਉਤਾਰ ਸਕਦੇ ਹਨ ਪਰੰਤੂ ਮਨ ਦੀ ਅੰਦਰੂਨੀ ਮੈਲ ਤੇ ਵਿਕਾਰ ਉਸ ਪਾਣੀ ਨਾਲ ਨਹੀਂ ਲਹਿ ਸਕਦੀ। ਇੰਝ ਤੀਰਥ ਇਸ਼ਨਾਨ ਹਾਥੀ ਦੇ ਨਹਾਉਣ ਦੇ ਤੁੱਲ ਹੈ।

*ਬਹੁਬਿਧਿ ਧਰਮ ਨਿਰੂਪੀਐ ਕਰਤਾ ਦੀ ਸੈ ਸਭ ਲੋਇ।*

*ਕਵਨ ਧਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ।*

*ਬਾਹਰ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।*

*ਸੁਧ ਕਵਨ ਪਰ ਹੋਇਬੋ ਕੁੰਚਰ ਬਿਧਿ ਬਿਉਹਾਰ।।*

**(ਆਦਿ ਗ੍ਰੰਥ, ਪੰਨਾ 346)**

ਨਿੰਦਾ ਕਰਨਾ ਅਜਿਹਾ ਕੁਕਰਮ ਹੈ ਜੋ ਮਨੁੱਖ ਦੀ ਗਤੀ ਨਹੀਂ ਹੋਣ ਦਿੰਦਾ ਤੇ ਸਾਧ ਸੰਗਤ ਦੀ ਨਿੰਦਾ ਕਰਨ ਵਾਲਾ ਨਰਕਾਂ ਵਿਚ ਹੀ ਜਾਂਦਾ ਹੈ।

4.13.7 **ਜੀਵਨ ਮੁਕਤੀ ਤੇ ਆਵਾਗਮਨ ਦਾ ਚੱਕਰ** : ਮੁਕਤੀ ਦਾ ਸੰਕਲਪ ਪ੍ਰਾਚੀਨ ਕਾਲ ਤੋਂ ਸਾਡੇ ਗ੍ਰੰਥਾਂ ਵਿਚ ਮੌਜੂਦ ਹੈ। ਇਸੇ ਨੂੰ ਮੋਕਸ਼ ਦਾ ਨਾਂ ਵੀ ਦਿੱਤਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਇਕ ਆਦਰਸ਼ ਵਿਅਕਤੀ ਦੇ ਜੀਵਨ ਵਿਚ ਧਰਮ, ਅਰਥ, ਕਾਮ ਤੇ ਮੋਕਸ਼ ਦੀ ਮਹੱਤਾ ਸਵੀਕਾਰੀ ਜਾਂਦੀ ਸੀ। ਉਸ ਯੁੱਗ ਤੋਂ ਅਜੋਕੇ ਯੁੱਗ ਤੱਕ ਲਗਭਗ ਸਭ ਸੰਤਾਂ, ਧਰਮਾਂ ਅਤੇ ਵਿਚਾਰਧਾਰਾਵਾਂ ਵਿਚ ਆਤਮਾ ਦਾ ਅੰਤਮ ਲਕਸ਼ ਮੁਕਤੀ ਹੀ ਮੰਨਿਆ ਗਿਆ ਹੈ। ਭਾਵੇਂ ਮੁਕਤੀ ਪ੍ਰਾਪਤ ਕਰਨ ਦੇ ਸਾਧਨ ਵੱਖ ਵੱਖ ਕਾਲਾਂ ਅਤੇ ਮਤਾਂ ਵਿਚ ਅੱਡੋ ਅੱਡਰੇ ਰਹੇ ਹਨ।

ਰਵਿਦਾਸ ਜੀ ਲਿਖਦੇ ਹਨ ਕਿ ਵੱਡੇ ਭਾਗਾਂ ਨਾਲ ਜਦੋਂ ਮਨੁੱਖ ਦੀ ਸੁਰਤ ਪ੍ਰਭੂ ਦੇ ਚਰਨਾਂ ਨਾਲ ਜੁੜ ਜਾਵੇ, ਉਹ ਸਦੀਵੀ ਅਡੋਲਤਾ ਵਿਚ ਟਿਕ ਜਾਂਦਾ ਹੈ। ਅਸਲੀਅਤ ਦੀ ਸੋਝੀ ਹੋਣ ਕਾਰਨ ਉਸ ਦਾ ਹਿਰਦਾ ਚਾਨਣ-ਚਾਨਣ ਹੋ ਜਾਂਦਾ ਹੈ ਅਤੇ ਇੰਞ ਉਸਦਾ ਜਨਮ ਮਰਨ ਦਾ ਡਰ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ।

*ਸਹਜ ਸਮਾਧਿ ਉਪਾਧਿ ਰਹਤ ਫੁਨਿ*
*ਬੜੈ ਭਾਗਿ ਲਿਵ ਲਾਗੀ*
*ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ*
*ਜਨਮ ਮਰਨ ਤੈ ਭਾਗੀ*

**(ਆਦਿ ਗ੍ਰੰਥ ਪੰਨਾ 658)**

ਮੁਕਤੀ, ਵਿੱਦਿਆ ਅਤੇ ਵਿਗਿਆਨ ਦੀ ਸਹਾਇਤਾ ਨਾਲ ਮਿਲਣ ਵਾਲੀ ਕੋਈ ਵਸਤੂ ਨਹੀਂ।

*ਮੁਕਤਿ ਨਹੀਂ ਬਿਦਿਆ ਬਿਗਆਨਿ*

**(ਆਦਿ ਗ੍ਰੰਥ ਪੰਨਾ 907)**

ਇਸ ਦਾ ਪੜ੍ਹੇ ਲਿਖੇ ਅਤੇ ਅਨਪੜ੍ਹ ਹੋਣ ਨਾਲ ਕੋਈ ਸਬੰਧ ਨਹੀਂ।

*ਜੋ ਪ੍ਰਾਣੀ ਗੋਵਿੰਦ ਧਿਆਵੈ*
*ਪੜਿਆ ਅਣਪੜਿਆ ਪਰਮਗਤਿ ਪਾਵੈ।*

**(ਆਦਿ ਗ੍ਰੰਥ ਪੰਨਾ 197)**

ਉਨ੍ਹਾਂ ਦਾ ਵਿਚਾਰ ਹੈ ਕਿ ਮਨ ਦੀ ਮਤ ਮੰਨਣ ਵਾਲਾ ਜੀਵ ਸਦਾ ਭਟਕਦਾ ਰਹਿੰਦਾ ਹੈ। ਪਰੰਤੂ ਮਨ

ਤਿਆਗਣ ਵਾਲਾ ਮੁਨੀ ਰੂਪ ਹੋ ਜਾਂਦਾ ਹੈ। ਤ੍ਰਿਲੋਕੀ ਵਿਚ ਵਿਆਪਤ ਪਰਮਾਤਮਾ ਨਾਲ ਸਾਖਿਆਤ ਮਿਲਾਪ ਪ੍ਰਾਪਤ ਕਰ ਲੈਂਦਾ ਹੈ। ਸਭ ਕਰਮ, ਧਰਮ, ਗਿਆਨ ਦੀ ਪ੍ਰਾਪਤੀ ਲਈ ਕੀਤੇ ਜਾਦੇ ਹਨ। ਪ੍ਰੰਤੂ ਜਦੋਂ ਗਿਆਨ ਹਾਸਲ ਹੋ ਜਾਵੇ ਸਭ ਕਰਮ-ਧਰਮ ਪਿੱਛੇ ਰਹਿ ਜਾਂਦੇ ਹਨ। ਮਨੁੱਖ ਵੀ ਸੰਸਾਰਿਕਤਾ ਨਿਭਾਉਂਦਾ ਹੋਇਆ ਹੀ ਜੀਵਨ-ਮੁਕਤ ਹੋ ਜਾਂਦਾ ਹੈ ਅਤੇ ਉਸ ਉਪਰੰਤ ਉਹ ਸਦਾ ਨਿਰਬਾਨ, ਵਾਸਨਾ-ਮੁਕਤ ਅਵਸਥਾ ਵਿਚ ਵਿਚਰਦਾ ਹੈ।

*ਗਿਆਨੈ ਕਾਰਨ ਕਰਮ ਅਭਿਆਸੁ ।।*
*ਗਿਆਨੁ ਭਇਆ ਤਹ ਕਰਮਹ ਨਾਸੁ ।।*
*ਘ੍ਰਿਤ ਕਾਰਨ ਦਧਿ ਮਥੈ ਸਇਆਨ ।।*
*ਜੀਵਨ ਮੁਕਤ ਸਦਾ ਨਿਰਬਾਨ ।।*

**(ਆਦਿ ਗ੍ਰੰਥ, ਪੰਨਾ 1167)**

ਜੀਵਨ ਮੁਕਤੀ ਲਈ ਗੁਰੂ ਰਵਿਦਾਸ ਜੀ ਨੇ ਗੁਰੂ ਤੇ ਸਾਧ ਸੰਗਤ ਦਾ ਵਿਸ਼ੇਸ਼ ਮਹੱਤਵ ਸਵੀਕਾਰਿਆ ਹੈ।

*ਜਨ ਰਵਿਦਾਸ ਰਾਮ ਰੰਗਿ ਰਾਤਾ*

*ਇਉ ਗੁਰੂ ਪਰਸਾਦਿ ਨਰਕ ਨਹੀਂ ਜਾਤਾ।*

**(ਆਦਿ ਗ੍ਰੰਥ, ਪੰਨਾ 487)**

*ਅਤੇ*

*ਮਿਲਣ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ*

*ਸਾਧ ਸੰਗਤਿ ਪਾਈ ਪਰਮਗਤੇ।*

**(ਆਦਿ ਗ੍ਰੰਥ, ਪੰਨਾ 1293)**

ਸਾਧ ਸੰਗਤ ਵਿਚ ਜਾਣ ਨਾਲ ਭਰਮ ਭੁਲੇਖੇ ਦੂਰ ਹੋ ਜਾਦੇ ਹਨ। ਸਾਧੂ ਦੀ ਓਟ ਨਾਲ ਕਰੋੜਾਂ ਪਾਪ ਮਿਟ ਸਕਦੇ ਹਨ। ਉਸਦੀ ਸਿੱਖਿਆ ਅਨੁਸਾਰ ਨਾਮ ਜੱਪਣ ਨਾਲ ਜਾਤ, ਜਨਮ ਅਤੇ ਜੂਨਾਂ ਤੋਂ ਛੁਟਕਾਰਾ ਮਿਲ ਸਕਦਾ ਹੈ ਅਤੇ ਮਨੁੱਖ ਦਾ ਜਨਮ-ਮਰਨ ਦਾ ਗੇੜ ਵੀ ਮੁੱਕ ਸਕਦਾ ਹੈ।

*ਸਾਧੁ ਕੀ ਜਉ ਲੇਹਿ ਓਟ,*

*ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ।।*

*ਕਹਿ ਰਵਿਦਾਸ ਜੋ ਜਪੈ ਨਾਮੁ,*

*ਤਿਸੁ ਜਾਤਿ ਨ ਜਨਮੇ ਨ ਜੋਨਿ ਕਾਮੁ ।।*

**(ਆਦਿ ਗ੍ਰੰਥ ਪੰਨਾ 1196)**

ਰਵਿਦਾਸ ਬਾਣੀ ਵਿਚ ਉਲਿਖਤ ਹੈ ਕਿ ਜਿਸ ਨੇ ਮਨ ਹੀ ਮਨ ਪ੍ਰਭੂ ਦਾ ਦਰਸ਼ਨ ਕਰ ਲਿਆ ਤੇ ਭਗਤੀ ਦੀ ਜੁਗਤੀ ਨਾਲ ਮੱਤ ਨੂੰ ਮਾਇਆ ਵਿਚ ਖੁੱਭਣ ਤੋਂ ਰੋਕ ਲਿਆ, ਉਸਨੇ ਜੀਉਂਦੇ ਜੀਅ ਮੁਕਤੀ ਪ੍ਰਾਪਤ ਕਰ ਲਈ ਹੈ।

*ਭਗਤਿ ਜੁਗਤਿ ਮਤਿ ਸਤਿ ਕਰੀ*

*ਭ੍ਰਮ ਬੰਧਨ ਕਾਟਿ ਬਿਕਾਰ*

*ਸੋਇ ਬਸਿ ਰਸਿ ਮਨ ਮਿਲੇ*

*ਗੁਨ ਨਿਰਗੁਨ ਏਕ ਬਿਚਾਰ*

**(ਆਦਿ ਗ੍ਰੰਥ, ਪੰਨਾ 396)**

ਰਵਿਦਾਸ ਬਾਣੀ ਵਿਚ ਜਿਥੇ ਗੁਰੂ ਰਵਿਦਾਸ ਦੀ ਵਿਅਕਤੀਗਤ ਜੀਵਨ ਮੁਕਤੀ ਦਾ ਉਲੇਖ ਹੈ ਉਥੇ ਚੰਡਾਲ, ਬਾਲਮੀਕ, ਦੁਰਾਚਾਰੀ, ਬ੍ਰਾਹਮਣ, ਵੇਸਵਾ, ਪਿੰਗਲਾ ਅਤੇ ਸਰਾਪੇ ਕੁੰਚਰ ਤੋਂ ਇਲਾਵਾ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨ ਦੀ ਜੀਵਨ ਮੁਕਤੀ ਦੇ ਸੰਕੇਤ ਵੀ ਮੌਜੂਦ ਹਨ।

**ਆਵਾਗਮਨ ਦਾ ਚੱਕਰ**: ਆਪਣੇ ਚੰਗੇ ਮੰਦੇ ਕਰਮਾਂ ਅਨੁਸਾਰ ਜੀਵ ਜਦੋਂ ਬਾਰ ਬਾਰ ਜੂਨਾਂ ਵਿਚ ਭਟਕਦਾ ਹੈ ਤਾਂ ਇਸ ਨੂੰ ਪਰਿਭਾਸ਼ਕ ਸ਼ਬਦਾਵਲੀ ਵਿਚ 'ਆਵਾਗਮਨ' ਦਾ ਨਾਂ ਦਿੱਤਾ ਜਾਂਦਾ ਹੈ। ਇਸ ਬਾਰੇ , ਹਿੰਦੂ ਮਿਥਿਹਾਸ ਵਿਚ ਪ੍ਰਵਾਨਿਤ, ਚੌਰਾਸੀ ਲੱਖ ਜੂਨਾਂ ਵਿਚ ਜੀਵ ਦੇ ਬਾਰ-ਬਾਰ ਜਨਮ ਲੈਣ ਨੂੰ ਆਵਾਗਮਨ ਮੰਨਿਆ ਗਿਆ ਹੈ।

ਆਵਾਗਮਨ ਦਾ ਮੁੱਖ ਅਧਾਰ ਕਰਮ ਹੈ। ਜੀਵ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹੇ ਉਸ ਨੂੰ ਫਲ ਪ੍ਰਾਪਤ ਹੁੰਦੇ ਹਨ। ਕਰਮਫਲ ਭੋਗਣ ਲਈ ਜੀਵ ਨੂੰ ਮੁੜ ਮੁੜ ਕੇ ਦੇਹ ਦੇ ਬੰਧਨ ਵਿਚ ਆਉਣਾ ਪੈਂਦਾ ਹੈ। ਚੰਚਲ ਮਨ ਦੀ ਮਤ ਪਿੱਛੇ ਤੁਰਨ ਵਾਲਾ ਜੀਵਨ ਅਕਸਰ ਹਰ ਜਨਮ ਵਿਚ ਆਪਣੇ ਪਰਮਾਤਮਾ ਪ੍ਰਾਪਤੀ ਦੇ ਮਨੋਰਥ ਭੁੱਲ ਕੇ ਦ੍ਰਿਸ਼ਟਮਾਨ ਸੰਸਾਰ ਦੀਆਂ ਲੁਭਾਉਣੀਆਂ ਵਸਤਾਂ ਵਿਚ ਗੁਆਚ ਜਾਂਦਾ ਹੈ ਅਤੇ 'ਇਹ ਜਗ ਮਿੱਠਾ, ਅਗਲਾ ਕਿੰਨ ਡਿੱਠਾ' ਦੀ ਕਹਾਵਤ ਅਨੁਸਾਰ ਪਲ ਪਲ ਇਸ ਵਿਚ ਖਚਿਤ ਹੁੰਦਾ ਰਹਿੰਦਾ ਹੈ। ਇਹੋ ਜਿਹਾ ਜੀਵ ਮੌਤ ਉਪਰੰਤ ਕਦੇ ਜਨਮ ਮਰਨ ਦੇ ਚੱਕਰ ਤੋਂ ਖਹਿੜਾ ਨਹੀਂ ਛੁੜਾ ਸਕਦਾ। ਸ਼੍ਰੇਸ਼ਠ ਮਨੁੱਖ ਜਨਮ ਨੂੰ ਇਹ ਜ਼ਿੰਦਗੀ ਦੇ ਸੁੱਖ ਆਰਾਮ ਭੋਗਦਿਆਂ ਲੰਘਾ ਦਿੰਦਾ ਹੈ। ਇਸ ਜਨਮ ਉਪਰੰਤ ਕਿਸੇ ਹੋਰ ਜੂਨ ਵਿਚ ਮੁਕਤ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ। ਇੰਞ ਇਸ ਦੁਰਲੱਭ ਜਨਮ ਨੂੰ ਅੰਞਾਈ ਗਵਾ ਕੇ ਜੀਵ ਜੂਨਾਂ ਦੀ ਕੈਦ ਦਾ ਬਾਗੀ ਬਣਦਾ ਹੈ।

ਵਿਚਾਰਾਧੀਨ ਬਾਣੀ ਵਿਚ ਆਵਾਗਮਨ ਦਾ ਸਿਧਾਂਤ ਭਾਵੇਂ ਇਕ ਸਿਧਾਂਤ-ਵਿਸ਼ੇਸ਼ ਦੇ ਰੂਪ ਵਿਚ ਨਜ਼ਰ ਨਹੀਂ ਆਉਂਦਾ ਹੈ। ਪਰੰਤੂ ਜੀਵ ਨੂੰ ਉਸਦੇ ਕੁਕਰਮਾਂ ਤੋਂ ਸੁਚੇਤ ਕਰਦੇ ਸਮੇਂ ਗੁਰੂ ਰਵਿਦਾਸ ਜਦੋਂ ਉਸ ਦੀ ਭਾਵੀ ਹੋਣੀ ਦਾ ਵਰਨਣ ਕਰਦੇ ਹਨ ਤਾਂ ਉਸਦੇ ਜਨਮ ਮਰਨ ਸਬੰਧੀ ਉਨ੍ਹਾਂ ਦੇ ਸਹਿਜ ਸੁਭਾਵਕ, ਪ੍ਰਗਟਾਏ ਵਿਚਾਰ ਉਨ੍ਹਾਂ ਦੇ ਆਵਾਗਮਨ ਦੀ ਰੂਪ ਰੇਖਾ ਨੂੰ ਸੰਕੇਤਿਕ ਕਰਦੇ ਹਨ।

***ਪਾਰੁ ਕੈਸੇ ਪਾਇਬੋ ਰੇ***

***ਮੋ ਸਉ ਕੋਉ ਨ ਕਹੈ ਸਮਝਾਇ।***

***ਜਾ ਤੇ ਆਵਾਗਮਨ ਬਿਲਾਇ॥***

**(ਆਦਿ ਗ੍ਰੰਥ ਪੰਨਾ 346)**

ਧਰਮ ਪੁਸਤਕਾਂ ਵਿਚ ਸਤਿਜੁਗ, ਤ੍ਰੇਤਾ ਅਤੇ ਦੁਆਪਰਿ ਲਈ ਨਿਸ਼ਚਿਤ ਕੀਤੇ ਧਰਮ ਕਰਮ ਦਾ ਹਵਾਲਾ ਦਿੰਦਿਆਂ ਉਹ ਸਮਝਾਉਂਦੇ ਹਨ ਕਿ ਇਨ੍ਹਾਂ ਯੁੱਗਾਂ ਦੇ ਵੰਡੇ ਹੋਏ ਕਰਮ-ਧਰਮ ਸੰਸਾਰ ਰੂਪੀ ਸਾਗਰ ਤੋਂ ਪਾਰ ਨਹੀਂ ਕਰ ਸਕਦੇ। ਇਸ ਲਈ ਜੀਵ ਨੂੰ ਆਪਣੇ ਮਨ, ਬਚਨ ਤੇ ਕਰਮਾਂ ਕਰਕੇ ਦੁਨੀਆਂ ਦੇ ਸਵਾਦਾਂ ਪਿੱਛੇ ਦੌੜਨਾ ਨਹੀਂ ਚਾਹੀਦਾ ਸਗੋਂ ਵਿਸ਼ੇ ਵਿਕਾਰਾਂ ਤੋਂ ਸੁਚੇਤ ਰਹਿ ਕੇ ਪ੍ਰਭੂ ਚਰਨਾਂ ਵਿਚ ਲਿਵ ਲਾਣੀ ਚਾਹੀਦੀ ਹੈ। ਫਿਰ ਹੀ ਉਹ ਚੌਰਾਸੀ ਲੱਖ ਜੂਨਾਂ ਦੀ ਕੈਦ ਤੋਂ ਬਚ ਸਕੇਗਾ।

***ਮਨ ਬਚ ਕ੍ਰਮ ਕਸਹਿ ਲੁਭਾਨਾ।।***

***ਬਿਨਸਿ ਗਇਆ ਜਾਇ ਕਹੂੰ ਸਮਾਨਾ।।***

**(ਆਦਿ ਗ੍ਰੰਥ ਪੰਨਾ 487)**

ਉਨ੍ਹਾਂ ਦੀ ਨਿਮਨਲਿਖਤ ਸੱਤਰਾਂ ਇਸ ਸਿਧਾਂਤ ਨੂੰ ਹੋਰ ਵੀ ਪੁਸ਼ਟ ਕਰਦੀਆਂ ਹਨ:

***ਬਹੁਤ ਜਨਮ ਬਿਛੁਰੇ ਥੇ ਮਾਧਉ,***

***ਇਹੁ ਜਨਮੁ ਤੁਮਾਰੇ ਲੇਖੇ।***

***ਕਹਿ ਰਵਿਦਾਸ ਆਸ ਲਗਿ ਜੀਵਉ,***

***ਚਿਰ ਭਇਓ ਦਰਸਨੁ ਦੇਖੇ।***

**(ਆਦਿ ਗ੍ਰੰਥ ਪੰਨਾ, 694)**

4.13.8 **ਜਗਤ ਅਤੇ ਜਗਤ ਦਾ ਸਰੂਪ**: ਕਾਦਰ ਦੀ ਕੁਦਰਤ ਨੂੰ ਸ੍ਰਿਸ਼ਟੀ, ਸਿਰਠੀ ਅਤੇ ਬ੍ਰਹਿਮੰਡ ਦਾ ਨਾਂ ਦਿੱਤਾ ਗਿਆ ਹੈ। ਜਿਸ ਗ੍ਰਹਿ ਤੇ ਅਸੀਂ ਵਿਚਰ ਰਹੇ ਹਾਂ ਅਰਥਾਤ ਜਿਸ ਤੱਕ ਮਨੁੱਖ ਦੀ ਸਿੱਧੀ ਪਹੁੰਚ ਹੈ ਉਹ ਜਗਤ ਜਾਂ ਸੰਸਾਰ ਅਖਵਾਉਂਦਾ ਹੈ। ਜਗਤ ਵਿਚ ਪੰਜ ਤੱਤ ਵਿਦਮਾਨ ਹਨ। ਧਰਤੀ, ਪਾਣੀ, ਅਗਨੀ, ਹਵਾ ਅਤੇ ਅਕਾਸ਼। ਆਪਸ ਵਿਚ ਰਲ ਮਿਲਕੇ ਇਹ ਤੱਤ ਜਿਉਂਦੀਆਂ ਅਸਲੀਅਤਾਂ ਨੂੰ ਜਨਮ ਦਿੰਦੇ ਹਨ। ਪੰਜਾਂ ਤੱਤਾਂ ਨੂੰ ਮਿਲਾਉਣ ਅਤੇ ਨਿਖੇੜਨ ਦੀ ਜੁਗਤੀ ਕੇਵਲ ਬ੍ਰਹਮ ਕੋਲ ਹੈ। ਇਨ੍ਹਾਂ ਪੰਜ ਤੱਤਾਂ ਦੇ ਸੁਮੇਲ ਤੋਂ ਜੀਵ ਆਤਮਾ ਦਾ ਜਨਮ ਹੁੰਦਾ ਹੈ।

ਰਵਿਦਾਸ ਬਾਣੀ ਵਿਚ ਜਗਤ ਰਚਨਾ ਅਤੇ ਸ੍ਰਿਸ਼ਟੀ ਉਤਪਤੀ ਆਦਿ ਬਾਰੇ ਕਿਸੇ ਵੀ ਸੰਕੇਤ ਦਾ ਲਗਭਗ ਅਭਾਵ ਹੈ। ਸੰਭਵ ਹੈ ਕਿ ਨਿਰੋਲ ਪ੍ਰਭੂ ਭਗਤ ਹੋਣ ਕਰਕੇ ਅਜਿਹੇ ਦਾਰਸ਼ਨਿਕ ਵਾਦ ਵਿਵਾਦ ਵਿਚ ਉਹ ਨਾ ਪੈਣਾ ਚਾਹੁੰਦੇ ਹੋਣ। ਉਨ੍ਹਾਂ ਦਾ ਇਕੋ ਇਕ ਮਨੋਰਥ ਬ੍ਰਹਮ ਅਨੁਭੂਤੀ ਨੂੰ ਮੂਰਤੀਮਾਨ ਕਰਨਾ ਸੀ, ਜਿਸ ਵਿਚ ਕਿਤੇ ਕਿਤੇ ਪ੍ਰਸੰਗਵੱਸ ਜਗਤ ਦਾ ਉਲੇਖ ਆ ਗਿਆ ਹੈ।

ਰਵਿਦਾਸ ਬਾਣੀ ਅਨੁਸਾਰ ਸੰਸਾਰ ਵਾਸਤਵਿਕ ਹੋਣ ਦੇ ਬਾਵਜੂਦ ਅਸਥਿਰ ਹੈ। ਕੇਵਲ ਪਰਮਸੱਤ ਹੀ ਸਦੀਵੀ ਅਤੇ ਸਥਿਰ ਹੈ ਕਿਉਂਕਿ ਉਨ੍ਹਾਂ ਦਾ 'ਰਮਈਆ' ਸਦਾ ਕਾਇਮ ਦਾਇਮ ਪਾਤਸ਼ਾਹੀ ਦਾ ਸਵਾਮੀ ਹੈ। ਸਥਿਰ ਦਿਸਣ ਵਾਲਾ ਜਗਤ ਅਸਲ ਵਿਚ ਛਿਣ-ਭੰਗੁਰ, ਨਾਸ਼ਵਾਨ ਅਤੇ ਥੋੜ੍ਹ ਚਿਰਾ ਹੈ। ਉਨ੍ਹਾਂ ਨੇ ਸੰਸਾਰ ਨੂੰ ਕਸੁੰਭੇ ਦੇ ਰੰਗ ਨਾਲ ਅਤੇ ਪਰਮਾਤਮਾ ਨੂੰ ਮਜੀਠ ਰੰਗ ਨਾਲ ਤੁਲਨਾਇਆ ਹੈ। ਕਸੁੰਭੇ ਦਾ ਰੰਗ ਕੱਚਾ ਅਤੇ ਛੇਤੀ ਉਤਰ ਜਾਣ ਵਾਲਾ ਹੈ। ਜਦੋਂ ਕਿ ਮਜੀਠ ਰੰਗ ਸਥਿਰਤਾ ਤੇ ਸਦੀਵਤਾ ਦਾ ਸੂਚਕ ਹੈ। ਪਰੋਖ ਰੂਪ ਵਿਚ ਇਥੇ ਉਨ੍ਹਾਂ ਨੇ ਜਗਤ ਦੀ ਥੁੜ੍ਹ ਚਿਰਤਾ ਤੇ ਪਰਮਾਤਮਾ ਦੀ ਸਥਿਰਤਾ ਦਾ ਸੰਕੇਤ ਕੀਤਾ ਹੈ।

*ਜੈਸੇ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ।*

*ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।।*

**(ਆਦਿ ਗ੍ਰੰਥ ਪੰਨਾ 346)**

ਉਹ ਦੱਸਦੇ ਹਨ ਕਿ ਜੀਵਨ ਅਤੇ ਜਗਤ ਨੂੰ ਮਨੁੱਖ ਸਦੀਵੀ ਸਮਝੀ ਬੈਠਾ ਹੈ, ਉਹ ਅਸਲ ਵਿਚ ਇਕ ਭੁਲੇਖਾ ਹੈ। ਸੰਸਾਰ ਦੇ ਐਸ਼ ਅਰਾਮ ਵਿਚ ਖਚਿਤ ਹੋ ਜਾਣ ਨਾਲ ਚਾਰ ਚੁਫੇਰੀਂ ਅਗਿਆਨਤਾ ਦਾ ਉਸਦੇ ਜੀਵਨ ਵਿਚ ਹਨੇਰਾ ਪਸਰ ਰਿਹਾ ਹੈ, ਪਰ ਮਨੁੱਖ ਅਜੇ ਵੀ ਅਸਲੀਅਤ ਨੂੰ ਭੁਲਾ ਕੇ ਇਥੋਂ ਦੀਆਂ ਮਨਮੋਹਕ ਵਸਤਾਂ ਵਿਚ ਗੁਆਚਿਆ ਪਿਆ ਹੈ। ਸੰਸਾਰ ਕਿਸੇ ਦਾ ਪੱਕਾ ਟਿਕਾਣਾ ਨਹੀਂ ਬਣ ਸਕਦਾ ਹੈ। ਮੌਤ ਹਮੇਸ਼ਾ ਇਸ ਦੇ ਸਿਰ ਤੇ ਖੜ੍ਹੀ ਹੈ। ਇਸ ਲਈ ਜੀਵ ਨੂੰ ਦੁਨੀਆਂ ਦੀ ਨਾਸ਼ਵਾਨਤਾ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।

*ਜੋ ਦਿਨ ਆਵਹਿ ਸੋ ਦਿਨ ਜਾਹੀਂ*

*ਕਰਨਾ ਕੂਚੁ ਰਹਨੁ ਥਿਰੁ ਨਾਹੀ।*

**(ਆਦਿ ਗ੍ਰੰਥ ਪੰਨਾ 794)**

ਅਤੇ

*ਕਿਆ ਤੂ ਸੋਚਿਆ ਜਾਗੁ ਇਆਨਾ*

*ਤੈ ਜੀਵਨੁ ਜੋਗਿ ਸਚੁ ਕਰਿ ਜਾਨਾ।*

**(ਆਦਿ ਗ੍ਰੰਥ, ਪੰਨਾ 794)**

ਰਵਿਦਾਸ ਬਾਣੀ ਅਨੁਸਾਰ ਮਨੁੱਖ ਜਗਤ ਦੀਆਂ ਥੁੜ੍ਹ-ਚਿਰੀਆਂ ਖੁਸ਼ੀਆਂ ਵਿਚ ਗਲਤਾਨ, ਇਸ ਦੀ ਅਸਥਿਰਤਾ ਤੋਂ ਅੱਖਾਂ ਮੀਟ ਲੈਂਦਾ ਹੈ। ਪਰੰਤੂ ਉਹ ਇਸ ਅਸਲੀਅਤ ਤੋਂ ਅਨਜਾਣ ਰਹਿੰਦਾ ਹੈ ਕਿ ਦ੍ਰਿਸ਼ਟਮਾਨ, ਜਗਤ ਵਿਚ ਸਭ ਕੁਝ ਬਿਨਸ ਜਾਣ ਵਾਲਾ ਹੈ।

*ਬਿਨੁ ਦੇਖੇ ਉਪਜੈ ਨਹੀਂ ਆਸਾ*

*ਜੋ ਦੀਸੈ ਸੋ ਹੋਇ ਬਿਨਾਸਾ*

**(ਆਦਿ ਗ੍ਰੰਥ, ਪੰਨਾ 1167)**

ਪ੍ਰਭੂ ਦੇ ਭਗਤ ਸੰਸਾਰ ਦੀ ਵਾਸਤਵਿਕਤਾ ਨੂੰ ਜਾਣ ਕੇ ਪਰਮਸੱਤ ਦੀ ਨੇੜਤਾ ਹਾਸਲ ਕਰ ਲੈਂਦੇ ਹਨ ਜਦੋਂ ਕਿ ਦੁਨੀਆਂ ਨੂੰ ਸਥਾਈ ਟਿਕਾਣਾ ਸਮਝ ਬੈਠਣ ਵਾਲੇ ਦੋਵੇਂ ਹੱਥੀਂ ਲੁੱਟੇ ਜਾਂਦੇ ਹਨ।

ਸੰਸਾਰ ਬ੍ਰਹਮ ਦੀ ਖੇਡ ਹੈ। ਘੜੀ ਪਲ ਵਿਚ ਇਹ ਖੇਡ ਰਚਾਕੇ ਉਹ ਇਸ ਨੂੰ ਖਤਮ ਕਰ ਸਕਦਾ ਹੈ। ਇਸ ਅਨੰਤ ਪਸਾਰੇ ਨੂੰ ਉਸਨੇ ਕਈ ਵਾਰ ਪਸਾਰਿਆ ਅਤੇ ਸਮੇਟਿਆ ਹੈ। ਇਸ ਨੂੰ ਸਮੇਟ ਕੇ ਉਹ ਫਿਰ ਓਅੰਕਾਰ ਰੂਪ ਹੋ ਨਿਬੜਦਾ ਹੈ।

*ਨਟੂਐ ਸਾਂਗੁ ਬਣਾਇਆ ਬਾਜ਼ੀ ਸੰਸਾਰਾ।।*

*ਖਿਨੁ ਪਲੁ ਬਾਜ਼ੀ ਦੇਖੀਐ ਉਝਰਤ ਨਹੀਂ ਬਾਰਾ।।*

**(ਆਦਿ ਗ੍ਰੰਥ ਪੰਨਾ 47)**

ਅਤੇ

*ਕਈ ਵਾਰ ਪਸਰਿਓ ਪਾਸਾਰ, ਸਦਾ ਸਦਾ ਇਕੁ ਏਕੰਕਾਰ।*

**(ਆਦਿ ਗ੍ਰੰਥ, ਪੰਨਾ 276)**

ਪਰੰਤੂ ਪਤਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਅਤੇ ਸਵੈਚੇਤਨਤਾ, ਸਵੈਜਤਨ ਨਾਲ ਮਨੁੱਖ ਪਰਮਾਤਮਾ ਨਾਲ ਇਕਮਿਕਤਾ ਹਾਸਲ ਕਰ ਸਕਦਾ ਹੈ ਤੇ ਨਾਸ਼ਵਾਨ ਜਗਤ ਦੀ ਮੋਹ ਮਾਇਆ ਤੋਂ ਮੁਕਤ ਹੋ ਸਕਦਾ ਹੈ।

4.13.9 **ਮਨੁੱਖੀ ਜਨਮ ਦੀ ਸ੍ਰੇਸ਼ਠਤਾ ਅਤੇ ਮਨ ਦਾ ਸੰਕਲਪ**: ਸ੍ਰਿਸ਼ਟੀ ਦੇ ਸਮੂਹ ਜੀਵਾਂ ਵਿਚੋਂ ਮਨੁੱਖ ਨੂੰ ਪਰਮਤੱਤ ਦੀ ਸਰਬ ਸ੍ਰੇਸ਼ਟ ਰਚਨਾ ਮੰਨਿਆ ਗਿਆ ਹੈ ਕਿਉਂਕਿ ਕੇਵਲ ਮਨੁੱਖ ਜਨਮ ਵਿਚ ਹੀ ਆਤਮਾ ਪਰਮਾਤਮਾ ਦੀ ਅਭੇਦਤਾ ਸੰਭਵ ਹੈ। ਹਿੰਦੂ ਮਿਥਿਹਾਸ ਵਿਚ ਪ੍ਰਵਾਣਿਤ ਚੌਰਾਸੀ ਲੱਖ ਜੂਨਾਂ ਵਿਚੋਂ ਸਰਵੋਤਮ ਜੂਨ ਮਨੁੱਖ ਜੂਨ ਗਿਣੀ ਗਈ ਹੈ। ਗੁਰੂ ਰਵਿਦਾਸ ਅਨੁਸਾਰ ਪਸ਼ੂਆਂ ਆਦਿ ਦਾ ਪੁੰਨ ਪਾਪ ਵਲੋਂ ਅਚੇਤ ਰਹਿਣਾ ਅਸੁਭਾਵਿਕ ਨਹੀਂ ਪਰੰਤੂ ਦੁਰਲਭ ਮਨੁੱਖ ਜਨਮ ਪ੍ਰਾਪਤ ਕਰਕੇ ਕਿਸੇ ਸੋਚ-ਵਿਚਾਰ ਤੋਂ ਬਿਨਾਂ ਜ਼ਿੰਦਗੀ ਬਿਤਾਉਣੀ ਅਤੇ ਨੀਵੇਂ ਤੇ ਭੈੜੇ ਕਰਮ ਕਰਨ ਵਾਲਿਆਂ ਦੀ ਸੰਗਤ ਰੱਖਣੀ ਇਸ ਸੁਝਵਾਨ ਮਨੁੱਖ ਨੂੰ ਸ਼ੋਭਾ ਨਹੀਂ ਦਿੰਦੀ।

*ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।*

*ਮਾਨੁਖਾ ਅਵਤਾਰ ਦੁਰਲਭ ਤਿਹੀ ਸੰਗਤਿ ਪੋਚ॥*

**(ਆਦਿ ਗ੍ਰੰਥ ਪੰਨਾ 486)**

ਵੱਖ ਵੱਖ ਗੁਰੂ ਸਾਹਿਬਾਨਾਂ ਅਤੇ ਭਗਤਾਂ ਨੇ ਮਨੁੱਖੀ ਜਨਮ ਨੂੰ ਹੀਰੇ ਵਾਂਗ ਦੁਰਲਭ ਤੇ ਅਨਮੋਲ ਕਿਹਾ ਹੈ ਅਤੇ ਮਨੁੱਖ ਨੂੰ ਜੀਵਨ ਨੂੰ ਕੋਡੀ ਬਦਲੇ ਅਜਾਈਂ ਗੁਆਉਣ ਤੋਂ ਵਰਜਿਆ ਹੈ।[44] ਭਗਤ ਕਬੀਰ ਵੀ ਦੱਸਦੇ ਹਨ ਕਿ ਜਿਵੇਂ ਦਰੱਖਤ ਤੋਂ ਡਿੱਗ ਚੁੱਕਾ ਫਲ ਮੁੜਕੇ ਟਾਹਣੀ ਵਿਚ ਨਹੀਂ ਲੱਗ ਸਕਦਾ ਤਿਵੇਂ ਹੀ ਇਕ ਵਾਰ ਹੱਥੋਂ ਨਿਕਲ ਚੁੱਕਾ ਮਨੁੱਖ ਜਨਮ ਮੁੜ ਪ੍ਰਾਪਤ ਨਹੀਂ ਹੋ ਸਕਦਾ।[45] ਇਸ ਜਨਮ ਨੂੰ ਪ੍ਰਾਪਤ ਕਰਨ ਲਈ ਦੇਵਤੇ ਤਰਸਦੇ ਹਨ ਤੇ ਉਹ ਉਸ ਨੂੰ ਵਿਅਰਥ ਗੁਆ ਰਿਹਾ ਹੈ।

ਧਰਤੀ ਤੇ ਵਿਚਰਨ ਵਾਲੇ ਸਮੂਹ ਜੀਵਾਂ ਵਿਚੋਂ ਮਨੁੱਖ ਨੂੰ ਇਸ ਲਈ ਸਭ ਤੋਂ ਉਚੇਰਾ ਸਥਾਨ ਦਿੱਤਾ ਗਿਆ ਹੈ ਕਿਉਂਕਿ ਉਸ ਕੋਲ ਬੁੱਧੀ ਹੈ, ਸੋਚ-ਵਿਚਾਰ ਦੀ ਸ਼ਕਤੀ ਹੈ ਅਤੇ ਆਪਣਾ ਭਲਾ-ਬੁਰਾ ਪਹਿਚਾਣ ਦੀ ਸਮਰੱਥਾ ਹੈ ਜਿਹੜੀ ਕਿਸੇ ਹੋਰ ਜੀਵ ਕੋਲ ਬਿਲਕੁੱਲ ਵੀ ਨਹੀਂ। ਇਸ ਲਈ ਜੀਵ ਨੂੰ ਭਗਵਤ ਪ੍ਰਾਪਤੀ ਲਈ ਲਗਾਤਾਰ ਯਤਨ ਕਰਕੇ ਚਾਹੀਦੇ ਹਨ। ਪੰਜਾਂ ਤੱਤਾਂ ਨਾਲ ਨਿਰਮਤ ਮਨੁੱਖੀ ਸ਼ਰੀਰ ਵਿਚ ਮਨ ਸਭ ਤੋਂ ਤਾਕਤਵਰ ਸ਼ਕਤੀ ਹੈ ਅਤੇ ਇਸ ਨਾਲ ਹੀ ਇੰਦਰੀਆਂ ਦਾ ਸੰਚਾਲਨ ਹੁੰਦਾ ਹੈ। ਪਰੰਤੂ ਮਨ ਬਹੁਤ ਚੰਚਲ ਮੰਨਿਆ ਜਾਂਦਾ ਹੈ ਜੋ ਮੋੜਿਆਂ ਛੇਤੀ ਮੁੜਦਾ ਨਹੀਂ। ਇਸ ਨੂੰ ਕਾਬੂ ਕਰਨਾ ਬਹੁਤ ਕਠਿਨ ਹੈ। ਇਹ ਕਦੇ ਨਿਚਲਾ ਨਹੀਂ ਬੈਠਦਾ। ਸੂਫ਼ੀ ਕਵਿਤਾ ਵਿਚ ਇਸ ਨੂੰ ਨਫ਼ਸ ਜਾਂ ਕੁੱਤਾ ਵੀ ਕਿਹਾ ਗਿਆ ਹੈ। ਮਨ ਪਿੱਛੇ ਭਟਕਣ ਵਾਲਿਆਂ ਨੂੰ ਹੀ ਕਿਸੇ ਜੋਗਾ ਨਹੀਂ ਰਹਿਣ ਦਿੰਦਾ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਵੀ ਫਰਮਾਇਆ ਹੈ 'ਮਨ ਜੀਤੇ ਜਗ ਜੀਤ'। ਮਨ ਵਰਗੀ ਪ੍ਰਬਲ, ਚੰਚਲ ਤੇ ਅਮੋੜ ਸ਼ਕਤੀ ਨੂੰ ਜਿੱਤਕੇ ਸੰਸਾਰ ਨੂੰ ਜਿੱਤਿਆ ਜਾ ਸਕਦਾ ਹੈ।

ਮਨ ਨੂੰ ਮਾਰੇ ਬਿਨਾਂ ਭਗਤੀ ਵੀ ਸੰਭਵ ਨਹੀਂ। ਵੱਡੇ-ਵੱਡੇ ਰਿਸ਼ੀ ਮੁਨੀ ਤੇ ਦੇਵਤੇ ਵੀ ਮਨ ਦੇ ਮਗਰ

ਲੱਗ ਕੇ ਕਈ ਵਾਰ ਇੰਦਰੀਆਂ ਦੇ ਜਾਲ ਵਿਚ ਫਸ ਜਾਂਦੇ ਹਨ। ਰਵਿਦਾਸ ਬਾਣੀ ਵਿਚ ਵੀ ਮਨ ਦੇ ਇਸੇ ਸਬਲ ਰੂਪ ਦਾ ਚਿਤਰਣ ਹੋਇਆ ਹੈ। ਉਨ੍ਹਾਂ ਅਨੁਸਾਰ ਮਨ ਮਾਇਆ ਦੇ ਹੱਥ ਇਸ ਕਦਰ ਵਿੱਕ ਚੁੱਕਾ ਹੈ ਕਿ ਉਸ ਨੂੰ ਆਪਣੀ ਸੁੱਧ ਬੁੱਧ ਨਹੀਂ ਰਹੀ। ਪੰਜ ਵਿਕਾਰਾਂ (ਕਾਮ ਕ੍ਰੋਧ, ਮੋਹ, ਲੋਭ ਅਤੇ ਹੰਕਾਰ) ਇਸ ਤੇ ਹਾਵੀ ਹਨ ਜਿਹੜੇ ਜੀਵਨ ਨੂੰ ਹਰ ਪਲ ਪਰਮਾਤਮਾ ਤੋਂ ਦੂਰ ਕਦੇ ਜਾ ਰਹੇ ਹਨ।

*ਨਾਥ ਕਛੂਆ ਨ ਜਾਨਉ*
*ਮਨੁ ਮਾਇਆ ਕੇ ਹਾਥਿ ਬਿਕਾਨਉ॥*

(ਆਦਿ ਗ੍ਰੰਥ ਪੰਨਾ 712)

ਅਤੇ

*ਇਸ ਪੰਚਨ ਮੇਰੇ ਮਨੁ ਜੋ ਬਿਗਾਰਿਓ।*
*ਪਲੁ ਪਲੁ ਹਰਿ ਜੀ ਕੇ ਅੰਤਰ ਪਾਰਿਓ॥*

(ਆਦਿ ਗ੍ਰੰਥ ਪੰਨਾ 712)

ਦੁਨੀਆ ਦੇ ਜੀਵ ਮਨ ਦੇ ਮਗਰ ਲਗ ਮਾਇਆ ਵਿਚ ਗਲਤਾਨ ਹੋ ਜਾਂਦੇ ਹਨ ਪਰ ਜੋ ਕੋਈ ਮਨੁੱਖ ਮਨ ਦੀ ਮੱਤ ਦਾ ਤਿਆਗ ਕਰਕੇ ਪ੍ਰਭੂ ਨਾਮ ਦੀ ਓਟ ਲੈ ਲਵੇ ਤਾਂ ਉਹ ਪਰਮਾਤਮਾ ਦਾ ਰੂਪ ਹੋ ਨਿਬੜਦਾ ਹੈ। ਉਸ ਨੂੰ ਫਿਰ ਸੰਸਾਰ ਵਿਚ ਕਿਸੇ ਪ੍ਰਕਾਰ ਦਾ ਡਰ ਨਹੀਂ ਰਹਿੰਦਾ।

*ਮਨ ਕਾ ਸੁਭਾਉ ਸਭੁ ਕੋਈ ਕਰੈ।*
*ਕਰਤਾ ਸੋਇ ਸੁ ਅਨਭੈ ਰਹੈ।*

(ਆਦਿ ਗ੍ਰੰਥ, ਪੰਨਾ 1167)

ਰਵਿਦਾਸ ਜੀ ਅਨੁਸਾਰ ਮਨ ਦੀ ਦੁਬਿਧਾ ਖਤਮ ਕਰ ਲੈਣ ਵਾਲਾ ਹੀ ਅਸਲ ਅਰਥਾਂ ਵਿਚ ਮੁਨੀ ਹੈ ਕਿਉਂਕਿ ਮਨ ਮਾਰ ਲੈਣ ਉਪਰੰਤ ਉਹ ਤਿੰਨ ਲੋਕਾਂ ਵਿਚ ਵਿਆਪਕ ਪ੍ਰਭੂ ਵਿਚ ਸਮਾ ਜਾਂਦਾ ਹੈ।

*ਸੋ ਮੁਨਿ ਮਨ ਕੀ ਦੁਬਿਆ ਖਾਇ*
*ਬਿਨ ਦੁਆਰੇ ਤ੍ਰੈ ਲੋਕ ਸਮਾਇ।*

(ਆਦਿ ਗ੍ਰੰਥ, ਪੰਨਾ 1167)

ਆਪ ਮਨ ਦੀ ਅਸੀਮ ਸਮਰੱਥਾ ਪ੍ਰਗਟਾਉਂਦਿਆਂ ਪਰਮਸੱਤਾ ਨੂੰ ਬੇਨਤੀ ਕਰਦੇ ਹਨ ਕਿ ਉਹ ਉਨ੍ਹਾਂ ਦੇ ਮਨ ਨੂੰ ਆਪਣੀ ਸਿਫਤ ਸਲਾਹ ਵਿਚ ਲਾਈ ਰੱਖਣ ਕਿਉਂਕਿ ਪਰਮਾਤਮਾ ਦੀ ਮਿਹਰ ਤੋਂ ਬਿਨਾਂ ਮਨ ਨੂੰ ਨਿਯੰਤਰਣ ਕਰਨਾ ਸੰਭਵ ਨਹੀਂ।

*ਬਚਨੀ ਤੋਰ ਮੋਰ ਮਨੁ ਮਾਨੈ*

*ਜਨ ਕਉ ਪੂਰਨ ਦੀਜੈ।*

(ਆਦਿ ਗ੍ਰੰਥ, ਪੰਨਾ 694)

ਮਨੁੱਖ ਨੂੰ ਸੁਚੇਤ ਕਰਦਿਆਂ ਰਵਿਦਾਸ ਜੀ ਕਹਿੰਦੇ ਹਨ ਕਿ ਮਨ, ਬਚਨ ਅਤੇ ਕਰਮਾਂ ਰਾਹੀਂ ਸੰਸਾਰ ਦੇ ਰਸਾਂ ਵਿਚ ਖੁੱਭੇ ਹੋਣ ਦਾ ਫਲ ਉਸ ਵਕਤ ਮਿਲੇਗਾ ਜਦੋਂ ਮਨੁੱਖ ਨੂੰ ਪ੍ਰਭੂ ਚਰਨਾਂ ਦੀ ਥਾਂ ਕਿਤੇ ਕੁਥਾਵਾਂ ਜਾ ਕੇ ਟਿਕਣਾ ਪਵੇਗਾ ਅਰਥਾਤ ਇਸ ਨੂੰ ਵਾਰ ਵਾਰ ਜੂਨਾਂ ਦੀ ਕੈਦ ਭੁਗਤਣੀ ਪਵੇਗੀ।

*ਅਨ ਬਚ ਕ੍ਰਮ ਰਸ ਕਸਹਿ ਲੁਭਾਨਾ*

*ਬਿਨਸਿ ਗਇਆ ਜਾਇ ਕਹੂੰ ਸਮਾਨਾ*

**(ਆਦਿ ਗ੍ਰੰਥ, ਪੰਨਾ 487)**

ਇਸ ਲਈ ਰਵਿਦਾਸ ਜੀ ਮਨ ਨੂੰ ਭੌਰਾ ਬਣਾਕੇ ਪ੍ਰਭੂ ਦੇ ਚਰਣ ਕਮਲਾਂ ਵਿਚ ਟਿਕਾਈ ਰੱਖਣ ਅਤੇ ਮਨ ਨਾਲ ਉਸਦਾ ਅੰਮ੍ਰਿਤ ਨਾਮ ਉਚਾਰਨ ਦੀ ਸਿੱਖਿਆ ਦ੍ਰਿੜਾਉਂਦੇ ਹਨ ਅਤੇ ਆਖਦੇ ਹਨ ਕਿ ਉਨ੍ਹਾਂ ਦੇ ਕੇਵਲ ਫੁੱਲਾਂ ਵਰਗੇ ਸੁਹਣੇ ਪ੍ਰਭੂ-ਚਰਣਾਂ ਨਾਲ ਪ੍ਰੀਤ ਪਾ ਕੇ ਉਨ੍ਹਾਂ ਦੇ ਮਨ ਨੇ ਨਾਮ ਧਨ ਨੂੰ ਪ੍ਰਾਪਤ ਕਰ ਲਿਆ ਹੈ।

*ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ॥*

*ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥*

*ਮਨੁ ਸ ਮਧਕਰੁ ਕਰਉ ਚਰਨ ਹਿਰਦੇ ਧਰਉ॥*

*ਰਸਨ ਅੰਮ੍ਰਿਤ ਰਾਮ ਨਾਮ ਭਾਖਉ॥*

**(ਆਦਿ ਗ੍ਰੰਥ ਪੰਨਾ 487)**

ਇਸ ਤਰ੍ਹਾਂ ਰਵਿਦਾਸ ਜੀ ਨੇ ਮਨ ਭਾਵ ਚਿੱਤ ਦੇ ਸੰਕਲਪ ਬਾਰੇ ਬੜੇ ਵਿਸਤਾਰ ਨਾਲ ਵਿਚਾਰ ਕੀਤਾ ਹੈ ਕਿਉਂਕਿ ਬ੍ਰਹਮ ਪ੍ਰਾਪਤੀ ਲਈ ਮਨ ਹੀ ਸਭ ਤੋਂ ਵੱਡਾ ਰੋਲ ਅਦਾ ਕਰਦਾ ਹੈ।

*ਤੁਝਹਿ ਚਰਨ ਅਰਬਿੰਦ ਭਵਨ ਮਨੁ*

*ਖਾਨ ਕਰਤ ਪਾਇਓ ਪਾਇਓ ਰਮਈਆ ਧਨੁ।*

**(ਆਦਿ ਗ੍ਰੰਥ, ਪੰਨਾ 480)**

4.13.10 **ਸਤਿਸੰਗ ਮਹਿਮਾ** : ਸਾਧ ਸੰਗਤ ਤੋਂ ਭਾਵ ਹੈ ਕਿ ਰੱਬ ਦੇ ਪਿਆਰਿਆਂ ਭਗਤ ਜਨਾਂ ਕੋਲ ਬੈਠਕੇ ਪ੍ਰਭੂ ਦੇ ਨਾਂ ਦੀ ਚਰਚਾ, ਉਸਤਤ ਅਤੇ ਕੀਰਤਨ ਸੁਨਣਾ। ਉਨ੍ਹਾਂ ਵੱਲੋਂ ਦੱਸੇ ਉਪਦੇਸ਼ਾਂ ਦਾ ਮਨਨ ਕਰਨਾ ਅਤੇ ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ ਤੋਂ ਮੁਕਤ ਹੋ ਕੇ ਨਿਮਰ, ਪਵਿੱਤਰ ਤੇ ਆਚਰਣਕ ਉਚਤਾ ਭਰਿਆ ਜੀਵਨ ਜੀਉਣ ਦੀ ਕੋਸ਼ਿਸ਼ ਕਰਨਾ। ਮੱਧਕਾਲ ਦੇ ਭਗਤਾਂ ਅਤੇ ਗੁਰੂ ਸਾਹਿਬਾਨਾਂ ਦਾ ਇਹ ਸੰਕਲਪ ਆਪਣੇ ਆਪ ਵਿਚ ਇਕ ਮੌਲਿਕ ਅਤੇ ਵਿਲੱਖਣ ਸੰਕਲਪ ਹੈ ਕਿਉਂਕਿ ਇਸ ਵਿਚ ਵਿਅਕਤੀਗਤ ਉਨੱਤੀ ਤੇ ਨਾਲ ਸਾਮੂਹਿਕ ਉਨੱਤੀ ਤੇ ਵੀ ਬਲ ਦਿੱਤਾ ਗਿਆ ਹੈ। ਸਾਧ ਸੰਗਤ ਦੇ ਮਹੱਤਵ ਨੂੰ ਪ੍ਰਤੀਪਾਦਿਤ ਕਰਦੇ ਕਬੀਰ ਜੀ ਲਿਖਦੇ ਹਨ:

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।***

***ਭਗਤਨ ਸੇਤੀ ਗੋਸਟੇ, ਜੋ ਕੀਨ ਸੋ ਲਾਭ॥***

**(ਆਦਿ ਗ੍ਰੰਥ, ਪੰਨਾ 1377)**

ਸਾਧ ਸੰਗਤਿ ਦਾ ਵਾਸਤਵਿਕ ਸਰੂਪ ਦੱਸਦਿਆਂ ਗੁਰੂ ਨਾਨਕ ਦੇਵ ਜੀ ਵੀ ਫਰਮਾਉਂਦੇ ਹਨ ਕਿ ਸਤਿਸੰਗਤ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ ਜਿਥੇ ਸਿਰਫ ਤੇ ਸਿਰਫ ਨਾਮ ਦਾ ਵਿਚਾਰ ਕੀਤਾ ਜਾਂਦਾ ਹੈ।

*ਸਤ ਸੰਗਤਿ ਕੈਸੀ ਜਾਣੀਐ,*

*ਜਿਥੈ ਏਕੋ ਨਾਮੁ ਵਖਾਣੀਐ।*

*ਏਕੋ ਨਾਮੁ ਹੁਕਮੁ ਹੈ ਨਾਨਕ*

*ਸਤਿਗੁਰੂ ਦੀਆਂ ਬੁਝਾਇ ਜੀਓ।।*

**(ਆਦਿ ਗ੍ਰੰਥ, ਪੰਨਾ 72)**

ਗੁਰੂ ਰਵਿਦਾਸ ਜੀ ਨੇ ਜੀਵਨ ਮੁਕਤੀ ਲਈ ਸਾਧ ਸੰਗਤ ਨੂੰ ਵਿਸ਼ੇਸ਼ ਤੌਰ ’ਤੇ ਮਹੱਤਵ ਦਿੱਤਾ ਹੈ। ਜਿਵੇ :

*ਮਿਲਤ ਪਿਆਰੋ ਪ੍ਰਾਨਨਾਥੁ ਕਵਨ ਭਗਤਿ ਤੇ।।*

*ਸਾਧ ਸੰਗਤਿ ਪਾਈ ਪਰਮ ਗਤੇ।।*

**(ਆਦਿ ਗ੍ਰੰਥ, ਪੰਨਾ 1293)**

ਸਾਧ ਸੰਗਤ ਵਿਚ ਜਾਣ ਨਾਲ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। ਸਾਧੂ ਦੀ ਓਟ ਲੈਣ ਨਾਲ ਕਰੋੜਾਂ ਪਾਪ ਮਿਟ ਸਕਦੇ ਹਨ। ਉਸ ਦੀ ਸਿੱਖਿਆ ਅਨੁਸਾਰ ਨਾਮ ਜਪਣ ਨਾਲ ਜਾਤ ਜਨਮ ਤੇ ਜੂਨਾਂ ਤੋਂ ਛੁਟਕਾਰਾ ਮਿਲ ਸਕਦਾ ਹੈ ਅਤੇ ਮਨੁੱਖ ਦਾ ਜਨਮ ਮਰਨ ਦੇ ਗੇੜ ਵੀ ਮੁਕ ਜਾਂਦਾ ਹੈ।

*ਸਾਧੂ ਕੀ ਜਉ ਲੇਹਿ ਓਟਿ*

*ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ*

**(ਆਦਿ ਗ੍ਰੰਥ, ਪੰਨਾ 1196)**

ਉਹ ਬਾਰ ਬਾਰ ਸੰਤਾਂ ਦੀ ਸੰਗਤ ਰੱਬ ਕੋਲੋਂ ਮੰਗਦੇ ਹਨ ਤਾਂ ਜੋ ਉਨ੍ਹਾਂ ਦੀ ਜੀਭਾ ਰਾਹੀਂ ਪ੍ਰਭੂ ਦੇ ਕੀਰਤਨ ਦੇ ਰਸ ਦਾ ਅਨੰਦ ਉਠਾ ਸਕਣ। ਸੰਤਾਂ ਕੋਲੋਂ ਉਨ੍ਹਾਂ ਦੀ ਸ਼ਰਣ ਵਿਚ ਜਾ ਕੇ ਭਗਤੀ ਰੂਪੀ ਚਿੰਤਾਮਣਿ ਮਿਲ ਜਾਂਦੀ ਹੈ ਜਿਸ ਨਾਲ ਅਸੰਤ ਤੇ ਸੰਤ ਵਿਚਲਾ ਅੰਤਰ ਵੀ ਮਿਟ ਜਾਂਦਾ ਹੈ। ਮਨੁੱਖ ਨਾ ਸਿਰਫ ਆਚਰਣਕ ਤੌਰ ’ਤੇ ਹੀ ਉਚਾ ਹੋ ਜਾਂਦਾ ਹੈ। ਸਗੋਂ ਪਰਮਾਤਮਾ ਪ੍ਰਾਪਤੀ ਦਾ ਰਾਹ ਵੀ ਉਸ ਲਈ ਖੁੱਲ੍ਹ ਜਾਂਦਾ ਹੈ।

*ਸੰਤ ਆਗਰਣ, ਸੰਤ ਚੋ ਮਾਰਗੁ,*

*ਸੰਤ ਚ ਉਲ੍ਹਗ ਉਲ੍ਹਗਣੀ।*

*ਅਉਰ ਇਕ ਮਾਗਉ ਭਗਤੀ ਚਿੰਤਾਮਣਿ,*

*ਜਣੀ ਲਖਾਵਹੁ ਅਸੰਤ ਪਾਪੀ ਸਣਿ,*

*ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ,*

*ਸੰਤ ਅਨੰਤਹਿ ਅੰਤਰੁ ਨਾਹੀ।।*

**(ਆਦਿ ਗ੍ਰੰਥ, ਪੰਨਾ 486)**

ਸੰਤਾਂ ਦੀ ਸੰਗਤ ਮਨੁੱਖ ਦੇ ਜੀਵਨ ਵਿਚ ਠੀਕ ਉਸੇ ਤਰ੍ਹਾਂ ਮਹੱਤਵ ਰੱਖਦੀ ਹੈ ਜਿਵੇਂ ਮਧੂਮੱਖੀਆਂ ਲਈ ਸ਼ਹਿਦ ਹੁੰਦਾ ਹੈ।

*ਸਤ ਸੰਗਤਿ ਮਿਲਿ ਰਹੀਐ ਮਾਧਉ,*

*ਜੈਸੇ ਮਧੁਪ ਮਖੀਰਾ॥*

**(ਆਦਿ ਗ੍ਰੰਥ, ਪੰਨਾ 486)**

ਅਸਲ ਵਿਚ ਮਨੁੱਖ ਜੀਵਨ ਛਿਣ-ਭੰਗੁਰ ਨਾਸ਼ਵਾਨ ਹੈ। ਇਸ ਵਿਚ ਪਲ-ਪਲ, ਸਵਾਸ-ਸਵਾਸ ਮਨੁੱਖ ਆਪਣੀ ਮੌਤ ਵਲ ਵੱਧਦਾ ਹੈ। ਇਸ ਲਈ ਉਸ ਨੂੰ ਹਰ ਸਾਹ ਰੱਬ ਦੇ ਨਾਂ ਦੇ ਲੇਖੇ ਲਗਾਉਣਾ ਚਾਹੀਦਾ ਹੈ। ਉਠਦੇ-ਬੈਠਦੇ ਰੱਬ ਦਾ ਨਾਂ ਸਿਮਰਨਾ ਚਾਹੀਦਾ ਹੈ ਅਤੇ ਇਹ ਤਾਂ ਹੀ ਸੰਭਵ ਹੈ ਜੇਕਰ ਉਹ ਲੋਕਾਚਾਰ ਅਤੇ ਸਮਾਜਕ ਜੀਵਨ ਵਿਚ ਸਾਧਾਂ ਦੀ ਸੰਗਤ ਕਰ। ਨਹੀਂ ਤਾਂ ਕਿ ਆਮ ਮਨੁੱਖ ਦੁਨੀਆਂ ਨੂੰ ਆਪਣਾ ਸਦੀਵੀ ਟਿਕਾਣਾ ਮਨ ਕੇ ਰਾਤ ਦਿਨ ਮਾਇਆ ਦੇ ਮਗਰ ਦੌੜਦਾ ਫਿਰਦਾ ਹੈ। ਕੁਝ ਪ੍ਰਾਪਤ ਹੋਣ ਤੇ ਹੰਕਾਰੀ ਬਣ ਜਾਂਦਾ ਹੈ ਅਤੇ ਕੁਝ ਖੁੱਸ ਜਾਣ ਤੇ ਰੋਂਦਾ-ਕੁਰਲਾਉਂਦਾ ਹੈ। ਮਨ,ਬਚਨ ਅਤੇ ਕਰਤੂਤਾਂ, ਗੱਲ ਕੀ ਹਰ ਪ੍ਰਕਾਰ ਦੁਨੀਆਂ ਦੇ ਰਸਾਂ-ਕੁਰਸਾਂ ਵਿਚ ਖੁੱਭਿਆ ਹੋਇਆ ਉਹ ਆਪਣੀ ਅਟਲ ਮੌਤ ਤੋਂ ਬੇਖਬਰ ਹੈ। ਇਸ ਲਈ ਉਸ ਨੂੰ ਸਾਧ ਦੀ ਸੰਗਤ ਹੀ ਜਮ ਤੋਂ ਬਚਾ ਕੇ ਪ੍ਰਭੂ ਦੇ ਦਰ ਤੇ ਕਬੂਲ ਕਰਵਾ ਸਕਦੀ ਹੈ ਤੇ ਨਾਲ ਹੀ ਇਸ ਗੱਲ ਦਾ ਅਹਿਸਾਸ ਕਰਵਾ ਸਕਦੀ ਹੈ ਕਿ ਸਤਿਸੰਗ ਹੀ ਪ੍ਰਭੂ ਦੇ ਨਾਮ ਸਿਮਰਨ ਦੀ ਚੇਟਕ ਲਗਾਉਂਦੀ ਹੈ। ਜਿਥੇ ਪਰਮਾਤਮਾ ਸਦੀਵੀ ਸਥਿਰ, ਚਿਰੰਜੀਵ ਤੇ ਸੰਦੇਹ ਮੁਕਤ ਹੈ ਉਥੇ ਸੰਸਾਰ ਅਸਥਿਰ, ਨਾਸ਼ਵਾਨ, ਛਿਣ ਭੰਗੁਰ ਅਤੇ ਥੁੜ੍ਹ-ਚਿਰ ਹੈ। ਇਸ ਲਈ ਮੋਹ ਮਾਇਆ ਵਿਚ ਖਚਿਤ ਨਾ ਹੋ ਕੇ ਜੀਵਨ ਨੂੰ ਪ੍ਰਭੂ ਚਰਣਾਂ ਵਿਚ ਲਗਾਉਣ ਦਾ ਜਤਨ ਕਰਨਾ ਚਾਹੀਦਾ ਹੈ।

4.13.11 **ਜੀਵਾਤਮਾ ਦਾ ਨਿਰੂਪਣ** : ਮਾਇਆ ਲਿਪਤ ਆਤਮਾ ਜੀਵ ਅਖਵਾਉਂਦੀ ਹੈ। ਆਤਮਾ ਅਤੇ ਜੀਵ ਵਿਚ ਕੋਈ ਤਾਤਵਿਕ ਭਿੰਨਤਾ ਨਹੀਂ ਪਰੰਤੂ ਇਨ੍ਹਾਂ ਵਿਚ ਵੱਖਰਤਾ ਦ੍ਰਿਸ਼ਟੀਗੋਚਰ ਹੈ, ਉਹ ਮਾਇਆ ਦੇ ਪ੍ਰਭਾਵ ਕਾਰਨ ਹੈ। ਜਦੋਂ ਤੱਕ ਇਹ ਸ਼ੁੱਧ ਅਤੇ ਮੁਕਤ ਰੂਪ ਵਿਚ ਰਹਿੰਦੀ ਹੈ, ਆਤਮਾ ਅਖਵਾਉਂਦੀ ਹੈ। ਪਰੰਤੂ ਜਦੋਂ ਆਪਣੀ ਅਸਲੀਅਤ ਨੂੰ ਭੁੱਲਕੇ ਆਪਣਾ ਇਕ ਵੱਖਰਾ ਅਸਤਿਤਵ ਸਮਝਣ ਲੱਗ ਪੈਂਦੀ ਹੈ ਤਾਂ ਜੀਵ ਰੂਪ ਵਿਚ ਪਰਿਵਰਤਿਤ ਹੋ ਜਾਂਦੀ ਹੈ। ਮੋਹ ਮਾਇਆ ਤੋਂ ਨਿਰਲੇਪ ਹੋ ਕੇ ਅਤੇ ਪ੍ਰਭੂ ਦੀ ਭਗਤੀ ਨਾਲ ਇਹ ਜੀਵ ਦੁਬਾਰਾ ਆਤਮਾ ਰੂਪ ਨੂੰ ਪ੍ਰਾਪਤ ਕਰ ਸਕਦਾ ਹੈ।

ਕਈ ਵਾਰ 'ਜੀਵ' ਤੋਂ ਭਾਵ ਮਨੁੱਖੀ ਜੀਵ ਲੈ ਲਿਆ ਜਾਂਦਾ ਹੈ। ਗੁਰਮਤਿ ਅਨੁਸਾਰ ਜੀਵ ਦੇ ਅਰਥ ਬਹੁਤ ਵਿਸ਼ਾਲ ਹਨ। ਗੁਰਬਾਣੀ ਵਿਚ ਜੀਵ ਤੋਂ ਭਾਵ ਸ੍ਰਿਸ਼ਟੀ ਵਿਚ ਮੌਜੂਦ ਸਭ ਜੀਵ ਹਨ ਜਿਸ ਨੂੰ ਰਵਿਦਸ ਜੀ ਨੇ 'ਚਾਰੇ ਖਾਣੀ' ਦਾ ਨਾਂ ਦਿੱਤਾ ਹੈ।

***ਦਸ ਅਠਾ ਅਠਸਠੇ ਚਾਰੇ ਖਾਣੀ,***

***ਇਹ ਹੈ ਵਰਤਨਿ ਹੈ ਸਗਲ ਸੰਸਾਰੇ।***

**(ਆਦਿ ਗ੍ਰੰਥ, ਪੰਨਾ 694)**

ਜਗਤ ਦੇ ਸਮੂਹ ਜੀਵਾਂ ਦੀ ਪੈਦਾਇਸ਼ ਚਾਰ ਸਰੋਤਾਂ ਤੋਂ ਸਵੀਕਾਰੀ ਜਾਂਦੀ ਹੈ ਅਰਥਾਤ ਉਤਪਤੀ ਸਥਾਨ ਕਾਰਨ ਜੀਵ ਚਾਰ ਸ਼੍ਰੇਣੀਆਂ ਵਿਚ ਰੱਖੇ ਗਏ ਹਨ, ਜਿਵੇਂ ਅੰਡੇ ਤੋਂ ਪੈਦਾ ਹੋਣ ਵਾਲੇ ਜੀਵ 'ਅੰਡੇਜ਼' ਜਿਓਰ ਤੋਂ ਪੈਦਾ ਹੋਣ ਵਾਲੇ 'ਜਰੇਜ਼', ਮੁੜਕੇ ਨਾਲ ਉਪਜਣ ਵਾਲੇ ਜੀਵ 'ਸਤੇਜ' ਅਤੇ ਧਰਤੀ ਵਿਚੋਂ ਪਾਣੀ ਨਾਲ ਪੈਦਾ ਹੋਣ ਵਾਲੇ ਜੀਵ 'ਉਤਭਜ'। ਇਸ ਪ੍ਰਕਾਰ ਵਿਚਾਰਾਧੀਨ ਬਾਣੀ ਵਿਚ ਮੌਜੂਦ 'ਚਾਰੇ ਖਾਣੀ' ਪਦ ਸੰਸਾਰ ਦੇ

ਸਾਰੇ ਜੀਵਾਂ ਦਾ ਬੋਧਕ ਹੈ।

ਰਵਿਦਾਸ ਬਾਣੀ ਵਿਚ 'ਜੀਵ' ਸ਼ਬਦ ਕਈ ਅਰਥਾਂ ਵਿਚ ਪ੍ਰਯੁਕਤ ਹੋਇਆ ਹੈ। ਜੀਵਾਂ ਦੀ ਹੋਣੀ ਤੇ ਤਰਸ ਕਰਦਿਆਂ ਗੁਰੂ ਰਵਿਦਾਸ ਜੀ ਲਿਖਦੇ ਹਨ ਕਿ ਸਾਰੇ ਸੰਸਾਰ ਦੇ ਜੀਵ ਕਰਮ ਕਾਂਡਾਂ ਵਿਚ ਫਸੇ ਹੋਏ ਹਨ। ਉਹ ਸੱਚਾਈ ਨੂੰ ਭੁੱਲਕੇ ਭੇਖਾਂ, ਪਖੰਡਾਂ ਦਿਖਾਵਿਆਂ ਵਿਚ ਉਲਝੇ ਪਏ ਹਨ ਅਤੇ ਜੋਤਾਂ ਜਗਾ ਜਗਾ ਕੇ ਪਰਮਾਤਮਾ ਦੀ ਆਰਤੀ ਉਤਾਰਦੇ ਹਨ ਜਦੋਂ ਕਿ ਉਸਦੀ ਅਸਲ ਆਰਤੀ ਤੇ ਉਸਦਾ ਨਾਮ ਜੱਪਣਾ ਹੈ। ਇਸ ਜਿੰਦ ਨੂੰ ਜੀਵਨਦਾਨ ਦੇਣ ਵਾਲੇ ਪ੍ਰਮਾਤਮਾ ਅੱਗੇ ਉਹ ਨਿਵੇਦਨ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਨਾ ਬਿਸਾਰੇ ਅਤੇ ਉਨ੍ਹਾਂ ਉਪਰ ਆਪਣੀ ਮਿਹਰ ਦੀ ਦ੍ਰਿਸ਼ਟੀ ਰੱਖੇ।

ਗੁਰੂ ਰਵਿਦਾਸ ਅੱਗੇ ਦੱਸਦੇ ਹਨ ਕਿ ਸਾਰੇ ਜੀਵ ਆਪਣੇ ਕਰਮਾਂ ਨਾਲ ਬੱਝੇ ਹੋਏ ਹਨ। ਕੀਤੇ ਕਰਮਾਂ ਅਧੀਨ ਜਨਮ ਲੈ ਕੇ ਜੀਵ ਜਿੱਥੇ ਵੀ ਜਾਂਦਾ ਹੈ, ਕਾਲ ਦੀ ਫਾਹੀ ਉਸਦੇ ਗਲੇ ਵਿਚੋਂ ਨਹੀਂ ਛੁੱਟਦੀ। ਜੀਵ ਕਰਮਾਂ ਅੱਗੇ ਬੇਬੱਸ ਹੈ।

***ਜੀਅ ਜੰਤ ਜਹਾ ਜਹਾ ਲਗੁ,***

***ਕਰਮ ਕੇ ਬਸਿ ਜਾਇ।***

***ਕਾਲ ਫਾਸ ਅਬਦ ਲਾਗੇ,***

***ਕਛੁ ਨਚਲੈ ਉਪਾਇ।***

(ਆਦਿ ਗ੍ਰੰਥ, ਪੰਨਾ 486)

ਪੁੱਤਰ ਤੇ ਇਸਤਰੀ-ਸੁੱਖ ਵਿਚ ਗਲਤਾਨ ਜੀਵ ਬੇਸਮਝੀ ਵਿਚ ਹੰਕਾਰ ਕਰਦਾ ਹੈ ਪਰੰਤੂ ਇਸ ਗੱਲੋਂ ਅਣਜਾਣ ਹੈ ਕਿ ਮੌਤ ਉਪਰੰਤ ਪਰਮਾਤਮਾ ਨੇ ਹਰ ਕਰਮ ਦਾ ਲੇਖਾ ਲੈਣਾ ਹੈ। ਮੰਦੇ ਕਰਮਾਂ ਦੀ ਸਜ਼ਾ ਭੁਗਤਦੇ ਸਮੇਂ ਜੀਵ ਪਿੱਛੋਂ ਵੇਲਾ ਲੱਦ ਜਾਣ ਤੇ ਕਿਸੇ ਨੂੰ ਵੀ ਸਹਾਇਤਾ ਲਈ ਵੀ ਪੁਕਾਰ ਨਹੀਂ ਸਕਦਾ।

ਇਸ ਪ੍ਰਕਾਰ ਰਵਿਦਾਸ ਬਾਣੀ ਵਿਚ ਦੱਸਿਆ ਗਿਆ ਹੈ ਕਿ ਜੀਵ ਪ੍ਰਮਾਤਮਾ ਦਾ ਅੰਸ਼ ਹੁੰਦਿਆਂ ਹੋਇਆਂ, ਆਪਣੀਆਂ ਕਮਜ਼ੋਰੀਆਂ ਕਾਰਨ, ਆਪਣੀ ਹੋਂਦ ਵੱਖਰੀ ਸਮਝ ਬੈਠਦਾ ਹੈ। ਦੁਨੀਆਂ ਵਿਚ ਹਮੇਸ਼ਾ ਟਿਕੇ ਰਹਿਣ ਦੇ ਵਿਚਾਰ ਨਾਲ ਸਮਾਨ ਇਕੱਠੇ ਕਰਦਾ ਰਹਿੰਦਾ ਹੈ। ਪਰੰਤੂ ਉਹ ਭੁੱਲ ਜਾਂਦਾ ਹੈ ਕਿ ਮੌਤ ਉਪਰੰਤ ਉਸ ਨੂੰ ਕੇਵਲ ਸਾਢੇ ਤਿੰਨ ਹੱਥ ਦੀ ਜ਼ਮੀਨ ਹੀ ਲੋੜੀਂਦੀ ਹੈ। ਜਿਸ ਸਰੀਰ ਤੇ ਮਨੁਖ ਰੋਜ਼ ਸਾਜ-ਸ਼ਿੰਗਾਰ ਵਿਚ ਇੰਨਾ ਸਮਾਂ ਲਗਾਉਂਦਾ ਹੈ, ਉਹ ਜੀਵਾਤਮਾ ਦਾ ਚੌਲਾ ਹੈ, ਜਿਸਨੂੰ ਤਿਆਗ ਕੇ ਉਸਨੇ ਇਕ ਦਿਨ ਪਰਮਾਤਮਾ ਦੇ ਘਰ ਚਲੇ ਜਾਣਾ ਹੈ।

4.13.12 **ਮਾਇਆ, ਵਿਸ਼ੇ-ਵਿਕਾਰ ਤੇ ਹਉਮੈਂ ਦਾ ਤਿਆਗ** : ਮਾਇਆ ਦਾ ਸਿਧਾਂਤ ਪ੍ਰਾਚੀਨਕਾਲ ਤੋਂ ਚਲਿਆ ਆ ਰਿਹਾ ਹੈ। ਹੁਣ ਤੱਕ ਪਨਪੀਆਂ ਸਭ ਵਿਚਾਰਧਾਰਾਵਾਂ, ਸਾਰੇ ਫਲਸਫਿਆਂ ਅਤੇ ਮਤਾਂ ਵਿਚ ਇਹ ਸਿਧਾਂਤ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮੌਜੂਦ ਰਿਹਾ ਹੈ। ਮਾਇਆ ਵਰਗੀ ਅਸੀਮ ਸ਼ਕਤੀ ਦੀ ਰੂਪ ਰੇਖਾ ਨਿਸ਼ਚਿਤ ਕਰਨੀ ਮੁਸ਼ਕਲ ਹੈ ਕਿਉਂਕਿ ਇਹ ਅਨੇਕ ਰੂਪ ਧਾਰਨ ਕਰਕੇ ਸੰਸਾਰ ਨੂੰ ਠੱਗ ਰਹੀ ਹੈ। ਮਾਇਆ ਦਾ ਪਰਿਵਾਰ ਬੜਾ ਵਿਆਪਕ ਹੈ।

ਗੁਰਬਾਣੀ ਦੀ ਸੱਤਰ-ਸੱਤਰ ਵਿਚ ਇਸ ਸੋਹਣੀ ਮਾਇਆ ਦਾ ਉਲੇਖ ਹੋਇਆ ਹੈ। ਇਸ ਨੂੰ ਜਮ ਦੀ ਸਰਕਾਰ, ਸੰਸਾਰ ਨੂੰ ਜ਼ਹਿਰੀਲੇ ਦੰਦਾ ਨਾਲ ਖਾਣ ਵਾਲੀ ਅਤੇ ਸਰਪਨੀ ਨਾਲ ਤੁਲਨਾਇਆ ਗਿਆ ਹੈ। ਮਾਇਆਧਾਰੀ ਜੀਵ ਨੂੰ ਅੱਖਾਂ-ਕੰਨਾਂ ਦੇ ਬਾਵਜੂਦ ਅੰਨੇ-ਬੋਲੇ ਦੀ ਸੰਗਿਆ ਦਿੱਤੀ ਗਈ ਹੈ। ਨਾਮਦੇਵ ਜੀ ਮਾਇਆ ਨੂੰ ਗਰਭ ਜੂਨ ਦਾ ਨਾਂ ਦਿੰਦੇ ਹਨ। ਬਾਬਾ ਫਰੀਦ ਨੇ 'ਖੰਡ ਨਾਲ ਲਿਬੜੀਆਂ ਵਿਹੁ ਗੰਦਲਾਂ' ਤੱਕ ਮਾਇਆ ਨੂੰ ਕਿਹਾ ਹੈ। ਮਾਇਆ ਦੇ ਪ੍ਰਭਾਵ ਵਿਚ ਹੀ ਆਤਮਾ ਜੀਵ ਰੂਪ ਵਿਚ ਜਨਮ ਧਾਰਦੀ ਹੈ। ਮਾਇਆ ਦੇ ਪ੍ਰਭਾਵ ਵਿਚ ਆ ਕੇ ਹੀ ਜੀਵ ਪ੍ਰਮਾਤਮਾ ਪ੍ਰਾਪਤੀ ਦੇ ਆਸ਼ੇ ਨੂੰ ਭੁੱਲ ਕੇ ਦੁਨੀਆਦਾਰੀ ਵਿਚ ਲੱਗ ਜਾਂਦਾ ਹੈ। ਉਹ ਕਾਮ,ਕ੍ਰੋਧ, ਮੋਹ, ਲੋਭ ਅਤੇ ਹੰਕਾਰ ਵਿਚ ਖੁੱਭ ਜਾਂਦਾ ਹੈ ਅਤੇ ਹੌਲੀ ਹੌਲੀ ਆਪਣੇ ਵਿਨਾਸ਼ ਵੱਲ ਵੱਧਦਾ ਜਾਂਦਾ ਹੈ। ਇਸੇ ਲਈ ਸਾਰੇ ਹੀ ਅਧਿਆਤਮਕ ਗੁਰੂ ਇਨਸਾਨ ਨੂੰ ਆਪਣੇ ਜੀਵਨ ਵਿਚ ਮਾਇਆ ਤੋਂ ਬਚਣ, ਵਿਸ਼ੇ ਵਿਕਾਰਾਂ ਅਤੇ ਹਉਮੈਂ ਦਾ ਤਿਆਗ ਕਰਨ ਦੀ ਗੱਲ ਕਰਦੇ ਹਨ।

ਰਵਿਦਾਸ ਅਨੁਸਾਰ ਮਾਇਆ ਜਿਹੀ ਅਪਾਰ ਸ਼ਕਤੀ ਮਨੁੱਖ ਦੀ ਕਹਿਣੀ ਅਤੇ ਕਰਨੀ ਵਿਚ ਏਕਤਾ ਨਹੀਂ ਰਹਿਣ ਦਿੰਦੀ ਅਤੇ ਮਾਇਆ ਦੇ ਪ੍ਰਭਾਵ ਵੱਸ ਮਨੁੱਖ ਕਹਿੰਦਾ ਕੁਝ ਹੋਰ, ਕਰਦਾ ਕਮਾਉਂਦਾ ਕੁਝ ਹੋਰ ਹੈ। ਇੰਞ ਮਾਇਆ ਉਸ ਨੂੰ ਧੋਖਾ, ਫਰੇਬ ਅਤੇ ਚਲਾਕੀ ਲਈ ਉਕਸਾਉਂਦੀ ਹੈ।

***ਕਹੀਅਤ ਆਨ ਅਚਰੀਅਤ ਅਨ ਕਛੁ॥***

***ਸਮਝ ਨ ਪਰੈ ਅਪਰ ਮਾਇਆ॥***

**(ਆਦਿ ਗ੍ਰੰਥ, ਪੰਨਾ 658)**

ਗੁਰੂ ਰਵਿਦਾਸ ਜੀ ਮਾਇਆ ਲਈ 'ਬਿਖੁ' ਸ਼ਬਦ ਵਰਤਦੇ ਹਨ, ਅਤੇ ਆਖਦੇ ਹਨ ਕਿ ਉਹ ਜਿਥੇ ਇਸ ਦੁਨੀਆਂ ਵਿਚ ਰਾਮ ਨਾਮ ਦਾ ਵਪਾਰ ਕਰ ਕਹੇ ਹਨ ਉਥੇ ਮਾਇਆ ਰੂਪੀ ਬਿਖੁ ਦਾ ਵਪਾਰ ਸੰਸਾਰਕ ਲੋਕ ਕਰ ਰਹੇ ਹਨ।

ਉਹ ਅੱਗੇ ਫਰਮਾਉਂਦੇ ਹਨ ਕਿ ਹਿਰਨ ਨਾਦ ਸੁਣਨ ਦੇ ਰਸ ਕਰਕੇ, ਮੱਛੀ ਆਪਣੀ ਜੀਭ ਦੇ ਚਸਕੇ ਕਰਕੇ, ਭੌਰਾ ਆਪਣੀ ਸੁੰਘਣ ਸ਼ਕਤੀ ਕਰਕੇ, ਭੰਬਟ ਸ਼ਮਾ ਨਾਲ ਪਿਆਰ ਪਾ ਕੇ ਅਤੇ ਹਾਥੀ ਆਪਣੀ ਵਾਸਨਾ ਕਰਕੇ ਖਤਮ ਹੋ ਜਾਂਦੇ ਹਨ। ਇਹ ਸਾਰੇ ਜੀਵ ਆਪਣੇ ਇਕੋ ਇਕ ਵਿਕਾਰ ਕਰਕੇ ਬਰਬਾਦ ਹੁੰਦੇ ਹਨ, ਪਰ ਉਸ ਮਨੁੱਖ ਦਾ ਬਚਾਓ ਕਿਵੇਂ ਸੰਭਵ ਹੈ, ਜਿਸ ਨੂੰ ਇਹ ਪੰਜੇ ਅਸਾਧ ਰੋਗ ਚੰਬੜੇ ਹੋਏ ਹਨ, ਜੋ ਮਾਇਆ ਦਾ ਹੀ ਰੂਪ ਹਨ।

***ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ***

***ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇ ਤਕ ਆਸ।***

**(ਆਦਿ ਗ੍ਰੰਥ, ਪੰਨਾ 486)**

ਜਦੋਂ ਮੱਤ ਵਿਕਾਰਾਂ ਨਾਲ ਮਲੀਨ ਹੋ ਜਾਵੇ ਤਾਂ ਪਰਮਾਤਮਾ ਦੀ ਗਤੀਵਿਧੀਆਂ ਦੀ ਪਹਿਚਾਣ ਨਹੀਂ ਹੋ ਸਕਦੀ। ਮਨ ਨੂੰ ਵਿਕਾਰਾਂ ਤੋਂ ਤੋੜਨ ਲਈ ਕੀਤੇ ਜਤਨ ਵਿਅਰਥ ਹੋ ਜਾਂਦੇ ਹਨ। ਸੰਸਾਰ ਦੇ ਸਾਰੇ ਜੀਵ ਮੋਹ-ਜਾਲ ਵਿਚ ਫਸੇ ਹੋਏ ਹਨ। ਕੇਵਲ ਹਰੀ ਦਾ ਨਾਮ ਜੱਪਣ ਵਾਲਾ ਹੀ ਇਸ ਤੋਂ ਸੁਤੰਤਰ ਹੈ। ਮਾਇਆਧਾਰੀ

ਜੀਵ ਪਰਮਾਤਮਾ ਦੇ ਨਾਮ ਦੇ ਅਕਹਿ ਰਸ ਨੂੰ ਕਦੇ ਨਹੀਂ ਮਾਣ ਸਕਦੇ, ਜਿਸ ਰ ਦੁਨਿਆਵੀ ਰਸ ਫਿੱਕੇ ਪੈ ਜਾਂਦੇ ਹਨ। ਮਾਇਆ ਦੀ ਉਧੇੜ ਬੁੰਨ ਵਿਚ ਉਮਰ ਲੰਘਦੀ ਸ਼ਕਤੀ ਘਟਦੀ ਜਾਂਦੀ ਹੈ ਅਤੇ ਕਾਮਵਾਸਨਾ ਵੱਧਦੀ ਜਾਂਦੀ ਹੈ। ਜੀਵਨ ਦਾ ਮਨੋਰਥ ।

*ਨ ਬੀਚਾਰੀਓ ਰਾਜਾ ਰਾਮ ਕੋ ਰਸੁ॥*

*ਜਿਹ ਰਸ ਅਨ ਰਸ ਬੀਸਰਿ ਜਾਹਿ॥*

*ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚਿ ਦਿਵਸ ਜਾਹੀ॥*

*ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀਂ॥*

(ਆਦਿ ਗ੍ਰੰਥ, ਪੰਨਾ 658)

ਗੁਰੂ ਰਵਿਦਾਸ ਜੀ ਜੈਤਸਰੀ ਰਾਗ ਵਿਚ ਸਧਾਰਨ ਜੀਵਾਂ ਦਾ ਹੀ ਨਹੀਂ ਸਗੋਂ ਅਹਿੱਲਿਆ ਗੌਤਮ, ਇੰਦਰ ਅਤੇ ਬ੍ਰਹਮਾ ਜਿਵੇ ਦੇਵੀ ਦੇਵਤਿਆਂ ਦੀ ਦੁਰਗਤੀ ਦਾ ਹਵਾਲਾ ਵੀ ਦਿੰਦੇ ਹਨ ਅਤੇ ਦੱਸਦੇ ਹਨ ਕਿ ਜੀਵ ਦੇ ਆਤਮਿਕ ਗੁਣਾਂ ਨੂੰ ਲੁੱਟੇ ਜਾਣ ਕਰਕੇ ਸ਼ਰੀਰ ਨਿਤਾਣਾ ਹੋ ਜਾਂਦਾ ਹੈ। ਸ਼ਰੀਰ ਅੰਦਰ ਸਹਿਮ ਦੀ ਗੰਢ ਪੈ ਜਾਂਦੀ ਹੈ।

ਰਵਿਦਾਸ ਜੀ ਅੱਗੇ ਦੱਸਦੇ ਹਨ ਕਿ ਉੱਚੀ ਕੁਲ ਵਾਲੇ ਵਿਦਵਾਨ, ਜੋਗੀ, ਸਨਿਆਸੀ, ਗਿਆਨੀ, ਗੁਣਵਾਨ, ਸੂਰਮੇ, ਦਾਤੇ ਆਦਿ ਸਭ ਦੁਨੀਆਂ ਵਿਚ ਆਪਣੀ ਪ੍ਰਾਪਤੀ ਦੇ ਨਸ਼ੇ ਵਿਚ ਮਸਤ ਹੋ ਕੇ ਮਨ ਵਿਚ ਹਉਮੈਂ ਨੂੰ ਬਸਾ ਲੈਂਦੇ ਹਨ।

*ਹਮ ਬਡ ਕਬਿ ਕੁਲੀਨ ਹਮ ਪੰਡਤ,*

*ਹਮ ਜੋਗੀ ਸੰਨਿਆਸੀ॥*

*ਗਿਆਨੀ ਗੁਨੀ ਸੂਰ ਹਮ ਦਾਤੇ,*

*ਇਹ ਬੁਧਿ ਕਬਹਿ ਨ ਨਾਸੀ॥*

*ਕਹੁ ਰਵਿਦਾਸੁ ਸਭੈ ਨਹੀਂ ਸਮਝਸਿ,*

*ਭੂਲਿ ਪਰੇ ਜੈਸੇ ਬਉਰੇ॥*

*(ਆਦਿ ਗ੍ਰੰਥ, ਪੰਨਾ 873)*

ਜਿਸ ਕਾਰਨ ਬੇਸਮਝੀ ਵਿਚ ਬਾਵਰੇ ਹੋਏ ਫਿਰਦੇ ਹਨ। ਉਹ ਆਪਣੇ ਮੂਲ ਜੀਵਨ ਦੇ ਆਸ਼ੇ ਨੂੰ ਵਿਚਾਰ ਕੇ ਆਵਾਗਮਨ ਦਾ ਭਾਗੀ ਬਣ ਜਾਂਦੇ ਹਨ। ਉਹ ਸਤਿ ਨੂੰ ਅਸਤਿ ਅਤੇ ਅਸਤਿ ਨੂੰ ਸਤਿ ਸਮਝਣ ਲੱਗ ਪੈਂਦੀ ਹੈ, ਜਿਸ ਨਾਲ ਉਸਦਾ ਵਿਨਾਸ਼ ਹੋ ਜਾਂਦਾ ਹੈ।

## 4.14 ਗੁਰੂ ਰਵਿਦਾਸ ਬਾਣੀ ਦਾ ਕਲਾਤਮਿਕ ਪੱਖ

ਮੱਧਕਾਲੀਨ ਭਗਤੀ ਕਾਵਿ ਪਰਪੰਰਾ ਨੂੰ ਸਮਰਿਧ ਬਣਾਉਣ ਵਿਚ ਗੁਰੂ ਰਵਿਦਾਸ ਜੀ ਯੋਗਦਾਨ ਲਾਸਾਨੀ ਹੈ। ਆਪ ਨੇ ਆਪਣੀ ਬਾਣੀ ਰਾਹੀਂ ਭਗਤੀ ਕਾਵਿ ਪਰੰਪਰਾ ਨੂੰ ਜਿਥੇ ਕਲਾਤਮਕ ਪੱਖ ਤੋਂ ਅਮੀਰ ਕੀਤਾ ਉਥੇ ਵਿਚਾਰ ਪੱਖ ਤੋਂ ਭਾਰਤ ਦੇ ਅਧਿਆਤਮਕ ਸਾਹਿਤ ਵਿਚ ਅਨਮੋਲ ਹੀਰੇ ਜੜ ਦਿਤੇ। ਆਪ ਨੇ ਆਪਣੀ ਰਹੱਸਵਾਦੀ ਅਨੁਭਵਾਂ ਦੀ ਅਭਿਵਿਅਕਤੀ ਲਈ ਕਾਵਿ ਨੂੰ ਇਕ ਮਾਧਿਅਮ ਵਜੋਂ ਵਰਤਿਆ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਸਮੇ ਪ੍ਰਵਾਣਿਤ ਕਾਵਿ-ਨਿਯਮਾਂ ਅਤੇ ਪਿੰਗਲ-ਸ਼ਾਸਤਰਾਂ ਵਿਚ ਨਿਰਧਾਰਿਤ ਕਾਵਿ-ਸਿਧਾਤਾਂ ਨੂੰ ਕੋਈ ਮਹੱਤਵ ਨਹੀ ਦਿਤਾ, ਅਤੇ ਨਾ ਹੀ ਰਚਨਾ ਸਮੇਂ ਕੋਈ ਉਚੇਚਾ ਕੀਤਾ। ਸਗੋਂ ਉਨ੍ਹਾਂ ਦੀ ਬਾਣੀ ਸਹਿਜ-ਸੁਭਾਵਕ ਆਈ ਪ੍ਰਤੀਤ ਹੁੰਦੀ ਹੈ।

ਉਨ੍ਹਾਂ ਦੀ ਰਚਨਾ ਵਿਚ ਆਈਆਂ ਕਾਵਿ ਗਤ ਵਿਸ਼ੇਸ਼ਤਾਵਾਂ ਨੂੰ ਨਿਮਨਲਿਖਤ ਸਿਰਲੇਖਾ ਅਧੀਨ ਵਿਚਾਰਿਆਂ ਜਾ ਸਕਦਾ ਹੈ।

4.14.1 **ਗੁਰੂ ਰਵਿਦਾਸ ਜੀ ਦੀ ਬਾਣੀ ਦੀ ਭਾਸ਼ਾ** : ਗੁਰੂ ਰਵਿਦਾਸ ਜੀ ਦੀ ਭਾਸ਼ਾ ਮੂਲ ਰੂਪ ਵਿਚ ਉਹ ਮਿੱਸੀ ਭਾਸ਼ਾ ਹੈ, ਜਿਸ ਨੂੰ ਵਿਦਵਾਨਾਂ ਅਤੇ ਆਲੋਚਕਾਂ ਨੇ ਮਿੱਸੀ ਸਾਧ ਭਾਸ਼ਾ, ਸੰਤ ਭਾਸ਼ਾ, ਖ਼ਿਚੜੀ ਭਾਸ਼ਾ, ਸਦੁਕੜੀ ਭਾਸ਼ਾ, ਪੰਜਾਬੀ ਅਤੇ ਬ੍ਰਜ ਭਾਸ਼ਾ ਦਾ ਮਿਲਗੋਭਾ ਆਦਿ ਦੀ ਸੰਗਿਆ ਦਿਤੀ ਹੈ। ਇਹ ਰਲੀ-ਮਿਲੀ ਭਾਸ਼ਾ ਉਸ ਵਕਤ ਦੇ ਸਮਾਜ ਵਿਚ ਬਹੁਤ ਲੋਕਪ੍ਰਿਯ ਸੀ। ਜਨ ਸਾਧਾਰਨ ਤੋਂ ਇਲਾਵਾ, ਅਨੁਭਵੀ ਕਵੀਆਂ ਅਤੇ ਸੰਤਾਂ, ਮਹਾਤਮਾਵਾਂ, ਗੁਰੂਆ ਤੇ ਭਗਤਾਂ ਨੇ ਇਸ ਭਾਸ਼ਾ ਦਾ ਪ੍ਰਯੋਗ ਆਪਣੀ ਰਚਨਾਵਾਂ ਵਿਚ ਕੀਤਾ ਹੈ। ਉਨ੍ਹਾਂ ਦੀ ਇਹ ਭਾਸ਼ਾ ਪੱਛਮੀ ਹਿੰਦੀ ਦੇ ਰੰਗ ਵਿਚ ਰੰਗੀ ਹੋਈ ਹੈ ਜਿਸ ਦੀ ਬਾਹਰੀ ਦਿੱਖ ਭਾਵੇਂ ਪੰਜਾਬੀ ਵਾਲੀ ਜਾਪਦੀ ਹੈ। ਇਸ ਵਿਚ ਸੰਸਕ੍ਰਿਤ ਅਤੇ ਹਿੰਦੀ ਦੇ ਤਤਸਮ ਅਤੇ ਤਦਭਵ ਸ਼ਬਦ ਬਹੁਗਿਣਤੀ ਵਿਚ ਮੌਜੂਦ ਹਨ। ਅਸਲ ਵਿਚ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਬਨਾਰਸ ਸਦਾ ਤੋਂ ਹੀ ਹਿੰਦੂ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਕੇਂਦਰ ਰਹੀ ਹੈ। ਇਸੇ ਲਈ ਗੁਰੂ ਰਵਿਦਾਸ ਜੀ ਦੀ ਭਾਸ਼ਾ ਦਾ ਸੰਸਕ੍ਰਿਤ ਤੋਂ ਪ੍ਰਭਾਵਤ ਹੋਣਾ ਸੁਭਾਵਕ ਸੀ। ਉਨ੍ਹਾਂ ਦਹ ਬਾਣੀ ਵਿਚ ਸੰਸਕ੍ਰਿਤ ਦੇ ਤਤਸਮ ਅਤੇ ਤਦਭਵ ਸ਼ਬਦ ਵੱਡੀ ਗਿਣਤੀ ਵਿਚ ਮੌਜੂਦ ਹਨ।

4.14.1.1 **ਸੰਸਕ੍ਰਿਤ ਦੇ ਤਤਸਮ ਸ਼ਬਦ** : ਉਦਧਿ, ਉਪਾਧਿ, ਉਪਮਾ, ਅਣਘਟ, ਆਵਾਗਮਨ, ਅਨਲ, ਅਗਮ, ਅਉਹਾਰ, ਆਰਾਧਨਾ, ਏਕ, ਸਾਧੁ, ਸੰਗਤਿ, ਸੁਮਤਿ, ਸਿਧਿ, ਸੰਸਾ, ਸੰਪਤਿ, ਸੰਕਟ, ਸ਼ਬਦ, ਸੁਰਤਰ, ਸੁਖਸਾਗਰ, ਸੰਜੁਗਤ, ਸੁਪਚ, ਸੁਆਨਸੁਤ੍, ਸੁਗੰਧ, ਸੁਰਸਰੀ, ਸਲਲ, ਹਰਿ, ਹਰੇ, ਹਿਰਨੁ, ਕੁਟਿਲਤਾ, ਕਨਕ, ਕੂਪ, ਕ੍ਰਿਪਾ, ਕਾਰਣੈ, ਕੀਰਤਿ, ਕਵਨ, ਕਪਾਟ, ਕਥਾ, ਕੋਪੁ, ਕਾਮਦੇਨੁ, ਕਰਤਲ, ਕਾਮੀ, ਕਰ, ਕੁਲੀਨ, ਕਲਤ੍, ਖੂਡ, ਖਲੁ, ਗਤਿ, ਗੰਧ, ਗ੍ਰਿਹ, ਗਿਰਿਵਰ, ਘ੍ਰਿਤ, ਜਨਮੁ, ਜੀਵਨਾ, ਜਲ, ਜਥਾਗਤਿ, ਜਾਨਤ, ਦੁਹੇਲਾ, ਦਹਦਿਸ, ਦੀਪਾ, ਧੂਪ, ਨਾਇਕ, ਨਾਮੁ, ਨਿਗ੍ਰਹ, ਨਿਦਾਨ, ਨਿਵਾਸਾ, ਨਿਸਤਿਰਿ, ਨਿਮਤ, ਨਚਤ, ਨਰਪਤਿ, ਨਵ, ਮਖੀਰਾ, ਮਾਧਉ, ਮਧੁਕਰ, ਮੁਹਾਰ, ਮੁਰਾਰਿ, ਮਗਨ, ਰਜਨੀ, ਰਸ, ਲੋਕ ਅਤੇ ਲਿਲਾਟ ਆਦਿ ਸ਼ਬਦ ਸੰਸਕ੍ਰਿਤ ਭਾਸ਼ਾ ਵਾਲੇ ਹਨ। ਇਸ ਤੋਂ ਇਲਾਵਾ ਅਨੁਸਵਰ ਦੀ ਵਰਤੋਂ ਵੀ ਸੰਸਕ੍ਰਿਤ ਦੀ ਸੂਚਕ ਹੈ ਜਿਵੇਂ ਚੰਮਾਰੰ, ਸਾਰੰ, ਪਾਨੰ, ਬੀਚਾਰੰ ਅਤੇ ਨਮਸਕਾਰੰ ਆਦਿ।

4.14.1.2 **ਸੰਸਕ੍ਰਿਤ ਦੇ ਤਦਭਦ ਸ਼ਬਦ**: ਉਪਕਾਰੀ, ਉਜਾਗਰ, ਅਨੰਤਾ, ਅਸਾਧ, ਅਬਿਦਿਆ, ਅਨੁਪਮ, ਅਭਿਮਾਨ, ਅਕਥ, ਸਰਬ, ਸਗਲ, ਸੂਦ, ਹਮ, ਹਾਡ, ਹਾਥ, ਕਟਿਕ, ਕਥਨੁ, ਕੀਟ, ਕਾਰਨ, ਕਪੜੇ, ਖਟੁ, ਗਵਨੁ, ਗਰਬ, ਘਾਸੁ, ਚਰਨ, ਚੰਦ, ਚਲਤ, ਚਰਨਾਬਿੰਦ, ਚੇਤ, ਜਾਤ, ਜੀਅ, ਜੀਉ, ਜੋਨੀ, ਜੁਗ, ਡੰਡਉਤਿ, ਤੁਮ, ਤਰਵਰ, ਖੰਭਾ, ਥਿਰੁ, ਦੂਖੁ, ਦਾਨੀਆ ਦੇਸ਼, ਦਰਸੁ, ਧਰਮ, ਨਿਰਗੁਣ, ਨਿਬਲ, ਨੈਨ, ਨਿਲਾਜ, ਨਾਮੁ, ਨਿਰਬਾਨ, ਪੂੰਜੀ, ਪਰਹਿਰ, ਪ੍ਰਗਾਸੁ, ਪਾਸਾਰ, ਪਿਤ, ਪ੍ਰਵੇਸ, ਪਰਧਾਨ, ਪਰਮਾਰਥ,

ਫੂਲੁ, ਬਿਕਾਰ, ਬਿਉਹਾਰ, ਬਿਨਾਸ, ਬਿਬੇਕ, ਬਾਸਾ, ਬਚਨ, ਬਾਨੀ, ਬਿਨਸਿ, ਬਚ, ਭਿਖਿਆਤ, ਬੀਚਾਰ, ਭਗਤਿ, ਭਗਤ, ਮਿਲਤ, ਮ੍ਰਿਗ, ਮਾਨੁਖ, ਮਾਇਆ, ਮਰਮ, ਮਸਤਕਿ, ਰੋਵ੍ਹਨ, ਰਿਦੈ, ਲੋਇ ਅਤੇ ਲਿਖਿ ਆਦਿ ਸ਼ਬਦ ਤਦਭਵ ਰੂਪ ਵਿਚ ਮੌਜੂਦ ਹਨ।

4.14.1.3 **ਹਿੰਦੀ ਦੀ ਤਤਸਮ ਸ਼ਬਦਾਵਲੀ** : ਅਛਤ, ਅਸੋਚ, ਸੋਚ, ਸੂਝ, ਸੁਹਾਗਨਿ, ਜੈਸਾ, ਜਿਹ, ਡਰਪੈ, ਤਿਹਿ, ਤਰਸਾ, ਤੁਝੀ, ਤੁਮਾਰੀ, ਦੁਬਿਧਾ, ਪਾਛੇ, ਬਿਸਾਰਹ ਅਤੇ ਲੁਭਾਨਾ ਆਦਿ।

4.14.1.4 **ਹਿੰਦੀ ਦੀ ਤਦਭਵ ਸ਼ਬਦਾਵਲੀ** : ਊਚ, ਊਭਿ, ਆਤਰੁ, ਅਟਕਾਵੈ, ਹਰਹੁ, ਕਛੁ, ਕਉਨ, ਕੈਸੇ, ਕੂਟ, ਕੀਰਾ, ਚੁਕਈ, ਚਰਾਵਉ, ਚਵਰ, ਘਰੀ, ਛੂਟਨ, ਛੋਤਿ, ਦੇਹੁ, ਦਿਵਾਨੇ, ਦੀਸੈ, ਨਚਤ, ਧਾਰਾ, ਫਾਟਿਓ, ਬਛਰੈ, ਬਿਗਾਰਿਓ, ਮਾਂਗਉ, ਮਾਟੀ, ਮੋਰੀ, ਮਾਂਹੀ, ਮਹਗੀ, ਮਥੈ, ਮਿਲਤ, ਮੇਲੇ, ਰਾਧਿ, ਰਹਤ, ਲਖੀ ਆਦਿ।

4.14.1.5 **ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ** : ਗੁਰੂ ਰਵਿਦਾਸ ਜੀ ਦੇ ਜੀਵਨ ਕਾਲ ਅੰਦਰ ਭਾਰਤ ਵਿਚ ਮੁਸਲਮਾਨਾਂ ਦਾ ਰਾਜ ਸਥਾਪਿਤ ਹੋ ਚੁਕਾ ਸੀ। ਮੁਸਲਮਾਨਾਂ ਦੀ ਰਾਜ ਭਸ਼ਾਵਾਂ ਅਰਬੀ-ਫ਼ਾਰਸੀ ਹੋਣ ਕਾਰਨ, ਉਨ੍ਹਾਂ ਦਾ ਪ੍ਰਭਾਵ ਇਥੋਂ ਦੀਆਂ ਦੇਸੀ ਭਸ਼ਾਵਾਂ ਤੇ ਵੀ ਪੈ ਰਿਹਾ ਸੀ।

4.14.1.5.1 **ਫ਼ਾਰਸੀ ਦੀ ਤਤਸਮ ਸ਼ਬਦਾਵਲੀ** : ਆਬਾਦਾਨ, ਅੰਦੋਹ, ਸਮੇ, ਸੁਪੇਦ, ਬੇਗਮਪੁਰਾ, ਖੂਬ, ਖੁਆਰੁ, ਗਰੀਬ ਨਿਵਾਜੁ, ਗਰਦਨ, ਬਾਜੀ, ਬਾਜੀਗਰ, ਵਤਨ, ਜਾਹਿ ਆਦਿ।

4.14.1.5.2 **ਫ਼ਾਰਸੀ ਦੀ ਤਦਭਵ ਸ਼ਬਦਾਵਲੀ** : ਕਾਗਰ, ਕਸਹਿ, ਚਰਾ, ਦੋਸ, ਦਰਦਵੰਦ, ਦਰਬਾਰਿ, ਪੋਚ, ਆਤਿਸ਼, ਅਤੇ ਪੁਲਸਗਤ ਆਦਿ।

4.14.1.5.3 **ਅਰਬੀ ਦੀ ਤਤਸਮ ਸ਼ਬਦਾਵਲੀ** : ਈਦਿ, ਸਰੀਕ, ਸਮਾਰਿ, ਸੇਖ, ਖਿਰਾਜ, ਕਾਇਮੁ, ਦੁਨੀਆ, ਫ਼ਨਖਾਨੇ ਜਿਰਕ ਅਤੇ ਵਤਨ।

4.14.1.5.4 **ਅਰਬੀ ਦੀ ਤਦਭਵ ਸ਼ਬਦਾਵਲੀ** : ਖਉਫੁ, ਤਸਵੀਸ, ਮਾਲੁ, ਮਸਹੂਰ, ਮਾਸੂਰ, ਮਹਰਮ, ਅਤੇ ਮਹਲ ਆਦਿ।

4.14.1.5.5 **ਤੁਰਕੀ ਸ਼ਬਦਾਵਲੀ** : ਫਾਂਕਿਓ (ਫਾਂਕ)

4.14.1.6 **ਮਹਾਂਰਾਸਟਰੀ ਸ਼ਬਦਾਵਲੀ** : ਓਲਗ੍ਹ, ਓਲੁਗ੍ਹਣੀ ਅਤੇ ਮਰਾਠੀ ਸੰਬਧਕ 'ਚ, 'ਚੋ ਅਤੇ ਚੀ।

4.14.1.7 **ਅਪਭ੍ਰੰਸ਼ ਸ਼ਬਦਾਵਲੀ** : ਅਬ ਅਤੇ ਮਜਨੁ।

4.14.1.8 **ਪ੍ਰਾਕਿਰਤ ਸ਼ਬਦਾਵਲੀ** : ਸਰਪਰ

4.14.1.9 **ਪ੍ਰਾਕਿਰਤ ਦੇ ਤਦਭਵ ਸ਼ਬਦ** : ਇਆਨਾ (ਏਆਇਣਿ)

4.14.1.10 **ਹਿੰਦੀ ਦੀਆਂ ਉਪਭਾਸ਼ਾਵਾਂ**: ਹਿੰਦੀਆਂ ਦੀਆਂ ਤਿੰਨ ਪ੍ਰਮੁੱਖ ਉਪਭਾਸ਼ਾਵਾਂ ਸਵੀਕਾਰੀਆਂ ਗਈਆਂ ਹਨ, ਜਿਨ੍ਹਾਂ ਵਿਚ ਅਵਧੀ, ਬ੍ਰਜ ਅਤੇ ਖੜੀ ਬੋਲੀ ਸ਼ਾਮਲ ਹਨ।

4.14.1.10.1 **ਅਵਧੀ ਸ਼ਬਦਾਵਲੀ** : ਛੁਟਿਯੋ, ਡਰਪੋ, ਰਸ ਕਸਹਿ, ਲੁਭਾਨਾ, ਕੀਨੀ, ਹਮਰੀ, ਰਹੇ, ਕਾ, ਕੇਰ, ਕੇਰੀ, ਕੇ, ਕੈ, ਕਤੂ, ਸਮਾਨਾ, ਇਕ ਸੰਗਾ, ਕਾਮਾ, ਜਮਸਿ, ਰਹਹਿ, ਬਾਲਮੀਕਹਿ, ਫੁਨਿ, ਬਿਕਾਨਉ ਅਤੇ ਚੇਤਸਹਿ ਆਦਿ।

ਰਵਿਦਾਸ ਕਾਵਿ ਵਿਚ ਅਵਧੀ ਦਾ ਉਦਾਹਰਨ:

*ਫੁਨ ਕਾਰਨ ਫੂਲੀ ਬਨਰਾਇ।*

*ਫੂਲੁ ਲਾਗਾ ਤਬ ਫੂਲੁ ਬਿਲਾਇ॥*

*ਗਿਆਨੈ ਕਾਰਨ ਕਰਮ ਅਭਿਆਸੁ।*

*ਗਿਆਨੁ ਭਇਆ ਤਾ ਕਰਮਹੁ ਨਾਸੁ॥*

(ਆਦਿ ਗ੍ਰੰਥ, ਪੰਨਾ 1167)

ਬ੍ਰਜ ਅਤੇ ਅਵਧੀ ਦੇ ਮਿਸ਼ਰਿਤ ਉਦਾਹਰਨ

*ਦੂਧੁ ਤ ਬਛਰੈ ਥਨਹੁ ਬਿਟਾਰਿਓ।*

*ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।*

*ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।*

*ਅਵਰੁ ਨ ਫੂਲੁ ਅਨੂਪੁ ਨ ਪਾਵਉ॥*

(ਆਦਿ ਗ੍ਰੰਥ, ਪੰਨਾ 525)

4.14.10.2 **ਬ੍ਰਜੀ ਸ਼ਬਦਾਵਲੀ** : ਉਹਾ, ਊਠਤ, ਅੰਬਰਾਵੇ, ਈਹਾ, ਹਉ, ਹਾਟੇ, ਕਰਤ, ਕਾਮ, ਚਲਤ, ਛੂਟਤ, ਜਤ, ਜੇਤਾ, ਉਹਾ, ਡੇਰੀ, ਤਹਾ, ਤਤ, ਤੇਤਾ, ਦੂਖ, ਦੀਜੈ, ਦੇਹੁ, ਦੀਸੈ, ਨੇਰੇ, ਪੇਖੇ, ਪਾਰਿਓ, ਬਾਢੀ, ਬੀਚਾਰ, ਬਾਪੇ, ਮਿਲਤ, ਮੋਰੀ, ਮਾਗੇ ਅਤੇ ਮਾਟੀ ਆਦਿ।

ਬ੍ਰਜੀ ਦੇ ਉਦਾਹਰਨ:

*ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਰਾ*

*ਕਨਕ ਕਟਕ ਜਲ ਤਰੰਗ ਜੈਸਾ॥*

(ਆਦਿ ਗ੍ਰੰਥ, ਪੰਨਾ 93)

4.14.1.10.3 **ਖੜੀ ਬੋਲੀ** : ਅਜੋਕੀ ਹਿੰਦੀ ਭਾਸ਼ਾ ਖੜੀ ਬੋਲੀ ਦਾ ਵਿਕਸਤ ਰੂਪ ਹੈ। ਵਿਚਾਰ ਅਧੀਨ ਬਾਣੀ ਵਿਚ ਖੜੀ ਬੋਲੀ ਦਾ ਪ੍ਰਭਾਵ ਪ੍ਰਤੱਖ ਹੈ।

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ*

*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ।*

(ਆਦਿ ਗ੍ਰੰਥ, ਪੰਨਾ 487)

4.14.1.11 **ਰਵਿਦਾਸ ਬਾਣੀ ਤੇ ਪੰਜਾਬੀ ਦਾ ਪ੍ਰਭਾਵ**: ਰਵਿਦਾਸ ਬਾਣੀ ਉਪਰ ਪੰਜਾਬੀ ਭਾਸ਼ਾ ਦਾ ਪ੍ਰਭਾਵ ਸਪਸ਼ਟ ਹੈ। ਇਹ ਪ੍ਰਭਾਵ ਪੰਜਾਬੀ ਉਚਾਰਨ, ਪੰਜਾਬੀ ਰੂਪ, ਪੰਜਾਬੀ ਕ੍ਰਿਆਵਾਂ, ਸਬੰਧਕ ਤੇ ਕਾਰਕ ਅਤੇ ਪੰਜਾਬੀ ਪ੍ਰਧਾਨ ਸ਼ਬਦਾਵਲੀ ਵਿਚ ਨਜ਼ਰ ਆਉਂਦਾ ਹੈ।

4.14.1.11.1 **ਪੰਜਾਬੀ ਉਚਾਰਨ** : ਪੰਜਾਬੀ ਉਚਾਰਨ ਦੀ ਇਕ ਵਿਸ਼ੇਸ਼ਤਾ ਹੈ ਕਿ ਜਦੋਂ ਕਿਸੇ ਸ਼ਬਦ ਵਿਚੋਂ ਦੋ ਤੋਂ ਵੱਧ ਮਾਤਰਾਵਾਂ ਹੋਣ ਪਹਿਲੇ ਦੋਵੇਂ ਸਵਰ ਦੀਰਘ ਹੋਣ ਤਾਂ ਆਰੰਭਕ ਸਵਰ ਆਪਣੇ ਆਪ ਲਘੂ

ਹੋ ਜਾਂਦਾ ਹੈ। ਇਸੇ ਵਿਸ਼ੇਸ਼ਤਾ ਅਨੁਸਾਰ ਰਵਿਦਾਸ ਬਾਣੀ ਵਿਚ ਹੇਠ ਲਿਖਤ ਸ਼ਬਦ ਪਰਿਵਰਤਿਤ ਹੋ ਜਾਂਦੇ ਹਨ।

ਆਧਾਰ ਤੋਂ ਅਧਾਰ (**ਮੋਹਿ ਅਧਾਰ ਨਾਮ ਨਾਰਾਇਨ** (**ਆਦਿ ਗ੍ਰੰਥ, ਪੰਨਾ** 974)

ਆਨੰਦ ਤੋਂ ਅਨੰਦ (**ਤਾ ਕੇ ਸੇਵਕ ਜੋ ਸਦਾ ਅਨੰਦੁ** (**ਆਦਿ ਗ੍ਰੰਥ, ਪੰਨਾ** 875)

ਆਚਾਰੀਅਤ ਤੋਂ ਅਚਾਰੀਅਤ (**ਕਹੀਅਤ ਆਨ ਅਚਰੀਏਤ ਅਨ** (**ਪੰਨਾ** 658)

ਆਰਾਧਨਾ ਤੋਂ ਅਰਾਧਨਾ (**ਸਰੀਰੁ ਅਰਾਧੈ ਸੋ ਕਉ ਬੀਚਾਰੁ ਦੇਹੁ ਆਦਿ ਗ੍ਰੰਥ, ਪੰਨਾ** 93)

4.14.1.11.2 **ਪੰਜਾਬੀ ਰੂਪ**: ਪੰਜਾਬੀ ਵਿਚ ਚੰਦ੍ਰਮਾ ਲਈ ਚੰਦਾ ਤੇ ਚੰਨ ਸ਼ਬਦ ਪ੍ਰਚਲਿਤ ਹਨ। ਰਵਿਦਾਸ ਜੀ ਨੇ ਚੰਦ ਸ਼ਬਦ ਦੀ ਵਰਤੋਂ ਕੀਤੀ ਹੈ।

***ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ।***

**(ਆਦਿ ਗ੍ਰੰਥ, ਪੰਨਾ 658)**

ਨਾਉ ਵੀ ਪੰਜਾਬੀ ਦੀ ਠੇਠਤਾ ਦਾ ਸੂਚਕ ਹੈ।

**ਬੇਗਮਪੁਰਾ ਸਹਰ ਕੋ ਨਾਉ**

**(ਆਦਿ ਗ੍ਰੰਥ, ਪੰਨਾ 345)**

ਸੈਰ ਸ਼ਬਦ ਦੀ ਥਾਂ ਸੈਲ ਸ਼ਬਦ ਦਾ ਪ੍ਰਯੋਗ ਪੰਜਾਬ ਦੀ ਪੇਂਡੂ ਜਨਤਾ ਵਧੇਰੇ ਕਰਕੇ ਕਰਦੀ ਹੈ।

***ਤਿਉਂ ਤਿਉਂ ਸੈਲ ਕਰਹਿ ਜਿਉ ਭਾਵੈ।***

**(ਆਦਿ ਗ੍ਰੰਥ, ਪੰਨਾ 345)**

ਚਮਰਟਾ ਸ਼ਬਦ ਦੀ ਵਰਤੋਂ ਵੀ ਪੰਜਾਬੀ ਮੁਹਾਵਰੇ ਦੇ ਅਨੁਕੂਲ ਹੈ ਕਿਉਂਕਿ ਇਸ ਵਿਚ ਰਾਂਝੇ ਤੋਂ ਰੰਝੇਟਾ ਅਤੇ ਕੁੜਮ ਤੋਂ ਕੁੜਮੇਟਾ ਜਿਹੇ ਸ਼ਬਦ ਪਹਿਲਾਂ ਤੋਂ ਹੀ ਪ੍ਰਚਲਿਤ ਸਨ।

***ਚਮਰਟਾ ਗਾਂਠਿ ਨ ਜਨਈ।***

***ਲੋਗ ਗਠਾਵੈ ਪਨਹੀ।***

**(ਆਦਿ ਗ੍ਰੰਥ, ਪੰਨਾ 659)**

ਰਵਿਦਾਸ ਬਾਣੀ ਵਿਚ ਕਈ ਥਾਈਂ 'ਣ' ਸ਼ਬਦ ਦੇ ਅੰਤ ਵਿਚ ਠੀਕ ਪੰਜਾਬੀ ਵਾਂਗ ਪ੍ਰਯੋਗ ਹੋਇਆ ਹੈ ਜਿਵੇਂ

–***ਘਟ ਅਣਘਟ ਡੂਗਰ ਘਣਾ।*** *(ਆਦਿ ਗ੍ਰੰਥ, ਪੰਨਾ 345)*

–***ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ।*** *(ਆਦਿ ਗ੍ਰੰਥ, ਪੰਨਾ 486)*

–***ਪ੍ਰੇਮ ਭਗਤਿ ਕੇ ਕਾਰਣੈ।*** *(ਆਦਿ ਗ੍ਰੰਥ, ਪੰਨਾ 346)*

–***ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ*** *(ਆਦਿ ਗ੍ਰੰਥ, ਪੰਨਾ 346)*

ਉਪਰੋਕਤ ਸ਼ਬਦਾਂ ਤੋਂ ਬਿਨਾਂ ਪੰਜਾਬੀ ਰੰਗਣ ਵਾਲੇ ਹੋਰ ਕਈ ਸ਼ਬਦ ਇਸ ਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਵੇਂ ਇਉਂ, ਇਆਨਾ (ਇਆਣਾ), ਭੈ, ਛੋਤਿ, ਨਾਮਨਾ, ਪਰਚੈ, ਮਾਨੈ, ਫੋੜੇ, ਮਗਨਹਾਰ (ਮੰਗਣਹਾਰ) ਅਤੇ ਸਭੈ ਆਦਿ।

'ਰਲੀਆ ਮਨਾਉਣਾ' ਪੰਜਾਬੀ ਦਾ ਆਮ ਪ੍ਰਚਲਿਤ ਮੁਹਾਵਰਾ ਹੈ। 'ਕਹਨੁ ਨ ਆਇਆ' ਅਤੇ 'ਰਹਨੁ ਨ ਹੋਈ' ਵੀ ਇਸ ਦੇ ਸੁਭਾਅ ਅਨੁਕੂਲ ਹਨ।

4.14.1.11.3 **ਪੰਜਾਬੀ ਕਿਰਿਆਵਾਂ** : ਆਇਆ, ਬੀਚਾਰਿਆ, ਸਿਧਾਰਿਆ, ਲੂਟਿਆ, ਛੁਟਿਆ, ਬਿਮੋਹਿਇਆ ਪੀਆਇਆ ਅਤੇ ਲਾਦਿਆ। ਰਵਿਦਾਸ ਜੀ ਵੱਲੋਂ ਪ੍ਰਯੁਕਤ 'ਹੁੰਤਾ' ਸ਼ਬਦ ਵੀ ਹੁੰਦਾ ਦਾ ਪੁਰਾਣਾ ਰੂਪ ਹੈ। ਧਨਾਸਰੀ ਰਾਗ ਵਿਚ ਮੌਜੂਦ ਸ਼ਬਦ ਚਾਰੇ ਵੀ ਚਾੜ੍ਹੇ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਪੰਜਾਬੀ ਦੇ ਤਰਨਾ ਅਤੇ ਤਾਰਨਾ ਤੋਂ ਸ਼ਬਦ ਤਾਰੇ ਹੋਂਦ ਵਿਚ ਆਇਆ ਹੈ ਜਿਵੇਂ

*ਹੋਇ ਪੁਨੀਤ ਭਗਵਤ ਭਜਨ ਤੇ*

*ਆਪੁ ਤਾਰਿ ਤਾਰੇ ਕੁਲ ਦੋਇ।*

**(ਆਦਿ ਗ੍ਰੰਥ, ਪੰਨਾ 858)**

ਇਸ ਤੋਂ ਇਲਾਵਾ, ਜਾਨੀ ਜੈ, ਕਰੀਜੈ ਆਦਿ ਸ਼ਬਦ ਵੀ ਪੁਰਾਣੀ ਪੰਜਾਬੀ ਵਿਚ ਪ੍ਰਚਲਿਤ ਸਨ।

4.14.1.11.4 **ਪੰਜਾਬੀ ਸੰਬੰਧਤਕ ਤੇ ਕਾਰਕ** : ਰਵਿਦਾਸ ਬਾਣੀ ਵਿਚ ਪੰਜਾਬੀ ਦੇ ਕਈ ਸੰਬੰਧਕ ਅਤੇ ਕਾਰਕ ਵੀ ਪ੍ਰਯੁਕਤ ਹੋਏ ਹਨ। ਜਿਵੇਂ:

ਤ - ਤਾਂ ਲਈ

ਥਨਹੁ - ਥਣ ਤੋਂ

ਨੀਚਹੁ - ਨੀਚ ਤੋਂ

ਸਣੇ - ਨਾਲ

ਬਹੁਵਚਨ ਬਣਾਉਣ ਲਈ ਪੁਰਾਣੀ ਪੰਜਾਬੀ ਵਿਚ ਈਂ/ਈ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਬਾਣੀ ਵਿਚ ਬਹੁਤੇ ਜੱਗਾਂ ਲਈ ਜੱਗੀ ਸ਼ਬਦ ਦਾ ਪ੍ਰਯੋਗ ਇਸ ਦੀ ਪੁਸ਼ਟੀ ਕਰਦਾ ਹੈ। ਜਿਵੇਂ

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।**

**(ਆਦਿ ਗ੍ਰੰਥ, ਪੰਨਾ 346)**

ਰਾਤੀ - ਰਾਤ ਨੂੰ, ਸ੍ਰਵਨੀ - ਸ੍ਰਵਨਾਂ ਨਾਲ ਬੋਧਕ ਹੈ। ਇਸੇ ਤਰ੍ਹਾਂ 'ਮੇਰੇ ਰਮਈਏ ਰੰਗ ਮਜੀਠ ਕਾ' ਵਿਚ 'ਰਮਈਏ ਦਾ' ਦੇ ਅਰਥਾਂ ਵਿਚ ਲਿਖਿਆ ਗਿਆ ਹੈ।

4.14.1.11.5 **ਪੰਜਾਬੀ-ਪ੍ਰਧਾਨ ਸ਼ਬਦਾਵਲੀ ਵਾਲੇ ਸ਼ਬਦਾਂ ਦੀ ਉਦਾਹਰਨ** :

*- ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ*

*ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ।*

*ਕਹੈ ਰਵਿਦਾਸੁ ਇਕ ਬੇਨਤੀ ਹਰ ਸਿਉ*

*ਪੈਜ ਰਾਖਹੁ ਰਾਮ ਮੇਰੀ।*

*ਕਹਿ ਰਵਿਦਾਸ ਆਸ ਅਗਿ ਜੀਵਉ,*

*ਚਿਰ ਭਇਉ ਦਰਸਨੁ ਦੇਖੇ।*

**(ਆਦਿ ਗ੍ਰੰਥ, ਪੰਨਾ 694)**

ਰਵਿਦਾਸ ਜੀ ਨੇ ਆਪਣੇ ਸ਼ਬਦ ਵਿਚ 'ਚਉਤੀਸ' ਅੱਖਰ ਦਾ ਹਵਾਲਾ ਦਿੱਤਾ ਹੈ ਜਿਹੜਾ ਪੰਜਾਬੀ ਵਰਣਮਾਲਾ ਵੱਲ ਸੰਕੇਤ ਕਰਦਾ ਹੈ।

*ਨਾਨਾ ਖਿਆਨ ਪੁਰਾਨ ਬੇਦ ਬਿਧਿ*

*ਚਉਤੀਸ ਅਖਰਾ ਮਾਹੀਂ।।*

**(ਆਦਿ ਗ੍ਰੰਥ, ਪੰਨਾ 658)**

ਪਰੰਤੂ ਚੌਂਤੀ ਅੱਖਰਾਂ ਦੇ ਨਾਲ ਪੰਜਾਬੀ ਦਾ ਪੈਂਤੀਵਾਂ ਅੱਖਰ 'ੜ' ਪ੍ਰਯੋਗ ਵੀ ਉਨ੍ਹਾਂ ਕੀਤਾ ਹੈ।

***ਹਾਡ ਮਾਸ ਨਾੜੀ ਕੋ ਪਿੰਜੁਰ, ਪੰਖੀ ਬਸੈ ਬਿਚਾਰਾ।।***

**(ਆਦਿ ਗ੍ਰੰਥ, ਪੰਨਾ 659)**

ਰਵਿਦਾਸ ਬਾਣੀ ਵਿਚ ਕਈ ਥਾਵਾਂ ਤੇ ਇਕ ਸ਼ਬਦ ਦੇ ਕਈ ਰੂਪ ਵੀ ਦਿਖਦੇ ਹਨ। ਜਿਵੇਂ:

ਅਉਰ – ਅਵਰ

ਅਜਹੂ – ਅਜੋ

ਕਾਰਣੈ – ਕਾਰਨੇ

ਕਵਨ – ਕਉਨ

4.14.1.12 **ਰਵਿਦਾਸ ਬਾਣੀ ਵਿਚ ਸ਼ਬਦਾਂ ਦੇ ਪੁਰਾਣੇ ਰੂਪ** : ਰਵਿਦਾਸ ਬਾਣੀ ਵਿਚ ਕੁੱਝ ਅਜਿਹੇ ਸ਼ਬਦ ਹਨ ਜੋ ਸਮਕਾਲੀ ਸੰਤ ਭਾਸ਼ਾ ਦੇ ਅਨਿਖੜ ਅੰਗ ਤਾਂ ਹਨ ਪਰ ਅਜੋਕੀ ਸਾਹਿਤਕ ਭਾਸ਼ਾ ਵਿਚ ਪ੍ਰਚਲਿਤ ਨਹੀਂ। ਜਿਵੇਂ :

ਓਛਾ (ਨੀਵਾਂ) ਸਟੈ (ਬਦਲੇ/ਵੱਟੇ) ਸਾਢੈ (ਸੰਵਾਰਨ) ਕੁਟਬਾਂਢਲਾ (ਚੰਮ ਕੱਟਣ ਤੇ ਵਢੱਣ ਵਾਲਾ) ਡੇਗੀ (ਵਿੰਗੀ) ਤਾਂਸ (ਉਹ ਪ੍ਰਭੂ) ਨਤ (ਭਾਂਵੇ) ਪਨਹੀ (ਜੁੱਤੀ) ਪਤੀਆਰੁ (ਪਰਤਣਾ) ਪਾਤਿ (ਕੁਲ) ਫੇੜੇ (ਮਾੜੇ ਕਰਮਾਂ) ਅਤੇ ਬਿਸੇਖ (ਵਿਸ਼ੇਸ਼) ਆਦਿ ।

ਸੰਤ ਭਾਸ਼ਾ ਦੇ ਪ੍ਰਭਾਵ ਵਾਲੇ ਕੁਝ ਸ਼ਬਦ ਵੀ ਇਸ ਤਰਾਂ ਹਨ

– *ਤੁਮ ਚੰਦਨ ਹਮ ਇਰੰਡ ਬਾਪੁਰੇ।*

*ਸੰਗਿ ਤੁਮਾਰੇ ਬਾਸਾ।।*

*ਨੀਚ ਰੂਖ ਤੇ ਊਚ ਭਏ ਹੈ*

*ਗੰਧ ਸੁੰਗਧ ਨਿਵਾਸਾ ।।*

**(ਆਦਿ ਗ੍ਰੰਥ, ਪੰਨਾ 486)**

ਅਤੇ

*– ਐਸੀ ਲਾਲ ਤੁਝ ਬਿਨੁ ਕਉਨ ਕਰੇ ।*

*ਗਰੀਬ ਨਿਵਾਜੁ ਗੁਸਈਆ ਮੇਰਾ*

*ਮਾਥੈ ਛਤ੍ਰ ਧਰੈ ॥*

**(ਆਦਿ ਗ੍ਰੰਥ, ਪੰਨਾ 1106)**

4.14.1.13 **ਨਵੇਂ ਸ਼ਬਦਾ ਦਾ ਨਿਰਮਾਣ** : ਅਸੋਚ, ਅਬੋਲ, ਅਚੇਤ, ਅਚਰੀਅਤ, ਅਜਾਤੁ, ਆਲਜੁ, ਅਜਾਨ, ਸੁਜਸ, ਕਹੀਅਤ ਅਤੇ ਚਮਰਟਾ, ਢੋਵੰਤਾ ਤੇ ਤਨੈ।

4.14.1.14 **ਮੁਹਾਵਰੇ ਅਤੇ ਅਖਾਣ** : ਆਲ ਪਤਾਲੁ ਲਿਖਣਾ, ਸੋ ਕਤ ਜਾਨੈ ਪੀਰ ਪਰਾਈ, ਜਾ ਕੇ ਅੰਤਰਿ ਦਰਦੁ ਨ ਪਾਈ, ਹੱਟੀ ਉਠਣੀ, ਹਾਟ ਚਲਾਉਣਾ, ਹੱਥ ਤੋ ਨੇੜੇ, ਕੂਚ ਕਰਨਾ, ਕਾਂ ਲਾਉਣਾ, ਗਰਬ ਕਰਨਾ, ਡੰਡ ਲੱਗਣਾ, ਬਿਪਤ ਹਰਨੀ, ਮੈਲੇ ਕਪੱੜੇ ਧੋਣੇ, ਮੱਥੇ ਛਤਰ ਧਰਨਾ, ਮਿੱਟੀ 'ਚ ਰਲਣਾ, ਮਜੀਠੀ ਰੰਗ ਵੀ ਰੰਗਣਾ ਆਦਿ।

4.14.2 **ਗੁਰੂ ਰਵਿਦਾਸ ਬਾਣੀ ਦੀ ਸ਼ੈਲੀ** : ਗੁਰੂ ਰਵਿਦਾਸ ਜੀ ਆਪਣੀ ਇਕ ਵਿਲੱਖਣ ਸ਼ੈਲੀ ਹੈ, ਜੋ ਸਾਦਗੀ, ਸੰਜਮਤਾ, ਰਵਾਨੀ ਤੇ ਤਾਜ਼ਗੀ ਨਾਲ ਭਰਪੂਰ ਹੈ। ਗੁਰੂ ਜੀ ਨੇ ਬਹੁਤੇ ਥਾਂਈ ਕੁੱਜੇ ਵਿਚ ਸਮੁੰਦਰ ਭਰਨ ਦਾ ਕੰਮ ਕੀਤਾ ਹੈ। ਜਿਵੇਂ

*ਪ੍ਰਾਨੀ ਕਿਆ ਮੇਰਾ ਕਿਆ ਤੇਰਾ*

*ਜੈਸੇ ਤਰਵਰ ਪੰਖਿ ਬਸੇਰਾ।*

**(ਆਦਿ ਗ੍ਰੰਥ, ਪੰਨਾ 659)**

ਇਸੇ ਕਾਰਨ ਉਨ੍ਹਾਂ ਦੀ ਸ਼ੈਲੀ ਸੂਤਰਕ ਸ਼ੈਲੀ ਵੀ ਕਹੀ ਜਾ ਸਕਦੀ ਹੈ। ਕਿਉਂਕਿ ਇਸ ਦੀਆਂ ਕਈ ਤੁਕਾਂ ਸੂਤਰਾਂ ਵਾਂਗ ਆਮ ਜਨਤਾ ਵਿਚ ਲੋਕਪ੍ਰਿਯ ਹਨ। ਜਿਵੇਂ

*– ਮੇਰਾ ਟਾਂਡਾ ਲਾਦਿਆ ਜਾਇ ਰੇ।*

*– ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।*

*– ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰ।*

*– ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰੁ।*

*– ਪਾਰੁ ਕੈਸੇ ਪਾਇਬੋ ਰੇ।*

ਉਨ੍ਹਾਂ ਦੀ ਸ਼ੈਲੀ ਅੰਲਕਾਰਿਕ ਹੈ ਅਤੇ ਬਿੰਬਾ ਨਾਲ ਸਜੀ ਹੋਈ ਹੈ। ਇਸ ਵਿਚ ਗੁਰੂ ਜੀ ਨੇ ਅਨੇਕਾਂ ਅਲੰਕਾਰ ਮੋਤੀਆਂ ਵਾਂਗ ਜੜੇ ਹਨ, ਜਿਸ ਨਾਲ ਉਨ੍ਹਾਂ ਦੀ ਸ਼ੈਲੀ ਬਿੰਬਾਤਮਕ, ਅੰਲਕਾਰਿਕ ਤੇ ਨਾਲ ਹੀ ਇਸ ਵਿਚ ਵਰਤੇ ਗਏ ਪ੍ਰਤੀਕਾਂ ਰਾਹੀਂ ਪ੍ਰਤੀਕਾਮਕ ਵੀ ਹੋ ਨਿਬੜਦੀ ਹੈ।

4.14.3 **ਅੰਲਕਾਰਕ ਬਾਣੀ** : ਰਵਿਦਾਸ ਬਾਣੀ ਵਿਚ ਕਈ ਥਾਈਂ ਸ਼ਬਦ ਅਲੰਕਾਰ, ਅਰਥ ਅਲੰਕਾਰ, ਸ਼ਬਦਾਰਥ ਅਲੰਕਾਰ ਜਿਵੇਂ ਦ੍ਰਿਸ਼ਟਾਂਤ ਅਲੰਕਾਰ, ਉਦਾਹਰਨ ਅੰਲਕਾਰ, ਪ੍ਰਸ਼ਨੋਤਰ ਅੰਲਕਾਰ, ਅਨੁਪ੍ਰਾਸ

ਅੰਲਕਾਰ, ਵੀਪਸਾ ਅੰਲਕਾਰ, ਸਮ ਅਲੰਕਾਰ ਅਤੇ ਤਦਗੁਣ ਅਲੰਕਾਰ ਵਰਤੇ ਗਏ ਹਨ।

4.14.3.1 **ਰੂਪਕ ਅੰਲਕਾਰ** :

*– ਜਉ ਤੁਮ ਗਿਰਿਵਰ ਤਉ ਹਮ ਮੋਰਾ*

*– ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ*

---------------------------

*– ਜਉ ਤੁਮ ਦੀਵਰਾ ਤਉ ਹਮ ਬਾਤੀ।*

*– ਜਉ ਤੁਮ ਤੀਰਥ ਤਉ ਹਮ ਜਾਤੀ।*

(ਆਦਿ ਗ੍ਰੰਥ, ਪੰਨਾ 659)

ਅਤੇ

*ਘਟ ਅਵਘਟ ਡੂਗਰ ਘਣਾ,*
*ਇਕ ਨਿਰਗੁਣ ਬੈਲ ਹਮਾਰ।*
*ਰਮਈਏ ਸਿਉ ਇਕ ਬੇਨਤੀ,*
*ਮੇਰੀ ਪੂੰਜੀ ਰਾਖੁ ਮੁਰਾਰਿ॥*

(ਆਦਿ ਗ੍ਰੰਥ, ਪੰਨਾ 136)

4.14.3.2 **ਦ੍ਰਿਸ਼ਟਾਂਤ ਅੰਲਕਾਰ** :

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂ ਹੀ ਮੈ ਨਾਹੀ।*
*ਅਨਲ ਅਗਮ ਜੈਸੇ ਲਹਿਰ ਮਾਇ ਓਦਧਿ*
*ਜਲ ਕੇਵਲ ਜਲ ਮਾਹੀ।*

(ਆਦਿ ਗ੍ਰੰਥ, ਪੰਨਾ 657)

ਅਤੇ

*ਕੋ ਬਨਜਾਰੋ ਰਾਮ ਕੋ*
*ਮੇਰਾ ਟਾਂਡਾ ਲਾਦਿਆ ਜਾਇ ਰੇ॥*

(ਆਦਿ ਗ੍ਰੰਥ, ਪੰਨਾ 346)

4.14.3.3 **ਤਦਗੁਣ ਅੰਲਕਾਰ** : ਸੰਗਤ ਦਾ ਮਹੱਤਵ ਪ੍ਰਤਿਪਾਦਨ ਕਰਦੇ ਹੋਏ ਰਵਿਦਾਸ ਬਾਣੀ ਵਿਚ ਤਦਗੁਣ ਅੰਲਕਾਰ ਦਿਖਾਈ ਦਿੰਦਾ ਹੈ।

*– ਤੁਮ ਚੰਦਨ ਹਮ ਇੰਰਡ ਬਾਪੁਰੇ*
*ਸੰਗਿ ਤੁਮਾਰੇ ਬਾਸਾ।*
*ਨੀਚ ਰੁਖ ਤੇ ਉਚ ਭਏ ਹੈ*
*ਗੰਧ ਸੁੰਗਧ ਨਿਵਾਸਾ।*

(ਆਦਿ ਗ੍ਰੰਥ, ਪਨੰਾ 486)

4.14.3.4 **ਉਦਾਹਰਨ ਅੰਲਕਾਰ** : ਰਵਿਦਾਸ ਬਾਣੀ ਵਿਚ ਕਈ ਥਾਂਈ ਅਸਮਾਨ ਧਰਮ ਵਾਲੇ ਉਪਮੇਯ ਅਤੇ ਉਪਮਾਨ ਜਿਹੇ ਦੋ ਵਾਕਾਂ ਵਿਚ ਵਾਚਕ ਸ਼ਬਦਾਂ ਰਾਹੀਂ ਸਮਾਨਤਾ ਵਿਖਾ ਕੇ ਉਦਾਹਰਨ ਅਲੰਕਾਰ ਦੀ ਵਰਤੋ ਕੀਤੀ ਗਈ ਹੈ।

*– ਮ੍ਰਿਗ ਮੀਨ ਭ੍ਰਿੰਗ ਪੰਤਗ ਕੁਚੰਰ,*

*ਏਕ ਦੋਖ ਬਿਨਾਸ।।*

*ਪੰਚ ਦੋਖ ਅਸਾਧ ਜਾ ਮਹਿ,*

*ਤਾ ਕੀ ਕੇਤਕ ਆਸ।।*

(ਆਦਿ ਗ੍ਰੰਥ, ਪਨੰਾ 486)

4.14.3.5 **ਅਨੁਪ੍ਰਾਸ ਅਲੰਕਾਰ** : ਵਰਣਾਂ ਦੇ ਦੁਹਰਾਉ ਰਾਹੀਂ ਰਵਿਦਾਸ ਬਾਣੀ ਵਿਚ ਸੰਗੀਤਕ ਲੈਅ ਪੈਦਾ ਕੀਤੀ ਗਈ ਹੈ ਅਤੇ ਇਸ ਕਿਸਮ ਦੇ ਅੰਲਕਾਰ ਨੂੰ ਕਾਵਿ ਸ਼ਾਸ਼ਤਰੀ ਭਾਸ਼ਾ ਵਿਚ ਅਨੁਪ੍ਰਾਸ ਅਲੰਕਾਰ ਕਿਹਾ ਜਾਦਾਂ ਹੈ।

*ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ,*

*ਹਰਿ ਸਿਮਰਤ ਜਨ ਗਏ ਨਿਸ ਤਰਿ ਤਰੈ।।*

(ਆਦਿ ਗ੍ਰੰਥ, ਪੰਨਾ 487)

4.14.3.6 **ਪ੍ਰਸ਼ਨੋਤਰੀ ਅਲੰਕਾਰ** :

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ*

*ਕਨਕ ਕਟਕ ਜਲ ਤਰੰਗ ਜੈਸਾ*

(ਆਦਿ ਗ੍ਰੰਥ, ਪੰਨਾ 93)

4.14.3.7 **ਲੋਕੋਕਤੀ ਅਲੰਕਾਰ** :

*ਚਮਰਟਾ ਗਾਂਠਿ ਨ ਜਨਈ,*

*ਲੋਗੁ ਗਠਾਵੈ ਪਨਹੀ।।*

(ਆਦਿ ਗ੍ਰੰਥ, ਪੰਨਾ 659)

4.14.3.8 **ਪੁਨਰੋਕਤੀ ਅਲੰਕਾਰ** :

*ਮੁੰਕਦ ਮੁੰਕਦ ਜਪਹੁ ਸੰਸਾਰ।।*

*ਬਿਨੁ ਮੁਕੰਦ ਤਨੁ ਹੋਇ ਅਉਹਾਰ।।*

*ਸੋਈ ਮੁੰਕਦ ਮੁਕਤਿ ਕਾ ਦਾਤਾ।।*

*ਸੋਈ ਮੁੰਕਦ ਹਮਰਾ ਪਿਤਾ ਮਾਤਾ ।।*

*ਜੀਵਤ ਮੁੰਕਦ ਮਰਤ ਮੁੰਕਦ।।*

*ਤਾਕੇ ਸੇਵਕ ਕਉ ਸਦਾ ਅਨੰਦ ।।*

(ਆਦਿ ਗ੍ਰੰਥ, ਪੰਨਾ 875)

4.14.3.9 ਉਪਮਾ ਅਲੰਕਾਰ :

*ਪ੍ਰਾਣੀ ਕਿਆ ਮੇਰਾ ਕਿਆ ਤੇਰਾ,*
*ਜੈਸੇ ਤਰਵਰ ਪੰਖਿ ਬਸੇਰਾ।*

(ਆਦਿ ਗ੍ਰੰਥ, ਪੰਨਾ 659)

ਅਤੇ

*ਇਹ ਤਨੁ ਜੈਸੇ ਘਾਸ ਕੀ ਟਾਟੀ,*
*ਜਲਿ ਗਇਓ ਗਾਸੁ, ਰਲਿ ਗਇਓ ਮਾਟੀ।*

(ਆਦਿ ਗ੍ਰੰਥ, ਪੰਨਾ 794)

4.14.3.10 ਵਕ੍ਰੋਕਤੀ ਅਲੰਕਾਰ :

*ਤੁਝਹਿ ਸੁਝੰਤਾ ਕਛੂ ਨਾਹਿ ॥*
*ਪਹਿਰਾਵਾ ਦੇਖੇ ਊਭਿ ਜਾਹਿ ॥*
*ਗਰਬਵਤੀ ਕਾ ਨਾਹੀ ਠਾਉ ॥*
*ਤੇਰੀ ਗਰਦਨਿ ਊਪਰਿ ਲਵੈ ਕਾਉ॥*

(ਆਦਿ ਗ੍ਰੰਥ, ਪੰਨਾ 1196)

4.14.3.11 ਸਮ-ਅਲੰਕਾਰ :

*- ਜਉ ਹਮ ਬਾਂਧੇ ਮੋਹ ਫਾਸ*
*ਹਮ ਪ੍ਰੇਮ ਬਸਨਿ ਤੁਮ ਬਾਧੇ*
*ਅਪਨੇ ਛੂਟਨ ਕੋ ਜਤਨਿ ਕਰਹੁ*
*ਹਮ ਛੂਟੇ ਤੁਮ ਅਰਾਧੈ।*

(ਆਦਿ ਗ੍ਰੰਥ, ਪਨੰਾ 658)

4.14.3.12 ਵੀਪਸਾ ਅਲੰਕਾਰ :

*-ਉਹ ਤਉ ਭੂਤੁ ਭੂਤੁ ਕਰਿ ਭਾਗਿ*

*(ਆਦਿ ਗ੍ਰੰਥ, ਪੰਨਾ 794)*

*-ਪਲੁ ਪਲੁ ਹਰਿ ਜੀ ਤੇ ਅੰਤਰ ਪਾਰਿਓ*

*(ਆਦਿ ਗ੍ਰੰਥ, ਪੰਨਾ 710)*

*-ਜਹ ਜਹ ਜਾਉ ਤਹਾ ਤੇਰੀ ਸੇਵਾ*

*(ਆਦਿ ਗ੍ਰੰਥ ਪੰਨਾ 659)*

4.14.4 **ਰਵਿਦਾਸ ਬਾਣੀ ਵਿਚ ਬਿੰਬ ਵਿਧਾਨ** : ਰਵਿਦਾਸ ਬਾਣੀ ਵਿਚ ਪੰਜੋ ਗਿਆਨ ਇੰਦਰੀਆਂ ਨਾਲ ਜੁੜੇ ਪੰਜੋ ਬਿੰਬਾਂ ਦਾ ਇਸਤੇਮਾਲ ਹੋਇਆ ਹੈ।

4.14.4.1 **ਦ੍ਰਿਸ਼ ਬਿੰਬ** :

*ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।*

*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।*

*ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।*

*ਅਨਿਕ ਕਟਿਕ ਜੈਸੇ ਭੂਲਿ ਪਰੇ ਅਬ ਕਰਤੇ ਕਹਨ ਨ ਆਇਆ।*

**(ਆਦਿ ਗ੍ਰੰਥ, ਪਨੰਾ 658)**

4.14.4.2 **ਗੰਧ ਬਿੰਬ** :

*ਧੂਪ ਦੀਪ ਨਈਬੇਦਹਿ ਬਾਸਾ॥*
*ਕੈਸੇ ਪੂਜ ਕਰਹਿ ਤੇਰਾ ਦਾਸਾ॥*

*(ਆਦਿ ਗ੍ਰੰਥ, ਪੰਨਾ 525)*

4.14.4.3 **ਸਪਰਸ਼ ਬਿੰਬ**

*ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ*
*ਪਰਮ ਪਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ।*

**(ਆਦਿ ਗ੍ਰੰਥ, ਪੰਨਾ 346)**

4.14.4.4 **ਰਸ ਬਿੰਬ** :

*ਜਿਨਿ ਪੀਆ ਸਾਰ ਰਸੁ ਤਜੇ ਆਨ*
*ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ*

**(ਆਦਿ ਗ੍ਰੰਥ, ਪੰਨਾ 858)**

4.14.4.5 **ਨਾਦ ਬਿੰਬ** :

*ਫੇੜੇ ਕਾ ਦੁਖੁ ਸਹੇ ਜੀਉ।*

*ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ।*

**(ਆਦਿ ਗ੍ਰੰਥ, ਪੰਨਾ 1196)**

4.14.5 **ਰਵਿਦਾਸ ਬਾਣੀ ਵਿਚ ਵਰਤੇ ਬਿੰਬਾਂ ਦੇ ਸਰੋਤ**: ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਵਰਤੇ ਇਹ ਬਿੰਬ ਸਰੋਤ ਪੱਖੋਂ ਵਿਭਿੰਨ ਖੇਤਰਾਂ ਵਿਚੋਂ ਲਏ ਹਨ ਜਿਸ ਨਾਲ ਉਨ੍ਹਾਂ ਦੀ ਬਿੰਬ ਸਮੱਗਰੀ ਵਿਚ ਭਿੰਨਤਾ ਤੇ ਵਿਸ਼ਾਲਤਾ ਆ ਗਈ ਹੈ। ਇਹ ਖੇਤਰ ਮੁੱਖ ਤੌਰ ਤੇ ਚਾਰ ਵਰਗਾਂ ਵਿਚ ਵੰਡੇ ਜਾ ਸਕਦੇ ਹਨ।

4.14.5.1 **ਪ੍ਰਕਿਰਤੀ ਆਧਾਰਿਤ ਬਿੰਬ।**

4.14.5.2 **ਜੀਵਨ ਆਧਾਰਿਤ ਬਿੰਬ।**

4.14.5.3 **ਇਤਿਹਾਸਿਕ ਮਿਥਿਹਾਸਿਕ ਬਿੰਬ।**

4.14.5.4 **ਲੋਕ ਵਿਸ਼ਵਾਸ ਆਧਾਰਿਤ ਬਿੰਬ।**

4.14.5.1 **ਪ੍ਰਕਿਰਤੀ ਆਧਾਰਿਤ ਬਿੰਬ**:- ਗੁਰੂ ਰਵਿਦਾਸ ਜੀ ਨੇ ਪ੍ਰਕਿਰਤੀ ਨਾਲ ਆਪਣੇ ਅਥਾਹ ਮੋਹ ਦਾ ਪ੍ਰਗਟਾਅ ਕਰਦਿਆਂ ਪ੍ਰਕਿਰਤੀ ਦੇ ਅਨੰਤ ਭੰਡਾਰ ਵਿਚੋਂ ਬਨਸਪਤੀ, ਪਰਬਤ, ਸਮੁੰਦਰ, ਸੂਰਜ, ਪਸ਼ੂ, ਚੰਦਰਮਾ, ਜੀਵ-ਜੰਤੂ ਜਿਵੇਂ ਅਨੇਕ ਬਿੰਬ ਸਿਰਜੇ ਹਨ। ਇਹ ਬਿੰਬ ਅੱਗੋਂ ਦੋ ਭਾਗਾਂ ਵਿਚ ਵੰਡੇ ਜਾ ਸਕਦੇ ਹਨ:

4.14.5.1.1 **ਬਨਸਪਤੀ ਆਧਾਰਿਤ ਬਿੰਬ** :- ਫੁੱਲ, ਫਲ, ਰੁੱਖ ਆਦਿ ਨਾਲ ਜੁੜੇ ਕਾਵਿ-ਬਿੰਬਾਂ ਦੁਆਰਾ ਗੁਰੂ ਰਵਿਦਾਸ ਜੀ ਨੇ ਆਪਦੀ ਬਾਣੀ ਨੂੰ ਸੁੰਦਰ ਬਣਾਇਆ ਹੈ। ਜਿਵੇਂ:

***-ਫਲ ਕਾਰਨ ਫੂਲੀ ਬਨਰਾਇ,***

***ਫਲੁ ਲਾਗਾ ਤਬ ਫੂਲੁ ਬਿਲਾਇ॥***

**(ਆਦਿ ਗ੍ਰੰਥ, ਪੰਨਾ 1167)**

ਕਸੁੰਭੜਾ, ਉਸਦਾ ਮਜੀਠ ਰੰਗ, ਮੀਂਹ ਪੈਣ ਮਗਰੋਂ ਉਗਦੀ ਖੁੰਬ ਵੀ ਉਨ੍ਹਾਂ ਦੀ ਬਨਸਪਤੀ ਆਧਾਰਿਤ ਬਿੰਬਾਂ ਵਿਚ ਸ਼ਾਮਲ ਹਨ।

4.14.5.1.2 **ਪਰਬਤ, ਸਮੁੰਦਰ ਤੇ ਜਲ ਜੀਵ ਆਧਾਰਿਤ ਬਿੰਬ** : ਪਰਬਤ ਦੀ ਉਚਾਈ, ਸੁੰਦਰਤਾ ਅਤੇ ਵਿਸ਼ਾਲਤਾ, ਜਲ ਮਛਲੀ, ਜੀਵ ਜੰਤੂ ਵਿਚ ਸੱਪ, ਡੱਡੂ, ਪੰਛੀ, ਮੋਰ, ਚਕੋਰ, ਮ੍ਰਿਗ, ਮੱਛੀ, ਭੌਰਾ, ਪਤੰਗਾ ਅਤੇ ਹਾਥੀ ਉਨ੍ਹਾਂ ਦੀ ਬਾਣੀ ਵਿਚ ਬਿੰਬ ਪੇਸ਼ ਹੋਏ ਹਨ।

***-ਜਉ ਤੁਮ ਗਿਰਿਵਰ ਤਉ ਹਮ ਮੋਰਾ***

**(ਆਦਿ ਗ੍ਰੰਥ, ਪੰਨਾ 658)**

***ਮੀਨੁ ਪਕਰਿ ਫਾਂਕਿਓ ਅਰੁ ਕਾਟਿਓ,***

***ਰਾਂਧਿ ਕੀਓ ਬਹੁ ਬਾਨੀ।***

**(ਆਦਿ ਗ੍ਰੰਥ, ਪੰਨਾ 658)**

***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ,***

***ਅਬ ਕਛੁ ਮਰਮੁ ਜਨਾਇਆ।***

**(ਆਦਿ ਗ੍ਰੰਥ, ਪੰਨਾ 657)**

4.14.5.2 **ਜੀਵਨ ਖੇਤਰ ਵਿਚੋਂ ਲਏ ਬਿੰਬ**: ਗੁਰੂ ਰਵਿਦਾਸ ਜੀ ਨੇ ਜੀਵਨ ਖੇਤਰ ਵਿਚੋਂ ਬਾਜੀਗਰ, ਉਨ੍ਹਾਂ ਦੀ ਬਾਜੀ ਦਿਖਾਉਣ ਦੀ ਕਲਾ, ਗਰੀਬ ਲੋਕਾਂ ਵੱਲੋਂ ਘਾਹ ਦੀ ਛਪਰੀ ਅਤੇ ਅਮੀਰ ਲੋਕਾਂ ਵੱਲੋਂ ਵੱਡੇ ਵੱਡੇ ਮਹੱਲ ਬਨਾਉਣ ਦਾ ਜ਼ਿਕਰ, ਨੀਵੀਂ ਜਾਤ ਅਤੇ ਦਲਿਤ ਪਰਿਵਾਰ ਦੀ ਸਮਾਜਿਕ ਸਥਿਤੀ ਨਾਲ ਜੁੜੇ ਕਈ ਬਿੰਬ ਸਿਰਜੇ ਹਨ।

***ਊਚੇ ਮੰਦਰ ਸਾਲ ਰਸੋਈ, ਏਕ ਘਰੀ ਫੁਨਿ ਰਹਨੁ ਨ ਹੋਈ***

**(ਆਦਿ ਗ੍ਰੰਥ, ਪੰਨਾ 794)**

*ਕਹਿ ਰਵਿਦਾਸੁ ਬਾਜੀ ਜਮੁ ਭਾਈ,*

*ਬਾਜੀਗਰ ਸਉ ਮੋਹਿ ਪ੍ਰੀਤ ਬਨਿ ਆਇ।*

**(ਆਦਿ ਗ੍ਰੰਥ, ਪੰਨਾ 487)**

4.14.5.3 **ਇਤਿਹਾਸਿਕ ਮਿਥਿਹਾਸਿਕ ਬਿੰਬ:**– ਇਤਿਹਾਸਿਕ ਬਿੰਬਾਂ ਵਿਚ ਕਬੀਰ, ਨਾਮਦੇਵ, ਤ੍ਰਿਲੋਚਨ, ਸਧਨਾ ਤੇ ਸੈਨ ਵਰਗੇ ਭਗਤਾਂ ਦਾ ਜ਼ਿਕਰ ਮਿਲਦਾ ਹੈ।

*ਹਰਿ ਕੇ ਨਾਮ ਕਬੀਰ ਉਜਾਗਰ।*

*ਜਨਮ ਜਨਮ ਕੇ ਕਾਟੇ ਕਾਗਰ।*

**(ਆਦਿ ਗ੍ਰੰਥ, ਪੰਨਾ 487)**

*ਨਾਮਦੇਵ ਕਬੀਰੁ, ਤ੍ਰਿਲੋਚਨੁ, ਸਧਨਾ, ਸੈਨੁ ਤਰੈ।*

*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।*

**(ਆਦਿ ਗ੍ਰੰਥ, ਪੰਨਾ 1106)**

ਮਿਥਿਹਾਸਿਕ ਬਿੰਬਾਂ ਵਿਚ ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ ਲੰਕਾ, ਦਹਿਸਰ, ਬਿਭੀਖਨ, ਬਾਲਮੀਕਿ, ਅਜਾਮਲ, ਪਿੰਗਲਾ, ਗੌਤਮ ਨਾਰੀ, ਮਾਧਵ, ਮੁਰਾਰਿ, ਜਮ, ਗੋਬਿੰਦ, ਇੰਦਰ, ਉਮਾਪਤਿ ਸਵਾਮੀ, ਰਘੁਨਾਥ ਅਤੇ ਪੁਸਰਾਤ।

*ਰਾਮ ਗੁਸਈਆ ਜੀਅਕੇ ਜੀਵਨਾ।*

**(ਆਦਿ ਗ੍ਰੰਥ, ਪੰਨਾ 345)**

*ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।*

**(ਆਦਿ ਗ੍ਰੰਥ, ਪੰਨਾ 346)**

4.14.5.4 **ਲੋਕ ਵਿਸ਼ਵਾਸ ਆਧਾਰਿਤ ਬਿੰਬ** : ਲੋਕਵਿਸ਼ਵਾਸ ਆਧਾਰਿਤ ਬਿੰਬ ਜਿਵੇਂ ਅਠਾਰਹ ਤੀਰਥਾਂ ਦਾ ਇਸ਼ਨਾਨ, ਭੂਮੀਦਾਨ, ਇਸਤਰੀ ਦਾਨ, ਸ਼ਿਲਾ ਦੀ ਪੂਜਾ, ਮੁਸਲਮਾਨਾਂ ਵਿਚ ਈਦ ਤੇ ਬਕਰੀਰ ਨੂੰ ਗਊਆਂ ਨੂੰ ਮਾਰਨਾ, ਸ਼ੇਖਾਂ, ਸ਼ਹੀਦਾਂ ਤੇ ਪੀਰਾਂ ਨੂੰ ਮੰਨਣਾ ਆਦਿ ਦਾ ਵੀ ਜ਼ਿਕਰ ਹੈ।

*ਜਾਕੈ ਈਦ ਬਕਰੀਦ ਕੁਲ ਗਊ ਰੇ ਬਧੁ।*

*ਕਰਹਿ ਮਾਨੀਅਹਿ ਸੇਖ ਸਹੀਦ ਪੀਰ।।*

**(ਆਦਿ ਗ੍ਰੰਥ, ਪੰਨਾ 1293)**

*ਜੇ ਓਹ ਅਠਸਠਿ ਤੀਰਥ ਨ੍ਹਾਵੈ,*
*ਜੇ ਓਹ ਦੁਆਦਸ ਸਿਲਾ ਪੁਜਾਵੈ,*
*ਜੇ ਓਹ ਕੂਪ ਤਟਾ ਦੇਵਾਵੈ,*
*ਕਰੈ ਨਿੰਦਾ ਸਭ ਬਿਰਥਾ ਜਾਵੈ।*

**(ਆਦਿ ਗ੍ਰੰਥ, ਪੰਨਾ 875)**

ਸਪੱਸ਼ਟ ਹੈ ਗੁਰੂ ਰਵਿਦਾਸ ਜੀ ਦੇ ਬਿੰਬ ਸੱਜਰੇ ਤੇ ਮੌਲਿਕ ਹੋਣ ਦੇ ਨਾਲ ਨਾਲ ਸਾਰਥਕ, ਸਪੱਸ਼ਟ, ਸੁਭਾਵਕ ਤੇ ਉਨ੍ਹਾਂ ਦੀ ਵਿਚਾਰਧਾਰਾ ਦੇ ਅਨੁਕੂਲ ਹਨ।

4.14.6 **ਰਵਿਦਾਸ ਬਾਣੀ ਦੀ ਪ੍ਰਤੀਕ- ਯੋਜਨਾ** : ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਕਈ ਤਰ੍ਹਾਂ ਦੇ ਪ੍ਰਤੀਕ ਮੌਜੂਦ ਹਨ। ਇਹ ਪ੍ਰਤੀਕ ਉਨ੍ਹਾਂ ਦੇ ਨਿੱਤ- ਪ੍ਰਤੀ ਦੇ ਕਾਰ ਵਿਹਾਰ ਵਿਚੋਂ ਲਏ ਗਏ ਹਨ। ਜਿਵੇਂ ਪਰਮਾਤਮਾ ਲਈ ਬਾਜ਼ੀਗਰ, ਨਾਇਕ, ਸੁਆਮੀ, ਚੰਦਨ, ਮਖਤੂਲ, ਗਿਰਿਵਰ, ਚੰਦ, ਦੀਵਾ, ਸ਼ਹੁ, ਖ਼ੁਦ ਲਈ ਕੀਟ, ਮਧੁਪ ਮਖੀਰਾ, ਮੋਰ, ਚਕੋਰ, ਮਾਇਆ ਲਈ ਬਿਖੁ, ਆਤਮਾ ਲਈ ਪੰਛੀ, ਭਗਤਾਂ ਲਈ ਸੁਹਾਗਣ, ਮਨਮੁੱਖ ਲਈ ਦੁਹਾਗਣ, ਸੰਸਾਰ ਲਈ ਤਰਵਰ, ਕਸੁੰਭੜਾ, ਪ੍ਰਭੂ ਪ੍ਰੇਮ ਲਈ ਮਜੀਠ ਰੰਗ, ਜੀਵਨ ਲਈ ਘਾਟੀ ਤੇ ਡੂਗਰ ਨਾਮ ਲਈ ਪੂੰਜੀ ਸਨ। ਅਮ੍ਰਿਤ, ਰਸ ਤੇ ਹੀਰਾ, ਗੁਰੂ ਲਈ ਪਾਰਸ, ਮਨੁੱਖ ਲਈ ਮਾਟੀ ਦਾ ਪੁਤਲਾ ਤੇ ਮਨ ਲਈ ਭੌਰਾ ਦਾ ਪ੍ਰਤੀਕ ਵਰਤਿਆ ਹੈ। ਇਸੇ ਤਰ੍ਹਾਂ ਮੌਤ ਮਗਰੋਂ ਆਤਮਾ ਦੇ ਪਰਮਾਤਮਾ ਤੱਕ ਦੇ ਸਫਰ ਨੂੰ ਪੁਲਸਰਾਤ ਰਾਹੀਂ ਬਿਆਨਿਆ ਹੈ।

ਇੰਝ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਜੀਵਨ ਦੇ ਵਿਸ਼ਾਲ ਖੇਤਰ ਵਿਚੋਂ ਪ੍ਰਤੀਕ ਚੁਣੇ ਗਏ ਹਨ।

4.14.7 **ਰਵਿਦਾਸ ਬਾਣੀ ਵਿਚ ਹਵਾਲੇ** : ਗੁਰੂ ਰਵਿਦਾਸ ਜੀ ਨੇ ਆਪਣੀ ਰਚਨਾ ਵਿਚ ਕਈ ਤਰ੍ਹਾਂ ਦੇ ਹਵਾਲੇ ਪੇਸ਼ ਕੀਤੇ ਹਨ। ਜੋ ਇਤਿਹਾਸਿਕ ਵੀ ਹਨ ਤੇ ਮਿਥਿਹਾਸਿਕ ਵੀ ਹਨ। ਮਿਥਿਆਸਿਕ ਹਵਾਲੇ ਤੇ ਇਤਿਹਾਸਿਕ ਹਵਾਲੇ ਦੋਵੇਂ ਹਿੰਦੂ ਤੇ ਇਸਲਾਮ ਧਰਮਾਂ ਵਿਚੋਂ ਲਏ ਗਏ ਹਨ ਜੋ ਇਸ ਤੱਥ ਵਲ ਸੰਕੇਤ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਦੇ ਆਸ ਪਾਸ ਤੇ ਉਨ੍ਹਾਂ ਦੇ ਪੈਰੁਕਾਰ ਦੋਵੇਂ ਹੀ ਧਰਮਾਂ ਹਿੰਦੂ ਤੇ ਇਸਲਾਮ ਨੂੰ ਮਨੰਣ ਵਾਲੇ ਸਨ।

4.14.7.1 **ਇਤਿਹਾਸਿਕ ਹਵਾਲੇ** :

**(i). ਹਿੰਦੂ ਧਰਮ ਵਿਚੋਂ** ਇਸ ਵਿਚ ਗੁਰੂ ਰਵਿਦਾਸ ਦੇ ਸਮਕਾਲੀ ਭਗਤਾਂ ਦਾ ਨਾਂਅ ਲਿਆ ਜਾ ਸਕਦਾ ਹੈ। ਇਹ ਭਗਤ ਹਨ - ਕਬੀਰ, ਸੇਨ, ਨਾਮਦੇਵ, ਸਧਨਾ ਅਤੇ ਤ੍ਰਿਲੋਚਨ।

**(ii). ਇਸਲਾਮੀ ਧਰਮ** ਵਿਚੋਂ ਲਏ ਹਵਾਲਿਆਂ ਵਿਚ ਈਦ ਅਤੇ ਬਕਰੀਰ ਜਿਹੇ ਤਿਉਹਾਰ ਮਨਾਉਣ ਦਾ ਜਿਕਰ ਮਿਲਦਾ ਹੈ ਅਤੇ ਨਾਲ ਹੀ ਪੀਰਾਂ ਫ਼ਕੀਰਾਂ ਦੇ ਤਕਲਿਆਂ ਅਤੇ ਉਰਸਾਂ ਨੂੰ ਮਨਾਉਣ ਦਾ ਵੀ ਪਤਾ ਚਲਦਾ ਹੈ।

4.14.7.2 **ਹਿੰਦੂ ਧਰਮ ਦੇ ਮਿਥਿਹਾਸਿਕ ਹਵਾਲੇ** : ਇਨ੍ਹਾਂ ਹਵਾਲਿਆਂ ਵਿਚ ਬ੍ਰਹਮਾ, ਵਿਸ਼ਨੂ, ਮਹੇਸ਼, ਕਲਪ ਬ੍ਰਿਛ, ਪਾਰਜਾਤ ਬ੍ਰਿਛ, ਗੌਤਮ ਨਾਰੀ ਅਹਿਲਿਆ, ਗੰਗਾ ਨਦੀ ਜਿਸ ਨੂੰ ਸੁਰਸਤੀ ਕਿਹਾ ਜਾਦਾਂ ਸੀ, ਭਾਗਵਤ ਗ੍ਰੰਥ, ਰਿਸ਼ੀਵੇਦ ਵਿਆਸ, ਤਾੜ ਦਾ ਰੁੱਖ, ਅਜਾਮਲ, ਪਿੰਗੁਲਾ (ਵੇਸਵਾ) ਲੁਭਿਤ ਸ਼ਿਕਾਰੀ, ਕੁਚੰਰ ਅਤੇ ਤੇਦੂਏਂ ਦੀ ਕਥਾ, ਬਾਰਾਂ ਲਿੰਗਾਂ ਦਾ ਪੁਜਨ, ਅਠਾਰਹ ਇਸ਼ਨਾਨ, ਕੁਰਛੇਤਰ ਵਿਚ ਗ੍ਰਹਿਣ, ਇਸਤਰੀ ਦਾਨ, ਗਊ ਦਾਨ, ਜਿਮੀ ਦਾਨ, ਮੰਡਪ ਦਾਨ, ਅਠਾਰਾਂ ਪੁਰਾਣ, ਚਾਰੇ ਖਾਣੀ, ਅਠਾਰਾਂ ਤੀਰਥ ਸ਼ਾਮਲ ਹਨ।

4.14.7.3 **ਇਸਲਾਮੀ ਧਰਮ ਦੇ ਮਿਥਿਹਾਸਕ ਹਵਾਲੇ** : ਗੁਰੂ ਰਵਿਦਾਸ ਜੀ ਦੀ ਬਾਣੀ ਵਿਚ 'ਪੁਲਸਰਾਤ' ਦਾ ਜਿਕਰ ਮਿਲਦਾ ਹੈ। ਇਸਲਾਮ ਵਿਚ ਮੰਨਿਆ ਜਾਦਾਂ ਹੈ ਕਿ ਇਹ ਇਕ ਪੁਲ ਦਾ ਨਾਮ ਹੈ ਜੋ ਵਾਲ ਨਾਲੋਂ ਪਤਲਾ ਤੇ ਤਲਵਾਰ ਦੀ ਧਾਰ ਨਾਲੋਂ ਤੇਜ ਹੈ। ਇਹ ਪੁਲ ਦੋਜ਼ਖ਼ ਉਪਰ ਬਣਿਆ ਹੋਇਆ ਹੈ ਤੇ ਬਹਿਸ਼ਤ ਨੂੰ

ਜਾਂਦਾ ਹੈ। ਹਰ ਰੂਹ ਨੂੰ ਇਸ ਨੂੰ ਪਾਰ ਕਰਨਾ ਪੈਂਦਾ ਹੈ। ਮੰਦੇ ਕਰਮਾਂ ਵਾਲੀਆਂ ਰੂਹਾਂ ਇਸ ਪੁਲ ਨੂੰ ਪਾਰ ਕਰਦੇ ਸਮੇਂ ਦੋਜ਼ਖ਼ ਦੀ ਅੱਗ ਵਿਚ ਡਿੱਗ ਪੈਂਦੀ ਹੈ ਤੇ ਅਨੇਕਾਂ ਕਸ਼ਟ ਭੋਗਦੀਆਂ ਹਨ ਤੇ ਨੇਕ ਰੂਹਾਂ ਬਹਿਸ਼ਤ ਵਿਚ ਅਨੰਦ ਮਾਣਦੀਆਂ ਹਨ।

4.14.8 **ਰਵਿਦਾਸ ਬਾਣੀ ਦਾ ਛੰਦ ਪ੍ਰਬੰਧ ਅਤੇ ਸੰਗੀਤਾਤਮਿਕਤਾ** : ਰਵਿਦਾਸ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਮੁੱਚੀ ਬਾਣੀ ਛੰਦ ਬੱਧ ਹੈ, ਜਿਸ ਦੀ ਤਰਤੀਬ ਇਸ ਤਰ੍ਹਾ ਹੈ।

**ਤਿਪਦੇ** –21

**ਚਉਪਦੇ** – 11

**ਦੁਪਦੇ** – 4

**ਪੰਜਪਦੇ** – 3

**ਅਸ਼ਟਪਦੀ** – 1

**ਆਰਤੀ** – 1

**ਸ਼ਲੋਕ** – 1

ਡਾ. ਸੀਤਾਰਾਮ ਬਾਹਰੀ ਨੇ ਗੁਰੂ ਰਵਿਦਾਸ ਦੀ ਕਾਵਿ ਸ਼ੈਲੀ ਅਤੇ ਛੰਦਾਬੰਦੀ ਦਾ ਸਬੰਧ ਸਿਧਾਂ, ਜੋਗੀਆਂ, ਸੰਤਾਂ, ਸੂਫੀਆਂ ਅਤੇ ਸਿੱਖ ਗੁਰੂ ਸਾਹਿਬਾਨਾਂ ਦੀ ਮੁਕਤਕ ਕਾਵਿਧਾਰਾ ਨਾਲ ਜੋੜਿਆ ਹੈ।[46]

ਗੁਰੂ ਰਵਿਦਾਸ ਜੀ ਦੇ ਸ਼ਬਦਾਂ ਦੀਆਂ ਤੁੱਕਾਂ ਵਿਚ ਆਈ ਮਾਤਰਾਵਾਂ, ਵਰਣਾਂ ਅਤੇ ਸ਼ਬਦਾਂ ਦੀ ਵਾਧ-ਘਾਟ ਇਸ ਦੀ ਸੁਭਾਵਿਕ ਚਾਲ ਤੇ ਲਯ ਵਿਚ ਕੋਈ ਅੰਤਰ ਨਹੀ ਪਾਉਂਦੀ। ਕਈ ਵਾਰ ਵਜ਼ਨ ਪੂਰਾ ਨਾ ਹੋਣ ਦੀ ਸੂਰਤ ਵਿਚ ਵੀ ਸੰਗੀਤ ਉਸੇ ਤਰ੍ਹਾਂ ਕਾਇਮ ਹੈ। ਜਿਸ ਦੇ ਅਣਗਿਣਤ ਉਦਾਹਰਨ ਵੇਖੇ ਜਾ ਸਕਦੇ ਹਨ।

***ਕਹੀਅਤ ਆਨ ਅਚਰੀਅਤ ਅਨ ਕਛੁ,***

***ਸਮਝ ਨ ਪਰੇ ਅਪਰ ਮਾਇਆ।***

***ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ,***

***ਕੋਪੁ ਕਰਹੁ ਜੀਅ ਦਇਆ।।***

**(ਆਦਿ ਗ੍ਰੰਥ, ਪੰਨਾ 658)**

ਗੁਰੂ ਰਵਿਦਾਸ ਜੀ ਦੀ ਬਾਣੀ ਰਾਗਬੱਧ ਹੈ। ਇਹ ਬਾਣੀ ਕੁੱਲ 16 ਰਾਗਾਂ ਵਿਚ ਲਿਖੀ ਗਈ ਹੈ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਸਿਰੀ ਰਾਗ – 1 ਸ਼ਬਦ

ਗਉੜੀ ਰਾਗ – 5 (4 ਸ਼ਬਦ,1ਅਸ਼ਟਪਦੀ)

ਗੂਜਰੀ ਰਾਗ – 1

ਆਸਾ ਰਾਗ – 6

ਸੋਰਠਿ ਰਾਗ - 7

ਧਨਾਸਰੀ ਰਾਗ - 3

ਜੈਤਸਰੀ ਰਾਗ - 1

ਸੂਹੀ ਰਾਗ - 3

ਬਿਲਾਵਲ ਰਾਗ - 2

ਗੋਂਡ ਰਾਗ - 1

ਰਾਮਕਲੀ ਰਾਗ - 1

ਮਾਰੂ ਰਾਗ - 2

ਕੇਦਾਰਾ ਰਾਗ - 1

ਭੈਰਉ ਰਾਗ - 1

ਬਸੰਤ ਰਾਗ - 1

ਮਲਾਰ ਰਾਗ - 3 (ਕੁੱਲ 40 ਸ਼ਬਦ)

ਰਾਗਾਂ ਦੀ ਤਰਤੀਬ ਦਾ ਕੋਈ ਵਿਸ਼ੇਸ਼ ਮਹੱਤਵ ਨਹੀ ਸਗੋਂ ਸਾਰੇ ਰਾਗ ਆਪਣੀ-ਆਪਣੀ ਥਾਂ ਖ਼ਾਸ ਮਹੱਤਤਾ ਰਖਦੇ ਹਨ। ਇਨ੍ਹਾਂ ਰਾਗਾ ਵਿਚ ਕਈ ਵਾਰ ਅੱਗੇ ਹੋਰ ਭੇਦ ਨਜ਼ਰ ਆਉਂਦੇ ਹਨ। ਜਿਵੇਂ ਗਉੜੀ ਰਾਗ ਵਿਚ ਗਉੜੀ ਬੈਰਾਗਣਿ ਅਤੇ ਗਉੜੀ ਪੂਰਬੀ।

ਇਸ ਬਾਣੀ ਨੂੰ ਲੋਕਪ੍ਰਿਯ ਬਣਾਉਣ ਵਿਚ ਸੰਗੀਤ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਬਾਣੀ ਦੇ ਨਾਲ ਜਦੋਂ ਸੰਗੀਤ ਸ਼ਾਮਲ ਹੋ ਜਾਦਾਂ ਹੈ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਕਿਉਂਕਿ ਰਵਿਦਾਸ ਬਾਣੀ ਦੇ ਅੰਗਮੀ ਸੰਗੀਤ ਅਤੇ ਮਧੁਰ ਲੈਯ ਸਾਹਮਣੇ ਸਭ ਛੰਦ, ਵਜ਼ਨ ਅਤੇ ਤੋਲ ਤੁਕਾਂਤ ਦਬੱਕੇ ਰਹਿ ਜਾਂਦੇ ਹਨ।

ਕਬੀਰ ਬਾਣੀ ਵਾਂਗ ਰਵਿਦਾਸ ਬਾਣੀ ਵਿਚ ਵੀ ਗੀਤ-ਸੰਗੀਤ ਸਬੰਧੀ ਇੱਕੜ-ਦੁੱਕੜ ਸੰਕੇਤ ਉਪਲਬਧ ਹਨ, ਜਿਵੇਂ:

*ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥*

(ਆਦਿ ਗ੍ਰੰਥ, ਪੰਨਾ 694)

*ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥*

**(ਆਦਿ ਗ੍ਰੰਥ, ਪੰਨਾ 858)**

ਉਨ੍ਹਾਂ ਦੀ ਰਚਨਾਵਾਂ ਵਿਚ ਕੁਝ ਸ਼ਬਦ ਅੰਕਿਤ ਕਰਨੇ ਅਣਉਚਿਤ ਨਹੀਂ ਹੋਣਗੇ, ਜਿਨ੍ਹਾਂ ਨੂੰ ਸੁਣਕੇ ਪਾਠਕ ਮੰਤਰ ਮੁਗਧ ਹੋ ਜਾਂਦੇ ਹਨ।

*ਬਹੁਤ ਜਨਮ ਬਿਛੁਰੇ ਥੇ ਮਾਧਉ,*

*ਇਹੁ ਜਨਮੁ ਤੁਮਾਰੇ ਲੇਖੇ।*

*ਕਹਿ ਰਵਿਦਾਸ ਆਸ ਲਗਿ ਜੀਵਉ,*

*ਚਿਰ ਭਇਓ ਦਰਸਨੁ ਦੇਖੇ।।*

**(ਆਦਿ ਗ੍ਰੰਥ ਪੰਨਾ, 694)**

ਅਤੇ

*ਐਸੀ ਲਾਲ ਤੁਝ ਬਿਨੁ ਕਉਨੁ ਕਰੈ*

*ਗਰੀਬ ਨਿਵਾਜੁ ਗੁਸਈਆ ਮੇਰਾ*

*ਮਾਥੈ ਛਤ੍ਰ ਧਰੈ।*

**(ਆਦਿ ਗ੍ਰੰਥ, ਪੰਨਾ 1106)**

**4.14.9 ਰਵਿਦਾਸ ਬਾਣੀ ਵਿਚ ਰਸ:** ਗੁਰੂ ਰਵਿਦਾਸ ਜੀ ਦੀ ਬਾਣੀ ਬੜੀ ਰਸਮਈ ਹੈ। ਬੇਸ਼ਕ ਇਸ ਵਿਚ ਸਾਰੇ ਦੇ ਸਾਰੇ ਨੌਂ ਰਸਾਂ ਦੀ ਪੇਸ਼ਕਾਰੀ ਤਾਂ ਨਹੀ ਹੁੰਦੀ ਪਰ ਰਸਾਂ ਦੀ ਵਿਭਿੰਨਤਾ ਜਰੂਰ ਮੌਜੂਦ ਹੈ। ਮੂਲ ਰੂਪ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਅਧਿਆਤਮਕ ਹੈ। ਇਸ ਲਈ ਇਹ ਸਾਂਤ ਰਸ ਭਰਪੂਰ ਹੈ। ਪ੍ਰੰਤੂ ਇਸ ਦੇ ਨਾਲ ਹੀ ਹਿਸ ਵਿਚ ਹੋਰ ਵੀ ਕਈ ਰਸ ਪੇਸ਼ ਹੋਏ ਹਨ। ਇਨ੍ਹਾਂ ਦੀ ਬਾਣੀ ਵਿਚਲੇ ਰਸਾਂ ਦਾ ਵੇਰਵਾ ਇਸ ਪ੍ਰਕਾਰ ਹੈ।

4.14.9.1 ਸ਼ਿਗਾਰ ਰਸ

4.14.9.2 ਕਰੁਣ ਰਸ

4.14.9.3 ਅਦਭੁੱਤ ਰਸ

4.14.9.4. ਹਾਸ ਰਸ

4.14.9.5. ਭਿਆਨਕ ਰਸ

4.14.9.6. ਸਾਂਤ ਰਸ

ਵੀਭਤਸ ਰਸ, ਰੌਦਰ ਰਸ, ਵਾਤਸਲ ਰਸ ਦਾ ਕੋਈ ਵੀ ਉਦਾਹਰਨ ਉਨ੍ਹਾਂ ਦੀ ਬਾਣੀ ਵਿਚ ਮੌਜੂਦ ਨਹੀ ਹੈ।

**4.14.9.1 ਸ਼ਿੰਗਾਰ ਰਸ:** ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਪ੍ਰਭੂ-ਪ੍ਰੇਮ ਨਾਲ ਸਰੋਬਾਰ ਅਜਿਹੇ ਕੀ ਸ਼ਬਦ ਪੇਸ਼ ਹੋਏ ਹਨ ਜੋ ਸ਼ਿੰਗਾਰ ਰਸ ਨਾਲ ਭਰਪੂਰ ਹਨ। ਜਿਵੇਂ:

*ਜਉ ਤੁਮ ਗਿਰਿਵਰ ਤਉ ਹਮ ਮੋਰਾ।।*

*ਜਉ ਤੁਮ ਚੰਦ ਹਮ ਭਏ ਹੈ ਚਕੋਰਾ।।*

*ਮਾਧਵੇ ਤੁਮ ਨਾ ਤੋਰਹੁ ਤਉ ਹਮ ਨਹੀ ਤੋਰਹਿ॥*

*ਤੁਮ ਸਿਉ ਤੋਰੀ ਕਵਨ ਸਿਉ ਜੋਰਹਿ॥*

**(ਆਦਿ ਗ੍ਰੰਥ, ਪੰਨਾ 659)**

4.14.9.2 **ਕਰੁਣ ਰਸ**: ਗੁਰੂ ਰਵਿਦਾਸ ਜੀ ਨੇ ਕਈ ਥਾਈਂ ਪਰਮਾਤਮਾ ਦੇ ਵਿਯੋਗ ਵਿਚ ਤੜਫਦੇ ਹੋਏ ਆਣੀ ਦੀਨ-ਹੀਨ ਦਸ਼ਾ ਦਾ ਵਰਨਣ ਕੀਤਾ ਹੈ, ਜਿਸ ਨਾਲ ਕਰੁਣ ਰਸ ਦੀ ਨਿਸ਼ਪਤੀ ਹੁੰਦੀ ਹੈ।

*ਦੁਖੀ ਦੁਹਾਗਨਿ ਦੁਇ ਪਖ ਹੀਨੀ।*

*ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ।*

*ਪੁਰਸਲਾਤ ਨਾ ਪੰਥੁ ਦੁਹੇਲਾ,*

*ਸੰਗਿ ਨ ਸਾਥੀ ਗਵਨੁ ਇਕੇਲਾ।*

**(ਆਦਿ ਗ੍ਰੰਥ, ਪੰਨਾ 793)**

4.14.9.3 **ਅਦਭੁਤ ਰਸ** : ਹਾਡ-ਮਾਸ ਦੇ ਬਣੇ ਸ਼ਰੀਰ ਵਿਚ ਆਤਮਾ ਦਾ ਨਿਵਾਸ ਅਦਭੁੱਤ ਰਸ ਪੈਦਾ ਕਰਦਾ ਹੈ।

*ਜਲ ਕੀ ਭੀਤਿ ਪਵਨ ਕਾ ਥੰਭਾ,*

*ਰਕਤ ਬੂੰਦ ਕਾ ਗਾਰਾ॥*

*ਹਾਡ ਮਾਸ ਨਾੜੀ ਕੋ ਪਿੰਜਰ,*

*ਪੰਖੀ ਬਸੈ ਬਿਚਾਰਾ॥*

**(ਆਦਿ ਗ੍ਰੰਥ, ਪੰਨਾ 659)**

4.14.9.4 **ਹਾਸ ਰਸ**: ਗੁਰੂ ਰਵਿਦਾਸ ਦੀ ਰਚਨਾ ਵਿਚ ਮਨਮੁੱਖ ਦਾ ਚਰਿੱਤਰ ਹਾਸ ਰਸ ਨੂੰ ਜਨਮ ਦਿੰਦਾ ਹੈ।

*ਮਾਟੀ ਕਾ ਪੁਤਲਾ ਕੈਸੈ ਨਚਤੁ ਹੈ॥*

*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥*

*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥*

*ਮਾਇਆ ਗਈ ਤਬ ਰੋਵਨੁ ਲਗਤੁ ਹੈ॥*

**(ਆਦਿ ਗ੍ਰੰਥ, ਪੰਨਾ 487)**

4.14.9.5 **ਭਿਆਨਕ ਰਸ**: ਗੁਰੂ ਰਵਿਦਾਸ ਜੀ ਦੀ ਰਚਨਾ ਵਿਚ ਮੌਤ ਦਾ ਜ਼ਿਕਰ ਅਤੇ ਨਾਮ ਪ੍ਰਤੀ ਅਣਗਹਿਲੀ ਵਰਤਣ ਵਾਲੇ ਮਨੁੱਖਾਂ ਦੀ ਸ਼ਾਮ ਦੀ ਭਿਆਨਕਤਾ ਵੀ ਗੁਰੂ ਰਵਿਦਾਸ ਨੇ ਇੰਝ ਦਿਖਾਈ ਹੈ:-

*ਸਾਂਝ ਪਰੀ ਦਰ ਦਿਸ ਅੰਧਿਆਰਾ,*

*ਕਹਿ ਰਵਿਦਾਸ ਨਿਦਾਨਿ ਦਿਵਾਨੇ।*

*ਚਤਸਿ ਨਾਹੀ ਦੁਨੀਆ ਫਨ ਖਾਨੇ॥*

**(ਆਦਿ ਗ੍ਰੰਥ, ਪੰਨਾ 793)**

4.14.9.6 **ਸ਼ਾਂਤ ਰਸ**: ਸ਼ਾਂਤ ਰਸ ਦਾ ਸਥਾਈ ਭਾਵ ਵੈਰਾਗ ਹੈ। ਗੁਰੂ ਰਵਿਦਾਸ ਦੀ ਸਾਰੀ ਰਚਨਾ ਵਿਚੋਂ ਜਗਤ ਦੀ ਨਾਸ਼ਵਾਨਤਾ, ਪੰਜ ਵਿਕਾਰਾਂ ਦੀ ਲੁੱਟ-ਖਸੁੱਟ, ਥੋਥੇ ਪਾਖੰਡਾਂ ਦਾ ਜ਼ਿਕਰ ਮਿਲਦਾ ਹੈ, ਜੋ ਮਨੁੱਖ ਨੂੰ ਇਨ੍ਹਾਂ ਸਭ ਤੋਂ ਬੱਚਕੇ ਸੁੱਖ-ਦੁੱਖ, ਚਿੰਤਾ, ਈਰਖਾ, ਰਾਗ-ਦਵੇਸ਼, ਇੱਛਾ ਅਤੇ ਸੰਸਾਰਿਕਤਾ ਤੋਂ ਉਪਰਾਮ ਹੋ ਕੇ ਆਪਣਾ ਮਨ ਰੱਬ ਵੱਲ ਲਾਉਣ ਲਈ ਪ੍ਰੇਰਦੀ ਹੈ।

*- ਜੋ ਦਿਨ ਆਵਹਿ ਸੋ ਦਿਨ ਜਾਹੀ,*

*ਕਰਨਾ ਕੂਚੁ ਰਹਨੁ ਥਿਰੁ ਨਾਹੀ।*

*ਸੰਗੁ ਚਲਤ ਹੈ ਹਮ ਭੀ ਚਲਨਾ।*

*ਦੂਰਿ ਗਵਨ ਸਿਰ ਊਪਰਿ ਮਰਨਾ।*

*ਤੈ ਜੀਵਨੁ ਜਗਿ ਸਚੁ ਕਰ ਜਾਨਾ।*

(ਆਦਿ ਗ੍ਰੰਥ, 793)

4.14.10 **ਰਵਿਦਾਸ ਬਾਣੀ ਵਿਚ ਰੀਤੀ**: ਰੀਤੀ ਸੰਪ੍ਰਦਾਇ ਇਕ ਸੁਤੰਤਰ ਸੰਪਰਦਾਇ ਦੇ ਤੌਰ 'ਤੇ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਹੈ। ਰੀਤੀ ਸੰਪ੍ਰਦਾਇ ਦੇ ਆਧਾਰ ਤੇ ਜੇਕਰ ਰਵਿਦਾਸ ਬਾਣੀ ਦਾ ਵਿਵੇਚਨ ਕੀਤਾ ਜਾਵੇ ਤਾਂ ਇਸ ਵਿਚ ਕੇਵਲ ਮਧੁਰ ਅਤੇ ਪ੍ਰਸਾਦ ਗੁਣ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਓਜ ਗੁਣ ਦਾ ਸੰਬੰਧ ਵਧੇਰੇ ਕਰਕੇ ਬੀਰ ਅਤੇ ਰੌਦਰ ਰਸ ਨਾਲ ਹੈ। ਇਸ ਕਾਰਨ ਰਵਿਦਾਸ ਬਾਣੀ ਵਿਚ ਇਸਦੀ ਪੁਸ਼ਟੀ ਨਹੀਂ ਹੁੰਦੀ।

ਰਵਿਦਾਸ ਬਾਣੀ ਵਿਚ ਮਧੁਰ ਗੁਣ ਦਾ ਉਦਾਹਰਨ

*ਤੁਮ ਮਖਤੂਲ ਸੁਪੇਦ ਸਪੀਅਲ,*

*ਹਮ ਬਪੁਰੇ ਜਸ ਕੀਰਾ॥*

*ਸਤਸੰਗਤਿ ਮਿਲਿ ਰਹੀਐ ਮਾਧਉ,*

*ਜੈਸੇ ਮਧੁਪ ਮਖੀਰਾ॥*

*(ਆਦਿ ਗ੍ਰੰਥ ਪੰਨਾ, 486)*

ਰਵਿਦਾਸ ਬਾਣੀ ਵਿਚ ਪ੍ਰਸਾਦ ਗੁਣ ਦਾ ਉਦਾਹਰਣ

*ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।*

*ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।*

*(ਆਦਿ ਗ੍ਰੰਥ, ਪੰਨਾ 710)*

4.14.11 **ਰਵਿਦਾਸ ਬਾਣੀ ਵਿਚ ਕਲਪਨਾ**: ਕਲਪਨਾ ਕਾਵਿ ਦਾ ਬੁਨਿਯਾਦੀ ਤੱਤ ਹੈ। ਰਵਿਦਾਸ ਬਾਣੀ ਵਿਚ ਭਾਵੇਂ ਅਲੰਕਾਰ, ਬਿੰਬ ਅਤੇ ਪ੍ਰਤੀਕ ਗੁਰੂ ਰਵਿਦਾਸ ਦੀ ਕਲਪਨਾ ਸੂਝ ਦੇ ਸੂਚਕ ਹਨ ਪਰੰਤੂ 'ਬੇ ਗਮਪੁਰਾ' ਵਾਲਾ ਸ਼ਬਦ ਰਵਿਦਾਸ ਜੀ ਦੀ ਕਲਪਨਾ ਦੀ ਸ਼ਿਖਰ ਆਖਿਆ ਜਾ ਸਕਦਾ ਹੈ। ਉਂਝ ਆਤਮਕ

ਅਵਸਥਾ ਨੂੰ ਪ੍ਰਾਪਤ ਕਰਕੇ ਰਵਿਦਾਸ ਜੀ ਨੇ ਅਜਿਹੀ ਗਮ ਰਹਿਤ ਨਗਰੀ ਦਾ ਨਕਸ਼ਾ ਉਲੀਕਿਆ ਹੈ, ਜਿਹੜੀ ਕਿਸੇ ਅਨੁਭਵੀ ਲਈ ਤਾਂ ਨਿਰਸੰਦੇਹ ਵਾਸਤਵਿਕ ਨਗਰੀ ਹੈ। ਪਰੰਤੂ ਸੰਸਾਰੀ ਜੀਵਾਂ ਲਈ ਨਿਰੋਲ ਕਾਲਪਨਿਕ ਹੈ। ਉਸ ਕਾਲਪਨਿਕ ਨਗਰੀ ਵਿਚ ਵਸਣ ਵਾਲੀਆਂ ਰੂਹਾਂ ਨਾਮ ਰਸ ਨਾਲ ਤ੍ਰਿਪਤ ਹੋ ਚੁੱਕੀਆਂ ਹਨ। ਉਥੇ ਪਹੁੰਚਣ ਵਾਲੀਆਂ ਰੂਹਾਂ ਦੇ ਸਭ ਡਰ ਸੰਸੇ, ਦੁੱਖ, ਤਕਲੀਫਾਂ, ਬਿਨਸ ਜਾਂਦੇ ਹਨ। ਉਨ੍ਹਾਂ ਨੂੰ ਪੂਰਨ ਸੁਤੰਤਰਤਾ ਅਤੇ ਸਭ ਤੋਂ ਵੱਧਕੇ, ਉਸ ਅਟਲ ਪਾਤਸ਼ਾਹੀ ਦਾ ਸਵਾਮੀ ਸਦਾ ਸਥਿਰ ਹੈ ਦੀ ਕ੍ਰਿਪਾ ਪ੍ਰਾਪਤ ਹੁੰਦੀ ਹੈ।

ਹੋਰ ਵੀ ਕਈ ਪ੍ਰਸੰਗਾਂ ਵਿਚ ਵੀ ਉਨ੍ਹਾਂ ਦੀ ਕਲਪਨਾ ਦੀ ਉੱਚੀ ਉਡਾਰੀ ਵੇਖੀ ਜਾ ਸਕਦੀ ਹੈ। ਜਿਵੇਂ:-

4.14.11.1 **ਬ੍ਰਹਮ ਅਤੇ ਜੀਵਾਤਮਾ ਸਬੰਧੀ ਕਲਪਨਾ:** ਗੁਰੂ ਰਵਿਦਾਸ ਦਾ ਬ੍ਰਹਮ ਭਾਵੇਂ ਨਿਰਾਕਾਰ, ਅਕਾਲ ਮੂਰਤ, ਅਜੋਨੀ, ਅਨੰਤ, ਅਕਥ, ਅਮਰ, ਨਿਰੰਜਨ ਅਤੇ ਸਰਬ ਵਿਆਪਕ ਹੈ, ਪਰੰਤੂ ਇਸ ਦੇ ਬਾਵਜੂਦ ਉਨ੍ਹਾਂ ਨੇ ਬ੍ਰਹਮ ਬਾਰੇ ਵਿਵਿਧ ਢੰਗ ਨਾਲ ਕਲਪਨਾ ਕੀਤੀ ਹੈ। ਪਰਮਾਤਮਾ ਨੂੰ ਜਲ ਅਤੇ ਆਤਮਾ ਨੂੰ ਤਰੰਗ, ਬ੍ਰਹਮ ਨੂੰ ਸੋਨਾ ਅਤੇ ਆਤਮਾ ਨੂੰ ਸੋਨੇ ਦੇ ਕੰਗਣ ਦੇ ਰੂਪ ਵਿਚ ਕਿਆਸਿਆ ਹੈ। ਬ੍ਰਹਮ ਦੀ ਕਲਪਨਾ ਉਨ੍ਹਾਂ ਨੇ ਸੁਆਮੀ ਅਤੇ ਜੀਵ ਦੇ ਸੇਵਕ ਰੂਪ ਵਿਚ ਕੀਤੀ ਹੈ। ਰਵਿਦਾਸ ਬਾਣੀ ਵਿਚ ਬ੍ਰਹਮ ਨੂੰ ਸਮੁੰਦਰ ਅਤੇ ਜੀਵ ਆਤਮਾ ਨੂੰ ਸਮੁੰਦਰ ਦੀ ਲਹਿਰ ਨਾਲ ਵੀ ਤੁਲਨਾ ਦਿੱਤੀ ਗਈ ਹੈ।

ਬ੍ਰਹਮ ਦੀ ਕਲਪਨਾ ਉਨ੍ਹਾਂ ਨੇ ਨਾਇਕ ਅਤੇ ਬਾਜੀਗਰ ਦੇ ਰੂਪ ਵਿਚ ਵੀ ਕੀਤੀ ਹੈ। ਉਨ੍ਹਾਂ ਨੇ ਪਰਮਾਤਮਾ ਨੂੰ ਚੰਦਨ, ਚਿੱਟੇ ਪੀਲੇ ਰੇਸ਼ਮ, ਸੋਨੇ, ਗਿਰਿਵਰ, ਚੰਦ, ਤੀਰਥ, ਦੀਵਰੇ ਅਤੇ ਸਹ ਰੂਪ ਵਿਚ ਅਤੇ ਆਤਮਾ ਨੂੰ ਕ੍ਰਮਵਾਰ ਇਰੰਡ, ਰੇਸ਼ਮ ਦੇ ਕੀੜੇ, ਸੋਨੇ ਦੇ ਗਹਿਣੇ, ਮੋਰ, ਚਕੋਰ, ਜਾਤਰੀ, ਬੱਤੀ ਅਤੇ ਸੁਹਾਗਨਿ ਰੂਪ ਵਿਚ ਕਲਪਿਆ ਹੈ। ਆਤਮਾ-ਪ੍ਰਮਾਤਮਾ ਦੀ ਪ੍ਰੀਤ ਨੂੰ ਉਨ੍ਹਾਂ ਨੇ ਮੱਛੀ ਅਤੇ ਜਲ ਦੀ ਪ੍ਰੀਤ ਦੇ ਰੂਪ ਕਿਆਸਿਆ ਹੈ ਕਿਉਂਕਿ ਮੱਛੀ ਟੋਟੇ ਟੋਟੇ ਹੋ ਜਾਣ, ਰਿੰਨ੍ਹੀ, ਪਕਾਈ ਅਤੇ ਖਾਧੀ ਜਾਣ ਉਪਰੰਤ ਵੀ ਪਾਣੀ ਨਾਲੋਂ ਆਪਣਾ ਨਾਤਾ ਨਹੀਂ ਤੋੜਦੀ।

***ਮੀਨੁ ਪਕਰਿ ਫਾਂਕਿਓ ਅਰੁ ਕਾਟਿਓ,***

***ਰਾਂਧਿ ਕੀਓ ਬਹੁ ਬਾਨੀ।***

***ਖੰਡ ਖੰਡ ਕਰਿ ਭੋਜਨੁ ਕੀਨੋ,***

***ਤਊ ਨ ਬਿਸਰਿਓ ਪਾਨੀ॥***

**(ਆਦਿ ਗ੍ਰੰਥ, ਪੰਨਾ 658)**

ਪ੍ਰਭੂ ਪਿਆਰ ਵਿਚ ਮਸਤ ਰੂਹਾਂ ਦੀ ਕਲਪਨਾ ਉਨ੍ਹਾਂ ਨੇ ਸਦਾ ਪਾਣੀ ਦੇ ਨਜ਼ਦੀਕ ਰਹਿਣ ਵਾਲੀ ਚੁਪੱਤੀ ਨਾਲ ਕੀਤੀ ਹੈ। ਸਪੱਸ਼ਟ ਹੈ ਕਿ ਬ੍ਰਹਮ ਅਤੇ ਆਤਮਾ ਸਬੰਧੀ ਕੀਤੀ ਕਲਪਨਾ ਬੜੀ ਸੁਭਾਵਿਕ, ਭਾਵ-ਗਰਭਿਤ ਅਤੇ ਮਹੱਤਵਪੂਰਨ ਹੈ।

4.14.11.2 **ਗੁਰੂ ਬਾਰੇ ਕਲਪਨਾ:** ਗੁਰੂ ਰਵਿਦਾਸ ਦੀ ਰਚਨਾ ਵਿਚ ਗੁਰੂ ਦਾ ਸਥਾਨ ਬਹੁਤ ਉਚੇਰਾ ਹੈ। ਇਸ ਉਚਤਮ ਸਥਾਨ ਨੂੰ ਦਰਸ਼ਾਉਣ ਹਿਤ ਉਨ੍ਹਾਂ ਨੇ ਗੁਰੂ ਨੂੰ ਪਾਰਸ, ਪਰਮ ਪਾਰਸ ਅਤੇ ਸ਼ਿਸ਼ ਨੂੰ ਤਾਂਬੇ ਦੇ ਰੂਪ ਵਿਚ ਕਿਆਸਿਆ ਹੈ।

4.14.11.3 **ਮਾਇਆ ਸਬੰਧੀ ਕਲਪਨਾ** : ਮਾਇਆ ਦੀ ਕਲਪਨਾ ਰਵਿਦਾਸ ਨੇ ਅਜਿਹੀ ਬਲਵਾਨ ਸ਼ਕਤੀ ਦੇ ਰੂਪ ਵਿਚ ਕੀਤੀ ਹੈ, ਜਿਹੜੀ ਜੀਵਾਂ ਦੀ ਕਰਨੀ ਅਤੇ ਕਥਨੀ ਨੂੰ ਇਕ ਨਹੀਂ ਰਹਿਣ ਦਿੰਦੀ। ਮੋਹ ਮਾਇਆ ਵਿਚ ਖੁੱਭੇ ਜੀਵਾਂ ਵੱਲੋਂ ਨਿੱਤ ਨਵੇਂ ਕੀਤੇ ਜਾਣ ਵਾਲੇ ਕੁਕਰਮਾਂ ਨੂੰ ਉਹ ਟੁੱਟੀ ਜੁੱਤੀ ਨੂੰ ਬਾਰ-ਬਾਰ ਗੰਢਣ ਨਾਲ ਤੁਲਨਾਉਂਦੇ ਹਨ। ਪੰਜ ਵਿਕਾਰਾਂ ਵਿਚ ਗ੍ਰਸਤ ਜੀਵ ਸਬੰਧੀ ਕਲਪਨਾ ਬਹੁਤ ਵਿਸ਼ਾਲ ਹੈ। ਮ੍ਰਿਗ, ਮੀਨ ਭ੍ਰਿਗ, ਪਤੰਗ ਅਤੇ ਕੁੰਚਰ ਦੇ ਮਾਧਿਅਮ ਰਾਹੀਂ ਉਨ੍ਹਾਂ ਨੇ ਮਨੁੱਖ ਦੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਉਜਾਗਰ ਕੀਤਾ ਹੈ। ਮਾਇਆ-ਗ੍ਰਸਤ ਵਿਅਕਤੀ ਬਾਰੇ ਕੀਤੀ ਕਲਪਨਾ ਬਹੁਤ ਸੁਭਾਵਿਕ ਜਾਪਦੀ ਹੈ। ਮਾਇਆ ਦੇ ਪ੍ਰਭਾਵ ਕਾਰਨ, ਗਿਆਨ ਵਿਹੂਣੇ ਜੀਵ ਦੀ ਕਲਪਨਾ, ਉਹ ਖੂਹ ਦੇ ਡੱਡੂ ਦੇ ਰੂਪ ਵਿਚ ਕਰਦੇ ਹਨ ਜਿਸ ਲਈ ਖੂਹ ਹੀ ਸਮੁੱਚਾ ਸੰਸਾਰ ਹੈ।

ਕਰਮ ਕਾਂਡ ਦੀ ਨਿਖੇਧੀ ਕਰਦਿਆਂ ਗੁਰੂ ਰਵਿਦਾਸ ਨੇ ਕਮਾਲ ਦੀ ਕਲਪਨਾ-ਉਡਾਰੀ ਲਾਈ ਹੈ। ਕੁਦਰਤ ਦੇ ਵਿਸ਼ਾਲ ਆਂਗਣ ਵਿਚ ਉਪਲਬਧ ਪੂਜਾ ਸਮੱਗਰੀ ਨੂੰ ਜੂਠੀ ਆਖਦਿਆਂ ਉਹ ਪਰਮਾਤਮਾ ਨੂੰ ਕੇਵਲ ਸਤਿਨਾਮੁ ਦਾ ਭੋਗ ਲੁਆਉਣ ਦੀ ਸਿੱਖਿਆ ਦਿੰਦੇ ਹਨ। ਧਨਾਸਰੀ ਰਾਗ ਵਿਚ ਅੰਕਿਤ ਆਰਤੀ ਵਿਚੋਂ ਵੀ ਉਨ੍ਹਾਂ ਦੀ ਕਲਪਨਾ ਸੂਝ ਸਪੱਸ਼ਟ ਹੈ। ਜਿਵੇਂ ਗੁਰੂ ਨਾਨਕ ਦੀ ਆਰਤੀ ਸਮੁੱਚੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ ਤਿਵੇਂ ਹੀ ਗੁਰੂ ਰਵਿਦਾਸ ਦੀ ਆਪਣੀ ਆਰਤੀ ਵਿਚ ਸਾਰੀ ਬਨਸਪਤੀ ਅਤੇ ਪੂਜਾ ਸਮੱਗਰੀ ਦੀ ਕਲਪਨਾ ਕਰਕੇ ਕੇਵਲ ਨਾਮ ਦੀ ਆਰਤੀ ਉਤਾਰਨ ਦਾ ਉਪਦੇਸ਼ ਦਿੰਦੇ ਹਨ। ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਕੀਤੇ ਜਾਣ ਵਾਲੇ ਕਰਮ ਧਰਮ ਦਾ ਮਹੱਤਵ ਉਦੋਂ ਤੱਕ ਹੈ ਜਦੋਂ ਤੱਕ ਜੀਵਨ ਨੂੰ ਗਿਆਨ ਦਾ ਚਾਨਣ ਨਹੀਂ ਹੁੰਦਾ। ਗਿਆਨ ਹੋ ਜਾਣ ਤੇ ਸਾਰੇ ਕਰਮਾਂ-ਧਰਮਾਂ ਦੀ ਵਿਅਰਥਤਾ ਉਸੇ ਤਰ੍ਹਾਂ ਹੈ ਜਿਸ ਪ੍ਰਕਾਰ ਫਲ ਲੱਗ ਜਾਣ ਤੇ ਫੁੱਲਾਂ ਦੀ।

4.14.11.4 **ਜਗਤ ਬਾਰੇ ਕੀਤੀ ਕਲਪਨਾ**: ਰਵਿਦਾਸ ਬਾਣੀ ਵਿਚ ਜਗਤ ਦਾ ਨਿਰੂਪਣ ਬਹੁਤ ਘੱਟ ਹੋਇਆ ਹੈ ਪਰੰਤੂ ਜਿਹੜਾ ਹੋਇਆ ਹੈ, ਉਸ ਵਿਚੋਂ ਉਨ੍ਹਾਂ ਦੀ ਕਲਪਨਾ ਸੂਝ ਦੀ ਪੁਸ਼ਟੀ ਹੋ ਜਾਂਦੀ ਹੈ। ਉਨ੍ਹਾਂ ਨੇ ਜਗਤ ਨੂੰ ਬਾਜ਼ੀ ਨਾਲ ਉਪਮਾਇਆ ਹੈ। ਉਚੇ ਮੰਦਰਾਂ ਅਤੇ ਰਸੋਈਖਾਨਿਆਂ ਦੀ ਕਲਪਨਾ ਕਰਕੇ ਉਨ੍ਹਾਂ ਦੀ ਅਸਾਰਤਾ ਦਾ ਉਲੇਖ ਕੀਤਾ ਹੈ। ਮਨੁੱਖ ਦੇ ਅੰਤਲੇ ਸਮੇਂ ਨੂੰ ਦਿਨ ਦੀ ਸ਼ਾਮ ਦੇ ਰੂਪ ਵਿਚ ਕਿਆਸਿਆ ਹੈ।

4.14.11.5 **ਮਨੁੱਖ ਸਬੰਧੀ ਕਲਪਨਾ**: ਮਨੁੱਖੀ ਜੀਵਨ ਦੀ ਸ਼੍ਰੇਸ਼ਠਤਾ ਦਰਸਾਉਣ ਲਈ ਉਨ੍ਹਾਂ ਨੇ ਸੋਚਹੀਣ ਪਸ਼ੂ-ਜੂਨੀਆਂ ਦੀ ਕਲਪਨਾ ਕੀਤੀ ਹੈ। ਹਿਰਨ ਜਿਵੇਂ ਆਪਣੇ ਅੰਦਰ ਛੁਪੀ ਕਸਤੂਰੀ ਦੀ ਸੁਗੰਧੀ ਤੋਂ ਅਣਜਾਣ ਰਹਿੰਦਾ ਹੈ, ਉਵੇਂ ਜੀਵ ਨੂੰ ਆਪਣੇ ਹਿਰਦੇ ਵਿਚ ਵਿਆਪਤ ਪਰਮਾਤਮਾ ਦੀ ਸੋਝੀ ਨਹੀਂ ਹੁੰਦੀ।

ਮਨੁੱਖ ਦੀ ਨਾਸ਼ਵਾਨਤਾ ਦਾ ਵਰਣਨ ਕਰਦਿਆਂ ਵਿਵਿਧ ਢੰਗ ਨਾਲ ਕਲਪਨਾ ਕੀਤੀ ਗਈ ਹੈ। ਇਸ ਸ਼ਰੀਰ ਨੂੰ ਜਲ ਬਲ ਕੇ ਮਿੱਟੀ ਨਾਲ ਮਿੱਟੀ ਬਣ ਜਾਣ ਵਾਲੇ ਘਾਹ ਦੇ ਛੱਪਰ ਦੇ ਰੂਪ ਵਿਚ ਕਲਪਿਆ ਗਿਆ ਹੈ। ਨਾਲ ਹੀ ਇਸ ਨੂੰ ਭਾਦਰੋਂ ਵਿਚ ਉਗੀ ਖੁੰਭ ਵੀ ਆਖਿਆ ਗਿਆ ਹੈ।

***ਤੂੰ ਕਾਂਇ ਗਰਬਹਿ ਬਾਵਲੀ।***

***ਜੈਸੇ ਭਾਦਉ ਖੂੰਬ ਰਾਜੁ ਤੂ ਤਿਸ ਤੇ ਖਰੀ ਉਤਾਵਲੀ।***

**(ਆਦਿ ਗ੍ਰੰਥ ਪੰਨਾ 1196)**

ਗੁਰੂ ਰਵਿਦਾਸ ਨੇ ਮਨੁੱਖੀ ਸ਼ਰੀਰ ਦੀ ਰਚਨਾ ਦੀ ਕਲਪਨਾ ਜਲ ਰੂਪੀ ਭੀਤ ਅਤੇ ਪਵਨ ਰੂਪੀ ਥੰਬੇ

ਰਾਹੀਂ ਕੀਤੀ ਹੈ, ਜਿਸ ਨੂੰ ਮਾਂ ਦੇ ਰਕਤ ਅਤੇ ਪਿਤਾ ਦੇ ਵੀਰਜ਼ ਦਾ ਗਾਰਾ ਲਗਾ ਹੋਇਆ ਹੈ। ਜਿਸ ਜੀਵ ਦੀ ਰਚਨਾ ਜਲ ਭੀਤ ਅਤੇ ਪਵਨ ਥੰਭੀ ਨਾਲ ਹੋਈ ਹੈ, ਉਸ ਦੀ ਹੋਂਦ ਕਿੰਨੀ ਕੁ ਸਦੀਵੀ ਹੋ ਸਕਦੀ ਹੈ? ਇੰਞ ਹੱਡ, ਮਾਸ ਅਤੇ ਨਾੜੀਆਂ ਦੇ ਪਿੰਜਰ ਵਿਚ ਇਹ ਜੀਵ-ਪੰਛੀ ਠੀਕ ਉਸੇ ਤਰ੍ਹਾਂ ਰਮ ਰਿਹਾ ਹੈ ਜਿਸ ਪ੍ਰਕਾਰ ਕਿਸੇ ਰੁੱਖ ਤੇ ਪੰਛੀ।

4.14.11.6 **ਨਾਮ ਸਾਧਨਾ ਸੰਬੰਧੀ ਕਲਪਨਾ**: ਨਾਮ ਸਾਧਨਾ ਬਾਰੇ ਇਸ ਬਾਣੀ ਵਿਚ ਕਲਪਨਾ ਦੀ ਵਿਵਿਧਤਾ ਭਾਵੇਂ ਘੱਟ ਹੀ ਦਿਖਾਈ ਦਿੰਦਾ ਹੈ। ਪਰੰਤੂ ਇਸ ਦਾ ਅਸਲੋਂ ਅਭਾਵ ਵੀ ਨਹੀਂ। ਨਾਮ ਦੇ ਖਜ਼ਾਨੇ ਨੂੰ ਗੁਰੂ ਰਵਿਦਾਸ ਨੇ ਟਾਂਡੇ ਦੇ ਰੂਪ ਵਿਚ ਕਿਆਸਿਆ ਹੈ। ਕਠਨ ਪੈਂਡਿਆਂ ਤੇ ਤੁਰਨ ਵਾਲੇ ਮਨ ਰੂਪੀ ਮਾੜੇ ਬਲਦ ਨੂੰ ਨਾਮ ਰੂਪ ਟਾਂਡਾ ਖਿੱਚਣਾ ਪੈ ਰਿਹਾ ਹੈ ਜਿਸ ਉਪਰ ਰਾਮ ਨਾਮ ਦਾ ਧਨ ਲੱਦਿਆ ਹੋਇਆ ਹੈ। ਭਗਤ ਰਵਿਦਾਸ ਨੇ ਸਹਜ ਵਪਾਰ ਕੀਤਾ ਜਦੋਂ ਕਿ ਸੰਸਾਰ ਦੇ ਦੂਸਰੇ ਜੀਵਾਂ ਨੇ ਇਸ ਟਾਂਡੇ ਤੇ ਰਾਮਨਾਮ ਦੀ ਬਜਾਇ ਬਿਖੁ ਲੱਦੀ ਹੋਈ ਹੈ। ਨਾਮ ਦੇ ਸੰਦਰਭ ਵਿਚ ਕੀਤੀ ਇਸ ਪ੍ਰਕਾਰ ਦੀ ਕਲਪਨਾ ਬੜੀ ਸਾਰਥਕ ਹੈ। ਨਾਮ ਰੰਗ ਨੂੰ ਉਨ੍ਹਾਂ ਨੇ ਮਜੀਠ ਰੰਗ ਦੇ ਰੂਪ ਵਿਚ ਕਿਆਸਿਆ ਹੈ। ਮਨੁੱਖੀ ਮਨ ਨੂੰ ਭੌਰਾ ਆਖ ਕੇ ਉਹ ਇਸ ਨੂੰ ਪ੍ਰਭੂ ਦੇ ਚਰਨ ਕੰਵਲਾਂ ਵਿਚ ਟਿਕਾਈ ਰੱਖਣ ਦਾ ਉਪਦੇਸ਼ ਦਿੰਦੇ ਹਨ। ਨਾਮ ਵਿਹੂਣੇ ਜੀਵ ਦੀ ਕਲਪਨਾ ਕਰਦਿਆਂ ਉਹ ਉਸ ਲਈ ਇੰਦਰ ਦੇਵਤੇ ਦੇ ਮਹਲ ਮਾੜੀਆਂ ਵਰਗੇ ਟਿਕਾਣੇ ਨੂੰ ਵੀ ਮਹੱਤਵਹੀਨ ਦਰਸਾਉਂਦੇ ਹਨ।

4.14.11.7 **ਸਤਿਸੰਗ ਬਾਰੇ ਕਲਪਨਾ**: ਸਤਿਸੰਗ ਦੀ ਕਲਪਨਾ 'ਮਧੁਮ ਮਖੀਰਾ' ਦੇ ਰੂਪ ਵਿਚ ਕੀਤੀ ਹੈ। ਝੂਠੇ ਵਣਜ ਦੀ ਹੱਟੀ ਸਾਧ ਸੰਗਤ ਦੀ ਕ੍ਰਿਪਾ ਨਾਲ ਸਥਿਰ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਨਿੰਦਾ ਕਰਨ ਨੂੰ ਮੈਲੇ ਕੱਪੜੇ ਧੋਣ ਨਾਲ ਤੁਲਨਾਇਆ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਦੀ ਬਾਣੀ ਉਨ੍ਹਾਂ ਦੀ ਸਵੈ ਅਨੁਭੂਤੀ ਦੀ ਅਭਿਵਿਅਕਤੀ ਹੋਣ ਦੇ ਬਾਵਜੂਦ ਉਨ੍ਹਾਂ ਦੀ ਕਲਾਪਨਿਕ ਸੂਝ ਦੀ ਗਵਾਹੀ ਵੀ ਦਿੰਦੀ ਹੈ। ਨਿੱਤ ਦੇ ਜੀਵਨ ਵਿਚੋਂ ਲਏ ਵਸਤੂ, ਪਦਾਰਥਾਂ ਅਤੇ ਜੀਵਾਂ ਦੇ ਮਾਧਿਅਮ ਰਾਹੀਂ ਉਨ੍ਹਾਂ ਨੇ ਕਲਪਨਾ ਦੀ ਅਜਿਹੀ ਉਡਾਰੀ ਲਾਈ ਹੈ ਜਿਹੜੀ ਜਨ ਸਧਾਰਨ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੈ।

## 4.15 ਸਾਰਾਂਸ਼:

ਗੁਰੂ ਰਵਿਦਾਸ ਜੀ ਉਤਰੀ ਭਾਰਤ ਵਿਚ ਪਨਪੀ ਭਗਤੀ ਲਹਿਰ ਨਾਲ ਜੁੜੇ ਇਕ ਮਹਾਨ ਸੰਤ ਸਨ, ਜਿਨ੍ਹਾਂ ਦੇ ਜਨਮ, ਜਨਮਸਥਾਨ, ਜੀਵਨ ਅਤੇ ਮ੍ਰਿਤੂ ਬਾਰੇ ਮਿਲਦੇ ਕਈ ਵੇਰਵੇ ਅਜੇ ਇਤਿਹਾਸ ਦੀ ਧੁੰਦ ਵਿਚ ਲਪੇਟੇ ਪਏ ਹਨ। ਉਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਸਵੈਅਨੁਭੂਤੀ ਤੇ ਆਧਾਰਿਤ ਸੀ, ਜਿਸਦਾ ਪ੍ਰਗਟਾ ਉਨ੍ਹਾਂ ਆਪਣੀ ਬਾਣੀ ਵਿਚ ਕੀਤਾ। ਇਸ ਬਾਣੀ ਦੇ ਪ੍ਰਮੁੱਖ ਸ਼ਰੋਤ ਗੁਰਮੁਖੀ, ਦੇਵਨਾਗਰੀ ਅਤੇ ਸੰਸਕ੍ਰਿਤ ਭਾਸ਼ਾ ਵਿਚ ਮਿਲਦੇ ਹਨ। ਪਰੰਤੂ ਉਨ੍ਹਾਂ ਦੀ ਪ੍ਰਮਾਣਿਕ ਬਾਣੀ ਸ੍ਰੀ ਆਦਿ ਗ੍ਰੰਥ ਵਿਚ ਉਨ੍ਹਾਂ ਦੇ ਨਾਂ ਹੇਠ ਗੁਰੂ ਅਰਜੁਨ ਦੇਵ ਜੀ ਦੁਆਰਾ ਦਰਜ 40 ਸ਼ਬਦ ਹੀ ਹਨ। ਬੇਸ਼ੱਕ ਆਦਿ ਗ੍ਰੰਥ ਤੋਂ ਬਾਹਰੀ ਵੀ ਉਨ੍ਹਾਂ ਦੀ ਬਾਣੀ ਮਿਲਦੀ ਹੈ। ਉਨ੍ਹਾਂ ਦੀ ਬਾਣੀ ਅਨੁਸਾਰ ਆਤਮਾ ਅਤੇ ਪਰਮਾਤਮਾ ਦਾ ਸਬੰਧ ਲਹਿਰਾਂ ਤੇ ਸਮੁੰਦਰ

ਵਾਲਾ ਹੈ। ਪਰ ਹਉਮੈਂ ਤੇ ਮਾਇਆ ਦੇ ਪ੍ਰਭਾਵ ਵਿਚ ਆ ਕੇ ਮਨੁੱਖ ਸਰਵਸ਼੍ਰੇਸ਼ਠ ਜੂਨ ਨੂੰ ਭੰਗ ਦੇ ਭਾੜੇ ਗੁਆ ਰਿਹਾ ਹੈ। ਉਸ ਨੂੰ ਜੀਵਨ ਦੇ ਨਾਸ਼ਵਾਨਤਾ ਦੇ ਤੱਥ ਨੂੰ ਸਵੀਕਾਰ ਕਰਕੇ ਨਾਮ ਸਿਮਰਨ ਰਾਹੀਂ ਪ੍ਰਭੂ ਭਗਤੀ ਵਿਚ ਲੀਨ ਹੋ ਜਾਣਾ ਚਾਹੀਦਾ ਹੈ। ਫਿਰ ਹੀ ਉਹ ਪ੍ਰਭੂ ਨਾਲ ਅਭੇਦਤਾ ਪਾ ਸਕੇਗਾ। ਉਨ੍ਹਾਂ ਨੇ ਆਪਣੇ ਇਹ ਵਿਚਾਰ ਬੜੇ ਕਾਵਿਮਈ ਢੰਗ ਨਾਲ ਅਲੰਕਾਰਿਕ, ਪ੍ਰਤੀਕਾਤਮਿਕ ਅਤੇ ਬਿੰਬਮਈ ਸ਼ੈਲੀ ਤੇ ਰਸਭਰਪੂਰ ਸ਼ਬਦਾਂ ਵਿਚ ਪ੍ਰਗਟ ਕੀਤੇ ਹਨ ਜੋ ਪੰਜਾਬੀ ਸਾਹਿਤ ਦਾ ਅਨਮੋਲ ਸਰਮਾਇਆ ਹਨ।

# ਹਵਾਲੇ ਅਤੇ ਟਿੱਪਣੀਆਂ


1. Guru Nanak and the Sikh Religion, W.H. Macleod, P-154
2. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਯਮਿਕ ਅਧਿਐਨ, ਡਾ. ਕੁਲਵੰਤ ਕੌਰ, ਪੰਨਾ 58
3. ਸੰਤ ਰਵਿਦਾਸ ਔਰ ਉਨਕਾ ਕਾਵਯ, ਰਾਮਾਨੰਦ ਸ਼ਾਸਤ੍ਰੀ, ਪੰਨਾ 50-51
4. ਹਿੰਦੀ ਵਿਸ਼ਵ ਕੋਸ਼, ਜਿਲਦ 19 (ਪੰਨਾ 613, 765)
5. ਸੰਤ ਰੈਦਾਸ, ਡਾ. ਯੋਗੇਂਦਰ ਸਿੰਘ, ਪੰਨਾ 1-5
6. ਸੰਤ ਗੁਰੂ ਰਵਿਦਾਸ ਬਾਣੀ, ਡਾ. ਬੀ.ਪੀ. ਸ਼ਰਮਾ, ਪੰਨਾ 22
7. ਪੰਜਾਬੀ ਦੁਨੀਆਂ (ਗੁਰੂ ਰਵਿਦਾਸ ਅੰਕ) ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ 8
8. ਉਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੁਰਾਮ ਚਤੁਰਵੇਦੀ, ਪੰਨਾ 239
9. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ
10. ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਇ, ਡਾ. ਪੀਤਾਂਬਰ ਦੱਤ ਬੜਥ੍ਵਾਲ, ਪੰਨਾ 102
11. ਹਿੰਦੀ ਸਾਹਿਤਯ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 136
12. ਰੈਦਾਸ ਜੀ ਕੀ ਬਾਣੀ, ਬੇਲਵੀਡਿਯਰ ਪ੍ਰਿੰਟਿੰਗ ਪ੍ਰੇਸ, ਇਲਾਹਾਬਾਦ ਪੰਨਾ 1
13. Encyclopedia of Religion of Ethics, Vol X, P-60
14. ਹਿੰਦੀ ਵਿਸ਼ਵ ਕੋਸ਼, ਖੰਡ 10
15. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪ੍ਰੋ. ਧਰਮਪਾਲ ਸਿੰਗਲ, ਪੰਨਾ 18
16. ਆਦਿ ਗ੍ਰੰਥ ਸ੍ਰੀ ਗੁਰੂ ਅਰਜੁਨ ਦੇਵ ਜੀ, ਪੰਨਾ 1293
17. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 1293
18. ਰੈਦਾਸ ਜੀ ਦੀ ਬਾਣੀ, ਬੇਲਵੀਡਿਯਰ ਪ੍ਰਿੰਟਿੰਗ ਪ੍ਰੈਸ, ਪੰਨਾ 11
19. ਸੰਤ ਰਵਿਦਾਸ ਔਰ ਉਨਕਾ ਕਾਵਯ, ਰਾਮਾਨੰਦ ਸ਼ਾਸਤ੍ਰੀ, ਪੰਨਾ 73
20. ਸੰਤ ਰਵਿਦਾਸ ਕੀ ਭਕਤੀ ਸਾਧਨਾ, ਬੀ.ਪੀ. ਸ਼ਰਮਾ, ਪੰਨਾ 7
21. ਰਵਿਦਾਸ ਦਰਸ਼ਨ, ਪ੍ਰਿਥਵੀ ਸਿੰਘ ਆਜ਼ਾਦ, ਪੰਨਾ 64
22. ਭਵਿੱਖ ਪੁਰਾਣ, ਖੰਡ 4, ਅਧਿਆਇ 18, ਸ਼ਲੋਕ 57
23. ਗੁਰੂ ਰਵਿਦਾਸ, ਪ੍ਰਿਥਵੀ ਸਿੰਘ ਆਜ਼ਾਦ, ਪੰਨਾ 17
24. ਭਗਤ ਰਵਿਦਾਸ: ਜੀਵਨੀ ਤੇ ਰਚਨਾ, ਭਾਈ ਜੋਧ ਸਿੰਘ, ਪੰਨਾ 2
25. ਸੰਤ ਰੈਦਾਸ ਔਰ ਉਨਕਾ ਪੰਥ, ਭਗਵਤਵਰਤ ਮਿਸ਼ਰ (ਅਪ੍ਰਕਾਸ਼ਿਤ ਥੀਸਿਸ)

26. The Chamars, G.W. Briggs, ਪੰਨਾ 26
27. ਹਿੰਦੀ ਸਾਹਿਤਯ ਕਾ ਇਤਿਹਾਸ, ਰਾਮਚੰਦਰ ਸ਼ੁਕਲ ਪੰਨਾ 57
28. ਹਿੰਦੀ ਸਾਹਿਯਤ ਕਾ ਆਲੋਚਨਾਤਮਕ ਇਤਿਹਾਸ, ਰਾਜ ਕੁਮਾਰ ਵਰਮਾ, ਪੰਨਾ 320
29. ਜਾਗ੍ਰਤੀ (ਰਵਿਦਾਸ ਅੰਕ) ਫਰਵਰੀ 1977, ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ 8
30. ਭਕਤੀ ਕਾ ਵਿਕਾਸ, ਮੁਨਸ਼ੀਰਾਮ, ਪੰਨਾ 414
31. Religious sects of the Hindus, H.H. Wilson, IInd Epi. P-28
32. ਹਿੰਦੀ ਵਿਸ਼ਵਕੋਸ਼, ਜ਼ਿਲਦ 19ਵੀਂ, ਪੰਨਾ 414
33. ਬ੍ਰਿਹਤ ਕੋਸ਼, ਦੂਸਰਾ ਸੰਸਕਰਣ, ਪੰਨਾ 765
34. Guru Nanak and the Sikh Religion, W.H. Macleod, P-155
35. ਸੰਤ ਸਾਹਿਤਯ, ਡਾ. ਸੁਦਰਸ਼ਨ ਸਿੰਘ ਮਜੀਠਿਆ, ਪੰਨਾ 246
36. ਹਿੰਦੀ ਸਾਹਿਤਯ ਕਾ ਆਲੋਚਨਾਤਮਕ ਅਧਿਐਨ, ਰਾਜਕੁਮਾਰ ਵਰਮਾ, ਪੰਨਾ 340
37. ਜਨਮਸਾਖੀ ਭਗਤ ਰਵਿਦਾਸ, ਬਰਕਤ ਸਿੰਘ ਆਨੰਦ, ਪੰਨਾ 40
38. ਸੰਤ ਰੈਦਾਸ ਔਰ ਉਨਕਾ ਪੰਥ, ਭਗਵੰਤ ਮਿਸ਼ਰ, ਪੰਨਾ 148
39. ਰਵਿਦਾਸ ਦਰਸ਼ਨ, ਪ੍ਰਿਥਵੀ ਸਿੰਘ ਆਜ਼ਾਦ, ਪੰਨਾ 72
40. ਭਗਤ ਸ਼ਿਰੋਮਣੀ ਰਵਿਦਾਸ, ਬ੍ਰਹਮ ਜਗਦੀਸ਼ ਸਿੰਘ, ਪੰਨਾ 14
41. 'ਸੋਢੀ ਮਿਹਰਬਾਨ ਦੀ 'ਜਨਮਸਾਖੀ" ਅੰਦਰ ਐਸੇ ਸੰਕੇਤ ਮੌਜੂਦ ਹਨ: – ਪੋਥੀ ਸੱਚਖੰਡ, ਕਿਰਪਾਲ ਸਿੰਘ (ਸੰ) ਪੰਨਾ 73
42. ਭਗਤ ਰਵਿਦਾਸ : ਸ੍ਰੋਤ ਪੁਸਤਕ, ਡਾ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 278
43. ਭਗਤ ਰਵਿਦਾਸ : ਸ੍ਰੋਤ ਪੁਸਤਕ, ਡਾ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 157
44. ਭਗਤ ਸ਼ਿਰੋਮਣੀ ਸੰਤ ਰਵਿਦਾਸ, ਬ੍ਰਹਮ ਜਗਦੀਸ਼ ਸਿੰਘ, ਪੰਨਾ 21
45. ਸ੍ਰੀ ਗੁਰੂ ਗ੍ਰੰਥ ਦਰਸ਼ਨ, ਡਾ. ਜਯਰਾਮ ਮਿਸ਼ਰ, ਪੰਨਾ 294
46. ਰੈਣਿ ਗਵਾਈ ਸੋਈ ਕੈ, ਦਿਵਸ ਗਵਾਇ ਖਾਇ।
ਹੀਰਾ ਜੈਸਾ ਜਨਮ ਹੈ, ਕਉਡੀ ਬਦਲੇ ਜਾਇ।।
ਆਦਿ ਗ੍ਰੰਥ, ਪੰਨਾ 374)
47. ਕਬੀਰਾ ਮਾਨਸ ਜਨਮ ਦੁਲੰਭੁ ਹੈ ਹੋਇ ਨ ਬਾਰੰਬਾਰ
ਜਿਉ ਬਨਫਲ ਪਾ ਕੇ ਭੁਇੰ ਗਿਰਹਿ ਬਹੁਰਿ ਨ ਲਾਗਾ ਹਿ ਡਾਰ
(ਆਦਿ ਗ੍ਰੰਥ ਪੰਨਾ 1366)
48. ਪੰਜਾਬੀ ਦੁਨੀਆਂ (ਗੁਰੂ ਰਵਿਦਾਸ ਅੰਕ) ਡਾ. ਸੀਤਾ ਰਾਮ ਬਾਹਰੀ, ਪੰਨਾ 262

# ਅਧਿਆਇ : ਪੰਜਵਾਂ

5.1 ਪਰੰਪਰਾਗਤ ਸਾਧਨਾ ਪੱਧਤੀਆਂ।

5.2 ਗੁਰੂ ਰਵਿਦਾਸ ਦੀ ਭਾਉ ਭਗਤੀ।

5.3 ਗੁਰੂ ਰਵਿਦਾਸ ਦੀ ਭਾਉ ਭਗਤੀ ਦੇ ਪ੍ਰਮੁੱਖ ਤੱਤ।

5.4 ਗੁਰੂ ਰਵਿਦਾਸ ਦੀ ਭਾਉ ਭਗਤੀ ਦੀ ਵਿਲੱਖਣਤਾਵਾਂ।

5.5 ਗੁਰੂ ਰਵਿਦਾਸ ਭਗਤੀ ਦੀ ਨਿਰਗੁਣ ਭਗਤੀ ਨਾਲ ਸਾਂਝ।

5.6 ਗੁਰੂ ਰਵਿਦਾਸ ਭਗਤੀ ਪੱਧਤੀ ਵਿਚ ਭਗਤ ਦਾ ਸੰਕਲਪ।

5.7 ਗੁਰੂ ਰਵਿਦਾਸ ਦੀ ਭਗਤੀ ਪੱਧਤੀ ਰਾਹੀਂ ਸਥਾਪਿਤ ਭਗਤ ਦੇ ਗੁਣ।

5.8 ਸਾਰਾਂਸ਼।

# ਅਧਿਆਇ ਪੰਜਵਾਂ

ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਦੇ ਵਿਸ਼ਲੇਸ਼ਣ ਅਤੇ ਵਿਵੇਚਨ ਤੋਂ ਪਹਿਲਾਂ ਗੁਰੂ ਰਵਿਦਾਸ ਤੋਂ ਪੂਰਬਵਰਤੀ ਸਮੇਂ ਵਿਚ ਪ੍ਰਚਲਤ ਸਾਧਨਾ ਪੱਧਤੀਆਂ ਬਾਰੇ ਚਰਚਾ ਕਰਨੀ ਆਵਸ਼ਕ ਹੈ।

## 5.1 ਪਰੰਪਰਾਗਤ ਸਾਧਨਾ ਪੱਧਤੀਆਂ

ਭਾਰਤੀ ਅਧਿਆਤਮਕ ਜਗਤ ਵਿਚ ਪ੍ਰਭੂ ਨਾਲ ਮਿਲਾਪ ਲਈ ਵੱਖ ਵੱਖ ਸਾਧਨਾ ਪੱਧਤੀਆਂ ਨੂੰ ਮਾਨਤਾ ਪ੍ਰਾਪਤ ਹੈ। ਇਨ੍ਹਾਂ ਸਾਧਨ ਪੱਧਤੀਆਂ ਨੂੰ ਮੂਲ ਰੂਪ ਵਿਚ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

5.1.1 ਯੋਗ ਮਾਰਗੀ ਸਾਧਨਾ ਪੱਧਤੀ

5.1.2 ਕਰਮ ਮਾਰਗੀ ਸਾਧਨਾ ਪੱਧਤੀ

5.1.3 ਗਿਆਨ ਮਾਰਗੀ ਸਾਧਨਾ ਪੱਧਤੀ

5.1.4 ਭਗਤੀ ਮਾਰਗੀ ਸਾਧਨਾ ਪੱਧਤੀ

**5.1.1 ਯੋਗ ਮਾਰਗੀ ਸਾਧਨਾ ਪੱਧਤੀ** :- ਇਸ ਸਾਧਨਾ ਪੱਧਤੀ ਦਾ ਸਬੰਧੀ ਯੋਗ ਦਰਸ਼ਨ ਨਾਲ ਹੈ। 'ਯੋਗ' ਸ਼ਬਦ ਸੰਸਕ੍ਰਿਤ ਦੀ 'ਯਜੁ' ਧਾਤੂ ਤੋਂ ਬਣਿਆ ਹੈ ਅਤੇ ਇਹ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸ ਸ਼ਬਦ ਦਾ ਸਧਾਰਨ ਅਰਥ ਹੈ ਜੋੜਨਾ ਜਾਂ ਸਬੰਧ ਕਾਇਮ ਕਰਨਾ। ਫਲਸਰੂਪ ਦਰਸ਼ਨ ਵਿਚ ਆਤਮਾ ਤੇ ਪਰਮਾਤਮਾ ਦੀ ਏਕਤਾ ਨੂੰ 'ਯੋਗ' ਕਿਹਾ ਜਾਂਦਾ ਹੈ।

ਯੋਗ ਸ਼ਬਦ ਦਾ ਵਿਸ਼ੇਸ਼ ਅਰਥ 'ਯਤਨ' ਵੀ ਹੈ। ਯਤਨ ਪੂਰਵਕ ਕੀਤੀ ਗਈ ਸਾਧਨਾ ਪ੍ਰਣਾਲੀ ਯੋਗ ਹੈ। ਪਤੰਜਲਿ ਅਨੁਸਾਰ ਚਿੱਤ ਵ੍ਰਿਤੀ ਦੇ ਨਿਰੋਧ ਨੂੰ ਯੋਗ ਕਿਹਾ ਜਾਂਦਾ ਹੈ। ਉਸ ਨੇ ਹੀ ਸਭ ਤੋਂ ਪਹਿਲਾਂ ਪੂਰਬ ਵਰਤੀ ਰਿਸ਼ੀਆਂ ਅਤੇ ਆਚਾਰਯਾਂ ਦੀਆਂ 'ਯੋਗ' ਸਬੰਧੀ ਮਾਨਤਾਵਾਂ ਅਤੇ ਸਿਧਾਂਤਾਂ ਦੇ ਅਧਾਰ ਤੇ 'ਯੋਗ-ਸੂਤ੍ਰ' ਦੀ ਰਚਨਾ ਕੀਤੀ ਜਿਸ ਵਿਚ 'ਯੋਗ' ਸਬੰਧੀ ਸੂਖਮ ਅਧਿਐਨ ਪੇਸ਼ ਕੀਤਾ ਗਿਆ। ਇਸ 'ਯੋਗ ਸੂਤ੍ਰ' ਦੇ ਕੁਲ ਚਾਰ ਪਾਦ ਹਨ। ਪਹਿਲੇ ਪਾਦ ਦਾ ਨਾਂ 'ਸਮਾਧਿ ਪਾਦ' ਹੈ। ਇਸ ਵਿਚ ਯੋਗ ਦੇ ਲੱਛਣ, ਸਰੂਪ ਅਤੇ ਉਸਦੀ ਪ੍ਰਾਪਤੀ ਦੇ ਉਪਾਅ ਦਾ ਵਰਨਣ ਅਤੇ ਚਿੱਤ ਵ੍ਰਿਤੀਆਂ ਦੇ ਭੇਦ ਲੱਛਣ ਦੱਸੇ ਗਏ ਹਨ। ਦੂਜੇ ਪਾਦ ਦਾ ਨਾਂ 'ਸਾਧਨ ਪਾਦ' ਹੈ ਜਿਸ ਵਿਚ ਅਵਿਦਿਆ ਨੂੰ ਦੂਰ ਕਰਨ ਅਤੇ ਬਿਬੇਕ ਦੀ ਪ੍ਰਾਪਤੀ ਲਈ ਯੋਗ ਦੇ ਅੱਠ ਅੰਗਾਂ-ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਹਾਰ, ਧਾਰਣਾ, ਧਿਆਨ ਅਤੇ ਸਮਾਧਿ ਦਾ ਜ਼ਿਕਰ ਕੀਤਾ ਗਿਆ ਹੈ। ਤੀਜੇ ਪਾਦ ਦਾ ਨਾਂ ਵਿਭੂਤਿਪਾਦ ਹੈ। ਇਸ ਵਿਚ ਧਾਰਣਾ, ਧਿਆਨ ਅਤੇ ਸਮਾਧਿ ਦਾ ਸਮੁੱਚਾ ਭਾਵ ਸੰਯਮ ਦੱਸਕੇ ਯੋਗੀ ਨੂੰ ਸਿੱਧੀਆਂ ਦੇ ਲੋਭ ਤੋਂ ਵਰਜਿਆ ਗਿਆ ਹੈ। ਚੌਥਾ ਪਾਦ 'ਕੈਵਲਯ-ਪਾਦ' ਇਹ ਕੈਵਲਯ ਪ੍ਰਾਪਤੀ ਲਈ ਚਿੱਤ ਦੇ ਸਰੂਪ ਅਤੇ ਯੋਗ ਦਰਸ਼ਨ ਸਬੰਧੀ ਪੈਦਾ ਹੋਣ ਵਾਲੇ ਸ਼ੰਕਿਆਂ ਦਾ ਨਿਵਾਰਣ ਕਰਦਾ ਹੈ।

ਉਪਨਿਸ਼ਦਾਂ ਤੋਂ ਗੀਤਾ, ਭਾਗਵਤ ਪੁਰਾਣ, ਯੋਗ ਵਿਸ਼ਿਸ਼ਠ ਅਤੇ ਬੁੱਧਮਤ ਆਦਿ ਤਕ ਯੋਗ ਨੂੰ ਕਿਸੇ ਨਾ ਕਿਸੇ ਰੂਪ ਵਿਚ ਮਾਨਤਾ ਪ੍ਰਾਪਤ ਸੀ, ਤਾਂਤਰਿਕਾਂ ਅਤੇ ਸਿੱਧਾਂ ਨੇ ਇਸ ਨੂੰ ਵਿਸ਼ੇਸ਼ ਮਹੱਤਾ ਦਿੱਤੀ। ਨਾਥ ਮਤ, ਵਿਚ ਇਸ ਦਾ ਮਹੱਤਵ ਏਨਾ ਵੱਧ ਚੁੱਕਾ ਸੀ ਕਿ ਇਸ ਨੂੰ ਯੋਗ ਸੰਪਰਦਾ ਜਾਂ ਯੋਗ ਮਾਰਗ ਦੇ ਨਾਂ

ਨਾਲ ਜਾਣਿਆ ਜਾਣ ਲੱਗ ਪਿਆ। ਗੋਰਖਨਾਥ ਨੇ ਹਠਯੋਗ ਦੀ ਪੁਨਰ ਸਥਾਪਨਾ ਕਰਕੇ ਇਸ ਦੀ ਮਹੱਤਾ ਨੂੰ ਹੋਰ ਵੀ ਉਜਾਗਰ ਕਰ ਦਿੱਤਾ ਪਰੰਤੂ ਮੱਧਕਾਲ ਯੋਗੀਆਂ ਦੀ ਵਿਚਾਰਗਤ ਭਿੰਨਤਾ ਕਾਰਨ ਯੋਗ ਵੀ ਅਨੇਕ ਹਿੱਸਿਆਂ ਵਿਚ ਵੰਡਿਆ ਗਿਆ ਜਿਸ ਨੂੰ ਆਸ਼ਟਾਂਗ ਯੋਗ, ਹਠਯੋਗ, ਮੰਤਰ ਯੋਗ, ਲਯ ਯੋਗ ਅਤੇ ਰਾਜ ਯੋਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੰਝ ਪਰੰਪਰਿਕ ਯੋਗ ਮਾਰਗ ਜਾਂ ਯੋਗ ਸਾਧਨਾ ਮੱਧਕਾਲ ਤਕ ਸਹਿਜ ਯੋਗ ਅਤੇ ਸ਼ਬਦ ਸੁਰਤੀ ਯੋਗ ਵਿਚ ਪਰਿਵਰਤਿਤ ਹੋ ਗਈ ਕਿਉਂਕਿ ਇਸ ਦੇ ਪਰਿਵਰਤਕ ਸਮਕਾਲੀ ਯੋਗ ਪੱਧਤੀ ਤੋਂ ਸੰਤੁਸ਼ਟ ਨਹੀਂ ਸਨ।

ਰਵਿਦਾਸ ਦੇ ਆਗਮਨ ਤੋਂ ਪੂਰਵ ਉੱਤਰੀ ਭਾਰਤ ਵਿਚ ਯੋਗ ਪੱਧਤੀ ਦਾ ਬਹੁਤ ਬੋਲਬਾਲਾ ਸੀ ਪਰੰਤੂ ਮੱਧ ਕਾਲ ਵਿਚ ਯੋਗੀ ਅਸਲੀਅਤ ਤੋਂ ਗਿਰ ਚੁੱਕੇ ਸਨ। ਯੋਗ ਮਾਰਗ ਗਿਰਾਵਟ ਦਾ ਸ਼ਿਕਾਰ ਹੋ ਚੁੱਕਾ ਸੀ। ਕੰਨ ਪੜਵਾ ਕੇ ਮੁੰਦਰਾਂ ਪਾ ਲੈਣ, ਵਿਭੂਤੀ ਮਲ਼ ਲੈਣ ਅਤੇ ਅਲਖ ਨਿਰੰਜਨ ਦਾ ਨਾਅਰਾ ਲਾ ਕੇ ਹਾਰੀ ਸਾਰੀ ਯੋਗੀ ਬਣਨ ਅਤੇ ਅਖਵਾਉਣ ਦੇ ਜਤਨ ਵਿਚ ਸੀ। ਯੋਗ ਮਾਰਗ ਵਿਚ ਆਏ ਵਿਕਾਰ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਨੂੰ ਅਸਲ ਯੋਗ ਨੂੰ ਪਰਿਭਾਸ਼ਿਤ ਕਰਨ ਲਈ ਮਜ਼ਬੂਰ ਕਰ ਦਿੱਤਾ ਜਿਸ ਕਰਕੇ ਉਨ੍ਹਾਂ ਨੇ ਯੋਗ ਦੀ ਸਹੀ ਅਰਥਾਂ ਵਿਚ ਵਿਆਖਿਆ ਕੀਤੀ। ਗੁਰੂ ਨਾਨਕ ਦਾ ਫਰਮਾਨ ਹੈ ਕਿ ਯੋਗ ਗੱਲਾਂ ਨਾਲ ਨਹੀਂ ਸਗੋਂ ਸਭ ਲਈ ਸਮ-ਦ੍ਰਿਸ਼ਟੀ ਰੱਖਣ ਨਾਲ ਹਾਸਲ ਹੁੰਦਾ ਹੈ, ਇਸੇ ਲਈ ਯੋਗ ਨਾਂ ਤੇ ਕੀਤੇ ਜਾਣ ਵਾਲੇ ਸਭ ਭੇਖ ਅਤੇ ਪਾਖੰਡ ਬੇਲੋੜੇ ਹਨ।

*ਗਲੀ ਜੋਗੁ ਨ ਹੋਈ।*
*ਏਕ ਦ੍ਰਿਸ਼ਟੀ ਕਰਿ ਸਮਸਰਿ ਜਾਣੈ*
*ਜੋਗੀ ਕਹੀਐ ਸੋਈ।*

**(ਆਦਿ ਗ੍ਰੰਥ, ਪੰਨਾ 730)**

ਗੁਰੂ ਰਵਿਦਾਸ ਜੀ ਦੇ ਸਮਕਾਲੀ ਭਗਤ ਕਬੀਰ ਜੀ ਨੇ ਵੀ ਇਸ ਸਬੰਧੀ ਟਿੱਪਣੀ ਕੀਤੀ ਹੈ।

*ਜੋਗੀ ਗੋਰਖੁ ਗੋਰਖੁ ਕਰੈ।*
*ਹਿੰਦੂ ਰਾਮ ਨਾਮ ਉਚਰੈ।*
*ਮੁਸਲਮਾਨ ਕਾ ਏਕੁ ਖੁਦਾਇ।*
*ਕਬੀਰ ਕਾ ਸੁਆਮੀ ਰਹਿਆ ਸਮਾਇ।*

**(ਆਦਿ ਗ੍ਰੰਥ, ਪੰਨਾ 1160)**

ਰਵਿਦਾਸ ਦੀ ਬਾਣੀ ਵਿਚ ਪਰੰਪਰਿਕ ਯੋਗ-ਮਾਰਗ ਦੇ ਬਾਹਰੀ ਅਡੰਬਰ ਦਾ ਖੰਡਨ ਦ੍ਰਿਸ਼ਟੀਗੋਚਰ ਹੈ। ਉਨ੍ਹਾਂ ਨੇ ਯੋਗੀ ਦੀ ਸਮਰੱਥਾ ਬਾਰੇ ਸੰਕੇਤ ਦਿੰਦਿਆਂ ਅਸਲ ਯੋਗੀ ਦੀ ਪਰਿਭਾਸ਼ਾ ਇਉਂ ਦਿੱਤੀ ਹੈ:

*ਬਰਨ ਸਹਿਤ ਜੋ ਜਾਪੇ ਨਾਮੁ।*
*ਸੋ ਜੋਗੀ ਕੇਵਲ ਨਿਹਕਾਮੁ।*

**(ਆਦਿ ਗ੍ਰੱਥ, ਪੰਨਾ 1167)**

ਰਵਿਦਾਸ ਦੇ ਵਿਚਾਰ ਅਨੁਸਾਰ ਰਿਧੀਆਂ ਸਿੱਧੀਆਂ ਜਾਂ ਬਾਹਰਮੁਖੀ ਕਰਮ ਕਾਂਡ ਵਿਚ ਪਰਚਿਆ ਮਨੁੱਖ ਯੋਗੀ ਹੋਣ ਦਾ ਦਾਅਵਾ ਨਹੀਂ ਕਰ ਸਕਦਾ ਕਿਉਂਕਿ ਅਜਿਹਾ ਕਰਨ ਉਪਰੰਤ ਵੀ ਉਸ ਦੀ ਹਉਮੈਂ

ਨਹੀਂ ਮਰਦੀ। ਆਪਣੀ ਪ੍ਰਾਪਤੀ ਦੇ ਹੰਕਾਰ ਕਰਕੇ ਯੋਗ ਪਰਮਤੱਤ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ। ਇਸ ਸਬੰਧੀ ਰਵਿਦਾਸ ਲਿਖਦੇ ਹਨ:

*ਹਮ ਬਡ ਕਬਿ ਕੁਲੀਨ ਹਮ ਪੰਡਿਤ*

*ਹਮ ਯੋਗੀ ਸੰਨਿਆਸੀ।*

*ਗਿਆਨੀ ਗੁਨੀ ਸੂਰ ਹਮ ਦਾਤੇ।*

*ਇਹ ਬੁਧਿ ਅਬਹਿ ਨਾ ਨਾਸੀ।*

**(ਆਦਿ ਗ੍ਰੰਥ, ਪੰਨਾ 974)**

ਰਵਿਦਾਸ ਬਾਣੀ ਅਨੁਸਾਰ ਕੇਵਲ ਉਹੀ ਵਿਅਕਤੀ ਯੋਗੀ ਅਖਵਾਉਣ ਦਾ ਅਧਿਕਾਰੀ ਹੈ ਜਿਹੜਾ ਸਵਾਸ ਸਵਾਸ ਪ੍ਰਭੂ ਦੀ ਸਿਫਤ ਸਲਾਹ ਕਰਦਾ ਅਤੇ ਨਾਮ ਜਪਦਾ ਹੋਇਆ ਹਰ ਪ੍ਰਕਾਰ ਦੀ ਤ੍ਰਿਸ਼ਨਾ ਤੋਂ ਮੁਕਤ ਰਹਿੰਦਾ ਹੈ। ਭਗਤ ਰਵਿਦਾਸ ਨੇ ਅਜਿਹਾ ਲਿਖਕੇ ਸਮਕਾਲੀ ਯੋਗੀਆਂ ਦੇ ਅਡੰਬਰ-ਪੂਰਨ ਜਤਨਾਂ ਨੂੰ ਸੰਕੇਤਿਕ ਕੀਤਾ ਹੈ। ਜਿਹੜੇ ਉਹ ਯੋਗ ਸਾਧਨਾ ਦੀ ਆੜ ਲੈ ਕੇ ਕਰ ਰਹੇ ਸਨ। ਉਨ੍ਹਾਂ ਦਾ ਮਤ ਹੈ ਕਿ ਵੱਡੇ ਵੱਡੇ ਯੋਗੀ ਵੀ ਪਰਮ ਸੱਤ ਦੀ ਨਹੀਂ ਪਾ ਸਕੇ।

ਰਿਧੀਆਂ ਸਿੱਧੀਆਂ ਜਾਂ ਯੋਗਿਕ ਸਾਧਨਾਵਾਂ ਨਾਲ ਪਰਮਾਤਮਾ ਦੀ ਬੇਅੰਤਤਾ ਨੂੰ ਸਮਝਣਾ ਸੰਭਵ ਨਹੀਂ, ਉਸ ਨੂੰ ਪਾਉਣ ਦਾ ਇਕੋ ਇਕ ਸਾਧਨ ਪ੍ਰੇਮ ਭਗਤੀ ਹੈ।

ਯੋਗ ਸਾਧਨਾ ਦੀ ਪਰਿਭਾਸ਼ਿਕ ਸ਼ਬਦਾਵਲੀ ਵੀ ਰਵਿਦਾਸ ਬਾਣੀ ਵਿਚ ਕਈ ਥਾਵਾਂ ਤੇ ਦ੍ਰਿਸ਼ਟੀਗੋਚਰ ਹੈ ਭਾਵੇਂ ਰਵਿਦਾਸ ਨੇ ਇਸ ਦਾ ਪ੍ਰਯੋਗ ਪਰੰਪਰਿਕ ਅਰਥਾਂ ਵਿਚ ਨਹੀਂ ਸਗੋਂ ਪਰਿਵਰਤਿਤ ਅਰਥਾਂ ਵਿਚ ਕੀਤਾ ਹੈ, ਉਨਮਨ ਅਤੇ ਸਮਾਧਿ ਪਦ ਇਸ ਦੇ ਸਪੱਸ਼ਟ ਉਦਾਹਰਨ ਹਨ। ਉਨਮਨੀ ਹਠਯੋਗ ਦੀਆਂ ਅਨੇਕ ਮੁਦ੍ਰਾਵਾਂ ਵਿਚੋਂ ਇਕ ਮੁਦ੍ਰਾ ਹੈ। ਇਸ ਵਿਚ ਯੋਗੀ ਭੋਹਾਂ ਨੂੰ ਉਪਰ ਵੱਲ ਖਿੱਚਕੇ ਨੱਕ ਉਤੇ ਨਜ਼ਰ ਟਿਕਾਉਂਦਾ ਹੈ। ਜਦੋਂ ਯੋਗੀ ਸੁਖਮਨਾ ਨੂੰ ਜਗਾ ਲੈਂਦਾ ਹੈ ਤਾਂ ਸਵਾਸ ਇਸ ਵਿਚੀ ਚੱਲਣ ਲੱਗ ਪੈਂਦਾ ਹੈ। ਇਸ ਨੂੰ ਯੋਗ ਮਾਰਗ ਦਾ ਪਰਿਭਾਸ਼ਿਕ ਸ਼ਬਦ 'ਉਨਮਨੀ' ਕਿਹਾ ਜਾਂਦਾ ਹੈ। ਇਸ ਪ੍ਰਕਾਰ, ਯੋਗ ਮਾਰਗ ਦਾ ਪਾਰਿਭਾਸ਼ਿਕ ਸ਼ਬਦ ਉਨਮਨੀ ਰਵਿਦਾਸ ਬਾਣੀ ਵਿਚ ਉਨਮਨ ਬਣ ਗਿਆ ਹੈ ਜਿਹੜਾ ਇਥੇ ਪਰਮਾਤਮਾ ਲਈ ਮਿਲਣ ਤਾਂਘ ਦੇ ਅਰਥਾਂ ਵਿਚ ਪ੍ਰਯੁਕਤ ਹੈ। ਪ੍ਰਭੂ ਭਗਤ ਦੇ ਮਨ ਹੀ ਮਨ ਉਸ ਨੂੰ ਮਿਲਣ ਦੀ ਤਾਂਘ ਪ੍ਰਬਲ ਰਹਿੰਦੀ ਹੈ ਅਤੇ ਉਸਨੂੰ ਅੰਤਰ ਆਤਮ ਪ੍ਰਭੂ ਦਾ ਵਸਲ ਪ੍ਰਾਪਤ ਹੋ ਜਾਂਦਾ ਹੈ। ਪਰੋਖ ਰੂਪ ਵਿਚ, ਰਵਿਦਾਸ ਵੱਲੋਂ ਪ੍ਰਯੁਕਤ, ਉਨਮਨ ਸ਼ਬਦ ਯੋਗ ਮਾਰਗ ਦੇ ਉਨਮਨੀ ਪਦ ਦਾ ਪੁਨਰ ਵਿਵੇਚਨ ਹੈ।

*ਉਨਮਨ ਮਨ ਮਨ ਹੀ ਮਿਲੇ।*

*ਛੁਟਕਤ ਬਜਰ ਕਪਾਟ।*

**(ਆਦਿ ਗ੍ਰੰਥ ਪੰਨਾ 346)**

ਸਮਾਧੀ ਨੂੰ ਯੋਗ ਦਾ ਅੰਤਿਮ ਅੰਗ ਸਵੀਕਾਰਿਆ ਗਿਆ ਹੈ ਪਰੰਤੂ ਰਵਿਦਾਸ ਬਾਣੀ ਵਿਚ ਸਮਾਧੀ ਪਦ ਸਹਜ ਸਮਾਧਿ ਵਿਚ ਪਰਿਵਰਤਿਤ ਹੋ ਗਿਆ ਹੈ।

*ਸਹਜ ਸਮਾਧਿ ਉਪਾਧਿ ਰਹਤ ਫੁਨਿ*

*ਬਡੈ ਭਾਗਿ ਲਿਵ ਲਾਗੀ।*

*ਕਹਿ ਰਵਿਦਾਸੁ ਪ੍ਰਗਾਸੁ ਰਿਦੈ ਧਰਿ*

*ਜਨਮ ਮਰਨ ਭੈ ਭਾਗੀ।*

(ਆਦਿ ਗ੍ਰੰਥ, ਪੰਨਾ 346)

ਸਹਜ ਸਮਾਧਿ ਪਦ ਆਤਮਿਕ ਅਡੋਲਤਾ, ਮਨ ਦੇ ਪੂਰਨ ਟਿਕਾਉ ਅਤੇ ਇੰਦਰਿਆਵੀ ਜਿੱਤ ਦਾ ਸੂਚਕ ਹੈ। ਸੰਸਾਰਿਕਤਾ ਤੋਂ ਨਿਰਲੇਪ ਹੋ ਚੁੱਕੇ ਮਨ ਦੀ ਲਿਵ ਜਦੋਂ ਪ੍ਰਭੂ ਚਰਨਾਂ ਨਾਲ ਜੁੜ ਜਾਵੇ ਤਾਂ ਸਹਜ ਸਮਾਧਿ ਦੀ ਅਵਸਥਾ ਹੁੰਦੀ ਹੈ। ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਸਹਜ ਸਮਾਧਿ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ: 'ਹਠਯੋਗ ਦੇ ਕਸ਼ਟ ਸਾਧਨਾ ਤੋਂ ਬਿਨਾਂ ਸੁਗਮ ਸਮਾਧਿ ਜੋਗੀਆਂ ਦੀ ਹਠ ਸਮਾਧਿ ਹੈ ਤੇ ਸਿੱਖਾਂ ਦੀ ਸਹਜ ਸਮਾਧਿ। ਅੱਠੇ ਪਹਿਰ ਕਥਾ ਕੀਰਤਨ ਵਿਚ ਗੁਜ਼ਾਰਦੇ ਹਨ, ਉਨ੍ਹਾਂ ਦੇ ਸਵਾਸ ਬਿਰਥਾ ਨਹੀਂ ਜਾਂਦੇ।' ਰਵਿਦਾਸ ਦੀ ਬਾਣੀ ਵਿਚ ਮੌਜੂਦ ਸ਼ਬਦ 'ਇੰਦ੍ਰੀ ਸਬਲ' ਅਤੇ 'ਨਿਗ੍ਰਹ' ਆਦਿ ਵੀ ਯੋਗ ਸਾਧਨਾ ਦੇ ਸੰਕੇਤਿਕ ਹਨ।

*ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ*

*ਪਰਮਾਰਥ ਪਰਵੇਸ ਨਹੀਂ।*

(ਆਦਿ ਗ੍ਰੰਥ, ਪੰਨਾ 658)

ਪਰੰਤੂ ਉਨ੍ਹਾਂ ਦੀ ਬਾਣੀ ਸਪੱਸ਼ਟ ਸੰਕੇਤ ਕਰਦੀ ਹੈ ਕਿ ਜੀਵ ਦੀ ਯੋਗ ਰਾਹੀਂ ਕਠਨ ਘਾਲਣਾ ਨਾਲ ਇੰਦਰੀਆਂ ਨੂੰ ਨਿਯੰਤ੍ਰਿਤ ਕਰਨ ਦੇ ਜਤਨ ਵਿਅਰਥ ਹਨ ਜੇਕਰ ਉਨ੍ਹਾਂ ਦੀ ਬੁੱਧੀ ਤੇ ਬਿਬੇਕ ਨਿਰਬਲ ਹੈ।

ਇਸ ਵਿਵੇਚਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਪੂਰਵ-ਪ੍ਰਚਲਿਤ ਯੋਗ ਮਾਰਗ ਵਿਚ ਕੋਈ ਆਸਥਾ ਨਹੀਂ ਸਨ ਰੱਖਦੇ, ਸਗੋਂ ਉਨ੍ਹਾਂ ਨੇ ਵਾਸਤਵਿਕ ਯੋਗ ਅਤੇ ਯੋਗੀ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਦੇ ਯੋਗ ਨੂੰ ਸਹਜ ਯੋਗ ਦਾ ਨਾਂ ਦਿੱਤਾ ਜਾ ਸਕਦਾ ਹੈ ਜਿਹੜਾ ਕਿਸੇ ਬਾਹਰਮੁਖੀ ਕਰਮ ਕਾਂਡ ਦਾ ਮੁਥਾਜ ਨਹੀਂ।

5.1.2 **ਕਰਮ ਮਾਰਗੀ ਸਾਧਨਾ ਪੱਧਤੀ** : ਪਰਮਾਤਮਾ ਪ੍ਰਾਪਤੀ ਲਈ ਸਵੀਕ੍ਰਿਤ ਸਾਧਨਾ ਪੱਧਤੀਆਂ ਵਿਚੋਂ ਕਰਮ-ਮਾਰਗੀ ਪੱਧਤੀ ਦਾ ਵਿਸ਼ੇਸ਼ ਸਥਾਨ ਹੈ। ਇਸ ਸਾਧਨਾ ਦਾ ਸਬੰਧ ਮਨੁੱਖੀ ਕਰਮਾਂ ਨਾਲ ਹੈ। ਪ੍ਰਾਣੀ ਇਸ ਸੰਸਾਰ ਵਿਚ ਹਰ ਵਕਤ ਕੁਝ ਨ ਕੁਝ ਕੰਮ, ਚੇਸ਼ਟਾ, ਯਤਨ ਕ੍ਰਿਆ ਆਦਿ ਕਰਦਾ ਹੈ। ਇਹ ਸਭ ਉਸ ਦਾ ਕਰਮ ਹੈ। ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਹੋ ਜਿਹਾ ਹੀ ਉਸ ਨੂੰ ਫਲ ਭੋਗਣਾ ਪੈਂਦਾ ਹੈ। ਇਹ ਗੱਲ ਸਿਧਾਂਤ ਰੂਪ ਦੇਣ ਵੇਲੇ 'ਕਰਮਵਾਦ' ਅਖਵਾਉਂਦਾ ਹੈ। ਕਰਮਵਾਦ ਤੇ ਅਧਾਰਿਤ ਸਾਧਨਾ ਪੱਧਤੀ ਮਨੁੱਖ ਨੂੰ ਅਧਿਆਤਮਕ ਤੇ ਉੱਚ ਨੈਤਿਕ ਕਰਮ ਕਰਨ ਵੱਲ ਪ੍ਰੇਰਦੀ ਹੈ। ਜਿਸ ਨਾਲ ਉਹ ਆਵਾਗਮਨ ਦੇ ਚੱਕਰ ਤੋਂ ਬਚ ਸਕੇ ਅਤੇ ਭਵਸਾਗਰ ਤੋਂ ਪਾਰ ਹੋ ਕੇ ਪਰਮਾਤਮਾ ਦੇ ਨਾਲ ਇਕਮਿਕਤਾ ਪ੍ਰਾਪਤ ਕਰ ਸਕੇ।

ਵੇਦਾਂ ਵਿਚ ਸਵਰਗ ਦੀ ਪ੍ਰਾਪਤੀ ਲਈ ਯੋਗ ਕਰਮ ਉਤੇ ਬਲ ਦਿੱਤਾ ਗਿਆ ਹੈ। ਭਾਰਤੀ ਧਰਮ-ਸਾਧਨਾ ਵਿਚ ਨਰਕ ਅਤੇ ਸਵਰਗ ਦਾ ਨਿਬੇੜਾ ਕਿਰਤ ਕਰਮਾਂ ਉਤੇ ਨਿਰਭਰ ਮੰਨਿਆ ਗਿਆ ਹੈ। ਇਸ

ਲਈ ਭਾਰਤੀ ਧਾਰਮਿਕ ਪਰੰਪਰਾਵਾਂ ਵਿਚ ਪੂਜਾ ਪਾਠ, ਯੋਗ, ਸੇਵਾ, ਉਪਾਸਨਾ ਨੂੰ ਸ਼ੁੱਭ ਕਰਮ ਮੰਨਿਆ ਗਿਆ ਹੈ। ਭਗਵਦ ਗੀਤਾ ਵਿਚ ਇਹ ਧਾਰਨਾ ਕਰਮ ਯੋਗ ਦੇ ਰੂਪ ਵਿਚ ਉਭਰੀ ਹੈ ਅਤੇ ਨਿਸ਼ਕਾਮ ਕਰਮ ਕਰਨ ਉਤੇ ਬਲ ਦਿੱਤਾ ਗਿਆ ਹੈ। ਗੀਤਾ ਦੇ ਤੀਸਰੇ ਅਧਿਆਇ ਦੇ 4-5 ਸ਼ਲੋਕ ਅਨੁਸਾਰ ਕਰਮ ਅਵਸ਼ ਕਰਨੇ ਪੈਂਦੇ ਹਨ, ਕਰਮ ਨ ਕਰਨ ਨਾਲ ਕੋਈ ਕਰਮਾਂ ਤੋਂ ਮੁਕਤ ਨਹੀਂ ਹੋ ਸਕਦਾ, ਨ ਸਿੱਧੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਕਰਮ ਕਰਨਾ ਇਕ ਵਿਵਸ਼ਤਾ ਹੈ। ਬੁੱਧ ਅਤੇ ਜੈਨ ਵਰਗੇ ਨਾਸਤਿਕ ਧਰਮਾਂ ਵਿਚ ਵੀ ਸੰਯਮ ਅਤੇ ਸਦਾਚਾਰ ਦੇ ਰੂਪ ਵਿਚ ਕਰਮਾਂ (ਮਦ, ਮਾਸ, ਮੈਥੁਨ, ਮੁਦ੍ਰਾ, ਮਤਸਯ) ਦੀ ਪਾਲਨਾ ਨੂੰ ਕਰਮ ਦਾ ਨਾਂ ਦਿੱਤਾ ਗਿਆ ਹੈ। ਅਦਵੈਤ-ਵੇਦਾਂਤ ਵਿਚ ਗਿਆਨ ਅਤੇ ਵੈਰਾਗ ਅਧਾਰਿਤ ਕਰਮਾਂ ਨੂੰ ਸ਼੍ਰੇਸ਼ਠ ਕਰਮ ਸਵੀਕਾਰ ਕੀਤਾ ਗਿਆ ਹੈ। ਪੂਰਵ ਮੀਮਾਂਸਾ ਵਿਚ ਯੱਗ, ਉਪਾਸਨਾ ਨੂੰ ਸ਼ੁੱਭ ਕਰਮ ਕਿਹਾ ਗਿਆ ਹੈ। ਈਸਾਈ ਮੱਤ ਅਤੇ ਇਸਲਾਮ ਵਿਚ ਵੀ ਕਰਮ ਦਾ ਮਹੱਤਵ ਬਿਆਨਿਆ ਗਿਆ ਹੈ। ਈਸਾਈ ਮੱਤ ਅਤੇ ਇਸਲਾਮ ਵਿਚ ਕਰਮ ਸਿਧਾਂਤ ਨੂੰ ਕਿਸੇ ਨ ਕਿਸੇ ਰੂਪ ਵਿਚ ਅਪਣਾਇਆ ਗਿਆ ਹੈ। ਅੰਤਰ ਕੇਵਲ ਇਸ ਦੀ ਵਿਆਖਿਆ, ਪ੍ਰਕ੍ਰਿਆ ਅਤੇ ਸਰੂਪ ਵਿਚ ਹੈ।

ਮੱਧਯੁੱਗ ਦੇ ਸੰਤਾਂ ਨੇ ਪਰੰਪਰਾਗਤ ਕਰਮਵਾਦ ਦੇ ਸਿਧਾਂਤ ਨੂੰ ਮੰਨਕੇ ਯੁੱਗ ਦੀ ਲੋੜ ਅਨੁਸਾਰ ਇਸਦੀ ਨਰੋਈ ਵਿਆਖਿਆ ਅਤੇ ਸਥਾਪਨਾ ਕੀਤੀ। ਇਸ ਯੁੱਗ ਦੀਆਂ ਸਾਰੀਆਂ ਧਰਮ ਸਾਧਨਾਵਾਂ ਚੂੰਕਿ ਆਚਾਰ-ਪ੍ਰਧਾਨ ਅਤੇ ਸਾਤਵਿਕ ਰੁਚੀਆਂ ਵਾਲੀਆਂ ਸਨ ਅਤੇ ਅਧਿਆਤਮਕ ਉਨੱਤੀ ਵਿਚ ਮਨੁੱਖ ਨੂੰ ਤਤਪਰ ਕਰਨਾ ਉਨ੍ਹਾਂ ਦਾ ਉਦੇਸ਼ ਸੀ, ਇਸ ਲਈ ਲਗਭਗ ਸਾਰੀਆਂ ਸੰਪ੍ਰਦਾਵਾਂ ਕਰਮਵਾਦ ਦੇ ਸਿਧਾਂਤ ਅਤੇ ਉਸ ਦੀ ਪ੍ਰਕਿਰਿਆਤਮਕ ਵਿਧੀ ਆਵਾਗਵਣ ਨੂੰ ਮੰਨਕੇ ਚਲੀਆਂ ਕਿਉਂਕਿ ਅਜਿਹੀ ਮਾਨਤਾ ਸਥਾਪਿਤ ਕਰਨ ਨਾਲ ਹੀ ਉਹ ਮਨੁੱਖ ਨੂੰ ਸਦ ਕਰਮਾਂ ਵੱਲ ਪ੍ਰੇਰਿਤ ਕਰਨ ਲਈ ਸਫਲ ਹੋ ਸਕਦੀਆਂ ਸਨ। ਇਸ ਲਈ ਉਨ੍ਹਾਂ ਨੇ ਜਨਸਾਧਾਰਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਹਰ ਪ੍ਰਾਣੀ ਨੂੰ ਕਰਮ ਫਲ ਨੂੰ ਭੋਗਣ ਲਈ ਸ਼ਰੀਰ ਦਾ ਆਸਰਾ ਲੈਣਾ ਪੈਂਦਾ ਹੈ। ਸ਼ਰੀਰ ਤਿੰਨ ਪ੍ਰਕਾਰ ਦੇ ਹਨ- ਕਾਰਣ ਸ਼ਰੀਰ, ਲਿੰਗ ਜਾਂ ਸੂਖਮ ਸ਼ਰੀਰ ਅਤੇ ਸਥੂਲ ਸ਼ਰੀਰ। ਕਾਰਣ ਸ਼ਰੀਰ ਨੂੰ ਮਾਇਆ ਕਿਹਾ ਜਾਂ ਹੈ ਕਿਉਂਕਿ ਜੀਵ ਦੇ ਵਾਸਤਵਿਕ ਗਿਆਨ ਨੂੰ ਢੱਕਣ ਵਾਲੀ ਮਾਯਾ ਹੀ ਜੀਵ ਦੇ ਅਗਲੇ ਸ਼ਰੀਰ ਦਾ ਕਾਰਨ ਬਣਦੀ ਹੈ। ਕਾਰਣ ਸ਼ਰੀਰ ਤੋਂ ਸੂਖਮ ਸ਼ਰੀਰ ਪੈਦਾ ਹੁੰਦਾ ਹੈ। ਇਸ ਨਾਲ ਅਗਿਆਨੀ ਜੀਵ ਨੂੰ ਵਾਸਨਾ ਰੂਪੀ ਕਰਮ ਫਲਾਂ ਦਾ ਅਨੁਭਵ ਹੁੰਦਾ ਹੈ ਅਤੇ ਸਥੂਲ ਸ਼ਰੀਰ ਆਕਾਸ਼, ਪਾਣੀ, ਹਵਾ, ਅਗਨੀ ਅਤੇ ਧਰਤੀ ਦੇ ਸਹਿਯੋਗ ਨਾਲ ਸੁੱਖ ਦੁੱਖ ਦੇ ਭੋਗ ਲਈ ਬਣਦਾ ਹੈ ਅਤੇ ਇਸ ਰਾਹੀਂ ਨਵੇਂ ਕਰਮ ਕੀਤੇ ਜਾਂਦੇ ਹਨ। ਕਰਮ ਹੀ ਅੱਗੋਂ ਸੰਚਿਤ, ਪ੍ਰਾਲਬਧ ਅਤੇ ਵਰਤਮਾਨ ਰੂਪਾਂ ਵਿਚ ਵੰਡੇ ਜਾਂਦੇ ਹਨ। ਪਹਿਲੇ ਜਨਮ ਵਿਚ ਕੀਤੇ ਕਰਮ ਸੰਚਿਤ ਹਨ। ਵਰਤਮਾਨ ਜਨਮ ਵਿਚ ਕੀਤੇ ਕਰਮ ਅਗਲੇ ਜਨਮ ਦੇ ਸੰਚਿਤ ਕਰਮ ਹਨ ਅਤੇ ਜਿਨ੍ਹਾਂ ਕਰਮਾਂ ਦਾ ਫਲ ਭੋਗਿਆ ਜਾ ਰਿਹਾ ਹੈ ਉਹ ਪ੍ਰਾਲਬਧ ਕਰਮ ਹਨ। ਇਸ ਤਰ੍ਹਾਂ ਕਰਮਾਂ ਦਾ ਚੱਕਰ ਚਲਦਾ ਹੈ ਅਤੇ ਕਰਮਾਂ ਅਨੁਸਾਰ ਪ੍ਰਾਣੀ ਬਾਰ-ਬਾਰ ਜਨਮ ਲੈਂਦਾ ਹੈ। ਇਹੀ ਆਵਾਗਮਨ ਹੈ। ਇਸ ਤੋਂ ਬੱਚਕੇ ਨਿਕਲਣਾ ਸਰਲ ਨਹੀਂ ਹੈ। ਸ਼ੁਭ ਅਤੇ ਅਸ਼ੁਭ ਕਰਮਾਂ ਅਨੁਸਾਰ ਮਨੁੱਖ ਚੌਰਾਸੀ ਲੱਖ ਜੂਨਾਂ ਭੁਗਤਦਾ ਹੈ। ਇਨ੍ਹਾਂ ਜੂਨਾਂ ਵਿਚ ਸਰਬ ਸ਼੍ਰੇਸ਼ਠ ਅਤੇ ਖਤਰਨਾਕ ਜੂਨ ਮਨੁੱਖ ਦੀ ਹੀ ਹੈ ਕਿਉਂਕਿ ਇਹ ਜਿਥੇ ਭਵਸਾਗਰ ਤੋਂ ਪਾਰ ਉਤਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਉਥੇ ਭੈੜੇ ਕਰਮਾਂ ਰਾਹੀਂ ਮੁੜ ਚੌਰਾਸੀ ਦੇ ਫੇਰ ਵਿਚ ਪਾ ਦਿੰਦੀ ਹੈ।

ਇਹ ਸਾਧਨਾ ਪ੍ਰਣਾਲੀ ਸ਼ਰੀਰਕ, ਨੈਤਿਕ ਅਤੇ ਅਧਿਆਤਮਕ ਕਰਮਾਂ ਦੀ ਹੋਂਦ ਪੁਸ਼ਟ ਕਰਦੀ ਹੋਈ ਅਧਿਆਤਮਕ ਕਰਮਾਂ ਨੂੰ ਮਹੱਤਵਪੂਰਣ ਮੰਨਦੀ ਹੈ। ਇਹ ਕਰਮਾਂ ਨੂੰ ਸ਼ੁੱਭ ਅਤੇ ਅਸ਼ੁੱਭ ਦੋ ਭਾਗਾਂ ਵਿਚ

ਵੰਡਦੀ ਹੈ ਅਤੇ ਮਨੁੱਖ ਸ਼ੁੱਭ ਅਤੇ ਅਧਿਆਤਮਕ ਕਰਮ ਨਾਲ ਆਵਾਗਮਨ ਦੇ ਚੱਕਰ ਤੋਂ ਮੁਕਤ ਹੋਣ ਦਾ ਰਾਹ ਦਿਖਾਉਂਦੀ ਹੈ। ਇਹ ਪੱਧਤੀ ਇਹ ਤੱਥ ਵੀ ਜੀਵ ਅੱਗੇ ਸਪੱਸ਼ਟ ਕਰਦੀ ਹੈ ਕਿ ਉਹ ਕਰਮ ਕਰਨ ਵਿਚ ਤਾਂ ਸੁਤੰਤਰ ਹੈ ਪਰ ਫਲ ਭੁਗਤਣ ਵਿਚ ਨਹੀਂ। ਕਰਮਾਂ ਦਾ ਲੇਖਾ ਜੋਖਾ ਕੇਵਲ ਪਰਮਾਤਮਾ ਦੇ ਹੱਥ ਵਿਚ ਹੈ।

ਗੁਰਮਤਿ ਅਨੁਸਾਰ ਕਰਮ ਵੱਸ ਜੀਵ ਜਿਸ ਪ੍ਰਕਾਰ ਵਿਚਰਦਾ ਹੈ ਉਸੇ ਪ੍ਰਕਾਰ ਦਾ ਫਲ ਪ੍ਰਾਪਤ ਕਰਦਾ ਹੈ। ਕਾਲ ਦੀ ਫਾਹੀ ਨੂੰ ਖੋਲ੍ਹਣਾ ਉਸ ਦੇ ਵੱਸ ਤੋਂ ਬਾਹਰ ਹੈ।

***ਫਲੁ ਤੇਵੈਹੋ ਪਾਇਐ ਜੇਵੇਹੀ ਕਾਰ ਕਮਾਈਐ।***

**(ਆਦਿ ਗ੍ਰੰਥ, ਪੰਨਾ 486)**

ਪਰਿਵਾਰਿਕ ਰਿਸ਼ਤਿਆਂ ਦੇ ਮੋਹ ਕਰਕੇ ਜੀਵ ਬੁਰੇ ਤੋਂ ਬੁਰਾ ਕਰਮ ਕਰਨੋਂ ਵੀ ਸੰਕੋਚ ਨਹੀਂ ਕਰਦਾ ਪਰੰਤੂ ਇਨ੍ਹਾਂ ਕਰਮਾਂ ਦਾ ਉਸ ਨੂੰ ਬਕਾਇਦਾ ਲੇਖਾ ਜੋਖਾ ਦੇਣਾ ਪੈਂਦਾ ਹੈ।

***ਜੈਸਾ ਬੀਜੈ ਸੋ ਲੁਣੇ ਜੋ ਖਟੈ ਸੋ ਖਾਇ।***

**(ਆਦਿ ਗ੍ਰੰਥ, ਪੰਨਾ 730)**

ਗੁਰਮਤਿ ਅਨੁਸਾਰ ਆਪਣੀ ਕਾਰ ਮੁਤਾਬਕ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਸਿੱਖ ਧਰਮ ਵਿਚ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਅਤੇ ਨਿਤਨੇਮ ਕਰਨਾ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨੀ ਸਤਿਸੰਗ ਕਰਨਾ, ਹਉਮੈਂ ਦਾ ਤਿਆਗ ਅਤੇ ਹਲੀਮੀ ਧਾਰਨ ਕਰਨਾ ਸ਼ੁੱਭ ਕਰਮ ਹਨ ਜਦਕਿ ਮਾਰ-ਕੁੱਟ, ਹਿੰਸਾ, ਧਨ ਪ੍ਰਾਪਤੀ ਜਾਂ ਪੁੱਤਰ ਪ੍ਰਾਪਤੀ ਦਾ ਹੰਕਾਰ, ਹਉਮੈਂ, ਵਿਕਾਰਾਂ ਦਾ ਮੋਹ, ਪਰਾਈ ਵਸਤੂ ਤੇ ਨਜ਼ਰ, ਨਿੰਦਾ ਨੂੰ ਅਸ਼ੁੱਭ ਕਰਮਾਂ ਵਿਚ ਰੱਖਿਆ ਗਿਆ ਹੈ।

ਸਨਾਤਨੀ ਹਿੰਦੂ ਧਰਮ ਵਿਚ ਵੀ ਯੱਗ, ਹਵਨ, ਪੂਜਾ, ਦਾਨ, ਤੀਰਥ ਯਾਤਰਾ, ਸ਼ਾਸਤ੍ਰ-ਅਧਿਐਨ ਨੂੰ ਸ਼ੁੱਭ ਕਰਮਾਂ ਵਿਚ ਰੱਖਿਆ ਗਿਆ ਹੈ। ਵਰਤ, ਪੂਜਾ, ਦੀਪ ਦਾਨ, ਆਦਿ ਵੀ ਅਜਿਹੇ ਸ਼ੁੱਭ ਕਰਮ ਹਨ ਜੋ ਸਵਰਗ ਦੀ ਪ੍ਰਾਪਤੀ ਦਾ ਕਾਰਨ ਬਣਦੇ ਹਨ। ਸਮਾਂ ਪਾ ਕੇ ਹਿੰਦੂ ਦਰਮ ਵਿਚ ਇਹ ਕਰਮ ਭੇਖਾਂ ਤੇ ਆਡੰਬਰਾਂ ਦਾ ਰੂਪ ਧਾਰ ਗਏ ਅਤੇ ਇਨ੍ਹਾਂ ਦੇ ਆਸਰੇ ਹੀ ਪੁਰੋਹਿਤ ਵਰਗ ਆਮ ਜਨਤਾ ਨੂੰ ਸ਼ੋਸ਼ਿਤ ਕਰਨ ਲੱਗੇ।

ਗੁਰੂ ਰਵਿਦਾਸ ਦੀ ਬਾਣੀ ਵਿਚ ਵੀ ਦੋ ਪ੍ਰਕਾਰ ਦੇ ਕਰਮਾਂ ਦਾ ਸੰਕੇਤ ਮਿਲਦਾ ਹੈ। ਉਹ ਇਸ ਨੂੰ ਕਰਮ ਤੇ ਅਕਰਮ ਦਾ ਨਾਂ ਦਿੰਦੇ ਹਨ।

***ਕਰਮ ਅਕਰਮ ਬੀਚਾਰੀਐ,***

***ਸ਼ੰਕਾ ਸੁਨਿ ਬੇਦ ਪੁਰਾਨ।।***

**(ਆਦਿ ਗ੍ਰੰਥ, ਪੰਨਾ 346)**

ਉਨ੍ਹਾਂ ਦਾ ਵਿਚਾਰ ਸੀ ਕਿ ਚੰਗੇ ਕਰਮਾਂ ਦੇ ਫਲ ਕਾਰਨ ਦੁਰਲੱਭ ਮਨੁੱਖ ਜਨਮ ਹਾਸਲ ਹੋ ਸਕਦਾ ਹੈ ਜਦੋਂ ਕਿ ਅਕਰਮਾਂ ਕਰਕੇ ਜੀਵ 'ਤ੍ਰਿਗਦ ਜੋਨੀ' ਵਿਚ ਹੀ ਘੁੰਮਦਾ ਰਹਿੰਦਾ ਹੈ। ਉਨ੍ਹਾਂ ਨੇ ਕਰਮਵਾਦ ਦੇ ਸਿਧਾਂਤ ਅਨੁਸਾਰ ਹੀ ਪੁਨਰਜਨਮ ਅਤੇ ਆਵਾਗਮਨ ਦੇ ਚੱਕਰ ਨੂੰ ਵੀ ਸਵੀਕਾਰ ਕੀਤਾ ਹੈ। ਧਰਮ ਪੁਸਤਕਾਂ ਵਿਚ ਸਤਿਜੁਗ, ਤ੍ਰੇਤਾ ਅਤੇ ਦੁਆਪਰਿ ਲਈ ਨਿਸ਼ਚਿਤ ਕਰਮ ਧਰਮ ਦਾ ਹਵਾਲਾ ਦਿੰਦਿਆਂ ਉਹ ਆਖਦੇ

ਹਨ ਕਿ ਇਨ੍ਹਾਂ ਯੁੱਗਾਂ ਵਿਚ ਵੰਡੇ ਹੋਏ ਕਰਮ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਉਤਰਿਆ ਜਾ ਸਕਦਾ। ਕੋਈ ਪੰਡਤ, ਪੁਰੋਹਿਤ ਇਸ ਗੱਲ ਦੀ ਸੋਝੀ ਨਹੀਂ ਦਿੰਦਾ ਕਿ ਉਹ ਕਰਮ ਕਿਹੜੇ ਹਨ ਜਿਸ ਨਾਲ ਇਨਸਾਨ ਭਵਸਾਗਰ ਤੋਂ ਪਾਰ ਹੋ ਸਕਦਾ ਹੈ। ਜੀਵ ਆਪਣੇ ਮਨ, ਬਚਨ ਅਤੇ ਕਰਤੂਤਾਂ ਕਰਕੇ ਦੁਨੀਆ ਦੇ ਸਵਾਦਾਂ ਪਿੱਛੇ ਦੌੜਦਾ ਫਿਰਦਾ ਹੈ ਪਰ ਇਸ ਗੱਲੋਂ ਸਦਾ ਅਚੇਤ ਰਹਿੰਦਾ ਹੈ ਕਿ ਮੌਤ ਆ ਜਾਣ ਤੇ ਇਹੀ ਕਰਮ ਉਸਦੇ ਦੁੱਖ ਦਾ ਕਾਰਨ ਬਨਣਗੇ। ਇਸ ਲਈ ਮਨੁੱਖ ਨੂੰ ਪਾਪ ਤੇ ਪੁੰਨ ਦੀ ਸੋਚ ਰੱਖਦੇ ਹੋਏ ਨੇਕ ਕਰਮ ਕਰਨੇ ਚਾਹੀਦੇ ਹਨ।

ਇਸੇ ਲਈ ਹੀ ਉਨ੍ਹਾਂ ਹਿੰਦੂ ਸਨਾਤਨੀ ਧਰਮ ਵਿਚ ਕਹੇ ਕਰਮਾਂ ਨੂੰ ਸਹਿਜੇ ਹੀ ਅਸਵੀਕਾਰ ਕਰ ਦਿੱਤਾ। ਉਨ੍ਹਾਂ ਅਠਾਹਠ ਤੀਰਥਾਂ ਦੇ ਇਸ਼ਨਾਨ, ਬਾਰਾਂ ਸ਼ਿਵਲਿੰਗਾਂ ਦੀ ਪੂਜਾ, ਲੋਕ ਭਲਾਈ ਲਈ ਪੁਟਵਾਏ ਖੂਹ ਤੇ ਤਲਾਬ, ਕੁਲਖੇਤ੍ਰ ਗ੍ਰਹਿਣ ਦੇ ਇਸ਼ਨਾਨ, ਗਹਿਣਿਆਂ ਸਮੇਤ ਕੀਤਾ ਜਾਂਦਾ ਤ੍ਰੀਮਤ ਦਾਨ, ਸਮ੍ਰਿਤੀਆਂ ਦੇ ਪਾਠ ਦਾ ਸ਼੍ਰਵਣ, ਠਾਕੁਰ ਜੀ ਨੂੰ ਲਗਾਏ ਜਾਂਦੇ ਭੋਗ ਅਤੇ ਜ਼ਮੀਨ ਦਾਇਦਾਦ ਦੇ ਦਾਨ ਨੂੰ ਵਿਅਰਥ ਦੱਸਿਆ ਅਤੇ ਬਾਰ ਬਾਰ ਜੀਵ ਨੂੰ ਸੰਤ ਦੀ ਨਿੰਦਾ ਤੋਂ ਵੀ ਵਰਜਿਆ।

ਉਨ੍ਹਾਂ ਨੇ ਪੰਜਾਂ ਵਿਕਾਰਾਂ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਦੇ ਪ੍ਰਭਾਵ ਵੀ ਆ ਕੇ ਕੀਤੇ ਕਰਮਾਂ ਨੂੰ ਮਨੁੱਖ ਦੇ ਵਿਨਾਸ਼ ਦਾ ਕਾਰਨ ਦੱਸਿਆ ਤੇ ਬਾਰ ਬਾਰ ਉਸ ਨੂੰ ਚੇਤਾਇਆ ਕਿ ਪ੍ਰਭੂ ਦੇ ਨਾਂ ਬਿਨਾਂ ਬਾਕੀ ਸਭ ਕਰਮ ਵਿਅਰਥ ਹਨ ਅਤੇ ਉਸ ਨੂੰ ਜੂਨਾਂ ਦੇ ਚੱਕਰ ਤੋਂ ਬਚਾ ਨਹੀਂ ਸਕਦੇ।

*ਮਨ ਬਚ ਕ੍ਰਮ ਰਸ ਕਸਹਿ ਲੁਭਾਨਾ,*

*ਬਿਨਸਿ ਗਇਆ ਜਾਇ ਕਹੂੰ ਸਮਾਨਾ॥*

**(ਆਦਿ ਗ੍ਰੰਥ, ਪੰਨਾ 487)**

ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਬਾਣੀ ਵਿਚ ਕਰਮ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ ਪਰੰਤੂ ਇਸ ਨੂੰ ਸਿਧਾਂਤ ਵਿਸ਼ੇਸ਼ ਦੇ ਰੂਪ ਵਿਚ ਨਹੀਂ ਵਿਚਾਰਿਆ ਪਰੰਤੂ ਫਿਰ ਵੀ ਉਨ੍ਹਾਂ ਦੀ ਬਾਣੀ ਵਿਚ ਪੇਸ਼ ਹੋਏ ਕਰਮ ਦੇ ਮਹੱਤਵ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

5.1.3 **ਗਿਆਨ ਮਾਰਗੀ ਸਾਧਨਾ ਪੱਧਤੀ** : ਸਾਧਕ ਦੀ ਸਾਧਨਾ ਜਦੋਂ ਗਿਆਨ ਨਾਲ ਸਬੰਧਿਤ ਹੁੰਦੀ ਤਾਂ ਉਸ ਨੂੰ ਗਿਆਨ ਯੋਗ ਜਾਂ ਗਿਆਨ ਮਾਰਗੀ ਸਾਧਨਾ ਪੱਧਤੀ ਕਿਹਾ ਜਾਂਦਾ ਹੈ। ਇਸ ਗਿਆਨ ਯੋਗ ਸਾਧਨਾ ਪੱਧਤੀ ਵਿਚ ਗਿਆਨ ਤੋਂ ਭਾਵ ਕੇਵਲ ਸ਼ਾਬਦਿਕ ਗਿਆਨ ਜਾਂ ਸਿਰਫ ਮਾਨਸਿਕ ਕਿਰਿਆ ਨਹੀਂ ਹੈ। **ਗਿਆਨ ਮਾਰਗ ਅਨੁਸਾਰ**, 'ਮਾਨਸਿਕ ਕਿਰਿਆ ਰੂਪੀ ਗਿਆਨ ਹੋ ਜਾਣ ਉਪਰੰਤ ਮਨੁੱਖ ਜਤਨ ਕਰਦਾ ਹੈ ਅਤੇ ਜਤਨ ਦੇ ਇਸ ਮਾਰਗ ਦੇ ਅੰਤ ਵਿਚ ਹੀ ਉਸ ਨੂੰ ਪਰਮ ਤਤਵ ਭਾਵ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।[1)

ਇਸ ਤਰ੍ਹਾਂ ਗਿਆਨ ਤੋਂ ਭਾਵ ਸਾਰੇ ਜੀਵਾਂ ਵਿਚ ਇਕ ਹੀ ਆਤਮਾ ਨੂੰ ਵਿਆਪਕ ਮੰਨਣਾ ਹੈ ਅਤੇ ਇਸ ਭਾਵ ਨੂੰ ਹਮੇਸ਼ਾ ਬਣਾਏ ਰੱਖਣਾ ਗਿਆਨ ਦੀ ਚਰਮ ਸੀਮਾ ਹੈ।

**ਸਾਧੂ ਨਿਸ਼ਚਲਦਾਸ** ਦੀ ਰਚਨਾ, **'ਵਿਚਾਰੁ ਸਾਗਰ'** ਵਿਚ ਵੇਦਾਂਤ ਨੂੰ ਆਧਾਰ ਬਣਾਕੇ ਗਿਆਨ ਦੇ ਅੱਠ ਸਾਧਨ ਮੰਨੇ ਗਏ ਹਨ। ਇਹ ਅੱਠ ਸਾਧਨ ਹਨ: ਵਿਵੇਕ, ਵੈਰਾਗ, ਸ਼ਟ-ਸੰਪਤੀ (ਸ਼ਮ, ਦਮ, ਸ਼ਰਧਾ,

ਸਮਾਧਾਮ, ਉਪਰਾਮ ਅਤੇ ਤਿਤਿਕਸ਼ਾ) ਮੁਮੁਕਸ਼ਤਵ, ਸ਼੍ਰਵਣ, ਮਨਨ, ਨਿਦਿਆਸਨ ਅਤੇ ਤਤਪਦ ਅਤੇ ਤਵੰ ਪਦ ਦੇ ਅਰਥ ਦਾ ਸ਼ੋਧਨ।[2]

ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਗਿਆਨ ਦਾ ਵਿਸ਼ੇਸ਼ ਸਥਾਨ ਹੈ। ਇਸੇ ਕਰਕੇ ਲਗਭਗ ਸਭ ਫਲਸਫਿਆਂ, ਮਤਾਂ ਅਤੇ ਧਰਮਾਂ ਵਿਚ ਗਿਆਨ ਨੂੰ ਖਾਸੀ ਮਹੱਤਾ ਪ੍ਰਾਪਤ ਰਹੀ ਹੈ। ਗਿਆਨ ਨੂੰ ਮੋਕਸ਼ ਪ੍ਰਾਪਤੀ ਦੇ ਸਾਧਨਾਂ ਵਿਚੋਂ ਇਕ ਸਾਧਨ ਸਵੀਕਾਰਿਆ ਗਿਆ ਹੈ ਪਰੰਤੂ ਵਿਚਾਰਧਾਰਾਵਾਂ ਦੇ ਵੱਖਰੇਵੇਂ ਕਾਰਨ ਗਿਆਨ ਦੇ ਸਰੂਪ ਅਤੇ ਗਿਆਨ ਪ੍ਰਾਪਤੀ ਦੇ ਸਾਧਨਾਂ ਵਿਚ ਵੀ ਵੱਖਰੇਵਾਂ ਹੈ।

ਗੁਰਮਤ ਅਨੁਸਾਰ ਗਿਆਨ ਬਿਬੇਕ ਦਵਾਰਾ ਪ੍ਰਾਪਤ ਕਰਨ ਵਾਲਾ ਕੋਈ ਸੰਕਲਪ ਮਾਤਰ ਨਹੀਂ। ਸਗੋਂ ਇਸ ਅਨੁਸਾਰ ਆਤਮਾ ਨੂੰ ਆਪਣੀ ਵਾਸਵਿਕਤਾ ਦੀ ਸੋਝੀ ਹੋ ਜਾਣੀ ਹੀ ਗਿਆਨ ਹੈ।

*ਜੋ ਪ੍ਰਾਣੀ ਗੋਵਿੰਦ ਧਿਆਵੈ*

*ਪੜਿਆ ਅਣਪੜਿਆ ਪਰਮ ਗਤਿ ਪਾਵੈ।*

**(ਆਦਿ ਗ੍ਰੰਥ, ਪੰਨਾ 197)**

ਗਿਆਨ ਕਿਧਰੇ ਬਾਹਰੋਂ ਨਹੀਂ ਆਉਂਦਾ ਬਲਕਿ ਸਰੀਰ ਵਿਚ ਬੈਠ ਕੇ ਵਿਚਾਰ ਕੀਤਿਆਂ ਪ੍ਰਾਪਤ ਹੁੰਦਾ ਹੈ। **ਸਰਦੂਲ ਸਿੰਘ ਕਵੀਸ਼ਰ** ਇਸ ਨੂੰ ਪਰਿਭਾਸ਼ਿਤ ਕਰਦੇ ਲਿਖਦੇ ਹਨ, "ਜਦ ਹਉਮੈਂ ਮਿਟ ਜਾਏ ਤੇ ਮਨੁੱਖੀ ਆਤਮਾ ਆਪਣੇ ਆਪ ਨੂੰ ਪਰਮਾਤਮਾ ਦੇ ਅਰਪਣ ਕਰ ਦੇਵੇ ਤਾਂ ਇਹਨੂੰ ਉਸ ਪਰਮਸਤ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਜਿਹੜਾ ਇਹਨੂੰ ਮਾਇਆ ਦੇ ਜਾਲ ਵਿਚ ਫਸਣ ਕਰਕੇ ਭੁੱਲ ਗਿਆ ਸੀ।"[3] ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਦੋਂ ਅੰਤਰ ਦ੍ਰਿਸ਼ਟੀ ਨਾਲ ਅਜਿਹਾ ਗਿਆਨ ਹਾਸਲ ਜਾਵੇ ਤਾਂ ਸਭ ਭਰਮ-ਭੁਲੇਖੇ ਮਿਟ ਜਾਂਦੇ ਹਨ। ਦੁਚਿੱਤੀ, ਤ੍ਰਿਸ਼ਨਾ ਅਤੇ ਮਾਇਆ ਤੋਂ ਜੀਵ ਨੂੰ ਛੁਟਕਾਰਾ ਮਿਲ ਜਾਂਦਾ ਹੈ। ਦੁਰਮਤ ਦਾ ਭਾਂਡਾ ਭੁੱਟ ਜਾਂਦਾ ਹੈ ਅਤੇ ਗਿਆਨ ਦੀ ਇਸ ਹਨੇਰੀ ਪਿੱਛੋਂ ਅਜਿਹਾ ਅੰਮ੍ਰਿਤ ਜਲ ਬਰਸਦਾ ਹੈ ਕਿ ਸਾਧਕ ਉਸ ਨਾਲ ਤਰੋ-ਤਰ ਹੋ ਜਾਂਦਾ ਹੈ ਅਤੇ ਜੀਵ ਦੇ ਅੰਦਰ ਬਾਹਰ ਚਾਨਣ ਹੋ ਜਾਂਦਾ ਹੈ।

ਗੁਰੂ ਨਾਨਕ ਅਨੁਸਾਰ ਬੁੱਧੀ ਅਤੇ ਇੰਦਰੀਆਂ ਰਾਹੀਂ ਹਾਸਲ ਕੀਤਾ ਗਿਆਨ ਜੀਵ ਲਈ ਹੋਰ ਵੀ ਦੁੱਖ ਤੇ ਮੁਸੀਬਤ ਦਾ ਕਾਰਨ ਬਣਦਾ ਹੈ। ਇਹ ਉਸ ਦੇ ਬੰਧਨਾਂ ਨੂੰ ਹੋਰ ਪੱਕੇ ਪੀਡੇ ਕਰਦਾ ਹੈ।

*ਗਿਆਨੁ ਗਿਆਨੁ ਕਥੈ ਸਭੁ ਕੋਈ।*

*ਕਥਿ ਕਥਿ ਬਾਦੁ ਕਰੇ ਦੁਖੁ ਹੋਈ।*

**(ਆਦਿ ਗ੍ਰੰਥ, ਪੰਨਾ 831)**

ਅਤੇ

*ਗਿਆਨੁ ਧਿਆਨੁ ਸਭੁ ਕੋਈ ਰਵੈ।*

*ਬਾਂਧਨਿ ਬਾਂਧਿਆ ਸਭੁ ਜਗੁ ਭਵੈ।*

**(ਆਦਿ ਗ੍ਰੰਥ, ਪੰਨਾ 728)**

ਇਸ ਬੌਧਿਕ ਗਿਆਨ ਨੂੰ ਗੁਰੂ ਅਮਰਦਾਸ 'ਚੁੰਚ ਗਿਆਨ' ਦੀ ਸੰਗਿਆ ਦਿੰਦੇ ਹਨ।

*ਜਗੁ ਕਉਆ ਮੁਖਿ ਚੁੰਚ ਗਿਆਨ।*

*ਅੰਤਰਿ ਲੋਭੁ ਝੂਠੁ ਅਭਿਮਾਨੁ।*

**(ਆਦਿ ਗ੍ਰੰਥ, ਪੰਨਾ 832)**

ਰਵਿਦਾਸ ਬਾਣੀ ਅਨੁਭਵੀ ਗਿਆਨ ਦੀ ਮਹੱਤਾ ਨੂੰ ਪ੍ਰਤਿਪਾਦਿਤ ਕਰਦੀ ਹੈ। ਉਨ੍ਹਾਂ ਨੇ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਗਿਆਨ ਦੇ ਮਹੱਤਵ ਨੂੰ ਸਵੀਕਾਰਿਆ ਅਵੱਸ਼ ਹੈ ਪਰੰਤੂ ਰਵਿਦਾਸ ਅਨੁਸਾਰ ਸਹੀ ਅਤੇ ਸ੍ਰੇਸ਼ਠ ਗਿਆਨ ਗੁਰ ਗਿਆਨ ਹੈ, ਪੁਸਤਕੀ ਗਿਆਨ ਨਹੀਂ। ਇਸ ਬਾਰੇ ਆਪ ਲਿਖਦੇ ਹਨ:

*ਰਵਿਦਾਸ ਦਾਸ ਉਦਾਸ ਤਜੁ ਭ੍ਰਮੁ*

*ਤਪਨ ਤਪੁ ਗੁਰ ਗਿਆਨ।*

*ਭਗਤ ਜਨ ਭੈ ਹਰਨ*

*ਪਰਮਾਨੰਦ ਕਰਹੁ ਨਿਦਾਨ।*

**(ਆਦਿ ਗ੍ਰੰਥ, ਪੰਨਾ 486)**

ਸਤਿਗੁਰੂ ਦੇ ਦਿੱਤੇ ਗਿਆਨ ਨੂੰ ਉਹ ਤਪਾਂ ਦਾ ਤਪ ਆਖਦੇ ਹਨ ਕਿਉਂਕਿ ਸਤਿਗੁਰੂ ਦੇ ਗਿਆਨ ਨਾਲ ਜੀਵ ਵਿਸ਼ੇ ਵਿਕਾਰਾਂ ਦੇ ਮੋਹ ਤੋਂ ਬਚ ਕੇ ਪਰਮ ਆਨੰਦ ਨੂੰ ਮਾਣ ਸਕਦਾ ਹੈ। ਅਨੁਭਵ ਤੋਂ ਪ੍ਰਾਪਤ ਇਸ ਗਿਆਨ ਨਾਲ ਜੀਵ ਨੂੰ ਆਤਮਿਕ ਜੀਵਨ ਦੀ ਸੋਝੀ ਹੋ ਜਾਂਦੀ ਹੈ ਅਤੇ ਉਸ ਦਾ ਅੰਦਰ ਬਾਹਰ ਪ੍ਰਕਾਸ਼ਮਾਨ ਹੋ ਉਠਦਾ ਹੈ। ਪਰਮਾਤਮਾ ਉਸਨੂੰ ਮਿਹਰ ਕਰਕੇ, ਆਪਣਾ ਬਣਾ ਲੈਂਦਾ ਹੈ ਜਿਸ ਕਰਕੇ ਜੀਵ ਦੀ ਮੈਂ ਮੇਰੀ ਖਤਮ ਹੋ ਜਾਂਦੀ ਹੈ।

*ਉਪਜਿਓ ਗਿਆਨੁ ਹੂਆ ਪਰਗਾਸਿ।*

*ਕਰਿ ਕਿਰਪਾ ਲੀਨੇ ਕੀਟ ਦਾਸ।*

*ਕਹੁ ਰਵਿਦਾਸ ਅਬ ਤ੍ਰਿਸ਼ਨਾ ਚੂਕੀ।*

*ਜਪਿ ਮੁਕੰਦ ਸੇਵਾ ਤਾਹੂ ਕੀ।*

**(ਆਦਿ ਗ੍ਰੰਥ, ਪੰਨਾ 875)**

ਇੰਞ, ਰਵਿਦਾਸ ਦੀ ਪ੍ਰਮੁੱਖ ਸਾਧਨਾ ਭਾਵੇਂ ਭਗਤੀ ਸਾਧਨਾ ਹੈ, ਪਰੰਤੂ ਉਹ ਕਰਮ ਵਾਂਗ ਗਿਆਨ ਦੇ ਮਹੱਤਵ ਤੋਂ ਵੀ ਇਨਕਾਰੀ ਨਹੀਂ। ਉਨ੍ਹਾਂ ਦੀ ਭਗਤੀ ਸਾਧਨਾ ਵਿਚ ਕਰਮ ਅਤੇ ਗਿਆਨ ਮਾਰਗ ਸਹਾਇਕ ਦੇ ਤੌਰ 'ਤੇ ਕੰਮ ਕਰਦੇ ਹਨ।

ਰਵਿਦਾਸ ਬਾਣੀ ਅਨੁਸਾਰ ਜਿਸ ਵਡਭਾਗੀ ਪੁਰਖ ਦੀ ਸੁਰਤ ਪ੍ਰਭੂ ਚਰਨਾਂ ਨਾਲ ਜੁੜ ਜਾਵੇ, ਉਹ ਹਮੇਸ਼ਾ ਆਤਮਿਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ। ਅਨੁਭੂਤ ਗਿਆਨ ਨਾਲ ਉਸ ਦੇ ਜਨਮ ਮਰਨ ਦੇ ਕਲੇਸ਼ ਕੱਟੇ ਜਾਂਦੇ ਹਨ।

ਰਵਿਦਾਸ ਦੇ ਗਿਆਨ ਸਿਧਾਂਤ ਨੂੰ ਦੋ ਹਿੱਸਿਆਂ ਵਿਚ ਵਿਚਾਰਿਆ ਜਾ ਸਕਦਾ ਹੈ। ਪਹਿਲੇ ਨੂੰ ਮੌਖਿਕ, ਸ਼ਾਸਤਰੀ, ਵਾਚਕ ਜਾਂ ਸੰਸਾਰਿਕ ਗਿਆਨ ਅਤੇ ਦੂਸਰੇ ਨੂੰ ਆਤਮ, ਬ੍ਰਹਮ ਜਾਂ ਤੱਤ ਗਿਆਨ ਆਖਿਆ ਜਾ

ਸਕਦਾ ਹੈ। ਰਵਿਦਾਸ ਬਾਣੀ ਵਿਚ ਮੌਖਿਕ ਤੇ ਸ਼ਾਸਤਰੀ ਗਿਆਨ ਦਾ ਖੰਡਨ ਕੀਤਾ ਗਿਆ ਹੈ ਅਤੇ 'ਗੁਨੀ ਗਿਆਨੀ' ਨੂੰ ਲੰਮੇ ਹੱਥੀਂ ਲਿਆ ਗਿਆ ਹੈ ਕਿਉਂਕਿ ਪੁਸਤਕੀ ਗਿਆਨ ਹਾਸਲ ਕਰ ਲੈਣ ਵਾਲਾ ਵਿਅਕਤੀ ਆਪਣੀ ਪ੍ਰਾਪਤੀ 'ਤੇ ਮਾਣ ਕਰਦਾ ਨਹੀਂ ਥੱਕਦਾ। ਰਵਿਦਾਸ ਲਿਖਦੇ ਹਨ:

*ਹਮ ਬਡ ਕਬਿ ਕੁਲੀਨ ਹਮ ਪੰਡਿਤ*

*ਹਮ ਜੋਗੀ ਸੰਨਿਆਸੀ।*

*ਗਿਆਨੀ ਗੁਨੀ ਸੂਰ ਹਮ ਦਾਤੇ*

*ਇਹ ਬੁਧਿ ਕਬਹਿ ਨ ਨਾਸੀ।*

**(ਆਦਿ ਗ੍ਰੰਥ, ਪੰਨਾ 964)**

ਉਨ੍ਹਾਂ ਨੇ ਪੁਰਾਣਾਂ ਦੇ ਅਨੇਕ ਪ੍ਰਕਾਰ ਦੇ ਪ੍ਰਸੰਗਾਂ ਅਤੇ ਵੇਦਾਂ ਵਿਚ ਦਰਸਾਈਆਂ ਵਿਧੀਆਂ ਨੂੰ ਚੌਤੀ ਅੱਖਰਾਂ ਦੀ ਵਾਕ ਰਚਨਾ ਕਿਹਾ ਹੈ। ਇਹ ਅੱਖਰੀਂ/ਸ਼ਾਸਤਰੀ ਗਿਆਨ ਉਸ ਅਨੁਭਵੀ ਗਿਆਨ ਦੇ ਸਾਹਮਣੇ ਤੁੱਛ ਹੈ ਜਿਹੜਾ ਉਸ ਪ੍ਰਭੂ ਨਾਲ ਪ੍ਰੀਤ ਕਰਨ ਤੇ ਪੈਦਾ ਹੁੰਦਾ ਹੈ। ਵੇਦਾਂ ਦੇ ਖੋਜੀ ਵਿਆਸ ਰਿਸ਼ੀ ਦੇ ਹਵਾਲੇ ਨਾਲ ਗੁਰੂ ਰਵਿਦਾਸ ਫਰਮਾਉਂਦੇ ਹਨ ਕਿ ਪੁਸਤਕੀ ਗਿਆਨ ਪਰਮਾਤਮਾ ਦੇ ਨਾਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦਾ। ਸ਼ਾਸਤਰੀ ਗਿਆਨ ਨਾਲ ਗਿਆਤਾ ਵਿਚ ਆਪਣੀ ਵਿਦਵੱਤਾ ਦਾ ਹੋਰ ਹੰਕਾਰ ਪੈਦਾ ਹੋ ਜਾਂਦਾ ਹੈ, ਇਸ ਲਈ ਜਿਸ ਗਿਆਨ ਨਾਲ ਹਉਮੈ ਵਧੇਰੇ ਤੀਬਰ ਹੋਵੇ, ਮੋਹ ਮਾਇਆ ਤੋਂ ਖਹਿੜਾ ਨਾ ਛੁੱਟੇ ਅਤੇ ਸੁਰਤ ਪ੍ਰਭੂ-ਚਰਨਾਂ ਵਿਚ ਨਾ ਜੁੜੇ ਉਸ ਗਿਆਨ ਨਾਲ ਪਰਮਪਦ ਦੀ ਪ੍ਰਾਪਤੀ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ।

*ਨਾਨਾ ਖਿਆਨ ਪੁਰਾਨ ਬੇਦ ਬਿਧਿ*

*ਚਉਤੀਸ ਅਖਰ ਮਾਂਹੀ।*

*ਬਿਆਸ ਬਿਚਾਰਿ ਕਹਿਓ ਪਰਮਾਰਥੁ*

*ਰਾਮ ਨਾਮ ਸਰਿ ਨਾਹੀ।*

**(ਆਦਿ ਗ੍ਰੰਥ ਪੰਨਾ 658)**

ਗੁਰੂ ਰਵਿਦਾਸ ਨੂੰ ਪੁਸਤਕੀ ਗਿਆਨ ਦੇ ਸਹਾਰੇ ਬਣੇ ਧਰਮ ਦੇ ਠੇਕੇਦਾਰਾਂ ਦਾ ਵੀ ਜ਼ਿਕਰ ਕੀਤਾ ਹੈ। ਸ਼ਾਸਤਰੀ ਗਿਆਨਵੇਤਾ, ਬਿਪ੍ਰ ਵੀ ਭਗਤ ਰਵਿਦਾਸ ਦੇ ਅਨੁਭਵੀ ਗਿਆਨ ਸਾਹਮਣੇ ਡੰਡਉਤ ਬੰਦਨਾ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਗਿਆਨ ਵਿਹੂਣੇ ਜੀਵਾਂ ਦੀ ਤ੍ਰਾਸਦੀ ਹੈ ਕਿ ਅਗਿਆਨਤਾ ਨੇ ਉਨ੍ਹਾਂ ਦੇ ਬਿਬੇਕ ਦੀਪ ਨੂੰ ਮਲੀਨ ਕਰ ਦਿੱਤਾ ਹੈ ਜਿਸ ਕਰਕੇ ਉਨ੍ਹਾਂ ਨੂੰ ਸੱਚੇ ਗਿਆਨ ਦੀ ਸੋਝੀ ਨਹੀਂ ਹੁੰਦੀ।

ਗੁਰੂ ਰਵਿਦਾਸ ਗਿਆਨ ਦੀ ਪ੍ਰਾਪਤੀ ਲਈ ਕਰਮ ਅਭਿਆਸ ਦਾ ਵਿਸ਼ੇਸ਼ ਮਹੱਤਵ ਸਵੀਕਾਰਦੇ ਹਨ। ਜਿਵੇਂ ਫਲ ਤੋਂ ਪਹਿਲਾਂ ਫੁੱਲ ਦੀ ਅਵਸਥਾ ਹੈ ਤਿਵੇਂ ਹੀ ਗਿਆਨ ਤੋਂ ਪਹਿਲਾਂ ਕਰਮ ਦੀ। ਹਰ ਪ੍ਰਕਾਰ ਦੇ ਕਰਮ ਗਿਆਨ ਹਾਸਲ ਕਰਨ ਲਈ ਹੀ ਕੀਤੇ ਜਾਂਦੇ ਹਨ। ਦੁੱਧ ਰਿੜਕਣ ਵਾਲੀ ਇਸਤਰੀ ਦੇ ਉਦਾਹਰਨ ਰਾਹੀਂ ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਜਿਵੇਂ ਘਿਓ ਦੀ ਪ੍ਰਾਪਤੀ ਤੋਂ ਪਹਿਲਾਂ ਪ੍ਰਕ੍ਰਿਆ ਉਸ ਇਸਤਰੀ ਲਈ ਮਹੱਤਵਹੀਣ ਹੋ ਜਾਂਦੀ ਹੈ ਤਿਵੇਂ ਹੀ ਗਿਆਨ ਹੋ ਜਾਣ ਤੇ ਗਿਆਨ ਲਈ ਕੀਤੇ ਯਤਨਾਂ ਦਾ ਕੋਈ ਮਹੱਤਵ

ਨਹੀਂ ਰਹਿ ਜਾਂਦਾ। ਅਸਲੀਅਤ ਦੇ ਗਿਆਨ ਉਪਰੰਤ ਸਭ ਜੀਵ ਵਿਸ਼ੇ ਵਿਕਾਰਾਂ ਤੋਂ ਨਿਰਲੇਪ ਹੋ ਜਾਂਦਾ ਹੈ। ਸੱਚੇ ਗਿਆਨ ਨੂੰ ਹਾਸਲ ਕਰਨ ਲਈ ਰਵਿਦਾਸ ਸਵੈ-ਅਨੁਭੂਤੀ 'ਤੇ ਬਲ ਦਿੰਦੇ ਹਨ। ਪ੍ਰਭੂ ਦਾ ਨਾਮ ਪੜ੍ਹਨ, ਸੁਣਨ ਅਤੇ ਵਿਚਾਰਨ ਉਪਰੰਤ ਵੀ ਜੀਵ ਦੇ ਅੰਦਰ ਬੱਝੀ ਸਹਿਮ ਦੀ ਗੰਢ ਨਹੀਂ ਖੁੱਲ੍ਹਦੀ। ਲੋਹਾ ਉਦੋਂ ਤੱਕ ਸੋਨੇ ਵਿਚ ਪਰਿਵਰਤਿਤ ਨਹੀਂ ਹੋ ਸਕਦਾ ਜਦੋਂ ਤੱਕ ਉਹ ਪਾਰਸ ਦੀ ਛੂਹ ਪ੍ਰਾਪਤ ਨਹੀਂ ਕਰ ਲੈਂਦਾ। ਇਵੇਂ ਹੀ ਜੀਵਾਤਮਾ ਵੀ ਉਸ ਸਮੇਂ ਤੱਕ ਪਰਮਾਤਮਾ ਨਾਲ ਅਭੇਦ ਨਹੀਂ ਹੋ ਸਕਦੀ ਜਦੋਂ ਤੱਕ ਉਹ ਗੁਰੂ ਦੇ ਗਿਆਨ ਅਨੁਸਾਰ ਆਤਮਿਕ ਉਚਤਾ ਨੂੰ ਪ੍ਰਾਪਤ ਨਹੀਂ ਕਰ ਲੈਂਦੀ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਦੀ ਭਗਤੀ ਸਾਧਨਾ ਵਿਚ ਗਿਆਨ ਦਾ ਵਿਸ਼ੇਸ਼ ਮਹੱਤਵ ਹੈ ਪਰੰਤੂ ਉਹ ਸ਼ਾਸਤਰੀ ਗਿਆਨ ਦੀ ਬਜਾਇ ਅਨੁਭਵੀ ਗਿਆਨ ਨੂੰ ਸ਼੍ਰੇਸ਼ਠ ਸਮਝਦੇ ਹਨ। ਪੁਸਤਕੀ ਗਿਆਨਵਾਨਾਂ ਦੀ ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਕਿਉਂਕਿ ਅਜਿਹਾ ਅੱਖਰੀ ਗਿਆਨ ਉਨ੍ਹਾਂ ਦੀ ਹਉਮੈਂ ਨੂੰ ਹੋਰ ਪੱਠੇ ਪਾਉਂਦਾ ਹੈ। ਇੰਞ, ਗਿਆਨ ਨੂੰ ਉਨ੍ਹਾਂ ਨੇ ਵਿਸ਼ੇਸ਼ ਸਿਧਾਂਤ ਦੇ ਤੌਰ 'ਤੇ ਭਾਵੇਂ ਨਹੀਂ ਸਵੀਕਾਰਿਆ ਪਰੰਤੂ ਪ੍ਰੇਮ ਭਗਤੀ ਲਈ ਕਰਮ-ਅਭਿਆਸ ਵਾਂਗ ਹੀ ਗਿਆਨ ਨੂੰ ਵੀ ਮਹੱਤਵਪੂਰਨ ਸਥਾਨ ਦਿੱਤਾ ਹੈ।

5.1.4 **ਭਗਤੀ ਮਾਰਗੀ ਸਾਧਨਾ ਪੱਧਤੀ**: ਸਾਧਨਾ ਦਾ ਇਹ ਰੂਪ ਬਹੁਤ ਪ੍ਰਾਚੀਨ ਹੈ। ਵੇਦਾਂ, ਉਪਨਿਸ਼ਦਾਂ ਤੋਂ ਲੈ ਕੇ ਦੇਵਰਿਸ਼ੀ ਨਾਰਦ ਦੇ ਭਗਤੀ ਸੂਤਰ ਵਿਚ ਇਸ ਸਾਧਨਾ ਦੀ ਵਿਆਖਿਆ ਮਿਲਦੀ ਹੈ। ਗੀਤਾ, ਭਾਗਵਤ ਪੁਰਾਣ, ਸ਼ਾਂਡਿਲਯ ਭਗਤੀ ਸੂਤਰ ਅਤੇ ਭਗਤੀ ਦੇ ਸਾਰ ਭਗਤੀਰਸਾਮ੍ਰਿਤ ਸਿੰਧੂ ਵਿਚ ਇਸ ਸਾਧਨਾ ਪੱਧਤੀ ਬਾਰੇ ਵਿਸਤ੍ਰਿਤ ਰੂਪ ਵਿਚ ਚਰਚਾ ਕੀਤੀ ਗਈ ਹੈ। ਦੱਖਣ ਦੇ ਭਗਤੀ ਆਚਾਰੀਆ ਨੇ ਭਗਤੀ ਮਾਰਗ ਨੂੰ ਜਨ ਸਧਾਰਣ ਵਿਚ ਲੋਕਪ੍ਰਿਅ ਬਨਾਉਣ ਲਈ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਇਸ ਨੂੰ ਇਕ ਮਾਤਰ ਸੰਕਲਪ ਤੋਂ ਲੋਕਾਂ ਦੇ ਅਮਲੀ ਜੀਵਨ ਦਾ ਇਕ ਹਿੱਸਾ ਬਣਾ ਦਿੱਤਾ।

ਵੱਖ ਵਖ ਭਗਤੀ ਅਚਾਰੀਆਂ ਨੇ ਭਗਤੀ ਸਿਧਾਂਤ ਦੀ ਵੱਖਰੀ ਵੱਖਰੀ ਪਰਿਭਾਸ਼ਾ ਦਿੱਤੀ ਹੈ ਪਰੰਤੂ ਮੋਟੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਪ੍ਰਤੀ ਪਰਮ ਅਨੁਰਾਗ ਹੀ ਭਗਤੀ ਹੈ।

**ਰਾਧਾਕ੍ਰਿਸ਼ਨਨ**[4] ਅਨੁਸਾਰ ਭਗਤੀ ਕਿਸੇ ਇਕੱਲੇ ਵਿਅਕਤੀ ਦੀ ਇਕ ਪਰਮਾਤਮਾ ਤੱਕ ਦੀ ਉਡਾਰੀ ਦਾ ਨਾਂ ਨਹੀਂ, ਇਹ ਆਤਮਾ ਦੀ ਸੰਸਾਰ ਤੋਂ ਨਿਰਲੇਪਤਾ ਅਤੇ ਬ੍ਰਹਮ ਨਾਲ ਪ੍ਰੀਤ ਕਰਨ ਦਾ ਹੀ ਨਾਂ ਨਹੀਂ, ਸਗੋਂ ਈਸ਼ਵਰ ਭਗਤ ਲਈ ਉਸ ਚੇਤਨ ਅਨੁਰਾਗ ਦਾ ਨਾਂ ਹੈ ਜਿਹੜਾ ਸੰਸਾਰ ਵਿਚ ਇਸ ਦੀ ਪੂਰਤੀ ਹਿਤ ਪ੍ਰਵਿਸ਼ਟ ਹੁੰਦਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਭਗਤੀ ਲਈ ਸ਼ਰਧਾ, ਨਿਸ਼ਠਾ, ਵਿਸ਼ਵਾਸ ਅਤੇ ਪ੍ਰੇਮ ਦੀ ਸਖ਼ਤ ਆਵਸ਼ਕਤਾ ਹੈ। ਭਗਤ, ਭਾਵੇਂ ਅਤੇ ਨਜ਼ਦੀਕੀ ਰਿਸ਼ਤਾ ਜੋੜ ਕੇ ਉਸ ਦੀ ਆਰਾਧਨਾ ਕਰਦਾ ਹੈ। ਜੀਵ ਉਸਨੂੰ ਪਿਆਰ ਵਿਚ ਮੱਤੇ ਹਰ ਪਲ ਉਸ ਦੀ ਭਗਤੀ ਕਰਦੇ ਹਨ। **ਆਰ. ਡੀ. ਰਾਨਾਡੇ** ਲਿਖਦੇ ਹਨ,[5] "ਆਰਾਧਨਾ ਜਾਂ ਪੂਜਾ ਦੀ ਵਸਤੂ ਪ੍ਰਤੀ ਪ੍ਰੀਤ ਲਗਨ ਅਤੇ ਇਗਨਿਸ਼ਨ ਪਿਆਰ ਹੀ ਭਗਤੀ ਹੈ।" **ਜਯਰਾਮ ਮਿਸ਼ਰ**[6] "ਪਰਮਾਤਮਾ ਦੀ ਰਾਗਾਤਮਿਕ ਭਗਤੀ ਤੋਂ ਬਿਨਾਂ ਕਰਮ ਨੂੰ ਪਾਖੰਡ ਪੂਰਨ ਅਤੇ ਆਡੰਬਰ-ਯੁਕਤ, ਗਿਆਨ ਨੂੰ ਚੁੰਚ ਗਿਆਨ ਅਤੇ ਯੋਗ ਨੂੰ ਸ਼ਰੀਰ ਦਾ ਵਿਆਯਾਮ ਮੰਨਦੇ ਹਨ। ਪ੍ਰੇਮ ਭਗਤੀ ਹੀ ਕਰਮ ਯੋਗ ਨੂੰ ਨਿਸ਼ਕਾਮ ਕਰਮ ਯੋਗ, ਗਿਆਨ ਨੂੰ ਬ੍ਰਹਮ ਗਿਆਨ ਔਰ ਯੋਗ ਨੂੰ ਸਹਿਜ ਯੋਗ ਵਿਚ ਢਾਲਦੀ ਹੈ।" **ਕਾਨ੍ਹ ਸਿੰਘ ਨਾਭਾ**[7] ਵੀ ਭਗਤੀ ਤੋਂ ਭਾਵ ਸੇਵਾ, ਉਪਾਸਨਾ ਅਤੇ ਸ਼ਰਧਾ ਹੀ ਲੈਂਦੇ ਹਨ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਵਿਚ ਤੀਬਰ ਵਿਸ਼ਵਾਸ ਅਤੇ ਆਪਾ ਗਵਾ ਕੇ ਸਵਾਸ ਸਵਾਸ ਉਸ ਦਾ ਸਿਮਰਨ ਕਰਨਾ ਭਗਤੀ ਹੈ।

ਮੱਧਕਾਲ ਵਿਚ ਵੱਖ ਵੱਖ ਪ੍ਰਕਾਰ ਦੀ ਭਗਤੀ ਅਤੇ ਭਗਤਾਂ ਦੀ ਵੱਖੋ-ਵੱਖਰੀ ਸ਼੍ਰੇਣੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਵਿਚ ਪਰਾ ਭਗਤੀ, ਅਪਰਾ/ਨਵਧਾ ਭਗਤੀ, ਸਾਤਵਿਕ ਭਗਤੀ, ਰਾਜਸਿਕ ਭਗਤੀ, ਤਾਮਸਿਕ ਭਗਤੀ, ਨਿਰਗੁਣ/ਸਰਗੁਣ ਭਗਤੀ ਅਤੇ ਸਰਗੁਣ/ਸਗੁਣ ਭਗਤੀ ਦਾ ਨਾਂ ਵਿਸ਼ੇਸ਼ ਤੌਰ 'ਤੇ ਲਿਆ ਜਾ ਸਕਦਾ ਹੈ।

ਗੁਰੂ ਰਵਿਦਾਸ ਨਿਰਗੁਣਵਾਦੀ ਸੰਤ ਸਨ। ਉਹ ਪ੍ਰਭੂ ਦੇ ਨਿਰਾਕਾਰ ਰੂਪ ਦੀ ਉਪਾਸਨਾ ਤੇ ਜ਼ੋਰ ਦਿੰਦੇ ਸਨ। ਉਨ੍ਹਾਂ ਦੀ ਬਾਣੀ ਵਿਚ ਪ੍ਰੇਮਾਭਗਤੀ ਨੂੰ ਮਹੱਤਵ ਦਿੰਦੇ ਹੋਏ ਵੈਧੀ ਭਗਤੀ ਦਾ ਤੀਬਰ ਖੰਡਨ ਮਿਲਦਾ ਹੈ। ਉਨ੍ਹਾਂ ਨੇ ਵੈਧੀ ਭਗਤੀ ਦੇ ਸਾਰੇ ਵਿਧੀ-ਵਿਧਾਨ ਤਿਲਕ, ਮਾਲਾ, ਆਸਨ, ਮੂਰਤੀ-ਪੂਜਾ, ਚੰਦਨ, ਧੂਪ, ਦੀਪ, ਨਵੈਦ ਆਦਿ ਨੂੰ ਵਿਅਰਥ ਦੱਸਿਆ ਕਿਉਂਕਿ ਉਨ੍ਹਾਂ ਅਨੁਸਾਰ ਇਹ ਕਿਰਿਆ ਅਭਿਮਾਨ ਦਾ ਕਾਰਣ ਬਣਦੀਆਂ ਹਨ ਅਤੇ ਅਭਿਮਾਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਉਨ੍ਹਾਂ ਗਿਆਨ ਦੇ ਨਾਲ ਨਾਲ ਆਪਣੀ ਭਗਤੀ ਵਿਚ ਪ੍ਰੇਮਭਾਵ ਦਾ ਸੁੰਦਰ ਸੁਮੇਲ ਨਿਮਰਤਾ ਨਾਲ ਕਰਕੇ ਨਿਵੇਕਲੀ ਭਗਤੀ ਪਧਤੀ ਨੂੰ ਜਨਮ ਦਿੱਤਾ ਜਿਸ ਨੂੰ ਗੁਰੂ ਰਵਿਦਾਸ ਦੀ ਭਾਉ ਭਗਤੀ ਕਿਹਾ ਜਾਂਦਾ ਹੈ।

## 5.2 ਗੁਰੂ ਰਵਿਦਾਸ ਦੀ ਭਾਉ ਭਗਤੀ ਪੱਧਤੀ:

ਭਗਤੀ ਮਾਰਗ, ਦੂਸਰੇ ਸਾਧਨਾ-ਮਾਰਗਾਂ ਜਿਵੇਂ ਯੋਗ ਮਾਰਗ,ਕਰਮ ਮਾਰਗ ਤੇ ਗਿਆਨ ਮਾਰਗ ਵਾਂਗ ਭਾਰਤ ਵਿਚ ਯੁਗਾਂ ਤੋਂ ਪ੍ਰਚਲਿਤ ਤੇ ਪ੍ਰਮਾਣਤ ਹੈ। **ਡਾ. ਮੁੰਸ਼ੀ ਰਾਮ** ਨੇ ਇਸ ਦਾ ਆਰੰਭ ਵੇਦ-ਮੰਤਰਾਂ ਤੋ ਸਵੀਕਾਰਿਆ ਹੈ।[8] ਉਪਨਿਸ਼ਦਾਂ ਤੋਂ ਲੈ ਕੇ ਸ਼੍ਰੀ ਮਦ ਭਾਗਵਦ ਗੀਤਾ, ਸ਼ਾਂਡਿਲਯ ਭਗਤੀ ਸੂਤਰ, ਨਾਰਦ ਭਗਤੀ ਸੂਤਰ ਅਤੇ ਪੁਰਾਣਾਂ ਤਕ ਭਗਤੀ ਸਿਧਾਂਤ ਦਾ ਵਿਸ਼ੇਸ਼ ਮਹੱਤਵ ਸਵੀਕਾਰਿਆ ਗਿਆ ਹੈ। ਦਖੱਣ ਦੇ ਭਗਤੀ ਆਚਾਰੀਆਂ ਨੇ ਵੀ ਭਗਤੀ ਮਾਰਗ ਦੇ ਵਿਕਾਸ ਵਿਚ ਮਹਤਵਪੂਰਣ ਯੋਗਦਾਨ ਪਾਇਆ ਹੈ।

ਨਾਮਗਤ ਸਮਾਨਤਾ ਦੇ ਬਾਵਜੂਦ, ਮੱਧ ਕਾਲੀਨ ਉਤੱਰੀ ਭਾਰਤ ਦੀ ਭਗਤੀ ਪਰੰਪਰਾ ਪੂਰਵ ਪ੍ਰਚਲਤ ਭਗਤੀ ਸਿਧਾਂਤਾਂ ਤੋ ਭਿੰਨ ਵੀ ਰਹੀ ਤੇ ਕਾਫ਼ੀ ਹੱਦ ਤੱਕ ਪ੍ਰਭਾਵਤ ਵੀ ਰਹੀ ਹੈ। ਕਿਉਂਕਿ ਇਸੀ ਕਾਲ ਦੇ ਭਗਤਾਂ ਦੀ ਭਗਤੀ ਸਿਰਫ਼ ਗਿਆਨ ਮਈ ਨਾ ਰਹਿਕੇ ਭਾਵ ਭਗਤੀ ਅਰਥਾਤ ਪ੍ਰੇਮਾ ਭਗਤੀ ਵਿਚ ਪਰਿਵਰਤਿਤ ਹੋ ਗਈ। ਇਸ ਗੱਲ ਦੇ ਸਪੱਸ਼ਟ ਸੰਕੇਤ ਭਗਤ ਕਬੀਰ ਅਤੇ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਉਪਲਭਧ ਹਨ।

*ਕਹੁ ਕਬੀਰ ਜਨ ਭਏ ਖ਼ਾਲਸੇ।*

*ਪ੍ਰੇਮ ਭਗਤੀ ਜਿਹ ਜਾਨੀ ।*

**(ਆਦਿ ਗੰਥ, ਪਨੰਾ 655)**

ਅਤੇ

*ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ ।*

*ਭਾਵ ਬਿਨੁ ਭਗਤੀ ਨਹੀ ਹੋਇ ਤੇਰੀ ।।*

**(ਆਦਿ ਗ੍ਰੰਥ, ਪਨੰਾ 694)**

ਸਪਸ਼ਟ ਹੈ ਕਿ ਇਹ ਭਗਤੀ 'ਭਾਉ ਭਗਤੀ' ਅਰਥਾਤ ਪ੍ਰੇਮਾ ਭਗਤੀ ਹੀ ਹੈ ਜੋ ਨਿਰਗੁਣਵਾਦੀ ਮੱਧਕਾਲੀਨ ਸੰਤਾਂ ਦੀ ਪਛਾਣ ਹੈ।

ਪਰ ਸੁਆਲ ਇਹ ਉਠਦਾ ਹੈ ਕਿ ਭਾਉ ਭਗਤੀ ਜਾਂ ਭਾਵ ਭਗਤੀ ਹੈ ਕੀ ?

'ਭਾਉ' ਸੰਸਕ੍ਰਿਤ ਦੇ 'ਭਾਵ' ਸ਼ਬਦ ਦਾ ਤਦਭਵੀਕਰਨ ਹੈ। ਜਿਸ ਦਾ ਮੋਟਾ ਜਿਹਾ ਅਰਥ ਭਾਂਵੇ ਪ੍ਰੇਮ ਹੈ ਪਰ ਇਸ ਦੀ ਅਰਥਗਤ ਸੀਮਾ ਬਹੁਤ ਵਿਸ਼ਾਲ ਹੈ।

**ਡਾ ਮੁਨਸ਼ੀ ਰਾਮ** ਦੇ ਸ਼ਬਦਾਂ ਵਿਚ ਭਾਵ ਭਗਤੀ ਹਿਰਦੇ ਨਾਲ ਉਤਪਨ ਹੁੰਦੀ ਹੈ।[9]

**ਡਾ. ਸੁਰਿੰਦਰ ਸਿੰਘ ਕੋਹਲੀ** ਦੇ ਸ਼ਬਦਾਂ ਵਿਚ ਇਹ ਭਗਤੀ ਪ੍ਰੇਮ ਰਾਹੀ ਕੀਤੀ ਜਾਣ ਕਰਕੇ ਭਾਵ ਭਗਤੀ ਜਾਂ ਪ੍ਰੇਮਾ ਭਗਤੀ ਅਖਵਾਉਂਦੀ ਹੈ।[10]

ਸੰਤ-ਕਵੀਆਂ ਨੇ ਇਸ ਨੂੰ ਦੂਸਰੇ ਸਾਧਨਾਂ ਮਾਰਗਾਂ ਨਾਲੋਂ ਕਿਤੇ ਵੱਧ ਮਹੱਤਵ ਦਿਤਾ ਹੈ।

**ਡਾ. ਦਰਸ਼ਨ ਸਿੰਘ ਦਾ ਵਿਚਾਰ ਹੈ**[10] ਕਿ ਭਾਵ ਭਗਤੀ ਅਤੇ ਪ੍ਰੇਮਾ ਭਗਤੀ ਵਿਚ ਕੋਈ ਖਾਸ ਅੰਤਰ ਨਹੀ ਕਿਉਂਕਿ ਪ੍ਰੇਮਾ ਭਗਤੀ ਨੂੰ ਪੈਦਾ ਕਰਨ ਦਾ ਆਧਾਰ ਭਾਵ ਭਗਤੀ ਹੀ ਹੈ। ਮਹਾਨ **ਫ਼ਿਲਾਸਫਰ ਸ੍ਰੀ ਅਰਵਿੰਦ** ਆਖਦੇ ਹਨ,[12] " ਭਾਵ ਜਿੰਨਾ ਜ਼ਿਆਦਾ ਤੀਬਰ ਹੁੰਦਾ ਹੈ, ਭਗਤੀ ਵੀ ਆਮ ਤੌਰ ਤੇ ਉੱਨੀ ਹੀ ਤੀਬਰ ਹੁੰਦੀ ਹੈ। ਭਾਵ ਦੀ ਤੀਬਰਤਾ ਨਾਲ ਹੀ ਹਿਰਦਾ ਜਾਗ੍ਰਿਤ ਹੁੰਦਾ ਹੈ ਅਤੇ ਮਨ ਦੇ ਆਂਤਰਿਕ ਕਿਵਾੜਾਂ ਨਾਲ ਭਗਵਾਨ ਦਾ ਸਾਖਿਆਤਕਾਰ ਹੁੰਦਾ ਹੈ।"

ਇੰਝ "ਹਉਮੈ ਨੂੰ ਮਾਰਕੇ ਦੀਨ-ਭਾਵ ਨਾਲ ਪ੍ਰਮਾਤਮਾ ਦੇ ਗੁਣਾਂ ਦਾ ਸਿਮਰਨ ਕਰਨਾ, ਮਨ, ਬਚਨ ਅਤੇ ਕਰਮ ਨਾਲ ਉਸ ਨੂੰ ਹਿਰਦੇ ਵਿਚ ਵਸਾ ਲੈਣਾ ਅਤੇ ਸਭ ਪਾਖੰਡਾਂ ਅਤੇ ਆਡੰਬਰਾਂ ਨੂੰ ਤਿਆਗ ਕਿ ਉਸ ਪ੍ਰਭੂ ਦੇ ਗੁਣਗਾਣ ਕਰਨ ਦੀ ਜੁਗਤੀ ਸਿਖਣੀ ਹੀ ਪ੍ਰੇਮਾ ਭਗਤੀ ਜਾਂ ਭਾਉ ਭਗਤੀ ਹੈ।"

ਇਸ ਲਈ ਗੁਰੂ ਰਵਿਦਾਸ ਦੀ ਭਗਤੀ ਭਾਉ ਭਗਤੀ ਹੀ ਹੈ।

ਭਗਤੀ ਤੋਂ ਹੀਣ ਜੀਵ ਨੂੰ ਦੁਹਾਗਨਿ ਸ਼ਬਦ ਨਾਲ ਤੁਲਨਾਉਨ ਵਾਲੇ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਸੱਤਰ-ਸੱਤਰ ਪ੍ਰੇਮਾਭਗਤੀ ਦਾ ਸੰਦੇਸ਼ ਦਿੰਦੀ ਹੈ। ਭਾਵੇ ਉਨ੍ਹਾਂ ਦੀ ਬਾਣੀ ਵਿਚ ਯੋਗ, ਸਹਿਯੋਗ, ਕਰਮ, ਅਭਿਆਸ ਅਤੇ ਗਿਆਨ ਪ੍ਰਕਾਸ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਫਿਰ ਵੀ ਉਨ੍ਹਾਂ ਦੀ ਬਾਣੀ ਦਾ ਕੇਂਦਰੀ ਬਿੰਦੂ ਪ੍ਰੇਮਾਭਗਤੀ ਹੀ ਹੈ। ਉਨ੍ਹਾਂ ਦੀ ਪ੍ਰਮਾਭਗਤੀ ਰੂਪੀ ਬ੍ਰਿਛ ਨੂੰ ਗਿਆਨ ਦੀਆਂ ਟਾਹਣੀਆਂ, ਕਰਮ ਦੇ ਫੁੱਲ ਤੇ ਫਲ ਲੱਗੇ ਹੋਏ ਹਨ।

ਭਗਤੀ ਉਨ੍ਹਾਂ ਲਈ ਉਹ ਚਿੰਤਾਮਣੀ ਹੈ ਜੋ ਸਭ ਪ੍ਰਕਾਰ ਦੇ ਫਲ ਪ੍ਰਦਾਨ ਕਰਨ ਵਾਲੀ ਹੈ। ਇਹ ਪ੍ਰਮਾਤਮਾ ਪ੍ਰਾਪਤੀ ਦਾ ਇਕ ਮਾਤਰ ਸਾਧਨ ਹੈ ਕਿਉਂਕਿ ਗੁਰੂ ਰਵਿਦਾਸ ਅਨੁਸਾਰ ਪ੍ਰਭੂ ਨੂੰ ਕੇਵਲ ਪ੍ਰੀਤੀ-ਪੂਰਬਕ ਭਗਤੀ ਨਾਲ ਹੀ ਵੱਸ ਵਿਚ ਕੀਤਾ ਜਾ ਸਕਦਾ ਹੈ।

ਉਨ੍ਹਾਂ ਅਨੁਸਾਰ ਮੰਨੂ ਸਮ੍ਰਿਤੀ ਵਿਚ ਦ੍ਰਿੜਾਏ ਛੇ ਕਰਮ ਕਰਨ ਵਾਲਾ ਬ੍ਰਾਹਮਣ ਵੀ ਚੰਡਾਲ ਦੇ ਬਰਾਬਰ ਹੈ, ਜੇਕਰ ਉਹ ਪ੍ਰੇਮਾਭਗਤੀ ਤੋਂ ਵਿਹੂਣਾ ਹੈ। ਜਿਸ ਪ੍ਰਮਾਤਮਾ ਨੂੰ ਵੱਡੇ-ਵੱਡੇ ਯੋਗੀ ਵੱਸ ਵਿਚ ਨਹੀ ਕਰ ਸਕੇ , ਉਹ ਪ੍ਰੇਮਾਭਗਤੀ ਨਾਲ ਪਾਇਆ ਜਾ ਸਕਦਾ ਹੈ।

ਭਗਤੀ ਤੋਂ ਬਿਨਾਂ ਮਨੁੱਖੀ ਜਨਮ ਵਿਅਰਥ ਹੈ। ਇਹ ਜਨਮ ਲੱਖਾਂ, ਕਰੋੜਾ ਪੁੰਨ ਕਰਮ ਕਰਨ ਮਗਰੋਂ,

ਚੌਰਾਸੀ ਜੂਨਾਂ ਦੀ ਕੈਦ ਕੱਟਕੇ ਪ੍ਰਾਪਤ ਹੁੰਦਾ ਹੈ। ਇਸ ਲਈ ਸਹੀ ਅਰਥਾਂ ਵਿਚ ਉਹ ਹੀ ਜੀਵਨ 'ਸੁਹਾਗਨਿ' ਦਾ ਜੀਵਨ ਕਿਹਾ ਜਾ ਸਕਦਾ ਹੈ, ਜਿਹੜਾ ਤਨ ਮਨ ਦੀ ਵਿੱਥ ਮੇਟ ਕੇ ਪ੍ਰਭੂ ਪ੍ਰੇਮ ਦਾ ਅਨੰਦ ਲੈਂਦਾ ਹੈ। ਪ੍ਰੰਤੂ ਭਗਤੀ ਤੋਂ ਹੀਣ ਆਤਮਾ ਉਸ ਛੁਟੜ ਔਰਤ ਵਾਂਗ ਹੈ ਜਿਸ ਨੇ ਆਪਣੇ ਪਤੀ ਪਰਮਾਤਮਾ ਦੀ ਸਾਰ ਨਹੀ ਜਾਣੀ ਅਤੇ ਪਤੀ ਪਿਆਰ ਤੋਂ ਵਚਿੰਤ ਰਹਿ ਜਾਣ ਕਰਕੇ ਜਿਹੜੀ ਸਹੁਰੇ ਤੋਂ ਪੇਕੇ ਦੋਹਾਂ ਥਾਵਾਂ ਤੇ ਦੁਤਕਾਰੀ ਜਾਂਦੀ ਹੈ। ਭਗਤੀ ਨਾ ਕਰਨ ਵਾਲੀ ਆਤਮਾ ਲੋਕ ਪਰਲੋਕ ਦੋਵੇਂ ਥਾਈਂ ਤਿਰਸਕਾਰ ਦੀ ਪਾਤਰ ਬਣਦੀ ਹੈ।

ਇਥੇ ਹੀ ਬੱਸ ਨਹੀ ਉਨ੍ਹਾਂ ਇਸ ਪ੍ਰੇਮ ਨੂੰ ਆਤਮਾ ਤੇ ਪ੍ਰਮਾਤਮਾ ਵਿਚਲਾ ਪਿਆਰ ਕਹਿਕੇ ਗਿਰਵਰ ਤੇ ਮੋਰ, ਚੰਦ ਤੇ ਚਕੌਰ, ਦੀਵੇ ਤੇ ਬਾਤੀ, ਤੀਰਥ ਤੇ ਯਾਤਰੀ ਅਤੇ ਪਾਣੀ ਤੇ ਮਛੱਲੀ ਦੀ ਉਪਮਾਵਾਂ ਦੇ ਕੇ ਤੁਲਨਾਇਆ ਹੈ ਅਤੇ ਦਸਿਆ ਹੈ ਕਿ ਜਿਵੇਂ ਇਨ੍ਹਾਂ ਸਭ ਦੀ ਸਾਰਥਕਤਾ ਇਕ ਦੂਸਰੇ ਵਿਚ ਹੈ, ਤਿਵੇਂ ਹੀ ਆਤਮਾ ਦਾ ਪਰਮਾਤਮਾ ਤੋਂ ਵਿਰਵਾ ਹੋ ਕੇ ਮਨੁੱਖ ਦਾ ਕੋਈ ਟਿਕਾਣਾ ਨਹੀ।

*ਜਉ ਤੁਮ ਗਿਰਿਵਰ ਤਉ ਹਮ ਮੋਰਾ,*

*ਜਉ ਤੁਮ ਚੰਦ ਤਉ ਹਮ ਪਏ ਹੈ ਚਕੋਰਾ॥*

ਅਤੇ

*ਜਉ ਤੁਮ ਦੀਵਰਾ ਤਉ ਹਮ ਬਾਤੀ,*

*ਜਉ ਤੁਮ ਤੀਰਥ ਤਉ ਹਮ ਜਾਤੀ॥*

**(ਆਦਿ ਗ੍ਰੰਥ, ਪਨੰਾ 659)**

ਗੁਰੂ ਰਵਿਦਾਸ ਜੀ ਨੇ ਬ੍ਰਹਮ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਪ੍ਰਭੂ ਪ੍ਰੇਮ ਤੇ ਜ਼ੋਰ ਦਿੱਤਾ। ਪਰਮਾਤਮਾ ਨਾਲ ਪ੍ਰੀਤ ਕਰਨ ਅਤੇ ਉਸ ਨੂੰ ਪਿਆਰ ਨਾਲ ਵੱਸ ਕਰਨ ਦਾ ਜੋ ਸੰਦੇਸ਼ ਉਨ੍ਹਾਂ ਮਗਰੋਂ ਗੁਰੂ ਸਾਹਿਬਾਨਾਂ ਨੇ ਦਿੱਤਾ, ਗੁਰੂ ਰਵਿਦਾਸ ਉਸ ਸੰਦੇਸ਼ ਪਹਿਲਾਂ ਹੀ ਦੇ ਚੁੱਕੇ ਸਨ। ਉਨ੍ਹਾਂ ਦੇ ਮਤ ਅਨੁਸਾਰ ਪ੍ਰੇਮ ਹੀ ਪਰਮਾਤਮਾ ਪ੍ਰਾਪਤੀ ਦਾ ਇਕ ਮਾਤਰ ਸਾਧਨ ਹੈ। ਜਿਥੇ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ

*ਜਉ ਤਉ ਪ੍ਰੇਮ ਖੇਲਣ ਦਾ ਚਾਉ,*

*ਸਿਰ ਧਰਿ ਤਲੀ ਗਲੀ ਮੇਰੀ ਆਉ।*

*ਇਤੁ ਮਾਰਗਿ ਪੈਰੁ ਧਰੀਜੈ,*

*ਸਿਰੁ ਦੀਜੈ ਕਾਣਿ ਨ ਕੀਜੈ॥*

**(ਆਦਿ ਗ੍ਰੰਥ, ਪੰਨਾ 1412)**

ਉਥੇ ਰਵਿਦਾਸ ਬਾਣੀ ਵਿਚ ਸਾਕਾਰ ਭਗਤ, ਜੰਗ ਦੇ ਮੈਦਾਨ ਵਿਚ ਸੂਰਮਗਤੀ ਦਿਖਾਉਣ ਵਾਲੇ ਸੂਰਮੇ ਅਤੇ ਤਲਵਾਰ ਦੇ ਸਿਰ ਤੇ ਲੋਕਾਂ ਤੇ ਰਾਜ ਕਰਨ ਵਾਲੇ ਛਤ੍ਰਪਤੀ ਰਾਜੇ ਨਾਲੋਂ ਜ਼ਿਆਦਾ ਬਹਾਦਰ ਹੈ ਕਿਉਂਕਿ ਉਹ ਅਧਰਮ ਦਾ ਨਾਸ਼ ਕਰਕੇ ਨਿਤਾਣਿਆਂ ਨੂੰ ਤਾਣ ਦਿੰਦਾ ਹੈ। ਉਹ ਪ੍ਰਭੂ ਨਾਲ ਪ੍ਰੇਮ ਦੀ ਅਜਿਹੀ ਰੱਸੀ ਵਿਚ ਬੱਝ ਜਾਂਦਾ ਹੈ ਕਿ ਉਸ ਵਿਚੋਂ ਭਗਤ ਤੇ ਭਗਵਾਨ ਦੋਹਾਂ ਦਾ ਨਿਕਲਣਾ ਨਾਮੁਮਕਿਨ ਹੋ ਜਾਂਦਾ ਹੈ।

*ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ।।*

*ਕਹਿ ਰਵਿਦਾਸ ਛੂਟਿਬੋ ਕਵਨ ਗੁਨ।।*

**(ਆਦਿ ਗ੍ਰੰਥ, ਪੰਨਾ 486)**

ਇਕ ਸੱਚੇ ਭਗਤ ਦੀ ਪ੍ਰਭੂ ਲਈ ਪ੍ਰੇਮ ਦੀ ਤੀਬਰਤਾ ਹਮੇਸ਼ਾ ਬਣੀ ਰਹਿੰਦੀ ਹੈ। ਉਹ ਸਭ ਦੁਨਿਆਵੀ ਪਦਾਰਥਾਂ, ਵਸਤੂਆਂ ਅਤੇ ਪ੍ਰਾਣੀਆਂ ਦੇ ਮੋਹ ਤੋਂ ਉਪਰ ਉਠਕੇ ਪ੍ਰਮਾਤਮਾ ਨਾਲ ਪ੍ਰੀਤ ਜੋੜਦਾ ਹੈ। ਕਿਉਂਕਿ ਹਰੀ ਤੋਂ ਬਿਨਾਂ ਕੋਈ ਸੱਚੀ ਪ੍ਰੀਤ ਦੇ ਕਾਬਲ ਨਹੀ। ਭਗਤ ਆਪਣੇ ਇਸ਼ਟ ਨੂੰ ਅਜਿਹੇ ਪ੍ਰੇਮ ਬੰਧਨ ਵਿਚ ਬੰਨ ਲੈਂਦਾ ਹੈ। ਜਿਸ ਤੋਂ ਛੁਟਕਾਰਾ ਪਾਉਣਾ ਉਸ ਲਈ ਅਸਾਨ ਨਹੀ। ਭਗਤ ਵੀ ਜਿੰਦ ਬਦਲੇ ਪ੍ਰਾਪਤ ਕੀਤੀ ਗੋਬਿੰਦ ਪ੍ਰੀਤੀ ਨੂੰ ਉਹ ਕਿਸੇ ਕੀਮਤ ਤੇ ਤੋੜਨੀ ਨਹੀ ਚਾਹੁੰਦਾ। ਉਹ ਆਪਣੇ ਸਰੀਰ ਦੇ ਟੋਟੇ-ਟੋਟੇ ਕਰਵਾ ਕੇ ਵੀ ਆਪਣੇ ਪ੍ਰਭੂ ਪ੍ਰੇਮ ਨੂੰ ਸਿਰੇ ਚੜ੍ਹਾਉਂਦਾ ਹੈ ਅਤੇ ਹਰੀ ਪ੍ਰੀਤ ਨੂੰ ਸਰੀਰਕ ਮੋਹ ਤੋਂ ਬਹੁਤ ਉਚੇਰੀ ਮਨੰਦਾ ਹੈ।

*ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ,*

*ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ।*

**(ਆਦਿ ਗ੍ਰੰਥ, ਪੰਨਾ 486)**

ਪ੍ਰਭੂ ਵੀ ਅਪਣੇ ਭਗਤਾਂ ਦੇ ਪ੍ਰੇਮ ਤੋਂ ਜਾਣੂ ਹੋਣ ਕਰਕੇ ਉਨ੍ਹਾਂ ਨੂੰ ਹਰ ਪ੍ਰਕਾਰ ਦੇ ਮੋਹ ਜਾਲ ਤੋ ਬਚਾ ਕੇ ਰਖੱਦਾ ਹੈ। ਗੁਰੂ ਰਵਿਦਾਸ ਜੀ ਪ੍ਰਭੂ ਦੇ ਪਿਆਰ ਵਿਚ ਇਸ ਤਰ੍ਹਾਂ ਰੱਤੇ ਸਨ ਕਿ ਉਸ ਤੋਂ ਬਿਨਾਂ ਉਨ੍ਹਾਂ ਲਈ ਹੋਰ ਸੰਸਾਰਿਕ ਕਾਰ ਵਿਹਾਰ ਵਿਅਰਥ ਹੋ ਗਿਆ ਸੀ। ਉਨ੍ਹਾਂ ਨੇ ਹਰ ਕਿਸਮ ਦੇ ਕਰਮ ਕਾਡਾਂ, ਆਡੰਬਰਾਂ ਅਤੇ ਪੂਜਾ-ਭੇਟਾਂ ਦਾ ਖੰਡਨ ਕਰਦਿਆਂ ਤਨ ਮਨ ਅਰਪਨ ਕਰਕੇ ਪ੍ਰਭੂ ਦੀ ਪ੍ਰੇਮ ਸਹਿਤ ਭਗਤੀ ਕਰਨ ਦਾ ਸੰਦੇਸ਼ ਦਿਤਾ। ਇਸ ਲਈ ਗੁਰੂ ਰਵਿਦਾਸ ਜੀ ਭਗਤੀ ਭਾਉ ਜਾਂ ਪ੍ਰੇਮਾਭਗਤੀ ਹੀ ਹੈ।

## 5.3 ਗੁਰੂ ਰਵਿਦਾਸ ਦੀ ਭਾਉ ਭਗਤੀ ਪੱਧਤੀ ਦੇ ਪ੍ਰਮੁੱਖ ਤੱਤ

ਗੁਰੂ ਰਵਿਦਾਸ ਦੀ ਭਾਉ ਭਗਤੀ ਆਪਣੇ ਕੁਝ ਖਾਸ ਤੱਤਾ ਕਾਰਨ ਬਾਕੀ ਸੰਤ ਸੰਪ੍ਰਦਾਇ ਵੱਲੋਂ ਪ੍ਰਤੀਪਾਦਿਤ ਭਗਤੀ ਪੱਧਤੀਆਂ ਨਾਲੋਂ ਨਿਵੇਕਲੀ ਹੈ। ਬੇਸ਼ਕ ਉਨ੍ਹਾਂ ਦੀ ਭਗਤੀ ਪੱਧਤੀ ਦੀ ਜੜ੍ਹਾਂ ਵੀ ਭਗਤੀ ਗ੍ਰੰਥ ਜਿਵੇਂ ਸ੍ਰੀ ਮਦ ਭਾਗਵਤ ਪੁਰਾਣ, ਸਾਂਡਿਲਯ ਭਗਤੀ ਸੂਤਰ, ਨਾਰਦ ਭਗਤੀ ਸੂਤਰ ਅਤੇ ਹਰਿ ਰਸਾਮ੍ਰਿਤ ਸਿੰਧੂ ਨਾਲ ਜੁੜੀਆਂ ਹਨ।

ਸ਼ਾਂਡਿਲਯ ਭਗਤੀ ਸੂਤਰ ਨੇ ਜਿਥੇ ਸ਼੍ਰਵਣ, ਮਨਨ, ਮਨ ਦੀ ਦ੍ਰਿੜਤਾ ਤੇ ਨਿਰਮਲਤਾ ਤੇ ਜ਼ੋਰ ਦਿੱਤਾ ਹੈ, ਉਥੇ ਨਾਰਦ ਭਗਤੀ ਸੂਤਰ ਵਿਚ ਅੰਤਹਕਰਣ ਦੀ ਸ਼ੁੱਧਤਾ ਅਤੇ ਭਗਤੀ ਦੀ ਗਿਆਰਾਂ ਆਸਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਭਗਵਤ ਗੀਤਾ ਵੀ ਇੰਦਰੀਆਂ ਨੂੰ ਵੱਸ ਵਿਚ ਕਰਕੇ, ਪ੍ਰਭੂ ਦੀ ਸ਼ਰਣ ਅਤੇ ਧਿਆਨ ਨੂੰ ਭਗਤੀ ਦੀ ਉਤਮ ਪੱਧਤੀ ਸਵੀਕਾਰ ਕਰਦੀ ਹੈ। ਹਰਿ ਰਸਾਮ੍ਰਿਤ ਸਿੰਧੂ ਗ੍ਰੰਥ ਵਿਚ ਰੂਪ ਗੋਸਵਾਮੀ ਦੱਸ ਅੰਗ ਕਰਤਵ ਰੂਪ ਅਤੇ ਦਸ ਨਿਸ਼ੇਧ ਰੂਪ ਆਪਣੀ ਭਗਤੀ ਵਿਚ ਸ਼ੁਮਾਰ ਕਰਦੇ ਹਨ। ਗੁਰੂ ਰਵਿਦਾਸ ਇਨ੍ਹਾਂ ਸਾਰੇ ਹੀ ਗ੍ਰੰਥਾਂ ਵਿਚੋਂ ਕੁਝ ਤੱਤ ਲੈ ਕੇ ਉਸ ਵਿਚ ਆਪਣੀ ਸਵੈ ਅਨੁਭੂਤੀ ਦਾ ਰਸ ਮਿਲਾਕੇ ਅਜਿਹੀ ਭਾਉ ਭਗਤੀ ਪੱਧਤੀ ਨੂੰ ਜਨਮ ਦਿੰਦੇ ਹਨ, ਜੋ ਵਿਹਾਰਕ ਹੋਣ ਕਾਰਨ ਜਨ ਸਧਾਰਨ ਦੀ ਭਗਤੀ ਪੱਧਤੀ ਬਣ ਜਾਂਦੀ ਹੈ। ਇਹ ਵਿਹਾਰਕ ਤੱਤ ਹਨ:

5.3.1 ਪ੍ਰਭੂ ਪ੍ਰੇਮ

5.3.2 ਸ਼੍ਰਵਣ

5.3.3 ਗੁਰੂ

5.3.4 ਪਰਮਾਤਮਾ ਦੀ ਮਿਹਰ

5.3.5 ਨਾਮ ਸਿਮਰਨ

5.3.6 ਵਿਕਾਰਾਂ ਦਾ ਤਿਆਗ

5.3.7 ਨੈਤਿਕ ਗੁਣ ਅਤੇ ਨਿਮਰਤਾ

5.3.8 ਸ਼ਰਣਾਗਤੀ

5.3.9 ਆਤਮ ਸਮਰਪਣ ਤੇ ਉਦਾਤਤਾ

5.3.10 ਸਹਜ ਸਮਾਧੀ ਤੇ ਪਰਮਾਨੰਦ

**5.3.1 ਪ੍ਰਭੂ ਪ੍ਰੇਮ** : ਗੁਰੂ ਰਵਿਦਾਸ ਦੀ ਭਗਤੀ ਪ੍ਰੇਮ ਪਗਤੀ ਅਰਥਾਤ ਭਾਉ ਭਗਤੀ ਜਿਸ ਵਿਚ ਪ੍ਰੇਮ ਦੇ ਭਾਵ ਦੀ ਪ੍ਰਧਾਨਤਾ ਹੈ। ਇਸੇ ਲਈ ਗੁਰੂ ਰਵਿਦਾਸ ਨੇ ਅਪਣੀ ਬਾਣੀ ਵਿਚ ਬਾਰ -ਬਾਰ ਇਹ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਵਿਅਕਤੀ ਦੀ ਬ੍ਰਹਮ ਨਾਲ ਅਭੇਦਤਾ ਤਾਂ ਹੀ ਸੰਭਵ ਹੈ ਜੇਕਰ ਉਹ ਪ੍ਰਮਾਤਮਾ ਨਾਲ ਪ੍ਰੀਤ ਪਾ ਲਵੇ। ਉਹ ਸ਼ਰੀਰ ਦੇ ਟੋਟੇ ਕਰਵਾ ਕੇ ਵੀ ਪ੍ਰਭੂ ਨਾਲ ਪ੍ਰੀਤ ਨਿਭਾਉਣ ਦੀ ਇਛਾ ਰੱਖੇ। ਉਸ ਦੇ ਮਨ ਵਿਚ ਭੌਤਿਕ ਸੰਸਾਰ ਅਤੇ ਉਸ ਦੀ ਵਸਤਾਂ ਦੇ ਪ੍ਰਤੀ ਮੋਹ ਲਈ ਕੋਈ ਥਾਂ ਨਾ ਹੋਵੇ ਅਤੇ ਉਹ ਪੂਰੇ ਵਿਸ਼ਵ ਤੋਂ ਆਪਣਾ ਨਾਤਾ ਤੋੜ ਕੇ ਕੇਵਲ ਉਸ ਇਕ ਪ੍ਰਭੂ ਨਾਲ ਆਪਣਾ ਸਬੰਧ ਜੋੜ ਲਵੇ।

*ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ ॥*

*ਤੁਮ ਸਿਉ ਜੋਰੀ ਅਵਰੁ ਸੰਗਿ ਤੋਰੀ ॥*

**(ਆਦਿ ਗ੍ਰੰਥ, ਪਨੰਾ 658)**

ਪ੍ਰਭੂ ਦੀ ਪ੍ਰੀਤ ਹੀ ਉਸ ਨੂੰ ਜਮ ਦੇ ਬਧੰਨਾਂ ਤੋਂ ਵੀ ਮੁਕਤ ਕਰ ਸਕਦੀ ਹੈ। ਪ੍ਰਭੂ ਵੀ ਜਦ ਭਗਤ ਦੇ ਪਿਆਰ ਦੇ ਬੰਧਨ ਵਿਚ ਬੱਝ ਜਾਦਾਂ ਹੈ ਤਾਂ ਉਸ ਲਈ ਉਸ ਪਿਆਰ ਦੀ ਫਾਹੀ ਵਿਚੋਂ ਨਿਕਲਣਾ ਨਾਮੁਨਿਕਨ ਹੋ ਜਾਂਦਾ ਹੈ। ਇਹ ਦੁਨੀਆਂ ਤਾਂ ਪ੍ਰਮਾਤਮਾ ਰੂਪੀ ਬਾਜ਼ੀਗਰ ਵਲੋਂ ਪਾਈ ਬਾਜ਼ੀ ਦੀ ਤਰ੍ਹਾਂ ਹੈ।

ਇਸ ਲਈ ਦੁਨੀਆਂ ਦੇ ਰੰਗ ਤਮਾਸ਼ੇ ਵਿਚ ਮਸਤ ਨਾ ਹੋ ਕੇ ਕੇਵਲ ਪ੍ਰਭੂ ਪ੍ਰੇਮ ਹੀ ਮਨੁੱਖ ਨੂੰ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ। ਪ੍ਰਭੂ ਪ੍ਰੇਮ ਹੀ ਪ੍ਰਭੂ ਦੀ ਮਿਹਰ, ਕਿਰਪਾ ਅਤੇ ਉਸਦੀ ਸ਼ਰਣਾਗਤੀ ਵਿਚ ਰਹਿਣ ਦਾ ਆਧਾਰ ਹੈ।

*ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥*

*ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਅਰਾਧੇ॥*

*ਮਾਧਵੇ ਜਾਨਤ ਹਹੁ ਜੈਸੀ ਤੈਸੀ॥*

**(ਆਦਿ ਗ੍ਰੰਥ, ਪੰਨਾ 658)**

ਪ੍ਰਭੂ ਦੇ ਆਪਣੇ ਪਿਆਰ ਭਰੇ ਰਿਸ਼ਤੇ ਨੂੰ ਉਨ੍ਹਾਂ ਨੇ ਪਹਾੜ ਤੇ ਮੋਰ, ਚੰਦ ਤੇ ਚਕੋਰ, ਦੀਵਾ ਤੇ ਬਾਤੀ, ਤੀਰਥ ਤੇ ਜਾਤਰੀ ਜਿਹੀ ਉਪਮਾਵਾਂ ਨਾਲ ਉਪਾਮਾਇਆ ਹੈ। ਉਨ੍ਹਾਂ ਕਿਹਾ ਹੈ ਕਿ ਮਨੁੱਖੀ ਮਨ ਤੇ ਆਤਮਾ ਸਦਾ ਪ੍ਰਭੂ ਦੇ ਪ੍ਰੇਮ ਵਿਚ ਖੀਵੀ ਹੁੰਦੀ ਹੋਈ ਹੀ ਆਤਮਿਕ ਉਨਤੀ ਵੱਲ ਵੱਧਦੀ ਹੈ। ਪਰੰਤੂ ਇਸ ਲਈ ਲਾਜ਼ਮੀ ਹੈ ਕਿ ਮਨੁੱਖ ਆਪਣੇ ਮਨ ਵਿਚੋਂ ਹਉਮੈਂ ਤੇ ਅਭਿਮਾਨ ਕੱਢਕੇ ਨਿਮਰਤਾ ਧਾਰਨ ਕਰੇ, ਉਚਾ ਸੁੱਚਾ ਆਚਰਣਿਕ ਤੇ ਨੈਤਿਕ ਗੁਣਾਂ ਨਾਲ ਭਰਪੂਰ ਜੀਵਨ ਜੀਵੇ।

5.3.2 **ਸ਼੍ਰਵਣ**: ਪੂਰਵ ਪ੍ਰਚਲਿਤ ਭਾਰਤੀ ਪਰੰਪਰਾ ਵਿਚ ਪ੍ਰਭੂ ਨਾਲ ਤਦਰੂਪਤਾ ਪ੍ਰਾਪਤ ਕਰਨ ਲਈ ਜਿਹੜੀਆਂ ਤਿੰਨ ਅਵਸਥਾਵਾਂ- ਸ਼੍ਰਵਣ, ਮਨਨ ਅਤੇ ਨਿਧਿਆਸਨ, ਪ੍ਰਚਲਤ ਅਤੇ ਪ੍ਰਵਾਨਿਤ ਸਨ, ਇਨ੍ਹਾਂ ਤਿਨ੍ਹਾਂ ਵਿੱਚੋਂ ਸ਼੍ਰਵਣ ਸਭ ਤੋਂ ਮਹਤੱਵਪੂਰਨ ਅਤੇ ਆਧਾਰਭੂਤ ਅਵਸਥਾ ਹੈ। ਨਵਧਾ ਭਗਤੀ ਵਿਚ ਭਗਤੀ ਦੇ ਦੱਸੇ ਗਏ ਨੌ ਅੰਗਾਂ ਵਿਚ ਸ਼੍ਰਵਣ ਦਾ ਵਿਸ਼ੇਸ਼ ਮਹੱਤਵ ਹੈ। ਕਿਹਾ ਜਾਂਦਾ ਹੈ ਕਿ ਰਾਜਾ ਪਰਿਕਸ਼ਤ ਜੋ ਅਰਜੁਨ ਦੇ ਪੋਤੇ ਸਨ, ਭਗਵਦ ਕਥਾ ਸੁਣ ਕੇ ਪਰਮਪਦ ਨੂੰ ਪ੍ਰਾਪਤ ਹੋ ਗਏ ਸਨ। ਧੁੰਧਕਾਰੀ ਜਿਹਾ ਪਾਪੀ ਵੀ ਕੇਵਲ ਰੱਬ ਦੇ ਗੁਣਾਂ ਦਾ ਸ਼੍ਰਵਣ ਕਰਕੇ ਤਰ ਗਿਆ। ਇਸੇ ਲਈ ਸਨਕਾਦਿ ਅਤੇ ਹੋਰ ਬਹੁਤ ਸਾਰੇ ਰਿਸ਼ੀ ਪੁਰਾਣਾਂ ਅਤੇ ਵੇਦਾਂ ਦੇ ਸ਼੍ਰਵਣ ਵਿਚ ਹੀ ਆਪਣਾ ਸਮਾਂ ਬਤੀਤ ਕਰਦੇ ਸਨ।

**ਨਾਰਦ ਜੀ ਨੇ ਵੀ ਸ਼੍ਰੀਮਦ ਭਾਗਵਦ ਪੁਰਾਣ** ਵਿਚ ਰਿਸ਼ੀ ਸਨਕਾਦਿ ਨੂੰ ਸ਼੍ਰਵਣ ਦੀ ਮਹੱਤਾ ਦੱਸਦੇ ਹੋਏ ਆਖਦੇ ਹਨ:

'ਹੇ ਤਪੋਧਨੋ ! ਮੈਂ ਭਗਵਾਨ ਦੇ ਗੁਣਾਂ ਦੇ ਸ਼੍ਰਵਣ ਨੂੰ ਸਭ ਧਰਮਾਂ ਤੋਂ ਸ਼੍ਰੇਸ਼ਠ ਮੰਨਦਾ ਹਾਂ ਕਿਉਂਕਿ ਭਗਵਾਨ ਦੇ ਗੁਣ ਸੁਨਣ ਨਾਲ ਬੈਕੁੰਠ ਸਥਿਤ ਭਗਵਾਨ ਦੀ ਪ੍ਰਾਪਤੀ ਹੋ ਜਾਂਦੀ ਹੈ।'(13)

ਪਰੰਤੂ ਗੁਰੂ ਰਵਿਦਾਸ ਜੀ ਨੇ ਸ਼੍ਰਵਣ ਦੇ ਤੱਤ ਨੂੰ ਆਪਣੀ ਭਗਤੀ ਪੱਧਤੀ ਵਿਚ ਜਿਉਂ ਦੇ ਤਿਉਂ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਇਸ ਦੇ ਪਰਿਵਰਤਿਤ ਅਰਥ ਲਏ ਹਨ ਤੇ ਕਿਹਾ ਹੈ ਕਿ ਅਜਿਹੇ ਪੜ੍ਹਨ, ਸੁਣਨ ਅਤੇ ਮਨਨ ਦਾ ਕੋਈ ਲਾਭ ਨਹੀਂ ਜਿਸ ਨਾਲ ਪ੍ਰਭੂ-ਪ੍ਰੇਮ ਉਤਪੰਨ ਨਹੀਂ ਹੁੰਦਾ। ਪਰਮਾਤਮਾ ਦਾ ਨਾਮ ਪੜ੍ਹਨ, ਸੁਨਣ ਅਤੇ ਮਨਨ ਕਰਨ ਉਪਰੰਤ ਵੀ ਜੇ ਜੀਵ ਅੰਦਰ ਪ੍ਰਭੂ ਦੇ ਦਰਸ਼ਨ ਦੀ ਤਾਂਘ ਨਹੀਂ ਉਪਜਦੀ ਤਾਂ ਅਜਿਹਾ ਕਰਨਾ ਵਿਅਰਥ ਹੈ।

***ਪੜੀਐ ਗੁਨੀਐ ਨਾਮੁ ਸਭੁ ਸੁਨੀਐ,***
***ਅਨਭਉ ਭਾਉ ਨ ਦਰਸੈ।***
***ਲੋਹਾ ਕੰਚਨੁ ਹਿਰਨ ਹੋਇ ਕੈਸੇ,***
***ਜਉ ਪਾਰਸਹਿ ਨ ਪਰਸੈ।***

**(ਆਦਿ ਗ੍ਰੰਥ, ਪੰਨਾ 973)**

ਨਿਰੋਲ ਸ਼ਾਸ਼ਤਰੀ ਗਿਆਨ, ਵਿਚਾਰ-ਵਿਹੁਣਾ ਨਾਮ ਸ਼੍ਰਵਣ ਅਤੇ ਇਕਾਗਰ ਬਿਰਤੀ ਤੋਂ ਰਹਿਤ ਮਨਨ ਅਨਾਵਸ਼ਕ ਹਨ। ਵਿਕਾਰ ਗ੍ਰਸਤ ਵਿਅਕਤੀ ਲਈ ਸਿਮ੍ਰਿਤੀਆਂ ਦੇ ਪਾਠ ਸੁਨਣ ਦਾ ਕੋਈ ਵੀ ਮਹੱਤਵ ਨਹੀਂ। ਮੌਜੂਦਾ ਦੌਰ ਦਾ ਵਿਅਕਤੀ ਮੰਦਰ, ਗੁਰਦਵਾਰੇ ਜਾਂ ਮਸੀਤ ਜ਼ਰੂਰ ਜਾਂਦਾ ਹੈ, ਪਰੰਤੂ ਨਿੰਦਾ, ਹਉਂਮੈਂ, ਮੋਹ, ਲੋਭ ਤੇ ਕਾਮ ਤੋਂ ਮੁਕਤ ਨਹੀਂ ਹੋ ਪਾਉਂਦਾ ਜਿਸ ਕਾਰਨ ਉਸਦਾ ਸ਼੍ਰਵਣ ਕੀਤਾ ਗਿਆ ਗਿਆਨ ਵਿਅਰਥ ਹੋ ਜਾਂਦਾ ਹੈ ਤੇ ਮਨਨ ਵੱਲ ਨਹੀਂ ਤੁਰਦਾ।

*ਸਗਲੀ ਸਿੰਮ੍ਰਿਤੀ ਸ੍ਰਵਨੀ ਸੁਨੈ,*

*ਕਰੈ ਨਿੰਦ ਕਵਨੈ ਨਹੀਂ ਗੁਨੈ।*

(ਆਦਿ ਗ੍ਰੰਥ, ਪੰਨਾ 875)

ਇਸ ਤੋਂ ਭਾਵ ਇਹ ਨਹੀਂ ਕਿ ਗੁਰੂ ਰਵਿਦਾਸ ਨੇ ਬਾਣੀ-ਸ਼੍ਰਵਣ ਦੇ ਮਹੱਤਵ ਨੂੰ ਸਵੀਕਾਰ ਨਹੀਂ ਕੀਤਾ, ਸਗੋਂ ਉਨ੍ਹਾਂ ਅਨੁਸਾਰ ਪ੍ਰਭੂ ਦੇ ਭਗਤ ਨੂੰ ਹਮੇਸ਼ਾ ਚਿੱਤ ਨਾਲ ਪ੍ਰਭੂ ਦਾ ਸਿਮਰਨ ਤੇ ਨੈਣਾਂ ਨਾਲ ਉਸ ਦਾ ਦੀਦਾਰ ਕਰਨਾ ਚਾਹੀਦਾ ਹੈ ਅਤੇ ਕੰਨਾਂ ਵਿਚ ਉਸ ਦੀ ਬਾਣੀ ਤੇ ਜਸ ਭਰਿਆ ਗਾਇਨ ਰੱਖਣਾ ਚਾਹੀਦਾ ਹੈ।

*ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ,*

*ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।*

(ਆਦਿ ਗ੍ਰੰਥ, ਪੰਨਾ 694)

ਇਸ ਪ੍ਰਕਾਰ ਰਵਿਦਾਸ ਬਾਣੀ ਅਨੁਸਾਰ ਅਸਲ ਸ਼੍ਰਵਣ ਪੋਥੀਆਂ, ਗ੍ਰੰਥਾਂ ਅਤੇ ਸਿਮ੍ਰਿਤੀਆਂ ਦੇ ਪਾਠ ਦਾ ਸ਼੍ਰਵਣ ਨਹੀਂ ਹੈ, ਸਗੋਂ ਪਰਮਾਤਮਾ ਦੇ ਸੱਚੇ ਨਾਮ ਦਾ ਸ਼੍ਰਵਣ ਹੈ।

5.3.3 **ਗੁਰੂ** : ਪ੍ਰਭੂ ਬਾਣੀ ਸ਼੍ਰਵਣ ਉਨੀ ਦੇਰ ਤੱਕ ਮਹੱਤਵਹੀਨ ਹੈ, ਜਿੰਨੀ ਦੇਰ ਤੱਕ ਕੋਈ ਸੱਚਾ ਗੁਰੂ ਅਧਿਆਤਮਕ ਪੰਧ ਤੇ ਜੀਵ ਦੀ ਅਗਵਾਈ ਨਹੀਂ ਕਰਦਾ। **ਰੂਪ ਗੋਸਵਾਮੀ** ਨੇ ਵੀ ਭਗਤੀ ਦੇ ਕਰਤਵ ਰੂਪ ਅੰਗਾਂ ਦਾ ਜ਼ਿਕਰ ਕਰਦੇ ਹੋਏ ਜਿਹੜੇ ਪਹਿਲੇ ਤਿੰਨ ਅੰਗ ਗਿਣਾਏ ਹਨ ਉਹ ਹਨ: ਗੁਰੂ ਚਰਨਾਂ ਦਾ ਆਸਰਾ ਲੇਣਾ, ਗੁਰੂ ਤੋਂ ਕ੍ਰਿਸ਼ਣ-ਦੀਖਿਆ ਆਦਿ ਗ੍ਰਹਿਣ ਕਰਨੀ ਤੇ ਗੁਰੂ ਦੀ ਵਿਸ਼ਵਾਸ-ਪੂਰਬਕ ਸੇਵਾ ਕਰਨਾ।[14]

ਇਸੇ ਤਰ੍ਹਾਂ **ਸ਼ਵੇਤਾਸ਼ਵਰ ਉਪਨਿਸ਼ਦ**[15] ਵਿਚ ਵੀ ਗੁਰੂ ਦੀ ਭਗਤੀ ਦਾ ਮਹੱਤਵ ਦਰਸਾਇਆ ਗਿਆ। ਇਸ ਵਿਚ ਉਪਨਿਸ਼ਦਕ ਰਿਸ਼ੀਆਂ ਨੇ ਵੀ ਕਿਹਾ ਹੈ ਕਿ ਜਿਸ ਵਿਅਕਤੀ ਵਿਚ ਪਰਮੇਸ਼ਵਰ ਦੀ ਪਰਮ ਭਗਤੀ ਹੈ, ਅਤੇ ਜਿਹੋ ਜਿਹੀ ਪਰਮੇਸ਼ਵਰ ਵਿਚ ਹੈ ਉਹੋ ਜਿਹੀ ਗੁਰੂ ਵਿਚ ਹੈ, ਉਸ ਮਹਾਨ ਪੁਰਸ਼ ਦੇ ਹਿਰਦੇ ਵਿਚ ਵੇਦਾਂ ਵਿਚ ਕਹੇ ਹੋਏ ਇਹ ਕਹੇ ਹੋਏ ਰਹੱਸਮਈ ਅਰਥ ਪ੍ਰਕਾਸ਼ਿਤ ਹੋ ਜਾਂਦੇ ਹਨ। ਸਪਸ਼ਟ ਹੈ ਹਿੰਦੂ ਧਰਮ ਵਿਚ ਗੁਰੂ ਭਗਤੀ ਅਤੇ ਪਰਮਾਤਮਾ ਦੀ ਭਗਤੀ ਤੇ ਇਕੋ ਜਿਹਾ ਜ਼ੋਰ ਦਿੱਤਾ ਗਿਆ ਹੈ।

ਅਧਿਆਤਮਕ ਮਾਰਗ ਤੇ ਚੱਲਣ ਲਈ ਸਾਧਕ ਨੂੰ ਇਕ ਪੂਰੇ ਗੁਰੂ ਦੀ ਆਵਸ਼ਕਤਾ ਪੈਂਦੀ ਹੈ। ਗੁਰੂ ਹੀ ਸ਼ਿਸ਼ ਨੂੰ ਭਰਮ, ਮੂੜ੍ਹਤਾ, ਮੋਹ ਤੇ ਮਾਇਆ ਦੇ ਅੰਧਕਾਰ ਵਿਚੋਂ ਕੱਢਦਾ ਹੈ। ਉਸਦਾ ਮਨ ਅਨੰਤ ਵਿਚ ਟਿਕਾ ਦਿੰਦਾ। ਉਸਦੀ ਬ੍ਰਹਮ ਨਾਲ ਅਭੇਦਤਾ ਕਾਇਮ ਕਰਦਾ ਹੈ ਅਤੇ ਵਹਿਸ਼ੀ ਮਨ ਨੂੰ ਨਿਯੰਤ੍ਰਣ ਵਿਚ ਰੱਖਣ ਦੀ ਜੁਗਤੀ ਸਿਖਾ ਦਿੰਦਾ ਹੈ।

ਰਾਮ ਜੀ ਦੇ ਗੁਰੂ ਵਸ਼ਿਸ਼ਟ, ਕ੍ਰਿਸ਼ਨ ਜੀ ਦੇ ਗੁਰੂ ਸੰਦੀਪਨੀ, ਰਾਣੀ ਝਾਲੀ ਤੇ ਮੀਰਾਂਬਾਈ ਦੇ ਗੁਰੂ ਰਵਿਦਾਸ ਤੇ ਰਵਿਦਾਸ ਜੀ ਦੇ ਗੁਰੂ ਰਾਮਾਨੰਦ ਜੀ ਸਨ। ਪਰੰਤੂ ਇਕ ਸੱਚਾ ਗੁਰੂ ਮਨੁੱਖ ਨੂੰ ਪੂਰਬ ਕਰਮਾਂ ਦੇ ਪੁੰਨ ਸਦਕਾ ਹੀ ਮਿਲਦਾ ਹੈ। ਉਹ ਜਨਮਾਂ ਤੋਂ ਬੰਦ ਪਏ ਮਨੁੱਖੀ ਮਨ ਦੇ ਮੋਹ ਮਾਇਆ ਦੇ ਕਿਵਾੜਾਂ ਨੂੰ ਖੋਲ੍ਹ ਕੇ ਰੱਬ ਦੀ ਮਿਹਰ ਦਾ ਚਾਨਣ ਅੰਦਰ ਲੈ ਆਉਂਦਾ ਹੈ, ਉਸ ਨੂੰ ਨਰਕਾਂ ਦੀ ਅੱਗ ਤੋਂ ਬਚਾ ਲੈਂਦਾ ਹੈ।

*ਪਰਮ ਪਰਸ ਗੁਰੂ ਭੇਟੀਐ, ਪੂਰਬ ਲਿਖਤ ਲਿਲਾਟ,*

*ਉਨਮਨ ਮਨ ਮਨ ਹੀ ਮਿਲੇ, ਛੁਟਕਤ ਬਜਰ ਕਪਾਟ।।*

**(ਆਦਿ ਗ੍ਰੰਥ, ਪੰਨਾ 346)**

ਰਵਿਦਾਸ ਬਾਣੀ ਵਿਚ ਬੇਸ਼ੱਕ ਗੁਰੂ ਦੇ ਸਰੂਪ, ਵਿਅਕਤਿਤਵ ਅਤੇ ਕਾਰਜ ਸਬੰਧੀ ਵਿਸਤਾਰਪੂਰਬਕ ਵਿਚਾਰ ਨਹੀਂ ਕੀਤਾ ਗਿਆ, ਪਰੰਤੂ ਸਮੁੱਚੇ ਤੌਰ 'ਤੇ ਇਸ ਵਿਚ ਅਜਿਹੇ ਕਈ ਹਵਾਲੇ ਮੌਜੂਦ ਹਨ, ਜਿਹੜੇ ਗੁਰੂ ਦੀ ਮਹਿਮਾ ਨੂੰ ਉਜਾਗਰ ਕਰਦੇ ਹਨ। ਇਥੇ ਗੁਰੂ ਤੋਂ ਭਾਵ ਦੇਹਧਾਰੀ ਗੁਰੂ ਤੋਂ ਹੈ ਜੋ ਸਤਿਪੁਰਖ ਦੇ ਰਹੱਸ ਨੂੰ ਜਾਣਕੇ ਉਸ ਨਾਲ ਇਕਰੂਪ ਹੋ ਚੁੱਕਾ ਹੈ, ਸੰਸਾਰਿਕਤਾ ਤੋਂ ਮੁਕਤ ਹੋ ਚੁੱਕਾ ਸਾਧਕ ਗੁਰੂ ਹੈ ਤੇ ਜਿਸਨੇ ਆਪਣੇ ਸ਼ਿਸ਼ ਦੇ ਸਾਰੇ ਭਰਮਾਂ ਦਾ ਨਾਸ਼ ਕਰਕੇ ਉਸ ਨੂੰ ਰੱਬੀ ਗਿਆਨ ਦੇਣਾ ਹੈ।

*ਰਵਿਦਾਸ ਦਾਸ ਉਦਾਸ ਤਜੁ ਭ੍ਰਮ,*

*ਤਪਨ ਤਪੁ ਗੁਰ ਗਿਆਨ।*

*ਭਗਤ ਜਨ ਭੈ ਹਰਨ,*

*ਪਰਮਾਨੰਦ ਕਰਹੁ ਨਿਦਾਨ।*

**(ਆਦਿ ਗ੍ਰੰਥ, ਪੰਨਾ 486)**

ਅਜਿਹਾ ਗੁਰੂ ਆਪਣੇ ਸ਼ਿਸ਼ ਦੇ ਅਧਿਆਤਮਕ ਮਾਰਗ ਦੇ ਸਾਰੇ ਪਾਪ ਹਰ ਕੇ ਉਸ ਨੂੰ ਪਰਮਾਨੰਦ ਦੀ ਪ੍ਰਾਪਤੀ ਕਰਵਾ ਦਿੰਦਾ ਹੈ। ਉਹ ਪ੍ਰਭੂ ਦੇ ਨਾਮ ਦੇ ਰੰਗ ਵਿਚ ਗੁਰੂ ਦੀ ਕਿਰਪਾ ਨਾਲ ਇੰਝ ਰੰਗਿਆ ਜਾਂਦਾ ਹੈ ਕਿ ਗੁਰੂ ਕਿਰਪਾ ਰਾਹੀਂ ਉਸਦੇ ਪਾਪ ਕੱਟੇ ਜਾਂਦੇ ਹਨ ਤੇ ਉਹ ਨਰਕਾਂ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ।

*ਜਨ ਰਵਿਦਾਸ ਰਾਮ ਰੰਗਿ ਰਾਤਾ,*

*ਇਉ ਗੁਰਪ੍ਰਸਾਦਿ ਨਰਕ ਨਹੀ ਜਾਤਾ।*

**(ਆਦਿ ਗ੍ਰੰਥ, ਪੰਨਾ 487)**

ਕਿਉਂਕਿ ਗੁਰੂ ਰਵਿਦਾਸ ਅਨੁਸਾਰ, ਗੁਰੂ ਪਰਮਪਿਤਾ ਪਰਮੇਸ਼ਵਰ ਦੇ ਅਨੇਕਾਂ ਸਰੂਪਾਂ ਵਿਚੋਂ ਇਕ ਹੈ। ਉਸਦੀ ਕਿਰਪਾ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

*ਤਨੁ ਮਨੁ ਅਰਪਉ ਪੂਜ ਚਰਾਵਉ।।*

*ਗੁਰਪ੍ਰਸਾਦਿ ਨਿਰੰਜਨੁ ਪਾਵਉ।।*

**(ਆਦਿ ਗ੍ਰੰਥ, ਪੰਨਾ 525)**

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਗੁਰੂ ਦਾ ਮਹੱਤਵ ਹੇਠ ਲਿਖੀ ਸੱਤਰਾਂ ਤੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ:

*ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ,*

*ਪਾਰਸ ਮਾਨੋ ਤਾਬੋ ਛੂਏ ਕਨਕ ਹੋਤ ਨਹੀ ਬਾਰ।*

*ਪਰਮ ਪਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ,*

*ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ।*

**(ਆਦਿ ਗ੍ਰੰਥ, ਪੰਨਾ 346)**

ਸੂਰਜ ਉਦੈ ਹੁੰਦਿਆਂ ਜਿਵੇਂ ਰਾਤ ਭਰ ਦਾ ਹਨੇਰਾ ਖੰਭ ਲਾ ਕੇ ਉਡ ਜਾਂਦਾ ਹੈ ਤਿਵੇਂ ਤਾਂਬੇ ਦੇ ਪਾਰਸ ਨਾਲ ਛੂਹ ਕੇ ਸੋਨਾ ਬਨਣ ਵਿਚ ਦੇਰ ਨਹੀਂ ਲੱਗਦੀ, ਉਵੇਂ ਪੂਰਬਲੇ ਬਾਗ ਜਾਗਣ ਤੇ ਪਰਮ ਪਰਸ ਗੁਰੂ ਦੇ ਮਿਲਾਪ ਨਾਲ ਪ੍ਰਭੂ ਦੀ ਮਿਹਰ ਨਾਲ ਭਗਤ, ਗੁਰੂ ਵਿਚ ਅਭੇਦ ਹੋ ਜਾਂਦਾ ਹੈ। ਉਸਦੇ ਮਾਇਆ ਅਤੇ ਵਿਸ਼ੇ ਵਿਕਾਰਾਂ ਕਾਰਨ ਬੰਦ ਹੋਏ ਮਨ ਦੇ ਕਿਵਾੜ ਖੁੱਲ੍ਹ ਜਾਂਦੇ ਹਨ ਅਤੇ ਅੰਤਰ ਆਤਮਾ ਵਿਚ ਪ੍ਰਭੂ ਦਾ ਦੀਦਾਰ ਹੋ ਜਾਂਦਾ ਹੈ।

5.3.4 **ਪਰਮਾਤਮਾ ਦੀ ਮਿਹਰ** : ਭਗਤੀ ਦੇ ਜੋ ਸਾਧਨ ਦੱਸੇ ਜਾਂਦੇ ਹਨ, ਉਨ੍ਹਾਂ ਵਿਚ ਪਰਮਾਤਮਾ ਦੀ ਮਿਹਰ ਦਾ ਵਿਸ਼ੇਸ਼ ਸਥਾਨ ਹੈ ਸਗੋਂ ਕਈ ਗ੍ਰੰਥਾਂ ਵਿਚ ਤਾਂ ਭਗਤੀ ਦਾ ਮੂਲ ਆਧਾਰ ਹੀ ਪ੍ਰਭੂ ਕਿਰਪਾ ਨੂੰ ਦੱਸਿਆ ਗਿਆ ਹੈ। ਇਸੇ ਤੱਥ ਨੂੰ ਅੱਗੇ ਚਲਕੇ ਵੈਸ਼ਣਵ ਤੇ ਸ਼ੈਵ ਦੋਹਾਂ ਸੰਪ੍ਰਦਾਇਆਂ ਵਿਚ ਵੀ ਸਵੀਕਾਰਿਆ ਗਿਆ ਹੈ। ਵੈਸ਼ਣਵਾਂ ਵਿਚ **ਆਚਾਰੀਆ ਵਲਭਾਚਾਰੀਆ** ਨੇ ਪ੍ਰਭੂ ਦੀ ਕਿਰਪਾ ਨੂੰ ਪੁਸ਼ਟੀ ਦਾ ਨਾਮ ਦਿੱਤਾ ਹੈ ਤਾਂ ਸ਼ੈਵਾਂ ਅਤੇ ਸ਼ਾਕਤਾਂ ਨੇ ਇਸ ਨੂੰ ਸ਼ਕਤੀਪਾਤ ਕਹਿ ਕੇ ਪੁਕਾਰਿਆ ਹੈ।[16] ਪ੍ਰਭੂ ਦੀ ਕਿਰਪਾ ਉਤੇ **ਕਠੋ** ਅਤੇ **ਮੁੰਡਕ** ਦੋਹਾਂ **ਉਪਨਿਸ਼ਦਾਂ** ਨੇ ਵੀ ਬੜਾ ਜ਼ੋਰ ਦਿੱਤਾ ਹੈ। ਪ੍ਰਭੂ ਕ੍ਰਿਪਾ ਸਬੰਧੀ ਇਕ ਸ਼ਲੋਕ ਦੋਹਾਂ ਵਿਚ ਮੌਜੂਦ ਹੈ ਜਿਸਦਾ ਅਨੁਵਾਦ ਹੈ:

'ਇਹ ਆਤਮਤੱਤ ਵਿਆਖਿਆਨਾਂ ਨਾਲ ਨਹੀਂ ਮਿਲਦਾ, ਇਹ ਉਸੇ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਉਹ ਆਪ ਚੁਣ ਲੈਂਦਾ ਹੈ ਅਤੇ ਉਸ ਦੇ ਸਾਹਮਣੇ ਆਪਣੇ ਸਰੂਪ ਨੂੰ ਖੋਲ੍ਹ ਦਿੰਦਾ ਹੈ।'[17]

**ਆਰ.ਡੀ. ਰਾਨਾਡੇ** ਅਨੁਸਾਰ ਅਧਿਆਤਮਕ ਸਿਮਰਨ ਦੀ ਸਫਲਤਾ ਲਈ ਪਰਮਾਤਮਾ ਦੀ ਮਿਹਰ ਅੰਤਿਮ ਤੱਤ ਹੈ।[18] ਉਚੇ ਆਦਰਸ਼ ਦੀ ਪ੍ਰਾਪਤੀ ਲਈ ਮਨੁੱਖੀ ਜਤਨ ਕਾਫੀ ਨਹੀਂ। ਪਰਮਾਤਮਾ ਦੀ ਕਿਰਪਾ ਬਿਨਾਂ ਅਧਿਆਤਮਕ ਪੰਧ ਦੀ ਸੋਝੀ ਨਹੀਂ ਹੋ ਸਕਦੀ। ਜੀਵ ਭਰਮਾਂ ਦੇ ਨਿਵਾਰਣ, ਬੰਧਨ ਕੱਟਣ, ਜਨਮ ਮਰਣ ਦੇ ਗੇੜ ਤੋਂ ਛੁਟਕਾਰਾ ਦੁਆਉਣ ਅਤੇ ਉਸ ਨੂੰ ਪ੍ਰਭੂ ਪ੍ਰੇਮ ਲਈ ਉਤਸ਼ਾਹਿਤ ਕਰਨ ਵਿਚ ਪ੍ਰਭੂ ਦੀ ਮਿਹਰ ਦੀ ਵਿਸ਼ੇਸ਼ ਮਹੱਤਾ ਹੈ। ਜਦੋਂ ਤੀਕ ਹਰਿ ਦੀ ਮਿਹਰ ਨਹੀਂ ਹੁੰਦੀ, ਜੀਵ ਦੇ ਉਸ ਨੂੰ ਪ੍ਰਾਪਤ ਕਰਨ ਲਈ ਕੀਤੇ ਸਾਰੇ ਜਤਨ ਅਧੂਰੇ ਤੇ ਨਿਸ਼ਫਲ ਹਨ।

ਰਵਿਦਾਸ ਬਾਣੀ ਅਨੁਸਾਰ ਸਾਧਕ ਦੇ ਆਪਣੇ ਜਤਨਾਂ ਦੀ ਮਹੱਤਾ ਉਸ ਸਮੇਂ ਹੈ ਜਦੋਂ ਪਾਰਬ੍ਰਹਮ ਉਸ ਤੇ ਮਿਹਰ ਕਰਕੇ ਉਸ ਨੂੰ ਨਿਵਾਜ ਲੈਂਦਾ ਹੈ। ਜੀਵ ਦੇ ਭਾਗ ਬੜੇ ਵੱਡੇ ਹੁੰਦੇ ਹਨ। ਉਸਦੇ ਕਲੇਸ਼ ਕੱਟੇ ਜਾਂਦੇ ਹਨ ਤੇ ਉਹ ਪ੍ਰਭੂ-ਚਰਨਾਂ ਵਿੱਚ ਜਾ ਟਿਕਦਾ ਹੈ। ਅਜਿਹੇ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ।

*ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗ ਲਿਵ ਲਾਗੀ ॥*
*ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗਿ ॥*

**(ਆਦਿ ਗ੍ਰੰਥ, ਪੰਨਾ 1106)**

ਇਹ ਪ੍ਰਭੂ ਮਿਹਰ ਹੀ ਹੈ ਕਿ ਵਰਣਾਸ਼੍ਰਮ ਪ੍ਰਧਾਨ ਸਮਾਜ ਵਿਚ ਵੱਡੇ ਵੱਡੇ ਬ੍ਰਾਹਮਣ ਵੀ ਚਮਾਰ ਕੁੱਲ ਵਿਚ ਪੈਦਾ ਹੋਏ ਰਵਿਦਾਸ ਜੀ ਨੂੰ ਡੰਡਉਤ ਤੇ ਬੰਦਨਾ ਕਰਨ ਲਈ ਮਜ਼ਬੂਰ ਹਨ। ਇਹ ਪਰਮਾਤਮਾ ਦੀ ਬਖਸ਼ਿਸ਼ ਤੋਂ ਬਿਨਾਂ ਉਹ ਵੀ ਸ਼ਾਇਦ ਸਧਾਰਨ ਚਮਾਰਾਂ ਵਾਂਗ ਹੁੰਦੇ ਤੇ ਆਪਣੇ ਬਜ਼ੁਰਗਾਂ ਦੀ ਤਰ੍ਹਾਂ ਮਰੇ ਪਸ਼ੂਆਂ ਨੂੰ ਢੋਣ 'ਤੇ ਉਨ੍ਹਾਂ ਦੀ ਚੰਮ ਕੱਟਣ ਦੀ ਕਾਰ ਕਰਦਿਆਂ, ਅਗਿਆਤ ਹੀ ਸੰਸਾਰ ਤੋਂ ਚਲੇ ਗਏ ਹੁੰਦੇ।

ਉਸ ਪ੍ਰਮਾਤਮਾ ਦੀ ਮਿਹਤ ਨਾਲ ਹੀ ਸੰਸਾਰ ਵਿਚ ਗਰੀਬਾਂ ਨੂੰ ਮਾਣ ਮਿਲਦਾ ਹੈ। ਉਹ ਗਰੀਬਾਂ ਦੇ ਸਿਰ ਤੇ ਛਤਰ ਝੁਲਾਉਣ ਵਾਲਾ ਗਰੀਬ ਨਿਵਾਜ਼ ਹੈ। ਜਿਸ ਮਨੁੱਖ ਦੀ ਭਿੱਟ ਨਾਲ ਸਮਝਿਆ ਜਾਂਦਾ ਸੀ ਕਿ ਸਾਰੇ

ਕਰਮ ਵਿਨਾਸ਼ੇ ਜਾਂਦੇ ਹਨ ਉਸ ਮਨੁੱਖ ਨੂੰ ਵੀ ਉਹ ਨੀਵੇ ਤੋਂ ਉਚਾ ਕਰ ਦਿੰਦਾ ਹੈ। ਇਹ ਉਸ ਦੀ ਮਿਹਰ ਹੀ ਹੈ ਜਿਸਨੇ ਨਾਮਦੇਵ, ਕਬੀਰ ਤ੍ਰਿਲੋਚਨ, ਸਧਨਾ ਤੇ ਸੈਨ ਨੂੰ ਤਾਰ ਦਿੱਤਾ ਹੈ। ਬਾਲਮੀਕਿ ਰਿਸ਼ੀ ਰਾਮ ਭਗਤੀ ਤੇ ਪ੍ਰਭੂ ਦੀ ਮਿਹਰ ਕਾਰਨ ਭਵਸਾਗਰ ਤੋਂ ਪਾਰ ਹੋ ਗਏ। ਪਰਮਾਤਮਾ ਦੀ ਮਿਹਰ ਸਭ ਜੀਵਾਂ ਨੂੰ ਤਾਰ ਦਿੰਦੀ ਹੈ। ਪ੍ਰਭੂ ਦੀ ਮਿਹਰ ਜਾਤੀ ਭੇਦ ਤੇ ਵਿਸ਼ਵਾਸ ਨਹੀਂ ਕਰਦੀ।

*ਰੇ ਚਿਤ ਚੇਤਿ ਚੇਤ ਅਚੇਤ॥*

*ਕਾਹੇ ਨ ਬਾਲਮੀਕਹਿ ਦੇਖ॥*

*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥*

**(ਆਦਿ ਗ੍ਰੰਥ ਪੰਨਾ 1106)**

ਪ੍ਰਭੂ ਦੀ ਮਿਹਰ ਨਾਲ ਇਨਸਾਨ ਉਸਦੇ ਦਰਬਾਰ ਦਾ ਦਰਬਾਰੀ ਬਣ ਜਾਂਦਾ ਹੈ। ਉਸਦੀ ਜਾਤ ਮਿਟ ਜਾਂਦੀ ਹੈ ਅਤੇ ਉਹ ਭਵ ਸਾਗਰ ਤੋਂ ਤਰ ਜਾਂਦਾ ਹੈ।

*ਮੇਟੀ ਜਾਤ ਹੂਏ ਦਰਬਾਰੀ,*

*ਤੂਹੀ ਮੁਕੰਦ ਜੋਗ ਜੁਗ ਤਾਰੀ।*

**(ਆਦਿ ਗ੍ਰੰਥ ਪੰਨਾ 875)**

5.3.5 **ਨਾਮ-ਸਿਮਰਨ** : ਬ੍ਰਹਿਮੰਡ ਵਿਚ ਵਿਆਪਤ ਹਰ ਵਸਤੂ, ਵਿਅਕਤੀ ਅਤੇ ਪਦਾਰਥ ਦਾ ਕੋਈ ਨਾ ਕੋਈ ਨਾਮ ਹੈ। ਭਗਤੀ ਦਰਸ਼ਨ ਅਨੁਸਾਰ ਹਰ ਕੋਈ ਨਾਮ ਅਤੇ ਰੂਪ ਦਾ ਸੁਮੇਲ ਹੈ। ਨਾਮ ਦਾ ਸੰਕਲਪ ਸਮੁੱਚੀ ਗੁਰਬਾਣੀ ਵਿਚ ਵੀ ਮੌਜੂਦ ਹੈ। ਗੁਰੂ ਅਰਜਨ ਦੇਵ ਜੀ ਨਾਮ ਦੀ ਮਹਿਮਾ ਗਾਉਂਦੇ ਹੋਏ ਉਸ ਨੂੰ ਕਲਯੁੱਗ ਦੇ ਸਭ ਦੁੱਖਾਂ ਦਾ ਅਉਖਧ ਦੱਸਦੇ ਹਨ।

*'ਸਰਬ ਦੁਖ ਕਾ ਅਉਖਧ ਨਾਮੁ'*

**(ਸੁਖਮਨੀ ਸਾਹਿਬ)**

ਗੁਰੂ ਸਾਹਿਬਾਨ ਤੋਂ ਇਲਾਵਾ ਬਾਬਾ ਫਰੀਦ ਜੀ ਅਤੇ ਹੋਰ ਭਗਤਾਂ ਨੇ ਵੀ ਨਾਮ ਦੀ ਮਹਿਮਾ ਗਾਈ ਹੈ। ਬਾਬਾ ਫਰੀਦ ਆਖਦੇ ਹਨ:

*ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨ ਨਾਉ,*

*ਐਥੇ ਦੁਖ ਘਣੇਰਿਆ ਅਗੇ ਠਉਰ ਨ ਠਾਉ॥*

**(ਆਦਿ ਗ੍ਰੰਥ, ਪੰਨਾ 1383)**

ਹਜ਼ਾਰੀ ਪ੍ਰਸਾਦ ਦਿਵੇਦੀ ਦਾ ਕਥਨ ਸਹੀ ਹੈ ਕਿ 'ਮੱਧ ਯੁੱਗ ਕੇ ਭਗਤਾਂ ਵਿਚ ਭਗਵਾਨ ਦੇ ਨਾਮ ਦਾ ਮਹਾਤਮ ਬਹੁਤ ਅਧਿਕ ਹੈ। ਮੱਧਯੁੱਗ ਦੀ ਸਮੱਸਤ ਧਰਮ-ਸਾਧਨਾ ਨੂੰ ਨਾਮ ਦੀ ਸਾਧਨਾ ਕਿਹਾ ਜਾ ਸਕਦਾ ਹੈ। ਚਾਹੇ ਸਰਗੁਣ ਮਾਰਗ ਦੇ ਭਗਤ ਹੋਣ ਚਾਹੇ ਨਿਰਗੁਣ ਮਾਰਗ ਦੇ ਨਾਮ ਜਾਪ ਦੇ ਬਾਰੇ ਕਿਸੇ ਨੂੰ ਕੋਈ ਸੰਦੇਹ ਨਹੀਂ।'(19)

ਰਵਿਦਾਸ ਬਾਣੀ ਵਿਚ ਨਾਮ-ਸਿਮਰਨ ਦੀ ਬਹੁਤ ਮਹੱਤਤਾ ਹੈ। ਗੁਰੂ ਰਵਿਦਾਸ ਜੀ ਦੀ ਭਗਤੀ

ਸਾਧਨਾ ਨਾਮ ਦੀ ਸਾਧਨਾ ਹੈ ਕਿਉਂਕਿ ਪਰਮਾਤਮਾ ਦੀ ਭਗਤੀ ਕਰਨ ਲਈ ਉਨ੍ਹਾਂ ਨੇ ਨਾਮ ਸਿਮਰਨ ਦੀ ਆਵਸ਼ਕਤਾ ਤੇ ਵਿਸ਼ੇਸ਼ ਬਲ ਦਿੱਤਾ ਹੈ। ਗੁਰੂ ਰਵਿਦਾਸ ਲਈ 'ਨਾਮ' ਉਹ ਸਾਧਨਾ ਹੈ, ਜਿਸਦੇ ਜਪਣ ਨਾਲ ਮਨ ਸਹਿਜ ਅਵਸਥਾ ਵਿਚ ਟਿਕ ਜਾਵੇ ਅਤੇ ਆਤਮਾ ਪਰਮਾਤਮਾ ਨਾਲ ਇਕਰੂਪ ਹੋ ਸਕੇ। ਉਹ ਅਜਿਹਾ ਨਾਮ ਪੜ੍ਹਨ, ਸੁਣਨ ਅਤੇ ਮਨਨ ਦਾ ਖੰਡਨ ਕਰਦੇ ਹਨ, ਜਿਸ ਨਾਲ ਜੀਵ ਦੀ ਪ੍ਰਭੂ ਲਈ ਤੜਪ ਪੈਦਾ ਨਹੀਂ ਹੁੰਦੀ।

*ਮੁਕੰਦ ਮੁਕੰਦ ਜਪਹੁ ਸੰਸਾਰੁ।*

*ਬਿਨੁ ਮੁਕੰਦ ਤਨੁ ਹੋਇ ਅਉਹਾਰ॥*

(**ਆਦਿ ਗ੍ਰੰਥ**, **ਪੰਨਾ** 875)

ਰਵਿਦਾਸ ਬਾਣੀ ਪ੍ਰਭੂ ਨਾਮ ਜੱਪਣ ਦਾ ਸੰਦੇਸ਼ ਦਿੰਦੀ ਹੈ ਅਤੇ ਦੱਸਦੀ ਹੈ ਕਿ ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਇਹ ਜੀਵਨ ਵਿਅਰਥ ਹੈ। ਸੰਸਾਰ ਦੇ ਬੰਧਨਾਂ ਤੋਂ ਖਲਾਸੀ ਪਾਉਣ ਲਈ, ਸੰਸਾਰ ਵਿਚ ਰਹਿੰਦਿਆਂ ਹੱਸਦਿਆਂ, ਖੇਡਦਿਆਂ, ਪਹਿਨਦਿਆਂ, ਮੁਕਤੀ ਹਾਸਲ ਕਰਨ ਅਤੇ ਬੈਰਾਗੀ ਬਣਨ ਲਈ ਨਾਮ ਸਿਮਰਨ ਦੀ ਅਤਿਅੰਤ ਆਵਸ਼ਕਤਾ ਹੈ। ਪ੍ਰਭੂ ਦਾ ਨਾਮ ਨਿਰਧਨ ਨੂੰ ਧਨਵਾਨ ਬਨਾਉਣ ਦੇ ਸਮਰੱਥ ਹੈ। ਇਸ ਨਾਮ ਧਨ ਨੂੰ ਪ੍ਰਾਪਤ ਕਰਕੇ ਜੀਵ ਦੀ ਢਹਿੰਦੀ ਕਲਾ ਮਿਟ ਜਾਂਦੀ ਹੈ ਅਤੇ ਆਤਮਿਕ ਸੂਝ ਹੋਣ ਨਾਲ ਸਭ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ।

ਪਰੰਤੂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਰਵਿਦਾਸ ਬਾਣੀ ਵਿਚ ਅਭਿਵਿਅਕਤ 'ਨਾਮ' ਕਿਸੇ ਸ਼ਬਦ ਜਾਂ ਨਾਮ ਦਾ ਬੋਧਕ ਨਾ ਹੋ ਕੇ ਪਰਮਾਤਮਾ ਦਾ ਸਮੁੱਚਾ ਅਭਿਵਿਅੰਜਕ ਹੈ[20] ਕਿਉਂਕਿ ਸੰਸਾਰ ਵਿਚ ਜੋ ਕੁਝ ਦ੍ਰਿਸ਼ਟੀਗੋਚਰ ਹੈ ਸਭ ਨਾਮ ਅਤੇ ਨਾਮ ਦਾ ਪਸਾਰਾ ਹੈ।

*ਆਪੀਨੈ ਆਪੁ ਸਾਜਿਓ,*

*ਆਪੀਨੈ ਰਚਿਓ ਨਾਉ॥*

(**ਆਦਿ ਗ੍ਰੰਥ**, **ਪੰਨਾ** 463)

ਗੁਰੂ ਰਵਿਦਾਸ ਨੇ ਨਾਮ ਦੀ ਅਨੰਨਤਾ ਅਤੇ ਵਿਆਪਕਤਾ ਦਾ ਸੁੰਦਰ ਨਕਸ਼ਾ ਉਲੀਕਿਆ ਹੈ। ਜਿਥੇ ਭਰਮ ਭੁਲੇਖਿਆਂ ਵਿਚ ਭੁੱਲੀ ਲੋਕਾਈ ਮੂਰਤੀਆਂ ਦੀ ਆਰਤੀ ਉਤਾਰਨ ਵਿਚ ਆਸਥਾ ਰੱਖਦੀ ਸੀ, ਉਥੇ ਗੁਰੂ ਰਵਿਦਾਸ ਨੇ ਪ੍ਰਭੂ ਦੇ ਨਾਮ ਦੀ ਆਰਤੀ ਉਤਾਰਨ ਦੀ ਆਵਸ਼ਕਤਾ ਦ੍ਰਿੜਾਈ। ਰਵਾਇਤੀ ਆਰਤੀ ਲਈ ਲੋੜੀਂਦੀ ਸਮੱਗਰੀ ਨੂੰ ਉਨ੍ਹਾਂ ਨੇ ਕੇਵਲ ਝੂਠਾ ਅਡੰਬਰ ਆਖਿਆ ਕਿਉਂਕਿ ਗੁਰੂ ਰਵਿਦਾਸ ਪਰਮਾਤਮਾ ਦੇ ਸੱਚੇ ਅਤੇ ਸਦੀਵੀ ਨਾਮ ਦੀ ਆਰਤੀ ਨੂੰ ਸ਼੍ਰੇਸ਼ਠ ਮੰਨਦੇ ਹਨ ਅਤੇ ਉਨ੍ਹਾਂ ਨੇ ਨਾਮ ਦੀ ਆਰਤੀ ਉਤਾਰ ਕੇ ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਨਾਮ ਅਤੇ ਨਾਮੀ ਵਿਚ ਕੋਈ ਵਖਰੇਵਾਂ ਨਹੀਂ ਹੈ।

*ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।*

*ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥*

(**ਆਦਿ ਗ੍ਰੰਥ**, **ਪੰਨਾ** 694)

ਸਪੱਸ਼ਟ ਹੈ ਰਵਿਦਾਸ ਬਾਣੀ ਵਿਚ ਨਾਮ ਇਕ ਮੰਤਰ ਦੇ ਤੌਰ 'ਤੇ ਵੀ ਸਵੀਕ੍ਰਿਤ ਹੈ, ਜਿਸ ਨੂੰ ਜਪਣ ਵਾਲੇ ਦੀ ਜਾਤ, ਜਨਮ ਅਤੇ ਜੂਨ ਸਭ ਖਤਮ ਹੋ ਜਾਂਦੇ ਹਨ।

*ਕਹਿ ਰਵਿਦਾਸ ਜੁ ਜਪੈ ਨਾਮੁ,*

*ਤਿਉ ਜਾਤਿ ਨ ਜਨਮ ਨ ਜੋਨਿ ਕਾਮੁ।*

**(ਆਦਿ ਗ੍ਰੰਥ, ਪੰਨਾ 1196)**

ਉਨ੍ਹਾਂ ਅਨੁਸਾਰ ਵਿਆਸ ਵਰਗੇ ਵੇਦਾਂ ਦੇ ਖੋਜੀ ਅਤੇ ਸਨਕ ਵਰਗੇ ਬ੍ਰਹਮਚਾਰੀ ਅਤੇ ਅਨੇਕ ਧਰਮ ਪੁਸਤਕਾਂ ਗਵਾਹ ਹਨ ਕਿ ਇਸ ਨਾਮ ਦੀ ਵਡਿਆਈ ਸੱਤ ਦੀਪਾਂ ਵਿਚ ਫੈਲੀ ਹੋਈ ਹੈ:

*ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ,*

*ਨਾਮ ਕੀ ਨਾਮਨਾ ਸਪਤ ਦੀਪਾ।*

**(ਆਦਿ ਗ੍ਰੰਥ, ਪੰਨਾ 1293)**

ਨਾਮ ਤੋਂ ਬਿਨਾਂ ਬਾਕੀ ਸਭ ਕਝ ਉਨ੍ਹਾਂ ਨੂੰ ਫਜ਼ੂਲ ਗੱਲਾਂ ਅਤੇ ਨਿਰੋਲ ਵਾਕ ਰਚਨਾ ਜਾਪਦੀ ਹੈ।

*ਹਰਿ ਹਰਿ ਹਰਿ ਨ ਜਪਹਿ ਰਸਨਾ॥*

*ਅਵਰਾ ਸਭ ਤਿਆਗਿ ਬਚਨ ਰਸਨਾ॥*

**(ਆਦਿ ਗ੍ਰੰਥ, ਪੰਨਾ 658)**

ਸਵਾਸ-ਸਵਾਸ ਹਰਿ ਦਾ ਨਾਮ ਜੱਪਣ ਵਾਲੇ ਸਾਧਕ ਦੇ ਹਵਾਲੇ ਨਾਲ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਹਰਿ ਦੇ ਸਿਮਰਨ ਨੇ ਉਨ੍ਹਾਂ ਦੇ ਜਨਮ ਜਨਮ ਦੇ ਕਰਮਾਂ ਨੂੰ ਮੇਟਕੇ, ਉਨ੍ਹਾਂ ਨੂੰ ਹਮੇਸ਼ਾ ਲਈ, ਉਜਾਗਰ ਕਰ ਦਿੱਤਾ ਹੈ। ਸੰਸਾਰ ਦੇ ਬਹੁਗਿਣਤੀ ਜੀਵ ਛਿਣ-ਭੰਗੁਰ ਖੁਸ਼ੀਆਂ ਵਿਚ ਬਾਵਰੇ ਹੋਏ ਪਰਮਾਤਮਾ ਦੇ ਨਾਮ ਨੂੰ ਵਿਸਾਰ ਦਿੰਦੇ ਹਨ ਪਰੰਤੂ ਇਸ ਗੱਲ ਦਾ ਅਹਿਸਾਸ ਉਨ੍ਹਾਂ ਨੂੰ ਵੇਲਾ ਵਿਹਾਜ ਜਾਣ ਉਪਰੰਤ ਉਸ ਸਮੇਂ ਹੁੰਦਾ ਹੈ ਜਦੋਂ ਜੀਵਨ ਬਾਜ਼ੀ ਹਰ ਕੇ ਉਨ੍ਹਾਂ ਨੂੰ ਸੰਸਾਰ ਤੋਂ ਖਾਲੀ ਹੱਥ ਵਾਪਸ ਪਰਤਣਾ ਪੈਂਦਾ ਹੈ। ਪਤਨੀ ਅਤੇ ਸੰਤਾਨ ਜਿਨ੍ਹਾਂ ਲਈ ਆਦਮੀ ਹਰ ਕੁਕਰਮ ਕਰਨ ਲਈ, ਹਮੇਸ਼ਾ ਤਤਪਰ ਰਹਿੰਦਾ ਹੈ, ਵੀ ਅੰਤ ਸਮੇਂ ਉਸ ਦਾ ਸਾਥ ਨਹੀਂ ਦਿੰਦੇ। ਪਤੀ ਦੇ ਸ਼ਰੀਰ ਨਾਲ ਲਿਪਟੀ ਰਹਿਣ ਵਾਲੀ ਪਤਨੀ ਉਸ ਦੇ ਸਵਾਸ ਨਿਕਲ ਜਾਣ ਪਿੱਛੋਂ ਭੂਤ ਭੂਤ ਕਹਿਕੇ ਉਸ ਤੋਂ ਦੂਰ ਨੱਠਦੀ ਹੈ। ਉਸਦੇ ਸਗੇ ਸਬੰਧੀ ਉਸਦੀ ਲਾਸ਼ ਨੂੰ ਜਲਦੀ ਟਿਕਾਣੇ ਲਾਉਣਾ ਚਾਹੁੰਦੇ ਹਨ। ਇੰਞ ਜੀਵ ਨੂੰ ਉਸਦੇ ਅੰਤ ਸਮੇਂ ਦੇ ਹਾਲਾਤ ਜਾਣੂ ਕਰਵਾ ਕੇ ਰਵਿਦਾਸ ਜੀ ਬਾਰ ਬਾਰ ਉਸ ਨੂੰ ਨਾਮ ਸਿਮਰਨ ਲਈ ਪ੍ਰੇਰਦੇ ਹਨ।

ਨਾਮ ਲਈ ਉਨ੍ਹਾਂ ਨੇ ਭਜਨ ਅਤੇ ਬੰਦਗੀ ਆਦਿ ਪ੍ਰਯਾਯ ਵੀ ਵਰਤਦੇ ਹਨ। ਪਰਮਾਤਮਾ ਦਾ ਭਜਨ ਜਮ ਦੀ ਫਾਹੀ ਨੂੰ ਕੱਟਣ ਦੇ ਸਮਰੱਥ ਹੈ। ਇਸ ਭਜਨ ਨਾਲ ਬ੍ਰਾਹਮਣ ਹੋਵੇ ਜਾਂ ਨੀਚ, ਚੰਡਾਲ ਹੋਵੇ ਜਾਂ ਮਲੇਛ ਵੰਸ਼ ਹੋਵੇ ਜਾਂ ਖਤਰੀ, ਹਰ ਵਿਅਕਤੀ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਪਹੁੰਚ ਸਕਦਾ ਹੈ।

ਸਤਿਯੁੱਗ, ਤ੍ਰੇਤਾ, ਦੁਆਪਰਿ ਅਤੇ ਕਲਿਯੁੱਗ ਦੇ ਪ੍ਰਮੁੱਖ ਕਰਮਾਂ ਦਾ ਸੰਕੇਤ ਦਿੰਦੇ ਉਹ ਸਤਿਯੁੱਗ ਵਿਚ ਦਾਨ-ਪੁੰਨ, ਤ੍ਰੇਤਾ ਵਿਚ ਜੱਗ ਆਦਿ, ਦੁਆਪਰਿ ਵਿਚ ਦੇਵ-ਪੂਜਾ ਅਤੇ ਕਲਿਯੁਗ ਵਿਚੇ ਵਲ ਨਾਮ ਦੀ ਮਹਿਮਾ ਤੇ ਬਲ ਦਿੰਦੇ ਹਨ।

*ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ,*

*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।*

(ਆਦਿ ਗ੍ਰੰਥ, ਪੰਨਾ 346)

ਪੁਰਾਣਾਂ, ਵੇਦਾਂ, ਸਿਮ੍ਰਤੀਆਂ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਪ੍ਰਸੰਗ ਰੱਬ ਦੇ ਨਾਂ ਦੀ ਬਰਾਬਰੀ ਨਹੀਂ ਕਰ ਸਕਦੇ ਕਿਉਂਕਿ ਰਮਈਏ ਦਾ ਨਾਮ ਰੰਗ ਕਦੇ ਨਾ ਉਤਰਨ ਵਾਲਾ ਮਜੀਠ ਰੰਗ ਹੈ। ਇਸੇ ਲਈ ਉਹ ਰਾਮ ਨਾਮ ਦਾ ਵਪਾਰ ਕਰਕੇ ਸਭ ਜੰਜਾਲ ਤੋਂ ਮੁਕਤ ਹੋ ਗਏ ਹਨ।

ਪਮਾਤਮਾ ਦੀ ਸਿਫਤ ਸਲਾਹ ਅਤੇ ਪਲ ਪਲ ਉਸ ਦਾ ਨਾਮ ਅਧਿਆਉਣ ਵਾਲੇ ਜੀਵ ਨੂੰ ਉਹ ਅਸਲ ਯੋਗੀ ਦੀ ਸੰਗਿਆ ਦਿੰਦੇ ਹਨ।

*ਬਰਨ ਸਹਿਤ ਜੋ ਜਾਪੈ ਨਾਮੁ*

*ਸੋ ਜੋਗੀ ਕੇਵਲ ਨਿਹਕਾਮੁ।*

(ਆਦਿ ਗ੍ਰੰਥ, ਪੰਨਾ 1167)

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਜੀ ਦੀ ਭਗਤੀ ਸਾਧਨਾ ਵਿਚ ਨਾਮ ਸਿਮਰਨ, ਭਜਨ ਅਤੇ ਬੰਦਗੀ ਦਾ ਵਿਸ਼ੇਸ਼ ਮਹੱਤਵ ਹੈ। ਆਤਮਿਕ ਉਚਤਾ ਅਤੇ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਨਾਮ ਸਾਧਨਾ ਤੋਂ ਬਿਨਾਂ ਹੋਰ ਕੋਈ ਸਾਧਨ ਏਨਾ ਕਾਰਗਰ ਸਿੱਧ ਨਹੀਂ ਹੋ ਸਕਦਾ।

5.3.7 **ਵਿਕਾਰਾਂ ਦਾ ਤਿਆਗ:** ਗੁਰੂ ਰਵਿਦਾਸ ਜੀ ਨੇ ਪ੍ਰਭੂ ਭਗਤੀ ਦੇ ਮਾਰਗ ਵਿਚ ਪਰਨਿੰਦਾ ਕਰਨ ਵਾਲੇ ਨੂੰ ਵਰਜਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਾਧੂ ਦੀ ਨਿੰਦਾ ਪ੍ਰਭੂ ਪ੍ਰਾਪਤੀ ਦੇ ਰਸਤੇ ਵਿਚ ਬੜੀ ਵੱਡੀ ਰੁਕਾਵਟ ਹੈ। ਇਹ ਭੈੜੀ ਆਦਤ ਨਿੰਦਕ ਨੂੰ ਨਰਕ ਦੀ ਯਾਤਨਾ ਭੁਗਤਣ ਤੇ ਮਜ਼ਬੂਰ ਕਰ ਦਿੰਦੀ ਹੈ। ਉਸਦੇ ਕੀਤੇ ਪੁੰਨ, ਤੀਰਥਾਂ ਦਾ ਇਸ਼ਨਾਨ, ਦੁਆਦਸ ਸਿਲਾਵਾਂ ਦਾ ਪੂਜਨ ਅਤੇ ਵਿਭਿੰਨ ਤਲਾਬਾਂ ਤੇ ਕੂਪਾਂ ਦੀ ਪੂਜਾ ਸਭ ਕੁਝ ਵਿਅਰਥ ਹੋ ਜਾਂਦਾ ਹੈ।

*ਕਰੈ ਨਿੰਦਾ ਬਹੁ ਜੋਨੀ ਹਾਂਢੈ।*

*ਨਿੰਦਾ ਕਹਾ ਕਰਹੁ ਸੰਸਾਰਾ॥*

*ਨਿੰਦਕ ਕਾ ਪਰਗਟਿ ਪਾਹਾਰਾ।*

*ਨਿੰਦਕ ਸੋਧਿ ਸਾਧਿ ਬੀਚਾਰਿਆ॥*

*ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥*

(ਆਦਿ ਗ੍ਰੰਥ, ਪੰਨਾ 685)

ਉਹ ਬਹੁਜੋਨੀ ਵਿਚ ਜਨਮ ਲੈਂਦਾ ਫਿਰਦਾ ਹੈ। ਇਸੇ ਲਈ ਗੁਰੂ ਰਵਿਦਾਸ ਮਨੁੱਖ ਨੂੰ ਪਰਨਿੰਦਾ ਕਰਨ ਦੀ ਥਾਂ ਤੇ ਪ੍ਰਭੂ ਦੀ ਭਗਤੀ ਕਰਨ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਰਵਿਦਾਸ ਮਗਰੋਂ ਹੋਏ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਜਗਤ ਪ੍ਰਸਿੱਧ ਰਚਨਾ 'ਸੁਖਮਨੀ ਸਾਹਿਬ' ਵਿਚ ਕਈ ਅਸ਼ਟਪਦੀਆਂ ਵਿਚ ਸਾਧੂ ਦੇ

ਨਿੰਦਕ ਦੀ ਭੈੜੀ ਹਾਲਤ ਨੂੰ ਬਿਆਨ ਕੀਤਾ ਹੈ ਤੇ ਮਨੁੱਖ ਨੂੰ ਪਰਨਿੰਦਾ ਤਿਆਗ ਦੀ ਪ੍ਰੇਰਨਾ ਦਿੱਤੀ ਹੈ।

ਪਰਨਿੰਦਾ ਇਕ ਅਜਿਹਾ ਦੁਰਗੁਣ ਹੈ ਜੋ ਮਨੁੱਖ ਦੇ ਅਹੰਕਾਰ ਨੂੰ ਮਜ਼ਬੂਤ ਕਰ ਦਿੰਦਾ ਹੈ, ਜਿਸ ਤੋਂ ਮੁਕਤੀ ਪਾਉਣਾ ਹੌਲੀ ਹੌਲੀ ਜੀਵਾਤਮਾ ਲਈ ਕਠਿਨ ਹੋ ਜਾਂਦਾ ਹੈ। ਫਿਰ ਜਦ ਹਰ ਵਿਅਕਤੀ ਵਿਚ ਉਸੇ ਪਰਮਾਤਮਾ ਦਾ ਵਾਸ ਹੈ ਤਾਂ ਪਰੋਖ ਰੂਪ ਵਿਚ ਉਹ ਖੁਦ, ਪਰਮਾਤਮਾ ਦੀ ਹੀ ਨਿੰਦਾ ਕਰਦਾ ਹੈ। ਉਵੇਂ ਵੀ ਨਿੰਦਾ ਕਾਇਰਤਾ ਦੀ ਨਿਸ਼ਾਨੀ ਹੈ। ਨਿਰਭੈ ਅਤੇ ਨਿਡਰ ਵਿਅਕਤੀ ਤਾਂ ਆਪਣੇ ਕਰਮਾਂ ਨਾਲ ਹੀ ਇੰਨੇ ਉਪਰ ਉਠ ਜਾਂਦੇ ਹਨ ਕਿ 'ਨਿੰਦਾ ਦਾ ਭੂਤ' ਉਨ੍ਹਾਂ ਨੂੰ ਸਪਰਸ਼ ਵੀ ਨਹੀਂ ਕਰ ਪਾਉਂਦਾ। ਇਸ ਲਈ ਰਵਿਦਾਸ ਜੀ ਪ੍ਰਭੂ ਤੋਂ ਪ੍ਰਾਰਥਨਾ ਕਰਦੇ ਹਨ ਕਿ ਉਹ ਕਦੇ ਵੀ ਪਰਨਿੰਦਕ, ਪਾਪੀ, ਅਸੰਤ ਵਿਅਕਤੀ ਦੇ ਦਰਸ਼ਨ ਨਾ ਕਰਨ।

*'ਅਉਰ ਇਕ ਮਾਗਉ ਭਗਤਿ ਚਿੰਤਾਮਣਿ,*

*ਜਣਿ ਲਖਾਵਹੁ ਅਸੰਤ ਪਾਪੀ ਸਣਿ॥'*

*(ਆਦਿ ਗ੍ਰੰਥ, ਪੰਨਾ 486)*

ਇਸ ਪ੍ਰਾਰਥਨਾ ਦੇ ਦੋ ਪੱਖ ਹਨ- ਇਕ ਇਹ ਕਿ ਰਵਿਦਾਸ ਇਸ ਪ੍ਰਿਥਵੀ ਤੇ ਪ੍ਰਭੂ ਭਗਤ ਹੀ ਵੇਖਣਾ ਚਾਹੁੰਦਾ ਹਨ ਜਿਨ੍ਹਾਂ ਦੇ ਹਿਰਦੇ ਵਿਚ ਸਰਲਤਾ, ਨਿਸ਼ਕਪਟਤਾ ਹੋਵੇ, ਈਰਖਾ ਅਤੇ ਪਰਨਿੰਦਾ ਜਿਹੇ ਦੁਰਗੁਣਾਂ ਦੀ ਥਾਂ ਕਰੁਣਾ ਤੇ ਪ੍ਰੇਮ ਹੋਵੇ।

ਦੂਜਾ ਇਹ ਕਿ ਪਰਨਿੰਦਾ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਲੈ ਜਾਂਦੀ ਹੈ ਜਿਸ ਨਾਲ ਨਿੰਦਕ ਦਾ ਅਹਿਤ ਹੁੰਦਾ ਹੈ। ਜੋ ਰਵਿਦਾਸ ਵੇਖਣਾ ਨਹੀਂ ਚਾਹੁੰਦੇ। ਰਵਿਦਾਸ ਜੀ ਦੀ ਕਰੁਣਾ ਅਨੰਤ ਹੈ। ਉਹ ਨਿੰਦਕ ਨੂੰ ਇਸ ਲਈ ਵੇਖਣਾ ਪਸੰਦ ਨਹੀਂ ਕਰਦੇ ਕਿਉਂਕਿ ਉਨ੍ਹਾਂ ਲਈ ਨਿੰਦਕ ਦੀ ਦੁਰਦਸ਼ਾ ਦੇਖਣੀ ਹੀ ਕਠਿਨ ਹੈ। ਨਿੰਦਕ ਜਿਸਦੀ ਨਿੰਦਾ ਕਰਦਾ ਹੈ ਉਸ ਨੂੰ ਇੰਨੀ ਹਾਨੀ ਨਹੀਂ ਪਹੁੰਚਾਉਂਦਾ ਜਿੰਨੀ ਖੁਦ ਨੂੰ। ਇਸਦਾ ਉਦਾਹਰਨ ਕਬੀਰ ਜੀ ਦੀ ਇਹ ਸਾਖੀ ਵੀ ਭਰਦੀ ਹੈ:

5.3.8 **ਨੈਤਿਕ ਗੁਣ ਅਤੇ ਨਿਮਰਤਾ:** ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਸਫਲ ਅਤੇ ਸੁਖੀ ਜੀਵਨ ਦਾ ਮੂਲ ਆਧਾਰ ਪ੍ਰਭੂ ਮਿਲਨ ਹੈ। ਇਸ ਦ੍ਰਿਸ਼ਟੀ ਤੋਂ ਉਹੀ ਭਗਤ ਹਨ ਜੋ ਉਚ ਆਚਰਣਕ ਗੁਣਾਂ ਤੇ ਨੈਤਿਕਤਾ ਨੂੰ ਧਾਰਨ ਕਰਦੇ ਹੋਏ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਹਨ। ਜਦ ਮਨੁੱਖ ਭਗਤੀ ਦੀ ਚਰਮ ਸੀਮਾ ਤੇ ਹੁੰਦਾ ਹੈ ਤਾਂ ਉਹ ਪਰਮ ਨੈਤਿਕ ਵਿਅਕਤੀ ਹੁੰਦਾ ਹੈ, ਅਨੈਤਿਕਤਾ ਉਸਦੇ ਪਾਸ ਵੀ ਨਹੀਂ ਫਟਕਦੀ। ਸੱਚ, ਸੰਤੋਸ਼ ਅਤੇ ਸਦਾਚਾਰ ਉਸਦੇ ਜੀਵਨ ਦੇ ਆਧਾਰ ਬਣ ਜਾਂਦੇ ਹਨ। ਉਹ ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਜਿਹੇ ਪੰਜਾਂ ਵਿਕਾਰਾਂ ਤੋਂ ਮੁਕਤ ਹੋ ਜਾਂਦੇ ਹਨ। ਉਹ ਆਪਣੀ ਇੰਦਰੀਆਂ ਨੂੰ ਵਸ਼ ਵਿਚ ਰੱਖਦੇ ਹੋਏ ਸੁੱਖ ਤੇ ਦੁੱਖ ਨੂੰ ਇਕ ਸਮਾਨ ਸਮਝਦੇ ਹਨ ਅਤੇ ਇੰਝ ਅੰਮ੍ਰਿਤ ਪਦ ਨੂੰ ਪ੍ਰਾਪਤ ਕਰ ਲੈਂਦੇ ਹਨ।

*ਜੋ ਬਸਿ ਰਾਖੈ ਇੰਦ੍ਰੀਆਂ, ਸੁਖ ਦੁਖ ਸਮਝਿ ਸਮਾਨ।*

*ਸੋਉ ਅੰਮ੍ਰਿਤ ਪਦ ਪਾਇਗੋ, ਕਹਿ ਰਵਿਦਾਸ ਬਖਾਨ॥*

*(ਪਦ, ਰਵਿਦਾਸ)*

ਇੰਦਰੀਆਂ ਤੇ ਵਸ਼ ਨਾ ਹੋਣ ਤੇ ਵਿਅਕਤੀ ਉਨ੍ਹਾਂ ਦਾ ਗੁਲਾਮ ਬਣ ਜਾਂਦਾ ਹੈ। ਜੀਵਨ ਨੂੰ ਵਾਸਨਾ ਦੇ

ਗਰਭ ਵਿਚ ਗੁਆ ਬੈਠਦਾ ਹੈ। ਜੀਵਨ ਦੀ ਸਾਰਥਕਤਾ ਇਸੇ ਵਿਚ ਹੈ ਕਿ ਇੰਦਰੀਆਂ ਨੂੰ ਵਸ਼ ਵਿਚ ਕਰਕੇ ਉਨ੍ਹਾਂ ਦਾ ਸੁਆਮੀ ਬਣਿਆ ਜਾਵੇ। ਇਹੀ ਕਾਰਨ ਹੈ ਕਿ

*ਬੁਧੀ ਅਉਰ ਬਿਬੇਕਹਿ, ਜਉ ਰਾਖਨ ਚਾਹੋ ਪਾਸ।*

*ਇੰਦਰੀਆਂ ਸੰਗ ਨਿਰਤ ਕੌਂ, ਤਜਿ ਦੇਹੁ ਰਵਿਦਾਸ।।*

*(ਪਦ, ਰਵਿਦਾਸ)*

ਭਾਰਤ ਸੰਸਕ੍ਰਿਤੀ ਵਿਚ ਜਿੰਦ੍ਰੀਯ ਵਿਅਕਤੀ ਉਸੇ ਨੂੰ ਕਿਹਾ ਜਾਂਦਾ ਹੈ ਜੋ ਇੰਦਰੀਆਂ ਨੂੰ ਜਿੱਤਕੇ ਉਨ੍ਹਾਂ ਦਾ ਸਵਾਮੀ ਬਣ ਜਾਂਦਾ ਹੈ।

ਇਨਸਾਨ ਨੂੰ ਆਪਣੀ ਇੱਛਾਵਾਂ ਤੇ ਕਾਬੂ ਰੱਖਣਾ ਚਾਉਣਾ ਚਾਹੀਦਾ ਹੈ। ਭੋਗ-ਵਿਲਾਸ ਉਸ ਨੂੰ ਨਰਕਾਂ ਵੱਲ ਧਕੇਲਦੇ ਹਨ ਕਿਉਂਕਿ ਇਹ ਛਿਣ ਦਾ ਆਨੰਦ ਹੈ ਤੇ ਬੁੱਧੀ ਨੂੰ ਅਸ਼ਾਂਤ ਕਰਨ ਵਾਲਾ ਹੈ। ਪਰ ਜੇਕਰ ਵਿਅਕਤੀ ਮਨ ਅਤੇ ਬੁੱਧੀ ਦੀ ਸ਼ਾਂਤੀ ਲੋਚਦਾ ਹੈ ਤਾਂ ਉਸਨੂੰ ਸਦਾ ਲਈ ਅਨੈਤਿਕਤਾ ਦਾ ਤਿਆਗ ਕਰ ਦੇਣਾ ਚਾਹੀਦਾ ਹੈ ਕਿਉਂਕਿ ਸ਼ਾਂਤ ਚਿੱਤ ਅਤੇ ਸਥਿਰ ਬੁੱਧੀ ਵਿਚ ਹੀ ਪਰਮੇਸ਼ਵਰ ਦਾ ਪ੍ਰਕਾਸ਼ ਚਮਕਦਾ ਹੈ।

*'ਰਵਿਦਾਸ' ਇਛਾਏਂ ਆਪੁਨੀ, ਭੋਗਨਿ ਸੇਤਿ ਰਖਿ ਦੂਰ।*

*ਮਨ ਬੁੱਧੀ ਰਹਹਿ ਸੰਤ ਨਿਤ, ਘਟ ਮਹਿ ਰਹਿਵੈ ਨੂਰ।।*

*(ਪਦ, ਰਵਿਦਾਸ)*

ਜੋ ਵਿਅਕਤੀ ਕਛੂਏ ਦੀ ਤਰ੍ਹਾਂ ਅੰਤਰ ਮੁਖੀ ਹੋ ਕੇ ਮਨ ਅਤੇ ਇੰਦਰੀਆਂ ਨੂੰ ਸੰਯਮਿਤ ਰੱਖਦਾ ਹੈ ਉਹ ਸਦਾ ਸ਼ਾਂਤ ਰਹਿੰਦਾ ਹੈ। ਨਿਤ ਆਤਮਾ ਦੇ ਨਾਲ ਉਸ ਦਾ ਸੰਪਰਕ ਹੋਣ ਕਰਕੇ ਉਸਦੇ ਆਤਮ ਵਿਸ਼ਵਾਸ ਦਾ ਵਿਸਤਾਰ ਹੋ ਜਾਂਦਾ ਹੈ। ਜੀਵਨ ਤੋਂ ਭੈਅ ਦਾ ਲੋਪ ਹੋ ਜਾਂਦਾ ਹੈ ਅਤੇ ਉਹ ਸਦਾ ਨਿਤ੍ ਆਨੰਦ ਵਿਚ ਡੁੱਬਕੇ ਨੈਤਿਕ ਤੇ ਨਿਮਰਤਾ ਭਰਿਆ ਜੀਵਨ ਜੀਉਂਦਾ ਹੈ।

*ਕੁਰਮੇ ਭਾਂਤਿ ਜਉ ਰਹਹਿ, ਮਨ ਇੰਦਰੀਆਂ ਰਵਿਦਾਸ।*

*ਸੰਤ ਰਹਹਿ ਨਿਤ ਆਤਮਾ, ਬਡਹਿ ਆਤਮ ਬਿਸਾਸ।।*

*(ਪਦ, ਰਵਿਦਾਸ)*

ਗੁਰੂ ਰਵਿਦਾਸ ਨੇ ਪ੍ਰਭੂ ਪ੍ਰਾਪਤੀ ਦੇ ਰਸਤੇ ਤੇ ਨਿਮਰਤਾ ਨੂੰ ਬਹੁਤ ਬਹੁਤ ਮਹੱਤਵ ਦਿੱਤਾ ਹੈ। ਉਹ ਆਪਣੇ ਵਿਅਕਤੀਗਤ ਜੀਵਨ ਦਾ ਉਦਾਹਰਨ ਦਿੰਦੇ ਕਈ ਥਾਂ ਤੇ ਨਿਮਰਤਾ ਵੱਸ ਹੀ ਆਪਣੀ ਸੰਗਤ ਨੂੰ ਨੀਚ, ਕਰਮ ਨੂੰ ਮਾੜਾ ਅਤੇ ਜਨਮ ਨੂੰ ਨੀਵਾਂ ਆਂਖਦੇ ਹਨ। ਉਹ ਆਪਣੇ ਆਪ ਨੂੰ ਪਰਮਪਿਤਾ ਦਾ ਸੇਵਕ ਦੱਸਦੇ ਹਨ।

*ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ,*
*ਮੇਰਾ ਕਰਮੁ ਕੁਟਿਲਾ ਜਨਮੁ ਕੁਭਾਂਤੀ।।*
*ਰਾਮ ਗੁਸਈਆ ਜੀਅ ਕੇ ਜੀਵਨਾ,*
*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ।।*

(ਆਦਿ ਗ੍ਰੰਥ, ਪੰਨਾ 345)

ਪ੍ਰਭੂ ਦੇ ਦਰ ਤੇ ਕਬੂਲ ਹੋਣ ਲਈ 'ਦਭੁ' ਵਰਗੀ ਨਿਮਰਤਾ ਧਾਰਨ ਕਰਨੀ ਪੈਂਦੀ ਹੈ। ਜਗ ਵਿਚ ਨਿਮਾਣਾ ਰਹਿਣ ਉਪਰੰਤ ਹੀ ਅਧਿਆਤਪਕਤਾ ਦੀ ਮੰਜ਼ਲ ਦਾ ਸਫਰ ਸੰਭਵ ਹੈ। ਜਦੋਂ ਤੱਕ ਸਾਧਕ ਪੰਜਾਂ ਵਿਕਾਰਾਂ ਨੂੰ ਨਿਯੰਤਰਣ ਵਿਚ ਨਹੀਂ ਰੱਖਦੇ, ਨਿਮਰਤਾ ਨਹੀਂ ਧਾਰਦਾ, ਉਸ ਨੂੰ ਪ੍ਰਭੂ ਭਗਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਉਹ ਬੜੇ ਨਿਮਾਣੇ ਹੋ ਕੇ ਪ੍ਰਭੂ ਨੂੰ ਆਖਦੇ ਹਨ:

*ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ,*
*ਅਬ ਪਤੀਆਰੁ ਕਿਆ ਕੀਜੈ॥*
*ਬਦਨੀ ਤੋਰ ਮੋਰ ਮਨ ਮਾਨੈ, ਜਨ ਕਉ ਪੂਰਨੁ ਦੀਜੈ॥*

*(ਆਦਿ ਗ੍ਰੰਥ, ਪੰਨਾ 684)*

5.3.8 **ਸ਼ਰਣਾਗਤੀ**: ਸ਼ਰਣਾਗਤੀ ਭਗਤੀ ਦਾ ਇਕ ਹੋਰ ਵਿਸ਼ੇਸ਼ ਅੰਗ ਹੈ। ਉਪਨਿਸ਼ਦਾਂ ਦਾ ਅਧਿਐਨ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਬ੍ਰਹਮ ਦੇ ਯਥਾਰਥ ਗਿਆਨ ਦੇ ਲਈ ਕੇਵਲ ਗਿਆਨ ਮਾਰਗ ਹੀ ਕਾਫੀ ਨਹੀਂ ਹੈ ਸਗੋਂ ਭਗਵਾਨ ਦੀ ਸ਼ਰਣ ਵੱਲ ਜਾਣਾ ਵੀ ਜ਼ਰੂਰੀ ਹੈ। **ਸ਼ਵੇਤਾਸ਼ਵਰ ਉਪਨਿਸ਼ਦ** ਵਿਚ ਸਪੱਸ਼ਟ ਭਾਂਤ ਲਿਖਿਆ ਹੈ।[21]

'ਮੈਂ, ਮੁਕਤੀ ਦਾ ਅਭਿਲਾਖੀ, ਉਸ ਦੀ ਸ਼ਰਣ ਵਿਚ ਜਾਂਦਾ ਹਾਂ ਜਿਸਨੇ ਬ੍ਰਹਮਾ ਨੂੰ ਪੈਦਾ ਕੀਤਾ ਅਤੇ ਜਿਸ ਲਈ ਉਸ ਨੇ ਵੇਦਾਂ ਦਾ ਗਿਆਨ ਦਿੱਤਾ ਅਤੇ ਜੋ ਨਿਸ਼ਚੇ ਹੀ ਆਪਣੀ ਬੁੱਧੀ ਤੋਂ ਆਪਣੇ ਆਪ ਪ੍ਰਕਾਸ਼ਮਾਨ ਹੈ।

ਇਸੇ ਤਰ੍ਹਾਂ **ਭਗਵਤ ਗੀਤਾ ਦੇ ਦੂਜੇ ਅਧਿਆਇ ਦੇ ਇਕਾਠਵੇ ਸ਼ਲੋਕ** ਵਿਚ ਭਗਤੀ ਦੇ ਇਕ ਅੰਗ ਵਜੋਂ ਸ਼ਰਣਾਗਤੀ ਦਾ ਜ਼ਿਕਰ ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤਾ ਗਿਆ ਹੈ ਜਿਵੇਂ:[22]

'ਸਾਧਕ ਨੂੰ ਚਾਹੀਦਾ ਹੈ ਕਿ ਉਹ ਸੰਪੂਰਣ ਇੰਦਰੀਆਂ ਨੂੰ ਵਸ ਵਿਚ ਕਰਕੇ, ਮੇਰੀ ਸ਼ਰਣ ਵਿਚ ਆ ਕੇ, ਧਿਆਨ ਵਿਚ ਬੈਠੇ। ਜਿਸ ਪੁਰਸ਼ ਦੀਆਂ ਇੰਦਰੀਆਂ ਵੱਸ ਵਿਚ ਹਨ, ਉਸ ਦੀ ਬੁੱਧੀ ਸਥਿਰ ਹੁੰਦੀ ਹੈ।'

ਗੁਰੂ ਰਵਿਦਾਸ ਦੀ ਬਾਣੀ ਵਿਚ ਵੀ ਸ਼ਰਣਾਗਤੀ ਨੂੰ ਭਗਤੀ ਦੇ ਮਹੱਤਵਪੂਰਣ ਅੰਗ ਵਜੋਂ ਸਵੀਕਾਰ ਕੀਤਾ ਗਿਆ ਹੈ। ਉਹ ਆਪਣੀ ਬਾਣੀ ਵਿਚ ਥਾਂ ਪਰ ਥਾਂ ਆਪਣੀ ਨੀਵੀ ਜਾਤ, ਚਮਾਰ ਦੇ ਕੰਮ ਅਤੇ ਗਰੀਬੀ ਭਰੇ ਜੀਵਨ ਦਾ ਜ਼ਿਕਰ ਕਰਦੇ ਹੋਏ, ਪਰਮਾਤਮਾ ਤੋਂ ਸ਼ਰਣ ਮੰਗਦੇ ਹਨ।

*ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ,*

*ਤੁਮ ਸਰਨਾਗਤਿ ਰਾਜਾ ਰਾਮਚੰਦ, ਕਹਿ ਰਵਿਦਾਸ ਚਮਾਰਾ।*

*(ਆਦਿ ਗ੍ਰੰਥ, ਪੰਨਾ 659)*

ਉਹ ਲਿਖਦੇ ਹਨ ਕਿ ਪ੍ਰਭੂ ਦੀ ਸ਼ਰਣ ਵਿਚ ਆਉਣ ਵਾਲਾ ਚਾਹੇ ਉਚੀ ਜਾਤ ਦਾ ਹੈ ਜਾਂ ਨੀਵੀ ਜਾਤ ਦਾ ਉਹ ਆਪਣੇ ਪਾਪਾਂ ਸਦਕਾ ਧਰਤੀ ਤੇ ਭਾਰ ਨਹੀਂ ਰਹਿ ਜਾਂਦਾ ਅਤੇ ਪ੍ਰਭੂ ਦੀ ਕਿਰਪਾ ਨਾਲ ਭਵਸਾਗਰ ਤੋਂ ਆਸਾਨੀ ਨਾਲ ਉਠ ਜਾਂਦਾ ਹੈ।

*ਸਗਲ ਜੀਅ ਸਰਨਾਗਤੀ ਪ੍ਰਭੂ ਪੂਰਨ ਕਾਮ,*
*ਜੋ ਤੇਰੀ ਸਰਨਾਗਤਾ, ਤਿਨ ਨਾਹੀ ਭਾਰੁ,*
*ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ।*

*(ਆਦਿ ਗ੍ਰੰਥ, ਪੰਨਾ 858)*

5.3.9 **ਆਤਮਸਮਰਪਣ ਤੇ ਉਦਾਤੱਤਾ**: ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਜਿਥੇ ਪ੍ਰਭੂ ਦੀ ਭਗਤੀ ਲਈ ਵਿਕਾਰਾਂ ਦੇ ਤਿਆਗ ਕਰਨ, ਨਿਮਰਤਾ ਧਾਰਨ ਕਰਨ ਅਤੇ ਹਉਮੈਂ ਛੱਡਣ ਦਾ ਉਪਦੇਸ਼ ਦਿੰਦੀ ਹੈ, ਉਥੇ ਆਪਣਾ ਸਮੁੱਚਾ ਆਪਾ ਵੀ ਉਸ ਨੂੰ ਅਰਪਿਤ ਕਰਨ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਅਜਿਹਾ ਆਤਮਸਮਰਪਣ ਹੈ ਜਿਥੇ ਪ੍ਰਭੂ ਦੀ ਅਰਾਧਨਾ ਵਿਚ ਵਿਅਕਤੀ ਤਨ, ਮਨ ਅਤੇ ਧਨ ਸਭ ਕੁਝ ਅਰਪਿਤ ਕਰ ਦਿੰਦਾ ਹੈ। ਜਿਸ ਵਿਚ ਉਠਦੇ ਬੈਠਦੇ, ਸੌਂਦੇ ਜਾਗਦੇ ਬੱਸ ਰੱਬ ਹੀ ਰੱਬ ਰਹਿ ਜਾਂਦਾ ਹੈ ਹੋਰ ਕੁਝ ਵੀ ਨਹੀਂ ਹੁੰਦਾ।

*ਜਬ ਹਮ ਹੋਤੇ ਤਬ ਤੂ ਨਾਹੀ,*

*ਅਬ ਤੂ ਹੀ ਮੈ ਨਾਹੀ।*

*ਅਨਲ ਅਗਮ ਜੈਸੇ ਲਹਰਿ ਮਇ*

*ਓਦਧਿ ਜਲ ਕੇਵਲ ਜਲ ਮਾਂਹੀ।*

**(ਆਦਿ ਗ੍ਰੰਥ, ਪੰਨਾ 657)**

ਅਜਿਹੀ ਹਾਲਤ ਵਿਚ ਸਾਧਕ ਹੌਲੀ ਹੌਲੀ ਪਰਮਾਤਮਾ ਨਾਲ ਇਕਸੁਰ ਹੁੰਦਾ ਹੋਇਆ ਉਦਾਤੱਤਾ ਦੀ ਅਵਸਥਾ ਵਿਚੋਂ ਗੁਜ਼ਰਦਾ ਹੈ। ਇਸ ਅਵਸਥਾ ਸਮੇਂ ਉਸਦਾ ਮਨ ਮਿਸ਼ਰਿਤ ਜਿਹੇ ਭਾਵਾਂ, ਡਰ, ਨਿਮਰਤਾ, ਖੁਸ਼ੀ, ਹੈਰਾਨੀ ਆਦਿ ਭਾਵਾਂ ਨੂੰ ਮਾਣਦਾ ਹੋਇਆ ਮਨ ਅੰਦਰ ਹੀ ਅਧਿਆਤਮਕ ਜਗਤ ਵਿਚ ਗੜੁਚ ਹੋ ਜਾਂਦਾ ਹੈ। **ਰਾਨਾਡੇ ਅਨੁਸਾਰ**[23] ਇਸ ਸਮੇਂ ਸਾਧਕ ਦਾ ਮਨ ਤਿੰਨ ਅਵਸਥਾਵਾਂ ਵਿਚੋਂ ਲੰਘਦਾ ਹੈ। ਪਹਿਲੀ ਇਹ ਕਿ ਉਤੱਾਤ ਦੇ ਕਿਸੇ ਅਨੁਭਵ ਤੋਂ ਪਹਿਲਾਂ ਉਸ ਦਾ ਮਨ ਪੂਰੀ ਤਰ੍ਹਾਂ ਸ਼ੁੱਧ ਹੋਵੇ। ਦੂਸਰੀ ਇਹ ਹੈ ਕਿ ਇਸ ਸ਼ੁੱਧਤਾ ਤੋਂ ਵਿਵੇਕ ਦਾ ਸਪੱਸ਼ਟੀਕਰਨ ਹੋਵੇ। ਤੀਸਰੀ ਇਹ ਹੈ ਕਿ ਇਹ ਸਪੱਸ਼ਟੀਕਰਨ ਪਵਿੱਤਰ ਦਾ ਪੈਦਾ ਕਰੇ। ਅਧਿਆਤਮਿਕ ਸਿਮਰਨ ਕਰਕੇ ਆਉਣ ਵਾਲੇ ਜੀਵਾਂ ਅਨੁਸਾਰ ਉਦਾਤਤਾ ਉਪਰੰਤ ਇਕ ਨਵੇਂ ਜਗਤ ਦੀ ਸਿਰਜਣਾ ਹੋ ਜਾਂਦੀ ਹੈ।

ਰਵਿਦਾਸ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਮੋਹ ਮਾਇਆ ਤੋਂ ਨਿਰਲੇਪ ਅਤੇ ਤ੍ਰਿਸ਼ਨਾ ਮੁਕਤ ਗੁਰੂ ਰਵਿਦਾਸ ਦਾ ਤਨ ਮਨ ਪੂਰਨ ਤੌਰ 'ਤੇ ਸ਼ੁੱਧ ਹੋ ਚੁੱਕਾ ਸੀ। ਇਸ ਤਰ੍ਹਾਂ ਉਨ੍ਹਾਂ ਦੀ ਬੁੱਧੀ ਤੋਂ ਵਿਵੇਕ ਦਾ ਸ਼ੁੱਧੀਕਰਨ ਵੀ ਹੋ ਚੁੱਕਾ ਸੀ ਅਤੇ ਉਦਾਤੱਤਾ ਦਾ ਅਨੁਭਵ ਉਨ੍ਹਾਂ ਨੂੰ ਪਰਮਾਨੰਦ ਤੱਕ ਪਹੁੰਚਾ ਰਿਹਾ ਸੀ।

*ਜੀਵਤ ਮੁਕੰਦੇ ਮਰਤ ਮੁਕੰਦੇ*

*ਤਾ ਕੇ ਸਵਕ ਕਉ ਸਦਾ ਅਨੰਦੇ॥*

**(ਆਦਿ ਗ੍ਰੰਥ, ਪੰਨਾ 875)**

ਉਹ ਹੁਣ ਇਕ ਵੱਖਰੇ ਲੋਕ ਦੇ ਵਾਸੀ ਬਣ ਚੁੱਕੇ ਸਨ ਜਿਥੇ ਇਸ ਅਸਥਿਰ ਸੰਸਾਰ ਵਾਂਗ ਗਮ, ਦੁੱਖ, ਚਿੰਤਾ, ਡਰ, ਤੈਅ, ਸੋਚ, ਫਿਕਰ ਅਤੇ ਘਬਰਾਹਟ ਨਹੀਂ ਸਨ। ਉਨ੍ਹਾਂ ਦੇ ਇਸ ਨਵੇਂ ਸਦਾ ਸਥਿਰ ਵਤਨ ਵਿਚ ਹਮੇਸ਼ਾ ਖੈਰ ਰਹਿੰਦੀ ਸੀ ਅਤੇ ਉਥੋਂ ਦੀ ਬਾਦਸ਼ਾਹਤ ਅਟਲ ਸੀ ਜਿਸਦਾ ਨਾਂ ਬੇਗਮਪੁਰਾ ਸੀ।

ਇੰਞ, ਇਸ ਨਵੇਂ ਲੋਕ ਦੀ ਪ੍ਰਾਪਤੀ ਉਪਰੰਤ ਉਹ ਹਰ ਪ੍ਰਕਾਰ ਦੇ ਸਹਿਮ-ਦੁਬਿਧਾ ਅਤੇ ਡਰ ਤੋਂ ਮੁਕਤ ਹੋ ਗਏ ਸਨ। ਇਹ ਸਭ ਉਸ ਪ੍ਰਭੂ ਅੱਗੇ ਪੂਰਨ ਰੂਪ ਵਿਚ ਆਤਮ ਸਮਰਪਣ ਨਾਲ ਹੀ ਸੰਭਵ ਹੋਇਆ ਸੀ।

5.3.10 **ਸਹਜ ਸਮਾਧਿ ਅਤੇ ਪਰਮਾਨੰਦ:** ਸਹਜ ਸਮਾਧਿ ਆਤਮਿਕ ਟਿਕਾਉ ਦੀ ਅੰਤਮ ਅਵਸਥਾ ਆਖੀ ਜਾ ਸਕਦੀ ਹੈ। ਸਰਬਜੰਜਾਲ ਤੋਂ ਮੁਕਤ ਹੋ ਚੁੱਕਾ ਸਾਧਕ ਜਦੋਂ ਨਾਮ ਸਿਮਰਨ ਵਿਚ ਨਿਰੰਤਰ ਜੁੜਿਆ ਰਹੇ ਅਤੇ ਅੰਤਰ ਆਤਮਾ ਬ੍ਰਹਮ ਨਾਲ ਅਭੇਦ ਹੋ ਜਾਵੇ ਤਾਂ ਉਹ ਸਹਜ ਸਮਾਧਿ ਦੀ ਅਵਸਥਾ ਵਿਚ ਵਿਚਰਦਾ ਹੈ। **ਪਰਸ਼ੁਰਾਮ ਚਤੁਰਵੇਦੀ ਜੀ** ਦੇ ਸ਼ਬਦਾਂ ਵਿਚ(24) 'ਇਹ ਕਿਸੇ ਵਿਅਕਤੀ ਦੇ ਵਿਕਾਸ ਦੀ ਉਹ ਪੂਰਣ ਅਵਸਥਾ ਹੈ, ਜਦ ਮਨੁਸ਼ਤਵ ਤਥਾ ਦੇਵਤਵ ਵਿਚਕਾਰ ਕੋਈ ਅੰਤਰ ਨਹੀਂ ਰਹਿ ਜਾਂਦਾ।'

ਇੰਞ ਆਤਮ ਅਨਭੂਤੀ ਦੀ ਸਥਿਤੀ ਵਿਚ ਨਿਰੰਤਰ ਟਿਕੇ ਰਹਿਣ ਨਾਲ ਪਰਮਾਤਮਾ ਨਾਲ ਇਕਰੂਪਤਾ ਹਾਸਲ ਹੋ ਜਾਂਦੀ ਹੈ, ਦੂਈ ਤੇ ਦਵੈਤ ਦਾ ਭੇਦ ਮਿਟ ਜਾਂਦਾ ਹੈ। ਇਹੀ ਅਵਸਥਾ ਨੂੰ ਸਹਿਜ ਸਮਾਧਿ ਆਖਿਆ ਗਿਆ ਹੈ। ਇਹ ਮਾਨਸਿਕ ਪਰਿਵਰਤਨ ਕਿਸੇ ਨਿਸ਼ਚਿਤ ਸਮੇਂ ਜਾਂ ਸੀਮਤ ਅਵਸਥਾ ਤੱਕ ਨਹੀਂ, ਸਗੋਂ ਇਸ ਨਾਲ ਸਾਧਕ ਦੀ ਪ੍ਰਕ੍ਰਿਤੀ ਅਤੇ ਪ੍ਰਵ੍ਰਿਤੀ ਹਮੇਸ਼ਾ ਲਈ ਬਦਲ ਜਾਂਦੀ ਹੈ। ਆਤਮਿਕ ਗਿਆਨ ਨਾਲ ਉਸ ਦੇ ਹਿਰਦੇ ਵਿਚ ਅਜਿਹਾ ਪ੍ਰਕਾਸ਼ ਹੁੰਦਾ ਹੈ, ਕਿ ਉਸ ਨੂੰ ਜ਼ੱਰ੍ਹੇ ਜ਼ੱਰ੍ਹੇ ਵਿਚ ਪਰਮਾਤਮਾ ਦੀ ਜੋਤ ਦਿਖਾਈ ਦੇਣ ਲੱਗ ਪੈਂਦੀ ਹੈ।

ਇਸ ਸਹਿਜ ਅਵਸਥਾ ਦਾ ਵਪਾਰ ਕਰਕੇ ਪ੍ਰਭੂ ਦੇ ਨਾਮ ਦਾ ਧਨ ਪ੍ਰਾਪਤ ਕੀਤਾ ਜਾ ਸਕਦਾ ਹੈ। ਆਵਾਗਮਨ ਦੇ ਚੱਕਰਾਂ ਤੋਂ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ।

ਰਵਿਦਾਸ ਬਾਣੀ ਵਿਚ 'ਸਹਜ ਸਮਾਧਿ' ਪਦ ਦੀ ਸਪਸ਼ਟ ਵਰਤੋਂ ਕੀਤੀ ਗਈ ਹੈ। ਸਹਿਜ ਸਮਾਧੀ ਵਿਚ ਟਿਕੇ ਰਵਿਦਾਸ ਦੱਸਦੇ ਹਨ ਕਿ ਵੱਡੇ ਭਾਗਾਂ ਨਾਲ ਜਦੋਂ ਸਾਧਕ ਦੀ ਲਿਵ ਪਰਮਾਤਮਾ ਨਾਲ ਜੁੜਦੀ ਹੈ ਤਾਂ ਉਹ ਪੂਰਨ ਆਤਮਿਕ ਅਡੋਲਤਾ ਵਿਚ ਟਿਕ ਜਾਂਦਾ ਹੈ। ਅਸਲਿਅਤ ਦੇ ਪ੍ਰਕਾਸ਼ ਨਾਲ ਉਸਦਾ ਹਿਰਦਾ ਰੁਸ਼ਨਾ ਉਠਦਾ ਹੈ ਜਿਸ ਨਾਲ ਉਸਦਾ ਆਵਾਗਮਨ ਦਾ ਚੱਕਰ ਮਿਟ ਜਾਂਦਾ ਹੈ।

***ਸਹਜ ਸਮਾਧਿ ਉਪਾਧਿ ਰਹਤ ਫੁਨਿ,***
***ਬਡੈ ਭਾਗਿ ਲਿਵ ਲਾਗੀ॥***
***ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ***
***ਜਨਮ ਮਰਨ ਭੈ ਭਾਗੀ।***

**(ਆਦਿ ਗ੍ਰੰਥ, ਪੰਨਾ 658)**

ਸਹਿਜ ਅਵਸਥਾ ਵਿਚ ਟਿਕਿਆ ਵਿਅਕਤੀ ਹੀ ਪਰਮਾਨੰਦ ਦੀ ਪ੍ਰਾਪਤੀ ਕਰਦਾ ਹੈ। ਉਹ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਦਾ, ਉਸ ਨਾਲ ਇਕਮਿਕ ਹੋਇਆ ਹੌਲੀ ਹੌਲੀ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਭਗਤ ਲਈ ਲਾਜ਼ਮੀ ਹੈ ਕਿ ਸਾਰੇ ਭਰਮਾਂ ਦਾ ਤਿਆਗ ਕਰਕੇ ਗੁਰੂ ਦੀ ਸ਼ਰਨ ਵਿਚ ਜਾਵੇ ਕਿਉਂਕਿ ਗੁਰੂ ਦੇ ਗਿਆਨ ਅਨੁਸਾਰ ਕੀਤਾ ਤਪ ਹੀ ਉਸ ਨੂੰ ਪਰਮਾਨੰਦ ਦੀ ਅਵਸਥਾ ਤੱਕ ਪਹੁੰਚਾ ਸਕਦਾ ਹੈ।

***ਰਵਿਦਾਸ ਦਾਸ ਉਦਾਸ ਤਜੁ ਭ੍ਰਮ***
***ਤਪਨ ਤਪੁ ਗੁਰ ਗਿਆਨ***
***ਭਗਤ ਜਨ ਭੈ ਹਰਨ***
***ਪਰਮਾਨੰਦ ਕਰਹੁ ਨਿਦਾਨ।***

**(ਆਦਿ ਗ੍ਰੰਥ, ਪੰਨਾ 486)**

ਇੰਞ, ਪਰਮਆਨੰਦ ਦੀ ਅਵਸਥਾ ਵਿਚ ਪਹੁੰਚ ਕੇ ਭਗਤ ਨੂੰ ਆਪਣੀ ਆਤਮਾ ਤੇ ਪਰਮਾਤਮਾ ਵਿਚ ਕੋਈ ਭੇਦ ਨਜਰ ਨਹੀਂ ਆਉਂਦਾ। ਜਿਸ ਤਰ੍ਹਾਂ ਕਨਕ ਤੇ ਕਟਕ ਅਤੇ ਜਲ ਤੇ ਤਰੰਗ ਵਿਚ ਕੋਈ ਅੰਤਰ ਨਹੀਂ ਹੈ।

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*

*ਕਨਕ ਕਟਿਕ ਜਲ ਤਰੰਗ ਜੈਸਾ॥*

**(ਆਦਿ ਗ੍ਰੰਥ, ਪੰਨਾ 93)**

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ, ਭਾਰਤੀ ਸੰਤ ਪਰੰਪਰਾ ਵਿਚ ਚਮਕਦੇ ਸੂਰਜ ਦੇ ਸਮਾਨ ਹਨ ਜੋ ਆਪਣੀ ਨਿਵੇਕਲੀ ਭਗਤੀ ਪੱਧਤੀ ਕਾਰਣ ਅਸਾਨੀ ਨਾਲ ਪਛਾਣੇ ਜਾ ਸਕਦੇ ਹਨ। ਉਨ੍ਹਾਂ ਦੀ ਭਗਤੀ ਪੱਧਤੀ ਜੀਵ ਨੂੰ ਪਰਮਗਤੀ ਪ੍ਰਾਪਤ ਕਰਨ ਦਾ ਰਸਤਾ ਵਿਖਾਉਂਦੀ ਹੈ ਅਤੇ ਉਸ ਨੂੰ ਸ਼੍ਰਵਣ, ਗੁਰੂ ਧਾਰਨਾ, ਪਰਮਾਤਮਾ ਦੀ ਮਿਹਰ ਨਾਮ, ਸਿਮਰਨ, ਸਾਧ ਸੰਗਤਿ, ਵਿਕਾਰਾਂ ਦਾ ਤਿਆਗ, ਨਿਮਰਤਾ, ਸ਼ਰਣਾਗਤੀ, ਆਤਮਸਮਰਪਣ ਤੇ ਉਦਾਤੱਤਾ ਅਤੇ ਸਹਜ ਸਮਾਧਿ ਤੇ ਪਰਮਾਨੰਦ ਜਿਹੇ ਤੱਤਾਂ ਰਾਹੀਂ ਪਰਮਾਤਮਾ ਪ੍ਰਾਪਤੀ ਦੇ ਮਾਰਗ ਵੱਲ ਤੋਰਦੀ ਹੈ ਤਾਂ ਜੋ ਉਹ ਦੁੱਖ, ਵਿਸ਼ੈ ਵਿਕਾਰ ਅਤੇ ਝੂਠ ਨਾਲ ਭਰੇ 'ਬਿਖੁ' ਨਾਲ ਉਪਮਾਏ ਸੰਸਾਰ ਨੂੰ ਤਨੋਂ ਮਨੋਂ ਤਿਆਗ ਕੇ ਭਵਸਾਗਰ ਪਾਰ ਕਰ ਸਕੇ ਅਤੇ ਆਪਣੀ ਲਿਵ ਸਦਾ ਲਈ ਉਸ ਪਰਮ ਪਿਤਾ ਪਰਮੇਸ਼ਵਰ ਵਿਚ ਲਾ ਸਕੇ।

## 5.4 ਗੁਰੂ ਰਵਿਦਾਸ ਦੀ ਭਾਉ ਭਗਤੀ ਦੀਆਂ ਵਿਲੱਖਣਤਾਵਾਂ

ਕਿਸੇ ਮਤ, ਧਰਮ, ਸੰਪਰਦਾ ਜਾਂ ਵਿਅਕਤੀ ਵਿਸ਼ੇਸ਼ ਦਾ ਵਿਚਾਰਗਤ ਵੱਖਰੇਵਾਂ ਬ੍ਰਹਮ, ਆਤਮਾ, ਸਤਿਗੁਰੂ, ਮਾਇਆ, ਗਿਆਨ, ਕਰਮ ਅਤੇ ਭਗਤੀ ਆਦਿ ਸਿਧਾਂਤਿਕ ਅਤੇ ਪਰਿਭਾਸ਼ਕ ਸ਼ਬਦਾਂ ਤੋਂ ਨਹੀਂ ਸਗੋਂ ਇਨ੍ਹਾਂ ਸਿਧਾਂਤਕ ਸ਼ਬਦਾਂ ਦੇ ਪਰਿਵਰਤਿਤ ਅਰਥ ਕੋਣਾਂ, ਸ਼ਬਦਾਂ ਵਿਚ ਪ੍ਰਸਤੁਤ ਗੁਣਾਂ ਅਤੇ ਲੱਛਣਾਂ ਅਤੇ ਇਨ੍ਹਾਂ ਦੇ ਵੱਖਰੇ ਮਹੱਤਵ ਤੇ ਪ੍ਰਕ੍ਰਿਤੀ ਤੋਂ ਲਾਇਆ ਜਾ ਸਕਦਾ ਹੈ। ਅਜਿਹੇ ਨਵੇਂ ਅਰਥਕੋਣਾਂ, ਗੁਣਾਂ ਅਤੇ ਲੱਛਣਾਂ ਦੇ ਆਧਾਰ ਤੇ ਹੀ ਕਿਸੇ ਸਾਧਕ ਦੀ ਸਾਧਨਾ ਪੱਧਤੀ ਅਤੇ ਕਿਸੇ ਧਰਮ ਜਾਂ ਸੰਪਰਦਾ ਦੀਆਂ ਵਿਲੱਖਣਤਾਵਾਂ ਦਾ ਲੇਖਾ ਜੋਖਾ ਕੀਤਾ ਜਾ ਸਕਦਾ ਹੈ। ਇਸ ਪੱਖੋਂ ਰਵਿਦਾਸ ਬਾਣੀ ਦਾ ਅਧਿਐਨ ਕੀਤਿਆਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਦਾ ਮੂਲ ਮਨੋਰਥ ਪ੍ਰਚਲਤ ਪਰੰਪਰਾਵਾਂ ਜਾਂ ਸਾਧਨਾ-ਪੱਧਤੀਆਂ ਦਾ ਅਨੁਕਰਣ ਕਰਨਾ ਨਹੀਂ ਸੀ ਅਤੇ ਨਾ ਹੀ ਕਿਸੇ ਨਵੀਂ ਪਰੰਪਰਾ ਦਾ ਮੁੱਢ ਬੰਨ੍ਹਣਾ। ਉਨ੍ਹਾਂ ਦਾ ਅਸਲ ਆਸ਼ਾ ਆਪਣੀ ਬ੍ਰਹਮ ਅਨੁਭੂਤੀ ਨੂੰ ਹੀ ਰੂਪਮਾਨ ਕਰਨਾ ਸੀ। ਜਿਹੜੀ ਉਨ੍ਹਾਂ ਨੂੰ ਪ੍ਰੇਮ ਭਗਤੀ ਰਾਹੀਂ ਪ੍ਰਾਪਤ ਹੋਈ। ਇਸ ਲਈ ਗੁਰੂ ਰਵਿਦਾਸ ਦੀ ਬਾਣੀ ਵਿਚ ਦੂਸਰੇ ਅਨੁਭਵੀ ਕਵੀਆਂ ਨਾਲ ਸਿਧਾਂਤਕ ਅਤੇ ਵਿਚਾਰਧਾਰਿਕ ਸਮਾਨਤਾਵਾਂ ਹੁੰਦਿਆ ਹੋਇਆਂ ਵੀ ਕੁਝ ਪੱਖ ਅਜਿਹੇ ਹਨ ਜਿਹੜੇ ਉਨ੍ਹਾਂ ਦੀ ਸਾਧਨਾ ਪੱਧਤੀ ਦੀ ਵਿਲੱਖਣਤਾ ਦਾ ਆਧਾਰ ਬਣਦੇ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

5.4.1. ਇੱਕ ਈਸ਼ਵਰਵਾਦ ਤੇ ਆਧਾਰਿਤ ਭਗਤੀ ਪੱਧਤੀ।

5.4.2. ਭਾਵ ਆਧਾਰਿਤ ਭਗਤੀ ਪੱਧਤੀ।

5.4.3. ਜਾਤਪਾਤ ਤੋਂ ਵਿਮੁਖ ਭਗਤੀ ਪੱਧਤੀ।

5.4.4. ਕਰਮਕਾਂਡ ਤੋਂ ਸੁਤੰਤਰ ਭਗਤੀ ਪੱਧਤੀ।

5.4.5. ਨਿਜੀ ਚੇਤਨਤਾ ਤੇ ਆਧਾਰਿਤ ਭਗਤੀ ਪੱਧਤੀ।

5.4.6. ਗ੍ਰਹਿਸਥ ਜੀਵਨ ਤੇ ਆਧਾਰਿਤ ਭਗਤੀ ਪੱਧਤੀ।

5.4.7. ਕਿਰਤ ਆਧਾਰਿਤ ਭਗਤੀ ਪੱਧਤੀ।

5.4.8. ਤਨ ਦਾ ਮਹੱਤਵ ਪੇਸ਼ ਕਰਦੀ ਭਗਤੀ ਪੱਧਤੀ।

5.4.9. ਰਵਿਦਾਸ ਦੀ ਭਗਤੀ ਪੱਧਤੀ ਵਿਚ ਵਿਅਕਤੀਗਤ ਜਤਨ।

5.4.10. ਰਵਿਦਾਸ ਦੀ ਭਗਤੀ ਪੱਧਤੀ ਵਿਚ ਜੀਵ ਦੀ ਅਡੋਲਤਾ ਦਾ ਸਥਾਨ।

5.4.11. ਰਵਿਦਾਸ ਦੀ ਭਗਤੀ ਪੱਧਤੀ ਤੇ ਤਨ ਮਨ ਦੀ ਸੰਪੂਰਨ ਏਕਤਾ।

5.4.12. ਰਵਿਦਾਸ ਦੀ ਭਗਤੀ ਪੱਧਤੀ ਤੇ ਮਨੁੱਖਤਾ ਦਾ ਕਲਿਆਣ।

5.4.1 **ਇੱਕ ਈਸ਼ਵਰਵਾਦ ਤੇ ਆਧਾਰਿਤ ਭਗਤੀ ਪੱਧਤੀ** : ਗੁਰੂ ਰਵਿਦਾਸ ਨੇ ਇੱਕ ਪਰਮੇਸ਼ਵਰ ਦੀ ਭਗਤੀ ਕੀਤੀ ਜਿਸਨੂੰ ਉਨ੍ਹਾਂ ਨੇ ਏਕ ਸੁਆਮੀ, ਏਕ ਰਾਮ, ਏਕ ਮੁਕੰਦ ਅਤੇ ਦੇਵਾਦੇਵ ਦੇ ਨਾਂ ਨਾਲ ਸੰਬੋਧਿਤ ਕੀਤਾ। ਉਹ ਦੇਵ-ਮੂਰਤੀ ਪੂਜਣ ਦੀ ਨਿਖੇਧੀ ਕਰਦੇ ਸਨ ਕਿਉਂਕਿ ਦੇਵਤਿਆਂ ਤੇ ਦੇਵਤੇ, ਪਰਮਾਤਮਾ ਦੀ ਤਨ ਅਤੇ ਮਨ ਨਾਲ ਪੂਜਾ ਕਰਨ ਉਪਰੰਤ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਦੇਵਤੇ ਦੀ ਅਰਾਧਨਾ ਕਰਨ ਦੀ ਕੋਈ ਆਵਸ਼ਕਤਾ ਨਹੀਂ ਰਹਿ ਜਾਂਦੀ। ਇਸੇ ਲਈ ਉਨ੍ਹਾਂ ਨੇ ਦੇਵੀ-ਦੇਵਤਿਆਂ ਦੀ ਆਰਤੀ ਉਤਾਰਨ ਦੀ ਬਜਾਇ ਪਰਮਾਤਮਾ ਦੇ ਨਾਮ ਦੀ ਆਰਤੀ ਉਤਾਰਨ ਦੀ ਸਿਖਿਆ ਦਿੱਤੀ ਹੈ। ਉਨ੍ਹਾਂ ਨੇ ਪ੍ਰਚਲਿਤ ਪੂਜਾ ਵਿਧਾਨ ਅਤੇ ਪੂਜਾ ਸਾਮਗ੍ਰੀ ਦਾ ਵੀ ਖੰਡਨ ਕੀਤਾ। ਭਾਵੇਂ ਗੁਰੂ ਰਵਿਦਾਸ ਤੋਂ ਪਹਿਲਾਂ ਵੀ ਪਰਮ ਤੱਤ ਨੂੰ ਇਕੋ ਇਕ ਅੰਤਿਮ ਅਸਲੀਅਤ ਵਜੋਂ ਸਵੀਕਾਰਿਆ ਜਾ ਚੁੱਕਾ ਸੀ ਪਰੰਤੂ ਬਾਵਜੂਦ ਇਸਦੇ ਵੱਖਰੇ ਵੱਖਰੇ ਮਤਾਂ ਵਿਚ ਫਿਰ ਬਹੁਦੇਵਵਾਦ ਦਾ ਬੋਲਬਾਲਾ ਹੋ ਰਿਹਾ ਸੀ। ਇਸ ਲਈ ਉਨ੍ਹਾਂ ਨੇ ਬੁਲੰਦ ਆਵਾਜ਼ ਵਿਚ ਕਿਹਾ:

*ਕਹਿ ਰਵਿਦਾਸ ਸਭੈ ਜਗੁ ਲੂਟਿਆ,*
*ਹਮ ਤਉ ਏਕ ਰਾਮ ਕਹਿ ਛੂਟਿਆ।*

**(ਆਦਿ ਗ੍ਰੰਥ, ਪੰਨਾ 794)**

5.4.2 **ਭਾਵ ਅਧਾਰਿਤ ਭਗਤੀ ਪੱਧਤੀ**: ਗੁਰੂ ਰਵਿਦਾਸ ਦੀ ਭਗਤੀ ਸ਼ੁੱਧ ਭਾਵਾਤਮਿਕ ਸੰਬੰਧਾਂ ਤੇ ਆਧਾਰਿਤ ਹੈ। ਇਹੀ ਪ੍ਰੇਮ ਭਾਵ ਨੂੰ ਪ੍ਰਮੁਖਤਾ ਦਿੰਦੀ, ਭਾਵ ਆਧਾਰਿਤ ਭਗਤੀ ਪੱਧਤੀ ਹੈ। ਕਿਸੇ ਦਾਰਸ਼ਨਿਕ ਵਿਅਕਤੀ ਲਈ ਜਿਵੇਂ ਭਗਤੀ ਨਿਰੋਲ ਇਕ ਸੰਕਲਪ ਹੈ ਤਿਵੇਂ ਗੁਰੂ ਰਵਿਦਾਸ ਲਈ ਇਹ ਕੋਈ ਸੰਕਲਪ ਮਾਤਰ ਨਹੀਂ ਸਗੋਂ ਬ੍ਰਹਮ ਅਭੇਦਤਾ ਦਾ ਇਕ ਸਾਧਨ ਹੈ। ਉਹ ਭਗਤ ਨੂੰ ਬੜੇ ਭਾਵਮਈ, ਪੱਧਰ ਤੱਕ ਲੈ ਜਾਂਦੇ ਹਨ ਅਤੇ ਆਪਣੇ ਇਸ਼ਟ ਵਿਚ ਤੇ ਆਪਣੇ ਵਿਚ ਕੋਈ ਭਿੰਨ ਭੇਦ ਨਹੀਂ ਮੰਨਦੇ।

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।*
*ਕਨਕ ਕਟਕ ਜਲ ਤਰੰਗ ਜੈਸਾ।*

**(ਆਦਿ ਗ੍ਰੰਥ, ਪੰਨਾ 93)**

ਉਨ੍ਹਾਂ ਨੇ ਸਪਸ਼ਟ ਸੰਕੇਤ ਕੀਤਾ ਹੈ ਕਿ ਭਗਤੀ ਲਈ ਭਾਵ ਦੀ ਅਤਿਅੰਤ ਆਵਸ਼ਕਤਾ ਹੈ ਕਿਉਂਕਿ ਭਾਵ ਤੋਂ ਬਿਨਾਂ ਭਗਤੀ ਪੈਦਾ ਨਹੀਂ ਹੋ ਸਕਦੀ।

*ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ।।*

*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।।*

**(ਆਦਿ ਗ੍ਰੰਥ, ਪੰਨਾ 694)**

ਪ੍ਰਭੂ ਪਿਆਰ ਵਿਚ ਭਾਵੁਕ ਹੋ ਕੇ ਸਾਧਕ ਕਿਸੇ ਸਿਧਾਂਤ-ਵਿਸ਼ੇਸ਼ ਦਾ ਨਿਰੂਪਣ ਨਹੀਂ ਕਰਦਾ, ਸਗੋਂ ਆਤਮਾ ਤੇ ਪਰਮਾਤਮਾ ਦੇ ਅਤਿਅੰਤ ਭਾਵਮਈ ਸਬੰਧਾਂ ਨੂੰ ਹੀ ਰੂਪਮਾਨ ਕਰਦਾ ਹੈ। ਇਸੇ ਭਾਵੁਕਤਾ ਅਧੀਨ ਉਹ ਪਰਮਾਤਮਾ ਨੂੰ ਮਿੱਠੇ ਨਿਹੋਰੇ ਅਤੇ ਤਾਹਨੇ ਮਿਹਣੇ ਦੇਣੋਂ ਵੀ ਸੰਕੋਚ ਨਹੀਂ ਕਰਦਾ। ਗੁਰੂ ਰਵਿਦਾਸ ਦੇ ਪਰਮਾਤਮਾ ਨਾਲ ਇਸ ਭਾਵਾਤਮਿਕ ਤੇ ਨਿਕਟ ਸਬੰਧ ਦੀ ਪੁਸ਼ਟੀ ਉਨ੍ਹਾਂ ਦੀਆਂ ਹੇਠ ਲਿਖੀਆਂ ਸੱਤਰਾਂ ਤੋਂ ਵੀ ਹੁੰਦੀ ਹੈ।

*ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ*

*ਪਤਿਤ ਪਾਵਨ ਨਾਮੁ ਕੈਸੇ ਹੁੰਤਾ।*

**(ਆਦਿ ਗ੍ਰੰਥ, ਪੰਨਾ 93)**

ਬ੍ਰਹਮ ਨਾਲ ਉਨ੍ਹਾਂ ਦੇ ਭਾਵਮਈ ਰਿਸ਼ਤੇ ਦੀ ਸੋਝੀ ਉਨ੍ਹਾਂ ਸਤਰਾਂ ਵਿਚੋਂ ਵੀ ਹੁੰਦੀ ਹੈ ਜਦੋਂ ਉਹ ਆਪਣੇ ਅਤੇ ਪਰਮਾਤਮਾ ਦੇ ਸਬੰਧਾਂ ਨੂੰ ਕਦੇ ਮੋਰ ਅਤੇ ਸੁਹਣੇ ਪਹਾੜ, ਕਦੇ ਚਕੋਰ ਤੇ ਚੰਦ, ਕਦੇ ਦੀਵੇ ਤੇ ਬਾਤੀ ਅਤੇ ਕਦੇ ਤੀਰਥ ਤੇ ਯਾਤਰੀ ਨਾਲ ਉਪਮਾਉਂਦੇ ਹਨ। ਉਹ ਕਦੇ ਪ੍ਰਭੂ ਨੂੰ ਆਪਣੇ ਪਿਤਾ ਦੇ ਰੂਪ ਵਿਚ ਚਿਤਵਦੇ ਹਨ ਤੇ ਕਦੇ ਮਾਤਾ ਦੇ ਰੂਪ ਵਿਚ, ਕਦੇ ਉਹ ਕਾਂਤਾ ਭਗਤੀ ਦੇ ਰੂਪਕ ਰਾਹੀਂ ਵੀ ਪ੍ਰਭੂ ਪ੍ਰਤੀ ਆਪਣਾ ਪਿਆਰ ਦਰਸ਼ਾਉਂਦੇ ਹਨ। ਪ੍ਰਭੂ ਦੇ ਅਤਿ ਨਿਕਟ ਪੁੱਜੇ ਭਗਤ ਵਿਚ ਹੀ ਅਜਿਹਾ ਲਿਖਣ ਦੀ ਜੁਅਰਤ ਹੈ:

*ਰਾਮ ਗੁਸਾਈਆ ਜੀਅਕੇ ਜੀਵਨਾ*

*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ।*

**(ਆਦਿ ਗ੍ਰੰਥ, ਪੰਨਾ 345)**

5.4.3 **ਜਾਤਪਾਤ ਤੋਂ ਵਿਮੁਖ ਭਗਤੀ ਪੱਧਤੀ** : ਮੱਧਕਾਲੀਨ ਸਗੁਣ ਨਿਰਾਕਾਰ ਭਗਤੀ ਪਰੰਪਰਾ ਤੋਂ ਪਹਿਲਾਂ ਜਨ ਸਾਧਾਰਣ ਨੂੰ ਪਰਮਾਤਮਾ ਦੀ ਭਗਤੀ ਕਰਨ ਦਾ ਅਧਿਕਾਰ ਪ੍ਰਾਪਤ ਨਹੀਂ ਸੀ। ਕੁਲੀਨ ਸ਼੍ਰੇਣੀਆਂ ਜਾਂ ਬ੍ਰਾਹਮਣ ਅਤੇ ਪਰੋਹਿਤ ਵਰਗ ਤੋਂ ਇਲਾਵਾ ਦੂਸਰੇ ਲੋਕ ਪ੍ਰਭੂ ਦੀ ਭਗਤੀ ਨਹੀਂ ਸੀ ਕਰ ਸਕਦੇ। ਅਖਾਉਤੀ ਨੀਚ ਸ਼੍ਰੇਣੀਆਂ ਅਤੇ ਸ਼ੂਦਰ ਵਰਗ ਨੂੰ ਭਗਤੀ ਦਾ ਅਧਿਕਾਰ ਮਿਲਣਾ ਅਸੰਭਵ ਗੱਲ ਸੀ। ਉਨ੍ਹਾਂ ਨੂੰ ਮੰਦਰਾਂ ਦੇ ਨੇੜੇ ਜਾਣ ਦੀ ਮਨਾਹੀ ਸੀ। ਰਵਿਦਾਸ ਜੀ ਦੀ ਭਗਤੀ ਪੱਧਤੀ ਦੀ ਵਿਲੱਖਣਤਾ ਹੈ ਕਿ ਇਸ ਤੇ ਪਰੋਹਿਤ ਅਤੇ ਕੁਲੀਨ ਵਰਗ ਦਾ ਏਕਾਧਿਕਾਰ ਖਤਮ ਕਰਕੇ ਭਗਤੀ ਨੂੰ ਜਨਸਾਧਾਰਨ ਲਈ ਦ੍ਰਿੜ ਕਰਵਾਇਆ ਅਤੇ ਉਨ੍ਹਾਂ ਨੇ ਸਪਸ਼ਟ ਐਲਾਨ ਕੀਤਾ ਕਿ ਪ੍ਰਭੂ ਭਗਤੀ ਕਿਸੇ ਦਾ ਜੱਦੀ ਅਧਿਕਾਰ ਨਹੀਂ, ਇਹ ਤਾਂ ਪਰਮਾਤਮਾ ਨਾਲ ਭਾਵਾਤਮਕ ਸਬੰਧ ਹੈ ਜਿਸ ਕੇਵਲ ਸੰਸਾਰਿਕਤਾ ਤੋਂ ਨਿਰਲੇਪ ਹੋਣ ਦੀ ਜਰੂਰਤ ਹੈ।

ਗੁਰੂ ਰਵਿਦਾਸ ਦੇ ਜੀਵਨ ਤੋਂ ਵੀ ਸਪਸ਼ਟ ਹੈ ਕਿ ਚਮਾਰ ਕੁਲ ਵਿਚ ਜਨਮ ਲੈ ਕੇ ਵੀ ਉਹ ਸਮਕਾਲੀਨ ਪੁਰੋਹਿਤਾਂ ਤੇ ਕੁਲੀਨ ਵਰਗ ਦੇ ਲੋਕਾਂ ਦੇ ਸਤਿਕਾਰ ਦੇ ਪਾਤਰ ਬਣ ਗਏ। ਜਿਸ ਰਵਿਦਾਸ ਨਾਲ ਛੂਹ ਜਾਣ ਤੇ ਬ੍ਰਾਹਮਣ ਆਪਣੇ ਨੂੰ ਭਿੱਟਿਆ ਮਹਿਸੂਸ ਕਰਦੇ ਸਨ, ਉਸੇ ਰਵਿਦਾਸ ਨੇ ਉਨ੍ਹਾਂ ਬ੍ਰਾਹਮਣਾਂ ਨੂੰ ਆਤਮਿਕ ਸੋਝੀ ਕਰਵਾਈ।

*ਜਾ ਕੀ ਛੋਤ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥*

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*

**(ਆਦਿ ਗ੍ਰੰਥ, ਪੰਨਾ 1106)**

ਇਸ ਪ੍ਰਭੂ ਭਗਤੀ ਰਾਹੀਂ ਭਗਤ ਕਬੀਰ ਸਾਰੇ ਸੰਸਾਰ ਵਿਚ ਉਜਾਗਰ ਹੋ ਗਏ ਭਾਵੇਂ ਉਨ੍ਹਾਂ ਦੀ ਜਾਤ ਦੇ ਲੋਕ ਈਦ, ਬਕਰੀਦ ਤੇ ਗਊਆਂ ਹਲਾਲ ਕਰਦੇ ਸਨ ਅਤੇ ਉਨ੍ਹਾਂ ਦੇ ਘਰਾ ਵਿਚ ਸ਼ੇਖਾਂ, ਸ਼ਹੀਦਾਂ ਅਤੇ ਪੀਰਾਂ ਦੀ ਮਾਨਤਾ ਹੁੰਦੀ ਸੀ।

*ਜਾਕੈ ਈਦ ਬਕਰੀਦ ਕੁਲ ਗਊ ਰੇ ਬਧੁ।*
*ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥*
*ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ॥*
*ਤਿਹੂ ਰੇ ਲੋਕ ਪਰਸਿਧ ਕਬੀਰਾ॥*

**(ਆਦਿ ਗ੍ਰੰਥ, ਪੰਨਾ 1293)**

ਭਗਤੀ ਕਰਕੇ ਹੀ ਨਾਮਦੇਵ, ਸਧਨਾ, ਸੈਨ, ਬਾਲਮੀਕ, ਪਿੰਗਲਾ, ਲੁਭਤ, ਕੁੰਦਰ ਅਤੇ ਅਜਾਮਲ ਜਿਹੇ ਨੀਵੇਂ ਜੀਵ ਸੰਸਾਰ ਤੋਂ ਮੁਕਤ ਹੋ ਗਏ। ਗੁਰੂ ਰਵਿਦਾਸ ਦੇ ਮਤ ਅਨੁਸਾਰ ਅਖਾਉਤੀ ਨੀਵੀਂ ਜਾਤ, ਨੀਚ ਜਨਮ ਅਤੇ ਨੀਵੀ ਕੁਲ ਭਗਵਦ ਪ੍ਰਾਪਤੀ ਦੇ ਮਾਰਗ ਵਿਚ ਕੋਈ ਅੜਚਨ ਨਹੀਂ ਸਗੋਂ ਉਹੀ ਜੀਵ ਨੀਵੇਂ ਹਨ ਜਿਹੜੇ ਪ੍ਰਭੂ ਦੀ ਭਗਤੀ ਤੋਂ ਹੀਣ ਹਨ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਭਗਤੀ ਨੂੰ ਪ੍ਰਤਿਸ਼ਠਤ ਲੋਕਾਂ ਦੇ ਘੇਰੇ ਵਿਚੋਂ ਕੱਢਕੇ ਇਸ ਨੂੰ ਹਰ ਵਿਅਕਤੀ ਦੇ ਅਧਿਕਾਰ ਖੇਤਰ ਤੱਕ ਪਹੁੰਚਾਇਆ ਅਤੇ ਸਪਸ਼ਟ ਕੀਤਾ ਕਿ ਜਿਸ ਕੁਲ ਵਿਚ ਹਰਿ-ਭਗਤ ਪੈਦਾ ਹੋ ਜਾਵੇ, ਉਹ ਕੁਲ ਸਾਰੇ ਜਗਤ ਵਿਚ ਮਸ਼ਹੂਰ ਹੋ ਜਾਂਦਾ ਹੈ ਕਿਉਂਕਿ ਭਗਤ ਦੀ ਜਾਤੀ ਤੇ ਅਮੀਰੀ ਗਰੀਬੀ ਦਾ ਭਗਤੀ ਨਾਲ ਕੋਈ ਸਬੰਧ ਨਹੀਂ।

5.4.4 **ਕਰਮਕਾਂਡ ਤੋਂ ਸੁਤੰਤਰ ਭਗਤੀ ਪ੍ਰੱਧਤੀ** : ਗੁਰੂ ਰਵਿਦਾਸ ਦੀ ਭਗਤੀ ਸਾਧਨਾ ਹਰ ਪ੍ਰਕਾਰ ਦੇ ਕਰਮਕਾਂਡ ਤੋਂ ਉਚੇਰੀ ਹੈ। ਇਸ ਵਿਚ ਕਿਸੇ ਬਾਹਰੀ ਅਡੰਬਰ ਦੀ ਲੋੜ ਨਹੀਂ। ਮੂਰਤੀਆਂ ਦੀ ਆਰਤੀ ਉਤਾਰਨ ਜਾਂ ਪੂਜਾ ਸਾਮੱਗ੍ਰੀ ਜੁਟਾਉਣ ਦੀ ਵੀ ਆਵਸ਼ਕਤਾ ਨਹੀਂ। ਭਗਤ ਦੇ ਹਿਰਦੇ ਦੀ ਸ਼ੁੱਧਤਾ, ਨਿਰਮਲਤਾ ਤੇ ਸਾਦਗੀ ਹੀ ਭਾਉ ਭਗਤੀ ਦੇ ਜ਼ਰੂਰੀ ਅੰਗ ਹਨ। ਬਾਹਰਮੁਖੀ ਕਰਮਕਾਂਡ ਦੀ ਬਜਾਇ ਉਹ ਪਰਮਾਤਮਾ ਨੂੰ ਤਨ ਮਨ ਦੀ ਭੇਟ ਕਰਨ ਵਿਚ ਵਿਸ਼ਵਾਸ ਰਖਦੇ ਹਨ।

*ਤਨੁ ਮਨੁ ਅਰਪਉ ਪੂਜ ਚਰੀਵਉ,*
*ਗੁਰ ਪਰਸਾਦਿ ਨਿਰੰਜਨੁ ਪਾਵਉ॥*

**(ਆਦਿ ਗ੍ਰੰਥ, ਪੰਨਾ 525)**

ਕਿਉਂਕਿ ਇਸ ਸੰਸਾਰ ਦੇ ਮਾਲਕ ਨੂੰ ਭੇਟ ਕਰਨ ਯੋਗ ਜੇਕਰ ਕੋਈ ਵਸਤੂ ਹੈ ਤਾਂ ਕੇਵਲ ਇਹ ਤਨ ਅਤੇ ਮਨ ਹੈ। ਰਵਿਦਾਸ ਬਾਣੀ ਵਿਚ ਬੇਸ਼ੱਕ ਨਵਧਾ ਭਗਤੀ ਦੇ ਅਨੇਕ ਪਰਿਭਾਸ਼ਕ ਸਬਦ ਦ੍ਰਿਸ਼ਟੀਗੋਚਰ ਹੁੰਦੇ ਹਨ ਪਰੰਤੂ ਪੂਜਾ, ਅਰਚਾ, ਸੇਵਾ, ਕੀਰਤਨ, ਸ਼੍ਰਵਨ, ਮਨਨ, ਦਾਸ-ਭਾਵ ਅਤੇ ਚਰਨ ਸੇਵਾ ਆਦਿ ਦੇ ਹਵਾਲੇ ਕਈ ਥਾਈਂ ਉਨ੍ਹਾਂ ਦੀ ਪ੍ਰੇਮਾਭਗਤੀ ਦੀ ਪੁਸ਼ਟੀ ਕਰਦੇ ਹਨ। ਬਹੁਤੀ ਵਾਰ ਉਨ੍ਹਾਂ ਦੀ ਵਰਤੋਂ ਪਰਿਵਰਤਿਤ ਅਰਥਾਂ ਵਿਚ ਹੋਈ ਹੈ। ਜਿਵੇਂ ਉਹ ਆਖਦੇ ਹਨ:

*ਦੂਧੁ ਤ ਬਛਰੈ ਥਨਹੁ ਬਿਟਾਰਿਓ॥*
*ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥*
*ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥*
*ਅਵਰੁ ਨ ਫੂਲੁ ਅਨੂਪੁ ਨ ਪਾਵਉ॥*

**(ਆਦਿ ਗ੍ਰੰਥ, ਪੰਨਾ 525)**

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਜੀ ਦੀ ਭਗਤੀ ਕਰਮਕਾਂਡਾਂ ਦੀ ਮੁਥਾਜ਼ ਨਹੀਂ।

5.4.5 **ਨਿਜੀ ਚੇਤਨਤਾ ਤੇ ਆਧਾਰਿਤ ਭਗਤੀ ਪੱਧਤੀ**: ਰਵਿਦਾਸ ਜੀ ਦੀ ਭਗਤੀ ਸਾਧਨਾ, ਮਨੁੱਖ ਨੂੰ ਆਪਣੀ ਵਿਲੱਖਣ ਹੋਂਦ ਦੀ ਪਹਿਚਾਣ ਕਰਵਾਉਂਦੀ ਹੈ। ਜੀਵਨ ਅਸਲੀਅਤ ਤੋਂ ਗਾਫਿਲ ਮਨੁੱਖ ਨੂੰ ਉਹ ਬਾਲਮੀਕੀ ਦਾ ਹਵਾਲਾ ਦੇ ਕੇ ਸੁਚੇਤ ਕਰਦੇ ਹਨ ਕਿ ਜੇਕਰ ਬਾਲਮੀਕੀ ਭਵਸਾਗਰ ਨੂੰ ਪਾਰ ਕਰ ਸਕਦੇ ਹਨ ਤਾਂ ਦੂਸਰੇ ਜੀਵ ਆਪਣੀ ਸਮਰੱਥਾ ਪਹਿਚਾਣ ਕੇ ਅਜਿਹਾ ਕਿਉਂ ਨਹੀਂ ਕਰ ਸਕਦੇ?

*ਰੇ ਚਿਤ ਚੇਤਿ ਚੇਤ ਅਚੇਤ। ਕਾਹੇ ਨ ਬਾਲਮੀਕਹਿ ਦੇਖ।*

*ਕਿਸੁ ਜਾਤਿ ਤੇ ਕਹਿ ਪਦਹਿ ਅਮਰਿਓ ਰਾਮ ਭਗਤੀ ਬਿਸੇਖ।*

**(ਆਦਿ ਗ੍ਰੰਥ, ਪੰਨਾ 1124)**

ਮਨੁੱਖ ਦੀ ਤ੍ਰਾਸਦੀ ਹੈ ਕਿ ਅਨੇਕਾਂ ਜਨਮਾਂ ਦੇ ਪੁੰਨ ਕਰਮਾਂ ਦੇ ਫਲ ਵਜੋਂ ਮਿਲਿਆ ਸ਼੍ਰੇਸ਼ਠ ਮਨੁੱਖੀ ਜਨਮ ਭਗਤੀ ਦੀ ਚੇਤਨਤਾ ਤੋਂ ਬਿਨਾਂ ਅੰਞਾਈ ਜਾ ਰਿਹਾ ਹੈ।

*ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।*

*ਮਨੁੱਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।*

**(ਆਦਿ ਗ੍ਰੰਥ, ਪੰਨਾ 486)**

ਆਪਣੇ ਭਲੇ ਬੁਰੇ ਤੋਂ ਅਚੇਤ ਜੀਵਾਂ ਦੀ ਅਵਸਥਾ ਵੱਖਰੀ ਕਿਸਮ ਦੀ ਹੈ ਪਰੰਤੂ ਹਰ ਪ੍ਰਕਾਰ ਦੀ ਸੋਧੀ ਰੱਖਣ ਵਾਲੇ ਮਨੁੱਖ ਦਾ ਪੁੰਨ ਪਾਪ ਤੋਂ ਵਿਚਾਰਹੀਣ ਹੋਣਾ ਦੁੱਖਦਾਇਕ ਹੈ। ਇੰਞ ਰਵਿਦਾਸ ਬਾਰ ਬਾਰ ਇਸ ਭੁੱਲੇ ਭਟਕੇ ਮਨ ਨੂੰ ਉਸ ਦੀ ਵਾਸਤਵਿਕਤਾ ਤੋਂ ਜਾਣੂ ਕਰਵਾਉਂਦੇ ਹਨ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਸ਼੍ਰੇਸ਼ਠ ਜੂਨ ਪ੍ਰਾਪਤ ਕਰਨ ਉਪਰੰਤ ਵੀ ਜੇਕਰ ਉਹ ਪ੍ਰਭੂ-ਭਗਤੀ ਤੋਂ ਹੀਣਾ ਰਹਿੰਦਾ ਹੈ ਤਾਂ ਫਿਰ ਉਹ ਕਦੇ ਵੀ ਉਸ ਦੀ ਭਗਤੀ ਨਹੀਂ ਕਰ ਸਕਦਾ।

5.4.6 **ਗ੍ਰਹਿਸਥ ਜੀਤਨ ਤੇ ਆਧਾਰਿਤ ਭਗਤੀ ਪੱਧਤੀ**: ਗੁਰੂ ਰਵਿਦਾਸ ਦੀ ਭਗਤੀ ਮੂਲਕ ਚਿੰਤਨ ਵਿਚ ਮਨੁੱਖ ਜੀਵਨ ਦੇ ਗੌਰਵਮਈ ਪ੍ਰਯੋਜਨ ਸਬੰਧੀ ਸੰਕੇਤ ਵੀ ਉਪਲਬਧ ਹਨ। ਉਨ੍ਹਾਂ ਨੇ ਮਨੁੱਖੀ ਜੀਵਨ

ਦਾ ਉਦੇਸ਼ ਪ੍ਰਭੂ ਭਗਤੀ ਨੂੰ ਸਵੀਕਾਰਿਆ ਹੈ ਪਰੰਤੂ ਉਨ੍ਹਾਂ ਅਨੁਸਾਰ ਇਸ ਉਦੇਸ਼ ਦੀ ਪੂਰਤੀ ਕੇਵਲ ਸੰਸਾਰ ਵਿਚ ਰਹਿੰਦੀਆਂ ਗ੍ਰਹਿਸਥ ਕਮਾਉਂਦਿਆਂ ਅਤੇ ਦੁਨੀਆਂ ਦੇ ਕਾਰ ਵਿਹਾਰ ਕਰਦਿਆਂ ਹੀ ਹੋਣੀ ਚਾਹੀਦੀ ਹੈ। ਸੰਸਾਰ ਤੋਂ ਕਿਨਾਰਾ ਕਰ ਚੁੱਕੇ, ਦੁਨੀਆਂ ਤੋਂ ਬੇਮੁਖ ਹੋ ਚੁੱਕੇ ਅਤੇ ਇਸ ਦੀਆਂ ਮੁਸ਼ਕਿਲਾਂ ਤੋਂ ਡਰ ਕੇ ਜੰਗਲਾਂ, ਪਹਾੜਾਂ ਦੀ ਓਟ ਲਈ ਬੈਠੇ ਯੋਗੀਆਂ ਸੰਨਿਆਸੀਆਂ ਦੇ ਹਵਾਲੇ ਨਾਲ ਆਪ ਫਰਮਾਉਂਦੇ ਹਨ ਕਿ ਜੇਕਰ ਯੋਗੀ ਜਾਂ ਸੰਨਿਆਸੀ ਬਣ ਜਾਣ ਉਪਰੰਤ ਵੀ ਜੀਵ ਦੀ ਹਉਮੈਂ ਨਹੀਂ ਮੁੱਕਦੀ ਤਾਂ ਅਜਿਹਾ ਸੰਸਾਰ ਤਿਆਗ ਵਿਅਰਥ ਹੈ। ਇਸ ਪ੍ਰਕਾਰ, ਜੀਵ ਦੀ ਹਉਮੈਂ ਸਗੋਂ ਵਧੇਰੇ ਪ੍ਰਬਲ ਹੁੰਦੀ ਹੈ ਜਿਹੜੀ ਉਸ ਦੀ ਪਰਮਾਤਮਾ ਨਾਲੋਂ ਵਿੱਥ ਨੂੰ ਹੋਰ ਵਧਾਉਂਦੀ ਹੈ। ਗੁਰੂ ਰਵਿਦਾਸ ਅਨੁਸਾਰ ਪਰਮਾਤਮਾ ਨੂੰ ਹਰ ਪਲ ਯਾਦ ਕਰਨਾ ਅਤੇ ਹਿਰਦੇ ਵਿਚ ਮੌਜੂਦ ਪ੍ਰਭੂ ਦਾ ਸਿਮਰਨ ਕਰਨਾ ਹੀ ਪਰਮ ਬੈਰਾਗ ਹੈ।

***ਕਹਿ ਰਵਿਦਾਸ ਪਰਮ ਬੈਰਾਗ, ਰਿਦੈ ਰਾਮੁ ਕੀ ਨ ਜਪਸਿ ਅਭਾਗ॥***

**(ਆਦਿ ਗ੍ਰੰਥ, ਪੰਨਾ 1167)**

ਹਰਿ ਦੀ ਭਗਤੀ, ਮਨੁੱਖ ਨੂੰ ਬੈਰਾਗੀ ਬਣਾ ਦਿੰਦੀ ਹੈ ਕਿਉਂਕਿ ਉਹ ਸੰਸਾਰਿਕਤਾ ਤੋਂ ਮੁਕਤ ਹੁੰਦਿਆਂ ਭਾਵ ਦੁਨੀਆਂ ਦੇ ਮੋਹ ਮਾਇਆ ਤੋਂ ਅਭਿੱਜ ਹੁੰਦਿਆ ਉਸ ਦੀ ਭਗਤੀ ਵਿਚ ਲੀਨ ਰਹਿੰਦਾ ਹੈ। ਹਰਿ ਭਗਤੀ ਮਨੁੱਖ ਨੂੰ ਹਰ ਪ੍ਰਕਾਰ ਦੇ ਮੋਹਜਾਲ ਤੋਂ ਬਚਾਕੇ ਰੱਖਦੀ ਹੈ। ਇੰਵ, ਮਨੁੱਖ ਸੰਸਾਰ ਵਿਚ ਰਹਿੰਦਿਆਂ ਹੋਇਆਂ, ਸਭ ਕਾਮਨਾਵਾਂ ਨੂੰ ਜਿੱਤ ਕੇ ਜੀਵਨ ਮੁਕਤ ਹੋ ਜਾਂਦਾ ਹੈ।

ਇਸ ਤਰ੍ਹਾਂ ਗੁਰੂ ਰਵਿਦਾਸ ਦਾ 'ਬੈਰਾਗ' ਗ੍ਰਹਿਸਥ ਦੇ ਤਿਆਗ ਤੋਂ ਉਪਜਿਆ 'ਬੈਰਾਗ' ਨਹੀਂ, ਸਗੋਂ ਗ੍ਰਹਿਸਥ ਵਿਚ ਰਹਿੰਦਿਆਂ, ਮੋਹ ਮਾਇਆ ਅਤੇ ਵਿਸ਼ੇ ਵਿਕਾਰਾਂ ਦੇ ਤਿਆਗ ਤੋਂ ਉਪਜਿਆ 'ਬੈਰਾਗ' ਹੈ। ਘਟ-ਘਟ ਵਿਆਪਕ ਅਤੇ ਹਰ ਕਿਣਕੇ ਵਿਚ ਮੌਜੂਦ ਬ੍ਰਹਮ, ਜਿਹੜਾ ਜੀਵ ਦੇ ਹੱਥ ਤੋਂ ਨਜ਼ਦੀਕ ਹੈ, ਨੂੰ ਲੱਭਣ ਲਈ ਬਾਹਰ ਜਾ ਕੇ ਜੰਗਲ ਬੇਲੇ ਗਾਹਣ ਦੀ ਕੋਈ ਆਵਸ਼ਕਤਾ ਨਹੀਂ।

***ਸਰਬੇ ਏਕੁ ਅਨੇਕੈ ਸੁਆਮੀ,***

***ਸਭ ਘਟ ਭੋੁਗਵੈ ਸੋਈ।***

***ਕਹਿ ਰਵਿਦਾਸ ਹਾਥ ਪੈ ਨੇਰੇ,***

***ਸਹਜੇ ਹੋਇ ਸੁ ਹੋਇ।***

**(ਆਦਿ ਗ੍ਰੰਥ, ਪੰਨਾ 658)**

ਗੁਰੂ ਰਵਿਦਾਸ ਜੀ ਨੇ ਵੀ ਆਪਣੀ ਪਰਿਵਾਰਕ ਜ਼ਿੰਮੇਵਾਰੀਆਂ ਦਾ ਨਿਰਬਾਹ ਕਰਦੇ ਹੋਏ ਹੀ ਗ੍ਰਹਿਸਥ ਵਿਚ ਰਹਿੰਦੇ ਹੋਏ ਪ੍ਰਭੂ ਦਾ ਨਾਮ ਜੱਪਿਆ ਉਸ ਨਾਲ ਇਕਮਿਕਤਾ ਪ੍ਰਾਪਤ ਕੀਤੀ। ਇਸੇ ਲਈ ਉਨ੍ਹਾਂ ਆਪਣੀ ਬਾਣੀ ਵਿਚ ਕਿਤੇ ਵੀ ਸੰਸਾਰ ਤੇ ਗ੍ਰਹਿਸਥ ਦੇ ਤਿਆਗ ਲਈ ਨਹੀਂ ਕਿਹਾ। ਉਨ੍ਹਾਂ ਨੇ ਮਨੁੱਖ ਦੀ ਅਵਸਥਾ ਉਸ ਹਿਰਨ ਨਾਲ ਉਪਮਾਈ ਹੈ ਜੋ ਆਪਣੇ ਅੰਦਰੋਂ ਆ ਰਹੀ ਕਸਤੂਰੀ ਦੀ ਸੁਗੰਧ ਲੱਭਣ ਲਈ ਦੇਸ-ਪ੍ਰਦੇਸ਼ ਭਟਕਦਾ ਹੈ। ਹਿਰਨ ਵਾਗ ਮਨੁੱਖ ਵੀ ਹਿਰਦੇ ਅੰਦਰ ਮੌਜੂਦ ਪ੍ਰਭੂ ਨੂੰ ਲੱਭਣ ਲਈ ਕਦੇ ਸੰਸਾਰ ਦਾ ਤਿਆਗ ਕਰਕੇ ਬੈਰਾਗੀ ਬਣਦਾ ਹੈ ਅਤੇ ਕਦੇ ਕੋਈ ਹੋਰ ਅਜਿਹਾ ਸਾਧਨ ਅਪਣਾਉਂਦਾ ਹੈ।

*ਜੈਸੇ ਕੁਰੰਦ ਹੀ ਪਾਇਓ ਭੇਦੁ॥*

*ਤਨਿ ਸੁਗੰਧ ਢੂਢੈ ਪ੍ਰਦੇਸੁ॥*

*ਆਪ ਤਨ ਕਾ ਜੋ ਕਰਹਿ ਬੀਚਾਰੁ॥*

*ਤਿਸੁ ਨਹੀਂ ਜਮਕੰਕਰੁ ਕਰੈ ਖੁਆਰੁ॥*

(**ਆਦਿ ਗ੍ਰੰਥ, ਪੰਨਾ** 1196)

ਇਸ ਲਈ ਪਰਮਾਤਮਾ ਪ੍ਰਾਪਤੀ ਲਈ ਗ੍ਰਿਹਸਥ ਦਾ ਤਿਆਗ ਜਾਂ ਇਸਤਰੀ ਤੋਂ ਦੂਰੀ ਬਨਾਉਣੀ ਜ਼ਰੂਰੀ ਨਹੀਂ ਨਾ ਹੀ ਜੰਗਲਾਂ ਵਿਚ ਭਟਕਣ ਦੀ ਲੋੜ ਹੈ। ਅਸਲ ਵਿਚ ਤਾਂ ਸੰਸਾਰ ਵਿਚ ਰਹਿੰਦੇ ਹੋਏ ਇਨਸਾਨ ਨੂੰ ਕਾਮ ਕ੍ਰੋਧ, ਮੋਹ, ਲੋਭ ਤੇ ਅਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ।

5.4.7 **ਕਿਰਤ ਆਧਾਰਿਤ ਭਗਤੀ ਪੱਧਤੀ**: ਗੁਰੂ ਰਵਿਦਾਸ ਜੀ ਨੇ ਸੰਸਾਰ ਵਿਚ ਰਹਿ ਕੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਪ੍ਰਭੂ ਪ੍ਰਾਪਤੀ ਦਾ ਮਾਰਗ ਅਪਨਾਉਣ ਦਾ ਸੰਦੇਸ਼ ਦਿੱਤਾ। ਪਰੰਤੂ ਦਸਾਂ ਨਹੁੰਆਂ ਦੀ ਕਿਰਤ ਕਰਕੇ ਪ੍ਰਭੂ ਪ੍ਰਾਪਤੀ ਦਾ ਮਾਰਗ ਅਪਣਾਉਣ ਦੀ ਸਿੱਖਿਆ ਦਿੰਦੇ ਹਨ। ਭਾਵੇਂ ਸੰਸਾਰ ਵਿਚ ਰਹਿੰਦਿਆਂ, ਜੀਵ ਆਪਣੀਆਂ ਨਿੱਤ ਦੀਆਂ ਲੋੜਾਂ ਤੋਂ ਪਿੱਛਾ ਨਹੀਂ ਛੁਡਾ ਸਕਦਾ। ਜ਼ਰੂਰੀ ਹੈ ਆਪਣੀ ਰੋਜ਼ੀ ਰੋਟੀ ਤੋਰਨ ਲਈ ਉਸ ਨੂੰ ਕਿਰਤ ਕਰਨੀ ਪਵੇਗੀ। ਗੁਰੂ ਨਾਨਕ, ਕਬੀਰ ਅਤੇ ਹੋਰ ਅਨੇਕ ਮਹਾਤਮਾਵਾਂ ਨੇ ਦੱਸ ਨਹੁੰਆਂ ਦੀ ਕਮਾਈ ਦੇ ਮਹੱਤਵ ਨੂੰ ਪ੍ਰਤਿਪਾਦਿਤ ਕੀਤਾ ਹੈ ਕਿਉਂਕਿ ਦੂਜਿਆਂ ਦੀ ਕਮਾਈ ਤੇ ਪਲਣ ਵਾਲਾ ਜੀਵ ਨਿਰਵਿਘਨ ਰੂਪ ਨਾਲ ਪ੍ਰਭੂ ਭਗਤੀ ਵਿਚ ਨਹੀਂ ਜੁੜ ਸਕਦਾ।

*ਘਾਲਿ ਖਾਇ ਕਿਛੁ ਹਥਹੁ ਦੇਇ,*

*ਨਾਨਕ ਰਾਹੁ ਪਛਾਣਹਿ ਸੇਇ।*

(**ਆਦਿ ਗ੍ਰੰਥ, ਪੰਨਾ** 1245)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਿਲਿਤ ਭਗਤ ਬਾਣੀ ਤੋਂ ਸਪਸ਼ਟ ਹੈ ਕਿ ਕਬੀਰ ਜੀ ਨੇ ਜੁਲਾਹੇ ਦਾ ਕੰਮ ਕਰਕੇ, ਨਾਮਦੇਵ ਜੀ ਨੇ ਛੀਂਬੇ ਦਾ ਕੰਮ ਕਰਕੇ, ਸੈਨ ਨੇ ਨਾਈ ਦੇ ਕਿੱਤੇ ਨੂੰ ਅਪਣਾਕੇ ਅਤੇ ਧੰਨੇ ਨੇ ਹੱਥੀਂ ਮੱਝਾਂ ਚਾਰ ਕੇ ਆਪਣਾ ਜੀਵਨ ਨਿਰਬਾਹ ਕੀਤਾ।

*ਨਾਮਾ ਕਹੈ ਤਿਲੋਚਨ ਮੁਖ 'ਤੇ ਨਾਮੁ ਸਮਾਲਿ।*

*ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜਨ ਨਾਲਿ।*

(**ਆਦਿ ਗ੍ਰੰਥ, ਪੰਨਾ** 1376)

ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਵਿਚ ਜੁੱਤੀਆਂ ਗੰਢੀਆਂ ਅਤੇ ਉਨ੍ਹਾਂ ਨੇ ਮਰੇ ਪਸ਼ੂਆਂ ਨੂੰ ਢੋਣ ਤੇ ਉਨ੍ਹਾਂ ਦੇ ਚੰਮ ਕੱਟਣ ਦਾ ਕੰਮ ਵੀ ਕੀਤਾ। ਗੁਰੂ ਰਵਿਦਾਸ ਦੇ ਜੁੱਤੀ ਗੰਢਣ ਦੇ ਕਿੱਤੇ ਬਾਰੇ ਭਾਈ ਗੁਰਦਾਸ ਨੇ ਵੀ ਸੰਕੇਤ ਕੀਤਾ ਹੈ।

*ਭਗਤੁ ਭਗਤੁ ਜਗਿ ਵਜਿਆ*

*ਚਹੁ ਚਕਾਂ ਦੇ ਵਿਚਿ ਚਮਿਰੇਟਾ।*

*ਪਾਣ੍ਹਾ ਗੰਢੈ ਰਾਹ ਵਿਚਿ*

*ਕੁਲਾ ਧਰਮ ਢੋਇ ਢੋਰ ਸਮੇਟਾ।*

(ਵਾਰ 10)

ਪਰੋਖ ਰੂਪ ਵਿਚ ਇਹ ਸੰਸਾਰ ਤਿਆਗ ਕੇ ਜੰਗਲਾਂ ਪਹਾੜਾਂ ਵਿਚ ਰਮਣ ਵਾਲੇ ਉਨ੍ਹਾਂ ਜੋਗੀਆਂ ਤੇ ਸੰਨਿਆਸੀਆਂ ਤੇ ਵਿਅੰਗ ਹੈ ਜਿਹੜੇ ਦੂਸਰਿਆਂ ਦੇ ਅੰਨ ਤੇ ਆਪਣਾ ਸ਼ਰੀਰ ਪਾਲਦੇ ਹਨ।

5.4.8 **ਤਨ ਦਾ ਮਹੱਤਵ ਪ੍ਰਤੀਪਾਦਿਤ ਕਰਦੀ ਭਗਤੀ ਪੱਧਤੀ**: ਭਾਰਤ ਦੇ ਅਧਿਆਤਮਕ ਜਗਤ ਵਿਚ ਪ੍ਰਚਲਤ ਸਾਰੀ ਸਾਧਨਾ ਪੱਧਤੀਆਂ ਮਨ ਦੁਆਲੇ ਹੀ ਕੇਂਦਰਿਤ ਹਨ। ਉਹ ਪ੍ਰਭੂ ਭਗਤੀ ਵਿਚ ਮਨ ਦੇ ਯੋਗਦਾਨ ਨੂੰ ਪ੍ਰਮੁੱਖਤਾ ਦਿੰਦੀਆਂ ਤਨ ਨੂੰ ਅੱਖੋਂ ਓਹਲੇ ਕਰ ਦਿੰਦੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮਨ ਦੇ ਨਿਯੰਤ੍ਰਣ ਨਾਲ ਜਗ ਨੂੰ ਵੀ ਜਿੱਤਿਆ ਜਾ ਸਕਦਾ ਹੈ ਤੇ ਜਗ ਦੇ ਸੁਆਮੀ ਨੂੰ ਵੀ। ਪਰੰਤੂ ਉਹ ਇਹ ਭੁੱਲ ਜਾਂਦੇ ਹਨ ਕਿ ਪ੍ਰਭੂ ਦੀ ਭਗਤੀ ਸ਼ਰੀਰ ਭਾਵ ਤਨ ਨਾਲ ਹੀ ਸੰਭਵ ਹੈ। ਜਦੋਂ ਤੱਕ ਸਰੀਰ ਕਾਇਮ ਹੈ ਉਦੋਂ ਤੱਕ ਹੀ ਸੰਭਵ ਹੈ। ਜਦੋਂ ਤੱਕ ਸਰੀਰ ਕਾਇਮ ਹੈ ਉਦੋਂ ਤੱਕ ਹੀ ਜੀਵ ਨਾਮ ਦਾ ਵਿਚਾਰ ਕਰ ਸਕਦਾ ਹੈ।

*ਸਰੀਰੁ ਅਰਾਧੈ ਮੋ ਕਉ ਬੀਚਾਰੁ ਦੇਹੁ।*

(ਆਦਿ ਗ੍ਰੰਥ, ਪੰਨਾ 93)

ਰਵਿਦਾਸ ਬਾਣੀ ਅਨੁਸਾਰ ਸੁੱਖਦਾਤਾ ਪ੍ਰਭੂ ਕੇਵਲ ਇਸ ਤਨ ਵਿਚ ਵੱਸਦਾ ਹੈ ਪਰੰਤੂ ਮਨੁੱਖ ਇਸ ਅਸਲੀਅਤ ਤੋਂ ਅਣਜਾਣ ਉਸ ਨੂੰ ਬਾਹਰ ਢੂੰਢਦਾ ਫਿਰਦਾ ਹੈ। ਜਿਹੜਾ ਜੀਵ ਆਪਣੇ ਸ਼ਰੀਰ ਦਾ ਵਿਚਾਰ ਕਰਕੇ ਉਸ ਨੂੰ ਪਰਮਾਤਮਾ ਦੇ ਹਵਾਲੇ ਕਰ ਲੈਂਦਾ ਹੈ ਉਹ ਕਦੇ ਕਿਸੇ ਹੋਰ ਦਾ ਆਸਰਾ ਨਹੀਂ ਤਕਦਾ। ਪਰੰਤੂ ਇਸ ਕਾਰਜ ਲਈ ਸਰੀਰ ਦੀ ਬਾਹਰੀ ਨਹੀਂ ਆਂਤਰਿਕ ਸ਼ੁੱਧੀ ਲੋੜੀਂਦੀ ਹੈ ਕਿਉਂਕਿ ਬਾਹਰੀ ਸ਼ੁੱਧੀ ਤਾਂ ਹਾਥੀ ਦੇ ਨਹਾਉਣ ਵਾਂਗ ਹੈ।

*ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰੁ।*

(ਆਦਿ ਗ੍ਰੰਥ, ਪੰਨਾ 346)

ਸ਼ਰੀਰ ਦੀ ਏਨੀ ਮਹੱਤਾ ਹੋਣ ਦੇ ਬਾਵਜੂਦ ਇਸਦੀ ਛਿਣ-ਭੋਗੁਰਤਾ ਅਤੇ ਅਸਥਿਰਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਤਨ ਗਾਹ ਦੇ ਉਸ ਛੱਪਰ ਵਾਂ ਹੈ ਜਿਹੜਾ ਸੜ ਕੇ ਪਲਾਂ ਵਿਚ ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ।

*ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ।*

*ਜਲਿ ਗਇਓ ਘਾਸੁ ਰਲਿ ਗਇਓ ਮਾਟੀ।।*

(ਆਦਿ ਗ੍ਰੰਥ, ਪੰਨਾ 294)

ਇੰਝ ਸਰੀਰ ਦੀ ਨਾਸ਼ਵਾਨਤਾ ਰਾਹੀਂ ਗੁਰੂ ਰਵਿਦਾਸ ਮਨੁੱਖ ਨੂੰ ਪ੍ਰਭੂ ਭਗਤੀ ਕਰਨ ਲਈ ਪ੍ਰੇਰਦੇ ਹਨ।

**5.4.9 ਰਵਿਦਾਸ ਦੀ ਭਗਤੀ ਪੱਧਤੀ ਵਿਚ ਵਿਅਕਤੀਗਤ ਜਤਨ** : ਰਹੱਸਵਾਦੀ ਵਿਚਾਰਧਾਰਾ ਅਨੁਸਾਰ ਭਗਤੀ ਕਰਨ ਲਈ ਭਾਵੇਂ ਪ੍ਰਭੂ ਦੀ ਕਿਰਪਾ ਦੀ ਵਿਸ਼ੇਸ਼ ਮਹੱਤਾ ਹੈ, ਪ੍ਰੰਤੂ ਗੁਰੂ ਰਵਿਦਾਸ ਨੇ ਵਿਅਕਤੀਗਤ ਚੇਤਨਾ ਅਤੇ ਜਤਨਾਂ ਨੂੰ ਉਨੀ ਹੀ ਮਹੱਤਾ ਦਿੱਤੀ ਹੈ।

***ਪਰਚੇ ਰਾਮੁ ਰਵੈ ਜਉ ਕੋਈ***

***ਪਾਰਸੁ ਪਰਸੈ ਦੁਬਿਧਾ ਨ ਹੋਈ।***

**(ਆਦਿ ਗ੍ਰੰਥ, ਪੰਨਾ 1167)**

ਭਗਤੀ ਸਾਧਨਾ ਲਈ ਜੀਵ ਨੂੰ ਕਠਿਨ ਘਾਲਣਾ ਘਾਲਣੀ ਪੈਂਦੀ ਹੈ। ਜਦੋਂ ਮਨੁੱਖੀ ਮਨ ਪ੍ਰਭੂ ਦੇ ਨਾਮ ਸਿਮਰਨ ਵਿਚ ਜੁੜ ਜਾਂਦਾ ਹੈ। ਉਸ ਦਾ ਪਰਮ ਪਾਰਸ ਭਾਵ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ, ਫਲਸਰੂਪ ਉਸ ਦੀ ਤੇਰ ਮੇਰ ਖਤਮ ਹੋ ਜਾਂਦੀ ਹੈ। ਪਰੰਤੂ ਕਈ ਵਾਰ ਪ੍ਰਭੂ ਦਾ ਨਾਮ ਪੜ੍ਹਨ, ਸੁਣਨ ਅਤੇ ਵਿਚਾਰਨ ਉਪਰੰਤ ਵੀ ਪ੍ਰਭੂ ਲਈ ਪਿਆਰ ਪੈਦਾ ਨਹੀਂ ਹੁੰਦਾ ਅਤੇ ਉਸ ਦਾ ਦੀਦਾਰ ਨਹੀਂ ਹੁੰਦਾ ਕਿਉਂਕਿ ਵਿਕਾਰ ਜੀਵ ਦੇ ਰਸਤੇ ਵਿਚ ਬਹੁਤ ਵੱਡੀ ਅੜਚਣ ਪੈਦਾ ਕਰਦੇ ਹਨ ਜਿਸ ਕਾਰਨ ਉਸਦੀ ਪਰਮਾਤਮਾ ਨਾਲ ਲਿਵ ਨਹੀਂ ਜੁੜਦੀ।

***ਪੜੀਐ ਗੁਨੀਐ ਨਾਮੁ ਸਭੁ ਸੁਨੀਐ***

***ਅਨਭਉ ਭਾਉ ਨ ਦਰਸੈ।***

***ਲੋਹਾ ਕੰਚਨੁ ਹਿਰਨ ਹੋਇ ਕੈਸੇ,***

***ਜਉ ਪਾਰਸਹਿ ਨ ਪਰਸੈ।***

**(ਆਦਿ ਗ੍ਰੰਥ, ਪੰਨਾ 973)**

ਰਵਿਦਾਸ ਜੀ ਦੇ ਮਤ ਅਨੁਸਾਰ ਪਰਮਾਤਮਾ ਦੀ ਭਗਤੀ ਦਾ ਆਧਾਰ ਪ੍ਰੇਮ ਹੈ ਅਤੇ ਪ੍ਰੇਮ ਦੀ ਪ੍ਰਾਪਤੀ ਸਾਧ ਸੰਗਤ ਵਿਚੋਂ ਸੰਭਵ ਹੈ। ਜਦੋਂ ਤੱਕ ਸਤਿਸੰਗ ਨਹੀਂ ਕੀਤਾ ਜਾਂਦਾ ਉਸ ਵੇਲੇ ਤੱਕ ਭਗਤੀ ਦੀ ਪ੍ਰੇਰਣਾ ਨਹੀਂ ਮਿਲ ਸਕਦੀ।

***ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ,***

***ਭਾਵ ਬਿਨੁ ਭਗਤੀ ਨਹੀਂ ਹੋਇ ਤੇਰੀ।***

**(ਆਦਿ ਗ੍ਰੰਥ, ਪੰਨਾ 694)**

ਜਦੋਂ ਤੱਕ ਜੀਵ, ਪ੍ਰਭੂ-ਭਗਤੀ ਤੋਂ ਹੀਣਾ ਹੈ, ਉਦੋਂ ਤੱਕ ਉਸ ਦੀ ਹਾਲਤ ਪੇਕੇ ਤੇ ਸਹੁਰੇ, ਦੋਵਾਂ ਥਾਵਾਂ ਤੋਂ ਦੁੱਤਕਾਰੀ ਜਾਣ ਵਾਲੀ ਦੁਹਾਗਨਿ ਵਰਗੀ ਹੁੰਦੀ ਹੈ। ਗੁਰੂ ਰਵਿਦਾਸ ਨੇ ਭਗਤੀ ਨੂੰ ਏਨਾ ਦ੍ਰਿੜ ਕਰ ਲਿਆ ਕਿ ਉਨ੍ਹਾਂ ਦੇ ਸਭ ਸ਼ੰਸ਼ੇ ਬਿਨਸ ਗਏ। ਇਸ ਭਗਤੀ ਨੇ ਉਨ੍ਹਾਂ ਦੇ ਸਭ ਵਿਕਾਰ, ਤ੍ਰਿਸ਼ਨਾਵਾਂ ਅਤੇ ਨੀਵੀਂ ਕਲਾ ਮੇਟ ਦਿੱਤੀ।

**5.4.10 ਰਵਿਦਾਸ ਦੀ ਭਗਤੀ ਪੱਧਤੀ ਵਿਚ ਜੀਵ ਦੀ ਅਡੋਲਤਾ** : ਰਵਿਦਾਸ ਦੀ ਭਗਤੀ ਪੱਧਤੀ ਜੀਵ ਨੂੰ ਆਤਮਵਿਸ਼ਵਾਸੀ ਬਣਾਉਂਦੀ ਹੈ। ਇਸ ਅਨੁਸਾਰ ਸੰਸਾਰ ਵਿਚ ਵਿਚਰਣ ਵਾਲਾ ਵਿਅਕਤੀ ਧਨ

ਦੌਲਤ, ਮੁਸੀਬਤ ਅਤੇ ਮੋਹ-ਮਾਇਆ ਤੋਂ ਨਿਰਲੇਪ ਹੋ ਕੇ ਅਡੋਲ ਅਵਸਥਾ ਵਿਚ ਪੁੱਜ ਜਾਂਦਾ ਹੈ। ਤ੍ਰਿਸ਼ਨਾ ਮੁਕਤ ਹੋ ਕੇ ਉਹ ਪੂਰੇ ਆਤਮਵਿਸ਼ਵਾਸ ਨਾਲ ਪਰਮਾਤਮਾ ਨੂੰ ਆਪਣੀ ਪ੍ਰੇਮ ਰੱਸੀ ਨਾਲ ਬੰਨ੍ਹ ਲੈਣ ਦਾ ਦਾਅਵਾ ਕਰਦਾ ਹੈ।

*ਕਹੁ ਰਵਿਦਾਸ ਅਬ ਤ੍ਰਿਸ਼ਨਾ ਚੂਕੀ,*

*ਜਪ ਮੁਕੰਦ ਸੇਵਾ ਤਾਹੂ ਕੀ।*

**(ਆਦਿ ਗ੍ਰੰਥ, ਪੰਨਾ 875)**

ਭਗਤੀ ਬਲ ਤੋਂ ਉਤਪੰਨ ਹੋਏ ਆਤਮਵਿਸ਼ਵਾਸ ਨਾਲ ਹੀ ਇਹ ਕਿਹਾ ਜਾ ਸਕਦਾ ਹੈ-

*ਕਹਿ ਰਵਿਦਾਸ ਸਭੈ ਜਗੁ ਲੁਟਿਆ,*

*ਹਮ ਤਉ ਏਕ ਰਾਮ ਕਹਿ ਛੂਟਿਆ।*

**(ਆਦਿ ਗ੍ਰੰਥ, ਪੰਨਾ 794)**

ਗੁਰੂ ਰਵਿਦਾਸ ਅਨੁਸਾਰ ਸੰਸਾਰ ਦੇ ਬਾਕੀ ਜੀਵਾਂ ਨੂੰ ਆਪਣੇ ਮਨ ਦੇ ਪਿੱਛੇ ਲੱਗ ਕੇ ਖੁਆਰ ਹੋਣਾ ਪੈਂਦਾ ਹੈ। ਪਰੰਤੂ ਮਨਮਤ ਤਿਆਗ ਕੇ ਗੁਰਮਤ ਅਪਣਾ ਲੈਣ ਵਾਲਾ ਜੀਵ ਉਸ ਪਰਮਾਤਮਾ ਵਾਂਗ ਹੀ ਨਿਡਰ ਹੋ ਜਾਂਦਾ ਹੈ।

ਮਨ ਦੀ ਜਿੱਤ ਉਪਰੰਤ ਉਸ ਨੂੰ ਪੂਰਨ ਅਡੋਲਤਾ ਅਤੇ ਨਿਡਰਤਾ ਹਾਸਲ ਹੋ ਜਾਂਦੀ ਹੈ।

5.4.11 **ਰਵਿਦਾਸ ਭਗਤੀ ਪੱਧਤੀ ਤੇ ਤਨ ਮਨ ਦੀ ਸੰਪੂਰਨ ਏਕਤਾ:** ਭਗਤੀ ਗੁਰੂ ਰਵਿਦਾਸ ਲਈ ਨਿਰੋਲ ਉਪਾਸਨਾ ਦੀ ਕ੍ਰਿਆ ਨਹੀਂ ਸਗੋਂ ਇਹ ਤਨ ਮਨ ਦੀ ਸੰਪੂਰਨ ਏਕਤਾ ਅਤੇ ਜੀਵਨ ਦਾ ਸ਼ੁੱਧ ਮਨੋਰਥ ਹੈ। ਉਹ ਪਰਮਾਤਮਾ ਭਗਤੀ ਲਈ ਤਨ-ਮਨ ਦੀ ਭੇਟ ਦੀ ਗੱਲ ਕਰਦੇ ਹਨ ਤਾਂ ਹੀ ਪਰਮਾਤਮਾ ਦੀ ਥਾਹ ਪਾਈ ਜਾ ਸਕਦੀ ਹੈ। ਇਸੇ ਲਈ ਉਨ੍ਹਾਂ ਦੀ ਭਗਤੀ ਨਿਰੋਲ ਉਪਾਸਨਾ ਨਹੀਂ ਕਹੀ ਜਾ ਸਕਦੀ। ਵਿਸ਼ੈ-ਵਿਕਾਰਾਂ ਵਿਚ ਖਚਿਤ ਮਨ ਨੂੰ ਆਤਮਿਕ ਜੀਵਨ ਦੀ ਸੋਝੀ ਨਹੀਂ ਹੁੰਦੀ ਤੇ ਇਸ ਸੋਝੀ ਤੋਂ ਬਿਨਾਂ ਪਰਮਾਤਮਾ ਦੀ ਭਗਤੀ ਦੀ ਕੋਈ ਸੰਭਾਵਨਾ ਨਹੀਂ।

*ਕੂਪੁ ਭਰਿਉ ਜੈਸੇ ਦਾਦਿਰਾ,*

*ਕਛੁ ਦੇਸੁ ਬਿਦੇਸੁ ਨ ਬੂਝ॥*

*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ,*

*ਕਛੁ ਆਰਾ ਪਾਰੁ ਨ ਸੂਝ॥*

**(ਆਦਿ ਗ੍ਰੰਥ, ਪੰਨਾ 346)**

ਸਤਿਗੁਰੂ ਦੀ ਮਿਹਰ ਤੇ ਪੂਰਬਲੇ ਜਨਮ ਦੇ ਫਲ ਕਾਰਨ, ਮਨ ਵਿਚ ਪ੍ਰਭੂ ਨੂੰ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ ਅਤੇ ਜੀਵ ਭਗਤੀ ਰਾਹੀਂ ਉਸ ਨੂੰ ਅੰਤਰ-ਆਤਮਾ ਵਿਚ ਮਿਲ ਜਾਂਦਾ ਹੈ।

ਸੰਸਾਰ ਦੇ ਜੀਵ ਮਨ, ਬਚਨ ਅਤੇ ਕਰਮਾਂ ਕਰਕੇ ਦੁਨੀਆਂ ਦੇ ਚਸਕਿਆਂ ਵਿਚ ਖੁੱਭੇ ਪਏ ਹਨ ਅਤੇ

ਇਕਾਗਰ ਚਿੱਤ ਹੋ ਕੇ ਕਦੇ ਪਰਮਾਤਮਾ ਦੀ ਭਗਤੀ ਨਹੀਂ ਕਰਦੇ ਪਰੰਤੂ ਮਨ ਦੀ ਇਕਾਗਰਤਾ ਤੋਂ ਬਿਨਾਂ ਪ੍ਰਭੂ ਦੇ ਚਰਨਾਂ ਵਿਚ ਟਿਕਾਣਾ ਨਹੀਂ ਮਿਲਦਾ। ਪਰ ਇਸ ਸ਼ਰੀਰ ਨੂੰ ਵੀ ਉਪਾਸਨਾ ਵਿਧੀ ਵਿਚ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸ਼ਰੀਰ ਹੈ ਤਾਂ ਹੀ ਪ੍ਰਭੂ ਦੀ ਭਗਤੀ ਕੀਤੀ ਜਾ ਸਕਦੀ ਹੈ ਪਰ ਇਸ ਤਨ ਦੀ ਬਾਹਰੀ ਸ਼ੁਧੀ ਵਿਅਰਥ ਹੈ। ਜੇਕਰ ਤੀਰਥਾਂ ਤੇ ਨਹਾਉਣ ਨਾਲ ਤਨ ਪਵਿੱਤਰ ਹੋ ਜਾਵੇ ਤਾਂ ਮੱਛੀ, ਡੱਡੂ ਤੇ ਹੋਰ ਜੀਵ ਜੰਤੂ ਜੋ ਹਮੇਸ਼ਾ ਪਾਣੀ ਹੇਠ ਰਹਿੰਦੇ ਹਨ, ਅਵੱਸ਼ ਹੀ ਜੀਵਨ ਮੁਕਤ ਹੋ ਜਾਣ।

ਇਸ ਲਈ ਗੁਰੂ ਰਵਿਦਾਸ, ਜੀਵ ਨੂੰ ਸਿੱਖਿਆ ਦਿੰਦੇ ਹਨ ਕਿ ਉਹ ਮਨ ਨੂੰ ਮਾਇਆ ਦਾ ਹੱਥ ਠੋਕਾ ਨਾ ਬਣਾਵੇ ਅਤੇ ਮਨ ਦੇ ਸੁਭਾਅ ਮਗਰ ਨਾ ਚੱਲੇ ਕਿਉਂਕਿ ਮਨ ਦੀ ਮਤ ਅਪਨਾਉਣ ਵਾਲੇ ਜੀਵ ਨੂੰ ਬਾਰ ਬਾਰ ਜਮਾਂ ਦੀ ਖੁਆਰੀ ਸਹਿਣੀ ਪੈਂਦੀ ਹੈ। ਇਕ ਮਨ ਇਕ ਚਿੱਤ ਹੋ ਕੇ ਪਰਮ ਤੱਤ ਨਾਲ ਧਿਆਨ ਜੋੜ ਲੈਣ ਵਾਲਾ ਜੀਵ ਇਸ ਸੰਸਾਰ ਵਿਚ ਬਹਾਦਰਾਂ ਵਾਂਗ ਵਿਚਰਦਾ ਹੈ ਅਤੇ ਦੇਹ ਬੰਧਨ ਤੋਂ ਪਿੱਛੋਂ ਪਰਮ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਪ੍ਰਕਾਰ ਭਗਤੀ ਉਨ੍ਹਾਂ ਲਈ ਮਨ ਦੀ ਪੂਰਨ ਟਿਕਾਉ ਅਤੇ ਸਹਿਜ ਅਵਸਥਾ ਹੈ ਜਿਹੜੀ ਆਤਮਕ ਅਡੋਲਤਾ ਨੂੰ ਜਨਮ ਦਿੰਦੀ ਹੈ ਅਤੇ ਜਿਸ ਨਾਲ ਮਨੁੱਖ ਦਾ ਅੰਦਰ ਬਾਹਰ ਰੁਸ਼ਨਾਇਆ ਜਾਂਦਾ ਹੈ।

5.4.12 **ਰਵਿਦਾਸ ਦੀ ਭਗਤੀ ਪੱਧਤੀ ਤੇ ਮਨੁੱਖਤਾ ਦਾ ਕਲਿਆਣ**: ਗੁਰੂ ਰਵਿਦਾਸ ਦੀ ਬਾਣੀ ਨਾ ਕੇਵਲ ਜੀਵਨ-ਮੁਕਤੀ ਦਾ ਮਾਰਗ ਹੀ ਸਾਕਾਰ ਕਰਦੀ ਹੈ ਸਗੋਂ ਇਸ ਵਿਚ ਅਭਿਵਿਅਕਤ ਉਨ੍ਹਾਂ ਦੀ ਭਗਤੀ ਸਾਧਨਾ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਹੈ। ਨੈਤਿਕ, ਸਮਾਜ ਅਤੇ ਧਾਰਮਕ ਕਦਰਾਂ-ਕੀਮਤਾਂ ਵਿਚ ਆਈ ਗਿਰਾਵਟ ਦਾ ਖੰਡਨ ਕਰਕੇ ਉਨ੍ਹਾਂ ਜਨਸਧਾਰਨ ਨੂੰ ਇਕ ਅਜਿਹਾ ਸਰਲ ਭਗਤੀ ਦਾ ਮਾਰਗ ਦਿਖਾਇਆ ਜਿਸ ਤੇ ਚਲਦਿਆਂ ਹਰ ਜੀਵ, ਭਾਵੇਂ ਉਹ ਬ੍ਰਾਹਮਣ ਹੋਵੇ ਜਾਂ ਵੈਸ਼, ਸ਼ੂਦਰ ਹੋਵੇ ਜਾਂ ਖੱਤਰੀ, ਡੂਮ ਹੋਵੇ ਜਾਂ ਚੰਡਾਲ, ਮਲੀਨ ਬੁੱਧੀ ਵਾਲਾ ਹੋਵੇ ਜਾਂ ਸੁਮਤ ਵਾਲਾ, ਰਾਜਾ ਹੋਵੇ ਜਾਂ ਰੰਕ, ਉਹ ਨਾ ਕੇਵਲ ਆਪ ਸਗੋਂ ਆਪਣੀ ਕੁਲਾਂ ਨੂੰ ਵੀ ਭਵਸਾਗਰ ਤੋਂ ਤਾਰ ਦਿੰਦਾ ਹੈ।

***ਬ੍ਰਹਮਨ ਵੈਸ਼ ਸੂਦ ਅਰੁ ਖਤ੍ਰੀ,***
***ਡੋਮ, ਚੰਡਾਰ ਮਲੇਛ ਮਨ ਸੋਇ।***
***ਹੋਇ ਪੁਨੀਤ ਭਗਵੰਤ ਭਜਨ ਤੇ***
***ਆਪੁ ਤਾਰਿ ਤਾਰੇ ਕੁਲ ਦੋਇ।***

**(ਆਦਿ ਗ੍ਰੰਥ, ਪੰਨਾ 858)**

ਪਰਮਾਤਮਾ ਦੀ ਭਗਤੀ ਕਿਸੇ ਦਾ ਜੱਦੀ ਅਧਿਕਾਰ ਨਹੀਂ ਸਗੋਂ ਜਿਹੜਾ ਵਿਅਕਤੀ ਆਪਾ ਸਮਰਪਿਤ ਕਰਕੇ ਉਸ ਨੂੰ ਤਨੋਂ, ਮਨੋਂ ਪ੍ਰੇਮ ਕਰਦਾ ਹੈ ਉਹ ਉਸ ਨੂੰ ਪਾ ਲੈਂਦਾ ਹੈ। ਵੱਡੇ ਵੱਡੇ ਯੋਗੀ ਕਹਿੰਦੇ ਕਹਾਉਂਦੇ ਪੰਡਿਤ, ਗੁਣੀ-ਗਿਆਨੀ, ਸੂਰਬੀਰ, ਬਹਾਦਰ, ਦਾਤੇ, ਕਵੀ, ਕੁਲੀਨ, ਸਨਿਆਸੀ ਅਤੇ ਛਤ੍ਰਪਤੀ ਰਾਜੇ ਉਸ ਦੇ ਰਹੱਸ ਤੋਂ ਸਗੋਂ ਅਗਿਆਤ ਰਹਿ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਆਪੋ ਆਪਣੇ ਖੇਤਰ ਵਿਚਲੀ ਪ੍ਰਾਪਤੀ ਇਨ੍ਹਾਂ ਦੀ ਹਉਮੈਂ ਨੂੰ ਹੋਰ ਪ੍ਰਬਲ ਕਰ ਦਿੰਦੀ ਹੈ। ਪ੍ਰਭੂ-ਭਗਤ ਉਪਰੋਕਤ ਹਰ ਪ੍ਰਕਾਰ ਦੇ ਵਿਅਕਤੀ ਤੋਂ ਮਹਾਨ ਹੈ ਕਿਉਂਕਿ ਉਹ ਇਸ ਹਉਮੈਂ ਨੂੰ ਨਿਯੰਤ੍ਰਿਤ ਕਰ ਚੁੱਕਾ ਹੁੰਦਾ ਹੈ।

ਗੁਰੂ ਰਵਿਦਾਸ ਦੀ ਭਗਤੀ-ਸਾਧਨਾ ਨਾ ਕੇਵਲ ਉਨ੍ਹਾਂ ਦੇ ਸਮਕਾਲੀ ਪਰੋਹਿਤਾਂ ਨੂੰ ਉਨ੍ਹਾਂ ਦੇ ਚਰਨੀਂ

ਡਿੱਗਣ ਲਈ ਮਜ਼ਬੂਰ ਕਰਦੀ ਹੈ ਸਗੋਂ ਇਸ ਸਾਧਨਾ ਨੂੰ ਅਪਨਾਉਣ ਵਾਲੇ ਹੋਰ ਅਨੇਕ ਨੀਵ-ਕਰਮੀ ਵੀ ਮੁਕਤ ਹੋਣ ਦੇ ਸਮਰੱਥ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਦੇ ਮਤ ਅਨੁਸਾਰ ਭਗਤੀ ਸਾਧਨਾ ਦਾ ਅਧਿਕਾਰ ਹਰ ਵਿਅਕਤੀ ਨੂੰ ਹਾਸਲ ਹੈ ਪਰੰਤੂ ਇਸ ਸਾਧਨਾ ਲਈ ਪਹਿਲਾਂ ਆਪਾ ਸਾਧਨ ਦੀ ਆਵਸ਼ਕਤਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਨੇ ਮੌਖਿਕ ਜਾਂ ਸ਼ਾਸ਼ਤਰੀ ਗਿਆਨ ਦੇ ਸਹਾਰੇ ਜਾਂ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ ਤੇ ਆਪਣੀ ਭਗਤੀ ਪੱਧਤੀ ਦਾ ਨਿਰਮਾਣ ਨਹੀਂ ਕੀਤਾ ਜਾ ਸਗੋਂ ਇਸ ਪੱਧਤੀ ਲਈ ਜਿਹੜੀਆਂ ਅਵਸਥਾਵਾਂ ਵਿਚੋਂ ਉਨ੍ਹਾਂ ਨੂੰ ਆਪ ਲੰਘਣਾ ਪਿਆ, ਕੇਵਲ ਉਨ੍ਹਾਂ ਦਾ ਹੀ ਉਨ੍ਹਾਂ ਨੇ ਨਿਰੂਪਣ ਕੀਤਾ। ਇਹੀ ਉਨ੍ਹਾਂ ਦੀ ਭਗਤੀ ਪੱਧਤੀ ਦੀ ਵਿਲੱਖਣਤਾਵਾਂ ਦੇ ਰੂਪ ਵਿਚ ਸਾਕਾਰ ਹਨ।

## 5.5 ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੀ ਨਿਰਗੁਣਵਾਦੀ ਭਗਤੀ ਨਾਲ ਸਾਂਝ

ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੀ ਨਿਰਗੁਣ ਭਗਤੀ ਨਾਲ ਬੜੀ ਡੂੰਘੀ ਸਾਂਝ ਹੀ ਹੈ। ਬੇਸ਼ਕ ਗੁਰੂ ਰਵਿਦਾਸ ਇੱਕ ਸ਼ੂਦਰ ਹੋਣ ਕਾਰਣ ਨਾ ਤਾਂ ਕਿਸੇ ਭਗਤੀ ਦੇ ਆਚਾਰੀਯ ਦੇ ਸਾਨਿਧਯ ਵਿਚ ਰਹੇ ਤੇ ਨਾ ਹੀ ਉਨ੍ਹਾਂ ਨੇ ਵੱਖਰੇ-ਵੱਖਰੇ ਵੇਦਾਂ, ਉਪਨਿਸ਼ਦਾਂ, ਸਮ੍ਰਿਤੀਆਂ ਦਾ ਅਧਿਐਨ ਕੀਤਾ ਪਰੰਤੂ ਫਿਰ ਵੀ ਆਪਣੀ ਨਿਵੇਕਲੀ ਸੋਚ ਅਤੇ ਨਿਜੀ ਅਨੁਭਵ ਵਿਹਾਰਕ ਰੂਪ ਵਿਚ ਆਧਾਰ ਤੇ ਉਨ੍ਹਾਂ ਨੇ ਆਪਣੀ ਵੱਖਰੀ ਭਗਤੀ ਪਧੱਤੀ ਨੂੰ ਜਨਮ ਦਿੱਤਾ ਜੋ ਵਿਚਾਰਾਤਮਕ ਰੂਪ ਵਿਚ ਨਿਰਗੁਣ ਭਗਤੀ ਦੇ ਗਿਆਨ ਮਾਰਗੀ ਤੇ ਪ੍ਰੇਮ ਮਾਰਗੀ ਦੋਹਾਂ ਮਾਰਗਾਂ ਦਾ ਸੰਯੁਕਤ ਰੂਪ ਸੀ। ਇਸੇ ਕਾਰਨ ਉਨ੍ਹਾਂ ਦੀ ਭਾਉ ਭਗਤੀ ਸਿਧਾਂਤਕ ਪੱਖ ਤੋਂ ਨਿਰਗੁਣ ਭਗਤੀਧਾਰਾ ਨਾਲ ਕਈ ਪੱਖਾਂ ਤੋਂ ਸਾਂਝ ਰੱਖਦੀ ਹੈ। ਇਨ੍ਹਾਂ ਸਿਧਾਂਤਕ ਪੱਖਾਂ ਦਾ ਵੇਰਵਾ ਇਸ ਪ੍ਰਕਾਰ ਹੈ।

5.5.1. ਬ੍ਰਹਮ

5.5.2. ਜੀਵ

5.5.3. ਜਗਤ

5.5.4. ਆਤਮਾ

5.5.5. ਮਾਇਆ

5.5.6. ਮੁਕਤੀ

5.5.7. ਸੰਤ ਮਹਿਮਾ

5.5.8. ਨਾਮ ਸਾਧਨਾ

5.5.9. ਕਰਮ ਸਿਧਾਂਤ

5.5.10. ਪੰਚ ਵਿਕਾਰ

ਇਨ੍ਹਾਂ ਵਿਸ਼ਿਆਂ ਦਾ ਸੰਖੇਪ ਵਿਚ ਵਰਨਣ ਇਸ ਪ੍ਰਕਾਰ ਹੈ।

5.5.1. **ਬ੍ਰਹਮ**:– 'ਬ੍ਰਹਮ' ਸ਼ਬਦ ਉਪਨਿਸ਼ਦਾਂ ਵਿਚ ਪਰਮ ਸੱਚ ਲਈ ਵਰਤਿਆ ਗਿਆ ਹੈ। 'ਬ੍ਰਹਮ' ਸ਼ਬਦ 'ਬ੍ਰਹ' ਧਾਤੂ ਤੋਂ ਬਣਿਆ ਹੈ। ਇਸਦਾ ਅਰਥ ਹੈ ਵੱਧਣਾ, ਫੈਲਣਾ, ਵਿਆਪਕ ਹੋਣਾ ਤੇ ਬਾਹਰ ਨੂੰ ਫੱਟਣਾ। ਰਿਗਵੇਦ ਵਿਚ 'ਬ੍ਰਹਮ' ਸ਼ਬਦ ਪਵਿਤਰ ਗਿਆਨੀ ਜਾਂ ਬਾਣੀ ਮੰਤਰ ਜਾਂ ਫਿਰ ਆਤਮਕ ਗਿਆਨ ਦੀ ਠੋਸ ਅਭਿਵਿਅਕਤੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਉਪਨਿਸ਼ਦਾਂ ਵਿਚ ਵੀ 'ਬ੍ਰਹਮ' ਦਾ ਜ਼ਿਕਰ ਆਇਆ ਹੇ ਅਤੇ ਬ੍ਰਹਮ ਦੇ ਤਿੰਨ ਰੂਪਾਂ ਦਾ ਮੁੱਖ ਤੌਰ ਤੇ ਵਰਨਣ ਹੋਇਆ ਹੈ, ਨਿਰਗੁਣ, ਸਗੁਣ ਅਤੇ ਸਰਗੁਣ-ਨਿਰਗੁਣ ਉਭੈ ਵਿਧੀ।

ਪਰੰਤੂ ਭਾਰਤੀ ਚਿੰਤਨ ਪਰੰਪਰਾ ਵਿੱਚ ਵੀ ਮੁੱਖ ਤੌਰ ਤੇ ਬ੍ਰਹਮ ਦੇ ਦੋ ਰੂਪ ਹੀ ਮਿਲਦੇ ਹਨ।

(ੳ). ਵਿਅਕਤ

(ਅ). ਅਵਿਅਕਤ

(ੳ) **ਗੁਰੂ ਰਵਿਦਾਸ ਬਾਣੀ ਵਿਚ ਬ੍ਰਹਮ ਦਾ ਵਿਅਕਤ ਰੂਪ** : ਰਵਿਦਾਸ ਜੀ ਨੇ ਮੁੱਖ ਤੌਰ ਤੇ ਬ੍ਰਹਮ ਦੇ ਅਵਿਅਕਤ ਰੂਪ ਦਾ ਹੀ ਨਿਰੂਪਣ ਕੀਤਾ ਹੈ। ਪਰ ਬ੍ਰਹਮ ਦੇ ਵਿਅਕਤ ਰੂਪ ਦਾ ਵਰਨਣ ਵੀ ਕਿਤੇ- ਕਿਤੇ ਮਿਲ ਜਾਂਦਾ ਹੈ। ਗੁਰੂ ਨੇ ਜਿਸ ਪਤਿਤ- ਪਾਵਨ ਅਤੇ ਪਿਆਰੇ ਬ੍ਰਹਮ ਦਾ ਅਨੁਭਵ ਕੀਤਾ ਹੈ , ਉਸ ਦੇ ਗੁਣਾਂ ਦਾ ਵਰਨਣ ਤਾਂ ਵੱਡੇ- ਵੱਡੇ ਸਿੱਧ ਅਤੇ ਯੋਗੀ ਵੀ ਨਹੀਂ ਕਰ ਸਕੇ। ਵੱਡੇ-ਵੱਡੇ ਗਿਆਨੀ ਵੀ ਉਸ ਦੀ ਕਥਾ ਨਹੀਂ ਕਹਿ ਸਕੇ। ਕਿਉਂਕਿ ਉਹ ਇੰਦਰੀਆਂ ਤੋਂ ਪਰੇ ਹੈ। ਉਹ ਨਾ ਕੇਵਲ ਸਪੂੰਰਨ ਜਗਤ ਦਾ ਰਚਨਹਾਰ ਹੈ, ਸਗੋਂ ਉਹ ਨਿਰੰਜਨ ਅਤੇ ਜਗਤ ਦਾ ਸੁਆਮੀ ਵੀ ਹੈ। ਸੱਚ ਤਾਂ ਇਹ ਹੈ ਕਿ ਸਪੂੰਰਨ ਜਗਤ ਦਾ ਪਾਲਨਹਾਰ ਅਤੇ ਪੈਦਾ ਕਰਨ ਵਾਲਾ ਕਾਰਨ ਸਵਰੂਪ ਵੀ ਉਹ ਆਪ ਹੈ। ਉਸਨੇ ਆਪਣੇ ਆਪ ਨੂੰ ਹੀ ਸਪੂੰਰਨ ਜਗਤ ਵਿੱਚ ਪ੍ਰਸਾਰਿਤ ਕੀਤਾ ਹੈ।

**(ਅ) ਬ੍ਰਹਮ ਦਾ ਅਵਿਅਕਤ ਰੂਪ**– ਗੁਰੂ ਰਵਿਦਾਸ ਨਿਰਗੁਣ ਬ੍ਰਹਮ ਦੇ ਉਪਾਸਕ ਸਨ। ਪਰ ਉਹਨਾਂ ਨੇ ਗੁਰੂ ਭਗਤੀ ਭਾਵਨਾਂ ਵਿੱਚ ਲੀਨ ਹੋ ਕੇ ਬ੍ਰਹਮ ਵਿੱਚ ਕਈ ਗੁਣਾਂ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਨੇ ਪਰਮਾਤਮਾ ਦੇ ਮਨੁੱਖੀ ਗੁਣਾਂ ਅਤੇ ਦੈਵਿਕ ਗੁਣਾਂ ਦੋਹਾਂ ਪ੍ਰਕਾਰਾਂ ਦੇ ਗੁਣਾਂ ਦਾ ਗਾਨ ਕੀਤਾ ਹੈ। ਉਨ੍ਹਾਂ ਦਾ ਨਿਰਗੁਣ ਬ੍ਰਹਮ ਵਿਹਾਰਕ ਰੂਪ ਵਾਲਾ ਕਿਹਾ ਜਾ ਸਕਦਾ ਹੈ। ਇਸ ਨੂੰ ਸਰਗੁਣ ਵਾਦੀ ਭਗਤਾਂ ਦਾ ਭਗਵਾਨ ਨਹੀਂ ਕਿਹਾ ਜਾ ਸਕਦਾ , ਕਿਉਂਕਿ ਰਵਿਦਾਸ ਅਵਤਾਰਵਾਦ ਅਤੇ ਮੂਰਤੀ ਪੂਜਾ ਦੇ ਸਮਰਥਕ ਨਹੀਂ ਸਨ।

ਰਵਿਦਾਸ ਜੀ ਨੇ ਭਗਤ ਰੂਪ ਵਿਚ ਅਨੁਭਵ ਕੀਤਾ ਸੀ ਕਿ ਨਾ ਕੇਵਲ ਉਹ ਗਰੀਬਾਂ ਦਾ ਰੱਖਿਅਕ ਹੈ, ਸਗੋਂ ਉਹ ਹੀ ਮੁਕਤੀ ਦਾ ਦਾਤਾ ਹੈ । ਉਸਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਆਪਣੀ ਸ਼ਰਨ ਵਿਚ ਆਉਣ ਵਾਲੇ ਹਰ ਇੱਕ ਭਗਤ ਨੂੰ ਉਸਨੇ ਭਵ ਸਾਗਰ ਤੋਂ ਪਾਰ ਕਰ ਦਿੱਤਾ ਹੈ।

***ਭਗਤੀ ਜੁਗਤਿ ਮਤਿ ਸਤਿ ਕਰੀ,***

***ਭ੍ਰਮ ਬੰਧਨ ਕਾਟਿ ਬਿਕਾਰ।***

***ਸੋਈ ਬਸਿ ਰਸਿ ਮਨ ਮਿਲੇ,***

***ਗੁਨ ਨਿਰਗੁਨ ਏਕ ਬਿਚਾਰ॥***

(ਆਦਿ ਗ੍ਰੰਥ, ਪੰਨਾ 346)

ਉਸਦੇ ਨੇੜੇ ਜਾਤੀ , ਕਰਮ , ਧਰਮ , ਵਰਣ ਆਦਿ ਕਿਸੇ ਵੀ ਭੇਦ ਲਈ ਕੋਈ ਸਥਾਨ ਨਹੀਂ ਹੈ। ਇਹ ਉਸੇ ਦੀ ਕਿਰਪਾ ਦਾ ਫਲ ਹੈ ਕਿ ਅਜਾਮੱਲ ਅਤੇ ਪਿੰਗਲਾਂ ਵਰਗੇ ਪਾਪੀ ਵੀ ਭਵਸਾਗਰ ਤੋਂ ਮੁਕਤ ਹੋ ਗਏ। ਇਸ ਕਰਕੇ ਰਵਿਦਾਸ ਦੀ ਦਾ ਅੰਤਰ ਮਨ ਕਹਿੰਦਾ ਹੈ ਕਿ ਉਹ ਉਨ੍ਹਾਂ ਨੂੰ ਕਿਉਂ ਨਹੀਂ ਪਾਰ ਲਾਵੇਗਾ? ਇਸ ਵਿਸ਼ੇ ਵਿਚ ਰੈਦਾਸ ਨੇ ਨਾਮਦੇਵ , ਕਬੀਰ, ਤਰਲੋਚਨ, ਸਧਨਾ ਅਤੇ ਸੈਨ ਦੇ ਭਵਸਾਗਰ ਪਾਰ ਕਰਨ ਦੀ ਗੱਲ ਕਹੀ ਹੈ।

ਇਸੇ ਲਈ ਰਵਿਦਾਸ ਜਿਸ ਬ੍ਰਹਮ ਦਾ ਚਿਤਰਨ ਕੀਤਾ ਹੈ, ਉਹ ਨਿਰਗੁਣ, ਨਿਰਾਕਾਰ ਨਾ ਹੋ ਕੇ ਕਿਰਿਆਤਮਕ ਰੂਪ ਵਿੱਚ ਸਰਗੁਣ ਨਿਰਾਕਾਰ ਹੈ ਅਤੇ ਉਸਦਾ ਸਭ ਤੋਂ ਮਹੱਤਵਪੂਰਨ ਗੁਣ ਹੈ, ਸ਼ਰਨਾਗਤ ਨੂੰ ਰੱਖਿਆ ਪ੍ਰਦਾਨ ਕਰਨਾ । ਇਸੇ ਕਰਕੇ ਉਨ੍ਹਾਂ ਦੀ ਇਸ ਵਿਚਾਰਧਾਰਾ ਨੂੰ ਵੇਖ ਕੇ ਹੀ ਕੁਝ ਵਿਦਵਾਨਾਂ ਨੇ ਉਨ੍ਹਾਂ ਨੂੰ ਸਰਗੁਣ ਸਾਕਾਰ ਦਾ ਪੁਜਾਰੀ ਮੰਨਿਆ ਹੈ। ਰਵਿਦਾਸ ਜੀ ਦੇ ਆਰੰਭਿਕ ਪਦਾਂ ਵਿੱਚ ਅਜਿਹੇ ਭਾਵ ਵੇਖਣ ਨੂੰ ਮਿਲਦੇ ਵੀ ਹਨ। ਪਰ ਸ੍ਰੀਗੁਰੂ ਗ੍ਰੰਥ ਸਾਹਿਬ ਵਿੱਚ ਵਰਣਿਤ ਅਤੇ ਉਨ੍ਹਾਂ ਦੀ ਪਿਛਰੇਲੀ ਪ੍ਰਮਾਣਿਕ ਰਚਨਾ ਦੇ ਆਧਾਰ ਤੇ ਉਨ੍ਹਾਂ ਦੇ ਜਿਸ ਬ੍ਰਹਮ ਦੇ ਦਰਸ਼ਨ ਹੁੰਦੇ ਹਨ ਉਹ ਨਿਰਾਕਾਰ ਹੀ ਹੈ ਅਤੇ ਭਗਤ ਜਨ ਉਸ ਨੂੰ ਸਰਗੁਣ ਬਣਾ ਲੈਂਦੇ ਹਨ। ਇਸ ਵਿਸ਼ੇ ਵਿੱਚ ਰਵਿਦਾਸ ਦਾ ਪ੍ਰਮੁੱਖ ਸਵਰ ਇਹੋ ਹੀ ਹੈ ਕਿ ਬ੍ਰਹਮ ਸ਼ਰਨ ਵਿੱਚ ਆਏ ਬਿਨਾਂ ਜੀਵ ਲਈ ਹੋਰ ਕੋਈ ਮਾਰਗ ਨਹੀਂ ਹੈ ਅਤੇ ਇੱਕ ਮਾਤਰ ਉਹ ਹੀ ਸੱਚਾ ਸ਼ਰਨਦਾਤਾ ਹੈ।

**ਡਾ: ਪਦਮ ਗੁਰਚਰਨ ਸਿੰਘ ਅਨੁਸਾਰ** ਰਵਿਦਾਸ ਜੀ ਦੀ ਬਾਣੀ ਵਿੱਚ ਬ੍ਰਹਮ ਦੇ ਅਵਿਅਕਤ ਰੂਪ ਦਾ ਨਿਰੂਪਣ ਦੋ ਤਰ੍ਹਾਂ ਨਾਲ ਹੋਇਆ ਹੈ।[25]

(i). ਅਵਿਅਕਤ ਨਿਰਗੁਣ

(ii). ਅਵਿਅਕਤ ਸਗੁਣ

**ਅਵਿਅਕਤ ਨਿਰਗੁਣ ਬ੍ਰਹਮ**: ਚਾਰ ਰੂਪਾਂ ਵਿਚ ਵਿਅਕਤ ਹੁੰਦਾ ਹੈ:

੧. ਅਨਿਰਵਰਚਨੀਯਤੱਤ- ਰੂਪ ਬ੍ਰਹਮ

੨. ਸ਼ਬਦ ਰੂਪ ਬ੍ਰਹਮ

੩. ਸ਼ੂਨਯ ਰੂਪ ਬ੍ਰਹਮ

੪. ਨਿਰੰਜਨ ਰੂਪ ਬ੍ਰਹਮ

(੧) **ਅਨਿਰਵਰਚਨੀਯਤੱਤ ਤੱਤ- ਰੂਪ ਬ੍ਰਹਮ** ਤੋਂ ਭਾਵ ਹੈ ਕਿ ਬ੍ਰਹਮ ਦੇ ਸਰੂਪ ਦਾ ਵਰਨਣ ਬਾਣੀ ਵਿੱਚ ਨਹੀਂ ਕੀਤਾ ਜਾ ਸਕਦਾ। ਕਿਉਂਕਿ ਉਸ ਨੂੰ ਵਿਅਕਤ ਕਰਨ ਦੀ ਸਮਰੱਥਾ ਨਾ ਹੀ ਮਨੁੱਖ ਦੀ ਬੁੱਧੀ ਵਿਚ ਹੈ ਤੇ ਨਾ ਹੀ ਇੰਦਰੀਆਂ ਵਿਚ।

***ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।***

***ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।।***

**(ਆਦਿ ਗ੍ਰੰਥ, ਪੰਨਾ 858**)

ਉਸ ਪਰਮ ਪਿਤਾ ਨੂੰ ਕਿਸੇ ਉਪਮਾ ਵਿੱਚ ਬੰਨਿਆ ਨਹੀਂ ਜਾ ਸਕਦਾ । ਮਨੁੱਖ ਦੀ ਬਾਣੀ ਜੀਭਾ ਅਤੇ

ਗਿਆਨ ਦੀ ਏਨੀ ਸੀਮਾ ਨਹੀਂ। ਇੱਕ ਹੋਰ ਥਾਂ ਤੇ ਰਵਿਦਾਸ ਕਹਿੰਦੇ ਹਨ, ਪਰਮ ਤੱਤ ਨੂੰ ਵੇਖਿਆ ਨਹੀਂ ਜਾ ਸਕਦਾ । ਉਸਦਾ ਕੋਈ ਨਿਸ਼ਚਿਤ ਸਥਾਨ ਨਹੀਂ ਹੈ, ਪਰ ਉਹ ਸਭ ਥਾਂ ਤੇ ਵਿਰਾਜਮਾਨ ਹੈ। ਉਹ ਆਪਣੇ ਭਗਤਾਂ ਲਈ ਤਾਂ ਹੱਥਾਂ ਤੋਂ ਭੀ ਨੇੜੇ ਹੈ। ਅਤੇ ਉਸ ਨੂੰ ਕੇਵਲ ਉਸ ਦੀ ਕਿਰਪਾ ਨਾਲ ਅਨੁਭਵ ਕੀਤਾ ਜਾ ਸਕਦਾ ਹੈ।

*ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।*

*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।*

(**ਆਦਿ ਗ੍ਰੰਥ, ਪੰਨਾ** 657)

ਰਵਿਦਾਸ ਜੀ ਅਨੁਸਾਰ ਉਹ ਬ੍ਰਹਮ ਅਗਮ, ਅਗੋਚਰ , ਅਜਨਮਾ ਅਤੇ ਨਿਰਾਕਾਰ ਹੈ। ਉਸ ਦਾ ਅਵਿਅਕਤ ਬ੍ਰਹਮ ਵਿਚ ਇੰਨੇ ਗੁਣ ਹਨ ਕਿ ਵੱਡੇ- ਵੱਡੇ ਜੋਗੀ ਵੀ ਉਸ ਨੂੰ ਵਿਅਕਤ ਨਹੀਂ ਕਰ ਸਕਦੇ ।

*ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ।*

(**ਆਦਿ ਗ੍ਰੰਥ, ਪੰਨਾ** 346)

(੨) **ਸ਼ਬਦ ਰੂਪ ਬ੍ਰਹਮ**- ਕਠੋਪਨਿਸ਼ਦ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਅੱਖਰ ਹੀ ਬ੍ਰਹਮ ਹੈ। ਇਹੋ ਅੱਖਰ ਪਾਰਬ੍ਰਹਮ ਵੀ ਹੈ ਅਤੇ ਇਸ ਅੱਖਰ ਨੂੰ ਪਛਾਣ ਲੈਣ ਨਾਲ ਮਨਚਾਹੀ ਵਸਤੂ ਪ੍ਰਾਪਤ ਹੁੰਦੀ ਹੈ। ਯੋਗਸ਼ਾਸਤਰ ਵਿੱਚ ਇਸੇ ਅੱਖਰ ਨੂੰ ੴਕਾਰ ਦੇ ਰੂਪ ਵਿੱਚ ਈਸ਼ਵਰ ਦਾ ਵਾਚਕ ਵੀ ਮੰਨਿਆ ਗਿਆ ਹੈ। ਰਵਿਦਾਸ ਜੀ ਨੇ ਸ਼ਬਦ ਬ੍ਰਹਮ ਦੇ ਪ੍ਰਤੀ ਰੂਪ ੴਕਾਰ ਨੂੰ ਸਵੀਕਾਰ ਕਰ , ਉਸਦਾ ਹੀ ਤਿੰਨਾਂ ਲੋਕਾਂ ਵਿੱਚ ਵਾਸ ਦਸਿਆ ਹੈ।

*ਬਟਕ ਬੀਜ ਜੈਸਾ ਓਅੰਕਾਰ,*

*ਪਸਰਿਓ ਤੀਨ ਲੋਕ ਵਿਸਤਾਰ।* (**ਪਦ** 64 )

ਰਵਿਦਾਸ ਜੀ ਨੇ ਸ਼ਬਦ ਦੇ ਮਹੱਤਵ ਨੂੰ ਤਾਂ ਸਵੀਕਾਰ ਕੀਤਾ ਹੈ। ਪਰ ਅਨਹਦ ਨਾਦ ਦੇ ਦੁਆਰਾ ਪਰਮ ਤੱਤ ਵਿੱਚ ਧਿਆਨ ਕੇਂਦਰਿਤ ਕਰਨ ਦੀ ਗੱਲ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਸਪੱਸ਼ਟ ਕਿਹਾ ਹੈ ਕਿ ਨਾਦ ਬਿੰਦੂ ਦੀ ਸਾਧਨਾ ਦੇ ਨਾਲ ਭਗਵਾਨ ਭਗਤੀ ਪ੍ਰਾਪਤ ਨਹੀਂ ਹੁੰਦੀ ਹੈ।

(੩) **ਸੂਨਯ ਰੂਪ ਬ੍ਰਹਮ**- **ਗੁਰੂ ਗੋਰਖਨਾਥ ਜੀ** ਨੇ ਸ਼ੂਨਯ ਦੇ ਵਿਸ਼ੇ ਵਿੱਚ ਕਿਹਾ ਹੈ, " ਉਹ ਤੱਤ ਹੈ ਅਤੇ ਨਹੀਂ ਵੀ ਹੈ ਅਤੇ ਨਾਂਹ ਦੋਵੇ ਹੀ ਹਨ। ਉਹ ਮਨ, ਵਚਨ ਅਤੇ ਇੰਦੀਆਂ ਤੋ ਪਰੇ ਹੈ। ਉਸਦਾ ਦਾ ਕੋਈ ਨਾਮ ਨਹੀਂ ਰਖਿਆ ਜਾ ਸਕਦਾ। ਉਹ ਅਜਰ, ਅਮਰ ਅਤੇ ਅਵਿਨਾਸ਼ੀ ਹੈ। "[(26)] ਰਵਿਦਾਸ ਬਾਣੀ ਵਿੱਚ ਕਈ ਥਾਵਾਂ ਵਿੱਚ ਸ਼ੂਨਯ ਦਾ ਵਰਨਣ ਬ੍ਰਹਮ ਰੂਪ ਵਿੱਚ ਹੋਇਆ ਹੈ। ਉਨ੍ਹਾਂ ਦੁਆਰਾ ਪ੍ਰਯੋਗ ਕੀਤੇ ਗਏ ਸ਼ੂਨਯ ਵਿੱਚ ਜੀਵਨ ਮਰਨ ਦਾ ਨਿਸ਼ੇਧ ਮਿਲਦਾ ਹੈ।

*ਪਹਿਲੇ ਗਿਆਨ ਕਾ ਕਿਆ ਚਾਂਦਨਾ ਪਾਛੇ ਦਿਆ ਬੁਝਾਈ,*

*ਸੁੰਨ ਸਹਜ ਮੇਂ ਦੋਓ ਤਿਆਗੈ, ਰਾਮ ਨ ਕਹੁੰ ਸੁਖਦਾਈ।।*

(**ਪਦ, ਰਵਿਦਾਸ**)

ਇਹ ਪਰਮਾਤਮਾ ਸ਼ੂਨਯ ਹੋ ਕੇ ਵੀ ਸਾਡੇ ਅੰਦਰ- ਬਾਹਰ ਨਿਵਾਸ ਕਰਦਾ ਹੈ।

(8) **ਨਿਰੰਜਨ ਰੂਪ ਬ੍ਰਹਮ**– ਰਵਿਦਾਸ ਜੀ ਨੇ "ਨਿਰੰਜਨ" ਸ਼ਬਦ ਦਾ ਪ੍ਰਯੋਗ ਨਿਰਗੁਣ , ਨਿਰਾਕਾਰ, ਬ੍ਰਹਮ ਦੇ ਲਈ ਕੀਤਾ ਹੈ। ਇਹ ਨਿਰੰਜਨ ਰੂਪ ਅਨਿਰਵਰਚਨੀਯ ਹੈ। ਕਿਉਂਕਿ ਉਹ ਮੋਹ – ਮਾਇਆ ਤੋਂ ਮੁਕਤ ਹੈ।

(ii) **ਅਵਿਅਕਤ ਸਰਗੁਣ ਬ੍ਰਹਮ**– ਅਵਿਅਕਤ ਸਰਗੁਣ ਬ੍ਰਹਮ ਤੋਂ ਭਾਵ ਹੈ ਨਿਰਗੁਣ ਅਵਿਅਕਤ ਬ੍ਰਹਮ ਵਿੱਚ ਗੁਣਾਂ ਦਾ ਆਰੋਪ ਕਰਨਾ , ਪਰ ਇਹ ਗੁਣ ਬ੍ਰਹਮ ਦੇ ਸਰਗੁਣ ਰੂਪ ਵਾਲੇ ਨਹੀਂ ਹਨ। ਇਸ ਅਵਿਅਕਤ ਸਰਗੁਣ ਬ੍ਰਹਮ ਦੇ ਤਿੰਨ ਗੁਣ ਰਵਿਦਾਸ ਬਾਣੀ ਵਿੱਚ ਮਿਲਦੇ ਹਨ–

ਕ. ਬ੍ਰਹਮ ਦਾ ਇੱਕ ਹੀ ਰੂਪ

ਖ. ਸਤਿਨਾਮ

ਗ. ਜੋਤੀ ਸਰੂਪ।

ਗੁਰੂ ਰਵਿਦਾਸ ਬਾਣੀ ਵਿਚਲੇ ਬ੍ਰਹਮ ਦੇ ਕੁਝ ਨਿਵੇਕਲੇ ਗੁਣ ਦ੍ਰਿਸ਼ਟੀਗੋਚਰ ਹੁੰਦੇ ਹਨ।

ਗੁਰੂ ਰਵਿਦਾਸ ਵੱਲੋਂ ਨਿਰੂਪਤ ਬ੍ਰਹਮ ਸਰਬਵਿਆਪਕ ਹੈ। ਉਹ ਜਿਧਰ ਵੀ ਜਾਂਦੇ ਹਨ ਉਨ੍ਹਾਂ ਨੂੰ ਉਸੇ ਬ੍ਰਹਮ ਦਾ ਹੀ ਦੀਦਾਰ ਹੁੰਦਾ ਹੈ। ਜਿਵੇਂ ਹਿਰਨ ਨੂੰ ਆਪਣੇ ਅੰਦਰ ਲੁਕੀ ਹੋਈ ਕਸਤੂਰੀ ਦੀ ਸੋਝੀ ਨਹੀਂ ਹੁੰਦੀ ਅਤੇ ਇਸਦੀ ਸੁਗੰਧੀ ਦਾ ਦੀਵਾਨਾ ਹੋਇਆ ਦੇਸ ਪਰਦੇਸ ਵਿਚ ਟੱਕਰਾਂ ਮਾਰਦਾ ਫਿਰਦਾ ਹੈ, ਤਿਵੇਂ ਹੀ ਜੀਵ ਇਸ ਗੱਲ ਤੋਂ ਅਣਜਾਣ ਹੈ ਕਿ ਸੁੱਖਾਂ ਦਾ ਸਮੁੰਦਰ ਉਸ ਦੇ ਅੰਦਰ ਵਿਆਪਕ ਹੈ। ਇਸ ਨੂੰ ਢੂੰਡਣ ਲਈ ਉਹ ਜੰਗਲ ਬੇਲੇ ਘੁੰਮਦਾ ਹੈ ਪਰੰਤੂ ਜਿਸਨੇ ਆਪਣੇ ਸ਼ਰੀਰ ਵਿਚ ਬੈਠਕੇ ਵਿਚਾਰ ਕੀਤਾ ਉਸ ਨੂੰ ਬ੍ਰਹਮ ਸ਼ਰੀਰ ਅੰਦਰ ਹੀ ਮਿਲ ਗਿਆ ਅਤੇ ਉਸ ਨੂੰ ਜਮਾਂ ਦੀ ਖੁਆਰੀ ਦਾ ਸਾਹਮਣਾ ਨਹੀਂ ਕਰਨਾ ਪਿਆ।

***ਜੈਸੇ ਕੁਰੰਕ ਨਹੀਂ ਪਾਇਓ ਭੇਦੁ।***

***ਤਨਿ ਸੁਗੰਧ ਢੂਢੈ ਪ੍ਰਦੇਸ।***

***ਅਪ ਤਨ ਕਾ ਜੋ ਕਰੈ ਬੀਚਾਰੁ।***

***ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ।***

**(ਆਦਿ ਗ੍ਰੰਥ, ਪੰਨਾ 1196)**

ਜਿਨ੍ਹਾਂ ਵਿਅਕਤੀਆ ਨੇ ਨਾਮ ਸਿਮਰ ਕੇ ਉਸ ਬ੍ਰਹਮ ਦੀ ਓਟ ਲੈ ਲਈ ਹੈ ਉਨ੍ਹਾਂ ਲਈ ਉਹ ਅਨੇਕ ਰੂਪਾਂ ਵਿਚ ਘਟ ਘਟ ਵਿਚ ਸਮਾਇਆ ਹੋਇਆ ਹੈ। ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਹਰ ਕਿਣਕੇ ਵਿਚ ਉਸ ਦੀ ਹੋਂਦ ਨੂੰ ਅਨੁਭਵ ਕਰਦੇ ਹਨ ਅਤੇ ਇੰਞ ਉਨ੍ਹਾਂ ਦੀ ਰਚਨਾ ਵਿਚ ਬ੍ਰਹਮ ਦਾ ਸਰਬ-ਵਿਆਪਕ ਰੂਪ ਮੂਰਤੀਮਾਨ ਹੋਇਆ ਹੈ।

ਰਵਿਦਾਸ ਬਾਣੀ ਦਾ ਬ੍ਰਹਮ ਸਰਬਸ਼ਕਤੀਮਾਨ ਵੀ ਹੈ। ਉਹ ਸੁੱਖਾਂ ਦਾ ਸਾਗਰ ਹੈ। ਸੁਰਗ ਦੇ ਪੰਜੇ ਰੁੱਖ, ਚਿੰਤਾਮਣਿ ਅਤੇ ਕਾਮਧੇਨੁ ਉਸਦੇ ਵੱਸ ਵਿਚ ਹਨ। ਧਰਮ, ਅਰਥ, ਕਾਮ ਅਤੇ ਮੋਕਸ਼ ਆਦਿ ਚਾਰ ਪਦਾਰਥ, ਹਿੰਦੂ ਮਿਥਿਹਾਸ ਵਿਚ ਪ੍ਰਵਾਨਿਤ ਅਠਾਰਾਂ ਸਿੱਧੀਆਂ ਅਤੇ ਨੌਂ ਨਿਧੀਆਂ ਉਸਦੇ ਹੱਥ ਦੀਆਂ ਤਲੀਆਂ ਤੇ ਸ਼ੁਸ਼ੋਭਿਤ ਹਨ। ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਨ ਅਤੇ ਬਾਲਮਿਕੀ ਨੂੰ ਉਚਿਆਣ ਵਾਲਾ ਗਰੀਬ ਨਿਵਾਜ਼, ਉਨ੍ਹਾਂ ਦੇ ਮੱਥੇ ਤੇ ਛਤਰ ਝੁਲਾਉਣ ਵਾਲਾ ਪ੍ਰਭੂ 'ਸਗਲ ਭਵਨ ਕਾ ਨਾਇਕ ਹੈ।' ਗੁਰੂ ਰਵਿਦਾਸ ਨੇ

ਉਸ ਨੂੰ ਦੇਵਾਦਿਦੇਵ ਦੀ ਉਪਾਧਿ ਦਿੱਤੀ ਹੈ। ਉਨ੍ਹਾਂ ਨੂੰ ਕੋਈ ਠਾਕੁਰ ਬ੍ਰਹਮ ਦੇ ਤੁੱਲ ਨਹੀਂ ਨਜ਼ਰ ਆਉਂਦਾ। ਉਸ ਨੂੰ ਜਗਤ ਗੁਰ ਸੁਆਮੀ ਕਹਿਕੇ ਉਸਦੀ ਅਪਾਰ ਸ਼ਕਤੀ ਵੱਲ ਉਹ ਸੰਕੇਤ ਕਰਦੇ ਹਨ।

*ਤੁਮ ਕਹੀਅਤ ਹੌ ਜਗਤ ਗੁਰ ਸੁਆਮੀ।*

*ਹਮ ਕਹੀਅਤ ਕਲਿਜੁਗ ਕੇ ਕਾਮੀ।*

**(ਆਦਿ ਗ੍ਰੰਥ, ਪੰਨਾ 710)**

ਗੁਰੂ ਰਵਿਦਾਸ ਦਾ ਬ੍ਰਹਮ ਅੰਤਰਜਾਮੀ ਹੈ। ਉਹ ਕੁਦਰਤ ਦੀ ਹਰ ਰਮਜ਼ ਅਤੇ ਹਰ ਭਾਵੀ ਤੋਂ ਪਹਿਲਾਂ ਹੀ ਜਾਣੂ ਹੈ। ਉਹ ਘਟ ਘਟ ਦੀ ਜਾਨਣ ਵਾਲਾ ਹੈ। ਆਪਣੇ ਸੇਵਕ ਸਬੰਧੀ ਉਸ ਨੂੰ ਸਭ ਕੁਝ ਮਲੂਮ ਹੈ।

*ਤੁਮ ਜੁ ਨਾਇਕ ਆਛਹੁ ਅੰਤਰਜਾਮੀ।*

*ਪ੍ਰਭ ਤੇ ਜਾਨੁ ਜਾਨੀਜੈ ਜਨ ਤੇ ਸੁਆਮੀ॥*

**(ਆਦਿ ਗ੍ਰੰਥ, ਪੰਨਾ 93)**

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਭਾਵ ਬ੍ਰਹਮ ਆਪਣੇ ਭਗਤਾਂ ਦੇ ਪ੍ਰੇਮ ਬਾਰੇ ਜਾਣਦਾ ਹੈ। ਉਹ ਉਨ੍ਹਾਂ ਨੂੰ ਮੋਹਜਾਲ ਤੋਂ ਬਚਾਈ ਰੱਖਦਾ ਹੈ।

ਗੁਰੂ ਰਵਿਦਾਸ ਬਾਣੀ ਦਾ ਬ੍ਰਹਮ ਮਿਹਰਦਾਤਾ ਹੈ। ਉਹ ਜਨ ਜਨ ਤੇ ਕਿਰਪਾ ਕਰਨ ਵਾਲਾ ਹੈ। ਇਹ ਉਸਦੀ ਕਿਰਪਾ ਦਾ ਹੀ ਪ੍ਰਤਾਪ ਹੈ ਕਿ ਵਿਸ਼ੇਵਿਕਾਰਾਂ ਵਿਚ ਡੁੱਬੇ ਜਿਸ ਮਨੁੱਖ ਤੇ ਉਸਦੀ ਮਿਹਰ ਹੋ ਜਾਂਦੀ ਹੈ, ਉਸਦਾ ਭਰਮਾਂ ਦਾ ਪਰਚਾ ਪਾੜ ਜਾਂਦਾ ਹੈ। ਸੁਮਤ ਬਖਸ਼ੀ ਜਾਂਦੀ ਹੈ ਤੇ ਉਸ ਜੀਵ ਦਾ ਉਧਾਰ ਹੋ ਜਾਂਦਾ ਹੈ।

*ਕਰਹੁ ਕ੍ਰਿਪਾ ਭ੍ਰਮ ਚੂਕਈ, ਮੈਂ ਸੁਮਤੀ ਦੇਇ ਸਮਝਾਇ॥*

**(ਆਦਿ ਗ੍ਰੰਥ, ਪੰਨਾ 346)**

ਰਵਿਦਾਸ ਬਾਣੀ ਅਨੁਸਾਰ ਬ੍ਰਹਮ ਦੀ ਕਿਰਪਾ ਨਾਲ ਹੀ ਪਾਰਸ ਗੁਰੂ ਨਾਲ ਮਿਲਾਪ ਸੰਭਵ ਹੈ। ਜਿਸਦੀ ਅਗਵਾਈ ਉਸਦੇ ਮਨ ਦੇ ਬੰਦ ਕਿਵਾੜ ਖੋਲ੍ਹ ਦਿੰਦੀ ਹੈ।

ਪ੍ਰਭੂ ਦੀ ਮਿਹਰ ਤੋਂ ਬਿਨਾਂ ਗਰੀਬਾਂ ਤੇ ਛੱਤਰ ਵੀ ਨਹੀਂ ਝੁੱਲ ਸਕਦਾ। ਜਿਸ ਨੂੰ ਨੀਵੀਂ ਜਾਤ ਦਾ ਸਮਝਕੇ ਛੁਹਣਾ ਵੀ ਪਾਪ ਸਮਝਿਆ ਜਾਂਦਾ ਸੀ, ਉਸ ਨੂੰ ਵੀ ਪ੍ਰਭੂ ਆਪਣੀ ਮਿਹਰ ਨਾਲ ਉਚਿਆ ਦਿੰਦਾ ਹੈ। ਉਹ ਆਪਣੇ ਨਿੱਜੀ ਜੀਵਨ ਦਾ ਉਦਾਹਰਨ ਦਿੰਦੇ ਆਖਦੇ ਹਨ ਕਿ ਬ੍ਰਹਮ ਦੀ ਕਿਰਪਾ ਨਾਲ ਹੀ ਮੇਰੇ ਸਾਰੇ ਕਲੇਸ਼ ਕੱਟੇ ਗਏ ਹਨ ਅਤੇ ਵਾਸਤਵਿਕਤਾ ਦਾ ਗਿਆਨ ਹੋ ਜਾਣ ਨਾਲ ਸਾਰੇ ਪਾਸੇ ਚਾਨਣ ਹੋ ਗਿਆ ਹੈ।

*ਉਪਜਿਓ ਗਿਆਨੁ ਹੂਆ ਪਰਗਾਸ, ਕਰਿ ਕਿਰਪਾ ਲੀਨੇ ਕੀਟ ਦਾਸ॥*

**(ਆਦਿ ਗ੍ਰੰਥ, ਪੰਨਾ 875)**

ਇੰਞ ਔਗੁਣਾਂ ਭਰੇ ਮਨੁੱਖ ਤੇ ਜਦ ਬ੍ਰਹਮ ਦੀ ਕਿਰਪਾ ਹੋ ਜਾਂਦੀ ਹੈ ਤਾਂ ਉਸਦੀ ਢਹਿੰਦੀ ਕਲਾ ਮਿਟ ਜਾਂਦੀ ਹੈ। ਉਨ੍ਹਾਂ ਦੀ ਬਾਣੀ ਵਿਚ ਪੇਸ਼ ਬਾਲਮਿਕੀ, ਅਜਾਮਲ ਤੇ ਗਨਿਕਾ ਦੀ ਮੁਕਤੀ ਪ੍ਰਭੂ ਦੀ ਕਿਰਪਾ ਦਾ ਹੀ ਪ੍ਰਤੀਕ ਹੈ।

ਗੁਰੂ ਰਵਿਦਾਸ ਦਾ ਬ੍ਰਹਮ ਲਾਸਾਨੀ ਹੈ। ਉਨ੍ਹਾਂ ਨੂੰ ਹੋਰ ਕੋਈ ਉਸਦੇ ਤੁੱਲ ਨਹੀਂ ਜਾਪਦਾ। ਉਸ ਨੂੰ ਜਗਤ ਦੀ ਜਾਂ ਬ੍ਰਹਮਾਂਡ ਦੀ ਕਿਸੇ ਹੋਰ ਵਸਤੂ ਨਾਲ ਉਪਮਾਇਆ ਨਹੀਂ ਜਾ ਸਕਦਾ। ਆਪਣੇ ਵਰਗਾ ਉਹ ਕੇਵਲ ਆਪ ਹੈ।

*ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।*

*ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।*

**(ਆਦਿ ਗ੍ਰੰਥ ਪੰਨਾ 858)**

ਗੁਰੂ ਰਵਿਦਾਸ ਬਾਣੀ ਵਿਚ ਪੇਸ਼ ਬ੍ਰਹਮ ਨਿਰੰਜਨ ਹੈ। ਨਿਰੰਜਨ ਸ਼ਬਦ ਨਿਰ ਅਤੇ ਅੰਜਨ ਦੀ ਸੰਧੀ ਨਾਲ ਬਣਿਆ ਹੈ। ਨਿਰ ਤੋਂ ਭਾਵ ਹੈ ਬਿਨਾਂ ਅਤੇ ਸੰਸਕ੍ਰਿਤ ਭਾਸ਼ਾ ਵਿਚ ਅੰਜਨ ਤੋਂ ਭਾਵ ਹੈ ਕਾਜਲ, ਸੁਰਮਾ ਜਾਂ ਸੁਯਾਹੀ। ਸਿਧਾ, ਯੋਗੀਆਂ ਅਤੇ ਨਾਥਾਂ ਨੇ ਇਸ ਨੂੰ ਬ੍ਰਹਮ ਦਾ ਵਾਚਕ ਮੰਨਿਆ ਹੈ ਅਤੇ ਮਾਇਆ ਤੋਂ ਮੁਕਤ ਦੇ ਸੰਦਰਭ ਵਿਚ ਵਰਤਿਆ ਹੈ। ਕਬੀਰ ਨੇ ਇਸ ਨੂੰ ਪਰਮ ਤੱਤ ਲਈ ਪ੍ਰਯੁਕਤ ਕੀਤਾ ਹੈ। ਗੁਰੂ ਸਾਹਿਬਾਨਾਂ ਨੇ ਇਸ ਨੂੰ ਨਿਰਾਕਾਰ ਅਤੇ ਨਿਰਗੁਣ ਦਾ ਪਰਯਾਇ ਸਵੀਕਾਰਿਆ ਹੈ। ਗੁਰੂ ਰਵਿਦਾਸ ਨੇ ਨਿਰੰਜਣ ਸ਼ਬਦ ਦੀ ਵਰਤੋਂ ਗੁਣਾਤੀਤ ਅਤੇ ਨਿਰਾਕਾਰ ਪਰਮਾਤਮਾ ਲਈ ਕੀਤੀ ਹੈ। ਰਵਾਇਤੀ ਪੂਜਾ-ਵਿਧੀ ਦਾ ਖੰਡਨ ਕਰਦਿਆਂ ਉਹ ਪੂਜਾ ਭੇਟਾ ਦੇ ਤੌਰ 'ਤੇ ਕੋਈ ਦੁਨਿਆਵੀ ਸਮੱਗਰੀ ਰੱਖਣ ਦੀ ਬਜਾਇ ਆਪਣਾ ਤਨਮਨ ਅਰਪਣ ਕਰਦੇ ਹਨ ਜੋ ਗੁਰੂ ਦੀ ਮਿਹਰ ਨਾਲ ਨਿਰੰਜਨ ਦੀ ਪ੍ਰਾਪਤੀ ਹੋ ਸਕੇ।

*ਤਨੁ ਮਨੁ ਅਰਪਉ ਪੂਜਾ ਚਰਾਵਉ।*

*ਗੁਰਪ੍ਰਸਾਦਿ ਨਿਰੰਜਨੁ ਪਾਵਉ॥*

**(ਆਦਿ ਗ੍ਰੰਥ ਪੰਨਾ 525)**

ਇਸੇ ਤਰ੍ਹਾਂ ਹੀ ਗੁਰੂ ਰਵਿਦਾਸ ਦਾ ਬ੍ਰਹਮ ਅਨੂਪ ਹੈ। 'ਅਨੂਪ' ਦੋ ਸ਼ਬਦਾਂ ਅਨ। ਉਪ ਦੇ ਮੇਲ ਤੋਂ ਬਣਿਆ ਹੈ। ਜਿਸ ਦਾ ਸਮੁੱਚਾ ਭਾਵ ਹੈ ਬਹੁਤ ਸੁੰਦਰ। ਉਹ ਨਿਰਾਕਾਰ ਹੈ ਪਰੰਤੂ ਭਾਵੁਕ ਰਵਿਦਾਸ ਉਨ੍ਹਾਂ ਦੇ ਰੂਪ ਦਾ ਤਸੱਵੁਰ ਕਰਦੇ ਉਨ੍ਹਾਂ ਨੂੰ ਅਨੂਪ ਆਖਦੇ ਹਨ। ਦੇਵਪੂਜਾ ਲਈ ਵਰਤੀ ਜਾਂਦੀ ਪਰੰਪਰਕ ਸਮੱਗਰੀ ਨੂੰ ਜੂਠਾ ਸਿੱਧ ਕਰਨ ਉਪਰੰਤ ਚਿੰਤਾਤੁਰ ਹੋ ਕੇ ਆਖਦੇ ਹਨ ਕਿ ਸੁੱਚੀ ਸਮੱਗਰੀ ਦੇ ਅਭਾਵ ਕਾਰਨ ਅਜਿਹਾ ਨਾ ਹੋਵੇ ਕਿ ਉਨ੍ਹਾਂ ਨੂੰ ਅਨੂਪ ਦੀ ਪ੍ਰਾਪਤੀ ਨਾ ਹੋ ਸਕੇ।

*ਮਾਈ ਗੋਬਿੰਦ ਪੂਜ ਕਹਾ ਲੈ ਚਰਾਵਉ॥*

*ਅਵਰੁ ਨ ਫੂਲੁ ਅਨੂਪ ਨ ਪਾਵਉ॥*

**(ਆਦਿ ਗ੍ਰੰਥ, ਪੰਨਾ 525)**

ਰਵਿਦਾਸ ਬਾਣੀ ਵਿਚ ਬ੍ਰਹਮ ਨੂੰ 'ਪਤਿਤ ਪਾਵਨ' ਵੀ ਕਿਹਾ ਗਿਆ ਹੈ ਪਰੰਤੂ ਉਨ੍ਹਾਂ ਪਤਿਤਾਂ ਨੂੰ ਪਵਿੱਤਰ ਕਰਦਾ ਹੈ ਜਿਹੜੇ ਉਸਦੀ ਸ਼ਰਨ ਵਿਚ ਆਉਂਦੇ ਹਨ। ਉਹ ਆਪਣੇ ਚਰਣੀਂ ਡਿੱਗਿਆਂ ਨੂੰ ਓਟ ਦਿੰਦਾ ਹੈ ਅਤੇ ਨੀਵਿਆਂ ਨੂੰ ਉਚਿਆਉਂਦਾ ਹੈ। ਇਸ ਪਤਿਤ ਪਾਵਨ ਬ੍ਰਹਮ ਦੀ ਦਇਆ ਸਦਕਾ ਗੁਰੂ ਰਵਿਦਾਸ ਨੀਚ ਕੁਲ ਉਪਤੰਨ ਚਮਾਰ ਵੀ ਸਮਕਾਲੀ ਪੰਡਤਾਂ ਤੇ ਪੁਰੋਹਿਤਾਂ ਦੇ ਸਤਿਕਾਰ ਦਾ ਪਾਤਰ ਬਣੇ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪਾਪੀਆਂ ਦੀ ਹੋਂਦ ਕਾਰਨ ਹੀ ਪ੍ਰਭੂ ਪਤਿਤ ਪਾਵਨ ਹੈ ਕਿਉਂਕਿ

ਸੰਸਾਰ ਦੇ ਜੀਵ ਪਾਪ ਨਾ ਕਮਾਉਣ ਤਾਂ ਬ੍ਰਹਮ ਵੀ ਪਤਿਤ ਪਾਵਨ ਰੂਪ ਵਿਚ ਦ੍ਰਿਸ਼ਟੀਗੋਚਰ ਨਾ ਹੋ ਸਕੇ।

*ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।*

*ਪਤਿਤ ਪਾਵਨ ਨਾਮੁ ਕੈਸੇ ਹੁੰਤਾ॥*

**(ਆਦਿ ਗ੍ਰੰਥ, ਪੰਨਾ 93)**

ਉਨ੍ਹਾਂ ਦਾ ਪਾਰਬ੍ਰਹਮ ਬੇਅੰਤ ਵੀ ਹੈ। ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਉਹ ਵੱਡੇ ਵੱਡੇ ਜੋਗੀਆਂ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਉਹ ਵੀ ਪ੍ਰਭੂ ਦੇ ਬੇਅੰਤ ਗੁਣਾਂ ਦੀ ਥਾਹ ਨਹੀਂ ਪਾ ਸਕੇ। ਉਸਦੀ ਕਥਾ ਨੂੰ ਉਹ ਅਕਥ ਆਖਦੇ ਹਨ ਕਿਉਂਕਿ ਇਸ ਜੀਭ ਨਾਲ ਉਸਦੇ ਗੁਣ ਕਹੇ ਨਹੀਂ ਜਾ ਸਕਦੇ। ਉਸ ਬੇ ਅੰਤ ਪਾਰਬ੍ਰਹਮ ਨੂੰ ਚੌਤੀ ਅੱਖਰਾਂ ਰਾਹੀਂ ਬਿਆਨਿਆ ਨਹੀਂ ਜਾ ਸਕਦਾ। ਸੰਤ ਤੇ ਅਨੰਤ ਦੀ ਇਕਰੂਪਤਾ ਪਹਿਚਾਨਣ ਵਾਲੇ ਨੂੰ ਹੀ ਗੁਰੂ ਰਵਿਦਾਸ ਸੱਚਾ ਸਾਧਕ ਆਖਦੇ ਹਨ:

*ਮਹਿਮਾ ਨ ਜਾਨਹਿ ਬੇਦ, ਬ੍ਰਹਮੇ ਨਹੀਂ ਜਾਨਹਿ ਭੇਦ।*

*ਅਵਤਾਰ ਨ ਜਾਨਹਿ ਅੰਤੁ, ਪਰਮੇਸਰੁ ਪਾਰਬ੍ਰਹਮ ਬੇਅੰਤੁ॥*

**(ਆਦਿ ਗ੍ਰੰਥ, ਪੰਨਾ 894)**

ਇਸ ਤਰ੍ਹਾਂ ਗੁਰੂ ਰਵਿਦਾਸ ਦੀ ਬਾਣੀ ਦਾ ਬ੍ਰਹਮ ਨਿਰਗੁਣ ਭਗਤਾਂ ਦੇ ਬ੍ਰਹਮ ਨਾਲ ਅਨੋਖੀ ਸਾਂਝ ਰੱਖਦਾ ਹੈ।

5.5.2. **ਜੀਵ**: ਜੀਵ ਭਾਵ ਜੀਵਾਤਮਾ ਆਤਮਤਤਵ ਅਤੇ ਪੰਚਭੂਤਾਂ ਨਾਲ ਨਿਰਮਿਤ ਦੇਹ ਤੇ ਇੰਦਰੀਆਂ ਦੇ ਸੰਯੋਗ ਦਾ ਨਤੀਜਾ ਹੈ। ਦੂਸਰੇ ਸ਼ਬਦਾਂ ਵਿਚ ਆਤਮਾ ਜਾਂ ਉਸਦਾ ਅੰਸ਼ ਅਗਿਆਤਨਤਾ ਵਸ਼ ਕਰਮਾਂ ਦੇ ਚੱਕਰ ਵਿਚ ਫਸਿਆ ਜਦ ਦੇਹ ਦੇ ਬੰਧਨ ਵਿਚ ਪੈਦਾ ਹੁੰਦਾ ਹੈ ਤਾਂ ਉਸ ਨੂੰ ਜੀਵ ਕਿਹਾ ਜਾ ਸਕਦਾ ਹੈ। ਉਪਨਿਸ਼ਦਾਂ ਅਨੁਸਾਰ ਜੀਵ ਹੀ ਬ੍ਰਹਮ ਹੈ। ਵੇਦਾਂ ਅਨੁਸਾਰ ਜਦੋਂ ਆਤਮਾ ਨਾਮ ਰੂਪ ਆਦਿ ਦੀ ਉਪਾਧੀ ਤੋਂ ਯੁਕਤ, ਅੰਤਹਕਰਨ ਰਾਹੀਂ ਵਿਅਕਤੀਤਵ ਦਾ ਨਿਰਮਾਣ ਕਰਦੀ ਹੈ ਤਾਂ ਇਸ ਨੂੰ ਜੀਵ ਕਿਹਾ ਜਾਂਦਾ ਹੈ।

ਗੁਰੂ ਰਵਿਦਾਸ ਬ੍ਰਹਮ ਅਤੇ ਜੀਵ ਦੀ ਅਭੇਦਤਾ ਦੀ ਸਥਿਤੀ ਨੂੰ ਸਵੀਕਾਰ ਕਰਦੇ ਹਨ। ਬ੍ਰਹਮ ਅੰਸ਼ੀ ਹੈ ਅਤੇ ਜੀਵ ਅੰਸ਼। ਜੀਵ ਉਸੇ ਬ੍ਰਹਮ ਦੀ ਜੋਤੀ ਤੋਂ ਪ੍ਰਕਾਸ਼ਿਤ ਹੈ। ਇਸ ਲਈ 'ਸੋਈ ਮੁਕੰਦ ਹਮਰਾ ਪਿੱਤ ਮਾਤਾ' ਕਹਿ ਕੇ ਉਨ੍ਹਾਂ ਨੇ ਉਸ ਨਾਲ ਆਪਣਾ ਸਬੰਧ ਵੀ ਸਪਸ਼ਟ ਕੀਤਾ ਹੈ। ਉਨ੍ਹਾਂ ਨੇ ਬਾਰ-ਬਾਰ ਕਿਹਾ ਹੈ ਕਿ ਉਹ ਤਾਂ ਹਰ ਜੀਵ ਦੇ ਅੰਤਹਕਰਨ ਵਿਚ ਬੈਠ ਕੇ ਉਸ ਨੂੰ ਨਿਯੰਤਰ ਵੀ ਰੱਖਦਾ ਹੈ ਅਤੇ ਉਹ ਹੀ ਜੀਵ ਦਾ ਪ੍ਰਾਣ ਹੈ। ਪਰ ਅੰਤਰ ਵਿਚ ਸਥਿਤ ਕਸਤੂਰੀ ਨੂੰ ਨਾ ਪਛਾਨਣ ਵਾਲੇ ਹਿਰਨ ਦੀ ਦਸ਼ਾ ਵਾਂਗ ਲੌਕਿਕ ਜੀਵ ਦੀ ਦਸ਼ਾ ਹੈ। ਜਦੋਂ ਹੀ ਉਹ ਉਸ ਪ੍ਰਭੂ ਨੂੰ ਆਪਣੇ ਅੰਦਰ ਬੈਠਾ ਪਛਾਣ ਲੈਂਦਾ ਹੈ, ਫਿਰ ਕਿਸ ਪ੍ਰਕਾਰ ਦੀ ਚਿੰਤਾ ਨਹੀਂ ਰਹਿੰਦੀ।

*ਜੈਸੇ ਕੁਰੰਦ ਹੀ ਪਾਇਓ ਭੇਦੁ। ਤਨਿ ਸੁਗੰਧ ਢੂਢੈ ਪ੍ਰਦੇਸੁ॥*

*ਅਪ ਤਨ ਕਾ ਜੋ ਕਰੇ ਬੀਚਰੁ। ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ॥*

**(ਆਦਿ ਗ੍ਰੰਥ, ਪੰਨਾ 1196)**

ਪ੍ਰਭੂ ਦੇ ਬਿਨ੍ਹਾਂ ਜੀਵ ਦਾ ਆਪਣਾ ਕੋਈ ਵਜੂਦ ਨਹੀਂ ਹੈ। ਉਸ ਦੇ ਦੇਹ ਧਾਰਨ ਦੀ ਸਾਰਥਕਤਾ ਇਸੇ ਗੱਲ ਵਿਚ ਹੈ ਕਿ ਉਹ ਆਪਣੇ ਅੰਦਰ ਵਿਰਾਜਮਨ ਜੋਤੀ ਸਰੂਪ ਬ੍ਰਹਮ ਨੂੰ ਪਛਾਣੇ ਅਤੇ ਉਸਦਾ ਅਨੁਭਵ ਕਰੇ। ਅਜਿਹਾ ਨਾ ਕਰਨ ਦੀ ਸਥਿਤੀ ਵਿਚ ਉਹ ਮਿੱਟੀ ਦਾ ਪੁਤਲਾ ਹੈ। ਜਿਸ ਤਰ੍ਹਾਂ ਜਲ ਅਤੇ ਉਸਦੀਆਂ ਲਹਿਰਾਂ ਵਿਚ ਕੋਈ ਅੰਤਰ ਨਹੀਂ ਹੁੰਦਾ, ਉਸਦੇ ਤਰ੍ਹਾਂ ਜੀਵ ਅਤੇ ਬ੍ਰਹਮ ਵਿਚ ਵੀ ਕੋਈ ਅੰਤਰ ਨਹੀਂ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਸਾਰੇ ਜੀਵ ਆਪਣੇ ਕਰਮਾਂ ਨਾਲ ਬੱਝੇ ਹੁੰਦੇ ਹਨ। ਆਪਣੇ ਕੀਤੇ ਕਰਮਾਂ ਨੂੰ ਲੈ ਕੇ ਜੀਵ ਜਿਥੇ ਵੀ ਜਾਂਦਾ ਹੈ, ਕਾਲ ਦੀ ਫਾਹੀ ਉਸਦੇ ਮਗਰ ਮਗਰ ਤੁਰਦੀ ਹੈ। ਕਰਮਾਂ ਅੱਗੇ ਜੀਵ ਬੇਬੱਸ ਹੈ। ਇਨ੍ਹਾਂ ਕਾਰਨ ਹੀ ਚੌਰਾਸੀ ਜੂਨਾਂ ਵਿਚ ਉਹ ਭਟਕਦਾ ਰਹਿੰਦਾ ਹੈ।

ਜੀਵ ਦੀ ਸਾਰਥਕਤਾ ਇਸੇ ਗੱਲ ਵਿਚ ਹੈ ਕਿ ਜੀਵ ਇਕ ਮਾਤਰ ਪ੍ਰਭੂ ਦੀ ਸ਼ਰਨ ਵਿਚ ਚਲਾ ਜਾਵੇ ਅਤੇ ਨਾਮ ਜੱਪ ਦਾ ਸਹਾਰਾ ਲੈ ਲਵੇ। ਰਵਿਦਾਸ ਦੀ ਦ੍ਰਿਸ਼ਟੀ ਵਿਚ ਆਮ ਜੀਵ ਤੋਂ ਉਚ ਕੋਟੀ ਦਾ ਜੀਵ, ਸਾਧੂ, ਭਗਤ ਅਤੇ ਸੰਤ ਹੁੰਦਾ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਾਧੂਆਂ ਦੀ ਸੰਗਤੀ ਤੋਂ ਬਿਨਾਂ ਭਗਵਾਨ ਦੇ ਪ੍ਰਤੀ ਪ੍ਰੇਮ ਭਾਵ ਪੈਦਾ ਨਹੀਂ ਹੋ ਸਕਦਾ ਅਤੇ ਬਿਨਾਂ ਭਾਵ ਤੋਂ ਭਗਤੀ ਨਹੀਂ ਹੋ ਸਕਦੀ ਕਿਉਂਕਿ ਭਾਵਹੀਨ ਭਗਤੀ ਦਾ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੋਈ ਮਹੱਤਵ ਨਹੀਂ ਹੈ।

ਇਸ ਲਈ ਜ਼ਰੂਰੀ ਹੈ ਜੀਵ ਆਪਣੀ ਭਗਤੀ ਵਿਚ ਭਾਵ ਨੂੰ ਪ੍ਰਧਾਨਤਾ ਦੇਵੇ।

ਰਵਿਦਾਸ ਦੇ ਅਨੁਸਾਰ ਸੰਸਾਰੀ ਮਨੁੱਖ ਲਈ ਜੇ ਕਿਸੇ ਦਾ ਆਚਰਨ ਅਨੁਕਰਨੀਯ ਹੈ ਤਾਂ ਉਹ ਹੈ ਇਕ ਮਾਤਰ ਸੰਤ ਦਾ। ਜੀਵਨ ਸਾਰਥਕ ਉਦੋਂ ਹੀ ਹੋ ਸਕਦਾ ਹੈ ਜਦੋਂ ਜੀਵ ਸਾਧੂ ਦੀ ਸੰਗਤੀ ਕਰਦਾ ਹੋਇਆ, ਭਗਤ ਤੋਂ ਭਗਤੀ ਦੀ ਪ੍ਰੇਰਨਾ ਲੈਂਦਾ ਹੋਇਆਂ ਉਸ ਅਵਿਅਕਤ ਸ਼ਕਤੀ ਨਾਲ ਆਪਣਾ ਰਾਗਾਤਮਕ ਸੰਬੰਧ ਜੋੜ ਲੈਂਦਾ ਹੈ।

ਰਵਿਦਾਸ ਜੀ ਮੁੱਖ ਤੌਰ 'ਤੇ ਅਦੈਤਵਾਦੀ ਹਨ। ਇਸ ਲਈ ਉਹ ਜੀਵ ਅਤੇ ਬ੍ਰਹਮ ਵਿਚ ਕੋਈ ਅੰਤਰ ਨਹੀਂ ਮੰਨਦੇ। ਵਾਸਤਵ ਵਿਚ ਜੀਵ ਦਾ ਉਦੇਸ਼ ਇਹ ਹੈ ਕਿ ਉਹ ਆਪਣੇ ਹੰਕਾਰ ਨੂੰ ਭਗਤੀ ਭਾਵਨਾ ਦੇ ਨਾਲ ਉਸ ਅਵਿਅਕਤ ਬ੍ਰਹਮ ਵਿਚ ਇਸ ਤਰ੍ਹਾਂ ਲੀਨ ਕਰ ਦੇਵੇ ਜਿਸ ਨਾਲ ਹਰ ਤਰ੍ਹਾਂ ਦਾ ਦਵੈਤ ਭਾਵ ਸਮਾਪਤ ਹੋ ਜਾਵੇ ਅਤੇ ਜੀਵ ਤੇ ਬ੍ਰਹਮ ਵਿਚ ਕੋਈ ਅੰਤਰ ਨਾ ਰਹੇ।

5.5.3. **ਜਗਤ**: ਜਗਤ ਨੂੰ ਪਰਿਭਾਸ਼ਿਕ ਸ਼ਬਦਾਵਲੀ ਵਿਚ ਬ੍ਰਹਿਮੰਡ, ਸ੍ਰਿਸ਼ਟੀ ਜਾਂ ਸੰਸਾਰ ਦਾ ਨਾਂ ਦਿੱਤਾ ਜਾਂਦਾ ਹੈ। ਜਗਤ ਦੀ ਰਚਨਾ ਅਤੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਰਵਿਦਾਸ ਬਾਣੀ ਚੁੱਪ ਹੈ। ਪਰੰਤੂ ਉਨ੍ਹਾਂ ਦੀ ਬਾਣੀ ਇਹ ਸਪੱਸ਼ਟੀਕਰਨ ਜ਼ਰੂਰ ਦਿੰਦੀ ਹੈ ਕਿ ਇਕ ਪਾਸੇ ਬ੍ਰਹਮ ਹੈ ਤੇ ਦੂਜੇ ਪਾਸੇ ਜਗਤ, ਵਿਚਾਲੇ ਜੀਵ ਫਸਿਆ ਪਿਆ ਹੈ। ਇਹ ਸੰਸਾਰ ਇਕ ਕੱਜਲ ਦੀ ਕੋਠੜੀ ਦੀ ਤਰ੍ਹਾਂ ਹੈ, ਜਿਸ ਵਿਚ ਰਹਿ ਕੇ ਜੀਵ ਲਈ ਪ੍ਰਭੂ ਭਗਤੀ ਤੋਂ ਬਿਨਾਂ ਉਜਲੇ ਹੋ ਕੇ ਬਾਹਰ ਨਿਕਲਣਾ ਨਾਮੁਮਕਿਨ ਹੈ। ਇਹ ਸੰਸਾਰ ਕੂਟ ਦਾ ਸਥਾਨ ਹੈ, ਇਥੇ ਕੋਈ ਵੀ ਥਿਰ ਨਹੀਂ ਰਹਿ ਸਕਦਾ। ਜੀਵ ਇਸ ਜਗਤ ਵਿਚ ਫੈਲੇ ਭਰਮਾਂ ਵਿਚ ਫੱਸਕੇ ਆਪਣੇ ਮੂਲ ਤੋਂ ਉਖੜ ਜਾਂਦੇ ਹਨ ਅਤੇ ਪਰਮਪਦ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਹ ਜਗਤ ਸਤਿ ਵੀ ਹੈ ਤੇ ਅਸਤਿ ਵੀ। ਪਰਮਾਤਮਾ ਦੀ ਕਿਰਤ ਹੋਣ ਕਰਕੇ ਇਹ ਸਤਿ ਹੈ ਪਰੰਤੂ ਇਸ ਜਗਤ ਦੀ ਹਰ ਵਸਤੂ ਨਾਸ਼ਵਾਨ ਹੈ। ਇਸ ਕਾਰਨ ਇਹ ਜਗਤ ਅਸਤਿ ਹੈ।

ਰਵਿਦਾਸ ਜੀ ਨੇ ਇਸੇ ਲਈ ਦ੍ਰਿਸ਼ਟਮਾਨ ਜਗਤ ਨੂੰ ਮਿਥਿਆ ਅਤੇ ਵਿਨਾਸ਼ਸ਼ੀਲ ਕਿਹਾ ਹੈ। ਉਨ੍ਹਾਂ ਨੇ ਸੰਸਾਰ ਦੀ ਨਸ਼ਵਰਤਾ ਦੀ ਤੁਲਨਾ ਕੁਸੰਭੇ ਦੇ ਫੁੱਲ ਨਾਲ ਕੀਤੀ ਹੈ।

*ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ।*

*ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥*

**(ਆਦਿ ਗ੍ਰੰਥ, ਪੰਨਾ 345)**

ਗੁਰੂ ਰਵਿਦਾਸ ਜੀ ਦੇ ਅਨੁਸਾਰ ਇਹ ਸੰਸਾਰ ਵਿਚ ਸੁਪਨੇ ਦੀ ਤਰ੍ਹਾਂ ਹੈ। ਜਿਸ ਤਰ੍ਹਾਂ ਇਕ ਰਾਜਾ ਸੁਪਨੇ ਵਿਚ ਮੰਗਤਾ ਬਣ ਜਾਂਦਾ ਹੈ ਅਤੇ ਆਪਣੀ ਸੰਪਤੀ ਦੇ ਨਸ਼ਟ ਹੋ ਜਾਣ ਨਾਲ ਦੁੱਖੀ ਹੁੰਦਾ ਹੈ ਅਤੇ ਸਵੇਰ ਹੁੰਦਿਆਂ ਹੀ ਜਦੋਂ ਉਹ ਜਾਗਦਾ ਹੈ ਤਾਂ ਆਪਣੇ ਰਾਜ ਨੂੰ ਚੰਗਾ ਭਲਾ ਪਾਉਂਦਾ ਹੈ ਤਾਂ ਉਸਦਾ ਦੁੱਖ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਰੱਬ ਦਾ ਗਿਆਨ ਪ੍ਰਾਪਤੀ ਤੋਂ ਬਾਅਦ ਸੰਸਾਰ ਦੇ ਸੁੱਖ-ਦੁੱਖ ਸੁਪਨੇ ਵਾਂਗ ਹੀ ਲਗਦੇ ਹਨ।

*ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।*

*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥*

**(ਆਦਿ ਗ੍ਰੰਥ, ਪੰਨਾ 657)**

ਇਸ ਲਈ ਪ੍ਰਭੂ ਪ੍ਰਾਪਤੀ ਦਾ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਸਦਾ ਕਰਨੀ ਚਾਹੀਦੀ ਹੈ। ਰਵਿਦਾਸ ਜੀ ਦੇ ਅਨੁਸਾਰ ਇਹ ਸੰਸਾਰ ਪ੍ਰਭੂ ਰਚਾਇਆ ਖੇਲ ਭਾਵ ਬਾਜੀ ਹੈ। ਬਾਜੀਗਰ (ਬ੍ਰਹਮ) ਤਾਂ ਸੱਚ ਹੈ, ਪਰ ਉਸਦੀ ਬਾਜੀ ਝੂਠ ਹੈ। ਇਸੇ ਲਈ ਇਸ ਸੰਸਾਰ ਵਿਚ ਨਿਵਾਸ ਕਰ ਰਿਹਾ ਮਨੁੱਖ ਮਾਟੀ ਦਾ ਪੁਤਲਾ ਹੈ, ਜੋ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਜਿਹੇ ਵਿਕਾਰਾਂ ਵਿਚ ਫਸਿਆ ਹੋਇਆ, ਇਸ ਝੂਠੇ ਭਾਵ ਮਿਥਿਆ ਜਗਤ ਨੂੰ ਸੱਚ ਸਮਝੀ ਬੈਠਾ ਹੈ।

ਰਵਿਦਾਸ ਜੀ ਇਸ ਦੁੱਖ ਨਾਲ ਭਰੇ ਸੰਸਾਰ ਨੂੰ ਕਰਮ ਖੇਤਰ ਮੰਨ ਕੇ ਮਨੁੱਖ ਨੂੰ ਸਤਿਕਰਮ ਕਰਨ ਦਾ ਉਪਦੇਸ਼ ਦਿੰਦੇ ਹਨ। ਸਤਿਕਰਮ ਕੇਵਲ ਤੇ ਕੇਵਲ ਪ੍ਰਭੂ ਨਾਮ ਦਾ ਜਾਪ ਹੈ ਜੋ ਮਨੁੱਖ ਨੂੰ ਪੰਜਾ ਵਿਕਾਰਾਂ, ਮਾਇਆ ਦੇ ਜਾਲ ਅਤੇ ਕਾਮ ਦੇ ਵੱਸ਼ ਵਿਚ ਹੋਣ ਵਾਲੀਆਂ ਗਲਤੀਆਂ ਤੋਂ ਬਚਾਉਂਦਾ ਹੈ।

*ਕਹਿ ਰਵਿਦਾਸ ਸਭੈ ਜਗੁ ਲੂਟਿਆ।*

*ਹਮ ਤਉ ਏਕੁ ਰਾਮੁ ਕਹਿ ਛੂਟਿਆ॥*

**(ਆਦਿ ਗ੍ਰੰਥ, ਪੰਨਾ 794)**

ਉਨ੍ਹਾਂ ਅਨੁਸਾਰ ਪ੍ਰਭੂ ਭਗਤੀ ਹੀ ਸੰਸਾਰ ਵਿਚ ਮੁਕਤੀ ਪ੍ਰਾਪਤੀ ਦਾ ਇਕ ਮਾਤਰ ਸਾਧਨ ਹੈ।

5.5.4 **ਆਤਮਾ** : ਭਾਰਤੀ ਚਿੰਤਨ ਵਿਚ ਆਤਮਾ ਨੂੰ ਜਾਨਣ ਅਤੇ ਸਮਝਣ ਦੀ ਕੋਸ਼ਿਸ਼ ਪ੍ਰਾਚੀਨ ਕਾਲ ਤੋਂ ਹੁੰਦੀ ਆ ਰਹੀ ਹੈ। ਉਪਨਿਸ਼ਦਾਂ ਵਿਚ ਬ੍ਰਹਮ ਤੇ ਆਤਮਾ ਨੂੰ ਇਕ ਹੀ ਕਿਹਾ ਗਿਆ ਹੈ ਜਦਕਿ '**ਸ਼ਵੇਤਾਸ਼ਵਰੋਪਨਿਸ਼ਦ**' ਵਿਚ ਲਿਖਿਆ ਗਿਆ ਹੈ ਕਿ ਆਤਮਾ ਨਾ ਤੇ ਪੁਰਖ ਹੈ ਤੇ ਨਾ ਹੀ ਇਸਤਰੀ ਤੇ ਨਾ ਹੀ ਨਪੁੰਸਕ। ਉਹ ਜਿਸ ਸ਼ਰੀਰ ਨਾਲ ਸੰਪਰਕ ਕਰਦਾ ਹੈ ਉਸੇ ਤਰ੍ਹਾਂ ਦੀ ਹੀ ਬਣ ਜਾਂਦੀ ਹੈ। ਇਹੀ ਆਤਮਕ ਗਿਆਨ ਪ੍ਰਾਪਤ ਕਰਨਾ ਹੀ ਜੀਵ ਦਾ ਉਚਤਮ ਲਕਸ਼ ਹੈ।"(27)

ਆਤਮਾ ਅਕਰਤਾ ਵੀ ਹੈ ਤੇ ਅਭੋਗਤਾ ਵੀ। ਉਹ ਸੁੱਖ ਅਤੇ ਦੁੱਖ ਤੋਂ ਪਰ੍ਹੇ ਹੈ। ਸੁੱਖ ਦੁੱਖ ਦੇ ਸਾਰੇ ਅਨੁਭਵ ਅੰਤਰਕਰਣ, ਸ਼ਰੀਰ, ਇੰਦਰੀਆਂ ਆਦਿ ਉਪਾਧੀਆਂ ਦੇ ਕਾਰਨ ਹਨ। ਉਹ ਆਤਮਾ ਦੇ ਨਿਜੀ

ਸਰੂਪ ਵਿਚ ਨਹੀਂ ਹਨ। "ਆਤਮਾ ਦੇ ਨਿਜੀ ਸਰੂਪ ਬਾਰੇ ਸ਼ਾਸਤਰ ਲਿਖਦੇ ਹਨ ਕਿ ਆਤਮਾ ਅਜਨਮਾ, ਨਿਰਾਕਾਰ, ਅਮਰ, ਸਰਬਵਿਆਪੀ, ਚੈਤਨਯ ਆਦਿ ਗੁਣਾਂ ਤੋਂ ਯੁਕਤ ਹੈ। ਇਸੇ ਆਤਮਾ ਦੀ ਵਿਹਾਰਕ ਪ੍ਰਤੀਤੀ ਜੀਵ ਕਹਾਉਂਦੀ ਹੈ। ਜੀਵ ਦਾ ਸੰਬੰਧ ਸ਼ੁੱਭ ਅਸ਼ੁੱਭ ਕਰਮਾਂ ਦੇ ਫਲ ਨਾਲ ਹੁੰਦਾ ਹੈ।

ਜੀਵਾਤਮਾ ਜਾਂ ਆਤਮਾ ਦੀ ਧਾਰਮਿਕ ਗ੍ਰੰਥਾਂ ਵਿਚ ਬੜੀ ਮਹੱਤਾ ਦੱਸੀ ਗਈ ਹੈ ਅਤੇ ਇਸ ਨੂੰ ਪਰਮਾਤਮਾ (ਪਰਮ+ਆਤਮਾ) ਦਾ ਇਕ ਅੰਸ਼ ਮੰਨਿਆ ਗਿਆ ਹੈ। ਇਹ ਪ੍ਰਾਣੀਆਂ ਵਿਚ ਇਕ ਅਜਿਹਾ ਤੱਤ ਹੈ ਜੋ ਅਨੇਕ ਚੇਸ਼ਟਾਵਾਂ ਦਾ ਕਾਰਨ ਹੈ ਅਤੇ ਜਿਸ ਤੋਂ 'ਮੈਂ' ਤੇ 'ਮੇਰਾ' ਆਦਿ ਦਾ ਬੋਧ ਹੁੰਦਾ ਹੈ। ਕਿਸੇ ਨੇ ਇਸਦਾ ਨਿਵਾਸ ਦਿਲ ਵਿਚ, ਕਿਸੇ ਨੇ ਦਿਮਾਗ ਵਿਚ ਅਤੇ ਕਿਸੇ ਨੇ ਇਸ ਨੂੰ ਸਰਵਾਂਗ ਪੂਰਨ ਮੰਨਿਆ ਹੈ। 'ਨਯਾਯ ਦਰਸ਼ਨ' ਅਨੁਸਾਰ ਇੱਛਿਆ, ਸੁੱਖ, ਸੁੱਖ ਤੇ ਗਿਆਨ ਆਦਿ ਨੂੰ ਧਾਰਨ ਕਰਨ ਵਾਲੀ ਆਤਮਾ ਹੈ। ਵੇਦਾਂਤ ਅਨੁਸਾਰ ਜੀਵਾਤਮਾ ਬ੍ਰਹਮ ਤੋਂ ਵੱਖਰੀ ਨਹੀਂ ਕੇਵਲ ਉਪਾਧੀ ਕਰਕੇ ਵੱਖਰਾ ਪ੍ਰਤੀਤ ਹੁੰਦੀ ਹੈ। ਮਾਇਆ ਦਾ ਪਰਦਾ ਹੱਟ ਜਾਣ ਨਾਲ ਆਤਮਾ ਤੇ ਪਰਮਾਤਮਾ ਦੀ ਇਕਮਿਕਤਾ ਦਾ ਬੋਧ ਹੁੰਦਾ ਹੈ। ਆਤਮਾ ਦਾ ਸਥੂਲ ਰੂਪ ਕਿਤੇ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦਾ, ਪਰਮਾਤਮਾ ਦਾ ਅੰਸ਼ ਹੋਣ ਕਾਰਨ ਇਸ ਨੂੰ ਉਸ ਵਾਂਗ ਅਮਰ ਤੇ ਅਜਰ ਮੰਨਿਆ ਗਿਆ ਹੈ।

ਇਸਲਾਮੀ ਧਾਰਨਾ ਵਿਚ ਆਤਮਾ ਲਈ ਰੂਹ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਧਾਰਨਾ ਅਨੁਸਾਰ ਸ਼ਰੀਰਕ ਵਿਨਾਸ਼ ਤੋਂ ਮਗਰੋਂ ਰੂਹਾਂ ਕਬਰਾਂ ਵਿਚ ਤਸੀਹੇ ਸਹਿੰਦੀਆਂ ਅਤੇ ਹਸ਼ਰ ਦੇ ਦਿਹਾੜੇ ਆਪਣੇ ਚੰਗੇ ਮੰਦੇ ਅਮਲਾਂ ਕਾਰਣ ਸਜ਼ਾ ਅਤੇ ਜਜ਼ਾ (ਇਨਾਮ) ਪ੍ਰਾਪਤ ਕਰਨ ਲਈ ਰੱਬੀ ਦਰਬਾਰ ਵਿਚ ਹਾਜ਼ਰ ਹੁੰਦੀਆਂ ਹਨ। ਗੁਰੂ ਸਾਹਿਬਾਨ ਨੇ ਆਤਮਾ ਨੂੰ 'ਜੋਤਿ ਸਰੂਪ' ਕਿਹਾ ਹੈ ਅਤੇ ਪਰਮਾਤਮਾ ਦਾ ਗਿਆਨ ਪ੍ਰਾਪਤ ਕਰਨ ਲਈ ਆਤਮਾ ਦੇ ਗਿਆਨ ਤੇ ਬੱਲ ਦਿੱਤਾ ਹੈ।

*ਆਤਮਾ ਪਰਮਾਤਮਾ ਏਕੋ ਕਰੈ।*

*ਅੰਤਰ ਕੀ ਦੁਬਿਧਾ ਅੰਤਰਿ ਮਰੈ॥*

*(ਆਦਿ ਗ੍ਰੰਥ, ਪੰਨਾ 661)*

ਰਵਿਦਾਸ ਬਾਣੀ ਇਸ ਸੱਚਾਈ ਦੀ ਪੇਸ਼ਕਾਰੀ ਕਰਦੀ ਹੈ ਕਿ ਆਤਮਾ ਕਦੇ ਵੀ ਪਰਮਾਤਮਾ ਤੋਂ ਵੱਖਰਾ ਨਹੀਂ ਹੋਣਾ ਚਾਹੁੰਦੀ। ਉਹ ਸ਼ਰੀਰ ਤੇ ਹਰ ਮੁਸੀਬਤ ਝਲਕੇ ਵੀ ਪਰਮਾਤਮਾ ਦੇ ਚਰਣਾਂ ਨੂੰ ਛੱਡਣਾ ਨਹੀਂ ਹੁੰਦੀ। ਆਤਮਾ ਤਾਂ ਪਰਮਾਤਮਾ ਦੇ ਇਕ ਛਿਣ ਦੇ ਦਰਸ ਲਈ ਵਿਆਕੁਲ ਰਹਿੰਦੀ ਹੈ। ਉਹ ਪ੍ਰਭੂ ਪਿਆਰ ਨੂੰ ਸਲਾਮਤ ਰੱਖਣ ਲਈ ਸ਼ਰੀਰ ਦੇ ਟੁਕੜੇ ਕਰਵਾਉਣ ਵੀ ਤਿਆਰ ਹੋ ਜਾਂਦੀ ਹੈ। ਆਤਮਾ ਤੇ ਪਰਮਾਤਮਾ ਦੇ ਮਿਲਾਪ ਉਪਰੰਤ, ਆਤਮਾ ਪ੍ਰਭੂ ਨਾਲ ਇਸ ਕਦਰ ਨੇੜਤਾ ਅਨੁਭਵ ਕਰਨ ਲੱਗ ਪੈਂਦੀ ਹੈ ਕਿ ਉਹ ਉਸ ਨਾਲ ਪ੍ਰਤੱਖ ਗੱਲਾਂ ਕਰਦੇ ਜਾਪਦੇ ਹਨ। 'ਪੁਰੇਨ' ਅਤੇ 'ਜਲ' ਦੇ ਸਦੀਵੀ ਰਿਸ਼ਤੇ ਰਾਹੀਂ ਉਹ ਆਤਮਾ ਤੇ ਪਰਮਾਤਮਾ ਦੀ ਅਟੁੱਟ ਸਾਂਝ ਨੂੰ ਰੂਪਮਾਨ ਕਰਦੇ ਹਨ। ਜਿਵੇਂ ਚੁਪੱਤੀ ਪਾਣੀ ਤੋਂ ਦੂਰ ਰਹਿ ਕੇ ਹਰੀ-ਭਰੀ ਨਹੀਂ ਰਹਿ ਸਕਦੀ, ਤਿਵੇਂ ਆਤਮਾ ਵੀ ਪਰਮਾਤਮਾ ਦੇ ਚਰਨਾਂ ਤੋਂ ਦੂਰ ਰਹਿ ਕੇ ਖੁਸ਼ ਨਹੀਂ ਰਹਿ ਸਕਦੀ।

*ਜੈਸੇ ਪੁਰੇਨ ਪਾਤ ਰਹੇ ਜਲ ਸਮੀਪ ਭਨਿ,*

*ਰਵਿਦਾਸ ਜਨਮੇ ਜਗਿ ਓਇ॥*

**(ਆਦਿ ਗ੍ਰੰਥ, ਪੰਨਾ 858)**

ਪਰਮਾਤਮਾ ਤੇ ਆਤਮਾ ਦੇ ਰਿਸ਼ਤੇ ਨੂੰ ਉਨ੍ਹਾਂ ਨੇ ਪਹਾੜ ਤੇ ਮੋਰ, ਚੰਨ ਤੇ ਚਕੋਰ, ਦੀਵਾ ਤੇ ਬਾਤੀ ਅਤੇ ਤੀਰਥ ਤੇ ਜਾਤਰੀ ਦੇ ਰਿਸ਼ਤੇ ਰਾਹੀਂ ਚਿਤਵਿਆ ਹੈ। ਇਹ ਸਬੰਧ ਅਨਿੱਖੜ, ਸਦੀਵੀ ਅਤੇ ਪਿਆਰ ਅਧਾਰਿਤ ਹੈ।

ਉਨ੍ਹਾਂ ਨੇ ਆਤਮਾ ਤੇ ਪਰਮਾਤਮਾ ਦੇ ਆਪਸੀ ਸਬੰਧਾਂ ਨੂੰ ਸੁਹਾਗਨ ਇਸਤਰੀ ਦੇ ਰੂਪਕ ਨਾਲ ਵੀ ਚਿਤਵਿਆ ਹੈ ਜਦਕਿ ਵਿਸ਼ੈ-ਵਿਕਾਰਾਂ ਦੀ ਮੈਲ ਨਾਲ ਲਥਪਥ ਹੋਈ ਆਤਮਾ ਲਈ ਦੁਹਾਗਨਿ ਦਾ ਪ੍ਰਤੀਕ ਵਰਤਿਆ ਹੈ। ਭਗਤੀ ਤੋਂ ਕੋਰੀ ਆਤਮਾ ਨੂੰ ਕਦੇ ਪਰਮਾਤਮਾ ਦਾ ਮਿਲਾਪ ਨਹੀਂ ਮਿਲਦਾ। ਉਹ ਇਕੱਲੀ ਆਪਣੇ ਕੁਕਰਮਾਂ ਦਾ ਫਲ ਭੁਗਤਦੀ ਹੈ।

ਆਤਮਾ ਪਰਮਾਤਮਾ ਦੀ ਅਭੇਦਤਾ, ਇਕਰੂਪਤਾ ਜਾਂ ਅਦਵੈਤਵਾਦਿਤਾ, ਰਹੱਸਵਾਦੀ, ਸਾਧਕਾਂ ਦਾ ਮਨੋਰਥ ਵੀ ਹੈ ਅਤੇ ਪ੍ਰਾਪਤੀ ਵੀ। ਜਦੋਂ ਆਤਮਾ ਸਭ ਪ੍ਰਕਾਰ ਦੇ ਵਿਕਾਰਾਂ, ਤ੍ਰਿਸ਼ਨਾਵਾਂ ਅਤੇ ਕਰਮਕਾਂਡਾਂ ਤੋਂ ਮੁਕਤ ਹੋ ਕੇ ਪ੍ਰਭੂ ਨਾਲ ਸਦੀਵੀ ਸਬੰਧ ਸਥਾਪਿਤ ਕਰ ਲੈਂਦੀ ਹੈ ਤਾਂ ਉਸ ਨੂੰ ਆਪਣੇ ਤੇ ਬ੍ਰਹਮ ਵਿਚ ਕੋਈ ਅੰਤਰ ਨਹੀਂ ਦਿਖਾਈ ਦਿੰਦਾ। ਭਗਤੀ ਅਤੇ ਨਾਮ ਸਿਮਰਨ ਨਾਲ ਉਸ ਨੂੰ ਬ੍ਰਹਮ ਨਾਲ ਇਕਮਿਕਤਾ ਪ੍ਰਾਪਤ ਹੋ ਜਾਂਦੀ ਹੈ। ਦੂਈ ਤੇ ਦਵੈਤ ਦਾ ਅੰਤਰ ਮਿਟ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਸਾਗਰ ਤੇ ਉਸ ਵਿਚ ਉਠਦੀਆਂ ਲਹਿਰਾਂ ਵਿਚ ਕੋਈ ਅੰਤਰ ਨਹੀਂ ਹੁੰਦਾ।

***ਜਬ ਹਮ ਹੋਤੇ ਤਬ ਤੂੰ ਨਾਹੀ,***

***ਅਬ ਤੂ ਹੀ ਮੈਂ ਨਾਹੀ॥***

***ਅਨਲ ਅਗਮ ਜੈਸੇ ਲਹਿਰ ਮਇ ਓਦਧਿ***

***ਜਲ ਕੇਵਲ ਜਲ ਮਾਂਹੀ॥***

**(ਆਦਿ ਗ੍ਰੰਥ, ਪੰਨਾ 657)**

ਗੁਰੂ ਰਵਿਦਾਸ ਤੋਂ ਪਹਿਲਾਂ ਸੰਤ ਨਾਮਦੇਵ, ਕਬੀਰ ਜੀ ਨੇ ਵੀ ਆਤਮਾ ਦੇ ਵਿਸ਼ਾਲ ਸਰੂਪ ਦਾ ਵਰਨਣ ਕਰਦੇ ਹੋਏ ਉਸ ਨੂੰ ਜੀਵ ਅਤੇ ਬ੍ਰਹਮ ਨਾਲ ਜੋੜਿਆ ਹੈ। ਗੁਰੂ ਰਵਿਦਾਸ ਜੀ ਨੇ ਆਤਮਾ ਦਾ ਵਰਨਣ ਅਦਵੈਤ, ਵੇਦਾਂਤ ਅਨੁਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਬ੍ਰਹਮ ਤੇ ਆਤਮਾ ਵਿਚ ਕੋਈ ਅੰਤਰ ਨਹੀਂ ਪ੍ਰੰਤੂ ਆਤਮਾ ਜਦ ਸ਼ਰੀਰ ਵਿਚ ਆਉਂਦੀ ਹੈ ਤਾਂ ਮੋਹ ਮਾਇਆ ਵਿਚ ਫੱਸਕੇ ਇਸ ਸੱਚ ਨੂੰ ਭੁੱਲ ਜਾਂਦੀ ਹੈ। ਉਹ ਤੇਰ-ਮੇਰ ਵਿਚ ਫੱਸਕੇ ਅਮੁੱਲ ਮਨੁੱਖੀ ਜੀਵਨ ਗੁਆ ਦਿੰਦੀ ਹੈ।

5.5.5. **ਮਾਇਆ**: ਭਾਰਤੀ ਦਾਰਸ਼ਨਿਕਾਂ ਨੇ ਪ੍ਰਾਚੀਨਕਾਲ ਤੋਂ ਮਾਇਆ ਦਾ ਵਿਵੇਚਨ ਕੀਤਾ ਹੈ। ਇਸਦਾ ਇਸ਼ਾਰਾ ਵੇਦਾਂ ਵਿਚ ਵੀ ਮਿਲਦਾ ਹੈ। ਵੇਦਾਂ ਵਿਚ ਰੂਪ ਬਦਲਣ ਦੀ ਕਿਰਿਆ ਨੂੰ ਮਾਇਆ ਕਿਹਾ ਗਿਆ ਹੈ। ਉਪਨਿਸ਼ਦਾਂ ਵਿਚ 'ਨਾਮ ਰੂਪ' ਦੇ ਅਰਥਾਂ ਵਿਚ 'ਮਾਇਆ' ਸ਼ਬਦ ਦਾ ਪ੍ਰਯੋਗ ਹੋਇਆ ਹੈ।

**ਪ੍ਰੋ. ਦਾਸ ਗੁਪਤਾ**(28) ਨੇ ਮਾਇਆ ਦੀ ਵਿਵੇਚਨਾ ਕਰਦੇ ਹੋਏ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਮਾਇਆ ਸ਼ਬਦ ਨੂੰ ਰਿਗਵੇਦ ਵਿਚ ਅਲੌਕਿਕ ਸ਼ਕਤੀ ਅਤੇ ਅਦਭੁੱਤ ਕੌਸ਼ਲ ਦੇ ਰੂਪ ਵਿਚ ਵਰਤਿਆ ਗਿਆ ਹੈ।

ਸ਼ਤੇਤਾਸ਼ਵਰ ਉਪਨਿਸ਼ਦ ਵਿਚ ਪ੍ਰਕ੍ਰਿਤੀ ਨੂੰ ਮਾਇਆ ਅਤੇ ਪ੍ਰਭੂ ਨੂੰ ਮਹਾਨ ਮਾਯਾਵੀ ਕਿਹਾ ਗਿਆ ਹੈ।

ਇਸ ਵਿਚ ਅੱਗੇ ਕਿਹਾ ਗਿਆ ਹੈ ਕਿ 'ਸਾਰੇ ਜਗਤ ਨੂੰ ਮਾਇਆ ਦਾ ਅਧਿਪਤੀ ਪਰਮੇਸ਼ਵਰ ਪੰਚ ਤੱਤ ਆਦਿ ਨਾਲ ਬਨਾਉਂਦਾ ਹੈ ਅਤੇ ਦੂਜਾ ਆਤਮਾ ਉਸ ਪਰਪੰਚ ਵਿਚ ਮਾਇਆ ਨਾਲ ਚੰਗੀ ਤਰ੍ਹਾਂ ਬੰਨੀ ਹੋਈ ਹੈ।' ਗੀਤਾ ਵਿਚ ਮਾਇਆ ਨੂੰ ਭਰਮ, ਅਵਿਦਿਆ ਕਿਹਾ ਗਿਆ ਹੈ। ਮਾਇਆਵਾਦ ਦਾ ਵਿਸ਼ਾਲ ਅਤੇ ਡੂੰਘਾ ਵਿਵੇਚਨ ਅਚਾਰਿਆ ਸ਼ੰਕਰ ਨੇ ਪ੍ਰਸਤੁਤ ਕੀਤਾ ਹੈ। ਉਨ੍ਹਾਂ ਨੇ ਭਰਮ, ਅਗਿਆਨ ਅਤੇ ਨਾਮ ਰੁਪਾਤਮਕ ਜਗਤ ਨੂੰ 'ਮਾਇਆ' ਦੇ ਨਾਂ ਨਾਲ ਪ੍ਰਗਟ ਕੀਤਾ ਹੈ। ਵਿਸ਼ਿਸ਼ਟਾਦਵੈਤ, ਦਵੈਤ, ਦੈਤਾਦਵੈਤ ਆਦਿ ਮਤਾਂ ਨੇ ਮਾਇਆ ਨੂੰ ਈਸ਼ਵਰ ਦੀ ਸ਼ਕਤੀ ਮੰਨਿਆ ਹੈ।

ਗੋਰਖਨਾਥ ਨੇ ਮਾਇਆ ਦੇ ਵਿਸ਼ੇ ਵਿਚ ਲਿਖਿਆ ਹੈ ਕਿ ਇਹ ਮਾਇਆ ਜ਼ਹਿਰੀਲੀ ਸਰਪਨੀ ਹੈ। ਇਸਨੇ ਬ੍ਰਹਮਾ, ਵਿਸ਼ਨੂੰ ਤੇ ਮਹਾਦੇਵ ਨੂੰ ਛਲ ਲਿਆ ਹੈ। ਮਾਇਆ ਨੂੰ ਨਸ਼ਟ ਕਰਨ ਦੇ ਨਾਲ ਹੀ ਪਰਮ ਮੰਤਵ ਦੀ ਪ੍ਰਾਪਤੀ ਸੰਭਵ ਹੈ। ਸੰਤ ਨਾਮਦੇਵ ਅਤੇ ਕਬੀਰ ਜੀ ਨੇ ਵੀ ਮਾਇਆ ਨੂੰ ਪ੍ਰਭੂ ਪ੍ਰਾਪਤੀ ਵਿਚ ਵਿਘਨ ਸਰੂਪ ਮੰਨਿਆ ਹੈ। ਰਵਿਦਾਸ ਜੀ ਨੇ ਵੀ ਮਾਇਆ ਦੇ ਸਰੂਪ, ਪ੍ਰਭਾਵ ਅਤੇ ਇਸ ਤੋਂ ਛੁਟਕਾਰਾ ਪਾਉਣ ਦੀ ਗੱਲ ਕਹੀ ਹੈ।

ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਮਾਇਆ ਅਤਿਅੰਤ ਵਿਆਪਕ ਤੇ ਸ਼ਕਤੀਸ਼ਾਲੀ ਹੈ। ਇਸ ਦੀ ਮੋਹਨੀ ਸ਼ਕਤੀ ਨੇ ਸਾਰੇ ਸੰਸਾਰ ਨੂੰ ਦੁਖੀ ਕੀਤਾ ਹੋਇਆ ਹੈ। ਇਸਨੇ ਸਾਰੇ ਸੰਸਾਰ ਨੂੰ ਖਾ ਲਿਆ ਹੈ। ਇਹ ਇੰਨੀ ਸ਼ਕਤੀਸ਼ਾਲੀ ਹੈ ਕਿ ਸੁਰ-ਨਰ-ਮੁਨੀ ਵੀ ਇਸਦੇ ਵਸ਼ੀਭੂਤ ਹਨ।

ਉਨ੍ਹਾਂ ਨੇ ਮਨੋਵਿਕਾਰਾਂ, ਜਿਵੇਂ ਕਾਮ, ਕ੍ਰੋਧ, ਮੋਹ, ਹੰਕਾਰ, ਲੋੜ, ਅਸੱਤ, ਰਜੋ ਅਤੇ ਤਮੋ ਨੂੰ ਮਾਇਆ ਦੇ ਸ਼ਕਤੀਸ਼ਾਲੀ ਹਥਿਆਰਾਂ ਵਜੋਂ ਪਹਿਚਾਣਿਆ ਹੈ। ਜਿਨ੍ਹਾਂ ਕਾਰਨ ਮਨੁੱਖ ਮਾਇਆ ਦੇ ਹੱਥ ਵਿਕ ਜਾਂਦਾ ਹੈ।

*'ਮਨੁ ਮਾਇਆ ਕੈ ਹਾਥ ਬਿਕਾਨਉ'*

**(ਆਦਿ ਗ੍ਰੰਥ, ਪੰਨਾ 710)**

ਮਾਇਆ ਦੇ ਪ੍ਰਭਾਵ ਤੋਂ ਤਾਂ ਸ਼ਿਵ ਵਰਗੇ ਦੇਵ ਵੀ ਨਹੀਂ ਬਚ ਸਕੇ ਹਨ।

*'ਗੋਤਮ ਨਾਰਿ ਉਮਾਪਤਿ ਸ੍ਵਾਮੀ*
*ਸੀਸੁ ਧਰਨਿ ਸਹਿਸ ਭਗ ਗਾਮੀ।'*

**(ਆਦਿ ਗ੍ਰੰਥ, ਪੰਨਾ 110)**

ਪਰੰਤੂ ਉਨ੍ਹਾਂ ਨੇ ਦੱਸਿਆ ਹੈ ਕਿ ਸੰਸਾਰ ਇਸ ਥੋਥੀ ਤੇ ਝੂਠੀ ਮਾਇਆਂ ਤੋਂ ਬੱਚ ਸਕਦਾ ਹੈ। ਕਿਉਂਕਿ ਮਾਇਆ ਦੇ ਸਾਰੇ ਪ੍ਰਪੰਚ ਮਿਥਿਆ ਤੇ ਛਲ ਪੂਰਨ ਹਨ। ਇਸਦੇ ਸਿਰਜੇ ਪਦਾਰਥ ਅਤੇ ਰਿਸ਼ਤੇ ਚਾਹੇ ਪੁੱਤ ਦੇ ਹੋਣ ਜਾਂ ਮਾਂ, ਪਤਨੀ ਦੇ ਹੋਣ ਜਾਂ ਭੈਣ ਤੇ ਧੀਅ ਦੇ, ਪਿਤਾ ਦੇ ਹੋਣ ਜਾਂ ਪਤੀ ਦੇ, ਉਦੋਂ ਤੱਕ ਹੀ ਸਾਥ ਦਿੰਦੇ ਹਨ ਜਦ ਤਕ ਮਨੁੱਖ ਵਿਚ ਜਾਨ ਹੈ।

ਅਜਿਹੀ ਵਿਸ਼ਮ ਅਤੇ ਪ੍ਰਬਲ ਮਾਇਆ ਤੋਂ ਮੁਕਤੀ ਦੇ ਉਪਾਅ ਵੀ ਰਵਿਦਾਸ ਜੀ ਨੇ ਦਸੇ ਹਨ। ਇਨ੍ਹਾਂ ਨੇ ਮਾਇਆ ਨੂੰ ਥੋਥੀ ਅਤੇ ਝੂਠੀ ਕਿਹਾ ਹੈ। ਇਹ ਸੁੰਤਤਰ-ਸੱਤਾ-ਸੰਪਨ ਨਹੀਂ ਹੈ। ਮਾਇਆ ਦੇ ਸਾਰੇ ਪ੍ਰਪੰਚ ਮਿਥਿਆ ਅਤੇ ਛੱਲ ਪੂਰਨ ਹੁੰਦੇ ਹਨ। ਅੰਤ ਵਿੱਚ ਰਵਿਦਾਸ ਜੀ ਮਨੁੱਖ ਨੂੰ ਭਗਤੀ ਕਰਨ ਦੀ ਸਲਾਹ ਦਿੰਦੇ ਹਨ। ਰੱਬੀ ਭਗਤੀ ਨਾਲ ਮਾਇਆ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ।

*ਝੂਠੀ ਮਾਇਆ ਜਗ ਡਹਕਾਇਆ, ਤੌ ਤੀਨ ਤਾਪ ਦਹੈ ਰੇ*

*ਕਹਿ ਰੈਦਾਸ ਰਾਮ ਰਾਮ ਜਪ ਰਸਨਾ, ਮਾਇਆ ਕੈਸੇ ਸੰਗ ਕਹੈ ਰੇ॥* (ਪਦ - 73)

ਸਾਰੰਸ਼ ਇਹ ਹੈ ਕਿ ਭਗਤ ਕਵੀਆਂ ਨੇ ਮਾਇਆ ਨੂੰ ਸੁਤਤੰਰ ਸੱਤਾ ਨਾ ਮੰਨ ਕੇ ਜਗਤ ਤੇ ਜੀਵ ਨੂੰ ਮਾਇਆ ਦੇ ਅਧੀਨ ਮੰਨਿਆ ਹੈ।ਮਾਇਆ ਦੇ ਸੂਥਲ ਅਤੇ ਸੂਖਮ ਦੋਵੇਂ ਰੂਪਾਂ ਤੋਂ ਬਚਣ ਲਈ ਗੁਰੂ ਦੀ ਸ਼ਰਨ ਲੈਣੀ ਚਾਹੀਦੀ ਹੈ। ਗੁਰੂ ਮਾਇਆ ਦੇ ਪ੍ਰਪੰਚਾਂ ਤੋਂ ਬੱਚਣ ਲਈ ਪਰਮਾਤਮਾ ਭਗਤੀ ਦਾ ਮਾਰਗ ਦਿਖਾਉਂਦਾ ਹੈ। ਪਰਮਾਤਮਾ ਦੀ ਭਗਤੀ ਨਾਲ ਮਾਇਆ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ। ਅਤੇ ਮਨੁੱਖ ਪਰਮ ਤੱਤ ਦੀ ਨਿਕਟਤਾ ਪ੍ਰਾਪਤ ਕਰਦਾ ਹੈ।ਇਸ ਤਰ੍ਹਾਂ ਰਵਿਦਾਸ ਜੀ ਨੇ ਮਾਇਆ ਸੰਬੰਧੀ ਆਪਣੇ ਵਿਚਾਰਾ ਵਿੱਚ ਨਵੀਨਤਾ ਦਰਸ਼ਾਈ। ਇਨ੍ਹਾਂ ਨੇ ਪਰੰਪਰਾਗਤ ਮਾਇਆਵਾਦ ਵਿੱਚ ਨਿਸ਼ੇਦਾਤਮਕ ਅਤੇ ਪਲਾਇਨਵਾਦੀ ਰੁਚੀ ਨੂੰ ਕੋਈ ਮਹੱਤਵ ਨਹੀਂ ਦਿੱਤਾ।

5.5.6. **ਮੁਕਤੀ** : ਸੰਸਕ੍ਰਿਤ ਧਾਤੂ ਮੁਚ ਤੋਂ ਨਿਕਲੇ ਸ਼ਬਦ ਮੁਕਤੀ ਦਾ ਸ਼ਾਬਦਿਕ ਅਰਥ ਹੈ- ਛੁਟਕਾਰਾ, ਨਿਜ਼ਾਤ, ਰਿਹਾਈ ਜਾਂ ਬੰਧਨਹੀਨਤਾ। ਧਾਰਮਿਕ ਅਰਥਾਂ ਵਿਚ ਹਰ ਤਰ੍ਹਾਂ ਦੇ ਦੁੱਖਾਂ ਜਾਂ ਕਸ਼ਟਾਂ ਤੋਂ ਛੁਟਕਾਰਾ ਪਾਉਣਾ ਮੁਕਤੀ ਹੈ। ਭਾਰਤ ਦੇ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ ਇਸ ਸ਼ਬਦ ਦੀ ਚਰਚਾ ਆਮ ਹੈ। ਹਰ ਧਰਮ ਜਾਂ ਧਾਰਮਿਕ ਫਿਰਕੇ ਨੇ ਇਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਨ ਕੀਤਾ ਹੈ। ਵੇਦਾਂਤ ਅਨੁਸਾਰ ਆਤਮ ਗਿਆਨ ਦੁਆਰਾ ਅਵਿੱਦਿਆ ਦੂਰ ਕਰਕੇ ਜੀਵ ਦਾ ਬ੍ਰਹਮ ਨਾਲ ਅਭੇਦ ਹੋਣਾ ਹੀ ਮੁਕਤੀ ਹੈ।[29]

**ਵੈਸ਼ਨਿਕ ਮਤ ਅਨੁਸਾਰ**,[(30)] 'ਵਿਚਾਰ ਤੇ ਅਭਿਆਸ ਦੁਆਰਾ ਜੀਤਾਤਮਾ ਦਾ ਨੌਂਗੁਣਾਂ (ਗਿਆਨ, ਸੁੱਖ, ਦੁੱਖ, ਇਛਾ, ਦਵੈਸ਼, ਪ੍ਰਯਤਨ, ਧਰਮ, ਅਧਰਮ ਅਤੇ ਭਾਵਨਾ) ਤੋਂ ਅਸੰਗ ਜਾਂ ਮੁਕਤ ਹੋ ਜਾਣਾ ਮੁਕਤੀ ਹੈ।'

ਇਸ ਤਰ੍ਹਾਂ ਮੁਕਤੀ ਦਾ ਸੰਕਲਪ ਪ੍ਰਾਚੀਨ ਕਾਲ ਤੋਂ ਭਾਰਤੀ ਦਰਸ਼ਨ ਵਿਚ ਮੌਜੂਦ ਹੈ। ਇਸੇ ਨੂੰ ਮੋਕਸ਼ ਦਾ ਨਾਂ ਵੀ ਦਿੱਤਾ ਗਿਆ ਹੈ। ਪ੍ਰਾਚੀਨ ਕਾਲ ਵਿਚ ਇਕ ਆਦਰਸ਼ ਵਿਅਕਤੀ ਦੇ ਜੀਵਨ ਵਿਚ ਧਰਮ, ਅਰਥ, ਕਾਮ ਅਤੇ ਮੋਕਸ਼ ਦੀ ਵਿਸ਼ੇਸ਼ ਮਹੱਤਾ ਸਵੀਕਾਰੀ ਜਾਂਦੀ ਹੈ। ਪ੍ਰਾਚੀਨ ਯੁੱਗ ਤੋਂ ਅਜੋਕੇ ਯੁੱਗ ਵਿਚ ਲਗਭਗ ਸਭ ਮਤਾਂ, ਧਰਮਾਂ ਅਤੇ ਵਿਚਾਰਧਾਰਾਵਾਂ ਵਿਚ ਆਤਮਾ ਦਾ ਅੰਤਿਮ ਲਕਸ਼ ਮੁਕਤੀ ਹੀ ਮੰਨਿਆ ਗਿਆ ਹੈ। ਭਾਵੇਂ ਮੁਕਤੀ ਪ੍ਰਾਪਤ ਕਰਨ ਦੇ ਸਾਧਨ ਵੱਖ-ਵੱਖ ਕਾਲਾਂ ਅਤੇ ਵੱਖ-ਵੱਖ ਮਤਾਂ ਵਿਚ ਅੱਡੋ-ਅੱਡਰੇ ਰਹੇ ਹਨ। ਇੰਞ, ਕੋਈ ਨਿਰਗੁਣੀ ਮਤ ਹੋਵੇ ਜਾਂ ਸਰਗੁਣ ਅਸਲ ਮਨੋਰਥ ਸਭ ਵਿਚ ਮੁਕਤੀ ਹਾਸਲ ਕਰਨਾ ਹੀ ਰਿਹਾ ਹੈ। ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ **ਮੁਕਤੀ ਉਸ ਅਵਸਥਾ ਦੀ ਸੂਚਕ ਹੈ ਜਦੋਂ ਮਨੁੱਖ ਦੇ ਹਿਕ, ਭੌਤਿਕ ਅਤੇ ਦੈਵਿਕ ਦੁਖਾਂ ਤੋਂ ਛੁਟਕਾਰਾ ਹਾਸਲ ਕਰਕੇ ਬ੍ਰਹਮ ਨਾਲ ਅਭੇਦ ਹੋ ਜਾਵੇ ਅਤੇ ਉਸ ਦੇ ਸਭ ਸੰਸਾਰਿਕ ਕਲੇਸ਼ ਕੱਟੇ ਜਾਣ।**

ਗੁਰਮਤਿ ਵਿਚ ਮੁਕਤੀ ਲਈ ਮੌਖੰਤਰੁ, ਮੁਕਤਿ ਦੁਆਰਾ, ਮੋਖ ਦੁਆਰੁ, ਨਿਰਵਾਣ, ਪਰਮਪਦ, ਪਰਮ ਗਤਿ, ਨਿਰਭਯਪਦ, ਪਰਮਾਸੁਖ, ਚੌਥਾ ਪਦ, ਅਮਰਪਦ, ਮਹਾਮੁਖ, ਪਰਮਾਨੰਦ ਤੇ ਬੇਗਮਪੁਰਾ ਆਦਿ ਕਈ ਪਰਯਾਯ ਪ੍ਰਯੁਕਤ ਹਨ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ 'ਮੁਕਤੀ' ਦੇ ਕਈ ਪਰੋਖ ਅਤੇ ਅਪਰੋਖ ਹਵਾਲੇ ਦ੍ਰਿਸ਼ਟੀਗੋਚਰ ਹੁੰਦੇ ਹਨ। ਉਨ੍ਹਾਂ ਆਪਣੀ ਬਾਣੀ ਵਿਚ ਕਈ ਥਾਈਂ ਲਿਖਿਆ ਹੈ ਕਿ ਉਨ੍ਹਾਂ ਦੇ ਸਮਕਾਲੀ ਭਗਤਾਂ ਨਾਮਦੇਵ,

ਕਬੀਰ, ਤਿਲੋਚਨ, ਸਧਨਾ ਅਤੇ ਸੈਨਾ ਵੀ ਨੀਚ ਜਾਤੀ ਨਾਲ ਸਬੰਧਿਤ ਹੋ ਕੇ ਵੀ ਪ੍ਰਭੂ ਭਗਤੀ ਕਰਦੇ ਹੋਏ ਮੁਕਤੀ ਪ੍ਰਾਪਤ ਕਰ ਗਏ। ਉਨ੍ਹਾਂ ਅਨੁਸਾਰ ਭਵਸਾਗਰ ਨੂੰ ਪਾਰ ਕਰਨ ਤੇ ਮੁਕਤੀ ਹਾਸਲ ਕਰਨ ਲਈ ਕੇਵਲ ਪ੍ਰਭੂ ਦਾ ਨਾਮ ਹੀ ਇਕ ਮਾਤਰ ਜ਼ਰਿਆ ਹੈ।

***ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥***

***ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਤਰੈ॥***

**(ਆਦਿ ਗ੍ਰੰਥ, ਪੰਨਾ 1196)**

ਪਰੰਤੂ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਜਿਹੇ ਪੰਜ ਵਿਕਾਰ ਮੁਕਤੀ ਦੇ ਰਾਹ ਵਿਚ ਰੁਕਾਵਟ ਪਾਉਂਦੇ ਹਨ। ਗੁਰੂ ਦੀ ਸ਼ਰਣ ਅਤੇ ਉਸ ਦੇ ਦੱਸੇ ਰਾਹ ਉਤੇ ਚਲਕੇ ਹੀ ਇਨਸਾਨ ਆਪਣੇ ਆਪ ਨੂੰ ਇਨ੍ਹਾਂ ਵਿਕਾਰਾਂ ਤੋਂ ਬਚਾ ਸਕਦਾ ਹੈ ਤੇ ਫਿਰ ਹੀ ਉਹ ਪ੍ਰਭੂ ਦੇ ਨਾਂ ਦੇ ਸਿਮਰਨ ਰਾਹੀਂ ਮੁਕਤੀ ਦਾ ਹੱਕਦਾਰ ਬਣਦਾ ਹੈ।

ਉਹ ਜੀਵਨ ਮੁਕਤੀ ਪ੍ਰਾਪਤ ਕਰਨ ਲਈ ਕਈ ਵਸਤਾਂ ਤੇ ਜ਼ੋਰ ਦਿੰਦੇ ਹਨ ਜਿਵੇਂ - ਪ੍ਰਭੂ ਭਗਤੀ, ਨਾਮ ਸਿਮਰਨ ਦੀ ਆਵਸ਼ਕਤਾ, ਸਤਿਗੁਰੂ ਦਾ ਮਹੱਤਵ, ਪ੍ਰਭੂ ਕਿਰਪਾ, ਨਿਮਰਤਾ ਦੀ ਲੋੜ, ਹਉਮੈਂ ਹੰਕਾਰ ਦਾ ਤਿਆਗ ਛੁਟਕਾਰਾ ਅਤੇ ਕਰਮ ਕਾਂਡ ਦਾ ਤਿਆਗ।

5.5.7 **ਸੰਤ ਮਹਿਮਾ** :- ਗੁਰੂ ਰਵਿਦਾਸ ਜੀ ਨੇ ਹੋਰ ਨਿਰਗੁਣਵਾਦੀ ਸੰਤਾਂ ਦੀ ਤਰ੍ਹਾਂ ਆਪਣੀ ਬਾਣੀ ਵਿੱਚ ਬਾਰ-ਬਾਰ ਸੰਤਾਂ ਦੀ ਮਹਿਮਾ ਦਾ ਗਾਇਨ ਕੀਤਾ ਹੈ। ਗੁਰੂ ਰਵਿਦਾਸ ਹੀ ਨਹੀਂ ਸਮੁੱਚੀ ਭਗਤੀ ਪਰੰਪਰਾ ਦੇ ਨਾਲ ਜੁੜੇ ਭਗਤ -ਸੰਤਾਂ ਦੀ ਰਚਨਾਵਾਂ ਅਧਿਐਨ ਕਰਨ ਉਪਰੰਤ ਇਹ ਜਾਣਕਾਰੀ ਮਿਲਦੀ ਹੈਕਿ ਅਧਿਆਤਮਕ ਅਨੁਭਵੀ ਵਾਲੇ ਸਾਧਕਾਂ ਲਈ ਨਿਰਗੁਣਵਾਦੀ ਤੇ ਸਰਗੁਣਵਾਦੀ ਦੋਹਾਂ ਸਾਧਕਾਂ ਨੇ ਸੰਤ, ਭਗਤ, ਸਾਧੂ, ਗੁਰਮੁਖਿ, ਗੁਰਸਿੱਖ, ਸਿੱਖ, ਪੰਚ, ਸੁਹਾਗਣ , ਸਚਿਆਰਾ, ਹੰਸ , ਗਿਆਨੀ , ਬ੍ਰਹਮਗਿਆਨੀ, ਜੋਗੀ, ਜਤੀ, ਸਿੱਧ ਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ।

'ਸੰਤ' ਸ਼ਬਦ ਦੀ ਵਰਤੋਂ ਸੰਬੰਧੀ ਇਤਿਹਾਸ ਵਾਚਣ ਤੇ ਪਤਾ ਚਲਦਾ ਹੈਕਿ ਸਭ ਤੋਂ ਪਹਿਲਾਂ **14 ਵੀਂ ਸ਼ਤਾਬਦੀ ਵਿਚ ਵਾਕੁਰੀ ਜਾਂ ਬਿਠਲ ਸੰਪਰਦਾਇ ਨੇ ਭਗਤਾਂ ਲਈ ਇਸ ਸ਼ਬਦ** ਦਾ ਪ੍ਰਯੋਗ ਕੀਤਾ ਗਿਆ।[31]

**ਡਾ: ਵਿਸ਼ਣੁਦੱਤ ਰਾਕੇਸ਼ ਦਾ ਵਿਚਾਰ** ਸੀ ਕਿ ਹਿੰਦੀ ਤੋਂ ਬਿਨਾਂ ਹੋਰ ਭਾਰਤੀ ਭਾਸ਼ਾਵਾਂ ਦੇ ਭਗਤੀ ਸਾਹਿਤ ਵਿੱਚ ਨਿਰਗੁਣ ਤੇ ਸਗੁਣ ਮਾਰਗੀ ਸਭ ਸਾਧਕਾਂ ਲਈ 'ਸੰਤ' ਸੰਬਦ ਦੀ ਵਰਤੋਂ ਕੀਤੀ ਗਈ।[32]

**ਡਾ: ਰਾਜਦੇਵ ਸਿੰਘ** ਲਿਖਦੇ ਹਨ; ਕਿ 'ਸੰਤ' ਸ਼ਬਦ 15 ਵੀਂ , 16 ਵੀਂ ਸ਼ਤਾਬਦੀ ਤੋਂ ਚੱਲੀ ਆ ਰਹੀ ਦੇਸੀ ਅਰਥ- ਪਰੰਪਰਾ ਅਤੇ ਅੰਗ੍ਰੇਜ਼ੀ ਸੇਂਟਸ ਅਤੇ ਭਾਰਤੀ ਭਗਤਾਂ ਨੂੰ ਅਲਗ ਅਲਗ ਸਿੱਧ ਕਰਨ ਲਈ ਤਤਕਾਲੀ ਜਤਨਾਂ ਦੇ ਮਿਲੇਜੁਲੇ ਪ੍ਰਭਾਵਾਂ ਸਦਕਾ ਅੰਗਰੇਜ਼ੀ ਸੇਂਟ ਤੋਂ ਪੂਰਨ ਧਵਨੀ- ਸਮ੍ਰਨਵਯ ਰਖਨ ਵਾਲੇ ਹਿੰਦੀ ਪਦ 'ਸੰਤ' ਅਗਿਆਤ ਰੂਪ ਵਿਚ ਨਿਰਗੁਣ ਬ੍ਰਹਮ ਉਪਾਸਕਾਂ ਦੇ ਅਰਥਾਂ ਵਿਚ ਵਰਤੇ ਗਏ।[33]

ਪਰ ਜੋ ਵੀ ਹੋਵੇ ਇਹ ਗੱਲ ਤਾਂ ਸਾਫ਼ ਹੈ ਕਿ 'ਸੰਤ' ਸ਼ਬਦ ਦਾ ਇਤਿਹਾਸ ਬਹੁਤ ਪੁਰਾਣਾ ਹੈ। **ਡਾ: ਸਰਨਾਮ ਸਿੰਘ ਸ਼ਰਮਾ** ਸੰਤ ਸ਼ਬਦ ਨੂੰ ਰਿਗਵੇਦ ਨਾਲ ਜੋੜਦੇ ਹੋਏ, ਇਸ ਦਾ ਅਰਥ ਅਦੁਤੀ ਪਰਮ ਤੱਤ ਦੱਸਦੇ ਹਨ।[34] ਪਰ ਸਮੁੱਚੀ ਭਗਤੀ ਪਰੰਪਰਾ ਦੇ ਅਧਿਐਨ ਤੋਂ ਮਗਰੋਂ ਜੋ ਅੱਜ 'ਸੰਤ' ਪਦ ਦੀ ਪਰਿਭਾਸ਼ਾ ਉਭਰਦੀ ਹੈ ਉਸ ਅਨੁਸਾਰ-

*"ਪਰਮਾਤਮਾ ਦਾ ਸਾਖਿਆਤਕਾਰ ਕਰਨ ਵਾਲਾ , ਉਸ ਪਰਮ ਸੱਤਾ ਨੂੰ ਅਨੁਭਵ ਕਰਨ ਵਾਲਾ, ਉਸ ਨਾਲ ਤਦਰੂਪਤਾ ਹਾਸਲ ਕਰਨ ਵਾਲਾ ਨਿਰਗੁਣ ਬ੍ਰਹਮ ਵਿਚ ਆਸਥਾ ਅਤੇ ਲੋਕ ਮੁਕਤੀ ਦੀ ਸਮਰੱਥਾ ਰੱਖਣ ਵਾਲਾ ਸਾਧਕ ਸੰਤ ਅਖਵਾਉਂਦਾ ਹੈ।"*

ਗੁਰੂ ਰਵਿਦਾਸ ਜੀ ਵੀ ਹੋਰ ਨਿਰਗੁਣਵਾਦੀ ਸੰਤਾਂ ਵਾਂਗ ਆਪਣੀ ਭਗਤੀ ਪੱਧਤੀ ਵਿਚ ਸੰਤ ਨੂੰ ਬੜਾ ਮਾਣ ਦਿੰਦੇ ਹਨ। ਉਹ ਮੰਨਦੇ ਹਨ ਕਿ ਸੰਤਾਂ ਤੇ ਸਾਧਾਂ ਦੀ ਸੰਗਤਿ ਤੋਂ ਬਿਨਾਂ ਨਾ ਤਾਂ ਮਨੁਖ ਦੇ ਮਨ ਵਿਚ ਪਰਿਵਾਰ, ਸਮਾਜ ਅਤੇ ਦੁਨੀਆਂਦਾਰੀ ਪ੍ਰਤੀ ਵੈਰਾਗ ਉਤਪੰਨ ਹੁੰਦਾ ਹੈ ਤੇ ਨਾ ਹੀ ਪ੍ਰਭੂ ਦੇ ਪ੍ਰਤੀ ਪ੍ਰੇਮ। ਈਸ਼ਵਰ ਦੀ ਪ੍ਰਾਪਤੀ ਲਈ ਉਸਦੀ ਭਗਤੀ ਲਈ ਮਨ ਵਿਚ ਨਿਸ਼ਕਾਮ ਪ੍ਰੇਮ ਹੋਣਾ ਜ਼ਰੂਰੀ ਹੈ। ਸੰਤਾਂ ਦੀ ਸੰਗਤ ਮਨੁੱਖ ਮਨ ਵਿਚ ਪ੍ਰਭੂ ਪ੍ਰਾਪਤੀ ਦੀ ਚੇਟਕ ਅਤੇ ਨਿਸ਼ਕਾਮ ਪ੍ਰੇਮ ਉਤਪੰਨ ਕਰਦੀ ਹੈ। ਮਨੁੱਖੀ ਮਨ ਵਿਚੋਂ ਹਉਮੈਂ ਦਾ ਨਾਸ਼ ਹੋ ਜਾਂਦਾ ਹੈ। ਮਨ ਨਿਰਮਲ ਹੋ ਜਾਂਦਾ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਵਰਗੇ ਪੰਜ ਵਿਕਾਰ ਸੰਤਾਂ ਦੀ ਕਿਰਪਾ ਨਾਲ ਕਾਬੂ ਵਿਚ ਆ ਜਾਂਦੇ ਹਨ। ਮਨ ਆਪਣੀ ਚੰਚਲਤਾ ਛੱਡਕੇ ਸਥਿਰਤਾ ਦੇ ਗੁਣ ਨੂੰ ਧਾਰਨ ਕਰਦਾ ਹੈ। ਸੰਤਾਂ ਦੇ ਚਰਣਾਂ ਵਿਚ ਬੈਠਕੇ ਮਨੁੱਖ ਨੂੰ ਪ੍ਰਭੂ ਨਾਲ ਲਿਵ ਲਗਾਉਣ ਦੀ ਜਾਚ ਆ ਜਾਂਦੀ ਹੈ ਅਤੇ ਹੌਲੀ ਹੌਲੀ ਉਹ ਪਰਮਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ।

*ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥*

*ਸਾਧ ਸੰਗਤਿ ਪਾਈ ਪਰਮ ਗਤੇ॥*

**(ਆਦਿ ਗ੍ਰੰਥ, ਪੰਨਾ 1293)**

ਗੁਰੂ ਰਵਿਦਾਸ ਜੀ ਜਦ ਬਨਾਰਸ ਦੀ ਧਰਤੀ ਤੇ ਅਵਤਰਿਤ ਹੋਏ ਉਹ ਸਮਾਂ ਬ੍ਰਾਹਮਣਵਾਦ ਦਾ ਸਮਾਂ ਸੀ। ਪੰਡਤ, ਪੁਜਾਰੀ ਤੇ ਮਹੰਤਾਂ ਦੀ ਚੜ੍ਹਤ ਸੀ ਜੋ ਧਰਮ ਦੇ ਨਾਂ ਤੇ ਗਰੀਬ ਜਨਤਾ ਦਾ ਸ਼ੋਸ਼ਣ ਕਰ ਰਹੇ ਸਨ। ਖਾਸ ਕਰ ਦਲਿਤ ਵਰਗ ਦੀ ਦਸ਼ਾ ਬਹੁਤ ਮਾੜੀ ਸੀ। ਪੁਜਾਰੀ, ਪੰਡਤਾਂ ਤੇ ਮਹੰਤਾਂ ਦਾ ਆਚਰਣ ਵੀ ਸ਼ੁੱਧ ਨਹੀਂ ਸੀ। ਉਹ ਨੈਤਿਕ ਤੌਰ ਤੇ ਗਿਰੇ ਹੋਏ ਸਨ। ਅਜਿਹੀ ਹਾਲਤਾਂ ਵਿਚ ਗੁਰੂ ਰਵਿਦਾਸ ਜੀ ਨੇ ਪੰਡਤ ਦੀ ਥਾਂ ਸੰਤ ਦਾ ਸੰਕਲਪ ਦੇ ਕੇ ਨਵੇਂ ਯੁੱਗ ਦਾ ਸੂਤਰਪਾਤ ਕੀਤਾ ਅਤੇ ਆਮ ਆਦਮੀ ਨੂੰ ਸੰਤਾਂ ਦੀ ਨਿੰਦਾ ਤੋਂ ਵਰਜਿਆ। ਸੰਤਾਂ ਦੀ ਮਹਿਮਾ ਨਾਲ ਦੁਸ਼ਮਣਾਂ ਨੂੰ ਵੀ ਵੱਸ਼ ਵਿਚ ਕੀਤਾ ਜਾ ਸਕਦਾ ਹੈ।

ਸਪੱਸ਼ਟ ਹੈ ਗੁਰੂ ਰਵਿਦਾਸ ਜੀ ਵੀ ਹੋਰ ਨਿਰਗੁਣ ਸੰਤਾਂ ਵਾਂਗ ਆਪਣੀ ਭਗਤੀ ਪੱਧਤੀ ਵਿਚ ਸੰਤਾਂ ਨੂੰ ਬੜਾ ਮਾਣ ਦਿੰਦੇ ਹਨ। ਉਹ ਇਹ ਮੰਨਦੇ ਹਨ ਕਿ ਈਸ਼ਵਰ ਦੀ ਪ੍ਰਾਪਤੀ ਲਈ ਭਗਤੀ ਅਤੇ ਭਗਤੀ ਲਈ ਮਨੁੱਖ ਦੇ ਮਨ ਵਿਚ ਨਿਸ਼ਕਾਮ ਪ੍ਰੇਮ ਅਰਥਾਤ ਭਾਉ ਹੋਣਾ ਲਾਜ਼ਮੀ ਹੈ ਅਤੇ ਸੰਤਾਂ ਦਾ ਸੰਗ ਕਰਦੇ ਹੀ ਉਸਦੇ ਵਿਚ ਪ੍ਰਭੂ ਦੇ ਪ੍ਰਤੀ ਨਿਸੁਆਰਥ ਪ੍ਰੇਮ ਪੈਦਾ ਹੁੰਦਾ ਹੈ। ਉਸ ਨੂੰ ਭਾਉ ਭਗਤੀ ਦੀ ਚੇਟਕ ਲੱਗ ਜਾਂਦੀ ਹੈ ਤੇ ਪ੍ਰਭੂ ਭਗਤੀ ਦੀ ਭੇਦ ਸਮਝ ਆ ਜਾਂਦਾ ਹੈ ਅਤੇ ਮਨੁੱਖ ਦੇ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

*ਸਾਧੂ ਕੀ ਜਉ ਲੇਹਿ ਓਟਿ॥*

*ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥*

**(ਆਦਿ ਗ੍ਰੰਥ, ਪੰਨਾ 1196)**

ਇਸ ਲਈ ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੇ ਸਿਧਾਂਤਕ ਪੱਖਾਂ ਵਿਚ ਸੰਤ ਮਹਿਮਾ ਦੀ ਇਕ ਨਿਵੇਕਲੀ ਥਾਂ ਮੰਨੀ ਜਾਂਦੀ ਹੈ।

5.5.8. **ਨਾਮ ਸਾਧਨਾ** : ਪਰਮਾਤਮਾ ਦੇ ਨਾਮ ਦੀ ਸਿਮਰਨ ਪ੍ਰਕਿਰਿਆ ਨੂੰ ਨਾਮ ਸਾਧਨਾ ਕਿਹਾ ਜਾਂਦਾ ਹੈ। ਸੰਤ ਮਤ ਵਿਚ ਨਾਮ ਸਾਧਨਾ ਮਨ ਦੀਆ ਵ੍ਰਿਤੀਆਂ ਨੂੰ ਈਸ਼ਵਰ ਵੱਲ ਮੋੜਨ ਦੀ ਪ੍ਰਕ੍ਰਿਆ ਦਾ ਨਾਂ ਹੈ। ਇਸ ਸਾਧਨਾ ਦਾ ਜ਼ਿਆਦਾ ਵਿਕਾਸ ਮੱਧ ਯੁੱਗ ਦੇ ਧਰਮ ਸਾਧਕਾਂ ਨੇ ਕੀਤਾ ਹੈ। ਸ਼੍ਰਵਣ ਤੇ ਮਨਨ ਤੋਂ ਬਾਅਦ ਅਭਿਆਸ ਦੀ ਪ੍ਰਕ੍ਰਿਆ ਰਾਹੀਂ ਇਸ ਸਾਧਨਾ ਨੂੰ ਪੂਰਾ ਕੀਤਾ ਜਾ ਸਕਦਾ ਹੈ।

'ਨਾਮ' ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੇ ਦੋ ਧਾਤੂਆਂ ਤੋਂ ਮੰਨੀ ਜਾਂਦੀ ਹੈ। ਇਕ 'ਮਨਾ' ਤੋਂ ਜਿਸਦਾ ਅਰਥ ਹੈ ਯਾਦ ਰੱਖਣਾ ਜਾਂ ਯਾਦ ਕਰਨਾ ਅਤੇ ਦੂਜੀ 'ਨਮ' ਤੋਂ ਜਿਸਦਾ ਅਰਥ ਹੈ ਝੁਕਣਾ ਜਾਂ ਸੰਬੋਧਨ ਕਰਨਾ। ਸਪੱਸ਼ਟ ਹੈ ਕਿ ਨਾਮ ਦਾ ਅਰਥ ਪਹਿਲੀ ਵਿਉਤਪਤੀ ਅਨੁਸਾਰ ਜਿਸ ਸ਼ਬਦ ਦੁਆਰਾ ਕਿਸੇ ਨੂੰ ਯਾਦ ਕੀਤਾ ਜਾਵੇ ਜਾਂ ਯਾਦ ਰੱਖਿਆ ਜਾਵੇ ਬੈਠਦਾ ਹੈ। ਦੂਜੀ ਵਿਉਤਪਤੀ ਅਨੁਸਾਰ ਜਿਸ ਸ਼ਬਦ ਰਾਹੀਂ ਕਿਸੇ ਨੂੰ ਸੰਬੋਧਿਤ ਕੀਤਾ ਜਾਣਾ ਨਿਸ਼ਚਿਤ ਹੁੰਦਾ ਹੈ। ਇਸ ਤਰ੍ਹਾਂ ਪਰਮਾਤਮਾ ਨੂੰ ਯਾਦ ਕਰਨ ਦੇ ਅਤੇ ਸੰਬੋਧਿਤ ਕਰਨ ਦੇ ਅਨੇਕਾਂ ਨਾਂ ਪ੍ਰਚਲਤ ਹੋ ਗਏ ਹਨ। ਆਧੁਨਿਕ ਵਿਦਵਾਨਾਂ ਨੇ 'ਨਾਮ' ਨੂੰ ਪਰਮਾਤਮਾ ਦਾ ਸੂਚਕ, ਪਰਮਾਤਮਾ ਦਾ ਸਮੁੱਚਾ ਅਭਿਵਿਅੰਜਕ, ਪਰਮਾਤਮਾ ਦਾ ਪ੍ਰਕਾਸ਼ਕ ਆਦਿ ਦੱਸਿਆ ਹੈ। ਇਹ ਇਕ ਪ੍ਰਬਲ ਸ਼ਕਤੀ ਹੈ, ਜੋ ਦੈਵੀ ਵਾਸਤਵਿਕਤਾ ਨੂੰ ਸਮਝਣ ਵਿਚ ਸਹਾਇਕ ਹੁੰਦੀ ਹੈ ਅਤੇ ਇਸ ਪਿੱਛੋਂ ਸਾਧਕ ਦਾ ਸਾਰਾ ਵਿਅਕਤਿਤਵ ਪਰਿਵਰਤਿਤ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਇਕ ਵਿਸ਼ੇਸ਼ ਸਾਧਨਾ ਪ੍ਰਣਾਲੀ ਬਣ ਗਈ ਹੈ। ਹੌਲੀ ਹੌਲੀ ਨਾਮ ਸਾਧਨਾ ਦੀ ਪ੍ਰਕਿਰਿਆ ਨੂੰ ਸਿਮਰਨ ਕਿਹਾ ਜਾਣ ਲੱਗਾ। ਸਿੱਖ ਮੱਤ ਵਿਚ ਸਿਮਰਨ ਨੂੰ ਇਸ ਮੱਤ ਦੀ ਰੀੜ੍ਹ ਦੀ ਹੱਡੀ ਕਿਹਾ ਜਾ ਸਕਦਾ ਹੈ।

ਹਿੰਦੂ ਧਰਮ ਨਾਲ ਜੁੜੇ ਵੇਦਾਂ, ਉਪਨਿਸ਼ਦਾਂ, ਸੰਮ੍ਰਿਤੀਆਂ ਵਿਚ ਬਾਰ ਬਾਰ ਮਨੁੱਖੀ ਜੀਵਨ ਦਾ ਮਨੋਰਥ ਮੋਕਸ਼ ਦੀ ਪ੍ਰਾਪਤੀ ਦੱਸੀ ਗਈ ਹੈ ਪਰ ਮੋਕਸ਼ ਭਾਵ ਮੁਕਤੀ ਦੀ ਪ੍ਰਾਪਤੀ ਕਿਵੇਂ ਕੀਤੀ ਜਾਵੇ ਇਸ ਦੀ ਚਰਚਾ ਲਈ ਯੋਗ ਮਾਰਗ, ਕਰਮ ਮਾਰਗ, ਗਿਆਨ ਮਾਰਗ ਤੇ ਭਗਤੀ ਮਾਰਗ ਦਾ ਰਾਹ ਵਿਖਾਇਆ ਹੈ। ਇਨ੍ਹਾਂ ਸਾਰੇ ਹੀ ਮਾਰਗਾਂ ਵਿਚੋਂ ਭਗਤੀ ਮਾਰਗ ਨੂੰ ਸਭ ਤੋਂ ਸੁਗਮ ਤੇ ਸਰਲ ਮੰਨਿਆ ਗਿਆ ਹੈ ਕਿਉਂਕਿ ਇਸ ਮਾਰਗ ਤੇ ਚੱਲਣ ਲਈ ਨਾ ਤਾਂ ਗ੍ਰਿਸਥ ਦੇ ਤਿਆਗ ਦੀ ਲੋੜ ਹੈ ਤੇ ਨਾ ਹੀ ਬ੍ਰਹਮਚਾਰੀ ਰਹਿਣ ਦੀ। ਸਵਾਸ-ਸਵਾਸ ਅਗਰ ਮਨੁੱਖ ਪ੍ਰਭੂ ਦੇ ਨਾਮ ਦਾ ਸਿਮਰਨ ਕਰੇ ਤਾਂ ਬੜੀ ਅਸਾਨੀ ਨਾਲ ਭਵਸਾਗਰ ਪਾਰ ਕਰ ਸਕਦਾ ਹੈ। ਗੁਰੂ ਰਵਿਦਾਸ ਜੀ ਵੀ ਫਰਮਾਉਂਦੇ ਹਨ ਕਿ ਸਤਿਜੁਗ ਵਿਚ ਸਤਿ ਪ੍ਰਧਾਨ ਜੀਵਨ ਜੀਅ ਕੇ, ਤ੍ਰੇਤਾ ਯੁੱਗ ਵਿਚ ਸਦਾਚਾਰ ਪ੍ਰਧਾਨ ਜੀਵਨ ਰਾਹੀਂ ਅਤੇ ਕਲਯੁੱਗ ਵਿਚ ਪ੍ਰਭੂ ਦੇ ਨਾਮ ਦੇ ਜਾਪ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਇਸੇ ਲਈ ਗੁਰੂ ਰਵਿਦਾਸ ਜੀ ਨੇ ਨਾਮ ਨੂੰ ਹੀ ਜੀਵਨ ਦਾ ਆਧਾਰ ਮੰਨਿਆ ਹੈ ਅਤੇ ਨਾਮ ਦੀ ਵਡਿਆਈ ਗਾਈ ਹੈ।

*ਮੋਹਿ ਅਧਾਰੁ ਨਾਮ ਨਰਾਇਨ,*

*ਜੀਵਨ ਪ੍ਰਾਨ ਧਨ ਮੋਰੇ।*

**(ਆਦਿ ਗ੍ਰੰਥ, ਪੰਨਾ 974)**

ਉਨ੍ਹਾਂ ਮਨੁੱਖ ਨੂੰ ਸਮਝਾਇਆ ਕਿ ਆਪਣੀ ਰਸਨਾ ਨਾਲ ਉਸਨੇ ਕੇਵਲ ਪ੍ਰਭੂ ਨਾਂ ਹੀ ਜੱਪਣਾ ਹੈ ਅਤੇ ਹੋਰ ਸਭ ਵਿਸ਼ਿਆਂ ਬਾਰੇ ਉਸਦਾ ਬੋਲਣਾ ਵਿਅਰਥ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਦੁਨੀਆਂ ਦੇ ਸਾਰੇ ਪਸਾਰੇ ਝੂਠੇ ਹਨ।

ਪਰ ਨਾਮ ਨੂੰ ਜੀਵਨ ਦਾ ਆਧਾਰ ਬਣਾ ਲੈਣਾ ਇੰਨਾ ਸੌਖਾ ਵੀ ਨਹੀਂ ਕਿਉਂਕਿ ਹਰਿ ਤਾਂ ਨਿਰੰਕਾਰ ਹੈ, ਨਿਰਗੁਣ ਹੈ ਤੇ ਉਸ ਨੂੰ ਕੇਵਲ ਉਸਦੀ ਕਿਰਪਾ ਨਾਲ ਹੀ ਪਾਇਆ ਜਾ ਸਕਦਾ ਹੈ। ਪਰ ਪ੍ਰੀਤ ਇਉਂ ਹੋਵੇ ਜਿਵੇਂ ਚਕੋਰ ਦੀ ਚੰਦ ਨਾਲ, ਦੁੱਧ ਨਾਲ ਉਬਾਲ ਦੀ, ਮੋਰ ਦੀ ਬੱਦਲਾਂ ਤੇ ਮੀਂਹ ਨਾਲ ਅਤੇ ਪਪੀਹੇ ਦੀ ਸਵਾਤੀ ਦੀ ਬੂੰਦ ਨਾਲ। ਪਰੰਤੂ ਮਨੁੱਖ ਉਸ ਸੱਚੇ ਰੱਬ ਨਾਲ ਪ੍ਰੀਤ ਪਾਉਣ ਦੀ ਥਾਂ ਤੇ ਜਗਤ ਦੇ ਪਦਾਰਥਾਂ ਨਾਲ ਮੋਹ ਪਾਈ ਬੈਠਾ ਹੈ। ਉਹ ਜਗਤ ਦੀ ਵਸਤਾਂ ਦੀ ਪ੍ਰਾਪਤੀ ਭੁੱਲ ਜਾਂਦਾ ਹੈ ਕਿ ਉਹ ਤਾਂ ਮਿੱਟੀ ਦਾ ਬਣਿਆ ਇਕ ਪੁਤਲਾ ਹੈ ਅਤੇ ਉਸਨੇ ਆਖਰ ਮਿੱਟੀ ਵਿਚ ਹੀ ਸਮਾ ਜਾਣਾ ਹੈ। ਪਰਮਾਤਮਾ ਨੇ ਮਨੁੱਖ ਨੂੰ ਬਿਬੇਕ ਤੇ ਬੁੱਧ ਦਿੱਤੀ ਹੈ ਤਾਂ ਜੋ ਹੋਰ ਕਿਸੇ ਜੂਨ ਦੇ ਜੀਅ-ਜੰਤਾਂ ਨੂੰ ਪ੍ਰਾਪਤ ਨਹੀਂ ਹੋਈ ਹੈ। ਪਰ ਫਿਰ ਵੀ ਉਹ ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ ਵਿਚ ਫਸਿਆ ਭੈੜੇ ਕਰਮ ਕਰਦਾ ਦੁਨੀਆ ਦੇ ਮੋਹ ਵਿਚ ਫਸਿਆ ਪਿਆ ਹੈ। ਉਹ ਲਿਖਦੇ ਹਨ ਕਿ ਹਿਰਨ, ਪੰਛੀ, ਪਤੰਗਾ, ਹਾਥੀ ਅਤੇ ਭੌਰਾ ਵਿਚ ਤਾਂ ਇਕ ਹੀ ਕਮਜ਼ੋਰੀ ਹੈ ਅਤੇ ਉਹ ਇਸ ਇਕ ਕਮਜ਼ੋਰੀ ਕਰਕੇ ਕਸ਼ਟ ਭੋਗਦੇ ਹਨ ਪਰ ਮਨੁੱਖ ਜੋ ਪੰਜ ਵਿਕਾਰਾਂ ਵਿਚ ਗ੍ਰਸਿਤ ਹੈ, ਉਹ ਕਾਲ ਚੱਕਰ ਵਿਚ ਘੁੰਮਦਾ ਅਸਹਿ ਕਸ਼ਟ ਭੋਗਦਾ ਹੈ। ਉਸ ਨੂੰ ਤਾਂ ਨਾਮ ਸਾਧਨਾ ਵਿਚ ਜੀਵਨ ਲਗਾ ਕੇ, ਮਨ ਵਿਚੋਂ ਹਉਮੈਂ ਦਾ ਤਿਆਗ ਕਰਕੇ ਜੀਵਨ ਦੀ ਬਾਜ਼ੀ ਜਿੱਤ ਲੈਣੀ ਚਾਹੀਦੀ ਹੈ।

ਇਸੇ ਲਈ ਗੁਰੂ ਰਵਿਦਾਸ ਜੀ ਨੇ ਮਨੁੱਖ ਨੂੰ ਜੀਵਨ ਵਿਚ ਅਗਿਆਨਤਾ ਦੇ ਹਨੇਰੇ ਤੋਂ ਬਚਣ ਲਈ ਨਾਮ ਦੀ ਜਯੋਤੀ ਦਾ ਸੰਕਲਪ ਦਿੱਤਾ ਅਤੇ ਕਿਹਾ ਕਿ ਨਾਮ ਦੀ ਜਯੋਤੀ ਨਾਲ ਹੀ ਮਨੁੱਖੀ ਮਨ ਪ੍ਰਭੂ ਗਿਆਨ ਦੀ ਰੋਸ਼ਨੀ ਵਿਚ ਲੀਨ ਹੋ ਜਾਂਦਾ ਹੈ।

*ਨਾਮ ਤੇਰੇ ਕੀ ਜੋਤਿ ਲਗਾਈ,*

*ਭਇਓ ਉਜਿਆਰੋ ਭਵਨ ਸਗਲਾਰੇ॥*

**(ਆਦਿ ਗ੍ਰੰਥ, 694)**

ਰਵਿਦਾਸ ਨੇ ਆਪਣੀ ਬਾਣੀ ਵਿਚ ਨਾਮ ਲਈ ਖ਼ਜ਼ਾਨੇ ਅਤੇ ਟਾਂਡੇ ਦੇ ਪ੍ਰਤੀਕ ਵੀ ਵਰਤਿਆ ਹੈ। ਪ੍ਰਭੂ ਦੇ ਨਾਮ ਦੀ ਅਰਾਧਨਾ ਕਰਕੇ ਅਜਾਮਲ, ਪਿੰਗਲਾ, ਕੁੰਚਰ, ਲੁਭਤ ਅਤੇ ਬਾਲਮਿਕ ਆਦਿ ਤਰ ਗਿਆ। ਨਾਮ ਦਾ ਜਾਪ ਕਰਕੇ ਹੀ ਰਵਿਦਾਸ ਜੀ ਆਖਦੇ ਹਨ ਕਿ ਜਮਾਂ ਦੇ ਫੰਦੇ ਵੀ ਕੱਟੇ ਜਾਂਦੇ ਹਨ। ਮਨੁੱਖੀ ਸ਼ਰੀਰ ਦੀ ਨਾਸ਼ਵਾਨਤਾ ਜ਼ਿਕਰ ਕਰਦਿਆਂ ਉਹ ਆਖਦੇ ਹਨ ਕਿ ਉਚੇ ਮਹਿਲਾਂ ਦੇ ਸੁੱਖ ਆਰਾਮ ਅਤੇ ਨਾਰੀ ਭੋਗ ਵਿਚ ਫਸਿਆ ਮਨੁੱਖ ਪ੍ਰਭੂ ਦੇ ਨਾਮ ਸਿਮਰਨ ਨੂੰ ਭੁਲਾ ਬੈਠਦਾ ਹੈ, ਜਿਸ ਕਾਰਨ ਉਹ ਆਪਣੇ ਅਨਮੋਲ ਜੀਵਨ ਨੂੰ ਆਪਣੇ ਹੱਥੀਂ ਨਸ਼ਟ ਕਰ ਲੈਂਦਾ ਹੈ। ਉਹ ਮੁੜ ਚੌਰਾਸੀ ਦੀ ਜੂਨਾਂ ਵਿਚ ਫਸ ਜਾਂਦਾ ਹੈ। ਦੁਨਿਆਵੀ ਖਾਹਿਸ਼ਾਂ ਕਦੇ ਵੀ ਉਸਦਾ ਕਲਿਆਣ ਨਹੀਂ ਹੋਣ ਦਿੰਦੀਆਂ ਅਤੇ ਮਾਇਆ ਰੂਪੀ ਜ਼ਹਿਰ ਉਸਦੇ ਜੀਵਨ ਦਾ ਅਨਮੋਲ ਸਮਾਂ ਨਸ਼ਟ ਕਰ ਦਿੰਦਾ ਹੈ। ਇਸ ਲਈ ਮਨੁੱਖ ਨੂੰ ਜੀਵਨ ਵਿਚ ਪ੍ਰਭੂ ਦੇ ਨਾਮ ਸਿਮਰਨ ਦੀ ਮਹੱਤਤਾ ਨੂੰ ਸਮਝਦੇ ਹੋਏ ਪ੍ਰਭੂ ਦੇ ਨਾਂ ਦੇ ਸਿਮਰਨ ਵਿਚ ਜੀਵਨ ਗੁਜ਼ਾਰਨਾ ਚਾਹੀਦਾ ਹੈ।

*ਹਰਿ ਹਰਿ ਹਰਿ ਹਰਿ ਹਰਿ ਹਰੇ।*

*ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।*

**(ਆਦਿ ਗ੍ਰੰਥ, ਪੰਨਾ 487)**

5.5.9. **ਕਰਮ ਸਿਧਾਂਤ** : 'ਕਰਮ' ਸ਼ਬਦ ਸੰਸਕ੍ਰਿਤੀ ਦੇ 'ਕ੍' ਧਾਤੂ ਬਣਿਆ ਹੈ ਜਿਸ ਦਾ ਭਾਵ ਹੈ ਕਰਨਾ।

ਇਸ ਤਰ੍ਹਾਂ ਕਰਮ ਦਾ ਪ੍ਰਚਲਤ ਅਰਥ ਕੀਤਾ ਜਾਣ ਵਾਲਾ ਕਰਮ ਹੈ। ਭਾਵੇਂ ਕਰਮ ਤੋਂ ਭਾਵ ਨਦਰ, ਮਿਹਰ ਅਤੇ ਕਿਸਮਤਾਵਲੀ ਲੈ ਲਿਆ ਜਾਂਦਾ ਹੈ। ਪਰਮਾਤਮਾ ਪ੍ਰਾਪਤੀ ਲਈ ਅਧਿਆਤਮਕ ਜਗਤ ਵਿਚ ਦੱਸੇ ਸਾਧਨ ਮਾਰਗਾਂ ਵਿਚ ਕਰਮ ਮਾਰਗ ਦਾ ਵਿਸ਼ੇਸ਼ ਸਥਾਨ ਹੈ। ਵੇਦਾਂ ਤੋਂ ਲੈ ਕੇ ਲਗਭਗ ਹਰ ਮਤ ਅਤੇ ਹਰ ਧਰਮ ਵਿਚ, ਕਿਸੇ ਨਾ ਕਿਸੇ ਰੂਪ ਵਿਚ ਵਿਚ ਵੱਖਰੇਵੇਂ ਦੇ ਬਾਵਜੂਦ ਕਰਮ ਸਿਧਾਂਤ ਦੇ ਮਹੱਤਵ ਦੀ ਪੇਸ਼ਕਾਰੀ ਹੁੰਦੀ ਰਹੀ ਹੈ। ਕਰਮ ਸਬੰਧੀ ਨਿਸ਼ਚਿਤ ਰੂਪ ਵਿਚ ਆਏ ਹੋਏ ਵਿਚਾਰਾਂ ਨੂੰ ਪਰਿਭਾਸ਼ਕ ਸ਼ਬਦਾਵਲੀ ਵਿਚ ਕਰਮ ਮਾਰਗ ਜਾਂ ਕਰਮ ਸਿਧਾਂਤ ਦੀ ਸੰਗਿਆ ਦਿੱਤੀ ਜਾਂਦੀ ਹੈ।

ਹਿੰਦੂ ਧਰਮ ਦੇ ਪ੍ਰਸਿੱਧ ਧਾਰਮਿਕ ਗ੍ਰੰਥ 'ਗੀਤਾ' ਵਿਚ ਭਗਵਾਨ ਸ੍ਰੀ ਕ੍ਰਿਸ਼ਨ ਅਰਜੁਨ ਨੂੰ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ। ਵੱਖ ਵੱਖ ਨਿਰਗੁਣ ਵਾਦੀ ਸੰਤਾਂ ਤੇ ਮਹਾਤਮਾਵਾਂ ਨੇ ਮਨੁੱਖੀ ਜੀਵਨ ਵਿਚ ਕਰਮ ਦਾ ਮਹੱਤਵ ਸਵੀਕਾਰ ਕਰਦੇ ਹੋਏ ਮਨੁੱਖ ਨੂੰ ਚੰਗੇ ਤੇ ਸ਼ੁੱਭ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਹੈ ਤਾਂ ਜੋ ਆਵਾਗਮਨ ਦੇ ਚੱਕਰ ਤੋਂ ਮੁਕਤ ਹੋ ਕੇ ਭਵਸਾਗਰ ਨੂੰ ਪਾਰ ਕੀਤਾ ਜਾ ਸਕੇ।

ਕਰਮਾਂ ਨੂੰ ਸ਼ੁੱਭ ਅਤੇ ਅਸ਼ੁੱਭ ਵਿਚ ਵੀ ਵੰਡਿਆ ਜਾਂਦਾ ਹੈ। ਕਰਮ ਮਨੁੱਖ ਨੂੰ ਜੂਨਾਂ ਦੀ ਕੈਦ ਤੋਂ ਸੁਤੰਤਰ ਨਹੀਂ ਹੋਣ ਦਿੰਦੇ। ਇਸ ਲਈ ਸਿਰਫ ਅਧਿਆਤਮਕ ਕਰਮ ਜੀਵ ਨੂੰ ਆਵਾਗਮਨ ਦੇ ਚੱਕਰ ਤੋਂ ਮੁਕਤ ਕਰਵਾ ਸਕਦੇ ਹਨ।

ਹਿੰਦੂ ਧਰਮ ਵਿਚ ਕਰਮ ਸਿਧਾਂਤ ਦੇ ਮਹੱਤਵ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਧਰਮ ਦੇ ਮਹੱਤਵਪੂਰਨ ਗ੍ਰੰਥ **'ਗੀਤਾ' ਵਿਚ ਪਹਿਲੇ ਛੇ ਅਧਿਆਇ ਕਰਮਯੋਗ ਨੂੰ ਸਮਰਪਿਤ** ਹਨ। ਗੀਤਾ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਅਰਜੁਨ ਨੂੰ ਆਖਦੇ ਹਨ 'ਹੇ ਅਰਜੁਨ ਸੰਪੂਰਨ ਧਰਮਾਂ ਅਰਥਾਤ ਸੰਪੂਰਨ ਕਰਮਾਂ ਤੇ ਕਾਰਜਾਂ ਨੂੰ ਮੇਰੇ ਵਿਚ ਤਿਆਗ ਕੇ ਤੂੰ ਕੇਵਲ ਇਕ ਮੈਨੂੰ ਸਰਵਸ਼ਕਤੀਮਾਨ, ਸਰਵਾਧਿਕਾਰ ਪ੍ਰਭੂ ਮੰਨਕੇ ਮੇਰੀ ਸ਼ਰਣ ਵਿਚ ਆ ਜਾ। ਮੈਂ ਤੈਨੂੰ ਸਾਰੇ ਪਾਪਾਂ ਤੋਂ ਮੁਕਤ ਕਰ ਦੇਵਾਂਗਾ। ਤੂੰ ਸ਼ੋਕ ਨਾ ਕਰੀਂ।'

ਸੋ ਕਰਮਯੋਗ ਦਾ ਅਰਥ ਹੈ– ਕਰਮਫਲ ਦੀ ਕਾਮਨਾ ਦਾ ਨਾਂਹ ਕਰਕੇ ਅਨਾਸਕਤ ਭਾਵ ਨਾਲ ਕਰਮਾਂ ਨੂੰ ਕਰਨਾ।

ਕਰਮ, ਵੈਦਿਕ ਸੰਸਕ੍ਰਿਤੀ ਅਨੁਸਾਰ ਤਿੰਨ ਮੰਨੇ ਗਏ ਹਨ–

(ੳ) ਸੰਚਿਤ ਕਰਮ

(ਅ) ਪ੍ਰਾਰਬਧ ਕਰਮ

(ੲ) ਕ੍ਰਿਆਮਾਣ ਕਰਮ

**(ੳ) ਸੰਚਿਤ ਕਰਮ** – ਮਨੁੱਖ ਜੋ ਕਰਮ ਕਰਦਾ ਹੈ, ਉਹ ਜੁੜਦੇ ਜਾਂਦੇ ਹਨ, ਸੰਚਿਤ ਕਰਮ ਅਖਵਾਉਂਦੇ ਹਨ।

**(ਅ) ਪ੍ਰਾਰਬਧ ਕਰਮ** – ਸੰਚਿਤ ਕਰਮ ਜਦ ਭੋਗਣ ਲਾਇਕ ਹੋਣ ਤਾਂ ਉਹ ਪ੍ਰਾਰਬਧ ਕਰਮ ਬਣ ਜਾਂਦੇ ਹਨ। ਮਨੁੱਖ ਆਪਣੀ ਸਾਰੀ ਉਮਰ ਵਿਚ ਕਰਮਾਂ ਦਾ ਪ੍ਰਾਰਬਧ ਭੋਗਦਾ ਹੈ ਪਰ ਨਵੇਂ ਕਰਮ ਉਹ ਇਸੇ ਮਨੁੱਖ ਜੋਨੀ ਵਿਚ ਕਰ ਸਕਦਾ ਹੈ। ਇਸ ਲਈ ਮਨੁੱਖ ਜੋਨੀ ਸਭ ਤੋਂ ਖਤਰਨਾਕ ਹੈ ਕਿਉਂਕਿ ਬਾਕੀ ਜੋਨੀਆਂ ਵਿਚ ਤਾਂ ਸਿਰਫ ਪ੍ਰਾਰਬਧ ਕਰਮ ਭੋਗੇ ਜਾਂਦੇ ਪਰ ਮਨੁੱਖ ਜਨਮ ਵਿਚ ਜੇਕਰ ਪ੍ਰਭੂ ਭਗਤੀ ਵਿਚ ਜੀਵਨ ਬਤੀਤ ਨਾ ਕਰਦੇ ਹੋਏ ਕਾਮ, ਕ੍ਰੋਧ, ਮੋਹ, ਲੋਭ, ਅਹੰਕਾਰ ਵਿਚ ਫਸ ਜਾਈਏ ਤਾਂ ਸੰਚਿਤ ਕਰਮ ਇਕ ਵਾਰ ਫਿਰ ਇਕੱਠੇ

ਹੋ ਜਾਂਦੇ ਹਨ ਤੇ ਆਵਾਗਮਨ ਦਾ ਚੱਕਰ ਫਿਰ ਚੱਲ ਪੈਂਦਾ ਹੈ। ਕਰਮ ਬੁਰੇ ਹੋਣ ਜਾਂ ਚੰਗੇ, ਕਰਮ ਦਾ ਫਲ ਭੋਗਣਾ ਹੀ ਪੈਂਦਾ ਹੈ। ਸਿਰਫ ਪਰਮਾਤਮਾ ਦੇ ਅਨੁਭਵ ਅਤੇ ਗਿਆਨ ਹੀ ਇਨਸਾਨ ਦੀ ਭਵਸਾਗਰ ਤੋਂ ਮੁਕਤੀ ਕਰਵਾ ਸਕਦਾ ਹੈ।

(ੲ) **ਕ੍ਰਿਆਮਾਣ ਕਰਮ** : ਮਨੁੱਖ ਵੱਲੋਂ ਕੀਤੇ ਜਾ ਰਹੇ ਕਰਮ ਕ੍ਰਿਆਮਾਣ ਕਰਮ ਹਨ। ਇਸ ਕਰਮ ਪਾਪ ਤੇ ਪੁੰਨ ਦੇ ਰੂਪ ਵਿਚ ਸੰਚਿਤ ਹੋ ਜਾਂਦੇ ਹਨ। ਫਿਰ ਇਨ੍ਹਾਂ ਦਾ ਫਲ ਭੋਗਣ ਲਈ ਜਨਮਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।

ਕਰਮ ਪ੍ਰਕ੍ਰਿਤੀ ਦੁਆਰਾ ਕੀਤੇ ਜਾਂਦੇ ਹਨ। ਸਤ, ਰਜ ਤੇ ਤਮ ਇਸਦੇ ਪ੍ਰਮੁੱਖ ਗੁਣ ਹਨ। ਮਨੁੱਖ ਇਸ ਵਿਚ ਕਰਤਾ ਨਹੀਂ। ਜਦੋਂ ਉਹ ਇਹ ਸੱਚਾਈ ਸਵੀਕਾਰ ਕਰਦਾ ਹੈ ਕਿ ਉਹ ਸਿਰਫ ਆਤਮਾ ਹੈ, ਕਰਤਾ ਨਹੀਂ ਤਾਂ ਉਹ ਇਨ੍ਹਾਂ ਕਰਮਾਂ ਦੇ ਜੋ ਸੰਸਕਾਰ ਤੇ ਉਨ੍ਹਾਂ ਦੇ ਪ੍ਰਭਾਵ ਹਨ, ਉਸ ਤੋਂ ਵੀ ਬਚ ਜਾਂਦਾ ਹੈ। ਕਿਉਂ ਜੋ, ਜੋ ਕਰਮ ਆਤਮਾ ਤੇ ਸੰਸਕਾਰ ਨਹੀਂ ਛੱਡਦਾ ਉਹ ਸੰਚਿਤ ਵੀ ਨਹੀਂ ਹੁੰਦਾ। ਸੰਚਿਤ ਨਾ ਹੋਣ ਨਾਲ ਪ੍ਰਾਰਬਧ ਵੀ ਨਹੀਂ ਬਣਦੀ ਅਤੇ ਪ੍ਰਾਰਬਧ ਨਾ ਬਨਣ ਨਾਲ ਜਨਮ ਮਰਣ ਦਾ ਚੱਕਰ ਵੀ ਨਹੀਂ ਚਲਦਾ। ਇਸ ਸੰਦਰਭ ਵਿਚ ਚੌਲਾਂ ਦਾ ਉਦਾਹਰਨ ਲਿਆ ਜਾ ਸਕਦਾ ਹੈ। ਧਾਨ ਜਨਮ ਲੈਂਦਾ ਹੈ, ਚਾਵਲ ਨਹੀਂ। ਚਾਵਲ ਹੋਣਾ ਭਾਵ ਛਿਲਕਾ ਰਹਿਤ ਹੋਣਾ। ਜਦ ਸ਼ਰੀਰ ਅਲਗ ਹੋ ਜਾਏ ਤਾਂ ਆਤਮਾ ਹੈ, ਇਸ ਸੱਚ ਸਵੀਕਾਰ ਕਰਕੇ ਸਦਾ ਯਾਦ ਰੱਖਣਾ ਪੈਂਦਾ ਹੈ, ਅਸੀਂ ਸਿਰਫ ਆਤਮਾ ਹਾਂ। ਇਸ ਤੱਥ ਨੂੰ ਸਵੀਕਾਰ ਕਰਕੇ ਹੌਲੀ ਹੌਲੀ ਹਰ ਗੁਣ ਸੁਭਾਅ ਨੂੰ ਆਪਣਾ ਮੰਨਣਾ ਬੰਦ ਕਰ ਦੇਣਾ ਚਾਹੀਦਾ ਹੈ।

ਰਵਿਦਾਸ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਇਸ ਵਿਚ ਕਰਮ ਸਿਧਾਂਤ ਜਾਂ ਕਰਮ ਮਾਰਗ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕ੍ਰਿਤੀ ਜ਼ਰੂਰ ਮਿਲੀ ਹੈ। ਗੁਰੂ ਵੀ ਮਨੁੱਖੀ ਜੀਵਨ ਵਿਚ ਅਧਿਆਤਮਕ ਕਰਮਾਂ ਦੀ ਮਹੱਤਾ ਸਵੀਕਾਰ ਕਰਦੇ ਹਨ ਅਤੇ ਮੋਹ ਮਾਇਆ ਵਿਚ ਗ੍ਰਸਿਤ ਹੋ ਕੇ ਕੀਤੇ ਜਾਣ ਵਾਲੇ ਭੈੜੇ ਕਰਮਾਂ ਲਈ ਮਨੁੱਖ ਨੂੰ ਸਾਵਧਾਨ ਕਰਦੇ ਹਨ।

ਗੁਰੂ ਰਵਿਦਾਸ ਦੀਆਂ ਹੇਠ ਲਿਖਤ ਸਤਰਾਂ ਇਸਦਾ ਪ੍ਰਤੱਖ ਪ੍ਰਮਾਣ ਹਨ:

*ਫਲ ਕਾਰਣ ਫੂਲੀ ਬਨਰਾਇ।*

*ਫਲੁ ਲਾਗਾ ਤਬ ਫੂਲੁ ਬਿਲਾਇ।*

*ਗਿਆਨੈ ਕਾਰਨ ਕਰਮ ਅਭਿਆਸੁ।*

*ਗਿਆਨੁ ਭਇਆ ਤਹ ਕਰਮਹ ਨਾਸੁ।*

*ਘ੍ਰਿਤ ਕਾਰਨ ਦੰਧ ਮਥੈ ਸਇਆਨ।*

*ਜੀਵਤ ਮੁਕਤ ਸਦਾ ਨਿਰਬਾਨ॥*

**(ਆਦਿ ਗ੍ਰੰਥ, ਪੰਨਾ 1167)**

ਉਨ੍ਹਾਂ ਅਨੁਸਾਰ ਸੰਸਾਰ ਦੀ ਸਮੁੱਚੀ ਬਨਸਪਤੀ ਫਲ ਦੇਣ ਖਾਤਿਰ ਪੈਦਾ ਹੁੰਦੀ ਹੈ। ਫਲ ਲਗਣ ਉਪਰੰਤ ਜਿਵੇਂ ਫੁੱਲ ਦੀ ਆਵਸ਼ਕਤਾ ਨਹੀਂ ਰਹਿੰਦੀ, ਤਿਵੇਂ ਹੀ ਆਤਮਿਕ ਸੂਝ ਹੋਣ ਜਾਣ ਨਾਲ ਕਰਮ ਧਰਮ ਦੀ

ਜ਼ਰੂਰਤ ਨਹੀਂ ਰਹਿ ਜਾਂਦੀ। ਪਰੋਖ ਰੂਪ ਵਿਚ ਗੁਰੂ ਰਵਿਦਾਸ ਜੀ ਇਥੇ ਕਰਮਾਂ ਦੇ ਮਹੱਤਵ ਨੂੰ ਪ੍ਰਤਿਪਾਦਿਤ ਕਰਦੇ ਹਨ ਕਿਉਂ ਕਿ ਗਿਆਨ ਦੀ ਪ੍ਰਾਪਤੀ ਲਈ ਕਰਮ ਅਭਿਆਸ ਦੀ ਵਿਸ਼ੇਸ਼ ਮਹੱਤਾ ਹੈ। ਪਰੰਤੂ ਉਨ੍ਹਾਂ ਦਾ ਕਰਮ ਸਿਧਾਂਤ ਕਿਸੇ ਕਰਮ ਕਾਂਡ ਦਾ ਅਨੁਸਾਰੀ ਨਹੀਂ। ਰਵਿਦਾਸ ਜੀ ਦੇ ਮਤ ਵਿਚ ਭਗਤੀ, ਨਾਮ, ਸਿਮਰਨ, ਪਿਆਰ, ਸਾਧ ਸੰਗਤ, ਨਿਮਰਤਾ ਅਤੇ ਹਉਮੈ ਤਿਆਗ ਆਦਿ ਕਰਮ ਅਭਿਆਸ ਦੇ ਆਵਸ਼ਕ ਅੰਗ ਹਨ। ਵਾਸਤਵਿਕਤਾ ਦੀ ਸੋਝੀ ਹੋ ਜਾਣ ਤੇ ਜਦੋਂ ਅੰਦਰ ਬਾਹਰ ਗਿਆਨ ਦੇ ਪ੍ਰਕਾਸ਼ ਨਾਲ ਜਗਮਗਾ ਉਠਦਾ ਹੈ ਤਾਂ ਕਿਸੇ ਕਰਮ ਦੀ ਲੋੜ ਨਹੀਂ ਰਹਿ ਜਾਂਦੀ, ਸੰਸਾਰਿਕਤਾ ਨਾਲ ਮੋਹ ਨਹੀਂ ਰਹਿੰਦਾ ਅਤੇ ਸ਼ਰੀਰ ਦੀ ਮੌਜੂਦਗੀ ਵਿਚ ਜੀਵ ਜੀਵਨ ਮੁਕਤ ਹੋ ਜਾਂਦਾ ਹੈ।

ਗੁਰੂ ਰਵਿਦਾਸ ਜੀ ਨੇ ਕਰਮ ਸਿਧਾਂਤ ਨੂੰ ਆਵਾਗਮਨ ਦੇ ਸਿਧਾਂਤ ਨਾਲ ਜੋੜ ਕੇ ਵੀ ਵੇਖਿਆ ਹੈ। ਉਨ੍ਹਾਂ ਅਨੁਸਾਰ ਚੌਰਾਸੀ ਚਾਰ ਖਾਣੀਆਂ ਦੇ ਜੀਵਨ ਦੀਆਂ ਜੂਨਾਂ ਵਿਚੋਂ ਉਤਮ ਜੂਨ ਮਨੁੱਖ ਦੀ ਹੈ। ਪਰੰਤੂ ਆਪਣੇ ਸੰਚਿਤ, ਕ੍ਰਿਆਮਣ ਅਤੇ ਪ੍ਰਾਰਬਧ ਕਰਮਾਂ ਦੇ ਅਧੀਨ ਜੀਵ ਜਿਥੇ ਵੀ ਜਾਂਦਾ ਹੈ ਕਾਲ ਦੀ ਫਾਂਸੀ ਤੋਂ ਨਿਜਾਤ ਨਹੀਂ ਹਾਸਲ ਕਰ ਪਾਉਂਦਾ। ਮੋਹ ਮਾਇਆ ਵੱਸ ਹੋ ਕੇ ਅਤੇ ਇਸਤਰੀ ਤੇ ਔਲਾਦ ਲਈ ਕੀਤੇ ਕਰਮਾਂ ਲਈ ਜੀਵ ਪਰਮਾਤਮਾ ਅੱਗੇ ਜਵਾਬਦੇਹ ਹੈ।

*ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ।*
*ਠਾਕੁਰੁ ਲੇਖਾ ਮਗਨਹਾਰੁ।*
*ਫੇੜੇ ਕਾ ਦੁਖੁ ਸਹੈ ਜੀਉ।*
*ਪਾਛੇ ਕਿਸਹਿ ਪੁਕਾਰਹਿ ਪੀਉ ਪੀਉ।*

**(ਆਦਿ ਗ੍ਰੰਥ, ਪੰਨਾ 1196)**

ਗੁਰੂ ਰਵਿਦਾਸ ਜਦੋਂ 'ਠਾਕੁਰ' ਨੂੰ ਲੇਖਾ ਮੰਗਣ ਵਾਲੇ ਰੂਪ ਵਿਚ ਸਵੀਕਾਰਦੇ ਹਨ ਤਾਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਇਨ੍ਹਾਂ ਕਰਮਾਂ ਨੂੰ ਬਹੁਤ ਮਹੱਤਵ ਦਿੰਦੇ ਹਨ। ਜੀਵ ਦੇ ਭਵਿੱਖ ਦਾ ਫੈਸਲਾ ਇਨ੍ਹਾਂ ਕਰਮਾਂ ਦੇ ਅਧਾਰ ਤੇ ਹੀ ਹੁੰਦਾ ਹੈ। ਇਸ ਲਈ ਉਹ ਨਿਰਮਾਣਤਾ ਵੱਸ ਜਿਥੇ ਆਪਣੇ ਕਰਮਾਂ ਨੂੰ ਨੀਚ ਆਖਦੇ ਹਨ, ਉਥੇ ਸਦਾ ਨੀਚ ਕਰਮ ਕਰਨ ਵਾਲੇ ਜੀਵਾਂ ਨੂੰ ਵੀ ਸੁਚੇਤ ਕਰਦੇ ਹਨ।

ਗੁਰੂ ਰਵਿਦਾਸ ਅਨੁਸਾਰ ਜਿਹੜੇ ਜੀਵ ਵੇਦਾਂ, ਸ਼ਾਸ਼ਤਰਾਂ, ਸਿਮ੍ਰਿਤੀ ਪੁਰਾਣਾਂ ਵਿਚ ਦ੍ਰਿੜਾਏ ਕਰਮ ਕਮਾ ਕੇ ਆਵਾਗਮਨ ਤੋਂ ਛੁਟਕਾਰਾ ਪਾਉਣਾ ਲੋਚਦੇ ਹਨ, ਉਹ ਬਹੁਤ ਵੱਡੇ ਭਰਮਜਾਲ ਵਿਚ ਫਸੇ ਹੋਏ ਹਨ ਕਿਉਂਕਿ ਇਹ ਵੇਦ ਸ਼ਾਸਤਰ ਸ਼ਰੀਰਕ ਅਤੇ ਨੈਤਿਕ ਕਰਮ ਨੂੰ ਤਾਂ ਪ੍ਰਤਿਪਾਦਿਤ ਕਰਦੇ ਹਨ ਪਰੰਤੂ ਬ੍ਰਹਮ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਅਧਿਆਤਮਕ ਕਰਮਾਂ ਬਾਰੇ ਵਿਅਕਤੀ ਨੂੰ ਜਾਣਕਾਰੀ ਪ੍ਰਦਾਨ ਨਹੀਂ ਕਰਦੇ। ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਵਿਚੋਂ ਦਰਸਾਏ ਕਰਮ ਜੀਵ ਦੀ ਸ਼ੰਕਾ ਵਿਚ ਹੋਰ ਵਾਧਾ ਕਰਦੇ ਹਨ। ਉਸਦੀ ਸਹਿਮ ਦੀ ਗੰਢ ਨਾ ਖੋਲ੍ਹ ਕੇ ਮਾੜੇ ਕਰਮਾਂ ਦੀ ਗਿਣਤੀ ਮਿਣਤੀ ਵਿਚ ਲਗਾਕੇ ਉਸ ਨੂੰ ਪਰਮਤੱਤ ਤਕ ਨਹੀਂ ਪਹੁੰਚਾਉਂਦੇ।

*ਕਰਮ ਅਕਰਮ ਬੀਚਾਰੀਐ।*
*ਸੰਕਾ ਸੁਨਿ ਬੇਦ ਪੁਰਾਨ।*
*ਸੰਸਾ ਸਦ ਹਿਰਦੇ ਬਸੈ।*
*ਕਉਨ ਹਿਰੈ ਅਭਿਮਾਨੁ।*

**(ਆਦਿ ਗ੍ਰੰਥ, ਪੰਨਾ 346)**

ਇਸੇ ਤਰ੍ਹਾਂ ਉਹ ਇਕ ਹੋਰ ਥਾਂ ਤੇ ਲਿਖਦੇ ਹਨ ਵਿਅਰਥ ਦੇ ਭੇਖਾਂ, ਪਖੰਡਾਂ, ਤੀਰਥ ਯਾਤਰਾਂ, ਦਾਨ ਪੁੰਨ, ਯੱਗ ਅਤੇ ਮੂਰਤੀ ਪੂਜਾ ਵਰਗੇ ਕਰਮ ਪਰਮਾਤਮਾ ਦੇ ਨਾਮ ਸਿਮਰਨ ਦੇ ਕਰਮ ਦੀ ਬਰਾਬਰੀ ਨਹੀਂ ਕਰ ਸਕਦੇ।

*ਬਹੁ ਬਿਧੀ ਧਰਮ ਨਿਰੂਪੀਐ,*

*ਕਰਤਾ ਦੀਸੈ ਸਭ ਲੋਇ।*

*ਕਵਨ ਕਰਮ ਤੇ ਛੂਟੀਐ,*

*ਜਿਹ ਸਾਧੇ ਸਭ ਸਿਧਿ ਹੋਇ॥*

**(ਆਦਿ ਗ੍ਰੰਥ, ਪੰਨਾ 346)**

ਕਿਉਂਕਿ ਸ਼ਾਸਤਰੀ ਕਰਮਾਂ ਨਾਲ ਦੇਹ ਦੇ ਬੰਧਨ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਮਨੂੰ ਸਿਮ੍ਰਿਤੀ ਵਿਚ ਦਰਸਾਏ ਖੱਟ ਕਰਮ ਵੀ ਮਹੱਤਵਹੀਨ ਹਨ, ਜੇਕਰ ਇਨ੍ਹਾਂ ਕਰਮਾਂ ਨੂੰ ਕਰਨ ਵਾਲਾ ਜੀਵ ਹਰਿ ਭਗਤੀ ਤੋਂ ਵੰਚਿਤ ਹੈ। ਇਹ ਛੇ ਕਰਮ ਮਨੁੱਖ ਨੂੰ ਪ੍ਰਭੂ ਦੀ ਨੇੜਤਾ ਪ੍ਰਾਪਤ ਨਹੀਂ ਕਰ ਦਿੰਦੇ। ਪ੍ਰਭੂ ਭਗਤੀ ਤੋਂ ਹੀਣ ਜੀਵ ਨੂੰ ਇਹ ਸੰਧਿਆ, ਸਨਾਨ, ਜਪੁ, ਹਵਨ, ਵੇਦ-ਪਾਠ ਅਤੇ ਦੇਵ-ਪੂਜਾ ਵਿਚ ਫਸੇ ਇਨਸਾਨ ਦਾ ਧਿਆਨ ਉਹ ਪ੍ਰਭੂ ਦੇ ਚਰਣ ਕੰਵਲਾਂ ਵਿਚ ਨਹੀਂ ਲੱਗਣ ਦਿੰਦੇ। ਕਰਮ, ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਦਾਨ ਦੇਣਾ ਅਤੇ ਲੈਣਾ, ਜੱਗ ਕਰਨ ਤੇ ਕਰਾਉਣਾ ਜਿਹੇ ਕਰਮਾਂ ਦੇ ਫੇਰ ਵਿਚ ਪਾ ਦਿੰਦੇ ਹਨ।

*ਖਟੁ ਕਰਮੁ ਕੁਲ ਸੰਜੁਗਤੁ ਹੈ,*

*ਹਰਿ ਭਗਤਿ ਹਿਰਦੈ ਨਾਹਿ।*

*ਚਰਨਾਰਬਿੰਦ ਨ ਕਥਾ ਭਾਵੈ,*

*ਸੁਪਚ ਤੁਲਿ ਸਮਾਨਿ।*

**(ਆਦਿ ਗ੍ਰੰਥ, ਪੰਨਾ 1124)**

ਕਰਮਾਂ ਦਾ ਸਬੰਧ ਮਨੁੱਖ ਦੇ ਜਨਮ, ਜਾਤ ਅਤੇ ਕਿੱਤੇ ਨਾਲ ਨਹੀਂ। ਗੁਰੂ ਰਵਿਦਾਸ ਨੇ ਕਰਮਾਂ ਨੂੰ ਮਨੁੱਖ ਦੇ ਸਮੁੱਚੇ ਚਰਿੱਤਰ ਨਾਲ ਜੋੜਿਆ ਹੈ ਕਿਉਂਕਿ ਪਰਮਾਤਮਾ ਦੀ ਦਰਗਾਹ ਵਿਚ ਸਮੁੱਚੇ ਕਰਮਾਂ ਦੇ ਆਧਾਰ ਤੇ ਫਲ ਦੀ ਪ੍ਰਾਪਤੀ ਹੁੰਦੀ ਹੈ। ਜੀਵਨ ਦੀ ਜਾਤਪਾਤ, ਕੁਲ, ਪਰਿਵਾਰ, ਅਮੀਰ-ਗਰੀਬ, ਉਚ ਨੀਚ ਅਤੇ ਛੋਟੇ ਵੱਡੇ ਦਾ ਉਥੇ ਕੋਈ ਮਹੱਤਵ ਨਹੀਂ। ਰਵਿਦਾਸ ਬਾਣੀ ਤੋਂ ਸਪੱਸ਼ਟ ਹੈ ਕਿ ਅਖਾਉਤੀ ਨੀਵੀਆਂ ਕੁਲਾਂ ਵਾਲੇ ਅਤੇ ਜਾਤਾਂ ਵਿਚ ਜਨਮ ਲੈਣ ਵਾਲੇ ਜੀਵ ਆਪਣੇ ਚੰਗੇ ਅਧਿਆਤਮਕ ਕਰਮਾਂ ਸਦਕਾ ਬ੍ਰਹਮ ਵਿਚ ਅਭੇਦ ਹੋ ਗਏ।

ਆਪਣੇ ਚੰਗੇ ਕਰਮਾਂ ਦਾ ਅਹੰਕਾਰ ਕਰਨ ਨਾਲ ਵਿਅਕਤੀ ਜਿਥੇ ਜਨਮ ਮਰਨ ਦੇ ਚੱਕਰ ਵਿਚ ਘੁੰਮਦੇ ਰਹਿੰਦੇ ਹਨ, ਉਥੇ ਰਵਿਦਾਸ ਵਰਗੇ, ਪਸ਼ੂਆਂ ਦਾ ਚੰਮ ਢੋਣ ਅਤੇ ਕੱਟਣ ਵਾਲੇ ਸਾਧਕ ਪਰਮਾਤਮਾ ਨਾਲ ਇਕਮਿਕ ਹੋ ਜਾਂਦੇ ਹਨ। ਸਮਕਾਲੀ ਧਰਮ ਦੇ ਕਹਿੰਦੇ ਕਹਾਉਂਦੇ ਆਗੂ ਵੀ ਉਨ੍ਹਾਂ ਅੱਗੇ ਨਤ-ਮਸਤਕ ਖੜ੍ਹੇ ਹੋਣ ਲਈ ਮਜ਼ਬੂਰ ਹੋ ਜਾਂਦੇ ਹਨ।

ਕਲਯੁੱਗ ਵਿਚ ਗੁਰੂ ਰਵਿਦਾਸ ਅਨੁਸਾਰ ਕੇਵਲ ਤੇ ਕੇਵਲ ਪ੍ਰਭੂ ਦਾ ਨਾਮ ਹੀ ਮਨੁੱਖੀ ਜੀਵਨ ਦਾ

ਆਧਾਰ ਹੈ ਤੇ ਉਸ ਨੂੰ ਭਵਸਾਗਰ ਤੋਂ ਪਾਰ ਉਤਾਰ ਸਕਦਾ ਹੈ। ਪਰੰਤੂ ਉਹ ਲੋਕ ਬਹੁਤ ਕਰਮਾਂ ਵਾਲੇ ਹਨ ਜੋ ਸ਼ੁਭ ਕਰਮ ਕਰਦੇ ਹੋਏ ਆਪਣੀ ਪ੍ਰੀਤ ਨਿਰੰਕਾਰ ਵਿਚ ਲਗਾ ਲੈਂਦੇ ਹਨ। ਉਹ ਪ੍ਰਭੂ ਭਜਨ ਨਾਲ ਜਮ ਦੀ ਫਾਹੀ ਨੂੰ ਕੱਟ ਦਿੰਦੇ ਹਨ। ਉਨ੍ਹਾਂ ਦੇ ਚਿੱਤ ਵਿਚ ਪ੍ਰਭੂ ਦੀ ਯਾਦ, ਅੱਖਾਂ ਵਿਚ ਰੱਬ ਦਾ ਦੀਦਾਰ ਅਤੇ ਬਾਣੀ ਵਿਚ ਪ੍ਰਭੂ ਦੀ ਯਾਦ ਰਹਿੰਦੀ ਹੈ। ਮਨ ਨੂੰ ਭੌਰਾ ਬਣਾ ਕੇ ਉਹ ਪ੍ਰਭੂ ਦੇ ਚਰਨਾਂ ਨੂੰ ਹਿਰਦੇ ਵਿਚ ਧਾਰਨ ਕਰ ਲੈਂਦੇ ਹਨ। ਪ੍ਰਭੂ ਦੇ ਅੰਮ੍ਰਿਤ ਰੂਪੀ ਨਾਮ ਨੂੰ ਉਚਾਰਦੇ ਹੋਏ ਸਤਿਸੰਗ ਦੀ ਸ਼ਰਨ ਵਿਚ ਰਹਿੰਦੇ ਮੋਹ-ਮਾਇਆ, ਕਾਮ, ਕ੍ਰੋਧ, ਲੋਭ ਅਤੇ ਅਹੰਕਾਰ ਵਰਗੇ ਵਿਕਾਰਾਂ ਤੋਂ ਮੁਕਤੀ ਪਾ ਜਾਂਦੇ ਹਨ। ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਵਰਗੇ ਭਗਤ ਜਨ ਅਤੇ ਅਜਾਮਲ, ਪਿੰਗਲਾ, ਵੇਸਵਾ, ਲੁਭਿਤ ਸ਼ਿਕਾਰੀ ਨੂੰ ਵੀ ਤਾਰਨ ਵਾਲੇ ਪ੍ਰਭੂ ਦੇ ਸੱਚੇ ਨਾਮ ਨੂੰ ਜੱਪਣ ਵਾਲਾ ਹਰ ਵਿਅਕਤੀ ਤਰ ਜਾਂਦਾ ਹੈ। ਪ੍ਰਭੂ ਨਾਮ ਉਸਦੇ ਪਾਪਾਂ ਨੂੰ ਨਸ਼ਟ ਕਰ ਦਿੰਦਾ ਹੈ ਤੇ ਮੋਖ ਦਾ ਅਧਿਕਾਰੀ ਬਣਾ ਦਿੰਦਾ ਹੈ। ਇਸ ਲੋਕ ਵਿਚ ਵੀ ਅਜਿਹਾ ਵਿਅਕਤੀ ਜਾਤਪਾਤ, ਕੁੱਲ, ਰੰਗ, ਨਸਲ ਤੋਂ ਉਪਰ ਉਠ ਕੇ ਸਨਮਾਨ ਦਾ ਭਾਗੀ ਜਾਂਦਾ ਹੈ। ਉਸਦਾ 'ਇਹ ਲੋਕ' ਦੇ ਨਾਲ 'ਉਹ ਲੋਕ' ਵਿਚ ਵੀ ਸੁਧਾਰ ਹੋ ਜਾਂਦਾ ਹੈ।

5.5.10 **ਪੰਚ ਵਿਕਾਰ** : ਅਧਿਆਤਮਕ ਜਗਤ ਦੇ ਪ੍ਰਮੁੱਖ ਗ੍ਰੰਥਾਂ ਸ੍ਰੀਮਦ ਭਾਗਵਤ ਪੁਰਾਣ, ਸ੍ਰੀ ਮਦ ਭਾਗਵਤ ਗੀਤਾ, ਵੇਦ, ਉਪਨਿਸ਼ਦਾਂ ਅਤੇ ਸਰਗੁਣ ਤੇ ਨਿਰਗੁਣਵਾਦੀ ਸੰਤਾਂ ਦੀ ਭਗਤੀ ਵਿਚ ਸ਼ੁਰੂ ਤੋਂ ਹੀ ਪੰਜ ਵਿਕਾਰਾਂ ਦੀ ਚਰਚਾ ਹੁੰਦੀ ਆਈ ਹੈ। ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਨੂੰ ਪੰਜ ਵਿਕਾਰਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਨਾ ਕੇਵਲ ਗੁਰਬਾਣੀ ਹੀ ਬਲਕਿ ਨਾਥ ਅਤੇ ਜੋਗੀਆਂ ਦੀਆਂ ਰਚਨਾਵਾਂ ਅਤੇ ਹੋਰ ਧਾਰਮਿਕ ਸਾਹਿਤ ਵਿਚ ਵੀ ਵਿਕਾਰਾਂ ਤੋਂ ਬਚਣ ਦੀ ਸਿੱਖਿਆ ਦਿੱਤੀ ਜਾਂਦੀ ਗਈ ਹੈ।

ਰਵਿਦਾਸ ਜੀ ਮਨੁੱਖ ਨੂੰ ਖੂਹ ਦੇ ਡੱਡੂ ਨਾਲ ਉਪਮਾ ਦਿੰਦੇ ਕਿਹਾ ਕਿ ਵਿਸ਼ੇ-ਵਿਕਾਰਾਂ ਵਲ ਮੋਹੇ ਜੀਵ ਨੂੰ ਕੋਈ ਬੰਨਾ ਨਹੀਂ ਲੱਭਦਾ। ਵਿਕਾਰ ਗ੍ਰਸਤ ਹੋਣ ਕਰਕੇ ਇਸ ਨੂੰ ਵਾਸਤਵਿਕਤਾ ਦੀ ਸੋਝੀ ਨਹੀਂ ਹੋ ਸਕਦੀ। ਉਹ ਆਖਦੇ ਹਨ ਹਿਰਨ ਨਾਦ ਸੁਨਣ ਕਰਕੇ, ਮੱਛੀ ਜੀਭ ਦੇ ਚਸਕੇ ਕਰਕੇ, ਭੌਰਾ ਆਪਣੀ ਸੁੰਘਣ ਸ਼ਕਤੀ ਕਰਕੇ ਭੰਬਟ ਸ਼ਮਾਂ ਦੇ ਪਿਆਰ ਕਰਕੇ ਅਤੇ ਹਾਥੀ ਆਪਣੀ ਕਾਮਵਾਸ਼ਨਾ ਕਰਕੇ ਖਤਮ ਹੋ ਜਾਂਦੇ ਹਨ। ਉਪਰੋਕਤ ਜੀਵ ਆਪਣੇ ਇਕ ਇਕ ਐਬ ਜਾਂ ਕਮਜ਼ੋਰੀ ਕਰਕੇ ਬਰਬਾਦ ਹੋ ਜਾਂਦੇ ਹਨ। ਉਸ ਮਨੁੱਖ ਦਾ ਬਚਾਉ ਕਿਵੇਂ ਸੰਭਵ ਹੈ, ਜਿਸ ਨੂੰ ਪੰਜੇ ਅਸਾਧ ਰੋਗ ਲੱਗੇ ਹੋਏ ਹਨ।

***ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।***

***ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।***

**(ਆਦਿ ਗ੍ਰੰਥ, ਪੰਨਾ 486)**

ਵਿਕਾਰਾਂ ਦੀ ਪਕੜ ਵਿਚ ਆਇਆ ਮਨੁੱਖ ਆਪਣੇ ਨਾਸ਼ਵਾਨ ਜੀਵਨ ਨੂੰ ਭੁੱਲਕੇ ਗਰਬ ਵਿਚ ਡੁੱਬ ਜਾਂਦਾ ਹੈ। ਉਸਦੀ ਮਤਿ ਮਲੀਨ ਹੋ ਜਾਂਦੀ ਹੈ। ਉਹ ਪ੍ਰਭੂ ਦੀ ਕਿਰਪਾ ਅਤੇ ਨਾਲ ਸਿਮਰਨ ਦੀ ਮਹਿਮਾ ਨੂੰ ਪਛਾਣ ਨਹੀਂ ਪਾਉਂਦਾ। ਉਹ ਜੀਵਨ ਦੀ ਵਾਸਤਵਿਕਤਾ ਨੂੰ ਨਾ ਪਛਾਨਣ ਕਰਕੇ ਕਾਮਾਦਿਕਾਂ ਵਿਚ ਖਚਿਤ ਹੁੰਦਾ ਜਾਂਦਾ ਹੈ। ਉਸਦੀ ਅਗਿਆਨਤਾ ਵੱਧਦੀ ਜਾਂਦੀ ਹੈ। ਉਹ ਸ਼ਰੀਰ ਨੂੰ ਪਾਲਣ ਵਿਚ ਵਿਅਸਤ ਹੋ ਜਾਂਦਾ ਹੈ। ਅਹਿਲਿਆ, ਗੌਤਮ, ਇੰਦਰ ਅਤੇ ਬ੍ਰਹਮਾ ਜਿਹੇ ਦੇਵੀ ਦੇਵਤਿਆਂ ਦੀ ਵੀ ਇਨ੍ਹਾਂ ਕਾਮਾਦਿਕ ਵਿਕਾਰਾਂ ਕਾਰਣ ਦੁਰਗਤਿ ਹੋ ਜਾਂਦੀ ਹੈ ਤਾਂ ਆਮ ਮਨੁੱਖ ਕੀ ਬਿਸਾਤ ਹੈ? ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ ਉਸ ਨੂੰ ਆਤਮਿਕ ਤੌਰ ਤੇ ਲੁੱਟ ਲੈਂਦੇ ਹਨ ਅਤੇ ਉਹ ਆਪਣੇ ਕਲਿਆਣ ਦੇ ਮੂਲ ਆਸ਼ੇ ਨੂੰ ਵਿਸਾਰ ਕੇ

ਆਵਾਗਮਨ ਦਾ ਭਾਗੀ ਬਣ ਜਾਂਦਾ ਹੈ।

*ਦੇਵ ਸੰਸੈ ਗਾਠਿ ਨ ਛੂਟੈ।*

*ਕਾਮ ਕ੍ਰੋਧ ਮਾਇਆ ਮਦ ਮਤਸਰ,*

*ਇਨ ਪੰਚਹੁ ਮਿਲਿ ਲੂਟੇ।*

**(ਆਦਿ ਗ੍ਰੰਥ, ਪੰਨਾ 974)**

ਇਸ ਤਰ੍ਹਾਂ ਰਵਿਦਾਸ ਬਾਣੀ ਸਿਧਾਂਤਕ ਪੱਖ ਤੋਂ ਨਿਰਗੁਣ ਭਗਤੀ ਨਾਲ ਡੂੰਘੀ ਸਾਂਝ ਰੱਖਦੀ ਹੈ।

## 5.6 ਗੁਰੂ ਰਵਿਦਾਸ ਭਗਤੀ ਪੱਧਤੀ ਵਿਚ ਭਗਤ ਦਾ ਸੰਕਲਪ

ਰਹੱਸਮਈ ਅਨੁਭੂਤੀ ਵਾਲੇ ਮਹਾਤਮਾਵਾਂ ਲਈ ਉਤਰੀ ਭਾਰਤ ਦੀਆਂ ਭਾਸ਼ਾਵਾਂ ਵਿਚ ਭਾਵੇਂ ਕਈ ਪਦ ਪ੍ਰਚਲਤ ਰਹੇ ਹਨ ਪਰੰਤੂ ਸੰਤ ਕਾਵਿ ਪਰੰਪਰਾ/ ਸੰਤ ਮੱਤ ਪਰੰਪਰਾ ਵਿਚ ਉਭਰਕੇ ਸਾਹਮਣੇ ਆਉਣ ਵਾਲੇ ਸ਼ਬਦ 'ਸੰਤ' 'ਭਗਤ' ਅਤੇ ਸਾਧੂ ਹੀ ਹਨ। ਇਨ੍ਹਾਂ ਵਿਚੋਂ 'ਭਗਤ' ਸ਼ਬਦ ਹੀ ਸਾਡੇ ਵਿਚਾਰਾਧੀਨ ਵਿਸ਼ੇ ਨਾਲ ਮੇਲ ਖਾਉਂਦਾ ਹੈ; ਇਸ ਲਈ ਆਪਣੇ ਵਿਵੇਚਨ ਨੂੰ ਅਸੀਂ ਭਗਤ ਸ਼ਬਦ ਤੱਕ ਹੀ ਸੀਮਤ ਰੱਖਾਂਗੇ।

ਜ਼ਿਆਦਾਤਰ ਗ੍ਰੰਥਾਂ ਅਤੇ ਵਿਦਵਾਨਾਂ ਨੇ 'ਭਗਤ' ਦਾ ਸ਼ਬਦ ਦਾ ਵਿਚਾਰ 'ਸੰਤ' ਸ਼ਬਦ ਦੀ ਤੁਲਨਾ ਵਿਚ ਕੀਤਾ ਹੈ। **ਏਨਸਾਇਕਲੋਪੀਡਿਆ ਆਫ ਰਿਲਿਜਨ ਐਂਡ ਏਥਿਕਸ** ਅਨੁਸਾਰ ਸੰਤ ਅਤੇ ਭਗਤ ਵਿਚ ਕੋਈ ਵਖਰੇਵਾਂ ਨਹੀਂ ਹੈ।[35] **ਮੈਕਾਲਫ** ਨੇ ਵੀ ਇਨ੍ਹਾਂ ਪਦਾਂ ਦਾ ਕੋਈ ਸਪੱਸ਼ਟ ਨਿਖੇੜਾ ਨਹੀਂ ਕੀਤਾ।[36] **ਨਾਭਾਦਾਸ ਕ੍ਰਿਤ 'ਭਕਤਮਾਲ'** ਵਿਚ ਬਿਨਾਂ ਕਿਸੇ ਵਿਤਕਰੇ ਦੇ ਕਬੀਰ ਅਤੇ ਤੁਲਸੀ ਦੋਹਾਂ ਨੂੰ ਭਗਤ ਦੀ ਸੰਗਿਆ ਦਿੱਤੀ ਗਈ ਹੈ।

**ਪਰਸ਼ੁਰਾਮ ਚਤੁਰਵੇਦੀ** ਵੱਲੋਂ ਸੰਤ ਅਤੇ ਭਗਤ ਸ਼ਬਦ ਦਾ ਨਿਖੇੜਾ ਕਰਦੇ ਹੋਏ ਕਿਹਾ ਗਿਆ ਹੈ "ਕਿ ਇਹ ਦੋ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਪ੍ਰਯੋਗ ਕਰਦੇ ਸਮੇਂ ਇਨ੍ਹਾਂ ਦੀ ਉਪਯੁਕਤਤਾ ਬਾਰੇ ਕੋਈ ਸਾਵਧਾਨੀ ਨਹੀਂ ਵਰਤੀ ਜਾਂਦੀ। ਉਨ੍ਹਾਂ ਅਨੁਸਾਰ 'ਜਿਥੇ ਸੰਤ ਆਪਣੇ ਆਪ ਨੂੰ ਆਪਣੇ ਇਸ਼ਟ ਦੇ ਅਸਤਿਤਵ ਵਿਚ ਲੀਨ ਕਰ ਲੈਣ ਉਪਰੰਤ ਵੀ ਸੰਸਾਰਿਕ ਸਬੰਧ ਬਣਾਈ ਰੱਖਣ ਤੋਂ ਇਨਕਾਰੀ ਨਹੀਂ ਉਥੇ ਭਗਤ ਆਪਣੇ ਭਗਵਾਨ ਦੀ ਨਿਕਟਤਾ ਅਤੇ ਉਸ ਤੋਂ ਉਪਲਬਧ ਸੁੱਖ ਆਨੰਦ ਨੂੰ ਛੱਡ ਕੇ ਇਸ ਦੁਨੀਆਂ ਦੇ ਜੰਜਾਲ ਵਿਚ ਨਹੀਂ ਫਸਣਾ ਚਾਹੁੰਦਾ। ਸੰਤ ਸ਼ਬਦ ਦਾ ਪ੍ਰਯੋਗ ਵਿਸ਼ੇਸ਼ ਕਰਕੇ ਉਥੇ ਕੀਤਾ ਗਿਆ ਮਿਲਦਾ ਹੈ ਜਿਥੇ ਕੋਈ ਵਿਅਕਤੀ ਸਮਾਜ ਵਿਚ ਰਹਿਕੇ ਦੂਸਰਿਆਂ ਪ੍ਰਤੀ ਦਇਆ ਅਤੇ ਪਰਉਪਕਾਰ ਦੇ ਭਾਵ ਪ੍ਰਦਰਸ਼ਿਤ ਕਰਦਾ ਹੋਇਆ ਦੇਖਿਆ ਜਾਂਦਾ ਹੈ ਪਰੰਤੂ ਭਗਤ ਕੇਵਲ ਉਸੇ ਨੂੰ ਕਿਹਾ ਗਿਆ ਹੈ ਜੋ ਸਦਾ ਭਗਵਤ ਭਜਨ ਵਿਚ ਲੀਨ ਰਹਿੰਦਾ ਹੈ।'[37]

**ਡਾ. ਹਜ਼ਾਰੀ ਪ੍ਰਸਾਦ** ਦਾ ਮਤ ਹੈ, 'ਹਰੇਕ ਯੁੱਗ ਵਿਚ ਸਾਧਕ ਭਗਵਾਨ ਦੇ ਦੋ ਰੂਪਾਂ ਦਾ ਅਨੁਭਵ ਕਰਦੇ ਰਹੇ ਹਨ। ਇੱਕ ਤਾਂ ਉਨ੍ਹਾਂ ਦਾ ਨਿਰਗੁਣ ਅਤੇ ਨਿਰਵਿਸ਼ੇਸ਼ ਰੂਪ ਹੈ ਜੋ ਗਿਆਨ ਦਾ ਵਿਸ਼ਾ ਹੈ ਅਤੇ ਦੂਜਾ ਸਗੁਣ ਰੂਪ ਹੈ। ਨਿਰਗੁਣ ਕਹੇ ਜਾਣ ਵਾਲੇ ਰੂਪ ਵਿਚ ਭਗਵਾਨ ਦੀ ਉਪਾਸਨਾ ਕਰਨ ਵਾਲੇ ਨੂੰ ਨਿਰਗੁਣ ਭਗਤ ਅਤੇ ਸਗੁਣ ਸਰੂਪ ਦੀ ਅਰਾਧਨਾ ਕਰਨ ਵਾਲੇ ਨੂੰ ਨਿਰਗੁਣ ਭਗਤ ਕਹਿੰਦੇ ਹਨ।'[38]

**ਹਿੰਦੀ ਬ੍ਰਿਹਤ ਕੋਸ਼** ਅਨੁਸਾਰ, 'ਭਗਵਾਨ ਦੀ ਭਗਤੀ ਵਿਚ ਲੀਨ ਰਹਿਣ ਵਾਲੇ ਵੈਸ਼ਨਵ ਸਾਧੂ ਨੂੰ

ਭਗਤ ਕਿਹਾ ਜਾਂਦਾ ਹੈ।(39)'

ਗੁਰੂ ਨਾਨਕ ਦੇ ਸ਼ਬਦਾਂ ਵਿਚ ਭਗਤ ਉਹ ਪਰਮ ਸ਼ਕਸੀਅਤ ਹੈ ਜਿਸੇ 'ਸਚਿ' ਨਾਲ ਚਿਤੁ ਲਾਇਆ ਹੋਵੇ ਅਤੇ ਜੋ ਸਦਾ ਉਸਦੇ ਭਾਣੇ ਵਿਚ ਰਾਜ਼ੀ ਰਹੇ।

***'ਸੇਈ ਭਗਤ ਜਿਸ ਸਚਿ ਚਿਤੁ ਲਾਇਆ'***

**(ਆਦਿ ਗ੍ਰੰਥ, ਪੰਨਾ 1342)**

ਅਤੇ

***ਭਗਤੁ ਸਤਿਗੁਰੁ ਪੁਰਖੁ ਸੋਈ,***

***ਜਿਸੁ ਹਰਿ ਪ੍ਰਭੁ ਭਾਣਾ ਭਾਵਏ।***

**(ਆਦਿ ਗ੍ਰੰਥ, ਪੰਨਾ 923)**

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਦੇ ਸਮੇਂ ਇਹ ਪਰਿਭਾਸ਼ਾ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਆਦਿ ਗ੍ਰੰਥ ਅਨੁਸਾਰ, 'ਜੋ ਭਗਤੀ ਕਰਦਾ ਹੈ, ਅਰਾਧਨਾ ਕਰਦਾ ਹੈ ਅਤੇ ਭਗਵਤ ਭਜਨ ਵਿਚ ਲੀਨ ਰਹਿੰਦਾ ਹੈ। ਉਹ ਭਗਤ ਹੈ। ਭਗਤੀ ਤਾਂ ਭਗਤ ਵੀ ਕਰਦਾ ਹੈ ਤੇ ਸੰਤ ਵੀ।

***ਜਬ ਭਗਤਿ ਕਰਹਿ ਸੰਤ ਮੰਡਲੀ ਤਿਨ ਮਿਲਿ ਹਰਿ ਗਾਵਉ।***

***ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ॥***

**(ਆਦਿ ਗ੍ਰੰਥ, ਪੰਨਾ 813)**

ਪਰੰਤੂ ਭਗਤੀ ਦਾਨ ਜਾਂ ਨਾਮ ਦਾਨ ਦੀ ਸਮੱਰਥਾ ਕੇਵਲ ਸੰਤ ਕੋਲ ਹੈ। ਭਗਤ ਕੋਲ ਨਹੀਂ। ਪ੍ਰੀਤਮ ਮਿਲਾਪ ਕਰਾਉਣ ਦੀ ਅਤੇ ਅਧਿਆਤਮਿਕ ਮਾਰਗ ਦੇ ਪਾਂਧੀਆਂ ਨੂੰ ਠੀਕ ਸੇਧ ਦੇਣ ਦੀ ਸ਼ਕਤੀ ਕੇਵਲ ਸੰਤ ਕੋਲ ਹੈ। ਭਗਤ ਨਾਮ ਉਚਾਰਦੇ ਹਨ ਅਤੇ ਸੰਤ ਇਸ ਨੂੰ ਵਿਚਾਰਦੇ ਹਨ।

***ਨਾਨਕ ਵਿਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ।***

***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।***

**(ਆਦਿ ਗ੍ਰੰਥ ਪੰਨਾ 306)**

ਉਪਰੋਕਤ ਵਿਚਾਰ ਚਰਚਾ ਦੇ ਅਧਾਰ ਦੇ ਅਸੀਂ 'ਭਗਤ' ਸ਼ਬਦ ਦੀ ਪਰਿਭਾਸ਼ਾ ਇੰਝ ਦੇ ਸਕਦੇ ਹਾਂ।

**"ਸੰਸਾਰ ਵਿਚੋਂ ਆਪਣਾ ਖਿਆਲ ਕੱਢਕੇ ਅਤੇ ਇਕਾਗਰ ਚਿੱਤ ਹੋ ਕੇ ਹਰਿ ਨਾਲ ਇਕ ਵਿਅਕਤੀਗਤ ਨਾਤਾ ਜੋੜਕੇ ਭਗਤੀ ਕਰਨ ਵਾਲਾ ਸਾਧਕ ਭਗਤ ਅਖਵਾਉਂਦਾ ਹੈ।"**

ਗੁਰਬਾਣੀ ਵਿਚ ਭਗਤ ਸ਼ਬਦ ਨੂੰ ਅਤਿਅੰਤ ਸਨਮਾਨਜਨਕ ਦਰਜਾ ਪ੍ਰਾਪਤ ਹੈ। ਇਸ ਸੱਚੀ ਬਾਣੀ ਅਨੁਸਾਰ ਹਰਿ ਦਾ ਭਗਤ ਸਦਾ ਪ੍ਰਗਟ ਹੈ, ਛੁਪਾਇਆ ਵੀ ਛੁੱਪ ਨਹੀਂ ਸਕਦਾ। ਪਰਮਾਤਮਾ ਆਪ ਆਪਣੇ ਭਗਤਾਂ ਵਿਚ ਵਿਚਰਦਾ ਹੈ। ਭਗਤਾਂ ਦਾ ਬੋਲਿਆ ਦਰਗਾਹ ਵਿਚ ਪ੍ਰਵਾਨ ਚੜਦਾ ਹੈ। ਵੱਡੇ ਵੱਡੇ ਗੁਣੀ, ਗਿਆਨੀ, ਆਚਾਰੀਆ, ਛਤਰਪਤੀ ਰਾਜੇ ਤੇ ਬਹਾਦਰ ਸੂਰਮੇ ਵੀ ਭਗਤ ਦੀ ਬਰਾਬਰੀ ਨੂੰ ਖੋਜਦੇ ਫਿਰਦੇ ਹਨ ਪਰੰਤੂ ਪ੍ਰਭੂ ਦਾ ਭਗਤ ਕੇਵਲ ਉਹ ਵੱਡਭਾਗੀ ਪੁਰਖ ਹੈ ਜਿਸ ਉਮਰ ਪ੍ਰਭੂ ਆਪ ਕਿਰਪਾ ਕਰਦਾ ਹੈ। ਉਹ

ਆਪਣੀ ਸ਼ਰਧਾ, ਪ੍ਰੇਮ ਤੇ ਭਗਤੀ ਰਾਹੀਂ ਪ੍ਰਭੂ ਨੂੰ ਖ਼ੁਸ਼ ਕਰਦਾ ਹੈ। ਆਪਣੀ ਤ੍ਰਿਸ਼ਨਾਵਾਂ ਅਤੇ ਮੋਹ ਮਾਇਆ ਵਿਚ ਡੁੱਬੇ ਮਨ ਅਤੇ ਆਪਣੇ ਆਪ ਨੂੰ ਇਸ ਕਦਰ ਸਾਧ ਲੈਂਦਾ ਹੈ ਕਿ ਉਸਦੇ ਸਭ ਦੁੱਖ ਬਿਨਸ ਜਾਂਦੇ ਹਨ ਅਤੇ ਉਹ ਹਰ ਪ੍ਰਕਾਰ ਦੇ ਜਮ ਡਰ ਤੋਂ ਮੁਕਤ ਹੋ ਜਾਂਦਾ ਹੈ।

ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੇ ਭਗਤ ਸਧਾਰਨ ਵਿਅਕਤੀ ਤੋਂ ਨਿਰਾਲੇ ਹੁੰਦੇ ਹਨ। ਜਿਹੜੇ ਬਿਖਮ ਮਾਰਗ 'ਤੇ ਚੱਲ ਕੇ ਆਪਣੇ ਉਦੇਸ਼ ਨੂੰ ਪ੍ਰਾਪਤ ਕਰਦੇ ਹਨ।

*ਭਗਤਾਂ ਕੀ ਚਾਲ ਨਿਰਾਲੀ।*

*ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।*

*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਹੀਂ ਬੋਲਣਾ।*

*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।*

(ਆਦਿ ਗ੍ਰੰਥ, ਪੰਨਾ 918)

## 5.7 ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਰਾਹੀਂ ਸਥਾਪਿਤ ਭਗਤ ਦੇ ਗੁਣ

ਗੁਰੂ ਰਵਿਦਾਸ ਬਾਣੀ ਵਿਚ ਭਗਤ ਦਾ ਸੰਕਲਪ ਬੜਾ ਅਨੋਖਾ ਹੈ। ਇਸ ਬਾਣੀ ਵਿਚ ਪ੍ਰਵਾਣਿਤ 'ਭਗਤ' ਬਿਖਮ ਮਾਰਗ ਦਾ ਅਨੁਯਾਈ ਹੈ। ਕਿਉਂਕਿ ਸੰਸਾਰ ਵਿਚ ਰਹਿੰਦੀਆਂ ਸੰਸਾਰਿਕਤਾ ਤੋਂ ਨਿਰਲਿਪਤ ਹੋਣ ਲਈ ਉਸ ਨੂੰ ਸੱਚ-ਮੁੱਚ ਔਖੇ ਪੈਂਡੇ ਤੈਅ ਕਰਨੇ ਪੈਂਦੇ ਹਨ। ਬਾਵਜੂਦ ਇਸਦੇ ਉਹ ਨਿੱਤ ਦੇ ਕਾਰ ਵਿਹਾਰ ਨਿਭਾਉਂਦਾ ਹੋਇਆ, ਪੂਰੀ ਜ਼ਿੰਦਾਦਿਲੀ ਤੇ ਬਹਾਦਰੀ ਨਾਲ ਰਹਿੰਦਾ ਹੋਇਆ ਜੀਵਨ ਮੁਕਤੀ ਹਾਸਲ ਕਰਦਾ ਹੈ। ਗੁਰੂ ਰਵਿਦਾਸ ਬਾਣੀ ਅਨੁਸਾਰ ਸ਼੍ਰੇਸ਼ਠ ਭਗਤ ਦੇ ਹੇਠ ਲਿਖੇ ਲੱਛਣ ਹੁੰਦੇ ਹਨ।

5.7.1 ਸੁਭਾਅ ਦੀ ਇਕਸਾਰਤਾ

5.7.2 ਸ਼ੁੱਧੀ

5.7.3 ਅਹਿੰਸਾ

5.7.4 ਸਵੈ-ਕਾਬੂ

5.7.5 ਨਿਰਲਿਪਤਾ

5.7.6 ਨਿਡਰਤਾ

5.7.7 ਬਹਾਦਰੀ

5.7.8 ਤਿਆਗ

5.7.9 ਸ਼ਾਂਤੀ

5.7.10 ਈਸ਼ਵਰੀ ਭਾਵ

5.7.11 ਸੇਵਾ

5.7.12 ਜੀਵਨ ਮੁਕਤਾ

5.7.1 **ਸੁਭਾਅ ਦੀ ਇਕਸੁਰਤਾ**: ਸੁਭਾਅ ਦੀ ਇਕਸੁਰਤਾ ਬਿਨਾਂ ਭਗਤ ਦੀ ਭਗਵਾਨ ਪ੍ਰਤੀ ਖਿਚ ਨਹੀਂ ਬਣਦੀ ਅਤੇ ਖਿੱਚ ਬਿਨਾਂ ਭਗਤੀ ਦੀ ਇੱਛਾ ਪੈਦਾ ਨਹੀਂ ਹੁੰਦੀ। ਪਰੰਤੂ ਸੁਭਾਅ ਦੀ ਇਕਸਾਰਤਾ ਲਈ ਭਗਤ ਵਿਚ ਸੰਤੁਲਨ, ਸਬਰ, ਸ਼ਾਂਤੀ ਅਤੇ ਧੀਰਜ ਜਿਹੇ ਗੁਣ ਲੋੜੀਂਦੇ ਹਨ। ਇਸ ਬਾਣੀ ਵਿਚ ਪੇਸ਼ ਹੋਏ ਭਗਤ ਦੇ ਸੰਕਲਪ ਵਿਚ ਉਪਰੋਕਤ ਸਾਰੇ ਗੁਣ ਮੌਜੂਦ ਹਨ ਕਿਉਂਕਿ ਅਤਿ ਗਰੀਬੀ ਦੀ ਹਾਲਤ ਅਤੇ ਅਠਾਰਾਂ ਸਿੱਧੀਆਂ ਦੇ ਸਵਾਮੀ ਵਾਲੀ ਅਵਸਥਾ ਵਿਚ ਵੀ ਗੁਰੂ ਰਵਿਦਾਸ ਦੇ ਸੁਭਾਅ ਅਤੇ ਮਨ ਦਾ ਸੰਤੁਲਨ ਕਾਇਮ ਰਹਿੰਦਾ ਹੈ। ਬਿਪ੍ਰ ਪ੍ਰਧਾਨਾਂ ਵੱਲੋਂ ਤ੍ਰਿਸਕਾਰੇ ਜਾਣ ਅਤੇ ਡੰਡਉਤ ਕੀਤੇ ਜਾਣ ਉਪਰੰਤ ਵੀ ਉਹ ਉਸੇ ਧੀਰਜ, ਸਬਰ, ਹਲੀਮੀ ਨਾਲ ਵਿਚਰਦੇ ਹਨ। ਤੰਗੀ, ਗਰੀਬੀ ਅਤੇ ਜ਼ੁਲਮ ਉਸ ਨੂੰ ਆਪਣੇ ਮਾਰਗ ਤੋਂ ਡੁਲਾ ਨਹੀਂ ਸਕਦੇ। ਅਧਿਆਤਮਿਕ ਸ਼ਕਤੀ ਦਾ ਸਵਾਮੀ ਬਣ ਜਾਣ ਉਪਰੰਤ ਵੀ ਉਹ ਦਾਸਾਂ ਦਾ ਦਾਸ ਬਣ ਕੇ ਰਹਿੰਦੇ ਹਨ। ਦੂਜੇ ਸ਼ਬਦਾਂ ਵਿਚ ਉਨ੍ਹਾਂ ਦੇ ਸੁਭਾਅ ਵਿਚ ਇਕਸਾਰਤਾ ਦਿਖਦੀ ਹੈ।

5.7.2. **ਸ਼ੁੱਧੀ** : ਮਨ ਦੀ ਪੂਰਨ ਸ਼ੁੱਧੀ ਉਪਰੰਤ ਹੀ ਉਸ ਦੀ ਬ੍ਰਹਮ ਨਾਲ ਲਿਵ ਜੁੜ ਸਕਦੀ ਹੈ। ਇਹ ਸ਼ੁੱਧੀ, ਤਨ, ਮਨ, ਬਚਨ ਅਤੇ ਕਰਮ ਭਾਵ ਹਰ ਪੱਖੋਂ ਹੋਣੀ ਚਾਹੀਦੀ ਹੈ। ਉਸ ਨੂੰ ਕੇਵਲ ਸ਼ਰੀਰ ਦੀ ਬਾਹਰੀ ਸ਼ੁੱਧੀ ਹੀ ਸਵੀਕਾਰ ਨਹੀਂ ਕਿਉਂਕਿ ਬਾਹਰੋਂ ਤਨ ਧੋ ਲੈਣ ਨਾਲ ਭਗਤ ਦੇ ਵਿਕਾਰ ਨਹੀਂ ਧੋਤੇ ਜਾ ਸਕਦੇ। ਉਸ ਲਈ, ਤੀਰਥੀਂ ਨਹਾਉਣਾ ਹਾਥੀ ਦੇ ਨਹਾਉਣ ਬਰਾਬਰ ਹੈ, ਜਿਸ ਨਾਲ ਤਨ ਕਦੇ ਸ਼ੁੱਧ ਨਹੀਂ ਹੋ ਸਕਦਾ। ਇਸ ਬਾਣੀ ਵਿਚਲੇ ਭਗਤ ਲਈ ਮਿਥਿਹਾਸ ਵਿਚ ਪ੍ਰਵਾਨਿਤ ਅਠਾਰਹ ਤੀਰਥਾਂ ਦੇ ਇਸ਼ਨਾਨ ਦਾ ਕੋਈ ਮਹੱਤਵ ਨਹੀਂ, ਕੁਲਖੇਤਰ ਗ੍ਰਹਿਣ ਸਮੇਂ ਕੀਤਾ ਇਸ਼ਨਾਨ ਵਿਅਰਥ ਹੈ ਕਿਉਂਕਿ ਉਸ ਦੀ ਸ਼ੁੱਧਤਾ ਕੇਵਲ ਵਿਕਾਰਾਂ ਦੀ ਮੈਲ ਧੋਤੇ ਜਾਣ ਉਪਰੰਤ ਹੀ ਹੁੰਦੀ ਹੈ। ਉਸ ਦੀ ਪਵਿੱਤਰਤਾ ਦਾ ਆਧਾਰ ਕੇਵਲ ਭਗਵੰਤ ਭਜਨ ਹੈ:

*ਹੋਇ ਪੁਨੀਤ ਭਗਵਤ ਭਜਨ ਤੇ*

*ਆਪ ਤਾਰਿ ਤਾਰੇ ਕੁਲ ਦੋਇ।*

**(ਆਦਿ ਗ੍ਰੰਥ, ਪੰਨਾ 858)**

5.7.3 **ਅਹਿੰਸਾ** : ਪ੍ਰਭੂ ਭਗਤ ਕਿਸੇ ਜੀਵ ਨੂੰ ਦੁਖੀ ਨਹੀਂ ਕਰਦਾ ਸਗੋਂ ਉਹ ਦੂਸਰਿਆਂ ਦੇ ਦੁੱਖ ਹਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਦੂਸਰਿਆਂ ਵੱਲੋਂ ਉਸ ਨੂੰ ਦੁਖੀ ਕਰਨ ਲਈ ਕੀਤੇ ਜਤਨਾਂ ਨੂੰ ਉਹ ਉਨ੍ਹਾਂ ਦੀ ਨਾਸਮਝੀ ਕਹਿ ਕੇ ਮੁਆਫ ਕਰ ਦਿੰਦਾ ਹੈ। **ਸਪੀਨੋਜ਼ਾ**[40] ਦਾ ਕਥਨ ਹੈ ਕਿ ਸਾਰੇ ਬੁਰੇ ਕੰਮ ਅਗਿਆਨਤਾਵਸ ਕੀਤੇ ਜਾਂਦੇ ਹਨ ਕਿਉਂਕਿ ਕਰਤਾ ਇਸ ਗੱਲੋਂ ਅਗਿਆਤ ਹੁੰਦਾ ਹੈ ਕਿ ਉਹ ਕੀ ਕਰ ਰਿਹਾ ਹੈ? ਇਸ ਲਈ, ਨਫਰਤ ਨੂੰ ਜਿੱਤਣ ਲਈ ਪਿਆਰ ਵਧੇਰੇ ਕਾਰਗਰ ਸਾਬਤ ਹੋ ਸਕਦਾ ਹੈ। ਰਵਿਦਾਸ ਦਾ ਭਗਤ ਵੀ ਨਫਰਤ ਨੂੰ ਪਿਆਰ ਨਾਲ ਜਿੱਤਦਾ ਹੈ। ਪੁਰੋਹਿਤਾਂ ਪੰਡਿਤਾਂ ਅਤੇ ਦੂਸਰੇ ਪ੍ਰਤਿਸ਼ਠਤ ਲੋਕਾਂ ਦੀ ਘ੍ਰਿਣਾ ਨੂੰ ਉਸ ਨੇ ਪਿਆਰ ਨਾਲ ਜਿੱਤਿਆ ਅਤੇ ਉਨ੍ਹਾਂ ਦੀ ਅਗਿਆਨਤਾ ਨੂੰ ਅੱਖੋਂ ਪਰੋਖੇ ਕੀਤਾ। ਸਾਰੇ ਵਰਣਾਂ ਦੇ ਜੀਵ, ਡੂਮ, ਚੰਡਾਲ ਅਤੇ ਮਲੀਨ ਬੁੱਧੀ ਵਾਲੇ ਉਸ ਲਈ, ਸਮਾਨਤਾ ਦੇ ਅਧਿਕਾਰੀ ਹਨ।

5.7.4. **ਸਵੈ-ਕਾਬੂ** : ਪੰਜ ਵਿਕਾਰਾਂ ਦੇ ਕਾਬੂ ਆਇਆ ਜੀਵ ਕਦੇ ਮੁਕਤੀ ਨਹੀਂ ਪ੍ਰਾਪਤ ਕਰ ਸਕਦਾ। ਸੰਸਾਰ ਦੇ ਇਨ੍ਹਾਂ ਲੁਭਾਉਣੇ ਪਦਾਰਥਾਂ ਵਿਚ ਗਵਾਚਾ ਉਹ ਨਾਮ ਰਸ ਲਈ ਕਦੇ ਉਤਸ਼ਾਹਿਤ ਨਹੀਂ ਹੁੰਦਾ। ਉਸ ਦੇ ਇੰਦਰੀਆਂ ਨੂੰ ਵਸ ਕਰਨ ਲਈ ਕੀਤੇ ਸਾਰੇ ਜਤਨ ਬੇਕਾਰ ਸਿੱਧ ਹੁੰਦੇ ਹਨ ਕਿਉਂਕਿ ਭਰਮ ਦੀ ਫਾਹੀ ਟਾਲਣ ਤੇ ਨਹੀਂ ਟਲਦੀ। ਦੁਨੀਆਂ ਦੀਆਂ ਖੰਡ-ਲਿਬੜੀਆਂ ਵਿਸ-ਗੰਦਲਾਂ ਨਾਲੋਂ ਉਸ ਦਾ ਮੋਹ ਨਹੀਂ

ਟੁੱਟਦਾ ਜਿਸ ਕਰਕੇ ਉਸ ਨੂੰ ਅਸਲੀਅਤ ਦੀ ਸੋਝੀ ਨਹੀਂ ਹੁੰਦੀ। ਪਰੰਤੂ ਇਸ ਬਾਣੀ ਵਿਚੋਂ ਉਭਰਨ ਵਾਲਾ ਭਗਤ ਇੰਦਰੀਆਂ ਨੂੰ ਨਿਯੰਤ੍ਰਿਤ ਕਰਕੇ, ਵਿਕਾਰਾਂ ਤੋਂ ਇਸ ਕਦਰ ਉਪਰ ਉਠ ਗਿਆ ਹੈ ਕਿ ਧਨ, ਦੌਲਤ, ਮੋਹ ਮਾਇਆ ਅਤੇ ਹੋਰ ਮਨਮੋਹਕ ਪਦਾਰਥ ਉਸ ਨੂੰ ਆਪਣੇ ਮਾਰਗ ਤੋਂ ਡਗਮਗਾ ਨਹੀਂ ਸਕਦੇ।

*ਸੰਪਤਿ ਬਿਪਤਿ ਪਟਲ ਮਾਇਆ ਧਨੁ।*

*ਤਾ ਮਹਿ ਮਗਨ ਹੋਤ ਨ ਤੇਰੋ ਜਨੁ॥*

(ਆਦਿ ਗ੍ਰੰਥ, ਪੰਨਾ 487)

ਤ੍ਰਿਸ਼ਨਾ ਮੁੱਕ ਜਾਣ ਕਰਕੇ ਸਾਰੇ ਪਾਸੇ ਉਸ ਨੂੰ ਪਰਮਾਤਮਾ ਹੀ ਵਿਆਪਕ ਨਜ਼ਰ ਆਉਂਦਾ ਹੈ। ਮੋਹ-ਫਾਸ ਤੋਂ ਛੁਟਕਾਰਾ ਪ੍ਰਾਪਤ ਕਰਕੇ ਸਗੋਂ ਉਹ ਪ੍ਰਭੂ ਨੂੰ ਆਪਣੇ ਪ੍ਰੇਮ ਬੰਧਨ ਵਿਚ ਬੰਨ੍ਹ ਲੈਣ ਵਿਚ ਸਫਲ ਹੁੰਦਾ ਹੈ।

*ਜਉ ਹਮ ਬਾਂਧੇ ਮੋਹ ਪਾਸ,*

*ਹਮ ਪ੍ਰੇਮ ਬਧਨਿ ਤੁਮ ਬਾਧੇ॥*

(ਆਦਿ ਗ੍ਰੰਥ, ਪੰਨਾ 658)

ਇਸ ਭਗਤ ਨੂੰ ਕੋਈ ਸੰਤਾਪ ਨਹੀਂ ਕਿਉਂਕਿ ਉਹ ਮੋਹ ਰੂਪ ਪਟਲ ਤੋਂ ਸੁਤੰਤਰ ਹੋ ਚੁੱਕਾ ਹੈ:

*ਮੋਹ ਪਟਲ ਸਭੁ ਜਗਤੁ ਬਿਆਪਓ,*

*ਭਗਤ ਨਹੀਂ ਸੰਤਾਪਾ॥*

(ਆਦਿ ਗ੍ਰੰਥ ਪੰਨਾ 658)

ਸਰਬ ਜੰਜਾਲ ਤੋਂ ਮੁਕਤ ਹੋ ਜਾਣ ਕਰਕੇ ਉਸ ਨੂੰ ਜਮਾਂ ਦੇ ਡੰਡ ਦੀ ਚਿੰਤਾ ਨਹੀਂ ਕਿਹਾ ਜਾ ਸਕਦਾ ਹੈ ਕਿ ਦ੍ਰਿਸ਼ੜ ਸਵੈ ਕਾਬੂ ਉਸ ਨੂੰ ਭਗਵਤ-ਪ੍ਰਾਪਤੀ ਦੇ ਯੋਗ ਬਣਾਉਂਦਾ ਹੈ।

5.7.5 **ਨਿਰਲਿਪਤਤਾ** : ਸੰਸਾਰਿਕਤਾ ਵਿਚ ਖਚਿਤ ਹੋਣ ਦੀ ਬਜਾਇ ਭਗਤ ਸਦਾ ਇਸ ਸੰਸਾਰ ਵਿਚ ਰਹਿੰਦਾ ਹੋਇਆ ਵੀ ਨਿਰਲਿਪਤਤਾ ਦੀ ਅਵਸਥਾ ਵਿਚ ਵਿਚਰਦਾ ਹੈ। ਲਾਲਸਾ ਵਾਲਾ ਜੀਵਨ ਬਹੁਤ ਸੰਕੁਚਿਤ ਜੀਵਨ ਹੈ ਜਿਹੜਾ ਹਰ ਪ੍ਰਕਾਰ ਦੇ ਗਿਆਨ ਦਾ ਵਿਰੋਧ ਕਰਦਾ ਹੈ। ਇਸ ਲਈ ਲਾਲਸਾ-ਰਹਿਤ ਜੀਵਨ ਵਿਚ ਹੀ ਗਿਆਨ ਦਾ ਅਸਲ ਮਹੱਤਵ ਹੈ। ਰਵਿਦਾਸ ਦਾ ਭਗਤ ਉਨ੍ਹਾਂ ਜੋਗੀਆ, ਸੰਨਿਆਸੀਆਂ ਅਤੇ ਵੈਰਾਗੀਆਂ ਦਾ ਵਿਰੋਧ ਕਰਦਾ ਹੈ ਜਿਹੜੇ ਇਸ ਨਿਰਲਿਪਤਤਾ ਨੂੰ ਪ੍ਰਾਪਤ ਕਰਨ ਲਈ ਸੰਸਾਰ ਤਿਆਗ ਦਿੰਦੇ ਹਨ ਪਰ ਮਨ ਅੰਦਰੋਂ ਲਾਲਸਾ ਦਾ ਨਾਸ਼ ਨਹੀਂ ਕਰ ਪਾਉਂਦੇ ਜਦੋਂ ਕਿ ਇਹ ਭਗਤ ਦੁਨੀਆਂ ਵਿਚ ਰਹਿੰਦਿਆਂ ਹੋਇਅ0ਾਂ ਹੀ ਇਸ ਵਿਚੋਂ ਆਪਣਾ ਖਿਆਲ ਕੱਢ ਲੈਂਦਾ ਹੈ।

*ਲੋਗੁ ਗੰਠਿ ਗੰਠਿ ਖਰਾ ਬਿਗੂਚਾ।*

*ਹਓ ਬਿਨੁ ਗਾਂਠੇ ਜਾਇ ਪਹੂਚਾ॥*

(ਆਦਿ ਗ੍ਰੰਥ, ਪੰਨਾ 659)

5.7.6 **ਨਿਡਰਤਾ** : ਸੀਮਿਤ ਸ਼ਕਤੀਆਂ ਦੇ ਬਾਵਜੂਦ ਮਨੁੱਖੀ ਜੀਵਨ ਬੜੇ ਸੁਹਣੇ ਢੰਗ ਨਾਲ ਬਿਤਾਇਆ ਜਾ ਸਕਦਾ ਹੈ। ਹਮੇਸ਼ਾ ਮੌਤ ਦੇ ਡਰ ਅਧੀਨ ਰਹਿਣਾ ਵੀ ਗੁਲਾਮੀ ਦਾ ਚਿੰਨ੍ਹ ਹੈ। ਇਕ ਵਿਹਲਾ ਵਿਅਕਤੀ ਮੌਤ ਤੋਂ ਘੱਟ ਕਿਸੇ ਹੋਰ ਗੱਲ ਸੰਬੰਧੀ ਨਹੀਂ ਸੋਚ ਸਕਦਾ ਪਰੰਤੂ ਉਸ ਦੀ ਸਿਆਣਪ ਮੌਤ ਦੀ ਬਜਾਇ ਪ੍ਰਭੂ ਦਾ ਨਾਮ ਸਿਮਰਨ ਕਰਨ ਵਿਚ ਹੈ। ਰਵਿਦਾਸ ਬਾਣੀ ਵਿਚ ਪ੍ਰਗਟ ਭਗਤ 'ਅਨਭੈ' ਬਣ ਕੇ ਰਹਿੰਦਾ ਹੈ।

*ਮਨ ਕਾ ਸੁਭਾਉ ਸਭੁ ਕੋਈ ਕਰੈ।*

*ਕਰਤਾ ਹੋਇ ਸੁ ਅਨਭੈ ਰਹੈ।।*

**(ਆਦਿ ਗ੍ਰੰਥ ਪੰਨਾ 1167)**

ਪਰੰਤੂ ਉਸ ਵਿਚ ਇਹ ਨਿਡਰਤਾ ਨਾਮ ਸਿਮਰਨ ਦੀ ਸ਼ਕਤੀ ਤੋਂ ਉਤਪੰਨ ਹੁੰਦੀ ਹੈ। ਪਰਮਾਤਮਾ ਆਪਣੇ ਭਗਤ ਦੇ ਭੈਅ ਨੂੰ ਹਰ ਲੈਂਦਾ ਹੈ ਜਿਸ ਉਪਰੰਤ ਉਹ ਬਹਾਦਰ ਅਤੇ ਸੂਰਬੀਰ ਬਣ ਕੇ ਸੰਸਾਰ ਨਾਲ ਟੱਕਰ ਲੈਂਦਾ ਹੈ।

*ਭਗਤ ਜਨ ਭੈ ਹਰਨ*

*ਪਰਮਾਨੰਦ ਕਰਹੁ ਨਿਦਾਨ।*

**(ਆਦਿ ਗ੍ਰੰਥ ਪੰਨਾ 486)**

'ਮੋਹਿ ਜਮ ਡਰ ਨ ਲਾਗਈ' ਕਹਿਣਾ ਇਸ ਭਗਤ ਦੀ ਨਿਡਰਤਾ ਦਾ ਸੂਚਕ ਹੈ। ਉਰਵਾਰ ਪਾਰ ਦੇ ਦਾਨੀ ਨੂੰ ਆਲ ਪਤਾਲੁ ਲਿਖਣ ਲਈ ਵੰਗਾਰਨਾ ਕਿਸੇ ਨਿਡਰ ਵਿਅਕਤੀ ਦਾ ਹੀ ਸਾਹਸ ਹੈ।

5.7.7 **ਬਹਾਦਰੀ**: ਭਗਤ ਦੀ ਬਹਾਦਰੀ ਜੰਗ ਦੇ ਮੈਦਾਨ ਵਿਚ ਲੜਾਈ ਲੜਕੇ ਜਿੱਤ ਪ੍ਰਾਪਤ ਕਰਨ ਵਿਚ ਨਹੀਂ ਸਗੋਂ ਗ੍ਰਿਹਿਸਥ ਸੰਸਾਰ ਵਿਚ ਰਹਿ ਕੇ, ਅਧਰਮ ਵਿਰੁੱਧ ਲੜਨ ਅਤੇ ਧਰਮ ਨੂੰ ਸਥਾਪਿਤ ਕਰਨ ਵਿਚ ਹੈ। ਉਸ ਦੀ ਬਹਾਦਰੀ ਦੀ ਤੁਲਨਾ ਕਿਸੇ ਦੂਸਰੇ ਨਾਲ ਨਹੀਂ ਹੋ ਸਕਦੀ ਕਿਉਂਕਿ ਜਿਸ ਨੇ, ਆਪਣੇ ਜਤਨਾਂ ਨਾਲ, ਪ੍ਰਭੂ ਨੂੰ ਵਸ ਕਰ ਲਿਆ, ਮਨ ਨੂੰ ਨਿਯੰਤ੍ਰਿਤ ਕਰ ਲਿਆ ਅਤੇ ਆਪੇ ਤੇ ਕਾਬੂ ਪਾ ਲਿਆ, ਉਸ ਵਰਗਾ ਬੀਰ ਪੁਰਖ ਹੋਰ ਕੌਣ ਹੋ ਸਕਦਾ ਹੈ? ਗੁਰੂ ਅਰਜਨ ਦੀਆਂ ਭਗਤ ਸੰਬੰਧੀ ਇਹ ਸਤਰਾਂ ਬੜੀ ਭਾਵ ਪੂਰਤ ਹਨ:

*ਨਾ ਤੂ ਆਵਹਿ ਵਸਿ ਬਹੁਤ ਘਿਣਾਵਣੇ।*

*ਨਾ ਤੂ ਆਵਹਿ ਵਸਿ ਬੇਦ ਪੜ੍ਹਾਵਣੇ।*

*ਨਾ ਤੂ ਆਵਹਿ ਵਸਿ ਧਰਤੀ ਧਾਈਐ।*

*ਨਾ ਤੂ ਆਵਹਿ ਵਸਿ ਕਿਤੇ ਸਿਆਣਪੈ।*

*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ।*

*ਸਭੁ ਕੋ ਤੇਰੇ ਵਸਿ ਅਗਮ ਅਗੋਚਰਾ।*

*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ।*

**(ਆਦਿ ਗ੍ਰੰਥ, ਪੰਨਾ 962)**

ਇੰਞ, ਜਿਹੜਾ ਭਗਤ ਮਨ ਰੂਪ ਰਣ-ਭੂਮੀ ਵਿਚ ਜੂਝ ਕੇ ਪਰਮਾਤਮਾ ਰੂਪ ਯੁੱਧ ਜਿੱਤਦਾ ਹੈ, ਉਸ ਦੀ ਬਹਾਦਰੀ ਲਾਸਾਨੀ ਹੈ। ਸੂਰਮੇ ਦੀ ਬਹਾਦਰੀ ਜਾਂ ਤਾਂ ਹੱਦ ਬੰਨੇ ਵਧਾਉਣ ਲਈ ਕੀਤੀ ਜਗ ਵਿਚ ਜ਼ਾਹਿਰ ਹੁੰਦੀ ਹੈ ਅਤੇ ਜਾਂ ਫਿਰ ਦੌਲਤ ਜਾਂ ਇਸਤਰੀ ਦੀ ਪ੍ਰਾਪਤੀ ਲਈ ਲੜੀ ਗਈ ਲੜਾਈ ਵਿਚ (ਮੱਧਕਾਲ ਵਿਚ ਪ੍ਰਮੁੱਖ ਤੌਰ ਤੇ, ਲੜਾਈ ਇਨ੍ਹਾਂ ਕਾਰਨਾਂ ਨੂੰ ਮੁੱਖ ਰੱਖ ਕੇ ਲੜੀ ਜਾਂਦੀਆਂ ਸਨ।) ਪਰੰਤੂ ਭਗਤ ਦੀ ਬਹਾਦਰੀ ਅਧਰਮ ਦਾ ਨਾਸ਼ ਕਰਨ ਅਤੇ ਨਿਤਾਣਿਆਂ ਨੂੰ ਤਾਣ ਦੇਣ ਵਿਚ ਹੈ। ਰਵਿਦਾਸ ਬਾਣੀ ਵਿਚ ਮੌਜੂਦ ਭਗਤ ਉਸ ਛਤਰਪਤਿ ਰਾਜੇ ਤੋਂ ਵੀ ਵੱਧ ਬੀਰ ਹੈ ਜਿਹੜਾ ਖ਼ੂਨ ਖਰਾਬੇ ਉਪਰੰਤ ਪ੍ਰਾਪਤ ਕੀਤੀ ਅਸਥਿਰ ਨਗਰੀ ਤੇ ਰਾਜ ਕਰਦਾ ਹੈ:

*ਪੰਡਿਤ ਸੂਰ ਛਤ੍ਰਪਤਿ ਰਾਜਾ,*

*ਭਗਤ ਬਰਾਬਰ ਅਉਰੁ ਨ ਕੋਇ।*

(**ਆਦਿ ਗ੍ਰੰਥ, ਪੰਨਾ** 858)

ਕਿਉਂਕਿ ਭਗਤ ਸਦਾ ਉਸ ਸਥਿਰ ਨਗਰੀ ਵਿਚ ਨਿਵਾਸ ਕਦਾ ਹੈ ਜਿਥੇ ਦੀ ਪਾਤਿਸ਼ਾਹੀ ਕਦੇ ਬਦਲਣ ਵਾਲੀ ਨਹੀਂ, ਜਿਹੜੀ ਸਦਾ ਕਾਇਮ ਦਾਇਮ ਹੈ, ਜਿਥੋਂ ਦੀ ਹਕੂਮਤ ਕਦੇ ਪਲਟਦੀ ਨਹੀਂ, ਜਿਥੇ ਮੌਤ ਦਾ ਕਦੇ ਸਹਿਮ ਨਹੀਂ ਅਤੇ ਜਿਥੇ ਕੋਈ ਗਮ, ਫਿਕਰ ਅਤੇ ਡਰ ਨਹੀਂ। ਉਸ ਦਾ ਰਾਜ ਛਤਰਪਤਿ ਰਾਜੇ ਦੇ ਰਾਜ ਨਾਲੋਂ ਬਹੁਤ ਸ਼੍ਰੇਸ਼ਠ ਅਤੇ ਉਚੇਰਾ ਹੈ ਕਿਉਂਕਿ ਦੁਨਿਆਵੀ ਰਾਜਿਆਂ ਦੀਆਂ ਕਬਰਾਂ ਨੂੰ ਸਮਾਂ ਪੈਣ ਨਾਲ ਲੋਕ ਠੋਕਰਾਂ ਮਾਰ ਕੇ ਲੰਘਦੇ ਹਨ ਜਦੋਂ ਕਿ ਭਗਤ ਯੁੱਗਾਂ ਯੁੱਗਾਂ ਤੱਕ ਲੋਕਾਂ ਦੀ ਜ਼ਮੀਰ ਤੇ ਰਾਜ ਕਰਦਾ ਹੈ ਅਤੇ ਲੋਕਾਂ ਦੀ ਸ਼ਰਧਾ, ਪਿਆਰ ਅਤੇ ਸਤਿਕਾਰ ਦਾ ਪਾਤਰ ਬਣਦਾ ਹੈ। ਸਦੀਆਂ ਬੀਤ ਜਾਣ ਉਪਰੰਤ ਅੱਜ ਵੀ ਕਬੀਰ, ਰਵਿਦਾਸ, ਨਾਮਦੇਵ ਅਤੇ ਤ੍ਰਿਲੋਚਨ ਆਦਿ ਭਗਤ ਅਮਰ ਹਨ ਜਦੋਂ ਕਿ ਉਨ੍ਹਾਂ ਦੇ ਅਨੇਕ ਸਮਕਾਲੀ ਰਾਜਿਆਂ ਨੂੰ ਲੋਕ ਅੱਜ ਨਫਰਤ ਦੀ ਨਿਗਾਹ ਨਾਲ ਦੇਖਦੇ ਹਨ। ਛਤਰਪਤਿ ਰਾਜੇ ਵਾਂਗ ਰਵਿਦਾਸ ਦਾ ਭਗਤ 'ਸੂਰ' ਤੋਂ ਵੀ ਜ਼ਿਆਦਾ ਬਹਾਦਰ ਹੈ। ਸੂਰਮੇ ਨੂੰ ਆਪਣੀ ਸੂਰਮਗਤੀ ਦਾ ਹੰਕਾਰ ਹੋ ਜਾਂਦਾ ਹੈ, ਪਰੰਤੂ ਭਗਤ ਦਾ ਪੰਧ ਹੰਕਾਰ ਨੂੰ ਤਿਆਗਣ ਉਪਰੰਤ ਹੀ ਸ਼ੁਰੂ ਹੁੰਦਾ ਹੈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਬਾਣੀ ਵਿਚਲਾ ਭਗਤ ਬਹਾਦਰੀ ਨਾਲ ਸੰਸਾਰ ਦਾ ਟਾਕਰਾ ਕਰਦਾ ਹੋਇਆਂ ਵਿਜਈ ਬਣ ਕੇ ਸਾਹਮਣੇ ਆਉਂਦਾ ਹੈ।

5.7.8 **ਤਿਆਗ**: ਦੁਨੀਆਂ ਦੇ ਮੋਹ-ਮਾਇਆ ਨੂੰ ਤਿਆਗਣ ਵਾਲਾ ਜੀਵ ਬ੍ਰਹਮ ਨਾਲ ਇਕਰੂਪ ਹੋ ਜਾਂਦਾ ਹੈ। ਅਜਿਹੀ ਉਚੇਰੀ ਆਤਮਿਕ ਅਵਸਥਾ ਤੇ ਪਹੁੰਚ ਕੇ ਉਸ ਨੂੰ ਕਿਸੇ ਪਦਾਰਥ, ਵਿਅਕਤੀ ਜਾਂ ਵਸਤੂ ਪ੍ਰਤਿ ਲਗਾਉ ਨਹੀਂ ਰਹਿੰਦਾ। ਪ੍ਰਭੂ ਦੇ ਚਰਨ ਕੰਵਲਾਂ ਤੋਂ ਬਿਨਾਂ ਹੋਰ ਹਰ ਚੀਜ਼ ਪ੍ਰਤਿ ਉਹ ਤਿਆਗ ਦੀ ਰੁਚੀ ਅਪਣਾਉਂਦਾ ਹੈ।

5.7.9 **ਸ਼ਾਂਤੀ**: ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਕਰ ਲੈਣ ਉਪਰੰਤ ਭਗਤ ਨੂੰ ਕਿਸੇ ਪ੍ਰਕਾਰ ਦੀ ਭਟਕਣਾ ਨਹੀਂ ਰਹਿੰਦੀ। ਪਰਮ ਆਨੰਦ ਨੂੰ ਹਾਸਲ ਕਰਕੇ ਅਤੇ ਉਚ ਆਤਮਿਕ ਅਵਸਥਾ ਵਿਚ ਪਹੁੰਚ ਕੇ ਭਗਤ ਪੂਰਨ ਟਿਕਾਉ ਨੂੰ ਪ੍ਰਾਪਤ ਕਰ ਲੈਂਦਾ ਹੈ, ਅਜਿਹੀ ਸਥਿਤੀ ਵਿਚ ਉਸ ਦਾ ਸ਼ਾਂਤ ਹੋਣਾ ਸੁਭਾਵਿਕ ਹੈ। ਰਵਿਦਾਸ ਬਾਣੀ ਦੀਆਂ ਹੇਠ ਲਿਖਤ ਸਤਰਾਂ ਤੋਂ ਸਪੱਸ਼ਟ ਹੈ:

*ਅਬ ਮੋਹਿ ਖੂਬ ਵਤਨਗਹ ਪਾਈ।*

*ਊਹਾਂ ਖੈਰਿ ਸਦਾ ਮੇਰੇ ਭਾਈ।*

(**ਆਦਿ ਗ੍ਰੰਥ, ਪੰਨਾ** 345)

ਇਸ ਲਈ, ਕਿਹਾ ਜਾ ਸਕਦਾ ਹੈ ਕਿ ਜੀਵਨ ਮੁਕਤੀ ਪ੍ਰਾਪਤ ਕਰ ਲੈਣ ਪਿੱਛੋਂ ਭਗਤ ਸ਼ਾਂਤੀ ਦੀ ਅਵਸਥਾ ਵਿਚ ਵਿਚਰਦਾ ਹੈ।

5.7.10 **ਈਸ਼ਵਰੀਭਾਵ**: ਨਾਮ ਜਪਣ, ਨਿਰੰਤਰ ਸਿਮਰਨ ਕਰਦੇ ਰਹਿਣ ਅਤੇ ਸਵਾਸ ਸਵਾਸ ਪ੍ਰਭੂ ਦਾ ਭਜਨ ਕਰਨ ਵਾਲੇ ਭਗਤ ਵਿਚ ਈਸ਼ਵਰੀ ਭਾਵ ਪੈਦਾ ਹੋਣੇ ਸੁਭਾਵਿਕ ਹਨ। ਭਗਤ ਆਪਣੀ ਭਗਤੀ ਬਲ ਨਾਲ ਉਹ ਬਹੁਤ ਸਮਰਿੱਧ ਹੋ ਜਾਂਦਾ ਹੈ। ਅਠਾਰਾਂ ਸਿੱਧੀਆਂ ਉਸ ਦੇ ਹੱਥਾਂ ਦੀਆਂ ਤਲੀਆਂ ਤੇ ਨੱਚਣ ਲਗ ਪੈਂਦੀਆਂ ਹਨ। ਉਸ ਦੇ ਈਸ਼ਵਰੀਭਾਵ ਤੋਂ ਪ੍ਰਭਾਵਿਤ ਹੋ ਕੇ ਬਿਪ੍ਰ ਉਸਨੂੰ ਡੰਡਉਤਾਂ ਕਰਨ ਲੱਗ ਪੈਂਦੇ ਹਨ। ਸੰਸਾਰ ਵਿਚ ਉਸ ਦੀ ਜੈ-ਜੈ ਕਾਰ ਹੋਣ ਲੱਗ ਪੈਂਦੀ ਹੈ। ਭਗਵੰਤ ਭਜਨ ਨਾਲ ਆਈ ਰੂਹਾਨੀ ਸ਼ਕਤੀ ਕੇਵਲ ਉਸ ਨੂੰ ਹੀ ਮੁਕਤ ਨਹੀਂ ਕਰਦੀ ਸਗੋਂ ਉਸ ਦੀਆਂ ਦੋਵਾਂ ਕੁਲਾਂ ਨੂੰ ਵੀ ਮੁਕਤ ਕਰ ਦਿੰਦੀ ਹੈ। ਇੰਞ, ਇਸ ਬਾਣੀ ਤੋਂ ਸਪੱਸ਼ਟ ਹੈ ਕਿ ਪ੍ਰਭੂ ਦੀ ਭਗਤੀ ਭਗਤ ਵਿਚ ਈਸ਼ਵਰੀਭਾਵ ਉਤਪੰਨ ਕਰ ਦਿੰਦੀ ਹੈ।

5.7.11 **ਸੇਵਾ**: ਭਗਤ ਪ੍ਰਭੂ ਸੇਵਕ ਤੋਂ ਇਲਾਵਾ ਲੋਕ-ਸੇਵਕ ਵੀ ਬਣ ਨਿਬੜਦਾ ਹੈ। ਉਸ ਦੀ ਸ਼੍ਰੇਸ਼ਠ ਸੇਵਾ, ਮਨੁੱਖਤਾ ਵਿਚ, ਪਰਮਾਤਮਾ ਦੀ ਪ੍ਰਾਪਤੀ ਲਈ ਸ਼ੌਂਕ ਪੈਦਾ ਕਰਨਾ ਹੈ। ਉਹ ਲੋਕਾਈ ਨੂੰ ਸੰਸਾਰ ਦੀ ਨਾਸ਼ਵਾਨਤਾ, ਅਸਥਿਰਤਾ ਅਤੇ ਛਣ-ਭੰਗੁਰਤਾ ਦਾ ਅਹਿਸਾਸ ਕਰਾਕੇ ਭਗਤੀ ਭਾਵ ਲਈ ਪ੍ਰੇਰਿਤ ਕਰਦਾ ਹੈ। ਉਹ ਪਲ ਪਲ ਹਰਿ-ਭਗਤੀ ਵਿਚ ਲੀਨ ਰਹਿਣ ਦਾ ਉਪਦੇਸ਼ ਦੇ ਕੇ, ਵਿਕਾਰਾਂ ਤੋਂ ਬਚਣ ਦੀ ਸਿੱਖਿਆ ਦੇ ਕੇ, ਸਾਧ ਸੰਗਤ ਵਿਚ ਜਾਣ ਦੀ ਪ੍ਰੇਰਨਾ ਦੇ ਕੇ ਗੁਰੂ ਦਾ ਲੜ ਫੜਣ ਦੀ ਸੋਝੀ ਕਰਵਾ ਕੇ, ਨਾਮ ਸਿਮਰਨ ਦੀ ਆਵਸ਼ਕਤਾ ਦ੍ਰਿੜਾ ਕੇ ਅਤੇ ਨਿਮਰਤਾ ਧਾਰਣ ਕਰਨ ਦੀ ਜ਼ਰੂਰਤ ਦਰਸ਼ਾ ਕੇ ਮਨੁੱਖਤਾ ਦੀ ਅਸਲ ਅਰਥਾਂ ਵਿਚ ਸੇਵਾ ਕਰਦਾ ਹੈ। ਇੰਞ, ਰਵਿਦਾਸ ਬਾਣੀ ਵਿਚਲਾ ਭਗਤ ਇਕ ਨਿਸ਼ਕਾਮ ਲੋਕਸੇਵਕ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੈ।

5.7.12 **ਜੀਵਨ ਮੁਕਤਾ** : ਗੁਰੂ ਰਵਿਦਾਸ ਬਾਣੀ ਵਿਚਲਾ ਭਗਤ ਜੀਵਨ ਮੁਕਤਾ ਹੈ। ਦੁਨੀਆਂ ਵਿਚ ਰਹਿੰਦਾ ਹੋਇਆ ਵੀ ਉਹ ਪਰਮ ਬੈਰਾਗੀ ਹੈ। ਸਾਰੀਆਂ ਕਾਮਨਾਵਾਂ ਤੋਂ ਮੁਕਤ ਹੋ ਕੇ ਉਹ ਸੰਸਾਰ ਵਿਚ ਜੀਵਨ ਮੁਕਤਾ ਹੋ ਕੇ ਵਿਚਰਦਾ ਹੈ:

*ਘ੍ਰਿਤ ਕਾਰਨ ਦਧਿ ਮਥੈ ਸਇਆਨ।*

*ਜੀਵਨ ਮੁਕਤ ਸਦਾ ਨਿਰਬਾਨ।*

*ਕਹਿ ਰਵਿਦਾਸ ਪਰਮ ਬੈਰਾਗ।*

*ਰਿਦੈ ਰਾਮੁ ਕੀ ਨ ਜਪਸਿ ਅਭਾਗ।*

**(ਆਦਿ ਗ੍ਰੰਥ, ਪੰਨਾ 1167)**

ਉਸ ਲਈ ਮੁਕਤੀ ਮੌਤ ਤੋਂ ਪਿੱਛੋਂ ਦਾ ਕੋਈ ਸੰਕਲਪ ਨਹੀਂ, ਸਗੋਂ ਸੰਸਾਰ ਵਿਚ ਵੱਸਦਿਆਂ ਬੇਗਮਪੁਰੇ ਦੇ ਵਸਨੀਕ ਬਣਨਾ ਹੈ। ਪਰਮਾਤਮਾ ਨਾਲ ਇਕਰੂਪ ਹੋ ਕੇ ਉਹ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ ਅਤੇ ਜਗਤ ਦੇ ਕਾਰ ਵਿਹਾਰ ਨਿਭਾਉਂਦਾ ਹੋਇਆ ਵੀ ਜੀਵਨ ਮੁਕਤ ਹੋ ਜਾਂਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਬਾਣੀ ਵਿਚ ਭਗਤ ਦਾ ਜਿਹੜਾ ਆਚਰਣ ਉਘੜਦਾ ਹੈ ਉਸ ਅਨੁਸਾਰ ਉਹ ਵਿਕਾਰਾਂ ਤੋਂ ਉਪਰ ਉਠਿਆ ਹੋਇਆਂ, ਸੇਵਾ ਭਾਵ ਨਾਲ ਵਿਚਰਦਾ ਹੋਇਆ, ਇਕ ਸਮਾਜਿਕ ਜੀਵ ਵਾਂਗ ਨਿੱਤ ਦੇ ਕਾਰ ਵਿਹਾਰ ਕਰਦਾ ਹੋਇਆ ਅਤੇ ਬਹਾਦਰੀ ਨਾਲ ਸੰਸਾਰ ਵਿਚ ਰਹਿੰਦਾ

ਹੋਇਆ ਬ੍ਰਹਮ ਨਾਲ ਅਭੇਦ ਹੋ ਕੇ ਜੀਵਨ ਮੁਕਤ ਹੁੰਦਾ ਹੈ।

ਇਸ ਪ੍ਰਕਾਰ ਗੁਰੂ ਰਵਿਦਾਸ ਦੀ ਬਾਣੀ ਨਿਰਗੁਣ ਭਗਤਾਂ ਦੀ ਸੰਤਾਂ ਨਾਲ ਅਨੋਖੀ ਸਾਂਝ ਰੱਖਦੀ ਹੈ ਅਤੇ ਉਨ੍ਹਾਂ ਨੂੰ ਨਿਰਗੁਣ ਭਗਤਾਂ ਦੀ ਕਤਾਰ ਵਿਚ ਸਰਵੋਪਰੀ ਸਥਾਨ ਦਿੰਦੀ ਹੈ।

## 5.8 ਸਾਰਾਂਸ਼

ਗੁਰੂ ਰਵਿਦਾਸ ਭਗਤੀ ਪੱਧਤੀ ਵਿਚ ਪੇਸ਼ ਭਗਤੀ ਸਹੀ ਅਰਥਾਂ ਵਿਚ ਭਾਉ ਭਗਤੀ ਹੈ ਜੋ ਨਿਸ਼ਕਾਮ ਪ੍ਰੇਮ ਦੇ ਭਾਵ ਤੇ ਆਧਾਰਿਤ ਹੈ। ਬੇਸ਼ੱਕ ਇਸ ਵਿਚ ਗਿਆਨ, ਕਰਮ ਅਤੇ ਭਗਤੀ ਮਾਰਗ ਦਾ ਸੁਮੇਲ ਮਿਲਦਾ ਹੈ ਪਰੰਤੂ ਮੂਲ ਰੂਪ ਵਿਚ ਇਸ ਰਾਹੀਂ ਪ੍ਰੇਮ ਨੂੰ ਭਗਤੀ ਦੇ ਪ੍ਰਤਿਨਿਧ ਤੱਤ ਦੇ ਤੌਰ 'ਤੇ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਭਗਤੀ ਪੱਧਤੀ ਦੀ ਆਪਣੀ ਨਿਵੇਕਲੀ ਵਿਸ਼ੇਸ਼ਤਾਵਾਂ ਤੇ ਗੁਣ ਹਨ ਜਿਸ ਕਾਰਨ ਰਵਿਦਾਸ ਜੀ ਭਗਤੀ ਪੱਧਤੀ ਨਿਰਗੁਣ ਭਗਤੀ ਨਾਲ ਡੂੰਘੀ ਸਾਂਝ ਰੱਖਦੀ ਹੋਈ ਵੀ ਆਪਣਾ ਇਕ ਸੁਤੰਤਰ ਤੇ ਵਿਲੱਖਣ ਵਜੂਦ ਰੱਖਦੀ ਹੈ। ਗੁਰੂ ਰਵਿਦਾਸ ਬਾਣੀ ਰਾਹੀਂ ਪੇਸ਼ ਭਗਤ ਦਾ ਸੰਕਲਪ ਵੀ ਬੜਾ ਅਨੋਖਾ ਹੈ ਕਿਉਂਕਿ ਉਹ ਗ੍ਰਹਿਸਥ ਵੀ ਰਹਿਕੇ ਵੀ ਨਿਰਲਿਪਤ ਜੀਵਨ ਬਤੀਤ ਕਰਦਾ ਜੀਉਂਦੇ ਜੀਅ ਮੁਕਤੀ ਦਾ ਧਾਰਨੀ ਬਣ ਜਾਂਦਾ ਹੈ। ਇਸ ਤਰ੍ਹਾਂ ਰਵਿਦਾਸ ਜੀ ਦੀ ਭਗਤੀ ਪੱਧਤੀ ਕਰਮਕਾਂਡਾਂ ਦਾ ਵਿਰੋਧ ਕਰਦੀ ਹੈ, ਵਿਅਕਤੀਗਤ ਜਤਨਾਂ ਤੇ ਮਨ ਦੇ ਨਾਲ ਨਾਲ ਤਨ ਦਾ ਮਹੱਤਵ ਸਵੀਕਾਰਦੀ ਹੈ ਅਤੇ ਇਕ ਈਸ਼ਵਰਵਾਦ ਤੇ ਨਿਮਰਤਾ ਜਿਹੇ ਸਦਾਚਾਰਕ ਤੇ ਨੈਤਿਕ ਗੁਣਾਂ ਦਾ ਪ੍ਰਸਾਰ ਤੇ ਪ੍ਰਸਾਰ ਕਰਦੀ ਹੋਈ ਭਾਰਤ ਦੇ ਅਧਿਆਤਮਕ ਜਗਤ ਦੀ ਮਹਾਨ ਪ੍ਰਾਪਤੀ ਹੋ ਨਿਬੜਦੀ ਹੈ।

## ਹਵਾਲੇ


1. ਗੀਤਾ ਰਹੱਸ, ਬਾਲ ਗੰਗਾਧਰ ਤਿਲਕ, ਪੰਨਾ 266
2. ਸੰਖਿਪਤ ਸੁਧਾ ਸਾਰ, ਸੰ, ਵਿਯੋਗੀ ਹਰਿ, ਪੰਨਾ 65
3. ਸਿੱਖ ਧਰਮ ਦਰਸ਼ਨ, ਸੰ. ਵਜ਼ੀਰ ਸਿੰਘ, ਪੰਨਾ 129
4. The Bhagwat Gita, S. Radha Krishnan, P-58
5. The Bhagvad Gita As A Philosophy of God Realisation, R.D. Ranade, P-172
6. ਸ਼੍ਰੀ ਗੁਰੂ ਗ੍ਰੰਥ ਦਰਸ਼ਨ, ਡਾ. ਜਯਰਾਮ ਮਿਸ਼ਰ, ਪੰਨਾ 283
7. ਮਹਾਨ ਕੋਸ਼, ਭਾਈ ਕਾਨ੍ਹ ਸਿੰਘ, ਨਾਭਾ, ਪੰਨਾ 675
8. ਭਕਤੀ ਕਾ ਵਿਕਾਸ, ਡਾ. ਮੁਨਸ਼ੀ ਰਾਮ ਸ਼ਰਮਾ, ਪੰਨਾ 111
9. ਭਕਤੀ ਕਾ ਵਿਕਾਸ, ਡਾ. ਮੁਨਸ਼ੀ ਰਾਮ ਸ਼ਰਮਾ, ਪੰਨਾ 472
10. A Critical Study of Adigranth, Dr. Surinder Singh Kohli, P-361
11. Indian Bhakti traditions & Sikh Gurus, Dr. Darshan Singh P-85
12. ਸ਼੍ਰੀ ਅਰਵਿੰਦ ਕੇ ਪੱਤਰ, ਸ੍ਰੀ ਅਰਵਿੰਦ, ਪੰਨਾ 44
13. ਸ੍ਰੀ ਮਦ ਭਾਗਵਤ ਪੁਰਾਣ, ਅਧਿਆਇ ਛੇਵਾਂ, ਸ਼ਲੋਕ 76
14. ਭਗਤੀ ਰਸਾਮ੍ਰਿਤ ਸਿੰਧੂ, ਰੂਪ ਗੋਸਵਾਮੀ, ਪੂਰਣ ਵਿਭਾਗ, ਪ੍ਰਥਮ ਲਹਿਰੀ, ਪੰਨਾ 25
15. ਸ਼ਵੇਤਾਸ਼ਵਰ ਉਪਨਿਸ਼ਦ, ਅਧਿਆਇ ਛੇਵਾਂ, ਸ਼ਲੋਕ 23
16. ਭਗਤੀ ਸਿਧਾਂਤ ਦੇ ਆਧਾਰ ਸ਼ਰੋਤ, ਮਨਮੋਹਨ ਸਿੰਘ, ਪੰਨਾ 52
17. ਕਠੋਉਪਨਿਸ਼ਦ, 2/23 ਅਤੇ ਮੁੰਡਕ ਉਪਨਿਸ਼ਦ, 3/23
18. Pathway to God in Kandda Litreature, R.D. Ranade, P-114
19. ਮੱਧਕਾਲੀਨ ਧਰਮ ਸਾਧਨਾ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 5
20. Guru Nanak for me & Sikh Religion, W.H. Macload, P-196
21. ਸ਼ਵੇਤਾਸ਼ਵਰ ਉਪਨਿਸ਼ਦ, 6/18
22. ਭਗਵਤ ਗੀਤਾ, 2/61
23. The Bhagvadgita Philosophy of God- Realisation, R.D. Ranade, P-260-261
24. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੁਰਾਮ ਚਤੁਰਵੇਦੀ, ਪੰਨਾ 210

25. ਸੰਤ ਰਵਿਦਾਸ ਵਿਚਾਰਕ ਔਰ ਕਵੀ, ਡਾ. ਪਦਮ ਗੁਰਚਰਨ ਸਿੰਘ, ਪੰਨਾ 103

26. ਗੋਰਖਵਾਣੀ, ਸੰ. ਪੀ.ਡੀ. ਬਰਥੁਵਾਲ, ਪੰਨਾ 1

27. ਸ਼ਵੇਤਾਸ਼ਵਰੋਪਨਿਸ਼ਦ, 4/10

28. ਭਾਰਤੀ ਦਰਸ਼ਨ ਦਾ ਇਤਿਹਾਸ, ਭਾਗ ਪਹਿਲਾ, ਡਾ. ਦਾਸ ਗੁਪਤਾ, ਪੰਨਾ 469

29. ਸਾਹਿਤ ਕੋਸ਼, ਡਾ. ਰਤਨ ਸਿੰਘ ਜੱਗੀ, ਪੰਨਾ 685

30. ਸਾਹਿਤ ਕੋਸ਼, ਡਾ. ਰਤਨ ਤਿੰਘ ਜੱਗੀ, ਪੰਨਾ 686

31. ਸ਼ਬਦ ਔਰ ਅਰਥ, ਸੰਤ ਸਾਹਿਤਯ ਕੇ ਸੰਦਰਭ ਮੇਂ, ਡਾ. ਰਾਜਦੇਵ ਸਿੰਘ, ਪੰਨਾ 51

32. ਉੱਤਰੀ ਭਾਰਤ ਕੇ ਨਿਰਗੁਣ ਪੰਥ ਸਾਹਿਤਯ ਕਾ ਇਤਿਹਾਸ, ਡਾ. ਵਿਸ਼ਣੂਦੱਤ ਰਾਕੇਸ਼, ਪੰਨਾ 66

33. ਸੰਤ ਸਾਹਿਤਯ : ਪੁਨਰ ਮੁਲਯਾਂਕਣ, ਡਾ. ਰਾਜਦੇਵ ਸਿੰਘ, ਪੰਨਾ 20

34. ਕਬੀਰ ਵਿਯਕਤਿਤਵ ਕ੍ਰਿਤਿਤਵ ਅਤੇ ਸਿਧਾਂਤ, ਡਾ. ਸਰਨਾਮ ਸਿੰਘ ਸ਼ਰਮਾ, ਪੰਨਾ 491

35. Encyclopedia of Religion and Ethics, Vol II, P-60.

36. The Sikh Religion Max .A. Macaullif, P-1

37. ਸੰਤ ਸਾਹਿਤਯ ਕੀ ਭੂਮਿਕਾ, ਪਰਸ਼ੁਰਾਮ ਰਾਮ ਦਿਵੇਦੀ, ਪੰਨਾ 61

38. ਮੱਧਕਾਲੀਨ ਧਰਮ ਸਾਧਨਾ, ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 14

39. ਹਿੰਦੀ ਬ੍ਰਿਹਤ ਕੋਸ਼, ਪੰਨਾ 1320

40. History of Western Philosophy, Burtard Russel P-562

# ਅਧਿਆਇ : ਛੇਵਾਂ

6.1 ਗੁਰੂ ਰਵਿਦਾਸ ਦੀ ਬਾਣੀ ਵਿਚ ਲੋਕ ਮੰਗਲ ਦੀ ਭਾਵਨਾ।

6.2 ਵੈਦਿਕ ਸੰਸਕ੍ਰਿਤੀ ਵਿਚ ਵਰਣ ਵਿਵਸਥਾ।

6.3 ਗੁਰੂ ਰਵਿਦਾਸ ਬਾਣੀ ਵਿਚ ਜਾਤੀਵਾਦ ਦਾ ਖੰਡਨ ਤੇ ਸਰਵਜਾਤੀ ਸਮਭਾਵ।

6.4 ਗੁਰੂ ਰਵਿਦਾਸ ਬਾਣੀ ਵਿਚ ਮਾਨਵਵਾਦ।

6.5 ਗੁਰੂ ਰਵਿਦਾਸ ਦੀ ਬਾਣੀ ਵਿਚ ਸਮਾਜਕ ਆਦਰਸ਼ ਤੇ ਪ੍ਰਤੀਮਾਨ।

6.6 ਬੇਗ਼ਮਪੁਰੇ ਦਾ ਆਦਰਸ਼।

6.7 ਸਾਰਾਂਸ਼।

## 6.1 ਗੁਰੂ ਰਵਿਦਾਸ ਦੀ ਬਾਣੀ ਵਿਚ ਲੋਕ ਮੰਗਲ ਦੀ ਭਾਵਨਾ

ਮੱਧਕਾਲ ਦੇ ਪ੍ਰਮੁੱਖ ਸੰਤ ਗੁਰੂ ਰਵਿਦਾਸ ਜੀ ਦੀ ਕਵਿਤਾ ਲੋਕਮੰਗਲ ਦੀ ਵਿਰਾਟ ਸਾਧਨਾ ਹੈ। ਉਨ੍ਹਾਂ ਨੇ ਆਪਣੀ ਕਵਿਤਾ ਦੇ ਰਾਹੀਂ ਸੰਪੂਰਨ ਮਾਨਵ ਜਾਤੀ ਦਾ ਈਸ਼ਵਰ ਨਾਲ ਇਕ ਸੰਵਾਦ ਸਥਾਪਿਤ ਕੀਤਾ ਹੈ। ਉਨ੍ਹਾਂ ਨੇ ਆਪਣੀ ਭਗਤੀ ਪੱਧਤੀ ਵਿਚ ਕੁਝ ਇਸ ਤਰ੍ਹਾਂ ਦਾ ਆਚਰਣ ਭਗਤ ਲਈ ਸਥਾਪਿਤ ਕੀਤਾ ਹੈ ਕਿ ਜਨ ਕਲਿਆਣ ਅਤੇ ਲੋਕ ਮੰਗਲ ਉਨ੍ਹਾਂ ਦੀ ਸਾਧਨਾ ਦੀ ਪਛਾਣ ਬਣ ਗਈ ਹੈ।

ਲੋਕ ਮੰਗਲ ਦੋ ਸ਼ਬਦਾਂ ਰਾਹੀਂ ਹੋਂਦ ਵਿਚ ਆਉਂਦਾ ਹੈ: ਲੋਕ ਤੇ ਮੰਗਲ

'ਲੋਕ' ਇਕ ਵਿਆਪਕ ਅਰਥ ਵਾਲਾ ਸ਼ਬਦ ਹੈ ਜਿਸਦੇ ਅੰਤਰਗਤ ਸਿੱਖਿਅਤ ਅਤੇ ਅਸਿੱਖਿਅਤ, ਉਚੇ ਤੇ ਨੀਵੇਂ, ਅਮੀਰ ਤੇ ਗਰੀਬ, ਜਵਾਨ, ਬੁੱਢੇ ਤੇ ਬੱਚੇ ਸਭ ਨਰ-ਨਾਰੀ ਆ ਜਾਂਦੇ ਹਨ। ਇਹ ਸ਼ਬਦ ਕਿਸੇ ਸਮਾਜ ਦੇ ਉਸ ਸਮਸਤ ਮਨੁੱਖੀ ਸਮੁਦਾਇ ਲਈ ਵੀ ਵਰਤਿਆ ਜਾਂਦਾ ਹੈ ਜੋ ਲਗਾਤਾਰ ਪਰੰਪਰਾ ਤੋਂ ਉਸਦਾ ਹਿੱਸਾ ਰਿਹਾ ਹੈ।

ਜਦਕਿ 'ਮੰਗਲ' ਸ਼ਬਦ ਦਾ ਅਰਥ ਕਲਿਆਣ ਜਾਂ ਭਲਾ ਲਿਆ ਜਾ ਸਕਦਾ ਹੈ।

ਇਸ ਤਰ੍ਹਾਂ 'ਲੋਕ ਮੰਗਲ' ਤੋਂ ਭਾਵ ਹੈ ਲੋਕ ਕਲਿਆਣ ਜਾਂ ਲੋਕ ਭਲਾਈ। ਭਗਤੀ ਕਾਲ ਦੇ ਸੰਤ ਗੁਰੂ ਰਵਿਦਾਸ, ਕਬੀਰ, ਗੁਰੂ ਨਾਨਕ, ਨਾਮਦੇਵ, ਜੈਦੇਵ, ਤ੍ਰਿਲੋਚਨ, ਸਧਨਾ, ਗੁਰੂ ਅਰਜੁਨ ਦੇਵ ਵਰਗੇ ਨਿਰਗੁਣਵਾਦੀ ਕਵੀ ਹੀ ਨਹੀਂ ਸਰਗੁਣਵਾਦੀ ਕਵੀ ਤੁਲਸੀਦਾਸ, ਸੂਰਦਾਸ ਆਦਿ ਵੀ ਇਸੇ ਭਾਵਨਾ ਨਾਲ ਜੁੜਕੇ ਕਵਿਤਾ ਲਿਖਦੇ ਰਹੇ ਹਨ। ਲੋਕ ਮੰਗਲ ਦੀ ਭਾਵਨਾ ਸਦਕਾ ਹੀ ਜਾਤੀ, ਕੁਲ, ਧਰਮ, ਵੈਭਵ, ਸਿੱਖਿਆ ਆਦਿ ਤੋਂ ਜਨਮ ਲੈਣ ਵਾਲੇ ਸਾਰੇ ਭੇਦਭਾਵ ਉਨ੍ਹਾਂ ਦੀ ਬਾਣੀ ਵਿਚ ਵਿਲੀਨ ਹੋ ਜਾਂਦੇ ਹਨ ਅਤੇ ਕੇਵਲ ਇਕ ਅਖੰਡ ਪਰਮਾਤਮਾ ਦੀ ਭਗਤੀ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਰਵਿਦਾਸ ਦੀ ਬਾਣੀ ਵੀ ਇਸੇ ਅਖੰਡ ਈਸ਼ਵਰ ਦੀ ਚੇਤਨਾ ਰਾਹੀਂ ਲੋਕ ਮੰਗਲ ਦੀ ਭਾਵਨਾ ਨੂੰ ਸਾਕਾਰ ਕਰਦੀ ਹੈ।

ਗੁਰੂ ਰਵਿਦਾਸ ਦੀ ਭਗਤੀ ਇਕ ਈਸ਼ਵਰ ਦੀ ਭਗਤੀ ਹੈ ਜੋ ਨਿਰਗੁਣ ਬ੍ਰਹਮ ਹੈ। ਉਹ ਅਨੰਤ, ਬੇਅੰਤ, ਵਿਰਾਟ ਅਤੇ ਸਰਬਵਿਆਪਕ ਹੈ। ਉਹ ਜਗਤ ਦਾ ਸੁਆਮੀ ਹੈ। ਉਹ ਨਿਰੰਜਨ ਹੈ, ਸਤਿਨਾਮ ਹੈ, ਨਾਇਕ ਹੈ, ਅੰਤਰਜਾਮੀ ਹੈ, ਉਹ ਭਵਖੰਡਨਾ ਹੈ, ਬ੍ਰਹਿਮੰਡ ਦਾ ਨਾਇਕ ਹੈ। ਉਹ ਨਿਰਗੁਣ ਹੁੰਦੇ ਹੋਏ ਵੀ ਸਗੁਣ ਸਰੂਪ ਦੀ ਵਿਲੱਖਣਤਾਵਾਂ ਦਾ ਮਾਲਕ ਹੈ। ਉਸ ਸਰਵਗੁਣ ਸੰਪੰਨ ਬ੍ਰਹਮ ਤੋਂ ਹੀ ਜਗਤ ਅਤੇ ਉਸਦੇ ਜੀਵਾਂ ਦੀ ਉਤਪਤੀ ਹੋਈ ਹੈ। ਉਹ ਹਰ ਜੀਵ ਦੇ ਅੰਦਰ ਵਿਦਮਾਨ ਹੈ ਅਤੇ ਹਰ ਜੀਵ ਉਸੇ ਦਾ ਹੀ ਅੰਸ਼ ਹੈ। ਇਸ ਲਈ ਗੁਰੂ ਰਵਿਦਾਸ ਅਨੁਸਾਰ ਵਿਅਕਤੀ-ਵਿਅਕਤੀ ਵਿਚ ਕਿਸੇ ਵੀ ਪ੍ਰਕਾਰ ਦਾ ਭੇਦ ਕਰਨਾ ਉਸ ਬ੍ਰਹਮ ਦਾ ਅਨਾਦਰ ਹੈ।

ਗੁਰੂ ਰਵਿਦਾਸ ਦਾ ਜਨਮ ਉਸ ਵਕਤ ਹੁੰਦਾ ਹੈ ਜਦ ਬ੍ਰਾਹਮਣਵਾਦ ਦੇ ਕਲਾਵੇ ਵਿਚ ਪੂਰਾ ਭਾਰਤ ਜਕੜਿਆ ਪਿਆ ਸੀ। ਹਿੰਦੂ ਧਰਮ ਬ੍ਰਾਹਮਣ, ਵੈਸ਼, ਖ਼ਤਰੀ ਤੇ ਸ਼ੂਦਰ ਵਰਗੀ ਜਾਤੀਆਂ ਵਿਚ ਵੰਡਿਆ ਹੋਇਆ ਸੀ। ਧਰਮ-ਕਰਮ ਅਤੇ ਸਿੱਖਿਆ ਦਾ ਕਾਰਜ ਬ੍ਰਾਹਮਣ ਜਾਤੀ ਕਰਦੀ ਸੀ। ਵੈਸ਼ ਵਪਾਰ ਕਰਦੇ ਸਨ।

ਖੱਤਰੀ ਸ਼ਾਸਨ ਚਲਾਉਂਦੇ ਤੇ ਰੱਖਿਆ ਦਾ ਕਾਰਜ ਕਰਦੇ ਸਨ। ਸ਼ੂਦਰ ਇਨ੍ਹਾਂ ਸਭ ਜਾਤੀਆਂ ਦੀ ਸੇਵਾ ਕਰਨ ਕਾਰਨ ਪਰਾਧੀਨਤਾ ਦਾ ਜੀਵਨ ਜੀਅ ਰਹੇ ਸਨ। ਉਨ੍ਹਾਂ ਦੀ ਹਾਲਤ ਬੜੀ ਦਯਨੀਯ ਸੀ। ਉਨ੍ਹਾਂ ਨੂੰ ਮੰਦਰਾਂ ਵਿਚ ਪੂਜਾ ਕਰਨਾ, ਵੇਦ-ਪਾਠਾਂ ਦਾ ਅਧਿਐਨ ਕਰਨ, ਉੱਚ ਵਰਗ ਦੇ ਨਾਲ ਬਸਤੀ ਵਿਚ ਰਹਿਣ, ਉਨ੍ਹਾਂ ਦੇ ਖੂਹ ਤੋਂ ਪਾਣੀ ਭਰਨ ਦਾ ਅਧਿਕਾਰ ਨਹੀਂ ਸੀ। ਪਿਤਾ ਪੁਰਖੀ ਕਿੱਤੇ ਨਾਲ ਬੱਝੇ ਉਹ ਲੋਕ ਬੜੀ ਤਰਸਯੋਗ ਹਾਲਤ ਵਿਚ ਸਨ। ਗੁਰੂ ਰਵਿਦਾਸ ਜੀ ਨੇ ਜਾਤੀਵਾਦ ਦੇ ਇਸ ਦਰਦ ਨੂੰ ਹੱਡੀਂ ਹੰਢਾਇਆ। ਉਨ੍ਹਾਂ ਜਾਤੀ ਵਿਵਸਥਾ ਨੂੰ ਰੱਦ ਕਰਦੇ ਹੋਏ ਇਕ ਨਵੀਂ ਕ੍ਰਾਂਤੀ ਦਾ ਆਗਾਜ਼ ਕੀਤਾ ਅਤੇ ਸ਼ੂਦਰ ਜਾਤੀ ਨੂੰ ਬ੍ਰਾਹਮਣਵਾਦ ਦੀ ਕੈਦ ਤੋਂ ਛੁਟਕਾਰਾ ਦਿਵਾਇਆ।

ਉਨ੍ਹਾਂ ਨੇ ਲੋਕਾਂ ਵਿਚ ਪੈਦਾ ਹੋਏ ਇਸ ਭ੍ਰਮ ਨੂੰ ਵੀ ਤੋੜਿਆ ਕਿ ਪ੍ਰਭੂ ਸਿਰਫ ਉੱਚ ਜਾਤੀ ਵਾਲਿਆਂ ਨੂੰ ਹੀ ਮਿਲਦਾ ਹੈ ਅਤੇ ਬ੍ਰਾਹਮਣ, ਖ਼ੱਤਰੀ ਅਤੇ ਵੈਸ਼ ਹੀ ਪ੍ਰਭੂ ਭਗਤੀ ਕਰਕੇ ਉਸਦੀ ਪ੍ਰਾਪਤੀ ਕਰ ਸਕਦੇ ਹਨ। ਉਨ੍ਹਾਂ ਨੇ ਇਹ ਤੱਥ ਸਥਾਪਿਤ ਕੀਤਾ ਕਿ ਪ੍ਰਭੂ ਤਾਂ ਸਭ ਵਿਚ ਵਸਦਾ ਹੈ ਭਾਵੇਂ ਉਹ ਡੂਮ, ਚੰਡਾਲ, ਮੇਲਛ, ਬ੍ਰਾਹਮਣ, ਸ਼ੂਦਰ ਜਾਂ ਖਤਰੀ ਕਿਉਂ ਨਾ ਹੋਵੇ? ਕੋਈ ਵੀ ਵਿਅਕਤੀ ਸੱਚੀ ਪ੍ਰਭੂ ਭਗਤੀ ਰਾਹੀਂ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ।

***ਬ੍ਰਾਹਮਣ ਬੈਸ਼ ਸੂਦ ਅਰੁ ਖੱਤ੍ਰੀ, ਡੋਮ ਚੰਡਾਲ ਮਲੇਛ ਮਨ ਸੋਈ।***

***ਹੋਇ ਪੁਨੀਤ ਭਗਵੰਤ ਭਜਨ ਤੇ, ਆਪੁ ਤਾਰਿ ਤਾਰੇ ਕੁਲ ਦੋਇ॥***

**(ਆਦਿ ਗ੍ਰੰਥ, ਪੰਨਾ 858)**

ਉਨ੍ਹਾਂ ਨੇ ਕਿਹਾ ਮਨੁੱਖ ਜਾਤੀ ਨਾਲ ਨਹੀਂ ਕਰਮਾਂ ਨਾਲ ਵੱਡਾ ਜਾਂ ਛੋਟਾ ਹੁੰਦਾ ਹੈ। ਹਰਿ ਭਗਤੀ ਹੀਣ ਬ੍ਰਾਹਮਣ ਵੀ ਚੰਡਾਲ ਹੈ। ਇਸ ਕਰਕੇ ਮਨੁੱਖ ਨੂੰ ਉੱਚ ਆਚਰਨਕ ਗੁਣਾਂ ਨੂੰ ਧਾਰਨ ਕਰਦੇ ਹੋਏ ਪ੍ਰਭੂ ਦੀ ਭਗਤੀ ਵਿਚ ਮਨ ਲਗਾਉਣਾ ਚਾਹੀਦਾ। ਪ੍ਰਭੂ ਭਗਤੀ ਜੀਵ ਨੂੰ ਭਵਸਾਗਰ ਪਾਰ ਕਰਵਾ ਸਕਦੀ ਹੈ।

ਪਰੰਤੂ ਹਰਿ ਭਗਤੀ ਦਾ ਜਨਮ ਤੋਂ ਮਿਥੀ ਜਾਤ ਨਾਲ ਨਾ ਕੋਈ ਸਬੰਧ ਹੈ ਅਤੇ ਨਾ ਹੀ ਨਾਮ ਸਿਮਰਨ ਵਾਲੇ ਲਈ ਜਾਤੀ, ਜਨਮ ਅਤੇ ਜੋਨੀ ਭਗਤੀ ਵਿਚ ਕਿਸੇ ਕਿਸਮ ਦੀ ਰੁਕਾਵਟ ਹੈ। ਪ੍ਰਭੂ ਜਾਤਪਾਤ ਦੇ ਬੰਧਨ ਸਵੀਕਾਰ ਨਹੀਂ ਕਰਦਾ ਹੈ। ਉਸਦੇ ਲਈ ਸਭ ਵਿਅਕਤੀ ਇਕ ਸਮਾਨ ਹਨ। ਉਸਨੇ ਸਭ ਦੀ ਰਚਨਾ ਮਾਤਾ ਅਤੇ ਪਿਤਾ ਦੇ ਪਰਸਪਰ ਸੰਬੰਧਾਂ ਰਾਹੀਂ ਕੀਤੀ ਹੈ। ਫਿਰ ਉਸ ਦੇ ਦਰ ਤੇ ਜਾਤੀ ਦਾ ਅੰਤਰ ਕਿਵੇਂ ਕਬੂਲਿਆ ਜਾ ਸਕਦਾ ਹੈ? ਪ੍ਰਭੂ ਤਾਂ ਭਗਤ ਦੀ ਜਾਤ ਹੀ ਮੇਟ ਦਿੰਦਾ ਹੈ ਅਤੇ ਆਪਣੀ ਦਰਗਾਹ ਜਾਂ ਆਪਣੇ ਦਰਬਾਰ ਵਿਚ ਉਸ ਨੂੰ ਉਤਮ ਪਦਵੀ ਬਖਸ਼ਦਾ ਹੈ।

***ਏਕੁ ਮੁਕੰਦੁ ਕਰੈ ਉਪਕਾਰੁ॥ ਹਮਰਾ ਕਹਾ ਕਰੈ ਸੰਸਾਰੁ॥***

***ਮੇਟੀ ਜਾਤੀ ਹੂਏ ਦਰਬਾਰਿ॥ ਤੁਹੀ ਮੁਕੰਦ ਜੋਗ ਜੁਗ ਤਾਰਿ॥***

**(ਆਦਿ ਗ੍ਰਥ, ਪੰਨਾ 875)**

ਉਨ੍ਹਾਂ ਨੇ ਆਪਣੇ ਕਈ ਸਮਕਾਲੀ ਭਗਤਾਂ ਅਤੇ ਸੰਤਾਂ ਦੇ ਜੀਵਨ ਦੀ ਉਦਾਹਰਨ ਦੇ ਕੇ ਆਪ ਜਨਤਾ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਪ੍ਰਭੂ ਦੇ ਦਰਬਾਰ ਵਿਚ ਉਸਦੇ ਭਗਤ ਹੀ ਨਾਮ ਪਾਉਂਦੇ ਹਨ, ਭਵਸਾਗਰ ਤੋਂ ਪਾਰ ਉਤਰਨ ਲਈ ਜਾਤ, ਰੰਗ, ਨਸਲ, ਕੌਮ ਕੋਈ ਮਹੱਤਵ ਨਹੀਂ ਰੱਖਦੇ।

ਜਿਸ ਸਮੇਂ ਗੁਰੂ ਰਵਿਦਾਸ ਨੇ ਇਸ ਕਿਸਮ ਦਾ ਆਦਰਸ਼ ਦਿੱਤਾ ਉਹ ਸਮਾਂ ਬ੍ਰਾਹਮਣੀ ਸਮਾਜ ਦੀ ਤਾਕਤਵਰ ਹੋਂਦ ਦਾ ਸਮਾਂ ਸੀ। ਪਰ ਫਿਰ ਵੀ ਗੁਰੂ ਰਵਿਦਾਸ ਜੀ ਨੇ ਬੜੀ ਬਹਾਦਰੀ ਤੇ ਨਿਡਰਤਾ ਨਾਲ ਜਾਤਪਾਤ ਦੀ ਵਿਵਸਥਾ ਨੂੰ ਹੀ ਇਕਲਿਆਂ ਰੱਦ ਕਰ ਦਿੱਤਾ। ਉਨ੍ਹਾਂ ਨੇ ਬ੍ਰਾਹਮਣ ਦੀ ਹੋਂਦ ਨੂੰ ਨਕਾਰ ਕੇ ਸੰਤ ਦਾ ਸੰਕਲਪ ਵੀ ਸਥਾਪਤ ਕਰ ਦਿੱਤਾ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਸੰਤ ਹੀ ਜਗਤ ਅਤੇ ਜਗਤ ਵਾਸੀਆਂ ਦਾ ਕਲਿਆਣ ਕਰ ਸਕਦਾ ਹੈ। ਉਨ੍ਹਾਂ ਨੂੰ ਵਿਭਿੰਨ ਭੇਖਾਂ, ਪਾਖੰਡਾਂ ਅਤੇ ਕਰਮ ਕਾਂਡਾਂ ਤੋਂ ਮੁਕਤ ਕਰਕੇ ਪਰਮਾਤਮਾ ਦੀ ਪ੍ਰਾਪਤੀ ਦਾ ਸੱਚਾ ਸੁੱਚਾ ਰਾਹ ਵਿਖਾ ਸਕਦਾ ਹੈ।

*ਸੰਤ ਤੁਝੀ ਤਨੁ, ਸੰਗਤਿ ਪ੍ਰਾਨ॥*

*ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥*

**(ਆਦਿ ਗ੍ਰੰਥ ਪੰਨਾ 486)**

ਉਨ੍ਹਾਂ ਨੇ ਮਨੁੱਖੀ ਜੀਵਨ ਵਿਚ ਕਿਰਤ ਦੇ ਮਹੱਤਵ ਨੂੰ ਪ੍ਰਤੀਪਾਦਿਤ ਕੀਤਾ। ਸਮਾਜ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਕੇ ਰੁਜ਼ਗਾਰ ਕਮਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਅਨੁਸਾਰ ਕੋਈ ਵੀ ਕਿੱਤਾ ਵੱਡਾ ਜਾਂ ਛੋਟਾ, ਉਚਾ ਜਾਂ ਨੀਵਾਂ ਨਹੀਂ ਹੁੰਦਾ। ਉਨ੍ਹਾਂ ਲੋਕਮਨ ਵਿਚ ਬੈਠੀ ਇਸ ਭ੍ਰਾਂਤੀ ਦਾ ਵੀ ਅੰਤ ਕੀਤਾ ਕਿ ਸ਼ੂਦਰ ਨਾਲ ਜੁੜੇ ਕਾਰਜ ਜਿਵੇਂ ਮਰੇ ਪਸ਼ੂਆਂ ਦੀ ਖੱਲ ਲਾਉਣੀ, ਜੁੱਤੀਆਂ ਗੰਢਣਾ, ਸਾਫ਼-ਸਫ਼ਾਈ ਕਰਨਾ, ਪਾਣੀ ਭਰਨਾ ਆਦਿ ਨੀਵੇਂ ਕੰਮ ਹਨ। ਉਨ੍ਹਾਂ ਨੇ ਕਿਰਤ ਨੂੰ ਈਮਾਨਦਾਰੀ ਤੇ ਸਨਮਾਨ ਨਾਲ ਜੋੜਦੇ ਹੋਏ ਜਨਸਾਧਾਰਨ ਨੂੰ ਸਪੱਸ਼ਟ ਕੀਤਾ ਕਿ ਕੋਈ ਵੀ ਕੰਮ ਮਾੜਾ ਨਹੀਂ ਹੈ। ਮਾੜਾ ਹੈ ਉਸ ਨੂੰ ਈਮਾਨਦਾਰੀ ਨਾਲ ਨਾਂਹ ਕਰਨਾ। ਆਪਣੇ ਫਰਜ਼ ਪ੍ਰਤੀ ਅਣਗਹਿਲੀ ਵਰਤਣਾ। ਉਨ੍ਹਾਂ ਸਾਰੀ ਉਮਰ ਪਿਤਾ ਪੁਰਖੀ ਕਿੱਤੇ ਜੁੱਤੀਆਂ ਬਨਾਉਣ ਤੋਂ ਵੀ ਰੁਜ਼ਗਾਰ ਕਮਾਇਆ ਅਤੇ ਇਸੇ ਨਾਲ ਹੀ ਪਰਿਵਾਰ ਦਾ ਭਰਨ ਪੋਸ਼ਣ ਕੀਤਾ।

*ਚਮਰਟਾ ਗਾਂਠਿ ਨ ਜਨਈ॥*

*ਲੋਗੁ ਗਠਾਵੈ ਪਨਹੀ॥*

*ਆਰ ਨਹੀ ਜਿਹ ਤੋਪਉ॥*

*ਨਹੀ ਰਾਂਬੀ ਠਾਉ ਰੋਪਉ॥*

**(ਆਦਿ ਗ੍ਰੰਥ, ਪੰਨਾ 659)**

ਅੱਜ ਜਦ ਨੌਜਵਾਨ ਪੀੜ੍ਹੀ ਪਿਤਾ ਪੁਰਖੀ ਕਿੱਤੇ ਵੱਲ ਹੇਯ ਦ੍ਰਿਸ਼ਟੀ ਨਾਲ ਵੇਖਦੀ ਹੋਈ ਨੌਕਰੀ ਦੀ ਪਰਾਧੀਨਤਾ ਵਿਚ ਅਸਲੀ ਸੁੱਖ ਲਭ ਰਹੀ ਹੈ, ਗੁਰੂ ਰਵਿਦਾਸ ਦੀ ਬਾਣੀ ਹੀ ਉਸ ਨੂੰ ਸਹੀ ਰਾਹ ਵਿਖਾ ਸਕਦੀ ਹੈ ਅਤੇ ਦੇਸ਼ ਦੀ ਅਰਥਵਿਵਸਥਾ ਵਿਚ ਲੋਕ ਕਿੱਤਿਆਂ ਦੇ ਯੋਗਦਾਨ ਨੂੰ ਸੁਦ੍ਰਿੜ ਕਰ ਸਕਦੀ ਹੈ।

ਗੁਰੂ ਜੀ ਨੇ ਜੀਵਨ ਵਿਚ ਉੱਚ ਆਚਾਰਨਕ ਤੇ ਸਦਾਚਾਰਕ ਮੁੱਲ ਧਾਰਨ ਕਰਨ ਤੇ ਵਿਸ਼ੇਸ਼ ਤੌਰ ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਵਿਚਾਰ ਸੀ ਕਿ ਸ਼੍ਰੇਸ਼ਠ ਅਤੇ ਗੰਭੀਰ ਜੀਵਨ ਬਤੀਤ ਕਰਦੇ ਹੋਏ ਵਿਅਕਤੀ ਆਪਣੇ ਆਪ ਨੂੰ ਅਨੁਸ਼ਾਸਿਤ ਰੱਖ ਸਕਦਾ ਹੈ। ਸੱਚਾਈ ਭਰਿਆ ਜੀਵਨ ਅਤੇ ਆਚਰਨ ਦੀ ਪਵਿੱਤਰਤਾ ਵਿਚ ਹੀ ਜੀਵਨ ਅਨੁਸ਼ਾਸਨ ਨਿਹਿਤ ਹੈ। ਇਸ ਲਈ ਹਰ ਵਿਅਕਤੀ ਨੂੰ ਧਾਰਮਿਕ ਤੇ ਪਵਿੱਤਰ ਜੀਵਨ ਜੀਉਣਾ ਚਾਹੀਦਾ ਹੈ। ਦੂਸਰਿਆਂ ਦਾ ਭਲਾ ਕਰਨਾ ਚਾਹੀਦਾ ਹੈ ਅਤੇ ਹਉਮੈਂ ਦਾ ਤਿਆਗ ਕਰਨਾ ਚਾਹੀਦਾ ਹੈ। ਉਸ

ਨੂੰ ਮਾਇਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੇ ਵਿਕਾਰਾਂ ਵਿਚ ਫਸਾ ਦਿੰਦੀ ਹੈ ਜਿਸ ਕਾਰਨ ਉਸ ਨੂੰ ਵਾਸਤਵਿਕਤਾ ਦੀ ਸੋਝੀ ਨਹੀਂ ਹੁੰਦੀ ਅਤੇ ਉਹ ਪਰਮਾਤਮਾ ਦੀ ਗਤੀਵਿਧੀਆਂ ਦੀ ਪਛਾਣ ਨਹੀਂ ਕਰ ਪਾਉਂਦਾ।

*ਮਲਿਨ ਭਈ ਮਤਿ ਮਾਧਵਾ। ਤੇਰੀ ਗਤਿ ਲਖੀ ਨ ਜਾਇ।।*

*ਕਰਹੁ ਕ੍ਰਿਪਾ ਭ੍ਰਮ ਚੂਕਈ, ਮੈਂ ਸੁਮਤਿ ਦੇਹੁ ਸਮਝਾਇ।।*

**(ਆਦਿ ਗ੍ਰੰਥ, ਪੰਨਾ 346)**

ਮਨ ਨੂੰ ਵਿਕਾਰਾਂ ਤੋਂ ਮੁਕਤ ਕਰਨ ਦੇ ਉਸਦੇ ਸਾਰੇ ਜਤਨ ਵਿਅਰਥ ਹੋ ਜਾਂਦੇ ਹਨ।

*ਅਨਿਕ ਜਤਨ ਨਿਗ੍ਰਹ ਕੀਏ,*

*ਟਾਰੀ ਨ ਟਰੈ ਭ੍ਰਮ ਫਾਸ।।*

**(ਆਦਿ ਗ੍ਰੰਥ, ਪੰਨਾ 346)**

ਕਿਉਂਕਿ ਜਾਣਦੇ ਬੁੱਝਦੇ ਮਾਇਆ ਦੇ ਰਸ ਵਿਚ ਪਗਲਾਏ ਮਨੁੱਖ ਹਰਿ ਭਗਤੀ ਦਾ ਪੱਲਾ ਨਹੀਂ ਫੜਦੇ । ਉਹ ਨਾਮ ਦੇ ਉਸ ਰਸ ਨੂੰ ਨਹੀਂ ਮਾਣਦੇ ਜਿਸ ਰਾਹੀਂ ਉਹ ਭਵਸਾਗਰ ਤੋਂ ਤਰ ਸਕਦੇ ਹਨ। ਮਾਇਆ ਦੀ ਉਧੇੜਬੁਣ ਵਿਚ ਫਸੇ ਮਨੁੱਖ ਦੀ ਉਮਰ ਬੀਤਦੀ ਜਾਂਦੀ ਹੈ, ਜੀਵਨ ਮਨੋਰਥ ਵਿਸਰ ਜਾਂਦਾ ਹੈ। ਇਨ੍ਹਾਂ ਵਿਕਾਰਾਂ ਵਿਚ ਗ੍ਰਸਿਤ ਜੀਵ ਖਾਹਿਸ਼ਾਂ ਪੂਰੀਆਂ ਨਾ ਹੋਣ ਤੇ ਹੋਰ ਦੁੱਖੀ ਹੁੰਦੇ ਹਨ। ਉਹ ਵਿਸ਼ਿਆਂ ਦੇ ਕੀੜੇ ਬਣਦੇ ਜਾਂਦੇ ਹਨ। ਪੰਚ ਵਿਕਾਰ ਮਨ ਨੂੰ ਇਸ ਕਦਰ ਵਿਗਾੜ ਦਿੰਦੇ ਹਨ ਕਿ ਉਨ੍ਹਾਂ ਦੀ ਪਰਮਾਤਮਾ ਤੋਂ ਦੂਰੀ ਵੱਧਦੀ ਜਾਂਦੀ ਹੈ। ਭਾਵੇਂ ਵੇਦਾਂ ਵਰਗੀਆਂ ਧਾਰਮਿਕ ਪੁਸਤਕਾਂ ਵਿਚ ਵਿਕਾਰਾਂ ਦੇ ਭੈੜੇ ਤੇ ਦੂਰਗਾਮੀ ਸਿੱਟਿਆਂ ਦਾ ਉਲੇਖ ਕੀਤਾ ਗਿਆ ਹੈ ਪਰੰਤੂ ਤਾਂ ਵੀ ਜੀਵ ਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਇਨ੍ਹਾਂ ਕਰਕੇ ਅੰਤ ਵਿੱਚ ਉਸ ਨੂੰ ਦੁੱਖ ਭੋਗਣਾ ਪਏਗਾ।

ਆਮ ਜੀਵਾਂ ਦੀ ਗੱਲ ਤਾਂ ਇਕ ਪਾਸੇ ਰਹੀ, ਹਿੰਦੂ ਮਿਥਿਹਾਸ ਵਿਚ ਪ੍ਰਵਾਨਿਤ ਅਤੇ ਸਤਿਕਾਰਿਤ ਦੇਵੀ-ਦੇਵਤੇ, ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ, ਪਾਰਵਤੀ ਦਾ ਪਤੀ ਸ਼ਿਵ, ਜਗਤ ਦੀ ਉਤਪੱਤੀ ਕਰਨ ਵਾਲਾ ਬ੍ਰਹਮਾ ਅਤੇ ਹਜ਼ਾਰ ਭਗਾਂ ਦੇ ਨਿਸ਼ਾਨ ਵਾਲਾ ਇੰਦਰ ਵੀ ਪੰਚ ਵਿਕਾਰਾਂ ਦੀ ਮਾਰ ਤੋਂ ਬਚ ਨਹੀਂ ਸਕੇ।

*ਗੌਤਮ ਨਾਰਿ ਉਮਾਪਤਿ ਸ੍ਵਾਮੀ।।*

*ਸੀਸੁ ਧਰਨਿ ਸਹਸ ਭਗ ਗਾਂਮੀ।।*

*ਇਨ ਦੂਤਨ ਖਲੁ ਬਧੁ ਕਰ ਮਾਰਿਓ।।*

*ਬਡੋ ਨਿਲਾਜੁ ਅਜਹੂ ਨਹੀਂ ਹਾਰਿਓ।*

**(ਆਦਿ ਗ੍ਰੰਥ, ਪੰਨਾ 710)**

ਮੂਰਖ ਮਨ ਨੂੰ ਇਨ੍ਹਾਂ ਜਮਦੂਤਾਂ ਨੇ ਬੁਰੀ ਤਰ੍ਹਾਂ ਖੁਆਰ ਕੀਤਾ ਪਰੰਤੂ ਨਿਲੱਜ ਮਨ ਅਜੇ ਵੀ ਪੰਚ ਵਿਕਾਰਾਂ ਤੋਂ ਮੂੰਹ ਨਹੀਂ ਮੋੜਦਾ। ਇਹ ਪੰਚ ਵਿਕਾਰ ਆਤਮਿਕ ਤੇ ਆਚਰਣਿਕ ਤੌਰ ਤੇ ਮਨੁੱਖ ਨੂੰ ਕਮਜ਼ੋਰ ਕਰ ਦਿੰਦੇ

ਹਨ। ਮਨੁੱਖ ਦੇ ਮਨ ਅੰਦਰ ਸਹਿਮ ਦੀ ਗੰਢ ਪੈ ਜਾਂਦੀ ਹੈ। ਉਹ ਨਿਤਾਣਾ ਹੋ ਜਾਂਦਾ ਹੈ। ਇਕ ਨਿਤਾਣਾ ਵਿਅਕਤੀ ਕਦੇ ਵੀ ਦੇਸ਼, ਰਾਸ਼ਟਰ, ਸਮਾਜ ਅਤੇ ਵਿਸ਼ਵ ਦੇ ਕਲਿਆਣ ਲਈ ਕਾਰਜ ਨਹੀਂ ਕਰ ਸਕਦਾ। ਉਹ ਆਪਣੇ ਪਰਿਵਾਰ ਦਾ ਭਲਾ ਵੀ ਨਹੀਂ ਸੋਚ ਸਕਦਾ। ਕਈ ਉਚੀ ਕੁੱਲ ਵਾਲੇ ਵਿਦਵਾਨ, ਜੋਗੀ, ਸੰਨਿਆਸੀ, ਗਿਆਨੀ, ਗੁਣਵਾਨ, ਸੂਰਮੇ, ਦਾਤੇ ਆਦਿ ਸਭ ਆਪਣੀ ਆਪਣੀ ਪ੍ਰਾਪਤੀ ਦੇ ਹੰਕਾਰ ਵਿਚ ਫਸੇ ਫਿਰਦੇ ਰਹਿ ਜਾਂਦੇ ਹਨ ਅਤੇ ਵਿਕਾਰਾਂ ਨੂੰ ਧੀਆਂ, ਪੁੱਤਾਂ ਵਾਂਗ ਪਿਆਰਨ ਲੱਗ ਪੈਂਦੇ ਹਨ।

ਗੁਰੂ ਰਵਿਦਾਸ ਆਪਣੇ ਇਕ ਉਦਾਹਰਨ ਰਾਹੀਂ ਸਮੁੱਚੀ ਮਨੁੱਖਤਾ ਦੇ ਕਲਿਆਣ ਦੀ ਗੱਲ ਕਰਦੇ ਹਨ ਕਿ ਖੂਹ ਦੇ ਡੱਡੂ ਵਾਂਗ ਵਿਸ਼ੇ ਵਿਕਾਰਾਂ ਵੱਲ ਮੋਹੇ ਜੀਵ ਨੂੰ ਉਰਲਾ-ਪਾਰਲਾ ਬੰਨਾ ਨਹੀਂ ਮਿਲਦਾ ਹੈ। ਹਿਰਨ ਨਾਦ ਸੁਨਣ ਦੇ ਰਸ ਕਰਕੇ, ਮੱਛੀ ਆਪਣੀ ਜੀਭ ਦੇ ਚਸਕੇ ਕਰਕੇ, ਭੌਰਾ ਆਪਣੀ ਸੁੰਘਣ ਸ਼ਕਤੀ ਕਰਕੇ, ਭੰਬਟ ਸ਼ਮ੍ਹਾਂ ਦੇ ਪਿਆਰ ਕਰਕੇ ਅਤੇ ਹਾਥੀ ਆਪਣੀ ਕਾਮਵਾਸਨਾ ਕਰਕੇ ਖਤਮ ਹੋ ਜਾਂਦੇ ਹਨ। ਉਪਰੋਕਤ ਜੀਵ ਆਪਣੇ ਇੱਕ ਇੱਕ ਐਬ ਜਾਂ ਕਮਜ਼ੋਰੀ ਕਰਕੇ ਬਰਬਾਦ ਹੋ ਜਾਂਦੇ ਹਨ। ਅਜਿਹੇ ਮਨੁੱਖ ਦਾ ਬਚਾਉ ਕਿਵੇਂ ਸੰਭਵ ਹੈ, ਜਿਸ ਨੂੰ ਇਹ ਪੰਜੇ ਅਸਾਧ ਰੋਗ ਚੰਬੜੇ ਹੋਏ ਹਨ? ਜਿਵੇਂ:

***ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ।***

***ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ।।***

**(ਆਦਿ ਗ੍ਰੰਥ, ਪੰਨਾ 486)**

ਇਸੇ ਲਈ ਗੁਰੂ ਰਵਿਦਾਸ ਜੀ ਨੇ ਨਿਮਰਤਾ ਅਤੇ ਨੈਤਿਕ ਗੁਣਾਂ ਨੂੰ ਮਨੁੱਖੀ ਜੀਵਨ ਵਿਚ ਬਹੁਤ ਮਹੱਤਾ ਦਿੱਤੀ ਹੈ। ਉਨ੍ਹਾਂ ਨੇ ਅਨੈਤਿਕ ਜੀਵਨ ਨੂੰ ਸੰਸਾਰ ਵਿਚ ਵਿਆਪਕ ਸਾਰੀ ਹੀ ਬੁਰੀਆਂ ਦੀ ਜੜ੍ਹ ਮੰਨਿਆ ਹੈ। ਮਨ ਦੀ ਚੰਚਲ ਸ਼ਕਤੀ ਨੂੰ ਪ੍ਰਮੁੱਖਤਾ ਨਾਲ ਸਵੀਕਾਰ ਕਰਦੇ ਹੋਏ ਇਨਸਾਨ ਨੂੰ ਆਪਣੀ ਇੰਦਰੀਆਂ ਤੇ ਕਾਬੂ ਪਾਉਣ ਦੀ ਪ੍ਰੇਰਨਾ ਦਿੱਤੀ ਹੈ। ਇੰਦਰੀਆਂ ਵਿਚ ਫਸਿਆ ਮਨ ਹੀ ਧੋਖਾ, ਫਰੇਬ ਅਤੇ ਚਲਾਕੀ ਦਾ ਇਸਤੇਮਾਲ ਜੀਵਨ ਵਿਚ ਕਰਦਾ ਹੈ। ਉਹ ਜੀਵਨ ਦੀ ਨਾਸ਼ਵਾਨਤਾ ਨੂੰ ਭੁੱਲਕੇ ਹੰਕਾਰ-ਵੱਸ਼ ਦੂਜਿਆਂ ਦਾ ਸ਼ੋਸ਼ਣ ਕਰਦਾ ਹੈ। ਵਿਸ਼ੇ-ਵਿਕਾਰ, ਧਨ-ਦੌਲਤ, ਸੰਪਤੀ, ਭਰਮ, ਸ਼ਰੀਰਕ ਅਤੇ ਪਰਿਵਾਰਕ ਮੋਹ, ਅਗਿਆਨਤਾ ਜਿਹੇ ਦੁਰਗੁਣ ਉਸ ਨੂੰ ਦੈਂਤ ਬਣਾ ਦਿੰਦੇ ਹਨ। ਉਸ ਨੂੰ ਚੰਗੇ ਅਤੇ ਮਾੜੇ ਕਰਮਾਂ ਦੀ ਪਹਿਚਾਨ ਭੁੱਲ ਜਾਂਦੀ ਹੈ। ਇਸ ਤਰ੍ਹਾਂ ਉਸਦਾ ਜੀਵਨ ਵਿਅਰਥ ਹੋ ਜਾਂਦਾ ਹੈ।

ਗੁਰੂ ਰਵਿਦਾਸ ਮਨੁੱਖ ਨੂੰ ਸਹੀ ਜੀਵਨ ਜੀਉਣ ਲਈ ਇਕ ਆਦਰਸ਼ ਵੀ ਦਿੰਦੇ ਹਨ। ਉਹ ਆਪਣੇ ਖ਼ੁਦ ਦੇ ਜੀਵਨ ਦਾ ਉਦਾਹਰਨ ਦਿੰਦੇ ਆਖਦੇ ਹਨ:

***ਦੀਨ-ਦੁਖੀ ਕਰਿ ਸੇਵਾ ਮਹਿੰ, ਲਾਗਿ ਰਹੋ ਰਵਿਦਾਸ।***

***ਨਿਸਿ ਬਾਸਰ ਕੀ ਸੇਵ ਸੌਂ, ਪ੍ਰਭੂ ਮਿਲਨ ਕੀ ਆਸ।।***

ਮਨੁੱਖ ਨੂੰ ਆਚਰਨਕ ਸ਼ੁੱਧਤਾ ਅਤੇ ਸਤਿ ਭਰਪੂਰ ਜੀਵਨ ਜੀਉਂਦੇ ਹੋਏ ਸਮਾਜ ਦੇ ਪ੍ਰਤੀ ਆਪਣੇ ਫਰਜ਼ਾਂ ਤੋਂ ਵਿਮੁਖ ਨਾ ਹੋਣ ਦਾ ਅਨੁਗ੍ਰਹਿ ਵੀ ਕਰਦੇ ਹਨ। ਉਨ੍ਹਾਂ ਦਾ ਖ਼ੁਦ ਦਾ ਜੀਵਨ ਵੀ ਇਸ ਦੀ ਸਾਖੀ ਭਰਦਾ ਹੈ। ਉਨ੍ਹਾਂ ਨੇ ਮਿਹਨਤ ਨਾਲ ਸਮਾਜ ਸੇਵਾ ਕਰਦੇ ਹੋਏ ਆਪਣੀ ਆਜੀਵਿਕਾ ਕਮਾਈ ਅਤੇ ਪ੍ਰਭੂ ਭਗਤੀ ਵੀ ਕਰਦੇ ਰਹੇ। ਉਨ੍ਹਾਂ ਨੇ ਸੇਵਾ ਨੂੰ ਪਰਮ ਧਰਮ ਸਵੀਕਾਰ ਕੀਤਾ ਪਰੰਤੂ ਸੇਵਾ ਕਰਦੇ ਸਮੇਂ ਧਰਮ, ਕੌਮ, ਰੰਗ, ਰੂਪ ਤੇ ਨਸਲ ਤੇ ਹਰ ਪ੍ਰਕਾਰ ਦੇ ਵਿਤਕਰੇ ਨੂੰ ਅਸਵੀਕਾਰ ਕਰ ਦਿੱਤਾ।

**ਧੂੰਆਂ ਤਪਨ ਮਹਿੰ ਕਾ ਧਰਾ, ਧੂਮ ਤਪਨ ਹੀ ਤਿਆਗ।**

**ਰਵਿਦਾਸ ਮਿਲਿ ਹੈ ਮੋਸ਼ਧਾਮ, ਸੇਵਾ ਹੀ ਤਪ ਆਗ।।**

ਉਨ੍ਹਾਂ ਨੇ ਆਪਣੀ ਬਾਣੀ ਵਿਚ ਵਿਭਿੰਨ ਭੇਖਾਂ ਤੇ ਪਾਖੰਡਾਂ ਦਾ ਵੀ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਪੁਰਾਣਾਂ, ਵੇਦਾਂ, ਸਿਮ੍ਰਿਤੀਆਂ ਅਤੇ ਦੂਸਰੀ ਧਾਰਮਿਕ ਪੁਸਤਕਾਂ ਦੇ ਪ੍ਰਸੰਗ ਕੇਵਲ ਵਾਕ ਰਚਨਾ ਹਨ। ਇਹ ਕਦੇ ਵੀ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

***ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ।***

***ਬਿਆਸ ਬੀਚਾਰਿ ਕਹਿਓ ਪਰਮਾਰਥੁ, ਰਾਮ ਨਾਮ ਸਰਿ ਨਾਹੀ।***

**(ਆਦਿ ਗ੍ਰੰਥ ਪੰਨਾ 658)**

ਇਸੇ ਤਰ੍ਹਾਂ ਉਨ੍ਹਾਂ ਨੇ ਅਠਸਠ ਤੀਰਥਾਂ, ਬਾਰਾਂ ਜਯੋਤੀਰਲਿੰਗਾਂ, ਭੂਮੀ ਦਾਨ, ਇਸਤਰੀ ਦਾਨ, ਸੋਨਾ ਦਾਨ, ਮੂਰਤੀ ਪੂਜਾ ਆਦਿ ਨੂੰ ਅਸਵੀਕਾਰ ਕਰ ਦਿੱਤਾ। ਇੰਝ ਬ੍ਰਾਹਮਣਾਂ ਵੱਲੋਂ ਧਰਮ ਦੇ ਨਾਂ ਤੇ ਕੀਤੀ ਜਾ ਰਹੀ ਲੁੱਟ ਤੋਂ ਆਮ ਜਨਤਾ ਨੂੰ ਬਚਾ ਲਿਆ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਦੀ ਬਾਣੀ ਮੱਧਕਾਲ ਦੇ ਜਨਜੀਵਨ ਵਿਚ ਵਿਆਪਕ ਲੋਕ ਵ੍ਰਿਤੀਆਂ ਦਾ ਸ਼ਮਨ ਕਰਦੀ ਹੈ। ਇਹ ਵ੍ਰਿਤੀਆਂ ਸਮਾਜਿਕ ਵੀ ਸਨ, ਧਾਰਮਿਕ ਵੀ ਸਨ ਤੇ ਨੈਤਿਕ ਹੋਣ ਕਾਰਨ ਆਚਰਣ ਨਾਲ ਵੀ ਜੁੜੀਆਂ ਸਨ। ਇਸ ਲਈ ਗੁਰੂ ਰਵਿਦਾਸ ਨੇ ਆਪਣੀ ਬਾਣੀ ਰਾਹੀਂ ਤਤਕਾਲੀਨ ਸਮਾਜ, ਧਰਮ ਅਤੇ ਵਿਅਕਤੀ ਦੇ ਆਚਰਣਿਕ ਵਿਹਾਰ ਉਤੇ ਸ਼ਾਂਤਮਈ ਤੇ ਗੁੱਝੇ ਪ੍ਰਹਾਰ ਕੀਤੇ ਅਤੇ ਸਮੁੱਚੇ ਰਾਸ਼ਟਰ ਨੂੰ ਕ੍ਰਾਂਤੀ ਦੇ ਰਾਹ ਵੱਲ ਤੋਰਿਆ। ਇਹ ਉਨ੍ਹਾਂ ਦੀ ਬਾਣੀ ਵਿਚ ਛੁਪੀ ਲੋਕਮੰਗਲ ਦੀ ਭਾਵਨਾ ਹੀ ਹੈ ਜੋ ਅੱਜ ਦੇ ਸਮਾਜ ਨੂੰ ਵੀ ਸਦਾਚਾਰ, ਧਰਮ ਅਤੇ ਮੋਖ ਦੇ ਰਾਹ ਤੇ ਤੋਰਦੀ ਹੈ।

## 6.2 ਵੈਦਿਕ ਸੰਸਕ੍ਰਿਤੀ ਵਿਚ ਵਰਣ ਵਿਵਸਥਾ

ਵੈਦਿਕ ਸੰਸਕ੍ਰਿਤੀ ਵਿਚ ਮਨੁੱਖੀ ਜੀਵਨ ਦੇ ਵਿਕਾਸ ਲਈ ਉਸਦੇ ਦੋ ਪਹਿਲੂਆਂ ਤੋਂ ਵਿਕਾਸ ਦੀ ਗੱਲ ਛੋਹੀ ਗਈ ਹੈ। ਪਹਿਲਾਂ ਪਹਿਲੂ ਹੈ ਉਸ ਦਾ ਵਿਅਕਤੀਗਤ ਵਿਕਾਸ ਜਿਸ ਲਈ ਉਸ ਦੇ ਜੀਵਨ ਨੂੰ ਚਾਰ ਆਸ਼੍ਰਮਾ-ਬ੍ਰਹਮਚਾਰੀਆ, ਗ੍ਰਿਹਸਥ, ਵਾਨਪ੍ਰਸਥ ਅਤੇ ਸੰਨਿਆਸ ਵਿਚ ਵੰਡਿਆ ਗਿਆ ਹੈ। ਦੂਸਰਾ ਪਹਿਲੂ ਉਸਦੇ ਸਮਾਜਿਕ ਵਿਕਾਸ ਦਾ ਹੈ, ਜਿਸ ਅਧੀਨ ਪੂਰੀ ਸਮਾਜਿਕ ਵਿਵਸਥਾ ਨੂੰ ਹੀ ਸੁਦ੍ਰਿੜ ਕਰਨ ਲਈ ਮਨੁੱਖ ਜਾਤੀ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ ਹੈ ਅਤੇ ਇਸਨੂੰ ਵਰਣ ਵੰਡ ਜਾਂ ਵਰਣ ਵਿਵਸਥਾ ਕਿਹਾ ਗਿਆ ਹੈ।

ਵਰਣ ਵਿਵਸਥਾ ਵੈਦਿਕ ਸੰਸਕ੍ਰਿਤੀ ਦੀ ਇਕ ਵਿਸ਼ੇਸ਼ਤਾ ਹੈ। ਵੈਦਿਕ ਰਿਸ਼ੀਆਂ ਨੇ ਮਨੁੱਖੀ ਜੀਵਨ ਦੇ ਚਾਰ ਲਕਸ਼ਾਂ-ਧਰਮ, ਅਰਥ, ਕਾਮ ਤੇ ਮੋਕਸ਼ ਦੀ ਪ੍ਰਾਪਤੀ ਲਈ ਵਰਣ ਵਿਵਸਥਾ ਦਾ ਆਰੰਭ ਕੀਤਾ। ਉਨ੍ਹਾਂ ਮਨੁੱਖ ਦੇ ਗੁਣ, ਸੁਭਾਅ ਅਤੇ ਕਰਮ ਅਨੁਸਾਰ ਉਸ ਨੂੰ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ, ਇਨ੍ਹਾਂ ਚਾਰ ਵਰਣਾਂ ਵਿਚ ਵੰਡ ਦਿੱਤਾ। ਪਰ ਇਹ ਵੰਡ ਜਨਮ ਅਧਾਰਿਤ ਨਾ ਹੋ ਕੇ ਗੁਣ ਤੇ ਕਰਮ ਅਧਾਰਿਤ ਸੀ। ਇਸੇ

ਲਈ ਇਹ ਪਰਿਵਰਤਨਸ਼ੀਲ ਸੀ। ਕੋਈ ਵੀ ਨਿਮਨ ਵਰਗ ਦਾ ਵਿਅਕਤੀ ਆਪਣੇ ਉਚ ਗੁਣਾਂ ਕਾਰਨ ਉਚ ਵਰਣ ਵਿਚ ਅਤੇ ਔਗੁਣਾਂ ਕਾਰਨ ਉਚ ਵਰਗ ਦਾ ਵਿਅਕਤੀ ਨਿਮਨ ਵਰਗ ਵਿਚ ਚਲਾ ਜਾਂਦਾ ਸੀ। ਉਦਾਹਰਨ ਦੇ ਤੌਰ ਤੇ ਦਾਸੀ ਪੁੱਤਰ ਕਵਸ਼ਏਲੁਸ਼ ਆਪਣੀ ਵਿਦਵਤਾ ਕਾਰਨ ਵਿਸ਼ਵਾਮਿਤਰ ਅਤੇ ਅਤ੍ਰੀ ਰਿਸ਼ੀ ਵੱਲੋਂ ਰਿਸ਼ੀ ਰੂਪ ਵਿਚ ਸਮਾਨਿਤ ਹੋਏ। ਸ਼ੂਦਰ ਜਬਲਾ ਦੇ ਪੁੱਤਰ ਸਤਕਾਮ ਜਾਬਲਿ ਨੂੰ ਬ੍ਰਾਹਮਣੀ ਗੁਣਾਂ ਦੇ ਅਧਾਰ ਤੇ ਬ੍ਰਾਹਮਣ ਕਿਹਾ ਗਿਆ।[1]

ਇਸ ਜਨਮ ਅਧਾਰਿਤ ਨਹੀਂ ਬਲਕਿ ਕਰਮ ਆਧਾਰਿਤ ਵਰਣ ਵਿਵਸਥਾ ਦਾ ਸਭ ਤੋਂ ਪਹਿਲਾਂ ਉਲੇਖ ਰਿਗਵੇਦ ਦੇ ਦਸ਼ਮ ਮੰਡਲ ਦੇ ਪੁਰਸ਼ ਸੁਕਤ ਵਿਚ ਮਿਲਦਾ ਹੈ। ਉਥੇ ਸਮਾਜ ਦੀ ਕਲਪਨਾ ਪੁਰਸ਼ ਰੂਪ ਵਿਚ ਕੀਤੀ ਗਈ ਹੈ ਜਿਥੇ ਉਸਦਾ ਮੂੰਹ ਬ੍ਰਾਹਮਣ, ਭੁਜਾਵਾਂ ਖ਼ਤਰੀ, ਜਾਂਘਾ ਵੈਸ਼ ਅਤੇ ਚਰਣ ਸ਼ੂਦਰ ਹਨ।[2]

ਸ਼੍ਰੀ ਮਦ ਭਾਗਵਤ ਗੀਤਾ ਦੇ ਚੌਥੇ ਅਧਿਆਇ ਦੇ ਤੇਰਵੇ ਸ਼ਲੋਕ ਦਾ ਭਾਸ਼ਯ ਲਿਖਦੇ ਹੋਏ **ਸ਼ੰਕਰਾਚਾਰੀਆ ਜੀ** ਨੇ ਵੀ ਵਰਣ ਵਿਵਸਥਾ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ, "ਚਾਰ ਵਰਣਾਂ ਦਾ ਨਾਂ ਚਤੁਰ ਵਰਣ ਹੈ। ਸਤਵ, ਰਜ ਅਤੇ ਤਮ ਇਨ੍ਹਾਂ ਤਿੰਨਾਂ ਗੁਣਾਂ ਦੇ ਵਿਭਾਗ ਅਤੇ ਕਰਮਾਂ ਦੀ ਵੰਡ ਨਾਲ ਇਹ ਚਾਰੋਂ ਵਰਣ ਮੈਂ ਭਾਵ ਈਸ਼ਵਰ ਨੇ ਰਚੇ ਹਨ।"[3]

ਸਪੱਸ਼ਟ ਹੈ ਇਹ ਵੰਡ ਕਰਮ ਅਧਾਰਿਤ ਸੀ। ਪਰੰਤੂ ਮਨੂੰ ਸਮ੍ਰਿਤੀ ਅਤੇ ਯਗਵਲਕਯ ਸਮ੍ਰਿਤੀ ਵਿਚ ਪਹਿਲੀ ਵਾਰ ਕਰਮ ਦੀ ਥਾਂ ਤੇ ਜਨਮ ਅਧਾਰਿਤ ਵਰਣ ਵਿਵਸਥਾ ਦੀ ਗੱਲ ਕੀਤੀ ਗਈ। ਮਨੂੰ ਸੰਮ੍ਰਿਤੀ ਵਿਚ ਵਰਣ ਵਿਵਸਥਾ ਦਾ ਉਲੇਖ ਕਰਦਿਆਂ ਚਾਰ ਵਰਣਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ।

**ਬ੍ਰਾਹਮਣ**–ਪੜ੍ਹਨਾ, ਪੜ੍ਹਾਨਾ, ਯੱਗ ਕਰਨਾ, ਦਾਨ ਦੇਣਾ ਤੇ ਦਾਨ ਲੈਣਾ, ਇਸ਼ਟ ਭਜਨ ਕਰਨਾ।

**ਖਤਰੀ** – ਪਰਜ਼ਾ ਦੀ ਰੱਖਿਆ, ਦਾਨ ਦੇਣਾ, ਯੱਗ ਕਰਨਾ, ਪੜ੍ਹਨਾ ਅਤੇ ਵਿਸ਼ਿਆਂ ਵਿਚ ਨਾ ਲਗਣਾ।

**ਵੈਸ਼** – ਪਸ਼ੂਆਂ ਦੀ ਰੱਖਿਆ, ਪੜ੍ਹਨਾ, ਯੱਗ ਕਰਨਾ, ਦਾਨ ਦੇਣਾ ਵਿਆਜ ਅਤੇ ਖੇਤੀ।

**ਸ਼ੁਦਰ** – ਚਾਰਾਂ ਵਰਣਾਂ ਦੀ ਨਿਸ਼ਕਪਟ ਹੋ ਕੇ ਸੇਵਾ ਕਰਨਾ।

ਮਨੂੰ-ਸੰਮ੍ਰਿਤੀ ਦੇ ਪ੍ਰਭਾਵਾਧੀਨ ਸਮੇਂ ਨਾਲ ਵਰਣ ਵਿਵਸਥਾ ਦੇ ਮੂਲ ਢਾਂਚੇ ਵਿਚ ਕਈ ਪਰਿਵਰਤਨ ਆ ਗਏ। ਗੁਣ, ਕਰਮ ਅਤੇ ਸੁਭਾਅ ਦੀ ਥਾਂ ਮਨੁੱਖ ਦੇ ਜਨਮ ਨੇ ਲੈ ਲਈ। ਮਹਾਂਭਾਰਤ ਦਾ ਏਕਲਵਯ ਗੁਣੀ ਹੋ ਕੇ ਵੀ ਸ਼ੂਦਰ ਜਾਤੀ ਦਾ ਹੋਣ ਕਾਰਨ ਗੁਰੂ ਦ੍ਰੋਣਾਚਾਰਯ ਨੂੰ ਅੰਗੂਠਾ ਦਕਸ਼ਿਣਾ ਵਿਚ ਦਿੰਦਾ ਹੈ। ਕੁੰਤੀ ਪੁੱਤਰ ਕਰਣ ਖੱਤਰੀ ਹੋ ਕੇ ਵੀ ਦਾਸੀ ਦੀ ਪਰਵਰਿਸ਼ ਕਾਰਨ ਸੂਤ ਪੁੱਤਰ ਅਖਵਾਇਆ।

ਵੈਦਿਕ ਕਾਲ ਮਗਰੋਂ ਬ੍ਰਾਹਮਣਵਾਦ, ਵਰਣਵਿਵਸਥਾ ਤੇ ਹਾਵੀ ਹੋ ਗਿਆ ਅਤੇ ਇਸਦੀ ਥਾਂ ਜਾਤੀਵਾਦ ਨੇ ਲੈ ਲਈ। ਆਪਣੀ ਹੀ ਜਾਤੀ ਵਿਚ ਵਿਆਹ ਕਰਨਾ, ਭੋਜਨ ਕਰਨਾ, ਉੱਚ-ਨੀਚ ਦੀ ਭਾਵਨਾ ਅਤੇ ਛੂਆਛੂਤ ਦੀ ਭਾਵਨਾ ਵਰਗੀਆਂ ਪਰੰਪਰਾਵਾਂ ਦਾ ਜਨਮ ਹੋਇਆ। ਬ੍ਰਾਹਮਣਾਂ ਤੋਂ ਇਲਾਵਾ ਕਿਸੇ ਹੋਰ ਜਾਤੀ ਨੂੰ ਵੇਦਾਂ, ਉਪਨਿਸ਼ਦਾਂ ਦੇ ਅਧਿਐਨ ਦਾ ਅਧਿਕਾਰ ਨਾ ਰਿਹਾ। ਬਾਕੀ ਵਰਣਾਂ ਦੇ ਲੋਕ ਆਪ ਪੁਰੋਹਿਤ ਤੋਂ ਬਿਨਾਂ ਯੋਗ ਨਹੀਂ ਸੀ ਕਰ ਸਕਦੇ। ਇਸੇ ਤਰ੍ਹਾਂ ਸ਼ੂਦਰ ਜਾਤੀ ਦਾ ਹੋਰ ਬਾਕੀ ਤਿੰਨਾਂ ਜਾਤੀਆਂ ਵਾਂਗ ਉਪਨਯਨ ਸੰਸਕਾਰ ਵੀ ਬੰਦ ਕਰ ਦਿੱਤਾ ਗਿਆ। ਹੌਲੀ-ਹੌਲੀ ਗੱਲ ਇਥੋਂ ਤੱਕ ਵੱਧ ਗਈ ਕਿ ਸ਼ੂਦਰਾਂ ਦਾ ਉੱਚ ਵਰਣ ਵੱਲੋਂ ਛੱਡਿਆ ਭੋਜਨ, ਜੁੱਤੀਆਂ, ਵਸਤਰ ਅਤੇ ਛਤਰੀਆਂ ਤੇ ਚਟਾਈਆਂ ਦਾ ਪ੍ਰਯੋਗ ਜ਼ਰੂਰੀ

ਹੋ ਗਿਆ। ਉਸ ਨੂੰ ਬਾਕੀ ਜਾਤੀਆਂ ਦੇ ਹੱਥ-ਪੈਰ ਵੀ ਧੋਣੇ ਪੈਂਦੇ। ਨਤੀਜਤਨ ਹੌਲੀ ਹੌਲੀ ਸ਼ੂਦਰ ਜਾਤੀ ਬੁੱਧ ਮੱਤ ਵੱਲ ਆਕਰਸ਼ਿਤ ਹੋਣ ਲੱਗ ਪਈ। ਬੁੱਧ ਨੇ ਚਾਰੋਂ ਵਰਣਾਂ ਲਈ ਆਪਣੇ ਧਰਮ ਦੇ ਦੁਆਰ ਖੋਲ੍ਹ ਦਿੱਤੇ। ਇਸ ਲਈ ਬ੍ਰਾਹਮਣ ਤੇ ਬੋਧੀਆਂ ਵਿਚ ਸੰਘਰਸ਼ ਸ਼ੁਰੂ ਹੋ ਗਿਆ। ਹਿੰਦੂ ਧਰਮ ਵਿਚ ਜਾਤੀ-ਪਾਤੀ ਤੇ ਛੂਆਛੂਤ ਦੇ ਬੰਧਨ ਇਸ ਸੰਘਰਸ਼ ਸਦਕਾ ਹੋ ਵੀ ਕਠੋਰ ਹੋ ਗਏ। ਸ਼ੂਦਰਾਂ ਨੂੰ ਅਛੂਤ ਮੰਨਕੇ ਬਸਤੀਆਂ ਵਿਚੋਂ ਬਾਹਰ ਗੰਦੀਆਂ ਥਾਵਾਂ ਤੇ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ। ਉਨ੍ਹਾਂ ਲਈ ਹਰ ਪ੍ਰਕਾਰ ਦੀ ਪੜ੍ਹਾਈ-ਲਿਖਾਈ, ਸਾਰਵਜਨਿਕ ਵਰਤੋਂ ਵਾਲੇ ਖੂਹ ਅਤੇ ਹੋਰ ਤਾਂ ਹੋਰ ਮੰਦਰ ਵਿਚ ਪੂਜਾ ਕਰਨ ਤੇ ਮਨਾਹੀ ਕਰ ਦਿੱਤੀ ਗਈ। ਉਨ੍ਹਾਂ ਨੂੰ ਮਜ਼ਬੂਰ ਹੋ ਕੇ ਜੱਦੀ ਪੇਸ਼ੇ ਹੀ ਅਪਣਾਉਣੇ ਪੈਂਦੇ ਸਨ। ਮੁੱਖ ਸੜਕ ਜੋ ਪੁਰੋਹਿਤਾਂ ਦੀ ਬਸਤੀ ਵੱਲ ਜਾਂਦੀ ਸੀ ਤੇ ਚਲਦੇ ਹੋਏ ਉਨ੍ਹਾਂ ਨੂੰ ਲੱਕੜੀ ਵਜਾਉਂਦੇ ਪੈਦਲ ਚਲਣਾ ਪੈਂਦਾ ਸੀ। ਜੇਕਰ ਉਹ ਕਿਸੇ ਧਾਰਮਿਕ ਗ੍ਰੰਥ ਦਾ ਪਾਠ ਆਦਿ ਸੁਣ ਲੈਂਦੇ ਸਨ ਤਾਂ ਸਿੱਕਾ ਘੋਲਕੇ ਉਨ੍ਹਾਂ ਦੇ ਕੰਨਾਂ ਵਿਚ ਪਾ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਇਸਤਰੀ ਦੇ ਨਜ਼ਰ ਆ ਜਾਣ ਤੇ ਵੀ ਵੇਦ ਪਾਠ ਬੰਦ ਕਰ ਦਿੱਤਾ ਜਾਂਦਾ ਸੀ। ਉਨ੍ਹਾਂ ਵੱਲੋਂ ਲਿਆਏ ਪਾਣੀ ਨੂੰ ਪੀਣਾ ਵੀ ਪਾਪ ਸਮਝਿਆ ਜਾਣ ਲੱਗਾ। ਉਨ੍ਹਾਂ ਦੁਆਰਾ ਬਣਾਏ ਭੋਜਨ ਨੂੰ ਖਾਣ ਲਈ ਅਸ਼ੁੱਧ ਮੰਨਿਆ ਜਾਣ ਲੱਗ ਪਿਆ ਕਿਉਂਕਿ ਸ਼ੂਦਰ ਪਤਿਤ ਤੇ ਅਪਵਿੱਤਰ ਮੰਨੇ ਜਾਣ ਲੱਗੇ। ਇਥੋਂ ਤੱਕ ਕਿ ਉਨ੍ਹਾਂ ਦੇ ਬਣਾਏ ਭੋਜਨ ਨੂੰ ਬ੍ਰਾਹਮਣ, ਖੱਤਰੀ ਤੇ ਵੈਸ਼ ਜਲ ਛਿੜਕੇ ਬਗੈਰ ਦੇਵਤਿਆਂ ਨੂੰ ਪ੍ਰਦਾਨ ਨਹੀਂ ਸਨ ਕਰਦੇ।

ਇਸ ਸਬੰਧ ਵਿਚ ਭਾਰਤੀ ਸੰਵਿਧਾਨ ਨਿਰਮਾਤਾ, **ਡਾ. ਅੰਬੇਦਕਰ ਲਿਖਦੇ ਹਨ** "ਮੱਧਕਾਲ ਵਿਚ ਸ਼ੂਦਰਾਂ ਅਤੇ ਅਛੂਤਾਂ ਨੂੰ ਵਿਦਿਆ, ਆਜ਼ਾਦੀ ਅਤੇ ਬਰਾਬਰੀ ਦੇ ਮਾਨਵੀ ਅਧਿਕਾਰ ਨਹੀਂ ਸਨ ਮਿਲੇ ਹੋਏ। ਮਰਾਠਾ ਰਾਜ ਵਿਚ ਅਛੂਤ ਭਾਵੇਂ ਬਹਾਦਰੀ ਨਾਲ ਮੁਸਲਮਾਨਾਂ ਖਿਲਾਫ ਲੜੇ ਸਨ ਪਰੰਤੂ ਉਨ੍ਹਾਂ ਨੂੰ ਕੋਈ ਸਿਲ੍ਹਾ ਨਾ ਮਿਲਿਆ। ਸ਼ਿਵਾਜੀ ਵੀ ਅਛੂਤਪੁਣੇ ਨੂੰ ਖਤਮ ਨਾ ਕਰ ਸਕੇ। ਨਤੀਜਾ ਇਹ ਹੋਇਆ ਕਿ ਉੱਚ ਜਾਤੀ ਦੇ ਲੋਕ ਬਹੁ ਗਿਣਤੀ ਵਿਚ ਸਨ। ਉਨ੍ਹਾਂ ਕੋਲ ਤਾਕਤ ਤੇ ਅਧਿਕਾਰ ਸੀ। ਉਨ੍ਹਾਂ ਨੇ ਨੀਵੀਂ ਜਾਤਾਂ ਨੂੰ ਇੰਨਾ ਲਤਾੜਿਆ ਕਿ ਵਰਣ ਵਿਵਸਥਾ ਦਾ ਅਸਲੀ ਮਕਸਦ ਹੀ ਖਤਮ ਹੋ ਗਿਆ ਅਤੇ ਇਸਦੇ ਨਾਲ ਹੀ ਪੁਰਾਤਨ ਸਮਾਜਕ ਢਾਂਚਾ ਵੀ ਅਸਫਲ ਹੋ ਗਿਆ।"(5)

ਮੱਧਕਾਲ ਦੇ ਅਨੇਕ ਸੰਤਜਨ ਜੋ ਸ਼ੂਦਰ ਤੇ ਤਥਾਕਥਿਤ ਨੀਵੀਂ ਜਾਤ ਨਾਲ ਸਬੰਧਿਤ ਸਨ, ਨੇ ਇਹ ਦਰਦ ਹੱਡੀਂ ਹੰਢਾਇਆ। ਉਨ੍ਹਾਂ ਨੇ ਆਪਣੀ ਭਗਤੀ ਧਾਰਾ ਵਿਚ ਵਹਿ ਕੇ ਰੱਚੀਆਂ ਅਨੇਕ ਕਵਿਤਾਵਾਂ, ਪਦਿਆਂ ਅਤੇ ਸ਼ਲੋਕਾਂ ਵਿਚ ਇਸ ਦਰਦ ਨੂੰ ਬਿਆਨ ਵੀ ਕੀਤਾ। ਜਿਵੇਂ ਉਸ ਕਾਲ ਦੇ ਪ੍ਰਮੁੱਖ ਕਵੀ ਭਗਤ ਕਬੀਰ ਜੀ ਫਰਮਾਉਂਦੇ ਹਨ:

***ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।***

***ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥***

**(ਆਦਿ ਗ੍ਰੰਥ ਪੰਨਾ 1377)**

ਅਤੇ

*ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ।*

*ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ।।*

(ਆਦਿ ਗ੍ਰੰਥ, ਪੰਨਾ 1364)

ਅਤੇ

ਭਗਤ ਨਾਮਦੇਵ ਦਾ ਵਿਚਾਰ ਹੈ:

*ਹੀਨੜੀ ਜਾਤਿ ਮੇਰੀ ਜਾਦਮ ਰਾਇਆ,*

*ਛੀਪੇ ਕੇ ਜਨਮਿ ਕਾਹੇ ਕਉ ਆਇਆ।।*

*ਲੈ ਕਮਲੀ ਚਲਿਓ ਪਲਟਾਇ,*

*ਦੇਹੁਰੈ ਪਾਛੈ ਬੈਠਾ ਜਾਇ।।*

(ਆਦਿ ਗ੍ਰੰਥ)

ਬ੍ਰਾਹਮਣਵਾਦੀ ਗਲਬੇ ਨੇ ਸ਼ੂਦਰਾਂ ਦੇ ਖਾਣ-ਪੀਣ, ਚਲਣ-ਫਿਰਨ, ਮਿਲਣ ਜੁਲਣ ਅਤੇ ਆਉਣ-ਜਾਣ ਉਪਰ ਇੰਨੀਆਂ ਜ਼ਿਆਦਾ ਪਾਬੰਦੀਆਂ ਲਗਾ ਦਿੱਤੀਆਂ ਸਨ ਕਿ ਉਨ੍ਹਾਂ ਦਾ ਸਾਹ ਲੈਣਾ ਔਖਾ ਹੋ ਰਿਹਾ ਸੀ। ਜੇਕਰ ਕੋਈ ਵਿਅਕਤੀ ਸ਼ੂਦਰ ਜਾਤੀ ਵਿਚ ਵਿਆਹ ਕਰਵਾ ਲੈਂਦਾ ਸੀ ਤਾਂ ਉਸਦੀ ਜਾਤੀ ਭ੍ਰਿਸ਼ਟੀ ਗਈ ਸਮਝਕੇ ਉਸ ਨੂੰ ਉਸਦੀ ਜਾਤੀ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਸੀ। ਅਜਿਹੇ ਆਦਮੀ ਨੂੰ ਫੇਰ ਤੋਂ ਜਾਤੀ ਵਿਚ ਮਿਲਾਉਣ ਦਾ ਕੋਈ ਉਪਾਇ ਨਹੀਂ ਸੀ ਕੱਢਿਆ ਗਿਆ। 'ਮਨੂੰ ਸਮ੍ਰਿਤੀ' ਅਤੇ 'ਯਗਵਲਕਯ ਸਮਰਿਤੀ' ਵਿਚ ਜਾਤੀ ਭ੍ਰਸ਼ਟ ਆਦਮੀ ਨੂੰ ਜਾਤੀ ਵਿਚ ਵਾਪਸ ਲਿਆਉਣ ਦਾ ਕੋਈ ਪ੍ਰਬੰਧ ਨਹੀਂ ਸੀ।

ਜਾਤੀਵਾਦ ਦੀ ਇਸ ਭਾਵਨਾ ਨੇ ਭਾਰਤੀ ਲੋਕਾਂ ਦੀ ਸੋਚ ਸੰਕੀਰਣਵਾਦੀ ਕਰ ਦਿੱਤੀ। ਰਾਸ਼ਟਰੀਅਤਾ ਦੀ ਭਾਵਨਾ ਘੱਟਦੀ ਗਈ। ਹੌਲੀ ਹੌਲੀ 'ਵਸੂਧੈਵ-ਕਟੁੰਬਕਮ੍' ਦੀ ਗੱਲ ਕਰਨ ਵਾਲੀ ਭਾਰਤੀ ਸੰਸਕ੍ਰਿਤੀ ਕੂਪਮੰਡੁਕ ਬਣ ਗਈ। ਆਪਣੀ ਮੁਕਤੀ ਲਈ ਦਲਿਤ ਵਰਗ ਇਕ ਪਾਸੇ ਬੁੱਧ ਧਰਮ ਵੱਲ ਖਿਚਿਆ ਗਿਆ ਤੇ ਦੂਜੇ ਪਾਸੇ ਇਸਲਾਮ ਧਰਮ ਵੱਲ।

ਇਸਲਾਮ ਮੱਧਕਾਲ ਵਿਚ ਇਕ ਸ਼ਕਤੀਸ਼ਾਲੀ ਧਰਮ ਵੱਲੋਂ ਉਭਰਿਆ। ਮੁਗਲਾਂ ਦੇ ਰਾਜ ਕਾਰਨ ਇਹ ਸ਼ਾਸਕ ਵਰਗ ਦਾ ਧਰਮ ਸੀ। ਉਨ੍ਹਾਂ ਦੀ ਨੀਤੀ ਵਿਚ ਧਰਮ ਪ੍ਰਚਾਰ ਇਕ ਮਹੱਤਵਪੂਰਨ ਮੁੱਦਾ ਸੀ। ਇਸ ਧਰਮ ਵਿਚ ਉਨ੍ਹਾਂ ਨੂੰ ਆਪਣੇ ਲਈ ਇਕ ਆਜ਼ਾਦੀ ਤੇ ਬਰਾਬਰੀ ਦਾ ਨਵਾਂ ਰਸਤਾ ਨਜ਼ਰ ਆਉਣ ਲੱਗਾ। ਵੱਡੀ ਗਿਣਤੀ ਵਿਚ ਅਛੂਤ ਮੰਨੇ ਜਾਂਦੇ ਲੋਕਾਂ ਨੇ ਇਸਲਾਮ ਧਰਮ ਨੂੰ ਸਵੀਕਾਰ ਕਰ ਲਿਆ। ਇਸ ਨਾਲ ਹਿੰਦੂ ਧਰਮ ਨੂੰ ਬਾਰੀ ਢਾਹ ਲੱਗੀ ਉਨ੍ਹਾਂ ਨੇ ਆਪਣੇ ਧਰਮ ਦੀ ਰੱਖਿਆ ਲਈ ਲੋੜੀਂਦਾ ਲਚਕੀਲਾਪਨ ਲਿਆਉਣ ਦੀ ਥਾਂ ਤੇ ਇਸ ਵਿਚਲੇ ਜਾਤੀਵਾਦ ਦੇ ਬੰਧਨ ਹੋਰ ਵੀ ਕਰੜੇ ਕਰ ਦਿੱਤੇ ਜਿਸ ਨਾਲ ਇਹ ਧਰਮ ਕਛੂਏ ਦੀ ਤਰ੍ਹਾਂ ਆਪਣੇ ਆਪ ਵਿਚ ਹੀ ਸੰਕੁਚਿਤ ਹੁੰਦਾ ਗਿਆ।

## 6.3 ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਜਾਤੀਵਾਦ ਦਾ ਖੰਡਨ ਸਰਵਜਾਤੀ ਸਮਭਾਵ

ਮੱਧਕਾਲੀਨ ਉਤਰੀ ਭਾਰਤ ਦੀ ਸੰਤ ਪਰੰਪਰਾ ਵਿਚ ਗੁਰੂ ਰਵਿਦਾਸ ਜੀ ਦਾ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਨੇ ਵਰਣ ਆਸ਼ਰਮ ਪ੍ਰਧਾਨ ਸਮਾਜ ਵਿਚ ਜਨਮ ਲੈਣ ਕਾਰਨ ਬ੍ਰਾਹਮਣਵਾਦ ਨਾਲ ਟੱਕਰ ਲਈ ਪਰੰਤੂ ਉਨ੍ਹਾਂ ਦੀ ਮਹਾਨ ਸ਼ਖਸੀਅਤ ਸਮਕਾਲੀਨ ਸਮੇਂ ਵਿਚ ਅਗਿਆਤ ਨਾ ਰਹੀ। ਆਪ ਨੀਵੀਂ ਜਾਤੀ ਨਾਲ ਸਬੰਧਿਤ ਹੋਣ ਦੇ ਬਾਵਜੂਦ ਆਪਣੀ ਅਧਿਆਤਮਕ ਪ੍ਰਾਪਤੀਆ ਕਾਰਨ, ਵਕਤ ਦੇ ਪ੍ਰਤੀਨਿਧ ਪੁਰੋਹਿਤਾਂ ਵੱਲੋਂ ਸਲਾਹੇ ਅਤੇ ਸਤਿਕਾਰੇ ਗਏ ਅਤੇ ਅਨੇਕਾਂ ਰਿੱਧੀਆਂ-ਸਿੱਧੀਆਂ ਦੇ ਮਾਲਕ ਬਣੇ।

***ਅਸਟ ਦਸਾ ਸਿਧੀ ਕਰ ਤਲੈ ਸਨ ਕ੍ਰਿਪਾ ਤੁਮਾਰੀ।***

**(ਆਦਿ ਗ੍ਰੰਥ, ਪੰਨਾ 858)**

ਫਲਸਰੂਪ ਆਪ ਆਪਣੇ ਜੀਵਨਕਾਲ ਵਿਚ ਹੀ ਦੂਰ ਦੂਰ ਤੱਕ ਜਾਣੇ ਪਛਾਣੇ ਜਾਣ ਲੱਗ ਪਏ। ਇਹ ਹੀ ਨਹੀਂ ਕਈ ਸਮਕਾਲੀ ਰਾਜਿਆਂ-ਰਾਣੀਆਂ ਨੇ ਇਨ੍ਹਾਂ ਨੂੰ ਆਪਣਾ ਗੁਰੂ ਸਵੀਕਾਰ ਕੀਤਾ। ਦੇਸ਼ ਦੇ ਵੱਖ-ਵੱਖ ਬਾਗਾਂ ਵਿਚ ਮੌਜੂਦ ਗੁਰੂ ਰਵਿਦਾਸ ਜੀ ਦੇ ਨਾਂ ਨਾਲ ਸਬੰਧਿਤ ਛੱਤਰੀਆਂ, ਸਮਾਧੀਆਂ ਅਤੇ ਹੋਰ ਯਾਦ ਚਿੰਨ੍ਹ ਉਪਰੋਕਤ ਕਥਨ ਦੀ ਸਾਖੀ ਭਰਦੇ ਹਨ।

ਗੁਰੂ ਰਵਿਦਾਸ ਦਾ ਭਗਤੀ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਰਾਮਾਨੰਦ ਦੀ ਸ਼ਿਸ਼ ਪਰੰਪਰਾ ਦੇ ਬਾਰਾਂ ਸ਼ਿਸ਼ਾਂ ਵਿਚ ਉਨ੍ਹਾਂ ਦਾ ਉਲੇਖ ਵੀ ਮਿਲਦਾ ਹੈ। ਉਹ ਬਨਾਰਸ ਦੇ ਆਸਪਾਸ ਦੇ ਸਨ ਅਤੇ ਜਾਤੀ ਦੇ ਚਮਾਰ ਸਨ। ਉਨ੍ਹਾਂ ਨੇ ਸ਼ੂਦਰਜਾਤੀ ਵਿਚ ਜਨਮ ਲੈਣ ਦੀ ਤ੍ਰਾਸ ਆਪਣੀ ਹੱਡੀਂ ਹੰਢਾਈ। ਇਹ ਉਹ ਸਮਾਂ ਸੀ ਜਦ ਵਰਣ ਆਸ਼ਰਮ ਪ੍ਰਧਾਨ ਸਮਾਜ ਵਿਚ ਪੜ੍ਹਨ ਪੜ੍ਹਾਉਣ ਦਾ ਅਧਿਕਾਰ ਬ੍ਰਾਹਮਣ ਵਰਗ ਤੱਕ ਸੀਮਤ ਸੀ। ਕਥਿਤ ਨੀਵੀਂ ਜਾਤਾਂ ਦੇ ਬੱਚੇ ਇਸ ਬਾਰੇ ਸੋਚ ਵੀ ਨਹੀਂ ਸਕਦੇ। ਉਨ੍ਹਾਂ ਨੂੰ ਉਚ ਜਾਤੀਆਂ ਦੇ ਘਰਾਂ ਤੋਂ ਦੂਰ ਪਿੰਡ ਤੋਂ ਬਾਹਰ ਬਸਤੀ ਬਣਾ ਕੇ ਰਹਿਣਾ ਪੈਂਦਾ ਸੀ। ਉਹ ਪੁਸ਼ਤ ਦਰ ਪੁਸ਼ਤ ਪਿਤਾ ਪੁਰਖੀ ਕਿੱਤਾ ਅਪਨਾਉਂਦੇ ਅਤੇ ਧਰਮ ਅਨੁਸਾਰ ਉਨ੍ਹਾਂ ਨੂੰ ਉਚ ਜਾਤੀਆਂ ਦੀ ਸੇਵਾ ਦਾ ਕਰਮ ਵੀ ਕਰਨਾ ਪੈਂਦਾ। ਲੋਕ ਉਨ੍ਹਾਂ ਦੇ ਪਰਛਾਵੇਂ ਤੱਕ ਤੋਂ ਨਫਰਤ ਕਰਦੇ। ਉਹ ਇਕੋ ਖੂਹ ਦਾ ਪਾਣੀ ਵੀ ਨਹੀਂ ਸੀ ਪੀ ਸਕਦੇ। ਰਵਿਦਾਸ ਜੀ ਖੁਦ ਅਤਿਆਚਾਰਾਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ-

***ਜਾ ਕੀ ਛੋਤਿ ਜਗਤ ਕਉ ਲਾਗੈ, ਤਾਂ ਪਰ ਤੁਹੀ ਢਰੈ॥***

**(ਆਦਿ ਗ੍ਰੰਥ, ਪੰਨਾ 1106)**

ਇਸ ਸਮੇਂ ਵਿਚ ਨੀਵੀਂ ਜਾਤੀ ਦਾ ਵਿਅਕਤੀ ਉਚ ਜਾਤੀ ਦੇ ਮੰਦਰਾਂ ਵਿਚ ਪੂਜਾ ਪਾਠ ਲਈ ਵੀ ਨਹੀਂ ਸੀ ਜਾ ਸਕਦਾ। ਇਹੀ ਨਹੀਂ ਧਾਰਮਿਕ ਗ੍ਰੰਥ ਜਿਵੇਂ ਵੇਦ, ਪੁਰਾਣ ਦਾ ਪਾਠ ਕਰਨ ਤੇ ਉਸਦੀ ਜੀਭ ਕੱਟ ਦਿੱਤੀ ਜਾਂਦੀ ਤੇ ਸੁਨਣ ਤੇ ਸਿੱਕਾ ਪਿਘਲਾ ਕੇ ਉਸਦੇ ਕੰਨਾਂ ਵਿਚ ਪਾ ਦਿੱਤਾ ਜਾਂਦਾ ਸੀ। ਉਹ ਕੇਵਲ ਤੇ ਸਿਰਫ ਕੇਵਲ ਗਲੀਆਂ ਦੀ ਸਫਾਈ, ਕੂੜਾ-ਕਰਕਟ ਚੁਗਣ ਅਤੇ ਮਰੇ ਪਸ਼ੂਆਂ ਦੀ ਖੱਲ ਨੂੰ ਢੋਹਣ ਤੇ ਜੁੱਤੀਆਂ ਬਨਾਉਣ ਦਾ ਕਾਰਜ ਕਰ ਸਕਦੇ ਸਨ।

ਪਰੰਤੂ ਗੁਰੂ ਰਵਿਦਾਸ ਨੇ ਅਜਿਹੇ ਹਾਲਤਾਂ ਵਿਚ ਵੀ ਪ੍ਰਭੂ ਦੀ ਸ਼ਰਨ ਅਤੇ ਉਸ ਦੀ ਭਗਤੀ ਦੀ ਮਹਾਨਤਾ ਨੂੰ ਆਮ ਜਨਤਾ ਦੀ ਦ੍ਰਿਸ਼ਟੀ ਵਿਚ ਲਿਆਉਂਦੇ ਹੋਏ ਇਹ ਤੱਥ ਸਥਾਪਿਤ ਕੀਤਾ ਕਿ ਪ੍ਰਭੂ ਦੀ ਸ਼ਰਨ ਗ੍ਰਹਿਣ ਕਰਨ ਲਈ ਭਗਤ ਦਾ ਉਚੀ ਜਾਂ ਨੀਵੀਂ ਜਾਤ ਦਾ ਕੋਈ ਅਰਥ ਨਹੀਂ ਅਤੇ ਨਾ ਹੀ ਉਸਦੀ ਜਾਤੀ, ਗਰੀਬੀ ਅਤੇ ਆਰਥਿਕ ਹਾਲਤ ਉਸਦੀ ਭਗਤੀ ਵਿਚ ਵਿਘਨ ਪਾ ਸਕਦੀ ਹੈ। ਪਰਮਾਤਮਾ ਦਾ ਭਗਤ ਜਿਸ ਕਿਸੇ ਕੁਲ ਵਿਚ ਵੀ ਹੋਵੇ, ਉਚੀ ਜਾਤੀ ਦਾ ਹੋਵੇ ਜਾਂ ਨੀਵੀਂ ਜਾਤੀ ਦਾ, ਗਰੀਬ ਹੋਵੇ ਜਾਂ

ਅਮੀਰ, ਜਗਤ ਵਿਚ ਉਸਦੀ ਸ਼ੋਭਾ, ਜਾਤ, ਜਨਮ ਜਾਂ ਧਨ ਦੌਲਤ ਸਦਕਾ ਨਹੀਂ ਹੁੰਦੀ ਸਗੋਂ ਉਸ ਦੀ ਭਗਤੀ ਕਾਰਨ ਹੁੰਦੀ ਹੈ। ਕੋਈ ਬ੍ਰਾਹਮਣ ਹੋਵੇ ਜਾਂ ਵੈਸ਼, ਸ਼ੂਦਰ ਹੋਵੇ ਜਾਂ ਡੂੰਮ, ਪ੍ਰਭੂ ਦੀ ਭਗਤੀ ਦੁਆਰਾ ਪਵਿੱਤਰ ਪੁਨੀਤ ਹੋ ਨਿਬੜਦਾ ਹੈ। ਸੰਸਾਰ ਸਾਗਰ ਤੋਂ ਨਾ ਕੇਵਲ ਆਪ ਪਾਰ ਉਤਰਦਾ ਹੈ ਸਗੋਂ ਆਪਣੀਆਂ ਦੋਹਾਂ ਕੁਲਾਂ ਨੂੰ ਵੀ ਤਾਰ ਦਿੰਦਾ ਹੈ।

*ਜਿਸ ਕੁਲ ਸਾਧੂ ਬੈਸਨੌ ਹੋਏ।*

*ਬਰਨ ਅਬਰਨ ਰੰਕੁ ਨਹੀਂ ਈਸੁਰੁ ਬਿਸਲ ਬਾਸ ਜਾਨੀਐ ਜਗ ਸੋਇ।*

*ਬ੍ਰਾਹਮਣ ਬੈਸ ਸੂਦ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।*

*ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।*

**(ਆਦਿ ਗ੍ਰੰਥ, ਪੰਨਾ 858)**

ਉਨ੍ਹਾਂ ਦਾ ਵਿਚਾਰ ਸੀ ਕਿ ਉਚ ਕੁੱਲ ਵਾਲਾ ਕਰਮਕਾਂਡੀ ਸੱਚੀ ਭਗਤੀ ਤੋਂ ਬਿਨਾਂ ਚੰਡਾਲ ਬਨਣ ਜਾਂਦਾ ਹੈ ਤੇ ਨੀਚ ਤੋਂ ਨੀਵ ਵਿਅਕਤੀ ਵੀ ਸੱਚੀ ਭਗਤੀ ਕਰਕੇ ਉਚ ਪਦਵੀ ਪ੍ਰਾਪਤ ਕਰ ਲੈਂਦਾ ਹੈ ਜੋ ਸਪੱਸ਼ਟ ਰੂਪ ਵਿਚ ਵਰਣ ਵਿਵਸਥਾ ਦੇ ਪ੍ਰਾਰੰਭਿਕ ਦੌਰ ਵਿਚ ਵਰਣ-ਪਰਿਵਰਤਨ ਵੱਲ ਇਸ਼ਾਰਾ ਵੀ ਕਰਦਾ ਹੈ।

ਮਨੁੱਖ ਉਚ ਜਾਤੀ ਦਾ ਹੋਵੇ ਚਾਹੇ ਨੀਵੀਂ ਜਾਤੀ ਦਾ ਜੋ ਵੀ ਉਸ ਪ੍ਰਭੂ ਦੀ ਸ਼ਰਣ ਵਿਚ ਆ ਜਾਂਦਾ ਹੈ ਉਹ ਧਰਤੀ ਉਤੇ ਭਾਰ ਨਹੀਂ ਰਹਿ ਜਾਂਦਾ। ਸ਼ਾਇਦ ਇਸ ਉਦਘੋਸ਼ਣਾ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਵਰਣ ਵਿਵਸਥਾ ਦੇ ਪਰਿਣਾਮਾਂ ਨੂੰ ਹੱਡੀਂ ਹੰਢਾ ਚੁੱਕੇ ਸਨ। ਉਨ੍ਹਾਂ ਨੂੰ ਇਹ ਪੂਰੀ ਵਿਵਸਥਾ ਹੀ ਰੋਗ-ਤੰਤਰ ਦੀ ਤਰ੍ਹਾਂ ਲੱਗਦੀ ਸੀ ਜਿਵੇਂ ਕੀਟਾਣੂ ਇਕ ਸਵਸਥ ਮਨੁੱਖ ਨੂੰ ਹੌਲੀ ਹੌਲੀ ਖਾ ਜਾਂਦੇ ਹਨ ਤਿਵੇਂ ਹੀ ਇਹ ਵਰਣ ਵਿਵਸਥਾ ਮਨੁੱਖ-ਮਨੁੱਖ ਵਿਚ ਵੰਡ ਦੀ ਗੂੜੀ ਰੇਖਾ ਖਿਚਦੀ ਜਾ ਰਹੀ ਸੀ। ਇਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਕਈ ਥਾਈਂ ਜਨਮ ਅਧਾਰਿਤ ਜਾਤੀ ਪ੍ਰਥਾ ਦਾ ਵਿਰੋਧ ਕੀਤਾ ਅਤੇ ਕਰਮ ਤੇ ਅਧਾਰਿਤ ਜਾਤੀ ਵਿਵਸਥਾ ਦੀ ਪ੍ਰਤੀਸ਼ਠਾ ਤੇ ਜ਼ੋਰ ਕੀਤਾ। ਗੁਰੂ ਰਵਿਦਾਸ ਦੀ ਸਪੱਸ਼ਟ ਰੂਪ ਵਿਚ ਇਹ ਮਾਨਤਾ ਸੀ ਕਿ ਮਨੁੱਖ ਆਪਣੀ ਜਨਮ ਤੇ ਆਧਾਰਿਤ ਜਾਤੀ ਨਾਲ ਨਹੀਂ ਚੰਗੇ ਕਰਮਾਂ ਨਾਲ ਉਚਾ ਹੁੰਦਾ ਹੈ। ਉਹ ਕਾਮ, ਕ੍ਰੋਧ, ਮੋਹ, ਲੋਭ, ਅਤੇ ਹੰਕਾਰ ਦੇ ਤਿਆਗ ਨਾਲ ਮਹਾਨ ਬਣਦਾ ਹੈ। ਉਸ ਵਿਚ ਸੱਚ ਜਾਨਣ ਦੀ ਇੱਛਾ ਤੇ ਸੰਤਾਂ ਨਾਲ ਅਨੁਰਾਗ ਹੋਣਾ ਲਾਜ਼ਮੀ ਹੈ। ਕੇਵਲ ਸ਼ੂਦਰ ਜਾਤੀ ਵਿਚ ਜਨਮ ਲੈਣ ਨਾਲ ਕੋਈ ਸ਼ੂਦਰ ਨਹੀਂ ਹੁੰਦਾ ਤੇ ਨਾ ਹੀ ਨੀਚ ਕਹਾਇਆ ਜਾ ਸਕਦਾ ਹੈ। ਨੀਚਤਾ ਕੁਕਰਮਾਂ ਨਾਲ ਹੁੰਦੀ ਹੈ। ਅਧਰਮ, ਪਾਪ ਅਤੇ ਅਕ੍ਰਿਤਘਣਤਾ ਵਰਗੇ ਦੁਰਗਣਾਂ ਤੋਂ ਜਨਮ ਲੈਂਦੀ ਹੈ।

*ਰਵਿਦਾਸ ਸੁਕਰਮਨ ਕਰਤ ਸੌਂ ਨੀਚ ਉਚ ਹੋ ਜਾਏ।*

*ਕਰਿਹ ਕੁਕਰਮ ਜੋ ਉਚ ਭੀ ਤੋਂ ਮਹਾਂਨੀਵ ਕਹਿਲਾਏ।*

*ਦਇਆ ਧਰਮ ਜਿਨਮੇਂ ਨਹੀਂ, ਹਿਰਦੇ ਪਾਪ ਕੋ ਨੀਚ।*

*ਜਿਨ ਕੈ ਹਿਰਦੇ ਸੰਤ ਬਸੈ, ਪੰਚ ਦੋਸ਼ ਬਸਿ ਨਹੀਂ।*

*ਰਵਿਦਾਸ ਤਉ ਨਾ ਊਚ ਭਉ, ਸਮਝਿ ਲਉ ਮਨ ਮਾਹੀਂ।*

*ਪੰਚ ਦੋਸ਼ ਤਜਿ ਜੋ ਰਹੇ, ਸੰਤ ਚਰਨ ਲਵਲੀਨ।*

*ਰਵਿਦਾਸ ਤੋਹੀ ਨਰ ਜਾਨੀਐ, ਊਂਚਹਿ ਅਰੁ ਕੁਲੀਨ।।*

*(ਪਦ, ਰਵਿਦਾਸ)*

ਇਸੇ ਲਈ ਗੁਰੂ ਰਵਿਦਾਸ ਨੇ ਵਰਣ ਵਿਵਸਥਾ ਘਟਕ-ਖਤਰੀ, ਵੈਸ਼ ਅਤੇ ਸ਼ੂਦਰ ਨੂੰ ਕਰਮ ਦੇ ਅਧਾਰ ਤੇ ਪੁਨਰ ਪਰਿਭਾਸ਼ਿਤ ਕੀਤਾ। ਇਸਦਾ ਆਧਾਰ ਇਕ ਵਾਰ ਫਿਰ ਪੁਰਾਤਨ ਗ੍ਰੰਥ ਰਿਗਵੇਦ ਤੇ ਗੀਤਾ ਅਨੁਸਾਰ ਮਨੁੱਖ ਦੇ ਆਂਤਰਿਕ ਗੁਣ ਹੀ ਬਣੇ। ਉਨ੍ਹਾਂ ਕਿਹਾ:

ਬ੍ਰਾਹਮਣ ਉਹ ਹੈ ਜੋ ਕਾਮ, ਕ੍ਰੋਧ, ਮਦ, ਲੋਭ ਦਾ ਤਿਆਗ ਕਰਦਾ ਹੋਵੇ, ਧਰਮ ਪੂਰਣ ਆਚਰਣ ਕਰਦਾ ਹੈ।

*'ਕਾਮ, ਕ੍ਰੋਧ, ਮਦ, ਲੋਭ, ਤਜਿ, ਜੋ ਕਰਿ ਕਰਮ ਧਰਮ ਕਰਨ,*

*ਸੋਇ ਬ੍ਰਾਹਮਣ ਜਾਨਹਿ, ਕਿਹ ਰਵਿਦਾਸ ਵਿਚਾਰ।।'*

*(ਪਦ, ਰਵਿਦਾਸ)*

ਇਸੇ ਤਰ੍ਹਾਂ ਖਤਰੀ ਉਹ ਹੈ ਜੋ ਦੀਨ ਦੁਖੀਆਂ ਦੇ ਲਈ ਆਪਣਾ ਅੰਗ ਅੰਗ ਕਟਵਾ ਲੈਂਦਾ ਹੈ। ਆਪਣੇ ਪ੍ਰਾਣ ਨਿਛਾਵਰ ਕਰ ਦਿੰਦਾ ਹੈ ਅਤੇ ਯੁੱਧ ਖੇਤਰ ਤੋਂ ਭਜਦਾ ਨਹੀਂ।

*'ਅੰਗ ਅੰਗ ਕਟਵਾਈਏ ਜੋ ਦੀਨਨ ਕਰਿ ਹੇਤ*

*ਰਵਿਦਾਸ ਛਤਰੀ ਸੋਈ ਜਾਨੀਏ ਜੋ ਛਾਡੇ ਨਹੀਂ ਖੇਤ।'*

*(ਪਦ, ਰਵਿਦਾਸ)*

ਰਵਿਦਾਸ ਅਨੁਸਾਰ ਵੈਸ਼ ਉਹ ਹੈ ਜੋ ਸਤਿਕਰਮ ਕਰ ਕੇ ਪੁੰਨ ਅਰਜਿਤ ਕਰੇ।

*'ਰਵਿਦਾਸ ਵੈਸ਼ ਸੋਈ ਜਾਨੀਏ ਜੋ ਸਤਿਕਾਰ ਕਮਾਏ।*

*ਪੁੰਨ ਕਮਾਈ ਸਦ ਲਹੈ ਲੋਕੇ ਸਰਬਤ ਸਖਾਏ।'*

*(ਪਦ, ਰਵਿਦਾਸ)*

ਸ਼ੂਦਰ ਨੂੰ ਵੀ ਉਨ੍ਹਾਂ ਪਰਿਭਾਸ਼ਿਤ ਕਰਦੇ ਹੋਏ ਲਿਖਿਆ ਹੈ,

*'ਰਵਿਦਾਸ ਜੋ ਅਤੀ ਪਵਿੱਤਰ ਹੈ ਸੋਈ ਸ਼ੂਦਰ ਜਾਣ।*

*ਜੋ ਕੁਕਰਮੀ ਅਸੁਧ ਜਨ, ਤਿਨ ਹਿਤ ਸੁੰਦਰ ਮਾਨ।।'*

*(ਪਦ, ਰਵਿਦਾਸ)*

ਇਥੇ ਹੀ ਬਸ ਨਹੀਂ ਉਨ੍ਹਾਂ ਆਪਣੀ ਬਾਣੀ ਵਿਚ ਇਕੋ ਵਰਣ ਵਿਵਸਥਾ ਤੇ ਅਧਾਰਿਤ ਚਾਰਾਂ ਜਾਤਾਂ ਵਿਚ ਬ੍ਰਾਹਮਣ ਦੀ ਉਚਤਾ ਤੇ ਸ਼ੂਦਰ ਦੀ ਨਿਮਨਤਾ ਨੂੰ ਰੱਦ ਕਰਦੇ ਹੋਏ ਦੋਹਾਂ ਨੂੰ ਇਕੋ ਸਤਰ ਵੀ ਪ੍ਰਦਾਨ ਕੀਤਾ। ਇਸ ਤਰ੍ਹਾਂ ਉਹ ਇਥੇ ਸਰਵ ਜਾਤੀ ਸਮਭਾਵ ਦਾ ਅਨੁਮੋਦਨ ਕਰਦੇ ਨਜ਼ਰ ਆਏ। ਉਨ੍ਹਾਂ ਦੀ ਇਹ ਮਾਨਤਾ ਹੈ ਕਿ ਬਿਨ ਪ੍ਰਭੂ ਭਜਨ ਦੇ ਇਨ੍ਹਾਂ ਵਰਗਾਂ ਵਿਚੋਂ ਕੋਈ ਵੀ ਉਚਤਾ ਪ੍ਰਾਪਤ ਨਹੀਂ ਕਰ ਸਕਦਾ।

*ਬ੍ਰਹਮਣ ਵੈਸ਼ ਸੂਦਰ ਅਹੁ ਖਤ੍ਰੀ, ਡੋਮ ਚੰਡਾਲ ਮਲੇਛ ਮਨ ਸੋਇ।*

*ਹੋਇ ਪੁਨੀਤ ਭਗਵੰਤ ਭਜਨ ਤੇ, ਆਪਿ ਤਰਿ ਤਾਰੈ ਕੁਲ ਦੋਇ॥*

(ਆਦਿ ਗ੍ਰੰਥ, ਪੰਨਾ 858)

ਇਸੇ ਲਈ ਉਨ੍ਹਾਂ ਆਪਣੀ ਬਾਣੀ ਵਿਚ ਬ੍ਰਾਹਮਣਾਂ ਦੇ ਮਹੱਤਵ ਨੂੰ ਵੀ ਖੰਡਿਤ ਕਰਦੇ ਹੋਏ 'ਸੰਤ' ਦੇ ਮਹੱਤਵ ਨੂੰ ਸਥਾਪਿਤ ਕੀਤਾ। ਉਨ੍ਹਾਂ ਨੂੰ ਪੰਡਤਾਈ ਕਰਨ ਵਾਲੇ ਬ੍ਰਾਹਮਣਾਂ ਦੀ ਬਾਣੀ ਥੋਥੀ ਲਗੀ।

*'ਥੋਥਾ ਪੰਡਤ ਥੋਥੀ ਬਾਨੀ। ਥੋਥੀ ਹਰਿ ਬਿਨ ਸਬੈ ਕਹਾਣੀ।'*

ਉਹ ਇਹ ਸਪੱਸ਼ਟ ਅਨੁਭਵ ਕਰਦੇ ਸਨ ਕਿ ਬ੍ਰਾਹਮਣ ਕੁੱਲ ਵਿਚ ਉਤਪੰਨ ਇਹ ਪੰਡਤ ਪਰਮ ਤੱਤਵ ਦਾ ਸਾਰ ਨਹੀਂ ਜਾਣਦੇ। ਇਨ੍ਹਾਂ ਵਿਚ ਕੋਈ ਵੀ ਨਹੀਂ ਜਾਣਦਾ ਕਿ ਸੰਸਾਰ ਦੇ ਆਵਾਗਮਨ ਦੇ ਚੱਕਰ ਤੋਂ ਮੁਕਤੀ ਕਿਵੇਂ ਸੰਭਵ ਹੈ?

*ਮਰਮ ਕੈਸੇ ਪਾਇਬੋ ਰੇ, ਮੋ ਸਉ ਕੋਊ ਨ ਕਹੈ ਸਮਝਾਇ।*

*ਜਾ ਤੇ ਆਵਾਗੈਵਨੁ ਬਿਲਾਇ॥*

*(ਆਦਿ ਗ੍ਰੰਥ, ਪੰਨਾ 346)*

ਇਸ ਪ੍ਰਕਾਰ ਉਹ ਬ੍ਰਾਹਮਣ ਦੇ ਬ੍ਰਾਹਮਣ ਤੱਤਵ ਦਾ ਖੰਡਨ ਕਰਦੇ ਹੋਏ ਸੰਤ ਦੇ ਮਹੱਤਵ ਦੀ ਸਥਾਪਨਾ ਕਰਦੇ ਹਨ ਤੇ ਪਰਮਾਤਮਾ ਦੇ ਅਭੇਦਤਾ ਦਾ ਨਿਰੂਪਣ ਕਰਦੇ ਹਨ।

*ਸੰਤ ਤੁਝੀ ਤਨੁ ਸੰਗਤਿ ਪ੍ਰਾਨ॥*

*ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ॥*

*ਸੰਤ ਕੀ ਸੰਗਤਿ ਸੰਤ ਕਥਾ ਰਸੁ॥*

*ਸੰਤ ਪ੍ਰੇਮ, ਮਾਝੈ ਦੀਜੈ ਦੇਵਾਦੇਵ॥*

*ਸੰਤ ਆਚਰਣ, ਸੰਤ ਚੋ ਮਾਰਗ, ਸੰਤ ਦਾ ਓਲਗ ਉਲਗਣੀ॥*

*ਅਉਰ ਇਕ ਮਾਗਉ ਭਗਤਿ ਚਿੰਤਾਮਣਿ॥*

*ਜਣੀ ਲਖਾਵਹੁ ਅਸੰਤ ਪਾਪੀ ਸਣਿ॥*

*ਰਵਿਦਾਸ ਭਣੈ ਜੋ ਜਾਣੈ ਸੋ ਜਾਣ॥*

*ਸੰਤ ਅਨੰਤਹਿ ਅੰਤਰ ਨਾਹੀ॥*

(ਆਦਿ ਗ੍ਰੰਥ, ਪੰਨਾ 486)

ਗੁਰੂ ਰਵਿਦਾਸ ਅਨੁਸਾਰ ਕੋਈ ਸੰਤ ਜਾਂ ਸਾਧੂ, ਵੈਸ਼ਨਵ, ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਜਿਸ ਕਿਸੇ ਵੀ ਵਰਣ ਵਿਚ ਜਨਮ ਲੈ ਲੈਂਦਾ ਹੈ ਉਹ ਆਪਣੇ ਸ਼ੁਭ ਗੁਣਾਂ ਨਾਲ ਉਨ੍ਹਾਂ ਵਰਨਾਂ ਨੂੰ ਵੀ ਸੁਸ਼ੋਭਿਤ ਕਰ ਦਿੰਦਾ ਹੈ। ਉਨ੍ਹਾਂ ਨੇ ਅਨੇਕਾਂ ਸੰਤਾਂ ਤੇ ਭਗਤਾਂ ਦੇ ਉਦਾਹਰਣ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਵੀ ਕੀਤੀ ਕਿ ਪ੍ਰਭੂ ਦੀ ਭਗਤੀ ਤੇ ਅਮਰਤਵ ਪਦ ਕਿਸੇ ਜਾਤੀ ਵਿਸ਼ੇਸ਼ ਦੀ ਸੰਪੱਤੀ ਨਹੀਂ। ਕੋਈ ਵੀ ਵਿਅਕਤੀ ਸੱਚੇ ਮਨ ਨਾਲ ਤੇ ਪੂਰੇ ਸ਼ਰਧਾ ਭਾਵ ਨਾਲ ਪ੍ਰਭੂ ਦੀ ਭਗਤੀ ਕਰਕੇ ਅਮਰ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਅਤੇ ਜਮ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ।

*ਰਵਿਦਾਸੁ ਜਪੈ ਰਾਮ ਨਾਮਾ,*

*ਮੋਹਿ ਜਮ ਸਿਉ ਨਾਹੀ ਕਾਮਾ।।*

*(ਆਦਿ ਗ੍ਰੰਥ, ਪੰਨਾ 659)*

ਉਨ੍ਹਾਂ ਦੀ ਬਾਣੀ ਵਿਚ ਰਿਸ਼ੀ ਬਾਲਮੀਕੀ, ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨ ਵਰਗੇ ਕਈ ਭਗਤਾਂ ਦੀ ਜਾਤੀ ਤੇ ਭਗਤੀ ਪਦ ਦੀ ਪ੍ਰਾਪਤੀ ਦੀ ਗੱਲ ਛੋਹੀ ਗਈ ਹੈ ਜੋ ਭਗਤੀ ਅਤੇ ਭਗਤਾਂ ਨੂੰ ਜਾਤੀ ਵਿਵਸਥਾ ਤੋਂ ਮੁਕਤ ਕਰਦੀ ਹੈ।

ਇਸੇ ਲਈ ਗੁਰੂ ਰਵਿਦਾਸ ਨੇ ਬ੍ਰਾਹਮਣਾਂ ਵੱਲੋਂ ਨਿਰਧਾਰਿਤ ਕਰਮ ਕਾਂਡਾਂ ਦੀ ਵੀ ਖੁੱਲ੍ਹ ਕੇ ਵਰਜਨਾ ਕੀਤੀ ਅਤੇ ਕਿਹਾ ਕਿ ਆਸਨ, ਚੰਦਨ, ਸ਼ਿਲਾ, ਜਲ, ਦੀਪ, ਧਾਗਾ, ਫੁਲ, ਮਾਲਾ, ਆਰਤੀ ਅਤੇ ਨਵੈਦ ਸਭ ਕੁਝ ਸਿਰਫ ਤੇ ਸਿਰਫ ਪ੍ਰਭੂ ਦਾ ਨਾਮ ਹੀ ਹੈ। ਇਥੋਂ ਤੱਕ ਕਿ ਰਵਿਦਾਸ ਜੀ ਨੇ ਪੰਡਤਾਂ ਦੇ ਚੱਕਰ ਵਿਚ ਨਾ ਪੈ ਕੇ ਮਨੁੱਖ ਜਾਤੀ ਨੂੰ ਬਾਹਰਮੁਖੀ ਭੇਖਾਂ ਦਾ ਤਿਆਗ ਕਰਕੇ ਭਾਉ ਭਗਤੀ, ਸ਼ਰਣਾਗਤੀ ਅਤੇ ਮਨ ਵਿਚ ਦੀਨਤਾ ਦਾ ਭਾਵ ਰੱਖਣ ਲਈ ਪ੍ਰੇਰਿਆ। ਉਨ੍ਹਾਂ ਨੇ ਕਿਹਾ ਕਿ ਪਰਮਾਤਮਾ ਹਰ ਥਾਂ ਤੇ ਵਿਦਮਾਨ ਹੈ। ਉਹ ਸਾਰੇ ਹੀ ਜੀਵਾਂ ਦਾ ਸਰੋਤ ਹੈ। ਸਭ ਵਿਅਕਤੀ ਉਸਦੇ ਦੀ ਸੰਤਾਨ ਹਨ। ਫਿਰ ਵਿਅਕਤੀ ਵਿਅਕਤੀ ਵਿਚ ਭੇਦ ਕਿਉਂ ਕੀਤਾ ਜਾਵੇ? ਇਸ ਤਰ੍ਹਾਂ ਉਨ੍ਹਾਂ ਨੇ ਬ੍ਰਾਹਮਣ ਤੇ ਸ਼ੂਦਰ ਵਾਲੀ ਉਚੀ ਤੇ ਨੀਵੀਂ ਸਮਾਜਕ ਸੰਰਚਨਾ ਨੂੰ ਆਪਣੇ ਤਰਕਾਂ ਨਾਲ ਛਿਣ-ਭਿਣ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਇਨਸਾਨ ਦੀ ਸੰਰਚਨਾ ਹੀ ਉਸ ਪ੍ਰਭੂ ਪਰਮਾਤਮਾ ਨੇ ਖੁਦ ਆਪ ਕੀਤੀ ਹੈ, ਉਹ ਸਾਰੀ ਜੀਵਾਤਮਾਵਾਂ ਦਾ ਸਮਾਵੇਸ਼ ਹੈ ਤਾਂ ਫਿਰ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੁਦਰ ਦਾ ਭੇਦਭਾਵ ਕਿਵੇਂ ਹੋ ਸਕਦਾ ਹੈ?

***ਰਵਿਦਾਸ ਏਕੈ ਬ੍ਰਹਮ ਕਾ ਹੋਇ, ਰਹਿਓ ਸਗਲ ਪਾਸਾਰੁ,***

***ਏਕੈ ਮਾਟੀ ਸਭ ਘਟ ਉਪਜੈ, ਏਕੈ ਸਭ ਨੂੰ ਸਿਰਜਨਹਾਰ,***

***(ਪਦ, ਰਵਿਦਾਸ)***

ਅਤੇ

***ਰੈਦਾਸ ਇਕ ਹੀ ਨੂਰ ਤੇ ਜਿਮਿ ਉਪਜਿਓ ਸੰਸਾਰ***

***ਉਚ ਨੀਚ ਕਿਹਿ ਬਿਧਿ ਭਇਓ, ਬ੍ਰਾਹਮਣ ਅਉਰ ਚਮਾਰ।***

***(ਪਦ, ਰਵਿਦਾਸ)***

ਉਵੇਂ ਵੀ ਸਾਰੇ ਜੀਵਾਂ ਦੀ ਉਤਪਤੀ, ਵਿਗਿਆਨਕ ਮਤ ਅਨੁਸਾਰ ਤਾਂ ਮਾਤਾ ਤੇ ਪਿਤਾ ਦੇ ਸ਼ਰੀਰਕ ਸਬੰਧਾਂ ਰਾਹੀਂ ਹੁੰਦੀ ਹੈ। ਇਹ ਸਬੰਧ ਸਾਰੇ ਹੀ ਜਾਤਾਂ ਵਿਚ ਇਕ ਸਮਾਨ ਬਣਦੇ ਹਨ ਤੇ ਇਹ ਹੀ ਦੁਨੀਆਂ ਦੀ ਪਹਿਲੀ ਅਤੇ ਆਖਰੀ ਸੱਚਾਈ ਵੀ ਇਹੀ ਹੈ।

***ਜਲ ਕੀ ਭੀਤਿ, ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।***

***ਹਾਡ ਮਾਸ ਨਾੜੀ ਕੋ ਪਿੰਜਰੁ, ਪੰਖੀ ਬਸੈ ਬਿਚਾਰਾ।***

*ਪ੍ਰਾਨੀ ਕਿਆ ਮੇਰਾ ਕਿਆ ਤੇਰਾ।*

*ਜੈਸੇ ਤਰਵਰ ਪੰਖਿ ਬਸੇਰਾ।*

**(ਆਦਿ ਗ੍ਰੰਥ ਪੰਨਾ 658)**

ਹਰ ਵਿਅਕਤੀ ਚਾਹੇ ਕਿਸੇ ਵੀ ਜਾਤੀ ਨਾਲ ਸਬੰਧਿਤ ਹੈ, ਨਸ਼ਵਰ ਹੈ। ਜੋ ਸੰਸਾਰ ਵਿਚ ਜਨਮ ਲੈਂਦਾ ਹੈ ਉਸ ਦੀ ਮ੍ਰਿਤੂ ਵੀ ਨਿਸ਼ਚਿਤ ਹੁੰਦੀ ਹੈ। ਫਿਰ ਵਰਣ ਵਿਵਸਥਾ ਕਿਸੇ ਇਕ ਵਰਣ ਨੂੰ ਉਚਾ ਤੇ ਦੂਜੇ ਨੂੰ ਨੀਵਾਂ ਕਿਵੇਂ ਆਖ ਸਕਦੀ ਹੈ? ਸੱਚਾਈ ਇਹ ਹੈ ਕਿ ਹਰ ਵਰਣ ਦਾ ਵਿਅਕਤੀ ਇਕ 'ਮਾਟੀ ਦੇ ਪੁਤਲਾ' ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਿਚ ਫੱਸਕੇ ਇਸ ਦੁਨੀਆਵੀ ਸੰਸਾਰ ਵਿਚ ਭਟਕ ਰਿਹਾ ਹੈ। ਉਹ ਇਹ ਭੁੱਲ ਜਾਂਦਾ ਹੈ-

*ਬੰਕੇ ਬਾਲ ਪਾਗ ਸਿਰ ਡੇਰੀ।।*

*ਇਹੁ ਤਨੁ ਹੋਇਗੋ ਭਸਮ ਕੀ ਢੇਰੀ।।*

**(ਆਦਿ ਗ੍ਰੰਥ, ਪੰਨਾ 659)**

ਇਸ ਕਾਰਨ ਗੁਰੂ ਰਵਿਦਾਸ ਪੂਰੇ ਸਵੈ ਮਾਣ ਨਾਲ ਆਪਣੀ ਬਾਣੀ ਵਿਚ ਆਪਣੇ ਚਮਾਰ ਜਾਤੀ ਦੇ ਹੋਣ ਦੀ ਘੋਸ਼ਣਾ ਕਰਦੇ ਨਜ਼ਰ ਆਉਂਦੇ ਹਨ। ਬੇਸ਼ੱਕ ਉਨ੍ਹਾਂ ਦੀ ਜਾਤੀ ਚਮਾਰ ਹੈ, ਪਰ ਉਨ੍ਹਾਂ ਦਾ ਹਿਰਦਾ ਪ੍ਰਭੂ ਦੇ ਗੁਣਾਂ ਨਾਲ ਪਰਿਪੂਰਣ ਹੈ। ਹਿਰਦੇ ਵਿਚ ਵਸੀ ਹੋਈ ਪ੍ਰਭੂ ਦੀ ਇਹ ਛਵੀ ਹੀ ਉਨ੍ਹਾਂ ਨੂੰ ਉਦਾਤਤਾ ਪ੍ਰਦਾਨ ਕਰਦੀ ਹੈ।

*ਨਾਗਰ ਜਨਾਂ ਮੇਰੀ ਜਾਤੀ ਬਿਖਿਆਤ ਚੰਮਾਰੰ।*

*ਰਿਦੈ ਰਾਮ ਗੋਬਿੰਦ ਗੁਨ ਸਾਰੰ।।*

**(ਆਦਿ ਗ੍ਰੰਥ, ਪੰਨਾ 1283)**

ਉਨ੍ਹਾਂ ਦੀ ਬਾਣੀ ਵਿਚ ਕਿਧਰੇ 'ਪ੍ਰੇਮ ਭਗਤੀ ਦੇ  ਕਾਰਨੈ ਕਹੁ ਰਵਿਦਾਸ ਚਮਾਰ' ਦੀ ਹੂਕ ਸਾਹਮਣੇ ਆਉਂਦੀ ਹੈ ਅਤੇ ਕਿਧਰੇ 'ਕਹਿ ਰਵਿਦਾਸ ਖਲਾਸ ਚਮਾਰਾ' ਅਤੇ ਕਿਧਰੇ 'ਮੇਰੇ ਰਾਮਈਏ ਰੰਗ ਮਜੀਠ ਦਾ ਕਹੁ ਰਵਿਦਾਸ ਚਮਾਰ' ਦੀ। ਪਰ ਉਨ੍ਹਾਂ ਦਾ ਨਿਮਰਤਾ ਪੂਰਬਕ ਕੀਤਾ ਗਿਆ ਇਹ ਆਤਮਘੋਸ਼ ਕਿ ਜਾਤੀ ਦੀ ਨੀਚਤਾ ਪ੍ਰਭੂ ਦੀ ਸ਼ਰਣਾਗਤੀ ਸਾਹਮਣੇ ਕੋਈ ਮਹੱਤਵ ਨਹੀਂ ਰੱਖਦੀ, ਉਨ੍ਹਾਂ ਦੀ ਵਰਣ ਵਿਵਸਥਾ ਦੀ ਰੱਦਤਾ ਦਾ ਪ੍ਰਮਾਣ ਹੈ।

*ਮੇਰੀ ਜਾਤੀ ਕਮੀਨੀ ਪਾਤੀ ਕਮੀਨੀ ਓਛਾ ਜਨਮੁ ਹਮਾਰਾ,*

*ਤੁਮ ਸਰਨਾਗਤੀ ਰਾਜਾ ਰਾਮਚੰਦਰ ਕਹਿ ਰਵਿਦਾਸ ਚਮਾਰਾ।।*

**(ਆਦਿ ਗ੍ਰੰਥ, ਪੰਨਾ 659)**

ਆਪਣੀ ਬਾਣੀ ਵਿਚ ਗੁਰੂ ਰਵਿਦਾਸ ਜਿਸ ਆਚਰਣ ਨੂੰ ਮਹੱਤਵ ਦਿੰਦੇ ਹੋਏ ਆਖਦੇ ਹਨ

*'ਸਤ ਸੰਤੋਸ਼ ਅਰੁ ਸਦਾਚਾਰ ਜੀਵਨ ਕੋ ਆਧਾਰ।*

*'ਰਵਿਦਾਸ' ਭਏ ਨਰ ਦੇਵਤੇ, ਜਿਨ ਤਿਆਗੇ ਪੰਚ ਵਿਕਾਰ।।'*

*(ਪਦ, ਰਵਿਦਾਸ)*

ਉਸੇ ਆਚਰਣ ਦੀ ਸਿੱਧੀ ਅਤੇ ਪ੍ਰਭੂ ਦੀ ਸ਼ਰਣਾਗਤੀ ਦੇ ਕਾਰਣ ਉਹ ਇਹ ਆਤਮਘੋਸ਼ ਵੀ ਕਰਦੇ ਹਨ-

*ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ।।*

**(ਆਦਿ ਗ੍ਰੰਥ, ਪੰਨਾ 1106)**

ਉਨ੍ਹਾਂ ਦੀ ਇਹ ਉਦਘੋਸ਼ਣਾ ਹੀ ਡਰ ਦਾ ਵਾਤਾਵਰਨ ਪੈਦਾ ਕਰਨ ਵਾਲੇ ਤਥਾਕਥਿਤ ਬ੍ਰਾਹਮਣੀ ਸਮਾਜ 'ਤੇ ਜ਼ੋਰਦਾਰ ਪ੍ਰਹਾਰ ਹੈ। ਇਸ ਨਾਲ ਰਵਿਦਾਸ ਜੀ ਨੇ ਸ਼ੂਦਰ ਜਾਤੀ ਨੂੰ ਆਤਮ ਵਿਸ਼ਵਾਸ ਅਤੇ ਸਵਾਭੀਮਾਨ ਦਾ ਆਸਰਾ ਵੀ ਪ੍ਰਦਾਨ ਕੀਤਾ ਅਤੇ ਉਨ੍ਹਾਂ ਇਹ ਸੱਚ ਵੀ ਸਮਝਾਇਆ ਕਿ ਵਰਣ ਵਿਵਸਥਾ ਦੇ ਇਨ੍ਹਾਂ ਚਾਰ ਵਰਣਾਂ ਤੋਂ ਮੁਕਤ ਹੋ ਕੇ ਉਹ ਜਗਤ ਰੂਪੀ ਪਰਮਾਤਮਾ ਦੀ ਵਿਆਪਕ ਤੇ ਵਿਸ਼ਾਲ ਸਰੰਚਨਾ ਵੱਲ ਨਜ਼ਰ ਮਾਰਨ ਜਿਸਦੇ ਉਹ ਵਾਸਤਵ ਵਿਚ ਅੰਗ ਹਨ ਅਤੇ ਆਪਣੇ ਆਚਰਣ ਤੇ ਕਰਮ ਦੇ ਆਧਾਰ ਸ਼੍ਰੇਸ਼ਠਤਾ ਪ੍ਰਾਪਤ ਕਰ ਸਕਦੇ ਹਨ। ਇਸ ਸਭ ਪਿੱਛੇ ਉਨ੍ਹਾਂ ਇਕ ਹੀ ਵਿਸ਼ਵਾਸ ਹੈ-

*ਗਰੀਬ ਨਿਵਾਜੁ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ।*

*ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੇ।*

**(ਆਦਿ ਗ੍ਰੰਥ, ਪੰਨਾ 1106)**

## 6.4 ਗੁਰੂ ਰਵਿਦਾਸ ਬਾਣੀ ਵਿਚ ਮਾਨਵਵਾਦ

ਮਾਨਵਵਾਦ ਦਾ ਸਬੰਧ humanism ਅਤੇ humanity ਵਰਗੇ ਸ਼ਬਦਾਂ ਨਾਲ ਜੋੜਿਆ ਜਾਂਦਾ ਹੈ। ਇਹ ਉਹ ਸਿਧਾਂਤ ਹੈ ਜੋ ਮਨੁੱਖੀ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਇਨਸਾਨ ਨੂੰ ਇਨਸਾਨ ਦੇ ਰੂਪ ਵਿਚ ਤੋਲਦਾ ਹੈ। ਉਸ ਨੂੰ ਨਿੱਜੀ ਸੁਆਰਥਾਂ ਨੂੰ ਛੱਡ ਕੇ ਪਿਆਰ, ਦਇਆ, ਬਰਾਬਰੀ, ਸਾਂਝੀਵਾਲਤਾ ਅਤੇ ਨੇਕਨੀਅਤੀ ਸਿਖਾਉਂਦਾ ਹੈ। ਧਰਮ, ਜਾਤ, ਦੇਸ਼, ਕੌਮ ਤੇ ਫਿਰਕੇ ਦੇ ਭੇਦਭਾਵ ਤੋਂ ਉਪਰ ਉਠ ਕੇ ਮਨੁੱਖ ਰੂਪ ਵਿਚ ਪਛਾਨਣ ਦੀ ਜਾਚ ਸਿਖਾਉਂਦਾ ਹੈ। ਲੋਕ ਮੰਗਲ ਦੀ ਭਾਵਨਾ ਨਾਲ ਓਤ-ਪ੍ਰੋਤ ਇਹ ਸਿਧਾਂਤ ਜਨ ਸਮਾਜ ਦੇ ਕਲਿਆਣ ਦੀ ਗੱਲ ਕਰਦਾ ਹੈ। ਸਮੁੰਦਰ ਵਰਗੀ ਗਹਿਰਾਈ ਸਮੇਟੇ ਮਾਨਵਵਾਦ ਦਾ ਸਿਧਾਂਤ ਹਰ ਪ੍ਰਕਾਰ ਦੇ ਹਿਰਦੇ ਵਿਦਾਰਕ ਸਿਧਾਂਤ ਨੂੰ ਅਸਵੀਕਾਰ ਕਰਦਿਆਂ ਨਿਮਰਤਾ, ਸ਼ਾਲੀਨਤਾ ਅਤੇ ਸਾਦਗੀ ਭਰੇ ਉਸ ਤੇਜਸਵੀਪੁਣੇ ਦਾ ਦਮ ਭਰਦਾ ਹੈ ਜੋ ਅਤਿਆਚਾਰਾਂ ਦੀ ਹਨੇਰੀ ਵਿਚ ਡਿੱਗਦੇ ਢਹਿੰਦੇ ਹਰ ਮਨੁੱਖ ਲਈ ਚਾਨਣ ਮੁਨਾਰਾ ਹੈ। ਇਹ ਕਠਿਨ ਤੋਂ ਕਠਿਨ ਪਰਿਸਥਿਤੀ ਵਿਚ ਵੀ ਦੂਜੇ ਮਨੁੱਖਾਂ ਲਈ ਰਾਹ ਪੱਧਰੇ ਕਰਨ, ਉਨ੍ਹਾਂ ਦੇ ਰਸਤੇ ਵਿਚ ਪਏ ਮੁਸੀਬਤਾਂ ਰੂਪੀ ਪੱਥਰਾਂ ਨੂੰ ਚੁਣਕੇ ਸਿੱਧ ਪੱਧਰੀ ਸੈਰਗਾਹ ਬਨਾਉਣ ਵਿਚ ਵਿਸ਼ਵਾਸ ਰੱਖਦਾ ਹੈ।

ਸਾਹਿਤ ਵਿਚ ਮਾਨਵਵਾਦ ਦਾ ਸਿਧਾਂਤ ਕੋਈ ਨਵੀਂ ਜਾਂ ਅਲੋਕਾਰੀ ਗੱਲ ਨਹੀਂ। ਇਸ ਸਿਧਾਂਤ ਦਾ ਜਨਮ ਮੂਲ ਰੂਪ ਵਿਚ ਪੱਛਮ ਵਿਚ ਮੱਧਕਾਲ ਦੇ ਅੰਤ ਵਿਚ ਹੋਇਆ। ਮੱਧਕਾਲ ਵਿਚ ਧਰਮ ਨੇ ਮਨੁੱਖ ਨੂੰ ਇੰਨਾ ਅੰਧਵਿਸ਼ਵਾਸੀ ਬਣਾ ਦਿੱਤਾ ਕਿ ਉਹ ਆਪਣੀ ਹਰ ਅਹੁਰ ਦਾ ਹੱਲ ਕਿਸੇ ਦੈਵੀ ਸੱਤਾ ਵਿਚੋਂ ਲੱਭਣ ਲੱਗਾ ਤੇ ਲੌਕਿਕ ਸੰਸਾਰ ਅਤੇ ਵਿਅਕਤੀ ਉਸ ਲਈ ਨਿਰਮੂਲ ਹੋ ਗਏ। ਇਥੋਂ ਤੱਕ ਕਿ ਮਨੁੱਖ, ਜੋ ਅਸ਼ਰਫ-ਉਲ-ਮਖਲੂਕਾਤ ਸੀ, ਸਰਬਸ਼੍ਰੇਸ਼ਠ ਪ੍ਰਾਣੀ ਸੀ, ਮੱਧਯੁੱਗ ਦੇ ਚਿੰਤਕਾਂ ਲਈ ਘਟੀਆ ਤੇ ਭ੍ਰਸ਼ਟ ਹੋਇਆ ਪਿਆ ਸੀ। ਮਾਨਵਵਾਦੀ ਵਿਚਾਰਧਾਰਾ ਨੇ ਮੱਧਯੁੱਗ ਦੀ ਇਸ ਸੋਚਣੀ ਨੂੰ ਨਿੰਦਿਆ ਤੇ ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜਗਤ ਵਿਚਲੇ ਤਿੰਨ ਪੱਖਾਂ 'ਪਸ਼ੂ' ਤੇ 'ਦੇਵਤਾ' ਵਿਚਕਾਰ 'ਮਨੁੱਖ' ਜਾਂ 'ਮਾਨਵ' ਨੂੰ ਲੱਭਣ ਦੀ ਲੋੜ ਹੈ।

**ਡਾ. ਰਤਨ ਸਿੰਘ ਜੱਗੀ** ਦੇ ਸ਼ਬਦਾਂ ਵਿਚ ਮਾਨਵਵਾਦ ਜਾਂ ਮਨੁੱਖਤਾਵਾਦ ਉਹ ਸਿਧਾਂਤ ਹੈ ਜਿਸ ਵਿਚ ਇਕ ਪਾਸੇ ਪਸ਼ੂਪਨ ਹੈ ਤੇ ਦੂਜੇ ਪਾਸੇ ਦੇਵਤਵ ਹੈ, ਪਰ ਦੋਹਾਂ ਦੇ ਵਿਚਕਾਰ ਸੰਤੁਲਿਤ ਅਵਸਥਾ ਮਨੁੱਖਪਨ ਜਾਂ ਆਦਮੀਅਤ ਹੈ। ਇਹ ਉਸ ਦੇ ਪਸ਼ੂ ਤੇ ਦੇਵਤੇ ਦੀ ਵਿਚਕਾਰਲੀ ਦਸ਼ਾ ਹੈ ਤੇ ਮਾਨਵਵਾਦ ਨੇ ਇਸੇ ਨੂੰ ਨੈਤਿਕਤਾ, ਕਲਾਤਮਕਤਾ, ਸੁਹਜਵਾਦ ਅਤੇ ਹਰ ਭਾਂਤ ਦੇ ਆਚਾਰ ਵਿਚਾਰ ਦਾ ਧੁਰਾ ਮੰਨਿਆ ਹੈ।[1]

ਉਨੀਵੀਂ ਸਦੀ ਈ. ਦੇ ਪਿਛਲੇ ਅੱਧ ਵਿਚ ਨਵਮਾਨਵਵਾਦੀ ਸੰਕਲਪ ਦਾ ਜਨਮ ਹੋਇਆ ਜਿਸ ਅਨੁਸਾਰ ਮਨੁੱਖ ਨੂੰ ਕਾਲ ਤੇ ਸਥਿਤੀ ਅਨੁਸਾਰ ਇਕ ਪਰਿਵਰਤਨਸ਼ੀਲ ਪ੍ਰਾਣੀ ਮੰਨਿਆ ਗਿਆ ਤੇ ਕਿਹਾ ਗਿਆ ਕਿ ਮਨੁੱਖ ਕੋਈ ਪਰਿਵਰਤਨਹੀਣ, ਸਥਿਰ ਤੇ ਇਕ ਸਮਾਨ ਰਹਿਣ ਵਾਲਾ ਤੱਤ ਨਹੀਂ ਸਗੋਂ ਇਸਦੇ ਖਮੀਰ ਵਿਚ ਸਦਾ ਬਦਲਦੇ ਰਹਿਣ ਵਾਲੇ ਗੁਣ ਹਮੇਸ਼ਾ ਮੌਜੂਦ ਰਹਿੰਦੇ ਹਨ ਜੋ ਇਸਦੇ ਕ੍ਰਮ ਵਿਕਾਸ ਦਾ ਪਤਾ ਦਿੰਦੇ ਹਨ। ਅੱਜ ਦਾ ਮਨੁੱਖ ਵਿਕਾਸ ਕਰਦਾ ਕਰਦਾ ਮੌਜੂਦਾ ਪੱਧਰ ਤੇ ਪੁੱਜਾ ਹੈ ਤੇ ਆਉਣ ਵਾਲਾ ਮਨੁੱਖ ਅਵੱਸ਼ ਅੱਜ ਦੇ ਮਨੁੱਖ ਤੋਂ ਕਈ ਪੁਲਾਂਘਾਂ ਅੱਗੇ ਹੋਵੇਗਾ। ਜਿਸ ਨੂੰ ਉਨ੍ਹਾਂ ਮਹਾਮਾਨਵ ਦੀ ਸੰਗਿਆ ਦਿੱਤੀ।[2] ਉਨ੍ਹਾਂ ਨੇ ਮਹਾਮਾਨਵ ਲਈ ਵਰਗਹੀਣ ਸਮਾਜ ਦੀ ਕਲਪਨਾ ਵੀ ਕੀਤੀ ਤੇ ਇਸ ਨੂੰ ਉਸਦੇ ਅੰਦਰਲੇ ਗੁਣਾਂ ਦੇ ਵਿਕਾਸ ਲਈ ਜ਼ਰੂਰੀ ਮੰਨਿਆ। ਇਹ ਵਿਕਾਸ ਸਾਂਝੀਵਾਲਤਾ ਤੇ ਸਮਾਜਿਕਤਾ ਦੁਆਰਾ ਹੁੰਦਾ ਹੈ।

ਮਨੋਵਿਗਿਆਨ ਨੇ ਵਿਵਹਾਰਾਤਮਕ ਮਾਨਵਵਾਦ ਦੀ ਕਲਪਨਾ ਕੀਤੀ ਜਿਸ ਅਨੁਸਾਰ ਮਾਨਵ ਦੇ ਉਸ ਰੂਪ ਵਿਚ ਮਾਨਵਤਾ ਦੀ ਅਮੂਰਤ ਧਾਰਣਾ ਨੂੰ ਨਹੀਂ ਸਗੋਂ ਪ੍ਰਤੱਖ ਮਾਨਵੀ ਵਿਵਹਾਰ ਨੂੰ ਮਨੋਵਿਗਿਆਨਕ ਜਾਂ ਸਮਾਜਕ ਪਹਿਲੂਆਂ ਤੋਂ ਘੋਖਿਆ ਜਾਂਦਾ ਹੈ। ਇਸ ਸਿਧਾਂਤ ਦੀ ਕਲਪਨਾ ਸਭ ਤੋਂ ਪਹਿਲਾਂ ਵਿੰਡਲਬਾਂਡ ਨੇ ਕੀਤੀ। ਅਰਵਿੰਡ ਬੈਬਿਟ ਅਤੇ ਪਾਲ ਐਲਮਰ ਮੋਰ ਪ੍ਰਸਿੱਧ ਪੱਛਮੀ ਨਵਮਾਨਵਵਾਦੀ ਹੋਏ ਹਨ।

ਮੱਧਕਾਲ ਦੇ ਮਹਾਨ ਸੰਤ ਰਵਿਦਾਸ ਜੀ ਸਹੀ ਅਰਥਾਂ ਵਿਚ ਮਾਨਵਵਾਦੀ ਸੰਤ ਹੋਏ ਹਨ। ਉਹ ਗੁਰੂ ਰਾਮਾਨੰਦ ਦੇ ਸ਼ਿਸ਼, ਕਬੀਰ ਦੇ ਸਮਕਾਲੀ ਅਤੇ ਚਿਤੌੜ ਦੀ ਰਾਣੀ ਝਾਲੀ ਤੇ ਕ੍ਰਿਸ਼ਨ ਭਗਤ ਰਾਣੀ ਮੀਰਾਂਬਾਈ ਦੇ ਗੁਰੂ ਸਨ। ਉਨ੍ਹਾਂ ਨੇ ਆਪਣੇ ਕਾਵਿ ਦਰਸ਼ਨ ਤੇ ਭਗਤੀ ਪੱਧਤੀ ਵਿਚਲੀ ਲੋਕ ਮੰਗਲ ਦੀ ਭਾਵਨਾ ਨਾਲ ਜਨ ਕਲਿਆਣ ਕੀਤਾ। ਉਨ੍ਹਾਂ ਦੇ ਮਾਨਵਵਾਦੀ ਵਿਚਾਰਾਂ ਨੇ ਸਮਾਜ ਵਿਚ ਆਪਸੀ ਭਾਈਚਾਰੇ, ਏਕਤਾ ਤੇ ਬਰਾਬਰੀ ਦੇ ਇਕ ਨਵੇਂ ਯੁੱਗ ਦਾ ਸ਼ੰਖਨਾਦ ਕੀਤਾ। ਉਨ੍ਹਾਂ ਦੀ ਬਾਣੀ ਵਿਚ ਨਾ ਤਾਂ ਮੱਧਕਾਲ ਦੇ ਪ੍ਰਖਰ ਸੰਤ ਕਬੀਰ ਵਰਗੀ ਚੁੱਭਵੀਂ ਬੋਲੀ ਹੈ ਤੇ ਨਾ ਹੀ ਮਨ ਖੱਟਾ ਕਰਨ ਵਾਲੇ ਵਿਅੰਗ। ਮਾਖਿਓਂ ਮਿੱਠੇ ਸੁਰ ਅਤੇ ਅੱਤ ਦੀ ਸ਼ਾਲੀਨਤਾ ਤੇ ਨਿਮਰਤਾ ਨਾਲ ਭਰੇ ਉਨ੍ਹਾਂ ਦੇ ਉਪਦੇਸ਼ ਸੰਪ੍ਰਦਾਇਕ ਏਕਤਾ ਦਾ ਸੁੰਦਰ ਨਮੂਨਾ ਹਨ।

ਉਨ੍ਹਾਂ ਨੇ ਆਪਣੀ ਬਾਣੀ ਨੂੰ ਆਪਣੇ ਮਾਨਵਵਾਦੀ ਵਿਚਾਰਾਂ ਦੀ ਪੇਸ਼ਕਾਰੀ ਕਰਨ ਲਈ ਬੜੇ ਉਤਮ ਢੰਗ ਨਾਲ ਵਰਤਿਆ। ਕੇਵਲ ਕਵਿਤਾ ਕਾਰਨ ਉਨ੍ਹਾਂ ਦਾ ਮਕਸਦ ਕਦੇ ਵੀ ਨਹੀਂ ਸੀ। ਸ਼ਾਇਦ ਇਹੀ ਕਾਰਨ ਸੀ ਕਿ ਇਕ ਵਰਨ ਪ੍ਰਧਾਨ ਸਮਾਜ ਵਿਚ ਪੈਦਾ ਹੋ ਕੇ ਵੀ ਉਨ੍ਹਾਂ ਨੇ ਆਪਣੀ ਭਗਤੀ, ਨਾਮ ਸਿਮਰਨ, ਲੋਕਮੰਗਲ ਦੀ ਭਾਵਨਾ ਅਤੇ ਮਾਨਵਵਾਦੀ ਵਿਚਾਰਾਂ ਰਾਹੀਂ ਸਮਾਜ ਵਿਚ ਉਹ ਰੁਤਬਾ ਹਾਸਲ ਕਰ ਲਿਆ ਕਿ ਉਚ ਵਰਗ ਦੇ ਉਹ ਲੋਕ ਜੋ ਕਦੇ ਉਨ੍ਹਾਂ ਵੱਲ ਭੈੜੀ ਅੱਖ ਨਾਲ ਵੇਖਦੇ ਸਨ, ਨਾ ਕੇਵਲ ਉਨ੍ਹਾਂ ਦਾ ਸਨਮਾਨ ਕਰਨ ਲੱਗੇ ਸਗੋਂ ਉਨ੍ਹਾਂ ਡੰਡਉਤ ਕਰਨ ਲੱਗੇ।

ਗੁਰੂ ਰਵਿਦਾਸ ਜੀ ਦੀ ਬਾਣੀ ਕਿਸੇ ਇਕ ਵਰਗ ਜਾਂ ਰਾਸ਼ਟਰ ਲਈ ਨਹੀਂ ਹੈ ਸਗੋਂ ਸਮੁੱਚੀ ਮਾਨਵਜਾਤੀ ਲਈ ਹੈ। ਉਹ ਚਾਹੁੰਦੇ ਸਨ ਕਿ ਸਭ ਲੋਕਾਂ ਨੂੰ ਮਾਨਵਤਾ ਦੀ ਸਿੱਖਿਆ ਦਿੱਤੀ ਜਾਵੇ। ਇਸੇ ਲਈ ਉਨ੍ਹਾਂ ਨੇ ਆਪਣੀ ਰਚਨਾ ਵਿਚ ਕਈ ਮਾਨਵੀ ਮੁੱਲਾਂ ਜਿਵੇਂ ਜਾਤਪਾਤ ਦੇ ਆਧਾਰ ਤੇ ਵਿਅਕਤੀ-ਵਿਅਕਤੀ ਵਿਚ ਭੇਦ ਅਤੇ ਧਰਮ ਦੇ ਨਾਂ ਤੇ ਲੋਕਾਂ ਦੇ ਕੀਤੇ ਜਾਂਦੇ ਸ਼ੋਸ਼ਣ ਦਾ ਵਿਰੋਧ ਕੀਤਾ। ਉਨ੍ਹਾਂ ਆਮ ਜਨਤਾ ਨੂੰ ਫੋਕੇ ਧਾਰਮਿਕ ਕਰਮਕਾਂਡਾਂ ਤੋਂ ਵੀ ਨਿਜਾਤ ਦਿਵਾਈ ਜੋ ਉਸ ਵਕਤ ਭੋਲੀਭਾਲੀ ਜਨਤਾ ਦੇ ਸ਼ੋਸ਼ਣ ਲਈ ਬ੍ਰਾਹਮਣ ਵਰਗ ਵੱਲੋਂ ਇਸਤੇਮਾਲ ਕੀਤੇ ਜਾ ਰਹੇ ਸਨ।

ਉਸ ਵਕਤ ਦੇ ਸਮਾਜ ਵਿਚ ਮੋਖ ਦੇ ਨਾਂ ਤੇ ਬ੍ਰਾਹਮਣ-ਵਰਗ ਵੱਲੋਂ ਬਾਕੀ ਵਰਗਾਂ ਤੋਂ ਗ੍ਰਹਿਣ ਦੇ ਸਮੇਂ ਧਨ ਦਾਨ, ਭੂਮੀ ਦਾਨ, ਵਸਤਰ ਦਾਨ ਤੋਂ ਇਲਾਵਾ ਗਹਿਣਿਆਂ ਸਮੇਤ ਤ੍ਰੀਮਤ ਦਾ ਦਾਨ ਵੀ ਲਿਆ ਜਾ ਰਿਹਾ ਸੀ। ਅਠਾਰਾਂ ਤੀਰਥਾਂ ਦੇ ਇਸ਼ਨਾਨ, ਬਾਰਾਂ ਸ਼ਿਵਲਿੰਗਾਂ ਦੀ ਪੂਜਾ, ਸਿੰਮ੍ਰਿਤੀਆਂ ਦੇ ਪਾਠ ਦਾ ਸ਼੍ਰਵਣ, ਠਾਕੁਰਾਂ ਨੂੰ ਲਗਵਾਏ ਜਾਂਦੇ ਭੋਗ ਅਤੇ ਜ਼ਮੀਨ ਜਾਇਦਾਦਾਂ ਦੇ ਦਾਨ ਆਦਿ ਵਰਗੇ ਕਰਮ ਆਮ ਲੁਕਾਈ ਨੂੰ ਭ੍ਰਮ ਵਿਚ ਫਸਾ ਰਹੇ ਸਨ ਜਿਸ ਨਾਲ ਬ੍ਰਾਹਮਣ ਵਰਗ ਦੀ ਤਾਂ ਚਾਂਦੀ ਹੋ ਰਹੀ ਸੀ ਪਰ ਬਾਕੀ ਜਨਤਾ ਧਰਮ ਦੇ ਨਾਂ ਤੇ ਸ਼ੋਸ਼ਣ ਹੋ ਰਿਹਾ ਸੀ। ਗੁਰੂ ਰਵਿਦਾਸ ਜੀ ਨੇ ਆਪਣਾ ਮਾਨਵਵਾਦੀ ਧਰਮ ਨਿਭਾਉਂਦੇ ਹੋਏ ਇਨ੍ਹਾਂ ਕਰਮਕਾਂਡਾਂ ਦੀ ਖੁੱਲ੍ਹ ਕੇ ਨਿੰਦਿਆ ਕੀਤੀ। ਉਨ੍ਹਾਂ ਨੇ ਬ੍ਰਾਹਮਣੀ ਸਮਾਜ ਦੀ ਲੁੱਟ ਖਸੁੱਟ ਨੂੰ ਨੰਗਾ ਕੀਤਾ ਤੇ ਆਮ ਜਨਤਾ ਨੂੰ ਸਮਝਾਇਆ ਕਿ ਪਰਮਾਤਮਾ ਦੀ ਪ੍ਰਾਪਤੀ ਸ਼ੁੱਧ ਆਚਰਨ ਅਤੇ ਸੱਚੇ ਮਨ ਨਾਲ ਉਸਦਾ ਨਾਮ ਜੱਪਣ ਨਾਲ ਹੁੰਦੀ ਹੈ। ਇਨ੍ਹਾਂ ਵਿਅਰਥ ਦੇ ਕਰਮ-ਕਾਂਡਾਂ ਤੇ ਭੇਖਾਂ ਨਾਲ ਨਹੀਂ। ਗੁਰਬਾਣੀ ਵਿਚ ਵੀ ਕਿਹਾ ਗਿਆ ਹੈ:-

*ਕਰਮ ਕਾਂਡ ਬਹੁ ਕਰਹਿ ਆਚਾਰ।*

*ਬਿਨੁ ਨਾਵੈ ਧ੍ਰਿਗ ਧ੍ਰਿਗ ਅਹੰਕਾਰ।।*

**(ਆਦਿ ਗ੍ਰੰਥ, ਪੰਨਾ 162)**

ਬ੍ਰਾਹਮਣੀ ਗਲਬੇ ਵਿਚ ਕੈਦ ਉਸ ਵਕਤ ਦੀ ਲੋਕਾਈ ਲਈ ਗੁਰੂ ਰਵਿਦਾਸ ਜੀ ਦੇ ਮਾਨਵਵਾਦੀ ਵਿਚਾਰਾਂ ਨੇ ਮਲਹਮ ਦਾ ਕੰਮ ਕੀਤਾ ਅਤੇ ਬ੍ਰਾਹਮਣੀ ਸਮਾਜ ਵੱਲੋਂ ਧਰਮ ਦੇ ਨਾਂ ਤੇ ਦਿੱਤੇ ਜ਼ਖਮਾਂ ਨੂੰ ਭਰਨ ਵਿਚ ਮਦਦ ਕੀਤੀ। ਆਮ ਜਨਤਾ ਨੂੰ ਧਰਮ ਅਤੇ ਅਧਰਮ ਵਿਚ ਅੰਤਰ ਕਰਨਾ ਆਇਆ। ਉਨ੍ਹਾਂ ਕਰਮ ਅਤੇ ਕਰਮ ਕਾਂਡਾਂ ਵਿਚਲੀ ਸਮਝ ਨੂੰ ਧਾਰਨ ਕੀਤਾ। ਇੰਝ ਬ੍ਰਾਹਮਣਵਾਦੀ ਸਮਾਜ ਲਈ ਗਰੀਬ ਤੇ ਭੁੱਲੀ ਫਿਰਦੀ ਲੁਕਾਈ ਨੂੰ ਠੱਗਣਾ ਮੁਸ਼ਕਲ ਹੋ ਗਿਆ। ਗੁਰੂ ਰਵਿਦਾਸ ਜੀ ਦੇ ਮਾਨਵਵਾਦੀ ਵਿਚਾਰਾਂ ਦਾ ਪ੍ਰਗਟਾ ਉਨ੍ਹਾਂ ਦੇ ਅਹਿੰਸਾਤਮਕ ਵਿਚਾਰਾਂ ਤੋਂ ਵੀ ਹੁੰਦਾ ਹੈ। ਕਿਸੇ ਪ੍ਰਾਣੀ, ਜੀਵ-ਜੰਤੂ ਜਾਂ ਜਾਨਦਾਰ ਨੂੰ ਦੁੱਖ ਨਾ ਦੇਣ ਦੀ ਪ੍ਰਵ੍ਰਿਤੀ ਅਹਿੰਸਾ ਅਖਵਾਉਂਦੀ ਹੈ। ਪ੍ਰਭੂ ਭਗਤ ਕਦੇ ਵੀ ਕਿਸੇ ਜੀਵ ਨੂੰ ਤਾਂ ਦੁਖੀ ਕਰ ਸਕਦਾ ਹੈ ਤੇ

ਨਾ ਹੀ ਆਪਣੀ ਖੁਸ਼ੀ ਦੂਸਰਿਆਂ ਦੇ ਦੁੱਖ ਵਿਚ ਲੱਭ ਸਕਦਾ ਹੈ। ਇਸ ਲਈ ਉਹ ਜੀਵ ਹੱਤਿਆ ਵਰਗਾ ਪਾਪ ਕਦੇ ਨਹੀਂ ਕਰ ਸਕਦਾ। ਇਸੇ ਲਈ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਜੀਵ ਹੱਤਿਆ ਦੀ ਖੁੱਲ੍ਹ ਕੇ ਵਿਰੋਧਤਾ ਕੀਤੀ। ਉਨ੍ਹਾਂ ਨੇ ਉਨ੍ਹਾਂ ਸਾਰੀਆਂ ਧਾਰਮਕ ਰਸਮਾਂ ਤੇ ਕਰਮ ਕਾਂਡਾਂ ਦਾ ਵਿਰੋਧ ਕੀਤਾ ਜੋ ਜੀਵਾਂ ਦੀ ਬਲੀ ਰਾਹੀਂ ਪ੍ਰਭੂ ਨੂੰ ਪ੍ਰਸੰਨ ਕਰਨ ਤੇ ਉਸਦੀ ਪ੍ਰਾਪਤੀ ਦਾ ਰਸਤਾ ਵਿਖਾਉਂਦੀਆਂ ਹਨ। ਉਨ੍ਹਾਂ ਨੇ ਹਲਾਲ ਕਰਕੇ ਜੀਵ ਨੂੰ ਮਾਸ ਦੀ ਪ੍ਰਾਪਤੀ ਲਈ ਮਾਰਨ ਦਾ ਵੀ ਵਿਰੋਧ ਕੀਤਾ ਤੇ ਕਿਹਾ ਕਿ ਜੋ ਜਨ ਆਪਣੇ ਜੀਭ ਦੇ ਰਸ ਦੀ ਪ੍ਰਾਪਤੀ ਲਈ ਜਾਂ ਫਿਰ ਆਪਣੇ ਨਿੱਜੀ ਸੁਆਰਥਾਂ ਦੇ ਹਿੱਤ ਕਿਸੇ ਦੂਸਰੇ ਜੀਵ ਦੀ ਹੱਤਿਆ ਕਰਦਾ ਹੈ, ਉਹ ਪ੍ਰਭੂ ਦੇ ਘਰ ਜਾ ਕੇ ਕੜੀ ਸਜ਼ਾ ਪਾਉਂਦਾ ਹੈ। ਇਕ ਜੀਵ ਦੁਆਰਾ ਦੂਸਰੇ ਜੀਵ ਦੀ ਹੱਤਿਆ ਸਦਾ ਨਿੰਦਾਜਨਕ ਕਾਰਜ ਹੈ। ਇਸ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਿਆ ਜਾ ਸਕਦਾ।

*'ਰਵਿਦਾਸ ਜੋ ਆਪਨ ਹੇਤ ਹੀ, ਪਰ ਕੂੰ ਮਾਰਨ ਜਾਇਦ,*

*ਮਾਲਿਕ ਕੇ ਦਰ ਜਾਇ ਕਰਿ, ਭੋਗਹਿਂ ਕੜੀ ਸਜਾਇ॥'*

*(ਪਦ, ਰਵਿਦਾਸ)*

ਵੱਡੀ ਸੰਖਿਆ ਵਿਚ ਮਾਸ ਖਾਉਣ ਵਾਲੇ ਲੋਕ ਅਤੇ ਉਹ ਗਾਂ ਦਾ ਮਾਸ ਖਾਣ ਜਾਂ ਸੂਰ ਦਾ, ਮੱਛੀ ਖਾਉਣ ਜਾਂ ਕੁਝ ਹੋਰ ਮਾਸਾਂਹਾਰੀ ਵਸਤੂ, ਉਹ ਜੀਵ ਹੱਤਿਆ ਦੇ ਦੋਸ਼ੀ ਹਨ। ਉਨ੍ਹਾਂ ਨੂੰ ਇਸਦਾ ਬਦਲਾ ਅਗਲੇ ਜਨਮ ਵਿਚ ਚੁਕਾਉਣਾ ਪੈਂਦਾ ਹੈ।

ਰਵਿਦਾਸ ਜੀ ਮਨੁੱਖ ਨੂੰ ਸਮਝਾਉਂਦੇ ਹੋਏ ਆਖਦੇ ਹਨ ਕਿ ਹਰ ਜੀਵ ਵਿਚ ਉਸ ਖੁਦਾ ਦਾ ਵਾਸ ਹੈ। ਸਭ ਜੀਵਾਂ ਵਿਚ ਵੱਸਦੀ ਆਤਮਾ ਸਮਾਨ ਹੈ। ਇਸ ਤਰ੍ਹਾਂ ਕਿਸੇ ਦੂਸਰੇ ਜੀਵ ਦੀ ਹੱਤਿਆ ਕਰਨਾ ਬ੍ਰਹਮ ਹੱਤਿਆ ਹੈ ਅਤੇ ਇਸ ਹੱਤਿਆ ਦਾ ਪਾਪ ਕਦੀ ਨਾ ਛੁਟਣ ਵਾਲਾ ਕਲੰਕ ਹੈ। ਚਾਹੇ ਇਸਦੇ ਲਈ ਕੋਈ ਕਰੋੜਾਂ ਗਾਵਾਂ ਹੀ ਕਿਉਂ ਨਾ ਦਾਨ ਕਰ ਲਵੇ। ਇਸੇ ਤਰ੍ਹਾਂ ਦਿਨ ਵਿਚ ਪੰਜ ਵਾਰ ਨਮਾਜ਼ ਪੜ੍ਹਨ ਵਾਲੇ ਲੋਕ ਵੀ ਜੀਵ ਹੱਤਿਆ ਦੇ ਦੋਸ਼ੀ ਹੀ ਗਿਣੇ ਜਾਣਗੇ ਚਾਹੇ ਉਹ ਹਲਾਲ ਕੀਤਾ ਮਾਸ ਹੀ ਕਿਉਂ ਨਾ ਖਾਣ? ਅਜਿਹੇ ਲੋਕਾਂ ਨੂੰ ਕਦੇ ਵੀ ਖੁਦਾ ਨਹੀਂ ਮਿਲ ਸਕਦਾ। ਜੋ ਲੋਗ ਦੂਸਰਿਆਂ ਦਾ ਮਾਸ ਖਾਂਦੇ ਹਨ ਉਹ ਇਕ ਤਰ੍ਹਾਂ ਆਪਣਾ ਹੀ ਗਲਾ ਕਟਵਾਉਣ ਦੇ ਭੋਗੀ ਬਣਦੇ ਹਨ, ਉਹ ਨਰਕਾਂ ਦੇ ਅਧਿਕਾਰੀ ਹੋ ਜਾਂਦੇ ਤੇ ਅਵੱਸ਼ ਹੀ ਨਰਕਾਂ ਦਾ ਦੁੱਖ ਭੋਗਦੇ ਹਨ। ਉਨ੍ਹਾਂ ਦੇ ਹਿਰਦੇ ਤੋਂ ਦਇਆ ਤੇ ਕਰੁਣਾ ਦਾ ਭਾਵ ਲੁਪਤ ਹੋ ਜਾਂਦਾ ਹੈ।

*ਅਪਨਹਿ ਗੀਜਵ ਕਟਾਹਿਂ, ਜੌਂ ਮਾਸ ਪਰਾਇਆ ਖਾਂਇ।*

*'ਰਵਿਦਾਸ' ਮਾਸ ਜੌਂ ਖਾਤ ਹੈ, ਤੇ ਨਰ ਨਰਕਹਿ ਜਾਇ॥*

*(ਪਦ, ਰਵਿਦਾਸ)*

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸੇਵਾ ਦੇ ਸੰਕਲਪ ਨੂੰ ਵੀ ਬਹੁਤ ਉਚੇਰਾ ਸਥਾਨ ਦਿੱਤਾ ਹੈ। ਸੇਵਾ ਦਾ ਸੰਕਲਪ ਵੀ ਮਾਨਵਵਾਦੀ ਵਿਚਾਰਾਂ ਦੀ ਹੀ ਪ੍ਰੋੜਤਾ ਕਰਦਾ ਹੈ। ਉਹ ਮਨੁੱਖ ਨੂੰ ਸੰਬੋਧਿਤ ਕਰਦੇ ਹੋਏ ਆਖਦੇ ਹਨ ਕਿ ਇਨਸਾਨ ਨੂੰ ਮਨ ਵਿਚ ਸਤਿ ਅਤੇ ਸੰਤੋਖ ਨੂੰ ਸਦੈਵ ਧਾਰਨ ਕਰਕੇ ਸਾਰੇ ਹੀ ਵਿਅਕਤੀਆਂ ਦੀ ਸੇਵਾ ਕਰਨੀ ਚਾਹੀਦੀ ਹੈ। ਸੇਵਾ ਹੀ ਸੱਚੇ ਸੁੱਖ ਦਾ ਸੋਮਾ ਹੈ। ਅਗਰ ਮਨੁੱਖ ਜ਼ਰੂਰਤਮੰਦਾਂ ਦੀ ਸੇਵਾ ਅਤੇ ਸਹਾਇਤਾ ਕਰਦਾ ਹੈ ਤਾਂ ਉਸ ਵਿਅਕਤੀ ਨੂੰ ਪਰਮ ਸੁੱਖ ਮਿਲਦਾ ਹੈ। ਉਨ੍ਹਾਂ ਆਪਣਾ

ਉਦਾਹਰਨ ਦਿੰਦਿਆਂ ਕਿਹਾ ਕਿ ਉਨ੍ਹਾਂ ਆਪਣਾ ਸਾਰਾ ਜੀਵਨ ਦੀਨ ਅਤੇ ਦੁਖੀਆਂ, ਸਾਧੂ ਅਤੇ ਸੰਤਾਂ ਦੀ ਸੇਵਾ ਵਿਚ ਲਗਾ ਦਿੱਤਾ ਹੈ। ਇਤਿਹਾਸ ਗਵਾਹ ਹੈ ਕਿ ਦਿਨ ਅਤੇ ਰਾਤ ਨੂੰ ਜਦ ਕਦੀ ਵੀ ਕਿਸੇ ਨੂੰ ਸੇਵਾ ਦੀ ਜ਼ਰੂਰਤ ਰਹੀ, ਗੁਰੂ ਰਵਿਦਾਸ ਇਸ ਵਿਚ ਸਰਵਪ੍ਰਥਮ ਰਹੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਧੂਨੀ ਰਮਾਉਣ ਜਾਂ ਤਪ ਕਰਨ ਦਾ ਬ੍ਰਹਮ ਪ੍ਰਾਪਤੀ ਨਾਲ ਕੋਈ ਸਬੰਧ ਨਹੀਂ। ਬ੍ਰਹਮ ਤਾਂ ਹਰ ਜੀਵ ਦੇ ਮਨ ਵਿਚ ਨਿਵਾਸ ਕਰ ਰਿਹਾ ਹੈ। ਇਸ ਲਈ ਚੰਗਾ ਤਾਂ ਇਹੀ ਹੈ ਕਿ ਸੇਵਾ ਰੂਪੀ ਤਪੱਸਿਆ ਦੀ ਅੱਗ ਵਿਚ ਜਲਕੇ ਮੋਖਧਾਮ ਦੀ ਪ੍ਰਾਪਤੀ ਕਰੇ।

*ਦੀਨ ਦੁਖੀ ਕਰਿ ਸੇਵ ਮੰਹਿਂ, ਲਾਗਿ ਰਹਿਵੋ ਰਵਿਦਾਸ,*

*ਨਿਸਿ ਬਾਸਰ ਕੀ ਸੇਵਾ ਸੋ, ਪ੍ਰਭੂ ਮਿਲਨ ਕੀ ਆਸ।*

*(ਪਦ, ਰਵਿਦਾਸ)*

ਉਨ੍ਹਾਂ ਦੇ ਮਾਨਵਵਾਦੀ ਵਿਚਾਰ ਪਰਾਧੀਨਤਾ ਦੇ ਸਖਤ ਵਿਰੋਧੀ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਤਾਕਤਵਰ ਵਰਗ ਸਦਾ ਗਰੀਬ ਤੇ ਸੋਸ਼ਿਤ ਵਰਗ ਨੂੰ ਪਰਾਧੀਨ ਬਨਾਉਣ ਵਿਚ ਯਕੀਨ ਰੱਖਦਾ ਹੈ। ਪਰੰਤੂ ਪਰਾਧੀਨ ਵਿਅਕਤੀ ਦਾ ਜੀਵਨ ਅਭਿਸ਼ਾਪ ਹੈ ਕਿਉਂਕਿ ਪਰਾਧੀਨ ਵਿਅਕਤੀ ਨਾਂਹ ਤਾਂ ਆਤਮ ਸਨਮਾਨ ਨਾਲ ਜੀਅ ਸਕਦਾ ਹੈ ਤੇ ਨਾਂਹ ਹੀ ਮਾਨ ਮਰਿਯਾਦਾ ਭਰਿਆ ਜੀਵਨ ਜੀਉਂਦਾ ਹੈ। ਉਸਦੀ ਹਾਲਤ ਬੜੀ ਦੀਨਤਾ ਭਰੀ ਹੁੰਦੀ ਹੈ। ਉਸਦੀ ਆਪਣੀ ਪਛਾਣ ਮਿਟ ਜਾਂਦੀ ਹੈ। ਉਸਦਾ ਧਰਮ, ਵਿਵੇਕ, ਬੁੱਧੀ ਤੇ ਈਮਾਨ ਨਸ਼ਟ ਹੋ ਜਾਂਦਾ ਹੈ। ਉਹ ਆਤਮਕ ਤੌਰ 'ਤੇ ਕਮਜ਼ੋਰ ਹੋ ਜਾਂਦਾ ਹੈ। ਉਸਦਾ ਨਾ ਤਾਂ ਕੋਈ ਸੁਤੰਤਰ ਵਜੂਦ ਹੁੰਦਾ ਹੈ ਤੇ ਨਾ ਹੀ ਸੁਤੰਤਰ ਸੋਚ। ਉਹ ਸ਼ਾਸਕ ਵਰਗ ਦੀ ਆਗਿਆ ਦਾ ਪਾਲਨ ਕਰਨ ਵਿਚ ਹੀ ਜੀਵਨ ਗੁਜ਼ਾਰ ਦਿੰਦਾ ਹੈ। ਉਹ ਠੀਕ ਤੇ ਗਲਤ ਵਿਚ ਅੰਤਰ ਨਹੀਂ ਕਰ ਪਾਉਂਦਾ। ਉਸਦੀ ਹਾਲਤ ਬੜੀ ਦਯਨੀਯ ਹੁੰਦੀ ਹੈ। ਇਸ ਲਈ ਦੂਸਰਿਆਂ ਦੇ ਅਧੀਨ ਹੋ ਕੇ ਜੀਣਾ ਪਾਪ ਹੈ।

*ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ।*

*'ਰਵਿਦਾਸ' ਦਾਸ ਪ੍ਰਧਾਨ ਸੋਂ, ਕੌਣ ਕਰੈ ਹੈ ਪ੍ਰੀਤ॥*

*(ਪਦ, ਰਵਿਦਾਸ)*

ਉਨ੍ਹਾਂ ਦੀ ਪਰਾਧੀਨਤਾ ਬਾਰੇ ਏਨੀ ਡੂੰਘੀ ਸੋਚ ਦਾ ਕਾਰਣ ਉਨ੍ਹਾਂ ਦਾ ਸ਼ੂਦਰ ਜਾਤੀ ਵਿਚ ਜਨਮ ਲੈਣਾ ਸੀ। ਉਨ੍ਹਾਂ ਨੇ ਬ੍ਰਾਹਮਣ ਵਰਗ ਦੀ ਪਰਾਧੀਨਤਾ ਸਹਿੰਦੇ ਆਪਣੇ ਬਜ਼ੁਰਗਾਂ ਨੂੰ ਵੇਖਿਆ ਅਤੇ ਇਸ ਸਭ ਵਿਰੁੱਧ ਆਵਾਜ਼ ਉਠਾਕੇ ਆਪਣੇ ਮਾਨਵਵਾਦੀ ਤੇ ਕ੍ਰਾਂਤੀਕਾਰੀ ਕਾਰਜਾਂ ਦਾ ਆਗਾਜ਼ ਕੀਤਾ।

ਗੁਰੂ ਰਵਿਦਾਸ ਨੇ ਬੜੇ ਨਿਮਰ ਢੰਗ ਨਾਲ ਵਰਨ ਪ੍ਰਧਾਨ ਸਮਾਜ ਦੇ ਖਿਲਾਫ਼ ਆਪਣਾ ਸੁਰ ਬੁਲੰਦ ਕੀਤਾ। ਉਨ੍ਹਾਂ ਨੇ ਉਚ ਵਰਗ ਵੱਲੋਂ ਨਿਮਨ ਵਰਗ ਤੇ ਕੀਤੀ ਜਾਂਦੀ ਵਧੀਕੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਜਾਤੀ ਦੀ ਥਾਂ ਕਰਮ ਨੂੰ ਦੇਕੇ ਅਤੇ ਬ੍ਰਾਹਮਣ ਸਮਾਜ ਵਿਚ ਬ੍ਰਾਹਮਣ ਦੀ ਥਾਂ ਸੰਤ ਦਾ ਸੰਕਲਪ ਦੇਕੇ ਨਵੇਂ ਸਮਾਜ ਦਾ ਸੂਤ੍ਰਪਾਤ ਕਰ ਦਿੱਤਾ। ਉਨ੍ਹਾਂ ਜਾਤੀ ਵਿਵਸਥਾ ਦਾ ਸ਼ਿਕਾਰ ਨਿਮਨ ਵਰਗ ਨੂੰ ਜੋ ਜੀਵਨ ਜੀਉਣ ਰਹਿਤ ਪਰਿਸਥਿਤੀਆਂ ਵਿਚ ਪਸ਼ੂ ਤੁਲ ਜ਼ਿੰਦਗੀ ਗੁਜ਼ਾਰ ਰਹੀ ਨੂੰ ਸਮਝਾਇਆ ਕਿ ਮਨੁੱਖ ਜਾਤੀ ਨਾਲ ਨਹੀਂ ਕਰਮਾਂ ਨਾਲ ਵੱਡਾ ਜਾਂ ਛੋਟਾ ਹੁੰਦਾ ਹੈ ਅਤੇ ਹਰੀ ਭਗਤੀ ਤੋਂ ਬਿਨਾਂ ਬ੍ਰਾਹਮਣ, ਵੈਸ਼ ਅਤੇ ਖੱਤਰੀ ਵੀ ਚੰਡਾਲ ਦੇ ਸਮਾਨ ਹਨ।

*ਬ੍ਰਹਮਨ ਵੈਸ, ਸੂਦ ਅਰੁ ਖਤ੍ਰੀ।*

*ਡੋਮ ਚੰਡਾਲ ਮਲੇਛ ਮਨ ਸੋਈ॥*

(ਆਦਿ ਗ੍ਰੰਥ, ਪੰਨਾ 858)

ਪਰਮਾਤਮਾ ਹਰ ਵਿਅਕਤੀ ਦੇ ਵਿਚ ਵੱਸਦਾ ਹੈ ਚਾਹੇ ਉਹ ਡੂੰਮ, ਚੰਡਾਲ, ਮਲੇਛ, ਬ੍ਰਾਹਮਣ, ਸ਼ੂਦਰ ਜਾਂ ਖਤਰੀ ਕਿਉਂ ਨਾ ਹੋਵੇ?

ਉਨ੍ਹਾਂ ਨੇ ਜਾਤੀਗਤ ਬੰਧਨਾਂ ਵਿਚ ਫਸੇ ਆਮ ਭਾਰਤੀ ਨੂੰ ਸਿਖਾ ਦਿੱਤਾ ਕਿ ਹਰਿ ਭਗਤੀ ਦਾ ਜਨਮ ਤੋਂ ਹੀ ਸਿੱਖੀ ਜਾਤੀ ਨਾਲ ਕੋਈ ਸਬੰਧ ਨਹੀਂ ਹੈ। ਨਾ ਹੀ ਨਾਮ ਸਿਮਰਨ ਵਾਲੇ ਲਈ ਜਾਤੀ, ਜਨਮ, ਜੋਨੀ ਭਗਤੀ ਰਾਹ ਵਿਚ ਕਿਸੇ ਕਿਸਮ ਦੀ ਕੋਈ ਰੁਕਾਵਟ ਹੈ।

*ਕਹਿ ਰਵਿਦਾਸ ਜੋ ਜਪੈ ਨਾਮੁ,*

*ਤਿਸ ਜਾਤਿ ਜਨਮੁ ਨ ਜੋਨਿ ਕਾਮੁ।*

(ਆਦਿ ਗ੍ਰੰਥ, ਪੰਨਾ 1196)

ਉਨ੍ਹਾਂ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਕਿ ਭਗਤਾਂ ਦੀ ਤਾਂ ਪ੍ਰਭੂ ਜਾਤ ਹੀ ਮੇਟ ਦਿੰਦਾ ਹੈ। ਉਹ ਉਨ੍ਹਾਂ ਨੂੰ ਆਪਣੀ ਦਰਗਾਹ ਜਾਂ ਦਰਬਾਰ ਵਿਚ ਉਤਮ ਪਦਵੀ ਬਖਸ਼ਦਾ ਹੈ। ਉਨ੍ਹਾਂ ਆਪਣੇ ਵਕਤ ਦੇ ਸੰਤ ਜਨਾਂ ਦੇ ਜੀਵਨ ਦਾ ਉਦਾਹਰਨ ਦੇ ਕੇ ਆਮ ਜਨਤਾ ਨੂੰ ਸਮਝਾਇਆ ਕਿ ਭਵਸਾਗਰ ਤੋਂ ਤਰਨ ਲਈ ਪ੍ਰਭੂ ਦੀ ਭਗਤੀ ਲਾਜ਼ਮੀ ਹੈ। ਜਾਤ, ਰੰਗ, ਨਸਲ ਦੇ ਭੇਦ ਵਿਅਰਥ ਹਨ। ਜਿਸ ਤਰ੍ਹਾਂ ਪਾਣੀ ਤੇ ਪਾਣੀ ਦੀਆਂ ਲਹਿਰਾਂ, ਸੋਨਾ ਤੇ ਸੋਨੇ ਦੇ ਬਣੇ ਗਹਿਣਿਆਂ ਵਿਚ ਕੋਈ ਅੰਤਰ ਨਹੀਂ ਹੁੰਦਾ, ਉਸੇ ਤਰ੍ਹਾਂ ਪਰਮਾਤਮਾ ਤੇ ਉਸਦੇ ਬਣਾਏ ਬੰਦਿਆਂ ਵਿਚ ਕੋਈ ਫਰਕ ਨਹੀਂ। ਇਸ ਤਰ੍ਹਾਂ ਬ੍ਰਾਹਮਣੀ ਸਮਾਜ ਵੱਲੋਂ ਮਨੁੱਖ ਅਤੇ ਮਨੁੱਖ ਵਿਚ ਪੈਦਾ ਕੀਤੇ ਭੇਦ ਨੂੰ ਅਸਲੋਂ ਹੀ ਨਕਾਰ ਕੇ ਉਨ੍ਹਾਂ ਨੂੰ ਇਕ ਨਵੇਂ ਸਮਾਜ ਤੇ ਦੇਸ਼ ਨੂੰ ਸਿਰਜਨ ਦੀ ਪ੍ਰੇਰਨਾ ਦੇ ਦਿੱਤੀ। ਉਨ੍ਹਾਂ ਨੇ ਬੇਗਮਪੁਰਾ ਨਾਂ ਦੇ ਸ਼ਹਿਰ ਦੀ ਸਥਾਪਨਾ ਦੀ ਗੱਲ ਵੀ ਕੀਤੀ।

ਬੇਗਮਪੁਰਾ ਸਹੀ ਅਰਥਾਂ ਵਿਚ ਮਾਨਵਵਾਦ ਦਾ ਘਰ ਹੈ। ਇਹ ਉਹ ਥਾਂ ਹੈ ਜਿਥੇ ਵਿਅਕਤੀ ਨੂੰ ਕੋਈ ਗਮ, ਡਰ, ਭੈਅ, ਦੁਖ, ਸ਼ੋਕ, ਵਿਸ਼ਾਦ, ਅਫ਼ਸੋਸ ਤੇ ਪਰੇਸ਼ਾਨੀ ਨਹੀਂ। ਜਿਥੇ ਮਨੁੱਖ ਬ੍ਰਾਹਮਣ, ਵੈਸ਼, ਖੱਤਰੀ ਜਾਂ ਸ਼ੂਦਰ ਨਹੀਂ ਸਿਰਫ ਇਨਸਾਨ ਹੈ, ਜਿਸ ਨੂੰ ਸਮਾਜ ਵਿਚ ਇਕੋ ਜਿਹਾ ਸਨਮਾਨ, ਬਰਾਬਰੀ ਦਾ ਦਰਜਾ ਤੇ ਤਰੱਕੀ ਦੇ ਇਕੋ ਜਿਹੇ ਮੌਕੇ ਮਿਲ ਰਹੇ ਹਨ। ਹਰ ਖੌਫ਼ ਤੋਂ ਮੁਕਤ ਬੇਗਮਪੁਰੇ ਵਿਚ ਵਿਅਕਤੀ ਖੁਸ਼ਨੁਮਾ ਤੇ ਪ੍ਰਗਤੀ ਭਰਪੂਰ ਜੀਵਨ ਜੀਓ ਸਕਦਾ ਹੈ।

*ਬੇਗਮ ਪੁਰਾ ਸਹਰ ਕੋ ਨਾਉ।*
*ਦੂਖੁ ਅੰਦੋਹੁ ਨਹੀ ਤਿਹਿ ਠਾਉ।*
*ਨਾ ਤਸਵੀਸ ਖਿਰਾਜੁ ਨ ਮਾਲੁ।*
*ਖਉਫੁ ਨ ਖਤਾ ਨ ਤਰਸੁ ਜਵਾਲੁ।*

(ਆਦਿ ਗ੍ਰੰਥ, ਪੰਨਾ 345)

ਉਨ੍ਹਾਂ ਨੇ ਆਪਣੀ ਬਾਣੀ ਵਿਚ ਰਾਮ ਰਾਜ ਦੀ ਪਰਿਕਲਪਨਾ ਵੀ ਪੇਸ਼ ਕੀਤੀ ਅਤੇ ਇਕ ਆਦਰਸ਼ ਰਾਜ ਦੇ ਗੁਣਾਂ ਦਾ ਬਖਾਨ ਕੀਤਾ। ਉਹ ਇਕ ਅਜਿਹੇ ਰਾਜ ਦੀ ਸਥਾਪਨਾ ਚਾਹੁੰਦੇ ਸਨ ਜਿਥੇ ਸਭ ਨੂੰ ਅੰਨ ਦੀ

ਪ੍ਰਾਪਤੀ ਹੋਵੇ, ਛੋਟੇ ਵੱਡੇ ਸਭ ਇਕ ਸਮਾਨ ਹੋਣ ਅਤੇ ਪ੍ਰਸੰਨਤਾ ਤੇ ਖੁਸ਼ਹਾਲੀ ਦਾ ਜੀਵਨ ਬਤੀਤ ਕਰਨ।

*ਏਸਾ ਚਾਹੌਂ ਰਾਜ ਮੈਂ, ਜਹਾਂ ਮਿਲੈ ਸਬਨ ਕੋ ਅੰਨ।*

*ਛੋਟ ਬੜੋਂ ਸਭ ਸਮ ਬਸੈਂ, 'ਰਵਿਦਾਸ' ਰਹੈਂ ਪ੍ਰਸੰਨ।।*

ਉਨ੍ਹਾਂ ਦੇ ਮਾਨਵਵਾਦੀ ਵਿਚਾਰਾਂ ਨੇ ਇਸਲਾਮੀ ਕੱਟੜ ਬਾਦਸ਼ਾਹਾਂ ਦੀ ਹੀ ਧੱਜੀਆਂ ਉਡਾ ਦਿੱਤੀਆਂ ਜੋ ਤੀਰਥਾਂ ਤੇ ਜਾਣ ਵਾਲੇ ਹਿੰਦੂਆਂ ਤੇ ਟੈਕਸ ਲਗਾਉਂਦੇ। ਉਨ੍ਹਾਂ ਦੀ ਪੂਰਨ ਤੁਰਨ ਫਿਰਨ ਦੀ ਆਜ਼ਾਦੀ ਛਿੰਨ ਭਿੰਨ ਕਰ ਰਹੇ ਸਨ। ਇਸ ਟੈਕਸਾਂ ਨੂੰ ਉਨ੍ਹਾਂ ਦਿਨਾਂ ਵਿਚ ਜ਼ਜ਼ੀਆ ਕਿਹਾ ਜਾਂਦਾ ਸੀ। ਉਨ੍ਹਾਂ ਨੇ ਉਸ ਸਮੇਂ ਵਿਚ ਜ਼ਜ਼ੀਆ ਦੀ ਵਿਰੋਧਤਾ ਕਰਦੇ ਧਾਰਮਿਕ ਭੇਦਭਾਵਾਂ ਦੀ ਰਾਜਸੀ ਪਰਿਵਾਰਾਂ ਵੱਲੋਂ ਕੀਤੀ ਜਾਂਦੀ ਰਾਜਨੀਤੀ ਦਾ ਪੁਰਜ਼ੋਰ ਵਿਰੋਧ ਕੀਤਾ ਅਤੇ ਆਮ ਜਨਤਾ ਨੂੰ ਬੇਖੌਫ਼ ਪੂਰਨ ਆਜ਼ਾਦੀ ਨਾਲ ਤੁਰਨ ਫਿਰਨ ਦੀ ਆਗਿਆ ਦੇਣ ਦੀ ਗੱਲ ਵੀ ਕੀਤੀ। ਅੱਜ ਇਸੇ ਸੰਕਲਪ ਨੂੰ "Freedom of Movement" ਵੀ ਕਿਹਾ ਜਾਂਦਾ ਹੈ।

*ਤਿਉ ਤਿਉ ਸੈਲ ਕਰਹਿ, ਜਿਉ ਭਾਵੈ।।*

*ਮਹਰਮ ਮਹਲ ਨ ਕੋ ਅਟਕਾਵੈ।।*

**(ਆਦਿ ਗ੍ਰੰਥ, ਪੰਨਾ 345)**

ਉਨ੍ਹਾਂ ਨੇ ਇਸਲਾਮੀ ਸੱਭਿਆਚਾਰ ਵੱਲੋਂ ਮੁਸਲਮਾਨਾਂ ਵਿਚ ਵੀ ਅਮੀਰ-ਗਰੀਬ ਦੀ ਵੰਡ ਦਾ ਵਿਰੋਧ ਕੀਤਾ। ਮੁੱਲਾਂ-ਮੌਲਵੀਆਂ ਵੱਲੋਂ ਧਰਮ ਦੇ ਨਾਂ ਤੇ ਕੀਤੇ ਜਾਂਦੇ ਆਮ ਜਨਤਾ ਦੇ ਸ਼ੋਸ਼ਣ ਨੂੰ ਨਿੰਦਿਆ ਅਤੇ ਸਾਂਝੀਵਾਲਤਾ ਦਾ ਆਪਸੀ ਬਰਾਬਰੀ ਦਾ ਸੰਦੇਸ਼ ਦਿੱਤਾ।

*ਕਾਇਮੁ ਦਾਇਮੁ ਸਦਾ ਪਾਤਿਸਾਹੀ।।*

*ਦੋਮ ਨ ਸੇਮ ਏਕ ਸੋ ਆਹੀ।।*

**(ਆਦਿ ਗ੍ਰੰਥ, ਪੰਨਾ 345)**

ਇਹ ਸੰਦੇਸ਼ ਕਾਰਲ ਮਾਰਕਸ ਦੇ ਫ਼ੈਡ੍ਰਿਕ ਏਂਗਲਜ਼ ਦੇ ਸੰਕਲਪ ਤੋਂ ਕਿਤੇ ਅਗਾਂਹ ਨਿਕਲਕੇ ਨਵੇਂ ਤਰ੍ਹਾਂ ਦੇ ਸਮਾਜਵਾਦ ਦੀ ਗੱਲ ਕਰਦਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਉਪਦੇਸ਼ ਕਈ ਕੱਟੜ ਤੇ ਨਿਰਦਈ ਰਾਜਿਆਂ ਨੂੰ ਮਾਨਵਵਾਦ ਦਾ ਪਾਠ ਪੜ੍ਹਾ ਗਏ।

ਸਿਰਫ ਇੰਨਾ ਹੀ ਨਹੀਂ ਗੁਰੂ ਰਵਿਦਾਸ ਜੀ ਨੇ ਕਰਮ ਸਿਧਾਂਤ ਨੂੰ ਕਿਰਤ ਨਾਲ ਜੋੜ ਦਿੱਤਾ। ਉਨ੍ਹਾਂ ਨੇ ਕਿਰਤ ਨੂੰ ਰੱਬ ਦੇ ਬਰਾਬਰ ਦਾ ਦਰਜ਼ਾ ਦਿੱਤਾ ਅਤੇ ਕਿਰਤ ਦੇ ਅਧਾਰ ਤੇ ਕਿਸੇ ਵੀ ਕਰਮ ਨੂੰ ਕੁਟਿਲ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਹੱਥੀਂ ਕੰਮ ਕਰਨ ਨੂੰ ਸਲਾਹਿਆ ਅਤੇ ਆਮ ਜਨਤਾ ਨੂੰ ਇਹ ਤੱਥ ਵੀ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਚੰਗੇ ਜਾਂ ਮੰਦੇ ਕਰਮ ਦੇ ਆਧਾਰ ਤੇ ਕੋਈ ਵੀ ਜੀਵ ਇਸਤਰੀ ਪ੍ਰਭੂ ਦੇ ਦਰ ਤੇ ਕਬੂਲ ਜਾਂ ਨਾ ਕਬੂਲ ਹੋ ਸਕਦੀ ਹੈ ਪਰ ਕਿਰਤ ਦੇ ਅਧਾਰ ਤੇ ਨਹੀਂ ਬਸ਼ਰਤੇ ਕਿ ਕਿਰਤ ਈਮਾਨਦਾਰੀ ਅਤੇ ਦਸਾਂ ਨਹੁੰਆਂ ਦੀ ਮਿਹਨਤ ਨਾਲ ਜੁੜੀ ਹੋਵੇ।

ਉਨ੍ਹਾਂ ਨੇ ਸਭ ਤੋਂ ਪਹਿਲਾਂ ਹਰ ਮਨੁੱਖ ਨੂੰ ਬਰਾਬਰ ਮੰਨਿਆ, ਉਸ ਨੂੰ ਇਕ ਪਰਮਾਤਮਾ ਦੀ ਸੰਤਾਨ ਕਿਹਾ। ਪ੍ਰਭੂ ਇਕ ਹੈ ਤੇ ਉਹ ਸਭ ਦਾ ਸਾਂਝਾ ਹੈ। ਇਸ ਲਈ ਉਸ ਦੀ ਭਗਤੀ ਕਰਨ ਦਾ ਅਧਿਕਾਰ ਹਰੇਕ ਨੂੰ ਹੈ। ਸੱਚਾ ਭਗਤ ਭਾਵੇਂ ਸ਼ੂਦਰ ਹੀ ਕਿਉਂ ਨਾ ਹੋਵੇ, ਉਸਦੇ ਬਰਾਬਰ ਨਾ ਤਾਂ ਕੋਈ ਬ੍ਰਾਹਮਣ ਹੈ ਤੇ ਨਾ ਹੀ ਕੋਈ

ਰਾਜਾ ਜਿਸ ਦੇ ਉਪਰ ਛਤਰ ਝੂਲਦੇ ਹੋਣ।

*ਪੰਡਿਤ ਸੂਰ ਛਤ੍ਰਪਤਿ ਰਾਜਾ॥ ਭਗਤ ਬਰਾਬਰ ਅਉਰੁ ਨ ਕੋਇ॥*

*(ਆਦਿ ਗ੍ਰੰਥ,*

ਇਸ ਤਰ੍ਹਾਂ ਗੁਰੂ ਰਵਿਦਾਸ ਨੇ ਭਟਕੀ, ਦੱਬੀ ਤੇ ਦੁਖੀ, ਇਸਲਾਮੀ ਅਤਿਆਚਾਰਾਂ ਨਾਲ ਮਗ ਪਏ ਭਾਰਤੀ ਜਨਤਾ ਤੇ ਪਰਉਪਕਾਰ ਕੀਤਾ ਅਤੇ ਉਸ ਨੂੰ ਮਾਨਵਵਾਦ ਦਾ ਪਾਠ ਪੜਾਇਆ। ਉਨ੍ਹਾਂ ਨੇ ਇਸੇ ਮਾਨਵਵਾਦੀ ਸੰਕਲਪ ਕਾਰਣ ਰਾਜਾ ਪੀਪਾ ਵੀ ਉਨ੍ਹਾਂ ਦੇ ਸ਼ਿਸ਼ ਬਣ ਗਏ। ਆਪਣੇ ਆਪਣੇ ਵਿਚਾਰਾਂ ਦੇ ਪ੍ਰਚਾਰ ਹਿੱਤ ਬਿਹਾਰ, ਰਾਜਸਥਾਨ, ਮਹਾਂਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਦੱਖਣੀ ਪ੍ਰਾਂਤਾਂ ਦੀ ਯਾਤਰਾ ਵੀ ਕੀਤੀ। ਅੱਜ ਵੀ ਬਾਲਾ ਜੀ ਪਹਾੜੀ ਦੀ ਉਤਰਾਈ ਤੇ ਤਿਰੁਪਤੀ ਮੰਦਰ ਤੇ ਨੇੜੇ ਰਵਿਦਾਸ ਜੀ ਦਾ ਸਮਾਰਕ ਮਿਲਦਾ ਹੈ ਜੋ ਆਪਦਾ ਦੱਖਣ ਜਾਣਾ ਵੀ ਸਿੱਧ ਕਰਦਾ ਹੈ। ਸਪੱਸ਼ਟ ਹੈ ਰਵਿਦਾਸ ਜੀ ਨੇ ਆਪਣੇ ਮਾਨਵਵਾਦੀ ਵਿਚਾਰਾਂ ਨਾਲ ਮਨੁੱਖ ਤੇ ਮਨੁੱਖ ਵਿਚਲੇ ਭੇਦ ਨੂੰ ਖਤਮ ਕਰਨ, ਸਾਂਝੀਵਾਲਤਾ ਤੇ ਬਰਾਬਰੀ ਦੀ ਸਥਾਪਨਾ ਲਈ ਵਿਸ਼ੇਸ਼ ਜਤਨ ਕੀਤੇ। ਉਨ੍ਹਾਂ ਨੇ ਜਾਤੀਵਾਦ ਦੇ ਰੋਗ ਨੂੰ ਹੱਢੀਂ ਹੰਢਾਇਆ ਤੇ ਇਸਦੇ ਵਿਸ਼ ਤੋਂ ਦੇਸ਼ ਤੇ ਸਮਾਜ ਨੂੰ ਬਚਾਉਣ ਲਈ ਇਕ ਪੂਰਾ ਡੋਕਟਰਾਇਨ ਹੀ ਤਿਆਰ ਕੀਤਾ। ਇਹ ਉਨ੍ਹਾਂ ਦੇ ਮਾਨਵਵਾਦੀ ਵਿਚਾਰਾਂ ਦਾ ਹੀ ਫਲ ਹੈ ਕਿ ਅੱਜ ਸੁਤੰਤਰ ਬਾਰਤ ਵਿਚ ਇਹ ਉਹ ਇਕ ਕ੍ਰਾਂਤੀਕਾਰੀ ਮਸੀਹੇ ਦੀ ਤਰ੍ਹਾਂ ਜਨ ਜਨ ਦੇ ਹਿਰਦੇ ਵਿਚ ਥਾਂ ਬਣਾਏ ਬੈਠੇ ਹਨ।

## 6.5 ਗੁਰੂ ਰਵਿਦਾਸ ਦੀ ਬਾਣੀ ਵਿਚ ਸਮਾਜਕ ਆਦਰਸ਼ ਤੇ ਪ੍ਰਤੀਮਾਨ

ਗੁਰੂ ਰਵਿਦਾਸ ਮੱਧਕਾਲ ਦੇ ਨਾ ਸਿਰਫ ਇਕ ਮਹਾਨ ਸੰਤ ਹੋਏ ਹਨ ਬਲਕਿ ਉਹ ਸਹੀ ਅਰਥਾਂ ਵਿਚ ਇਕ ਮਹਾਨ ਸਮਾਜ ਸੁਧਾਰਨ ਵੀ ਸਨ। ਜਿਨ੍ਹਾਂ ਨੇ ਨਿਮਰਤਾ ਪੂਰਬਕ, ਬੜੇ ਸ਼ਾਂਤਮਈ ਢੰਗ ਨਾਲ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਰਾਹੀਂ ਭਾਰਤੀ ਸਮਾਜ ਵਿਚ ਇਕ ਵੱਡੇ ਬਦਲਾਅ ਦੀ ਕਲਪਨਾ ਕੀਤੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਅਨੇਕ ਸਮਾਜ ਆਦਰਸ਼ ਅਤੇ ਪ੍ਰਤੀਮਾਨ ਸਾਡੇ ਸਨਮੁੱਖ ਰੱਖੇ ਜੋ ਆਧੁਨਿਕ ਸਮਾਜ ਦੀ ਵੀ ਅਗਵਾਈ ਕਰਨ ਕਾਰਨ ਅੱਜ ਵੀ ਉਨੇ ਹੀ ਸਾਰਥਕ ਹਨ ਜਿੰਨੇ ਮੱਧਕਾਲ ਵਿਚ। ਗੁਰੂ ਰਵਿਦਾਸ ਦੀ ਬਾਣੀ ਵਿਚ ਇਹ ਆਦਰਸ਼ ਹਨ:-

1. ਜਾਤੀਵਾਦ ਰਹਿਤ ਸਮਾਜ ਅਤੇ ਫੋਕੀ ਕਰਮ ਕਾਂਡ ਵਿਹੂਣੀ ਸਾਧਨਾ ਪੱਧਤੀ।
2. ਕਿਰਤ ਦੀ ਮਹਾਨਤਾ ਅਤੇ ਨੇਕ ਕਮਾਈ ਦਾ ਮਹੱਤਵ।
3. ਦੋਗਲਾਪਨ ਤੇ ਨਿੰਦਿਆ ਚੁਗਲੀ ਤੋਂ ਦੂਰੀ।
4. ਸ਼ਰਾਬਨੋਸ਼ੀ ਅਤੇ ਸਾਤਵਿਕ ਭੋਜਨ ਦਾ ਆਦਰਸ਼।
5. ਸਹਿਜ ਸੰਤੋਖ ਭਰਿਆ ਜੀਵਨ।
6. ਗਰੀਬਾਂ ਨਾਲ ਹਮਦਰਦੀ ਅਤੇ ਲੋੜਵੰਦ ਦੀ ਸਹਾਇਤਾ।
7. ਉੱਚ ਸਦਾਚਾਰ ਗੁਣਾਂ ਦਾ ਪ੍ਰਤੀਮਾਨ।
8. ਅਹਿੰਸਾ ਦਾ ਆਦਰਸ਼ ਤੇ ਪਰਾਧੀਨਤਾ ਦਾ ਵਿਰੋਧ।

9. ਸੰਪ੍ਰਦਾਇਕ ਏਕਤਾ।

10. ਆਦਰਸ਼ ਸਮਾਜ ਦਾ ਸੰਕਲਪ।

ਉਨ੍ਹਾਂ ਨੇ ਆਪਣੀ ਬਾਣੀ ਵਿਚ ਇਕ ਸਮਾਜਕ ਆਦਰਸ਼ ਤੇ ਪ੍ਰਤੀਮਾਨ ਸਥਾਪਿਤ ਕਰਨ ਲਈ ਪੁਰਾਣੀ ਰਵਾਇਤਾਂ ਅਤੇ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਨਾਲ ਰੱਦ ਕਰ ਦਿੱਤਾ। ਉਨ੍ਹਾਂ ਨੇ ਹਿੰਦੂ ਧਰਮ ਵਿਚ ਵਿਆਪਕ ਬ੍ਰਾਹਮਣ, ਵੈਸ਼, ਖੱਤਰੀ ਤੇ ਸ਼ੂਦਰ ਦੀ ਵਰਣ ਵੰਡ, ਇਸਲਾਮੀ ਸਮਾਜ ਵਿਚਲੀ ਅਮੀਰ ਤੇ ਗਰੀਬ ਦੀ ਵੰਡ ਤੇ ਸ਼ਾਸਕ ਵਰਗ ਵੱਲੋਂ ਕੀਤੀ ਜਾਂਦੀ ਕਾਫਰ ਤੇ ਮੋਮਨ ਦੇ ਅੰਤਰ ਨੂੰ ਰੱਦ ਕਰ ਦਿੱਤਾ। ਉਨ੍ਹਾਂ ਨੇ ਜਨਮ ਅਧਾਰਿਤ ਅਤੇ ਜਾਤੀ ਆਧਾਰਿਤ ਵੰਡ ਦੀ ਥਾਂ ਤੇ ਕਰਮਾਂ ਦੇ ਆਧਾਰ ਤੇ ਵੰਡ-ਵਿਵਸਥਾ ਦੀ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਕੇਵਲ ਸ਼ੂਦਰ ਜਾਤੀ ਵਿਚ ਜਨਮ ਲੈਣ ਨਾਲ ਕੋਈ ਸ਼ੂਦਰ ਨਹੀਂ ਹੁੰਦਾ ਤੇ ਨਾ ਹੀ ਨੀਚ ਕਹਾਇਆ ਜਾ ਸਕਦਾ। ਨੀਚਤਾ ਕੁਕਰਮਾਂ ਕਰਕੇ ਹੁੰਦੀ ਹੈ। ਇਹ ਅਧਰਮ, ਪਾਪ ਅਤੇ ਅਕ੍ਰਿਤਘਣਤਾ ਵਰਗੇ ਭੈੜੇ ਦੁਰਗੁਣਾਂ ਤੋਂ ਜਨਮ ਲੈਂਦੀ ਹੈ। ਉਨ੍ਹਾਂ ਨੇ ਆਪਣੇ ਇਹ ਵਿਚਾਰ ਪੇਸ਼ ਕਰਦਿਆਂ ਉੱਚ-ਨੀਚ ਦਾ ਭੇਦ ਰੱਦ ਕਰ ਦਿੱਤਾ ਅਤੇ ਸ਼ੂਦਰ ਜਾਤੀ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕੀਤਾ।

***'ਰਵਿਦਾਸ' ਸੁਕਰਮਨ ਕਰਤ ਸੋਂ, ਨੀਚ ਉਚ ਹੋ ਜਾਏ।***
***ਕਰਹਿ ਕੁਕਰਮ ਜੋ ਉਚ ਭੀ, ਤੋਂ ਮਹਾਂਨੀਚ ਕਹਲਾਏ।***

***(ਪਦ, ਰਵਿਦਾਸ)***

ਅਤੇ

***ਦਇਆ ਧਰਮ ਜਿਨਮੇਂ ਨਹੀਂ, ਹਿਰਦੈ ਪਾਪ ਕੋ ਕੀਚ।***
***ਰਦਿਾਸ ਤਿਨਹਿ ਜਾਨਿ ਹੋ, ਮਹਾਪਾਤ ਕੀ ਨੀਚ।***

***(ਪਦ, ਰਵਿਦਾਸ)***

ਉਨ੍ਹਾਂ ਨੇ ਸ਼ੂਦਰ ਜਾਤੀ ਨੂੰ ਨਵੇਂ ਤਰ੍ਹਾਂ ਪਰਿਭਾਸ਼ਿਤ ਕਰਦੇ ਕਿਹਾ-

***'ਰਵਿਦਾਸ' ਜਓ ਅਤਿ ਪਵਿੱਤ੍ਰ ਹੈ ਸੋਈ ਸ਼ੂਦਰ ਜਾਨ।***
***ਜੋ ਕੁਕਰਮੀ ਅਸੁਧ ਜਨ ਤਿਨਹਿ ਹੀ ਨ ਸੁੰਦਰ ਜਾਨ।***

***(ਪਦ, ਰਵਿਦਾਸ)***

ਉਨ੍ਹਾਂ ਦੀ ਮਾਨਤਾ ਸੀ ਕਿ ਇੱਕ ਸ਼ੂਦਰ ਵੀ ਪ੍ਰਭੂ ਭਜਨ ਨਾਲ ਜੀਵਨ ਵਿਚ ਆਤਮਿਕ ਉੱਚਤਾ ਨੂੰ ਪ੍ਰਾਪਤ ਕਰ ਸਕਦਾ ਹੈ।

***ਬ੍ਰਹਮਣ ਵੈਸ਼ ਸ਼ੂਦਰ ਅਰੁ ਖਤ੍ਰੀ।***
***ਡੋਮ ਚੰਡਾਲ ਮਲੇਛ ਨਮ ਸੋਇ।।***
***ਹੋਇ ਪੁਨੀਤ ਭਗਵੰਤ ਭਜਨ ਤੇ***
***ਆਪਿ ਤਰਿ ਤਾਰੈ ਕੁਲ ਦੋਇ।।***

**(ਆਦਿ ਗ੍ਰੰਥ, ਪੰਨਾ 858)**

ਉਨ੍ਹਾਂ ਨੇ ਸਮਾਜਕ ਬਰਾਬਰੀ ਤੇ ਆਪਣੀ ਭਾਈਚਾਰੇ ਦੀਆਂ ਨੀਹਾਂ ਤੇ ਖੜ੍ਹੇ ਇਕ ਅਜਿਹੇ ਰਾਜ ਦੀ ਕਲਪਨਾ ਕੀਤੀ, ਜਿਸ ਵਿਚ ਹਰ ਵਿਅਕਤੀ ਨੂੰ ਵਿਕਾਸ ਦੇ ਪੂਰੇ ਮੌਕੇ ਮਿਲਣਗੇ। ਪਰੰਤੂ ਉਨ੍ਹਾਂ ਦਾ ਇਹ ਸਮਾਜ ਕਿਰਤ ਦੀ ਮਹਾਨਤਾ ਅਤੇ ਨੇਕ ਕਮਾਈ ਦੇ ਮਹੱਤਵ ਉਪਰ ਖੜ੍ਹਾ ਹੈ। ਹਿੰਦੂ ਧਰਮ ਵਿਚ ਸਥਾਪਿਤ ਕਰਮ ਦਾ ਸਿਧਾਂਤ ਉਸ ਦੀ ਰੱਗ ਰੱਗ ਵਿਚ ਦੌੜ ਰਿਹਾ ਸੀ। ਸ਼ਾਇਦ ਇਸੇ ਲਈ ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਕਿਧਰੇ ਵੀ ਪ੍ਰਭੂ ਦੀ ਪ੍ਰਾਪਤੀ ਲਈ ਘਰ ਛੱਡਕੇ ਜੰਗਲਾਂ ਵਿਚ ਜਾਣ ਤੇ ਮੰਗ ਕੇ ਖਾਣ ਦੀ ਪ੍ਰੋੜਤਾ ਨਹੀਂ ਕੀਤੀ।

ਉਨ੍ਹਾਂ ਜੀਵਨ ਵਿਚ ਸੱਚੀ ਸੁੱਚੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਉਹ ਆਪ ਵੀ ਸਾਰਾ ਜੀਵਨ ਮਰੇ ਪਸ਼ੂਆਂ ਦੀ ਖੱਲ ਲਾਹ ਕੇ ਜੁੱਤੀਆਂ ਬਣਾ ਕੇ ਵੇਚਦੇ ਰਹੇ। ਇਹ ਉਨ੍ਹਾਂ ਦਾ ਪਿਤਾ ਪੁਰਖੀ ਕਾਰੋਬਾਰ ਸੀ ਇਸੇ ਲਈ ਉਨ੍ਹਾਂ ਨੂੰ ਸਮਾਜ ਵਿਚ ਚੰਗੀ ਨਜ਼ਰਾਂ ਨਾਲ ਨਹੀਂ ਵੇਖਿਆ ਜਾਂਦਾ ਸੀ। ਨੀਵੀਂ ਜਾਤ ਦਾ ਮੰਨ ਕੇ ਉਨ੍ਹਾਂ ਦੀ ਭਿੱਟ ਮੰਨੀ ਜਾਂਦੀ ਸੀ। ਪਰ ਪ੍ਰਭੂ ਦਾ ਨਾਮ ਜਪਣ ਕਰਕੇ ਉਹ ਹੋਰ ਸੰਤਾਂ ਅਤੇ ਭਗਤਾਂ ਦੀ ਬਰਾਬਰੀ ਪਾ ਗਏ ਅਤੇ ਭਵਸਾਗਰ ਤੋਂ ਪਾਰ ਪਾ ਗਏ। ਉਨ੍ਹਾਂ ਨੇ ਸਹੀ ਅਰਥਾਂ ਵਿਚ 'Dignity of Labour' ਦੇ ਸਿਧਾਂਤ ਨੂੰ ਸਥਾਪਿਤ ਕੀਤਾ। ਉਨ੍ਹਾਂ ਨੇ ਆਪਣੀ ਬਾਣੀ ਵਿਚ ਅਨੇਕਾਂ ਭਗਤਾਂ, ਸਾਧੂ-ਸੰਤਾਂ ਦਾ ਉਦਾਹਰਨ ਦੇ ਕੇ ਇਸ ਤੱਥ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਸਭ ਸਾਧੂ ਸੰਤ, ਕਿਰਤ ਕਰਦੇ, ਨਾਮ ਜੱਪਦੇ ਹੀ ਉਚ ਆਤਮਕ ਅਵਸਥਾ ਨੂੰ ਪ੍ਰਾਪਤ ਹੋਏ ਹਨ।

*ਨਾਮਦੇਵ, ਕਬੀਰੁ, ਤ੍ਰਿਲੋਚਨੁ ਸਧਨਾ ਸੈਨੁ ਤਰੈ,*

*ਕਹਿ ਰਵਿਦਾਸ ਸੁਨਹੁ ਰੇ ਸੰਤਹੁ, ਹਰਿ ਜੀਉ ਤੇ ਸਭੈ ਸਰੈ।*

**(ਆਦਿ ਗ੍ਰੰਥ ਪੰਨਾ 1109)**

ਉਨ੍ਹਾਂ ਵੱਲੋਂ ਕਿਰਤ ਅਤੇ ਕਰਮ ਨੂੰ ਉਚਿਆਣ ਅਤੇ ਅਖੌਤੇ ਤੇ ਨੀਵੇਂ ਤੇ ਉਚੇ ਕਰਮ ਦੀ ਵੰਡ ਨੂੰ ਅਸਵੀਕਾਰ ਕਰਨ ਨਾਲ ਜਾਤਪਾਤ ਦੀ ਕੁਪ੍ਰਥਾ ਨੂੰ ਵੀ ਭਾਰੀ ਢਾਹ ਲੱਗੀ।

ਉਨ੍ਹਾਂ ਬਾਰ ਬਾਰ ਆਪਣੀ ਬਾਣੀ ਵਿਚ ਅਜਿਹੇ ਭਗਤਾਂ ਤੇ ਸੰਤਾਂ ਦੀ ਗੱਲ ਕੀਤੀ ਜੋ ਜਾਤੀ ਪ੍ਰਥਾ ਦਾ ਪੁਰਜ਼ੋਰ ਵਿਰੋਧ ਕਰਕੇ ਸਮਾਜਕ ਏਕਤਾ ਦੀ ਗੱਲ ਤੋਰਦੇ ਸਨ। ਉਨ੍ਹਾਂ ਖੁਦ ਆਪਣੀ ਬਾਣੀ ਵਿਚ ਇਸ ਤੱਥ ਨੂੰ ਸਵੀਕਾਰ ਕੀਤਾ ਕਿ ਉਨ੍ਹਾਂ ਦੀ ਭਗਤੀ ਦੇ ਸਦਕਾ ਹੀ ਵੱਡੇ ਵੱਡੇ ਪੰਡਤ ਅਤੇ ਵਿਦਵਾਨ ਵੀ ਉਨ੍ਹਾਂ ਅੱਗੇ ਮੱਥਾ ਟੇਕਣ ਲਈ ਮਜ਼ਬੂਰ ਹੋ ਗਏ ਹਨ।

*ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।*

**(ਆਦਿ ਗ੍ਰੰਥ, ਪੰਨਾ 1293)**

ਪਰੰਤੂ ਪ੍ਰਭੂ ਭਗਤੀ ਦੇ ਨਾਂ ਤੇ ਕੀਤੇ ਜਾਣ ਵਾਲੇ ਵਿਭਿੰਨ ਭੇਖਾਂ ਅਤੇ ਪਾਖੰਡਾਂ ਦੇ ਉਹ ਸਖਤ ਵਿਰੋਧੀ ਸਨ। ਉਹ ਮੰਨਦੇ ਸਨ ਕਿ ਇਹ ਭੇਖ-ਪਾਖੰਡ ਮਨੁੱਖ ਦੇ ਮਨ ਅੰਤਰ ਦੀ ਹਉਮੈ ਨੂੰ ਵਧਾ ਦਿੰਦੇ ਹਨ। ਉਸਨੂੰ ਜਨਮ ਮਰਣ ਦੇ ਚੱਕਰਾਂ ਤੋਂ ਮੁਕਤ ਨਹੀਂ ਹੋਣ ਦਿੰਦੇ। ਪਾਠ ਪੜ੍ਹਨੇ, ਵੇਦ ਵਿਚਾਰਨੇ, ਤੀਰਥੀਂ ਨਹਾਉਣਾ ਬੇਫ਼ਾਇਦਾ ਹੈ ਜੇ ਇਸ ਉਪਰੰਤ ਵੀ ਮਨ ਦੀ ਮੈਲ, ਹਉਮੈਂ ਅਤੇ ਮਾਇਆ ਦਾ ਪਰਦਾ ਦੂਰ ਨਹੀਂ ਹੁੰਦਾ।

*ਬਾਹਰੁ ਉਦਕਿ ਪਖਾਰਿਐ, ਘਟ ਭੀਤਰਿ ਬਿਧ ਬਿਕਾਰ।*

*ਸੁਧ ਕਵਨਪਰ ਹੋਇਬੋ, ਕੁੰਚਰ ਬਿਧਿ ਬਿਉਹਾਰ।।*

**(ਆਦਿ ਗ੍ਰੰਥ ਪੰਨਾ 346)**

ਉਨ੍ਹਾਂ ਨੇ ਹਿੰਦੂ ਧਰਮ ਨਾਂ ਹੇਠ ਪ੍ਰਚਲਿਤ ੧੮ ਤੀਰਥਾਂ ਦੇ ਇਸ਼ਨਾਨ, ਬਾਰਾਂ ਸ਼ਿਵਲਿੰਗਾਂ ਦੀ ਪੂਜਾ, ਕੁਲਖੇਤ ਗ੍ਰਹਿਣ ਦੇ ਇਸ਼ਨਾਨ, ਗਹਿਣਿਆਂ ਸਮੇਤ ਤ੍ਰੀਮਤ ਦਾਨ, ਸਿਮ੍ਰਿਤੀਆਂ ਦੇ ਪਾਠ ਦਾ ਸ਼੍ਰਵਣ, ਠਾਕਰਾਂ ਵੱਲੋਂ ਲਗਾਏ ਜਾਂਦੇ ਭੋਗ ਅਤੇ ਜ਼ਮੀਨ ਜਾਇਦਾਦਾਂ ਦੇ ਦਾਨ ਨੂੰ ਵਿਅਰਥ ਦੱਸਿਆ ਹੈ। ਇਨਸਾਨ ਨੂੰ ਇਨ੍ਹਾਂ ਬਾਹਰੀ ਪਾਖੰਡਾਂ ਦੀ ਥਾਂ ਸੱਚੇ ਗੁਰੂ ਦੇ ਚਰਣ ਫੜ ਲੈਣੇ ਚਾਹੀਦੇ ਹਨ ਅਤੇ ਨਾਮ ਸਿਮਰਨ ਰਾਹੀਂ ਮੁਕਤੀ ਪ੍ਰਾਪਤ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਇਹ ਵਿਚਾਰ ਹਰਿਦਵਾਰ, ਕਾਸ਼ੀ ਅਤੇ ਹੋਰ ਤੀਰਥਾਂ ਉਤੇ ਬੈਠੇ ਪਾਂਡਿਆਂ ਦੇ ਸਮਾਜ ਉਪਰ ਭਾਰੀ ਪ੍ਰਹਾਰ ਸਨ ਅਤੇ ਇਕ ਨਵੀਂ ਧਾਰਮਿਕ ਕ੍ਰਾਂਤੀ ਦਾ ਆਗਾਜ਼ ਵੀ ਸਨ।

ਉਨ੍ਹਾਂ ਨੇ ਨੈਤਿਕਤਾ ਆਧਾਰਿਤ ਸਮਾਜਕ ਆਦਰਸ਼ ਅਤੇ ਪ੍ਰਤੀਮਾਨ ਸਥਾਪਿਤ ਕਰਦੇ ਹੋਏ ਮਨੁੱਖੀ ਮਨ ਨੂੰ ਸਦਾ ਵਿਕਾਰਾਂ ਤੋਂ ਦੂਰ ਰਹਿਣ ਦੀ ਗੱਲ ਵੀ ਕੀਤੀ। ਉਨ੍ਹਾਂ ਦਾ ਵਿਚਾਰ ਵੀ ਸੀ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਰਗੇ ਵਿਕਾਰਾਂ ਦਾ ਤਿਆਗ ਕਰਕੇ ਹੀ ਮਨੁੱਖ ਚੌਰਾਸੀ ਦੇ ਨਾ ਸਿਰਫ ਚੱਕਰ ਤੋਂ ਬਚ ਸਕਦਾ ਹੈ ਬਲਕਿ ਆਤਮਿਕ ਸ਼ੁਧਤਾ ਵੀ ਹਾਸਲ ਕਰ ਸਕਦਾ ਹੈ। ਹਿਰਨ ਨਾਦ ਸੁਨਣ ਦੇ ਰਸ ਕਰਕੇ, ਮੱਛੀ ਆਪਣੀ ਜੀਭ ਦੇ ਚਸਕੇ ਕਰਕੇ, ਭੌਰਾ ਆਪਣੇ ਸੁੰਘਣ ਦੀ ਸ਼ਕਤੀ ਕਰਕੇ, ਭੰਬਰ ਸ਼ਮ੍ਹਾਂ ਨਾਲ ਪਿਆਰ ਕਰਕੇ ਅਤੇ ਹਾਥੀ ਆਪਣੀ ਕਾਮਵਾਸਨਾ ਕਰਕੇ ਖਤਮ ਹੋ ਜਾਂਦੇ ਹਨ ਪਰੰਤੂ ਮਨੁੱਖ ਵਿਚ ਤਾਂ ਇਹ ਪੰਜੇ ਵਿਕਾਰ ਹਨ। ਫਿਰ ਉਸਦੀ ਗਤੀ ਕਿਵੇਂ ਸੰਭਵ ਹੈ? ਵਿਸ਼ੈ ਵਿਕਾਰਾਂ ਦੀ ਪਕੜ ਤੋਂ ਅਹਿਲਿਆ, ਗੌਤਮ, ਇੰਦਰ ਅਤੇ ਬ੍ਰਹਮਾ ਵੀ ਨਹੀਂ ਬਚ ਸਕ ਹਨ।

ਇਸ ਲਈ ਇਨ੍ਹਾਂ ਵਿਕਾਰਾਂ ਦਾ ਲੁੱਟਿਆ ਮਨੁੱਖ ਆਪਣੀ ਹੋਂਦ ਨੂੰ ਸੁਤੰਤਰ ਮੰਨਕੇ ਤੇ ਨਾਸ਼ਵਾਨਤਾ ਨੂੰ ਭੁੱਲਕੇ ਮਾਇਆ ਦੇ ਹੱਥ ਦਾ ਖਿਡੌਣਾ ਬਣ ਜਾਂਦਾ ਹੈ। ਉਹ ਥਾਂ ਪਰ ਥਾਂ ਨੱਚਦਾ ਫਿਰਦਾ ਹੈ। ਮਾਇਆ ਦੀ ਉਧੇੜ ਬੁਣ ਵਿਚ ਹੀ ਉਸ ਦੀ ਉਮਰ ਬੀਤ ਜਾਂਦੀ ਹੈ। ਵਿਚਾਰ ਸ਼ਕਤੀ ਘਟਦੀ ਜਾਂਦੀ ਹੈ। ਕਾਮਵਾਸਨਾ ਵਧਦੀ ਜਾਂਦੀ ਹੈ। ਜੀਵਨ ਮਨੋਰਥ ਵਿਸਰ ਜਾਂਦਾ ਹੈ। ਹੌਲੀ ਹੌਲੀ ਉਹ ਸ਼ਰਾਬ ਵਰਗੇ ਨਸ਼ਿਆਂ ਦਾ ਗੁਲਾਮ ਹੋ ਜਾਂਦਾ ਹੈ ਜਦਕਿ ਸ਼ਾਸ਼ਤਰਾਂ ਅਨੁਸਾਰ ਗੰਗਾ ਜਲ ਤੋਂ ਬਣੀ ਸ਼ਰਾਬ ਵੀ ਆਤਮਾ ਨੂੰ ਮੈਲੀ ਕਰ ਦਿੰਦੀ ਹੈ। ਇਸੇ ਲਈ ਸ਼ਰਾਬਨੋਸ਼ੀ ਵਰਗੇ ਨਸ਼ਿਆਂ ਤੋਂ ਵੀ ਇਨਸਾਨ ਨੂੰ ਤੋਬਾ ਕਰਨੀ ਚਾਹੀਦੀ ਹੈ।

ਵੈਦਿਕ ਧਰਮ ਅਤੇ ਭਾਰਤੀ ਦਰਸ਼ਨ ਅਨੁਸਾਰ ਆਤਮਾ ਗੰਗਾ ਜਲ ਦੀ ਤਰ੍ਹਾਂ ਨਿਰਮਲ ਹੈ, ਪਰੰਤੂ ਗੰਗਾਜਲ ਨਾਲ ਜੇ ਸ਼ਰਾਬ ਬਣਾ ਦਿੱਤੀ ਜਾਵੇ ਤਾਂ ਗੰਗਾ ਦੇ ਨਿਰਮਲ ਜਲ ਨੂੰ ਵੀ ਅਪਵਿੱਤਰ ਕਰ ਦਿੰਦੀ ਹੈ। ਉਹ ਜਲ ਸ਼ਰਾਬ ਬਣ ਜਾਂਦਾ ਹੈ। ਇਸ ਲਈ ਰਵਿਦਾਸ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਗੰਗਾਜਲ ਦੀ ਬਣੀ ਸ਼ਰਾਬ ਵੀ ਉਸ ਨੂੰ ਪੀਣੀ ਨਹੀਂ ਚਾਹੀਦੀ ਤੇ ਇਸ ਤਰ੍ਹਾਂ ਦੇ ਨਸ਼ਿਆਂ ਨੂੰ ਆਪਣੇ ਜੀਵਨ ਵਿਚੋਂ ਕੱਢ ਦੇਣਾ ਚਾਹੀਦਾ ਹੈ।

*ਸਰਸਰੀ ਸਲਲ ਕ੍ਰਿਤ ਬਾਰੁਨੀ ਰੇ। ਸੰਤਜਨ ਕਰਤ ਨਹੀਂ ਪਾਨੰ।।*

*ਸੁਰਾ ਅਪਵਿਤ੍ਰ ਨਤ ਅਵਰ ਜਲ ਰੇ। ਸੁਰਸਰੀ ਮਿਲਤ ਨਹਿ ਹੋਇ ਆਨੰ।।*

**(ਆਦਿ ਗ੍ਰੰਥ, ਪੰਨਾ 1293)**

ਭਾਰਤੀ ਦਰਸ਼ਨ ਵਿਚ ਤਾਂ ਪਹਿਲਾਂ ਹੀ ਬਾਖੂਬੀ, 'ਜੈਸਾ ਅੰਨ ਵੈਸਾ ਮਨ' ਵਰਗੇ ਤੱਥ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਮਨੁੱਖ ਨੂੰ ਸਾਤਵਿਕ ਭੋਜਨ ਕਰਨਾ ਚਾਹੀਦਾ ਹੈ। ਉਸ ਨੂੰ ਖੱਟਾ, ਤੱਲੀ-ਫੱਲੀ ਅਤੇ ਮਾਂਸਾਹਾਰੀ ਭੋਜਨ ਦਾ ਤ੍ਰਿਸਕਾਰ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਉਸ ਦੇ ਮਨ ਵਿਚ ਰਜੋ ਅਤੇ ਤਮੋ ਗੁਣ ਦੀ ਵ੍ਰਿਦੀ ਹੁੰਦੀ ਹੈ। ਗੁਰੂ ਰਵਿਦਾਸ ਵੀ ਇਸ ਤੱਥ ਨੂੰ ਸਵੀਕਾਰ ਕਰਦੇ ਹੋਏ ਸਾਤਵਿਕ ਭੋਜਨ ਨੂੰ ਸਲਾਹ ਦਿੰਦੇ ਹਨ।

ਉਹ ਮਨੁੱਖ ਨੂੰ ਸਹਜ ਅਤੇ ਸੰਤੋਖ ਭਰਿਆ ਜੀਵਨ ਜੀਉਣ ਦਾ ਸੰਦੇਸ਼ ਦਿੰਦੇ ਹਨ। ਭਟਕਦਾ ਮਨ ਮਨੁੱਖ ਦੇ ਮਨ ਵਿਚ ਉਦਾਸੀ ਪੈਦਾ ਕਰਦਾ ਹੈ। ਮਨੁੱਖ ਦੀ ਸਾਰੀ ਕ੍ਰਿਆ ਮਨ ਤੇ ਅਧਾਰਿਤ ਹੈ। ਮਨ ਦਾ ਵਿਕਾਸ ਅਤੇ ਠਰ੍ਹਮਾ ਮਨੁੱਖ ਨੂੰ ਸਹਿਜਤਾ ਵੱਲ ਵੈ ਜਾਂਦਾ ਹੈ ਅਤੇ ਮਨੁੱਖੀ ਸ਼ਖਸੀਅਤ ਪੂਰਨਤਾ ਵੱਲ ਵੱਧਦੀ ਹੈ। ਵੱਡੇ ਭਾਗਾਂ ਤੇ ਸਹਿਜ ਅਵਸਥਾ ਵਿਚ ਲਗੇ ਮਨ ਨਾਲ ਪਰਮਾਤਮਾ ਵਿਚ ਛੇਤੀ ਲਿਵ ਲਗ ਜਾਂਦੀ ਹੈ।

*ਸਹਜ ਸਮਾਧਿ ਉਪਾਧਿ ਰਹਤ ਹੋਇ,*

*ਬਡੇ ਭਾਗਿ ਲਿਵ ਲਾਗੀ॥*

**(ਆਦਿ ਗ੍ਰੰਥ ਪੰਨਾ 658)**

ਸੰਤੋਖ ਭਰੇ ਜੀਵਨ ਦਾ ਸੰਕਲਪ ਤਾਂ ਪ੍ਰਸਿੱਧ ਸੂਫੀ ਫਕੀਰ ਬਾਬਾ ਫਰੀਦ ਜੀ ਨੇ ਵੀ ਦਿੱਤਾ ਹੈ। ਉਨ੍ਹਾਂ ਕਿਹਾ ਹੈ '**ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ, ਫਰੀਦਾ ਦੇਖਿ ਪਰਾਈ ਚੋਪੜੀ, ਲਾ ਤਰਸਾਏ ਜੀਉ।**' ਪਰ ਸਹਿਜਤਾ ਤੇ ਟਿਕਾਅ ਨਾਲ ਜ਼ਰੂਰੀ ਹੈ ਕਿ ਗਰੀਬ ਅਤੇ ਲਾਚਾਰ ਲੋਕਾਂ ਲਈ ਮਨ ਵਿਚ ਹਮਦਰਦੀ ਰੱਖੀ ਜਾਵੇ। ਮਨ ਵਿਚ ਪੈਦਾ ਹੋਈ ਹਮਦਰਦੀ ਵੀ ਦੂਜਿਆਂ ਦਾ ਦੁੱਖ ਸਮਝਣ ਵਿਚ ਸਾਡੀ ਮਦਦ ਕਰਦੀ ਹੈ।

ਪ੍ਰਗਟ ਹੋਇਆ ਹੈ:

*ਸੋ ਕਤ ਜਾਨੈ ਪੀਰ ਪਰਾਈ।*

*ਜਾ ਕੈ ਅੰਤਾ ਦਰਦ ਨਾ ਪਾਈ।*

**(ਆਦਿ ਗ੍ਰੰਥ, ਪੰਨਾ 78)**

ਉਹ ਆਖਦੇ ਸਨ ਮਨ ਵਿਚਲੀ ਪੈਦਾ ਹੋਈ ਹਮਦਰਦੀ ਹੀ ਤੁਹਾਨੂੰ ਦੂਜਿਆਂ ਦਾ ਦੁੱਖ ਸਮਝਣ ਵਿਚ ਮਦਦ ਕਰਦੀ ਹੈ। ਉਹ ਬੇਲੋੜੀ ਸੰਪਤੀ ਅਤੇ ਗਲਤ ਢੰਗਾਂ ਨਾਲ ਮਾਇਆ ਕਮਾਉਣ ਨੂੰ ਨਿੰਦਦੇ ਸਨ। ਉਹ ਹਮੇਸ਼ਾ ਆਖਦੇ ਸਨ ਕਿ ਮਨੁੱਖ ਨੂੰ ਲੋੜਵੰਦ ਦੀ ਮਦਦ ਕਰਨੀ ਚਾਹੀਦੀ ਹੈ। ਮਾਇਆ ਦਾ ਦਾਸ ਬਨਣ ਵਾਲਾ ਵਿਅਕਤੀ ਕਦੇ ਪ੍ਰਭੂ ਦਾ ਦਾਸ ਨਹੀਂ ਬਣ ਸਕਦਾ।

*ਸੰਪਤੀ ਬਿਪਤਿ ਪਟਲ ਮਾਇਆ ਧਨੁ।*

*ਤਾ ਮਹਿ ਮਗਨ ਹੋਤ ਨ ਤੇਰੋ ਜਨੁ॥*

**(ਆਦਿ ਗ੍ਰੰਥ, ਪੰਨਾ 486)**

ਰਵਿਦਾਸ ਜੀ ਨੇ ਕਿਹਾ ਖਾਣ ਲਈ ਰੋਟੀ, ਪਹਿਨਣ ਲਈ ਕਪੜਾ ਅਤੇ ਰਹਿਣ ਲਈ ਮਕਾਨ ਹਰ ਵਿਅਕਤੀ ਨੂੰ ਮਿਲਣਾ ਚਾਹੀਦਾ ਹੈ। ਰਵਿਦਾਸ ਜੀ ਦੇ ਸਮੇਂ ਵਿਚ ਇਹ ਸਮੱਸਿਆ ਜਿੰਨੀ ਭਿਆਨਕ ਸੀ,

ਅੱਜ ਵੀ ਉੱਨੀ ਹੀ ਹੈ। ਇਸ ਸਮੱਸਿਆ ਦਾ ਹੱਲ ਉਨ੍ਹਾਂ ਨੇ ਪਿਤਾ ਪੁਰਖੀ ਕੰਮ ਧੰਦੇ ਨਾਲ ਜੋੜਿਆ ਤੇ ਕਿਹਾ ਕਿ ਜਦੋਂ ਅਸੀਂ ਪਿਤਾ ਪੁਰਖੀ ਧੰਦੇ ਨੂੰ ਅਪਨਾ ਲਵਾਂਗੇ ਤਾਂ ਆਤਮਨਿਰਭਰ ਹੋ ਜਾਵਾਂਗੇ ਅਤੇ ਆਪਣੇ ਲਈ ਰੋਟੀ, ਕੱਪੜਾ ਅਤੇ ਮਕਾਨ ਵੀ ਸਵਾਭੀਮਾਨ ਨਾਲ ਕਮਾ ਸਕਾਂਗੇ।

*ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।*

*ਛੋਟ ਬੜੋ ਸਭ ਸਮ ਬਸੈਂ, ਰਵਿਦਾਸ ਰਹੈਂ ਪ੍ਰਸੰਨ।।*

*(ਪਦ, ਰਵਿਦਾਸ)*

ਪਰ ਇਹ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਆਪਣੇ ਮਨ ਵਿਚੋਂ ਜ਼ਿਆਦਾ ਧੰਨ ਸੰਚਿਤ ਕਰਨ ਦਾ ਸੁਆਰਥ ਛੱਡ ਦੇਵੇ। ਇਸੇ ਲਈ ਉਨ੍ਹਾਂ ਨੇ ਨਾ ਤਾਂ ਕਦੇ ਆਪ ਜ਼ਰੂਰਤ ਤੋਂ ਵੱਧ ਧਨ ਦਾ ਸੰਗ੍ਰਹਿ ਕੀਤਾ ਤੇ ਨਾ ਹੀ ਅਜਿਹਾ ਕਰਨ ਦੀ ਸਲਾਹ ਕਿਸੇ ਹੋਰ ਨੂੰ ਦਿੱਤੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਧਨ ਸੰਗ੍ਰਹਿ ਦੀ ਬਿਰਤੀ ਦੁਖਾਂ ਨੂੰ ਜਨਮ ਦਿੰਦੀ ਹੈ। ਉਹ ਆਖਦੇ ਸਨ-

*ਸੱਚਾ ਸੁਖ ਸਤਿ ਧਰਮ ਮਹਿਂ, ਧਨ ਸੰਚੈ ਸੁਖ ਨਾਹਿਂ।*

*ਧਨ ਸੰਚੈ ਦੁਖ ਖਾਨ ਹੈ, 'ਰਵਿਦਾਸ' ਸਮੁਝਿ ਮਨ ਮਾਹੀਂ।।*

*(ਪਦ, ਰਵਿਦਾਸ)*

ਇਸੇ ਤਰ੍ਹਾਂ ਉਨ੍ਹਾਂ ਨੇ ਇਕ ਹੋਰ ਥਾਂ ਕਿਹਾ-

*ਧਨ ਸੰਚੈ ਦੁਖ ਦੇਤ ਹੈ, ਧਨ ਤਿਆਗੇ ਸੁਖ ਹੋਇ।*

*'ਰਵਿਦਾਸ' ਸੀਖ ਗੁਰਦੇਵ ਕੀ, ਧਨ ਮਤਿ ਜੋਰੇ ਕੋਇ।।*

*(ਪਦ, ਰਵਿਦਾਸ)*

ਅਜਿਹਾ ਨਹੀਂ ਕਿ ਧਨ ਸੰਗ੍ਰਹਿ ਕਰਨ ਦੀ ਵਿਰੋਧਤਾ ਉਨ੍ਹਾਂ ਕੇਵਲ ਆਪਣੀ ਬਾਣੀ ਵਿਚ ਹੀ ਕੀਤੀ ਹੈ। ਉਨ੍ਹਾਂ ਦੇ ਨਿੱਜੀ ਜੀਵਨ ਨਾਲ ਜੁੜੇ ਅਨੇਕ ਪ੍ਰਸੰਗ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਉਨ੍ਹਾਂ ਕਥਨੀ ਅਤੇ ਕਰਨੀ ਵਿਚ ਕਦੇ ਅੰਤਰ ਨਹੀਂ ਰੱਖਿਆ। ਚਿਤੌੜ ਦੀ ਰਾਣੀ ਝਾਲੀ ਤੇ ਮੀਰਾਂ ਉਨ੍ਹਾਂ ਦੀ ਸ਼ਿਸ਼ ਸਨ ਪਰ ਉਨ੍ਹਾਂ ਕਦੇ ਕੋਈ ਧਨ ਸੰਪਦਾ ਉਨ੍ਹਾਂ ਤੋਂ ਨਹੀਂ ਲਈ। ਇਸੇ ਤਰ੍ਹਾਂ ਇਕ ਸਾਧੂ ਵੱਲੋਂ ਪਾਰਸਮਣੀ ਦੇਣ ਦੀ ਘਟਨਾ ਵੀ ਉਨ੍ਹਾਂ ਨਾਲ ਜੁੜੀ ਦੱਸੀ ਜਾਂਦੀ ਹੈ। ਜਿਸ ਅਨੁਸਾਰ ਉਨ੍ਹਾਂ ਨੇ ਪਾਰਸਮਣੀ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਸੰਤੋਖ ਭਰਿਆ ਸੱਚਾ ਸੁੱਚਾ ਜੀਵਨ ਬਿਤਾਉਣ ਦਾ ਨਿਸ਼ਚਾ ਦੁਹਰਾ ਦਿੱਤਾ।

ਅੱਜ ਦੇ ਸਮਾਜ ਵਿਚ ਧਨ ਸੰਗ੍ਰਹਿ ਕਰਨ ਲਈ ਹੀ ਅਨਿਆਂ, ਚੋਰ ਬਾਜ਼ਾਰੀ, ਜਮਾਖੋਰੀ, ਮਿਲਾਵਟ ਅਤੇ ਭ੍ਰਿਸ਼ਟਾਚਾਰ ਵਿਆਪਕ ਹਨ। ਲੋਕ ਪੈਸਾ ਕਮਾਉਣ ਲਈ ਪਾਪ ਕਰਨ ਤੋਂ ਵੀ ਕੋਈ ਗੁਰੇਜ਼ ਨਹੀਂ ਕਰਦੇ । ਇਸੇ ਲਈ ਰਾਸ਼ਟਰ ਦੀ ਅਰਥ ਵਿਵਸਥਾ ਦੇ ਨਾਲ ਨਾਲ ਕਾਨੂੰਨ ਵਿਵਸਥਾ ਵੀ ਵਿਗੜ ਰਹੀ ਹੈ। ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬ ਹੋਰ ਗਰੀਬ। ਨੌਜੁਆਨ ਗਰੀਬ ਵਰਗ ਵਿਚ ਫੈਲਿਆ ਅਸੰਤੋਸ਼ ਤੇ ਆਰਥਿਕ ਅਸਮਾਨਤਾ ਪ੍ਰਤੀ ਗੁੱਸਾ ਹਿੰਸਕ ਰੂਪ ਲੈ ਰਿਹਾ ਹੈ ਜਿਸ ਨਾਲ ਦੇਸ਼ ਅੱਤਵਾਦ ਦੀ ਸਮੱਸਿਆ ਨਾਲ ਗ੍ਰਸਿਆ ਪਿਆ ਹੈ। ਅਜਿਹੀ ਹਾਲਤ ਵਿਚ ਗੁਰੂ ਰਵਿਦਾਸ ਦੇ ਸਥਾਪਿਤ ਪ੍ਰਤੀਮਾਨ ਧਿਆਨ ਦੀ ਮੰਗ ਕਰਦੇ ਹਨ।

ਗੁਰੂ ਰਵਿਦਾਸ ਜੀ ਨੇ ਜੀਵਨ ਵਿਚ ਉਚ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਸ ਵਕਤ ਦੇ ਸਮਾਜ ਨੂੰ ਦਿਸ਼ਾ ਦੇਣ ਵਾਲੇ ਬ੍ਰਾਹਮਣ ਜੋ ਆਪਣੀ ਵਿੱਦਿਆ ਤੇ ਹੋਰ ਇਖ਼ਲਾਕੀ ਗੁਣਾਂ ਕਰਕੇ ਸਮਾਜ ਦੇ ਅੱਗੇ ਆਦਰਸ਼ ਸਨ, ਭ੍ਰਸ਼ਟ ਹੋ ਗਏ ਸਨ। ਉਨ੍ਹਾਂ ਨੂੰ ਜਾਤ ਦਾ ਘਮੰਡ ਹੋ ਗਿਆ ਸੀ। ਉਹ ਨੈਤਿਕ ਤੌਰ 'ਤੇ ਵੀ ਪਤਿਤ ਹੋ ਗਏ ਸਨ। ਇਸ ਲਈ ਉਨ੍ਹਾਂ ਨੇ ਜੀਵਨ ਵਿਚ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਲਈ ਕਿਹਾ। ਉਨ੍ਹਾਂ ਨੇ ਮਨੁੱਖ ਨੂੰ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਬਚਾਉਣ ਲਈ ਕਿਹਾ। ਉਨ੍ਹਾਂ ਨੇ ਮ੍ਰਿਗ, ਮੱਛੀ, ਭ੍ਰਿੰਗ, ਤਟ ਹਾਥੀ ਦੀ ਉਦਾਹਰਨ ਦਿੰਦਿਆਂ ਮਨੁੱਖ ਨੂੰ ਵਿਚ ਜਾਣ ਦੀ ਪ੍ਰੇਰਨਾ ਦਿੱਤੀ।

***ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ।***

***ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ।***

**(ਆਦਿ ਗ੍ਰੰਥ, ਪੰਨਾ 486)**

ਉਨ੍ਹਾਂ ਦਾ ਮੰਨਣਾ ਸੀ ਕਿ ਇਕ ਪੂਰਨ ਗੁਰੂ ਹੀ ਮਨੁੱਖ ਨੂੰ ਉੱਚ ਸਦਾਚਾਰਕ ਅਤੇ ਨੈਤਿਕ ਜੀਵਨ ਜੀਉਂਦਿਆਂ ਹੋਏ ਪਰਮਾਤਮਾ ਪ੍ਰਾਪਤੀ ਦਾ ਰਾਹ ਵਿਖਾ ਸਕਦਾ ਹੈ। ਉਨ੍ਹਾਂ ਨੇ ਈਮਾਨਦਾਰੀ, ਸੱਚੀ ਨਿਸ਼ਠਾ, ਨਿਆਂ, ਸੰਜਮ, ਮਿਹਨਤ ਦੀ ਕਮਾਈ ਆਦਿ ਗੁਣਾਂ ਨੂੰ ਜੀਵਨ ਵਿਚ ਧਾਰਨ ਕਰਨ ਤੇ ਜ਼ੋਰ ਦਿੱਤਾ। ਆਮ ਜਨਤਾ ਨੂੰ ਪ੍ਰਭੂ, ਪ੍ਰੇਮ, ਹਮਦਰਦੀ, ਦਇਆ ਅਤੇ ਅਨੁਸ਼ਾਸਿਤ ਜੀਵਨ ਵੱਲ ਪ੍ਰੇਰਿਆ। ਉਨ੍ਹਾਂ ਆਪਣੀ ਬਾਣੀ ਵਿਚ ਲੁਕਵੇਂ ਸ਼ਬਦਾਂ ਵਿਚ ਆਮ ਜਨਤਾ ਲਈ ਇਕ ਆਚਾਰ-ਸੰਹਿਤਾ ਦਾ ਉਲੇਖ ਵੀ ਕੀਤਾ ਹੈ ਅਤੇ ਆਚਰਨਕ ਸ਼ੁੱਧਤਾ ਲਈ ਇਸਦਾ ਪਾਲਨ ਕਰਨ ਲਈ ਵੀ ਕਿਹਾ ਹੈ। ਇਸ ਸੰਹਿਤਾ ਦੇ ਪ੍ਰਮੁੱਖ ਨਿਯਮ ਹਨ:

1. ਪਵਿੱਤਰਤਾ ਅਰਥਾਤ ਸ਼ਰੀਰ ਤੇ ਮਨ ਉਪਰ ਕਾਬੂ।
2. ਸੱਚੀ-ਸੁੱਚੀ ਪਰਮਾਰਥ ਦੀ ਰਾਹ ਤੇ ਚੱਲਣ ਲਈ ਸਥਿਰ ਕੋਸ਼ਿਸ਼ ਅਤੇ ਧੀਰਜ।
3. ਤਰਕ ਅਤੇ ਸਮਝਦਾਰੀ ਦਾ ਪ੍ਰਯੋਗ ਜਿਸ ਨਾਲ ਮਨ ਰੋਸ਼ਨ ਹੁੰਦਾ ਹੈ।
4. ਸਾਰੇ ਧਰਮਾਂ ਦੀ ਬੁਨਿਯਾਦੀ ਸੋਚ ਦਾ ਆਦਰ ਕਰਨਾ।
5. ਈਸ਼ਵਰ ਵਿਚ ਪੂਰਨ ਵਿਸ਼ਵਾਸ ਰੱਖਦੇ ਹੋਏ ਨਿਡਰ ਰਹਿਣਾ
6. ਈਸ਼ਵਰ ਪ੍ਰੇਮ ਜੋ ਮਨ ਨੂੰ ਪਵਿੱਤਰ ਬਨਾਉਂਦਾ ਹੈ।
7. ਨਾਮ ਸਿਮਰਨ ਜੋ ਮੁਕਤੀ ਵੱਲ ਨੂੰ ਤੋਰਦਾ ਹੈ।
8. ਨਿਮਰਤਾ ਤੇ ਨੈਤਿਕ ਗੁਣਾਂ ਰਾਹੀਂ ਪੰਚ ਵਿਕਾਰਾਂ ਤੋਂ ਦੂਰ ਰਹਿਣਾ।

ਸਪੱਸ਼ਟ ਹੈ ਗੁਰੂ ਰਵਿਦਾਸ ਜੀ ਨੇ ਬਾਰ ਬਾਰ ਆਪਣੀ ਬਾਣੀ ਵਿਚ ਆਤਮ-ਅਨੁਸ਼ਾਸਨ ਤੇ ਜ਼ੋਰ ਦਿੱਤਾ ਹੈ। ਆਤਮ ਅਨੁਸ਼ਾਸਨ ਲਈ ਵਿਅਕਤੀ ਨੂੰ ਨਾਮ ਉਤੇ ਧਿਆਨ ਕੇਂਦਰਿਤ ਕਰਦੇ ਹੋਏ ਅਰਦਾਸ ਕਰਨੀ ਚਾਹੀਦੀ ਹੈ। ਸੱਚਾ ਅਨੁਸ਼ਾਸਨ ਤਾਂ ਹੀ ਆਉਂਦਾ ਹੈ ਜਦ ਵਿਅਕਤੀ 'ਨਾਮ' ਦਾ ਧਿਆਨ ਕਰਦਾ ਹੋਇਆ ਹੰਕਾਰ ਦਾ ਤਿਆਗ ਕਰ ਦਿੰਦਾ ਹੈ।

*ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।*

*ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ।*

**(ਆਦਿ ਗ੍ਰੰਥ, ਪੰਨਾ 974)**

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕਰੁਣਾ, ਸੁਭਾ ਦੀ ਇਕਸੁਰਤਾ ਅਤੇ ਸੰਤੁਲਨ, ਮਨ ਦੀ ਸ਼ੁੱਧੀ ਤੇ ਵੀ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਅਹਿੰਸਾ, ਸਵੈ-ਕਾਬੂ, ਨਿਰਲਿਪਤ ਭਾਵ, ਨਿਡਰਤਾ, ਬਹਾਦਰੀ, ਤਿਆਗ ਨੂੰ ਮਨੁੱਖੀ ਜੀਵਨ ਦੀ ਕੁੰਜੀ ਕਿਹਾ ਹੈ। ਉਨ੍ਹਾਂ ਨੇ ਮਨੁੱਖੀ ਜੀਵਨ ਵਿਚ ਸ਼ਾਂਤੀ ਲਈ ਸੇਵਾ ਅਤੇ ਈਸ਼ਵਰੀ ਭਾਵ ਦਾ ਆਦਰਸ਼ ਵੀ ਸਥਾਪਿਤ ਕੀਤਾ ਹੈ।

ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਭਗਤ ਦੇ ਲੱਛਣਾਂ ਦੀ ਚਰਚਾ ਕਰਦੇ ਹੋਏ ਭਗਤ ਵਿਚ ਸਬਰ, ਸ਼ਾਂਤੀ, ਸੰਤੁਲਨ ਅਤੇ ਧੀਰਜ ਜਿਹੇ ਗੁਣਾਂ ਦੀ ਚਰਚਾ ਕੀਤੀ ਹੈ। ਇਸ ਬਾਣੀ ਵਿਚਲਾ ਭਗਤ ਅਤਿ ਗਰੀਬੀ ਦੀ ਹਾਲਤ ਵਿਚ ਵੀ ਅਠਾਰਾਂ ਸਿੱਧੀਆਂ ਦਾ ਸਵਾਮੀ ਹੋ ਕੇ ਵੀ ਮਨ ਅਤੇ ਸੁਭਾਅ ਦਾ ਸੰਤੁਲਨ ਕਾਇਮ ਰੱਖਦਾ ਹੈ।

*ਦਾਰਿਦ ਦੇਖਿ ਸਭੁ ਕੋ ਹਸੈ,*

*ਐਸੀ ਦਸਾ ਹਮਾਰੀ।*

*ਅਸਟ ਦਸਾ ਸਿਧਿ ਕਰ ਤਲੈ,*

*ਸਭ ਕ੍ਰਿਪਾ ਤੁਮਾਰੀ*

**(ਆਦਿ ਗ੍ਰੰਥ, ਪੰਨਾ 858)**

ਬਿਪ੍ਰ ਪਰਧਾਨਾਂ ਵੱਲੋਂ ਪਹਿਲਾਂ ਤਿਰਸਕਾਰੇ ਤੇ ਫਿਰ ਡੰਡਉਤ ਕੀਤੇ ਜਾਣ ਉਪਰੰਤ ਵੀ ਉਹ ਧੀਰਜ, ਸਬਰ ਅਤੇ ਹਲੀਮੀ ਨਾਲ ਵਿਚਰਦਾ ਹੈ। ਤੰਗੀ, ਗਰੀਬੀ ਅਤੇ ਜ਼ੁਲਮ ਵੀ ਉਸ ਨੂੰ ਸੱਚ ਦੇ ਮਾਰਗ ਤੋਂ ਡੁਲਾ ਨਹੀਂ ਸਕਦੇ। ਸਪੱਸ਼ਟ ਹੈ ਉਨ੍ਹਾਂ ਦਾ ਨਿੱਜੀ ਜਵਿਨ ਅੱਜ ਦੀ ਨੌਜਵਾਨ ਪੀੜ੍ਹੀ ਲਈ ਇਕ ਆਦਰਸ਼ ਹੈ ਜੋ ਨਿਮਤਾ, ਸ਼ਾਲੀਨਤਾ, ਧੀਰਜ ਅਤੇ ਸੁਭਾ ਦੀ ਇਕਸਾਰਤਾ ਦਾ ਸੁੰਦਰ ਪ੍ਰਤੀਮਾਨ ਸਥਾਪਿਤ ਕਰ ਰਿਹਾ ਹੈ।

ਅਹਿੰਸਾ ਦਾ ਆਦਰਸ਼ ਸਥਾਪਿਤ ਕਰਦੇ ਹੋਏ ਰਵਿਦਾਸ ਜੀ ਨੇ ਆਪਣੇ ਪਦਾਂ ਵਿਚ ਜੀਵ ਹੱਤਿਆ ਦਾ ਵੀ ਵਿਰੋਧ ਕੀਤਾ ਹੈ। ਉਹ ਹੈਰਾਨ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਭਲਾ ਜੀਵ ਨੂੰ ਮਾਰਕੇ ਜਾਂ ਉਸਦੀ ਬਲੀ ਦੇ ਕੇ ਕੋਈ ਪਰਮਾਤਮਾ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਜਿਹੜੇ ਲੋਕ ਆਪਣੇ ਪੋਸ਼ਣ ਲਈ ਗਾਂ ਅਤੇ ਬਕਰੀ ਦਾ ਮਾਸ ਰੋਜ਼ ਖਾਂਦੇ ਹਨ ਉਹ ਚਾਹੇ ਜਿੰਨੀਆ ਮਰਜ਼ੀ ਨਮਾਜ਼ਾਂ ਕਿਉਂ ਨਾ ਪੜ੍ਹ ਲੈਣ ਆਪਣੇ ਇਸ਼ਟ ਦੇ ਦਰਸ਼ਨ ਕਦੇ ਨਹੀਂ ਕਰ ਸਕਦੇ। ਇਸੇ ਤਰ੍ਹਾਂ ਜੋ ਜੀਵ ਜੀਭ ਦੇ ਸਵਾਦ ਵਿਚ ਬੱਝਕੇ ਮਾਸ ਜਾਂ ਮੱਛੀ ਖਾਂਦੇ ਹਨ ਉਹ ਵੀ ਜੀਵ ਹੱਤਿਆ ਹੀ ਕਰਦੇ ਹਨ ਅਤੇ ਨਰਕ ਦੇ ਅਧਿਕਾਰੀ ਬਣਦੇ ਹਨ। ਅਜਿਹੇ ਲੋਕਾਂ ਦੇ ਦਇਆ ਅਤੇ ਕਰੁਣਾ ਦੇ ਭਾਵ ਹਿਰਦੇ ਵਿਚੋਂ ਮਿਟ ਜਾਂਦੇ ਹਨ। ਇਹ ਲੋਕ ਜਿੰਦਾ ਪ੍ਰਾਣੀ ਨੂੰ ਮਾਰਕੇ ਉਸ ਨੂੰ ਮੁਰਦਾ ਬਣਾਕੇ ਉਸ ਤੋਂ ਪੇਟ ਭਰ ਰਹੇ ਹਨ। ਇਸ ਲਈ ਇਹ ਸਭ ਮੁਰਦੇ ਦੇ ਸਾਦ੍ਰਿਸ਼ ਹਨ।

*ਦਇਆ ਭਾਵ ਹਿਰਦੈ ਨਹੀਂ, ਭਖਹਿਂ ਪਰਾਇਆ ਮਾਸ।*

*ਤੇ ਨਰ ਨਰਕ ਮਹਿੰ ਜਾਇਹਿੰ, ਸਤਿ ਭਾਸ਼ੇ 'ਰਵਿਦਾਸ'।।*

*(ਪਦ, ਰਵਿਦਾਸ)*

ਗੁਰੂ ਰਵਿਦਾਸ ਜੀ ਦੀ ਬਾਣੀ ਪਰਾਧੀਨਤਾ ਨੂੰ ਪਾਪ ਸਮਝਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪਰਾਧੀਨ ਹੋ ਕੇ ਜੀਵ ਦੀ ਸਭ ਮਾਨ ਮਰਿਯਾਦਾ ਮਿਟ ਜਾਂਦੀ ਹੈ। ਵਿਅਕਤੀ ਦੇ ਬੰਧੂ ਤੇ ਮਿੱਤਰ ਵੀ ਉਸ ਤੋਂ ਮੂੰਹ ਫੇਰ ਲੈਂਦੇ ਹਨ। ਅਜਿਹੇ ਵਿਅਕਤੀ ਤੋਂ ਵੱਧ ਦੀਨ ਕੋਈ ਵੀ ਨਹੀਂ ਹੋ ਸਕਦਾ ਹੈ। ਸਭ ਉਸਦਾ ਨਿਰਾਦਰ ਕਰਦੇ ਹਨ। ਉਸਦਾ ਆਪਣਾ ਨਾ ਤਾਂ ਸੁਤੰਤਰ ਵਿਅਕਤਿਤਵ ਹੁੰਦਾ ਹੈ ਨਾ ਕੋਈ ਆਪਣੀ ਸੋਚ ਅਤੇ ਨਾ ਹੀ ਉਹ ਆਪਣੀ ਮਰਜ਼ੀ ਨਾਲ ਕੋਈ ਕਾਰਜ ਕਰ ਸਕਦਾ ਹੈ।

*ਪਰਾਧੀਨ ਕੌ ਦੀਨ ਕਿਆ, ਪਰਾਧੀਨ ਬੇਦੀਨ।*

*'ਰਵਿਦਾਸ' ਦਾਸ ਪਰਾਧੀਨ ਕੌ, ਸਬਹੀਂ ਸਮਝੈ ਹੀਨ।*

*(ਪਦ, ਰਵਿਦਾਸ)*

ਪਰਾਧੀਨ ਵਿਅਕਤੀ ਦੂਸਰਿਆਂ ਦੀ ਆਗਿਆ ਮਾਤਰ ਦਾ ਪਾਲਨ ਕਰਦਾ ਹੋਇਆ ਜੀਉਂਦਾ ਹੈ। ਉਸਦੀ ਖੁਦ ਦੀ ਆਤਮਾ ਦਾ ਪ੍ਰਕਾਸ਼ ਬੁੱਝ ਜਾਂਦਾ ਹੈ ਕਿਉਂਕਿ ਪਰਾਧੀਨਤਾ ਸਿਰਫ ਕਰਮਾਂ ਦੀ ਨਹੀਂ ਵਿਚਾਰਾਂ ਦੀ ਵੀ ਹੁੰਦੀ ਹੈ। ਇਸ ਲਈ ਉਨ੍ਹਾਂ ਨੇ ਮਨੁੱਖ ਨੂੰ ਪਰਾਧੀਨ ਜੀਵਨ ਤੋਂ ਮੁਕਤੀ ਦਾ ਕ੍ਰਾਂਤੀਕਾਰੀ ਆਦਰਸ਼ ਵੀ ਦਿੱਤਾ ਹੈ।

ਗੁਰੂ ਰਵਿਦਾਸ ਦੀ ਬਾਣੀ ਸੰਪਰਦਾਇਕ ਸੁਹਾਰਦ ਦਾ ਸੁੰਦਰ ਨਮੂਨਾ ਵੀ ਹੈ। ਉਨ੍ਹਾਂ ਨੇ ਧਰਮ ਅਤੇ ਜਾਤੀ ਦੇ ਅਧਾਰ ਤੇ ਵਿਅਕਤੀ ਵਿਅਕਤੀ ਵਿਚ ਭੇਦ ਨਾ ਸਵੀਕਾਰ ਕਰਕੇ ਬਰਾਬਰੀ ਦਾ ਇਕ ਨਵਾਂ ਆਦਰਸ਼ ਸਮਾਜ ਵਿਚ ਸਥਾਪਿਤ ਕੀਤਾ ਹੈ। ਇਸੇ ਲਈ ਗੁਰੂ ਰਵਿਦਾਸ ਮੰਦਿਰ ਅਤੇ ਮਸਜਿਦ ਵਿਚ ਕੋਈ ਅੰਤਰ ਨਹੀਂ ਵੇਖਦੇ। ਉਨ੍ਹਾਂ ਦੇ ਵਿਚਾਰ ਅਨੁਸਾਰ ਰਾਮ ਤੇ ਰਹੀਮ ਦੋਵੇਂ ਇਕ ਹਨ ਅਤੇ ਇਕੋ ਪ੍ਰਭੂ ਨੂੰ ਦਿੱਤੇ ਗਏ ਅਲੱਗ ਅਲੱਗ ਨਾਮ ਹਨ। ਹਿੰਦੂ ਜਿਸ ਪ੍ਰਭੂ ਨੂੰ ਰਾਮ ਕਹਿਕੇ ਪੁਕਾਰਦੇ ਹਨ, ਮੁਸਲਮਾਨ ਉਸੇ ਖੁਦ ਨੂੰ ਰਹੀਮ ਕਹਿਕੇ ਸੰਬੋਧਿਤ ਕਰਦੇ ਹਨ।

*ਮੰਦਿਰ ਮਸਜਿਦ ਦੋਇ ਏਕ ਹੈਂ, ਇਨ ਮਹਿਂ ਅੰਤਰ ਨਾਹੀਂ,*

*ਰਵਿਦਾਸ ਰਾਮ ਰਹਿਮਾਨ ਕਾ, ਝਗੜਓ ਕੋਓ ਨਾਂਹੀ।।*

*(ਪਦ, ਰਵਿਦਾਸ)*

ਅਤੇ ਜੇਕਰ ਰਾਮ ਤੇ ਰਹੀਮ ਇਕ ਹਨ ਤਾਂ ਕਾਬਾ ਅਤੇ ਕਾਸ਼ੀ ਨੂੰ ਵੀ ਇੱਕ ਹੀ ਜਾਨਣਾ ਚਾਹੀਦਾ ਹੈ ਕਿਉਂਕਿ ਦੋਹਾਂ ਵਿਚ ਇਕ ਹੀ ਪ੍ਰਭੂ ਦਾ ਨਿਵਾਸ ਹੈ। ਬੇਸ਼ੱਕ ਨਾਮ ਅਤੇ ਥਾਵਾਂ ਅਲੱਗ ਅਲੱਗ ਹਨ। ਇਹ ਇਕ ਤਰ੍ਹਾਂ ਨਾਲ ਇਕੋ ਸਮੁੰਦਰ ਦੀਆਂ ਦੋ ਲਹਿਰਾਂ ਹਨ। ਉਹ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਨੂੰ ਨਾ ਤਾਂ ਮਸਜਿਦ ਤੋਂ ਘ੍ਰਿਣਾ ਹੈ ਅਤੇ ਨਾ ਹੀ ਮੰਦਿਰ ਨਾਲ ਕਿਸੇ ਪ੍ਰਕਾਰ ਦਾ ਪਿਆਰ ਹੈ। ਈਸ਼ਵਰ ਤਾਂ

ਸਰਵਵਿਆਪਕ ਹੈ। ਸਭ ਕੁਝ ਜਾਣਦਾ ਹੈ ਅਤੇ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਰਾਜਮਾਨ ਹੈ। ਇਸੇ ਲਈ ਸਹਿਜੇ ਹੀ ਆਪਣੀ ਬਾਣੀ ਵਿਚ ਹਿੰਦੂ ਤੇ ਮੁਸਲਮਾਨ ਨੂੰ ਵੱਖਰਾ ਮੰਨਣ ਤੋਂ ਇਨਕਾਰ ਕਰ ਦਿੰਦੇ ਹਨ। ਉਹ ਆਖਦੇ ਹਨ ਕਿ ਜਦ ਸਾਰੇ ਲੋਕਾਂ ਕੋਲ ਦੋ ਹੱਥ, ਦੋ ਪੈਰ ਅਤੇ ਦੋ ਕੰਨ ਹਨ ਤਾਂ ਫਿਰ ਹਿੰਦੂ-ਮੁਸਲਮਾਨ ਅਲੱਗ ਅਲੱਗ ਕਿਵੇਂ ਹੋਏ? ਸਾਰੇ ਹੀ ਵਿਅਕਤੀ ਇਕ ਸਮਾਨ ਹਨ। ਚਾਹੇ ਉਹ ਹਿੰਦੂ ਹੋਣ ਜਾਂ ਮੁਸਲਮਾਨ। ਸਿਰਫ ਦੇਸ਼, ਕਾਲ ਦੇ ਕਾਰਨ ਜਾਂ ਫਿਰ ਵਿਭਿੰਨ ਸਮਾਜਕ ਰੁੜੀਆਂ ਦੇ ਕਾਰਣ ਸਰਵ ਸਧਾਰਣ ਇਸ ਰਹੱਸ ਨੂੰ ਸਮਝਣ ਵਿਚ ਅਕਸਰ ਭੁੱਲ ਕਰ ਬੈਠਦੇ ਹਨ।

*'ਰਵਿਦਾਸ' ਭੇਖਿਆ ਸੋਧਿ ਕਰਿ, ਆਦਮ ਸਭੀ ਸਮਾਨ।*

*ਹਿੰਦੂ ਮੁਸਲਮਾਨ ਕਉ, ਸ੍ਰਿਸ਼ਟਾ ਏਕ ਭਗਵਾਨ।।*

*(ਪਦ, ਰਵਿਦਾਸ)*

ਕਹਿਣ ਤੇ ਸੁਨਣ ਨੂੰ ਇਹ ਸੰਵਾਦ ਅਜੀਬ ਲੱਗਦਾ ਹੈ ਪਰ ਸੱਚ ਤਾਂ ਇਹੀ ਹੈ ਕਿ ਲੋਕ ਜਿਸ ਪ੍ਰਭੂ, ਖ਼ੁਦਾ ਜਾਂ ਖਾਲਕ ਨੂੰ ਪੂਜਦੇ ਹਨ, ਉਸੇ ਦੇ ਬਣਾਏ ਇਨਸਾਨ ਨੂੰ ਤਰ੍ਹਾਂ ਤਰ੍ਹਾਂ ਦੇ ਕਸ਼ਟ ਦੇ ਕੇ ਉਸ ਰੱਬ ਦਾ ਅਨਾਦਰ ਕਰਦੇ ਹਨ। ਜਿਸ ਤਰ੍ਹਾਂ ਸੋਨੇ ਅਤੇ ਸੋਨੇ ਦੇ ਬਣੇ ਕੰਗਣਾਂ ਵਿਚ ਕੋਈ ਅੰਤਰ ਨਹੀਂ ਹੈ, ਉਸੇ ਤਰ੍ਹਾਂ ਹਿੰਦੂ ਤੇ ਮੁਸਲਮਾਨਾਂ ਵਿਚ ਵੀ ਕੋਈ ਅੰਤਰ ਨਹੀਂ ਹੈ। ਕੇਵਲ ਉਨ੍ਹਾਂ ਦੀ ਪ੍ਰਭੂ ਮਿਲਣ ਦੀ ਪੱਧਤੀ ਅਤੇ ਮਾਰਗ ਵਿਚ ਅੰਤਰ ਆ ਗਿਆ ਹੈ। ਦੋਹਾਂ ਵਿਚ ਲਾਲ ਰੰਗ ਦਾ ਹੀ ਖ਼ੂਨ ਹੈ। ਦੋਹਾਂ ਦੀ ਅਸਥੀ ਤੇ ਮਾਸ ਵੀ ਇਕੋ ਜਿਹਾ ਹੈ। ਇਸ ਲਈ ਦੋਹਾਂ ਵਿਚਲੀ ਜੀਵਾਤਮਾ ਵੀ ਉਸੇ ਇਕ ਰੱਬ ਦਾ ਹੀ ਅੰਸ਼ ਹੈ। ਪ੍ਰਭੂ ਦੇ ਬਣਾਏ ਸਾਰੇ ਲੋਕ ਉਸਦੇ ਹੀ ਨੂਰ ਤੋਂ ਰੌਸ਼ਨ ਹਨ। ਇਸ ਲਈ ਹਰ ਮਨੁੱਖ ਵਿਚ ਉਸੇ ਰੱਬ ਦੇ ਅੰਸ਼ ਨੂੰ ਵੇਖਣਾ ਚਾਹੀਦਾ ਹੈ। ਹਿੰਦੂ, ਮੁਸਲਮਾਨ, ਸਿੱਖ, ਈਸਾਈ, ਯਹੂਦੀ ਆਦਿ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਸਾਰੇ ਹੀ ਲੋਕਾਂ ਵਿਚ ਇਕੋ ਰੱਬ ਦਾ ਨੂਰ ਰੋਸ਼ਣ ਹੋ ਰਿਹਾ ਹੈ।

*'ਰਵਿਦਾਸ' ਉਪਜਓ ਸਭ ਇਕ ਨੂਰ ਤੇਂ, ਬ੍ਰਾਹਮਣ ਮੁਲਾ ਸੇਖ।*

*ਸਭ ਕੋ ਕਰਤਾ ਏਕ ਹੈ, ਸਭ ਨੂੰ ਏਕ ਹੀ ਭੇਖ।।*

*(ਪਦ, ਰਵਿਦਾਸ)*

ਗੁਰੂ ਰਵਿਦਾਸ ਦੇ ਸਮਕਾਲੀ ਕਬੀਰ ਜੀ ਵੀ ਕੁਝ ਇਸੇ ਤਰ੍ਹਾਂ ਦਾ ਨਾਹਰਾ ਦਿੰਦੇ ਹਨ।

*ਅੱਵਲ ਅਲਹ ਨੂਰ ਉਪਾਇਆ, ਕੁਦਰਤਿ ਦੇ ਸਭ ਬੰਦੇ।*

*ਏਕ ਨੂਰ ਤੇ ਸਭੁ ਜਗੁ ਉਪਜਿਆ, ਕੌਉਨੁ ਭਲੇ ਕੋਉਨ ਮੰਦੇ।*

*(ਸ਼ਲੋਕ, ਕਬੀਰ)*

ਗੁਰਬਾਣੀ ਵਿਚ ਆਉਂਦਾ ਹੈ-

*ਸਭ ਮਹਿ ਜੋਤਿ ਜੋਤਿ ਹੈ ਸੋਈ।।*

*(ਆਦਿ ਗ੍ਰੰਥ)*

ਇਸ ਤਰ੍ਹਾਂ ਗੁਰੂ ਰਵਿਦਾਸ ਸੰਪਰਦਾਇਕ ਏਕਤਾ ਦਾ ਇਕ ਨਵਾਂ ਤੇ ਕ੍ਰਾਂਤੀਕਾਰੀ ਆਦਰਸ਼ ਪੇਸ਼ ਕਰਦੇ

ਨਜ਼ਰ ਆਉਂਦੇ ਹਨ। ਇਸ ਕਿਸਮ ਦੇ ਵਿਚਾਰ ਇਸਲਾਮੀ ਕੱਟੜ ਪੰਥੀ ਸ਼ਾਸਕਾਂ ਦੀ ਬਾਦਸ਼ਾਹਤ ਵਿਚ ਪ੍ਰਗਟ ਕਰਨਾ ਉਨ੍ਹਾਂ ਦੀ ਨਿਡਰਤਾ ਅਤੇ ਬੁਲੰਦ ਹੌਂਸਲੇ ਦਾ ਪ੍ਰਤੀਕ ਹਨ।

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਉੱਚ ਸਦਾਚਾਰਕ ਗੁਣਾਂ ਦੇ ਕਈ ਪ੍ਰਤੀਮਾਨ ਵੀ ਸਥਾਪਿਤ ਕੀਤੇ। ਉਨ੍ਹਾਂ ਦਾ ਵਿਚਾਰ ਸੀ ਕਿ ਸਤਿ, ਸੰਤੋਸ਼ ਅਤੇ ਸਦਾਚਾਰ, ਇਹ ਤਿੰਨ੍ਹ ਗੁਣ ਮਨੁੱਖੀ ਜੀਵਨ ਦੇ ਆਧਾਰ ਹਨ। ਇਨ੍ਹਾਂ ਉਪਰ ਹੀ ਮਨੁੱਖੀ ਚਰਿੱਤਰ ਦੀ ਨੀਂਹ ਖੜੀ ਹੁੰਦੀ ਹੈ। ਅਸਲੀ ਸੂਰਬੀਰ ਵਿਅਕਤੀ ਉਹੀ ਹੈ ਜੋ ਧਰਮ ਦੀ ਖਾਤਰ ਲੜਦਾ ਹੈ ਅਤੇ ਧਰਮ ਸਤਿ, ਸੰਤੋਸ਼ ਅਤੇ ਸਦਾਚਾਰ ਦਾ ਹਾਮੀ ਹੈ। ਉਨ੍ਹਾਂ ਅਨੁਸਾਰ ਧਰਮ ਯੁੱਧ ਉਹ ਨਹੀਂ ਜਿਸ ਵਿਚ ਭੂਮੀ ਦੀ ਖਾਤਰ ਵੀਰ ਪੁਰਖ ਜਾਂ ਤਾਂ ਮਰ ਜਾਂਦਾ ਹੈ ਜਾਂ ਫਿਰ ਦੂਜਿਆਂ ਨੂੰ ਮਾਰਦਾ ਹੋਇਆ ਆਪਣੇ ਅੰਗ ਕਟਵਾ ਦਿੰਦਾ ਹੈ। ਧਰਮ ਯੁੱਧ ਤੋਂ ਭਾਵ ਤਾਂ ਉਸ ਅਪਰੋਖ ਯੁੱਧ ਤੋਂ ਹੈ ਜੋ ਮਨੁੱਖ ਸਤਿ ਦੀ ਪ੍ਰਾਪਤੀ ਲਈ ਆਉਣ ਵਾਲੀ ਅਨੇਕ ਰੁਕਾਵਟਾਂ ਜਿਵੇਂ ਕਾਮ, ਕ੍ਰੋਧ, ਹੰਕਾਰ, ਲੋਭ, ਮੋਹ ਆਦਿ ਵਿਰੁੱਧ ਲੜਦਾ ਹੈ ਅਤੇ ਇਨ੍ਹਾਂ ਦੇ ਸਨਮੁੱਖ ਕਦੇ ਸਿਰ ਨਹੀਂ ਝੁਕਾਉਂਦਾ। ਰਵਿਦਾਸ ਜੀ ਬਚਨ ਦੀ ਸਾਰਥਕਤਾ ਨੂੰ ਸਿੱਧ ਕਰਦੇ ਹੋਏ ਆਖਦੇ ਹਨ ਕਿ ਕਟਿਆ ਹੋਇਆ ਸਿਰ ਤਾਂ ਮੁੜ ਜੁੜ ਸਕਦਾ ਹੈ ਪਰ ਮੁੱਖ ਵਿਚੋਂ ਨਿਕਲਿਆ ਬਚਨ ਕਦੇ ਵਾਪਸ ਨਹੀਂ ਆਉਂਦਾ। ਇਸ ਲਈ ਆਪਣੇ ਬਚਨ ਅਤੇ ਬਾਣੀ ਤੇ ਮਨੁੱਖ ਨੂੰ ਸਦੈਵ ਨਿਯੰਤਰਣ ਰੱਖਣਾ ਚਾਹੀਦਾ ਹੈ। ਕਿਸੇ ਨੂੰ ਦਿੱਤੇ ਗਏ ਬਚਨ ਦੀ ਸਦਾ ਪਾਲਣਾ ਕਰਨੀ ਚਾਹੀਦੀ ਹੈ। ਚਾਹੇ ਬਚਨ ਪਾਲਣ ਵਿਚ ਸਿਰ ਵੀ ਕਿਉਂ ਨਾ ਗਵਾਉਣਾ ਪਵੇ? ਇਹੀ ਧਰਮ ਦਾ ਸੰਦੇਸ਼ ਵੀ ਹੈ। ਬਚਨ ਦੀ ਪਾਲਣਾ ਦੀ ਕਮੀ ਨਾਲ ਜਗਤ ਵਿਚ ਮਨੁੱਖ ਦੀ ਇੱਜ਼ਤ ਚਲੀ ਜਾਂਦੀ ਹੈ।

*'ਰਵਿਦਾਸ' ਬਚਨ ਜੌਂ ਦੇ ਦਿਓ, ਉਹ ਨ ਜਾਨੇ ਪਾਇ।*

*ਬਚਨ ਹਰੈ ਕਓ ਜਗਤ ਮਹਿੰ, ਕਛੁ ਨ ਸੇਸ ਰਹਾਇ।।*

*(ਪਦ, ਰਵਿਦਾਸ)*

ਰਵਿਦਾਸ ਜੀ ਮਨ ਨੂੰ ਸਹਿਜ ਅਵਸਥਾ ਵਿਚ ਟਿਕਾਕੇ, ਰੱਖਣ ਤੇ ਵੀ ਜ਼ੋਰ ਦਿੰਦੇ ਹਨ। ਉਹ ਆਖਦੇ ਹਨ ਕਿ ਜੇਕਰ ਇਨਸਾਨ ਜੀਵਨ ਵਿਚ ਸੁੱਖ ਲੋਚਦਾ ਹੈ ਤਾਂ ਉਸ ਨੂੰ ਸਨਮਾਰਗ ਛੱਡਕੇ ਕੁਮਾਰਗ ਉਪਰ ਕਦੇ ਨਹੀਂ ਤੁਰਨਾ ਚਾਹੀਦਾ। ਕੁਮਾਰਗ ਤੇ ਚੱਲਣ ਵਾਲੇ ਵਿਅਕਤੀ ਨੂੰ ਜੀਵਨ ਵਿਚ ਭਾਵੇਂ ਸਭ ਕੁਝ ਮਿਲ ਜਾਵੇ ਪਰ ਸੱਚੇ ਸੁੱਖ ਦੀ ਪ੍ਰਾਪਤੀ ਕਦੇ ਵੀ ਨਹੀਂ ਹੋ ਸਕਦੀ। ਕੁਮਾਰਗੀ ਵਿਅਕਤੀ ਉਪਰ ਭੈੜੀ ਸੰਗਤ ਦਾ ਰੰਗ ਛੇਤੀ ਹੀ ਚੜ੍ਹ ਜਾਂਦਾ ਹੈ ਅਤੇ ਉਹ ਆਪਣੇ ਜੀਵਨ ਨੂੰ ਬਰਬਾਦੀ ਵੱਲ ਲੈ ਜਾਂਦਾ ਹੈ। ਇਸ ਲਈ ਮਨੁੱਖ ਨੂੰ ਸਦਾ ਸੰਤਾਂ ਦੀ ਸੰਗਤ ਵਿਚ ਹੀ ਰਹਿਣਾ ਚਾਹੀਦਾ ਹੈ। ਸੰਤਾਂ ਦੀ ਸੰਗਤ ਹੀ ਸੁੱਖ ਪ੍ਰਦਾਨ ਕਰਦੀ ਹੈ। ਪਰੰਤੂ ਸੁੱਖ ਦੀ ਨਦੀ ਵਿਚ ਡੁੱਬਕੇ ਕਦੇ ਵੀ ਡੋਲਨਾ ਨਹੀਂ ਚਾਹੀਦਾ। ਇਸੇ ਤਰ੍ਹਾਂ ਹੀ ਦੁੱਖ ਭਰੀ ਅਵਸਥਾ ਵਿਚ ਰੋਣਾ-ਧੋਣਾ ਨਹੀਂ ਚਾਹੀਦਾ। ਸੁੱਖ-ਦੁੱਖ ਮਨ ਦੀ ਸਥਿਤੀਆਂ ਹਨ ਪਰ ਇਨ੍ਹਾਂ ਸਥਿਤੀਆਂ ਤੋਂ ਪਰ੍ਹੇ ਅਨੰਤ ਆਨੰਦ ਦੀ ਅਵਸਥਾ ਵੀ ਹੈ। ਜੇਕਰ ਮਨੁੱਖ ਸੁੱਖ ਤੇ ਦੁੱਖ ਦੋਹਾਂ ਨੂੰ ਸਮ ਸਮਝਕੇ ਇਨ੍ਹਾਂ ਦਾ ਮਜ਼ਾ ਲੈਣਾ ਸਿੱਖ ਲੈਂਦਾ ਹੈ ਤਾਂ ਉਸਦੇ ਸੁਭਾਅ ਵਿਚ ਸਮਤੋਲ ਲੈ ਆਉਂਦਾ ਹੈ ਤਾਂ ਉਸਦੇ ਜੀਵਨ ਦਾ ਦੁੱਖ ਵੀ ਸੁੱਖ ਬਣ ਜਾਂਦਾ ਹੈ। ਅਸਲੀ ਗਿਆਨੀ ਵਿਅਕਤੀ ਉਹੀ ਹੈ ਜੋ ਦੁੱਖ ਤੇ ਸੁੱਖ ਨੂੰ ਸਮਾਨ ਸਮਝਦਾ ਹੈ ਅਤੇ ਸੁੱਖ ਦੁੱਖ ਤੋਂ ਪਰ੍ਹੇ ਤੁਰੀਆ ਅਵਸਥਾ ਵਿਚ ਰਹਿੰਦਾ ਹੈ।

*ਸੁਖ ਦੁਖ ਸਮ ਕਰਿ ਜਾਨਹੁ, ਤਉ ਦੁਖਹਿ ਸੁਖ ਹੋਇ।*

*ਰਵਿਦਾਸ ਜੋ ਸੁਖਹਿ ਦੁਖ ਕਹੈ, ਤਉ ਸੁੱਖ ਭੀ ਦੁਖ ਹੋਇ।।*

*(ਪਦ, ਰਵਿਦਾਸ)*

ਇਸ ਪ੍ਰਕਾਰ ਦੇ ਵਿਚਾਰ ਗੁਰਬਾਣੀ ਵਿਚ ਵੀ ਗੁਰੂ ਸਾਹਿਬਾਨਾਂ ਨੇ ਪ੍ਰਗਟ ਕੀਤੇ ਹਨ ਜਦ ਉਹ ਆਖਦੇ ਹਨ:

*'ਸੁਖਿ ਦੁਖਿ ਦੁਇ ਦਰਿ ਕਪੜੇ, ਪਹਿਰਹਿ ਜਾਇ ਮਨੁਖ।।'*

*(ਸ਼ਲੋਕ, ਗੁਰੂ ਨਾਨਕ ਦੇਵ, ਆਦਿ ਗ੍ਰੰਥ)*

ਗੁਰੂ ਰਵਿਦਾਸ ਜੀ ਨੇ ਮਨੁੱਖ ਦੋਗਲੇਪਣ, ਨਿੰਦਿਆ, ਚੁਗਲੀ ਤੋਂ ਦੂਰੀ ਬਨਾਉਣ ਲਈ ਕਿਹਾ। ਉਨ੍ਹਾਂ ਦਾ ਮੰਨਣਾ ਸੀ ਕਿ ਇਨ੍ਹਾਂ ਦੋਹਾਂ ਦੁਰਗੁਣਾਂ ਨਾਲ ਸਮਾਜ ਨੂੰ ਢਾਹ ਲੱਗਦੀ ਹੈ। ਦੋਗਲੇ ਮਨੁੱਖ ਦੇ ਨੇੜੇ ਪਿਆਰ ਤੇ ਮਿਤਰਤਾ ਵਰਗੀ ਬਿਰਤੀਆਂ ਠਹਿਰ ਨਹੀਂ ਸਕਦੀਆ ਨਾ ਹੀ ਉਸ ਦੀ ਸ਼ਖਸੀਅਤ ਦਾ ਪੂਰਾ ਵਿਕਾਸ ਹੁੰਦਾ ਹੈ। ਅਜਿਹੇ ਮਨੁੱਖ ਸਮਾਜ ਅਤੇ ਦੇਸ਼ ਤੇ ਭਾਰ ਹੋ ਜਾਂਦੇ ਹਨ।

ਰਵਿਦਾਸ ਜੀ ਇਹ ਵੀ ਦੱਸਦੇ ਹਨ ਕਿ ਮਨੁੱਖ ਜਾਣ ਬੁੱਝ ਕੇ ਦੋਗਲੀ ਬ੍ਰਿਤੀ ਆਪਣੇ ਆਪ ਵਿਚ ਪੈਦਾ ਕਰਦਾ ਹੈ। ਜਾਣਦਾ ਬੁਝਦਾ ਅਣਜਾਣ ਬਣ ਜਾਂਦਾ ਹੈ, ਉਸ ਦੀ ਹਾਲਤ ਹੌਲੀ ਹੌਲੀ ਪਦਾਰਥਕ ਪ੍ਰਾਪਤੀਆਂ ਦੀ ਇੱਛਾ ਰੱਖਣ ਵਾਲੇ ਮਨੁੱਖ ਵਰਗੀ ਹੋ ਜਾਂਦੀ ਹੈ।

*ਜਾਨਿ, ਅਜਾਨ ਭਏ ਹਮ ਬਾਵਰ,*

*ਸੋਚ ਅਸੋਚ ਦਿਵਸ ਜਾਹੀ।।*

**(ਆਦਿ ਗ੍ਰੰਥ, ਪੰਨਾ 658)**

ਇਸੇ ਤਰ੍ਹਾਂ ਹੀ ਨਿੰਦਕ ਵਿਅਕਤੀ ਹੈ। ਉਹ ਭਲੇ ਕਰਮਾਂ ਦੀ ਨਿੰਦਾ ਕਰਦਿਆਂ ਬੇਲੋੜੇ ਪਾਪਾਂ ਦਾ ਭਾਰ ਆਪਣੇ ਸਿਰ ਚੁੱਕਦਾ ਫਿਰਦਾ ਹੈ। ਖਾਸਕਰ ਅਜਿਹਾ ਵਿਅਕਤੀ ਕਦੇ ਵੀ ਸਵਰਗ ਦਾ ਭਾਗੀ ਨਹੀਂ ਬਣ ਸਕਦਾ। ਉਸ ਦਾ ਮਰਣ ਮਗਰੋਂ ਵਾਸਾ ਨਰਕਾਂ ਵਿਚ ਹੁੰਦਾ ਹੈ। ਜਿਥੇ ਉਹ ਅਨੇਕਾਂ ਤਰ੍ਹਾਂ ਦੇ ਦੁੱਖਾਂ ਨੂੰ ਵਹਿਣ ਕਰਦਾ ਹੈ।

*ਨਿੰਦਾ ਕਹਾ ਕਰਹੁ ਸੰਸਾਰਾ।।*

*ਨਿੰਦਕ ਕਾ ਪਰਗਟ ਪਾਹਾਰਾ।।*

*ਨਿੰਦਕ ਸੋਧਿ ਸਾਧਿ ਬੀਚਾਰਿਆ।।*

*ਕਹੁ ਰਵਿਦਾਸ ਪਾਪੀ ਨਰਕ ਸਿਧਾਰਿਆ।।*

**(ਆਦਿ ਗ੍ਰੰਥ, ਪੰਨਾ 875)**

ਇਸੇ ਲਈ ਗੁਰੂ ਰਵਿਦਾਸ ਜੀ 'ਬੇਗਮਪੁਰੇ ਸ਼ਹਿਰ ਕੋ ਨਾਓ' ਸ਼ਬਦ ਦੇ ਰਾਹੀਂ ਅਜਿਹੇ ਸਮਾਜਕ ਤੇ ਰਾਜਨੀਤਕ ਸਮਾਨਤਾ ਵਾਲੇ ਦੇਸ਼ ਦੀ ਕਲਪਨਾ ਕਰਦੇ ਹਨ ਜਿਥੇ ਸਹੀ ਅਰਥਾਂ ਵਿਚ 'ਹੈਵ' ਅਤੇ 'ਹੈਵ ਨਾਟਸ' ਦਾ ਅੰਤਰ ਖਤਮ ਹੋ ਜਾਂਦਾ ਹੈ। ਡਰ, ਸਹਿਮ, ਚਿੰਤਾ, ਸੋਚ ਅਤੇ ਘਬਰਾਹਟ ਦੀ ਥਾਂ ਮਨੁੱਖੀ ਏਕਤਾ, ਸਾਂਝੀਵਾਲਤਾ, ਆਪਸੀ ਬਰਾਬਰੀ ਅਤੇ ਉਨਤੀ ਦੇ ਇਕ ਸਮਾਨ ਮੌਕੇ ਲੈ ਲੈਂਦੇ ਹਨ। ਇਹ ਇਕ ਅਜਿਹਾ

ਰਾਜ ਹੈ ਜਿਸ ਤੱਕ ਮਾਰਕਸਵਾਦ ਦੇ ਜਨਮਦਾਤਾ ਕਾਰਲ ਮਾਰਕਸ ਅਤੇ ਫੈਡ੍ਰਿਕ ਏਂਗਲਜ਼ ਤੇ ਰਿਪਬਲਿਕ ਤੇ ਸੰਕਲਪ ਦੇ ਜਨਮਦਾਤਾ ਅਰਸਤੂ ਵੀ ਨਹੀਂ ਪਹੁੰਚਾ ਸਕੇ ਹਨ। ਰੂਹਾਨੀ ਦ੍ਰਿਸ਼ਟੀ ਤੋਂ ਵੀ ਸੰਕਲਪ ਮਨੁਖ ਨੂੰ ਪ੍ਰਭੂ ਦੇ ਉਸ ਧਾਮ ਵੱਲ ਜਾਣ ਦੀ ਪ੍ਰੇਰਨਾ ਦਿੰਦਾ ਹੈ ਜਿਥੇ ਵੱਖ ਵੱਖ ਜੀਵ ਇਸਤਰੀਆਂ ਹਰ ਗਮ, ਡਰ, ਫਿਕਰ, ਦੁੱਖ, ਤਕਲੀਫ, ਕ੍ਰੋਧ, ਭੈਅ, ਦਵੇਸ਼ ਅਤੇ ਪੰਞਾਂ ਵਿਕਾਰਾਂ ਤੋਂ ਮੁਕਤ ਹੋ ਕੇ ਪ੍ਰਭੂ ਦਾ ਨਾਮ ਸਿਮਰਨ ਕਰਦਿਆਂ ਹੋਏ ਵਿਚਰਦੀਆਂ ਹਨ। ਇਸ ਧਾਮ ਵਿਚ ਸੁੱਖ ਹੀ ਸੁੱਖ ਹੈ। ਕਿਧਰੇ ਵੀ ਪ੍ਰਭੂ ਦੇ ਵਿਛੋੜੇ ਦਾ ਗਮ ਤੇ ਵਿਸ਼ਾਦ ਨਹੀਂ ਹੈ।

***ਬੇਗਮ ਪੁਰਾ ਸਹਰ ਕੋ ਨਾਉ। ਦੂਖੁ ਅੰਦੋਹ ਨਹੀ ਤਿਹਿ ਠਾਉ।***

***ਨ ਤਸਵੀਸ ਖਿਰਾਜੁ ਨ ਮਾਲੁ। ਖਉਫੁ ਨ ਖਤਾ ਨ ਤਰਸ ਜਵਾਲੁ।।***

***ਅਬ ਮੋਹਿ ਖੂਬ ਵਤਨ ਗਹ ਪਾਈ। ਉਹਾਂ ਖੈਰਿ ਸਦਾ ਮੇਰੇ ਭਾਈ।।***

**(ਆਦਿ ਗ੍ਰੰਥ, ਪੰਨਾ 346)**

ਇਹ ਸ਼ਬਦ ਇਕੋ ਅਜਿਹੇ ਆਦਰਥ ਰਾਜ ਦਾ ਸਿਧਾਂਤ ਪੇਸ਼ ਕਰਦਾ ਹੈ ਜੋ ਸਹੀ ਅਰਥਾਂ ਵਿਚ ਮਾਰਕਸਵਾਦ ਤੋਂ ਕਿਧਰੇ ਵੱਧ ਸਮਾਜਕ ਬਰਾਬਰੀ, ਭਾਰਤਰੀ ਏਕਤਾ ਅਤੇ ਵਿਸ਼ਵ ਬੰਧੁਤਵ ਦੀ ਭਾਵਨਾ ਨੂੰ ਪੇਸ਼ ਕਰਦਾ ਹੈ।

ਇਸ ਪ੍ਰਕਾਰ ਗੁਰੂ ਰਵਿਦਾਸ ਦੀ ਬਾਣੀ ਸਮੁੱਚੇ ਵਿਸ਼ਵ ਤੇ ਸਮਾਜ ਦੇ ਸਾਹਮਣੇ ਅਦਭੁੱਤ, ਅਲੌਕਿਕ, ਅਨੁਠੇ ਅਤੇ ਨਿਵੇਕਲੇ ਸਮਾਜਕ ਅਤੇ ਪ੍ਰਤੀਮਾਨ ਸਥਾਪਿਤ ਕਰਦੇ ਹਨ ਜੋ ਅੱਜ ਵੀ ਓਨੇ ਹੀ ਸਾਰਥਕ ਹਨ ਜਿੰਨੇ ਕਿ ਉਸ ਵਕਤ ਦੀ ਪਰਿਸਥਿਤੀਆਂ ਵਿਚ। ਲੋੜ ਕੇਵਲ ਇਨ੍ਹਾਂ ਸਮਾਜਕ ਪ੍ਰਤੀਮਾਨਾਂ ਅਤੇ ਆਦਰਸ਼ਾਂ ਨੂੰ ਮਨੋ ਵਿਚਾਰਨ ਅਤੇ ਦਿਲ ਵਿਚ ਧਾਰਨ ਕਰਨ ਦੀ ਹੈ ਜੋ ਸਹੀ ਅਰਥਾਂ ਵਿਚ ਗੁਰੂ ਰਵਿਦਾਸ ਵੱਲੋਂ ਵੇਖੇ ਨਵੇਂ ਸਮਾਜ ਦੀ ਕਲਪਨਾ ਦੇ ਸੁਫਨੇ ਨੂੰ ਸਾਕਾਰ ਕੀਤਾ ਜਾ ਸਕੇ।

## 6.5 ਬੇਗ਼ਮਪੁਰੇ ਦਾ ਆਦਰਸ਼

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਾਲ ਦੀਆਂ ਕਠੋਰ ਤੇ ਨਿਰਦਈ, ਪਰਿਸਥਿਤੀਆਂ ਹੀ ਮਹਾਂਪੁਰਖਾਂ ਦੇ ਜਨਮ ਦਾ ਕਾਰਨ ਬਣਦੀਆਂ ਹਨ। ਗੁਰੂ ਰਵਿਦਾਸ ਜੀ ਵੀ ਅਜਿਹੇ ਮਹਾਂਪੁਰਖ ਹੋਏ ਹਨ ਜੋ ਸਮੇਂ, ਕਾਲ ਤੇ ਸਥਾਨ ਦੀਆਂ ਤੰਗ ਵਲਗਣਾਂ ਤੋਂ ਪਾਰ ਲੋਕ ਮੰਗਲ ਦੀ ਭਾਵਨਾ ਨਾਲ ਅੱਜ ਵੀ ਮਨੁੱਖ ਜਾਤੀ ਨੂੰ ਆਸ਼ਾ ਦਾ ਦੀਪਕ ਵਿਖਾ ਰਹੇ ਹਨ। ਉਨ੍ਹਾਂ ਦੀ ਦੂਰਦਰਸ਼ੀ ਅਤੇ ਨਿਮਰਬਾਣੀ ਭਗਤੀ ਕਾਲ ਦੇ ਮਹਤੱਵਪੂਰਨ ਸੰਤਾਂ ਵਿਚੋਂ ਇਕ ਦੇ ਤੌਰ ਤੇ ਉਨ੍ਹਾਂ ਨੂੰ ਸਥਾਪਿਤ ਕਰਦੀ ਹੈ। ਉਹ ਗਰੀਬ ਸ਼ੂਦਰ ਪਰਿਵਾਰ ਵਿਚ ਪੈਦਾ ਹੋਏ ਉਨ੍ਹਾਂ ਨੇ ਦਲਿਤ ਜਾਤੀ ਨਾਲ ਹੁੰਦੇ ਅਤਿਆਚਾਰਾਂ ਨੂੰ ਹੱਢੀਂ ਹੰਢਾਇਆ। ਇਸ ਮਾਨਸਿਕ ਪੀੜਾ ਵਿਚੋਂ ਅਜਿਹੇ ਆਦਰਸ਼ ਭਾਰਤ ਦਾ ਸੁਫਨਾ ਭਾਰਤੀਆਂ ਨੂੰ ਦਿੱਤਾ, ਜੋ ਆਪਣੇ ਆਪ ਵਿਚ ਮਿਸਾਲ ਹੈ।

ਰਵਿਦਾਸ ਜੀ ਸੱਚਮੁੱਚ ਹਨੇਰੇ ਵਿਚ ਡੁੱਬੀ ਦੁਨੀਆਂ ਲਈ ਸੂਰਜ ਸਨ। ਉਨ੍ਹਾਂ ਨੇ ਅਤਿਆਚਾਰ ਰੂਪੀ ਬੁਰਾਈ ਨਾਲ ਕਦੇ ਸਮਝੌਤਾ ਨਹੀਂ ਕੀਤਾ ਅਤੇ ਨਾ ਹੀ ਉਹ ਗਲਤ ਕਦਰਾਂ ਕੀਮਤਾਂ ਅੱਗੇ ਝੁਕੇ। ਉਨ੍ਹਾਂ ਨੇ ਕਥਨੀ ਅਤੇ ਕਰਨੀ ਵਿਚ ਕੋਈ ਅੰਤਰ ਨਾ ਰੱਖਦੇ ਹੋਏ ਆਪਣਾ ਪੈਤ੍ਰਿਕ ਕਾਰੋਬਾਰ ਕਰਦਿਆਂ ਪ੍ਰਭੂ ਦੇ ਸਿਮਰਨ ਰਾਹੀਂ ਬ੍ਰਹਮਲੋਕ ਦੀ ਪ੍ਰਾਪਤੀ ਕੀਤੀ ਅਤੇ ਭਾਰਤੀ ਜਨਤਾ ਅਤੇ ਪੂਰੇ ਵਿਸ਼ਵ ਨੂੰ ਬੇਗਮਪੁਰੇ ਦਾ

ਆਦਰਸ਼ ਦਿੱਤਾ।

ਬੇਗ਼ਮਪੁਰੇ ਦਾ ਆਦਰਸ਼ ਗੁਰੂ ਰਵਿਦਾਸ ਵੱਲੋਂ ਸਥਾਪਿਤ ਕੀਤਾ ਇਕ ਅਜਿਹਾ ਆਦਰਸ਼ ਹੈ ਜੋ ਆਧੁਨਿਕ ਸਮਾਜਵਾਦੀ ਸੋਚ ਦੇ ਜਨਮਦਾਤਾ ਕਾਰਲ ਮਾਰਕਸ, ਫ੍ਰੈਡਰਿਕ ਏਂਗਲਜ਼ ਅਤੇ ਅਰਸਤੂ ਦੇ ਰਿਪਬਲਿਕ ਦੇ ਸੰਕਲਪ ਤੋਂ ਕੀਤੇ ਅਗਾਂਹ ਦਾ ਹੈ। ਇਹ ਆਦਰਸ਼ ਓਪਰੀ ਦ੍ਰਿਸ਼ਟੀ ਤੋਂ ਬੇਸ਼ਕ ਇਕ ਅਜਿਹੇ ਰਾਜ ਜਾਂ ਦੇਸ਼ ਦੀ ਕਲਪਨਾ ਕਰਦੇ ਨਜ਼ਰ ਆਉਂਦਾ ਹੈ, ਜਿਸ ਵਿਚ ਕਿਸੇ ਕਿਸਮ ਦੀ ਨਾ ਬਰਾਬਰੀ ਜਾਂ ਵਿਤਕਰਾ ਨਹੀਂ, ਸਭ ਲੋਕ ਸਮਾਨ ਹਨ। ਧਰਮ, ਜਾਤ, ਨਸਲ, ਰੰਗ ਆਦਿ ਦੇ ਭੇਦਭਾਵ ਤੋਂ ਕਿਤੇ ਉਪਰ ਉਹ ਇਕ ਅਜਿਹੇ ਰਾਜ ਵਿਚ ਵਾਸ ਕਰ ਰਹੇ ਹਨ ਜਿਥੇ ਉਨ੍ਹਾਂ ਨੂੰ ਸਮਾਨ ਰੂਪ ਵਿਚ ਤਰੱਕੀ ਦੇ ਸਾਰੇ ਮੌਕੇ ਮੌਜੂਦ ਹਨ। ਇਸ ਤਰ੍ਹਾਂ ਉਹ ਬਿਨਾਂ ਕਿਸੇ ਗਮ, ਡਰ, ਭੈਅ, ਦਹਿਸ਼ਤ ਦੇ ਇਕ ਆਦਰਸ਼ ਜੀਵਨ ਜੀਅ ਰਹੇ ਸਨ। ਪਰ ਜੇਕਰ ਗਹੁ ਨਾਲ, ਡੂੰਘਾਈ ਨਾਲ ਇਸ ਸ਼ਬਦ ਬਾਰੇ ਸੋਚਿਆ ਜਾਵੇ ਤਾਂ ਇਸਦੇ ਧੁਰ ਅੰਦਰ ਇਕ ਅਨੋਖੇ ਅਧਿਆਤਮਕ ਸੱਚ ਦੇ ਦਰਸ਼ਨ ਹੁੰਦੇ ਹਨ। ਇਹ ਦਰਸ਼ਨ ਹਿੰਦੂ ਧਰਮ ਸ਼ਾਸਤਰਾਂ ਵਿਚ ਬੈਕੁੰਠਧਾਮ ਨਾਲ ਜੁੜਿਆ ਹੈ। ਬੈਕੁੰਠਧਾਮ ਉਹ ਧਾਮ ਹੈ ਜਿਥੇ ਪਰਮਾਤਮਾ ਦਾ ਨਿਵਾਸ ਹੈ ਤੇ ਮੁਕਤੀ ਪ੍ਰਾਪਤ ਹੁੰਦੀ ਹੈ। ਠੀਕ ਉਸੇ ਤਰ੍ਹਾਂ ਬੇਗਮਪੁਰਾ ਗੁਰੂ ਰਵਿਦਾਸ ਦੇ ਧੁਰ ਡੂੰਘਾਣਾਂ ਵਿਚ ਸਥਿਤ ਬੇਗਮਪੁਰਾ ਪ੍ਰਭੂ ਦਾ ਉਹ ਧਾਮ ਹੈ ਜਿਥੇ ਇਨਸਾਨ ਦੁਨੀਆ ਦੇ ਹਰ ਫਿਕਰ, ਗਮ, ਦੁੱਖ, ਤਕਲੀਫ, ਕ੍ਰੋਧ, ਭੈਅ, ਦਵੇਸ਼ ਅਤੇ ਪੰਜਾਂ ਵਿਕਾਰਾਂ ਤੋਂ ਮੁਕਤ ਹੋ ਕੇ ਵਿਚਰਣ ਕਰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਜਿਹੇ ਵਿਕਾਰਾਂ ਤੋਂ ਦੂਰ ਪ੍ਰਭੂ ਦੀ ਭਗਤੀ ਵਿਚ ਲੀਨ ਹਰ ਪ੍ਰਕਾਰ ਦੇ ਗ਼ਮ ਤੋਂ ਮੁਕਤ ਹੋ ਜਾਂਦਾ ਹੈ। ਇਥੇ ਪ੍ਰਭੂ ਮਿਲਾਪ ਦਾ ਅਨੋਖਾ ਸੁੱਖ ਤਾਂ ਹੀ ਹੈ, ਸਗੋਂ ਇਸ ਬੇਗਮਪੁਰੇ ਵਿਚ ਨਿਵਾਸ ਕਰਨ ਵਾਲੇ ਜੀਵ ਇਸਤਰੀਆਂ ਪ੍ਰਭੂ ਦੇ ਵਿਛੋੜੇ ਦੇ ਗਮ ਤੋਂ ਵੀ ਪੂਰੀ ਤਰ੍ਹਾਂ ਮੁਕਤ ਹਨ। ਨਾ ਆਵਾਗਮਨ ਦੇ ਚੱਕਰਾਂ ਦਾ ਡਰ ਤੇ ਨਾ ਹੀ ਕਰਮਾਂ ਦੇ ਚੱਕਰਾਂ ਦੇ ਵਿਚ ਬੱਝਣ ਦਾ ਝੰਝਟ ਅਤੇ ਨਾ ਹੀ ਕਿਸੇ ਕਿਸਮ ਦੀ ਵਾਸਨਾਵਾਂ। ਮਨ ਦੀ ਅਡੋਲ ਤੇ ਨਿਡਰ ਅਵਸਥਾ ਮਨੁੱਖ ਨੂੰ ਸਦਾ ਪ੍ਰਭੂ ਨਾਲ ਜੋੜੇ ਰੱਖਦੀ ਹੈ। ਬੇਗ਼ਮਪੁਰੇ ਵਿਚ ਜਾਤ, ਪਾਤ, ਉੱਚ ਨੀਚ ਦਾ ਭੇਦਭਾਵ ਨਾ ਹੋਣ ਕਾਰਨ ਜੀਵ ਇਸਤਰੀਆਂ ਆਤਮ ਸਨਮਾਨ, ਸਹਿਤ ਮਿਲਜੁਲ ਕੇ ਪ੍ਰਭੂ ਭਜਨ ਵਿਚ ਡੁੱਬੀਆਂ ਰਹਿਣਦੀਆਂ ਹਨ।

ਜੇਕਰ ਹੋਰ ਧਿਆਨ ਨਾਲ ਇਸ ਸ਼ਬਦ ਨੂੰ ਵਾਚਿਆ ਜਾਵੇ ਤਾਂ ਇਸ ਸ਼ਬਦ ਦੇ ਧੁਰ ਅੰਦਰ ਗੁਰੂ ਰਵਿਦਾਸ ਜੀ ਦੇ ਬਚਪਨ ਤੋਂ ਅਖੌਤੀ ਨੀਵੀਂ ਜਾਤੀ ਦੇ ਵਿਚ ਪੈਦਾ ਹੋਣ ਅਤੇ ਹਿਯ ਦ੍ਰਿਸ਼ਟੀ ਨਾਲ ਵੇਖਿਆ ਜਾਣ ਦਾ ਦਰਦ ਵੀ ਸਮੋਇਆ ਨਜ਼ਰ ਆਉਂਦਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਰਵਿਦਾਸ ਜੀ ਦੇ ਪੁਰਖੇ ਮਰੇ ਪਸ਼ੂਆਂ ਦੀ ਖੱਲ ਲਾਹ ਕੇ ਜੁੱਤੀਆਂ ਬਨਾਉਣ ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਵੀ ਇਹੀ ਪੇਸ਼ਾ ਅਖਤਿਆਰ ਕੀਤਾ।

***ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ।।***

**(ਆਦਿ ਗ੍ਰੰਥ, ਪੰਨਾ 1293)**

ਜਦਕਿ ਉਸ ਵਕਤ ਦੇ ਸਮਾਜ ਵਿਚ ਜਾਤੀ ਪ੍ਰਥਾ ਦਾ ਬੋਲਬਾਲਾ ਸੀ ਤੇ ਚਮਾਰ ਜਾਤੀ ਨੂੰ ਅਖੌਤੀ ਨੀਵੀਂ ਜਾਤ ਮੰਨ ਕੇ ਇਨ੍ਹਾਂ ਦੀ ਭਿੱਟ ਮੰਨੀ ਜਾਂਦੀ ਸੀ। ਉਨ੍ਹਾਂ ਨੂੰ ਪਿੰਡਾਂ ਤੋਂ ਦੂਰ ਬਾਹਰ ਵੱਖ ਬਸਤੀਆਂ ਵਿਚ ਰਹਿਣ ਲਈ ਕਿਹਾ ਜਾਂਦਾ ਸੀ। ਨੀਵੀਂ ਜਾਤ ਦੇ ਪਰਛਾਵੇਂ ਨੂੰ ਮਾੜਾ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਮੰਦਰ ਜਾਣ ਜਾਂ ਵੇਦਾਂ ਦਾ ਅਧਿਐਨ ਕਰਨ ਦੀ ਆਗਿਆ ਨਹੀਂ ਸੀ। ਗੁਰੂ ਰਵਿਦਾਸ ਅਤੇ ਉਨ੍ਹਾਂ ਦੇ ਸਮਕਾਲੀ ਭਗਤਾਂ ਅਤੇ ਅਨੇਕ ਸੰਤਾਂ ਨੂੰ ਵੀ ਆਪਣੀ ਜਾਤੀ ਕਾਰਨ ਸਮਾਜ ਵੱਲੋਂ ਦਿੱਤੇ ਇਸ ਤ੍ਰਿਸਕਾਰ ਨੂੰ ਸਹਿਣਾ

ਪਿਆ।

*ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ।*

*ਬਲਿਹਾਰੀ ਜਿਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ।*

**(ਆਦਿ ਗ੍ਰੰਥ, ਪੰਨਾ 1364)**

ਰਵਿਦਾਸ ਜੀ ਦਾ ਜਨਮ ਇਕ ਕਿਰਤੀ ਤੇ ਨਿਮਨ ਵਰਗ ਦੇ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਨੇ ਬਜ਼ੁਰਗ ਮਰੇ ਪਸ਼ੂਆਂ ਦੀ ਢੋ-ਢਵਾਈ ਕਰਨ, ਚਮੜੀ ਛਿੱਲਣ, ਚਮੜਾ ਕੁੱਟਣ ਤੇ ਜੁੱਤੀਆਂ ਬਨਾਉਣ ਦਾ ਕੰਮ ਕਰਦੇ ਸਨ। ਉਹ ਬਨਾਰਸ ਸ਼ਹਿਰ ਤੋਂ ਦੂਰ ਸ਼ੂਦਰਾਂ ਦੀ ਬਣੀ ਇਕ ਬਸਤੀ ਵਿਚ ਰਹਿੰਦੇ ਸਨ। ਉਸ ਵਕਤ ਦੇ ਕੁਲੀਨ ਵਰਗ ਵੱਲੋਂ ਉਨ੍ਹਾਂ ਨੂੰ ਬੜੇ ਤਿਰਸਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ ਤੇ ਉਨ੍ਹਾਂ ਦੇ ਪਰਛਾਵੇਂ ਤੱਕ ਦੀ ਭਿੱਟ ਮੰਨੀ ਜਾਂਦੀ ਸੀ। ਪਰ ਗੁਰੂ ਰਵਿਦਾਸ ਜੀ ਨੇ ਆਪਣੇ ਇਸ ਪੁਰਖਾਂ ਦੇ ਕਾਰਜ ਕਰਦੇ ਹੋਏ ਕਿਸੇ ਕਿਸਮ ਦੀ ਸ਼ਰਮ ਤੇ ਗਿਲਾਨੀ ਦਾ ਅਨੁਭਵ ਨਹੀਂ ਕੀਤਾ, ਬਲਕਿ ਪੂਰੇ ਵਿਸ਼ਵਾਸ ਨਾਲ ਆਪਣੇ ਚਮਾਰ ਜਾਤੀ ਤੋਂ ਹੋਣ ਅਤੇ ਜੁੱਤੀਆਂ ਬਨਾਉਣ ਦਾ ਕਾਰਜ ਕਰਨ ਦੀ ਉਦਘੋਸ਼ਣਾ ਕੀਤੀ।

ਉਸ ਯੁੱਗ ਵਿਚ ਚਮਾਰੀ ਦੇ ਕਾਰਜ ਨੂੰ ਬਹੁਤ ਘਟੀਆ ਮੰਨਿਆ ਜਾਂਦਾ ਸੀ ਪਰ ਗੁਰੂ ਰਵਿਦਾਸ ਜੀ ਨੇ ਪ੍ਰਭੂ ਭਗਤ ਹੁੰਦੇ ਹੋਏ ਵੀ ਉਸ ਕਾਰਜ ਨੂੰ ਨਾ ਛੱਡਿਆ। ਜਦ ਬ੍ਰਾਮਣ ਵਾਦ ਨੇ ਇਸਦਾ ਤੀਬਰ ਵਿਰੋਧ ਕੀਤਾ ਤਾਂ ਰਵਿਦਾਸ ਜੀ ਨੇ ਕਿਹਾ-

*'ਰਵਿਦਾਸ' ਹੌ ਨਿਜ ਹਾਥਹਿਂ, ਰਾਖੌ ਰਾਂਬੀ ਆਰ।*

*ਸੁਕਿਰਤਿ ਹੀ ਮਮ ਧਰਮ ਹੈ, ਤਾਰੈਗਾ ਭਵ ਭਾਰ॥*

*(ਪਦ, ਰਵਿਦਾਸ)*

ਇਸ ਤਰ੍ਹਾਂ ਹਰ ਸਮੇਂ ਆਪਣੇ ਹੱਥ ਵਿਚ ਜੁੱਤੀਆਂ ਗੰਢਣ ਦਾ ਔਜ਼ਾਰ ਧਾਰਨ ਕਰਨ ਵਾਲੇ ਰਵਿਦਾਸ ਜੀ ਨੂੰ ਇਹ ਪਿਤਾ ਪੁਰਖੀ ਕੰਮ ਸਵਾਭੀਮਾਨ ਨਾਲ ਜੀਉਣ ਅਤੇ ਭਵਸਾਗਰ ਤੋਂ ਪਾਰ ਉਤਰਨ ਦਾ ਇਕ ਮਾਤਰ ਸਾਧਨ ਮੰਨਿਆ।

ਇੰਨਾ ਹੀ ਬਸ ਨਹੀਂ ਉਸ ਵਕਤ ਦੀ ਰਾਜਨੀਤਕ ਅਵਸਥਾ ਵੀ ਅਸਥਿਰਤਾ ਭਰੀ ਸੀ। ਭਾਰਤ ਛੋਟੇ ਛੋਟੇ ਭਾਗਾਂ ਵਿਚ ਵੰਡਿਆ ਪਿਆ ਸੀ। ਮੁਸਲਮਾਨ ਸ਼ਾਸ਼ਕਾਂ ਵਰਗ ਤੇ ਹਮਲਾਵਰਾਂ ਦਾ ਡਰ ਹਮੇਸ਼ਾ ਆਮ ਜਨਤਾ ਤੇ ਛਾਇਆ ਰਹਿੰਦਾ ਸੀ। ਉਹ ਇਸਲਾਮ ਦੀ ਥਾਂ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਵੱਖਰਾ ਕਰ ਵੀ ਲਗਾਉਂਦੇ ਸਨ, ਜਿਸ ਨੂੰ ਜ਼ਜ਼ਿਆ ਕਿਹਾ ਜਾਂਦਾ ਸੀ। ਕਰ ਨਾ ਦੇਣ ਵਾਲੇ ਨੂੰ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਸਨ। ਆਮ ਜਨਤਾ ਖੌਫ ਵਿਚ ਜੀਉਂਦੀ ਸੀ ਕਿ ਕਿਧਰੇ ਸਰਕਾਰ ਪ੍ਰਤੀ ਕੋਈ ਖ਼ਤਾ ਨਾ ਕਰ ਬੈਠੇ। ਗੁਰੂ ਰਵਿਦਾਸ ਜੀ ਨੇ ਇਹ ਡਰ ਆਮ ਜਨਤਾ ਦੇ ਮਨ ਅੰਦਰੋਂ ਮਹਿਸੂਸ ਕੀਤਾ ਅਤੇ ਅਜਿਹੇ ਰਾਜ ਦੀ ਕਲਪਨਾ ਕੀਤੀ ਜੋ ਕਰ ਰਹਿਤ ਅਤੇ ਧਰਮ ਦੇ ਆਧਾਰ ਤੇ ਹੋਣ ਵਾਲੇ ਭੇਦਭਾਵ ਤੋਂ ਮੁਕਤ ਹੋਵੇ ਅਤੇ ਜਿਸ ਦੀ ਸਰਕਾਰ ਵੀ ਸਥਿਰ ਹੋਵੇ। ਇਸੇ ਲਈ ਗੁਰੂ ਰਵਿਦਾਸ ਜੀ ਨੇ ਆਪਣੇ ਇਸ ਸ਼ਬਦ ਵਿਚ ਰਾਜਨੀਤਿਕ ਸਥਿਰਤਾ ਨੂੰ ਪ੍ਰਭੂ ਦੀ ਸਥਿਰਤਾ ਨਾਲ ਜੋੜਿਆ। ਧਰਤੀ ਅਤੇ ਧਰਤੀ ਉਤੇ ਪੈਦਾ ਹੋਇਆ ਜੀਵ ਨਾਸ਼ਵਾਨ ਹੈ, ਕਾਲ ਦੇ ਚੱਕਰ ਵਿਚ ਫਸਿਆ ਹੈ। ਪਰੰਤੂ ਪ੍ਰਭੂ ਅਕਾਲ ਪੁਰਖ ਹੈ, ਨਾਸ਼ ਰਹਿਤ, ਅਜਨਮਾ ਅਤੇ ਅਜੂਨੀ

ਹੈ। ਉਸ ਦਾ ਧਾਮ ਹੀ ਮਨੁੱਖੀ ਮੁਕਤੀ ਦਾ ਅਜਿਹਾ ਧਾਮ ਹੈ, ਜੋ ਸਦਾ ਉਸ ਵਾਂਗ ਹੀ ਸਥਿਰ ਹੈ ਅਵਿਨਾਸ਼ੀ ਹੈ। ਸਦਾ ਆਬਾਦ ਰਹਿਣ ਵਾਲਾ ਹੈ। ਉਸ ਧਾਮ ਦੀ ਪ੍ਰਾਪਤੀ ਲਈ ਮਨੁੱਖ ਆਪਣੀ ਭਗਤੀ ਰਾਹੀਂ ਉਸ ਰੱਬ ਨਾਲ ਇਕਮਿਕਤਾ ਹਾਸਲ ਕਰਨੀ ਪੈਂਦੀ ਹੈ, ਜਿਵੇਂ ਗੁਰੂ ਰਵਿਦਾਸ ਜੀ ਨੇ ਪ੍ਰਾਪਤ ਕੀਤੀ।

ਗੁਰੂ ਰਵਿਦਾਸ ਜੀ ਨੇ ਹਤਾਸ਼ ਤੇ ਨਿਰਾਸ਼ ਹੋ ਚੁੱਕੀ ਨਾ ਸਿਰਫ਼ ਦਲਿਤ ਜਾਤੀ ਨੂੰ ਹੀ ਸਗੋਂ ਸੰਪੂਰਣ ਭਾਰਤੀ ਸਮਾਜ ਨੂੰ ਪੂਰੀ ਨਿਮਰਤਾ ਦੇ ਨਾਲ ਰੂੜੀਵਾਦੀ ਸਮਾਜ ਤੇ ਇਸਲਾਮੀ ਸ਼ਾਸਕਾਂ ਦੇ ਕਹਿਰ ਨਾਲ ਲੜਨਾ ਸਿਖਾਇਆ। ਉਨ੍ਹਾਂ ਉਸ ਵਕਤ ਆਪਣੇ ਮਾਨਵਵਾਦੀ ਵਿਚਾਰਾਂ ਨੂੰ ਬੇਗਮਪੁਰੇ ਦੇ ਆਦਰਸ਼ ਵਿਚ ਢਾਲ ਕੇ ਪੇਸ਼ ਕੀਤਾ ਜਦੋਂ ਇਸ ਬਾਰੇ ਸੋਚਣਾ ਵੀ ਹਿੰਮਤ ਦਾ ਕੰਮ ਸੀ। ਉਨ੍ਹਾਂ ਦੇ ਕ੍ਰਾਂਤੀਕਾਰੀ ਮਾਨਵਵਾਦੀ ਵਿਚਾਰ ਹੀ ਸਮਾਜ ਦੇ ਸਾਹਮਣੇ ਬੇਗਮਪੁਰਾ ਨਾਂ ਦੇ ਇਕ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਜੋ ਉਨ੍ਹਾਂ ਲਈ ਆਸ਼ਾ ਦਾ ਇਕਮਾਤਰ ਸੋਮਾ ਸੀ।

***ਬੇਗਮ ਪੁਰਾ ਸਹਰ ਕੋ ਨਾਉ।***
***ਦੂਖੁ ਅੰਦੋਹ ਨਹੀ ਤਿਹਿ ਠਾਉ॥***
***ਨ ਤਸਵੀਸ ਖਿਰਾਜੁ ਨ ਮਾਲੁ।***
***ਖਉਫੁ ਨ ਖਤਾ ਨ ਤਰਸੁ ਜਵਾਲੁ॥***
***ਅਬ ਮੋਹਿ ਖੂਬ ਵਤਨ ਗਹ ਪਾਈ।***
***ਊਹਾਂ ਖੈਰਿ ਸਦਾ ਮੇਰੇ ਭਾਈ॥***

**(ਆਦਿ ਗ੍ਰੰਥ, ਪੰਨਾ 346)**

ਗੁਰੂ ਰਵਿਦਾਸ ਜੀ ਦੇ ਜਨਮ ਸਮੇਂ ਇਸਲਾਮ ਦਾ ਬੋਲਬਾਲਾ ਸੀ। ਦੇਸ਼ ਗੁਲਾਮੀ ਦੀ ਜੰਜੀਰਾਂ ਵਿਚ ਜਕੜਿਆ ਪਿਆ ਸੀ। ਮੁਸਲਮਾਨ ਰਾਜੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ।

ਇਸੇ ਤਰ੍ਹਾਂ ਇਸਲਾਮੀ ਸ਼ਾਸਨ ਪ੍ਰਬੰਧ ਬਾਰੇ ਇਤਿਹਾਸਕਾਰਾਂ ਦੇ ਵੀ ਇਸੇ ਤਰ੍ਹਾਂ ਦੇ ਵਿਚਾਰ ਸਨ।

'ਮੱਧਕਾਲ ਵਿਚ ਇਸਲਾਮ ਧਰਮ ਪਤਨ ਵੱਲ ਜਾ ਰਿਹਾ ਸੀ। ਇਸ ਧਰਮ ਦੀ ਵਿਆਪਕਤਾ ਖਤਮ ਹੋ ਰਹੀ ਸੀ। ਮੁਸਲਮਾਨ ਤਲਵਾਰ ਦੇ ਸਿਰ ਤੇ ਇਸਲਾਮ ਦਾ ਪ੍ਰਚਾਰ ਕਰਦੇ ਸਨ ਅਤੇ ਹਰ ਰੋਜ਼ ਹਜ਼ਾਰਾਂ ਹਿੰਦੂਆਂ ਨੂੰ ਧਰਮ ਤੋਂ ਬੇਮੁਖ ਕਰਕੇ ਆਪਣੇ ਧਰਮ ਵਿਚ ਸ਼ਾਮਲ ਹੋਣ ਲਈ ਮਜ਼ਬੂਰ ਕਰਦੇ ਸਨ। ਉਨ੍ਹਾਂ ਵੱਲੋਂ ਇਨਕਾਰੀ ਹੋਣ ਦੀ ਹਾਲਤ ਵਿਚ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਪਰੰਤੂ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਵਾਲੇ ਮੁੱਲਾਂ-ਮੌਲਵੀਂ ਖੁਦ ਅਸੂਲਾਂ ਅਤੇ ਆਦਰਸ਼ਾਂ ਤੋਂ ਡਿੱਗੇ ਹੋਏ ਸਨ। ਰੋਜ਼ੇ, ਨਮਾਜ਼ ਤੇ ਹੱਜ ਦਿਖਾਵਾ ਬਣ ਕੇ ਰਹਿ ਗਏ ਸਨ।[3]'

ਹਿੰਦੂ ਪਰਜਾ ਅਸ਼ਾਂਤੀ ਅਤੇ ਅਸੁਰੱਖਿਅਤਾ ਦਾ ਜੀਵਨ ਬਤੀਤ ਕਰ ਰਹੀ ਸੀ। ਮੁਸਲਮਾਨਾਂ ਨੂੰ ਪਹਿਲੇ ਦਰਜੇ ਦਾ ਸ਼ਹਿਰੀ ਮੰਨਿਆ ਜਾਂਦਾ ਸੀ। ਛੋਟੇ ਤੋਂ ਛੋਟੇ ਮੁਸਲਮਾਨਾਂ ਨੂੰ ਕਈ ਰਿਆਇਤਾਂ ਪ੍ਰਾਪਤ ਸਨ। ਪਰ ਹਿੰਦੂ ਲੋਕਾਂ ਤੇ ਜ਼ਜ਼ਿਆ ਲਗਾਇਆ ਜਾਂਦਾ ਸੀ। ਦੂਜੇ ਪਾਸੇ ਹਿੰਦੂ ਧਰਮ ਦੀ ਹਾਲਤ ਵੀ ਬਹੁਤ ਮਾੜੀ ਸੀ। ਇਕ ਪਾਸੇ ਇਸਲਾਮੀ ਸ਼ਾਸਨ ਚਾਰ ਵਰਗਾਂ ਵਿਚ ਵੰਡਿਆ ਪਿਆ ਸੀ। ਪਹਿਲੇ ਵਰਗ ਵਿਚ ਸ਼ਾਸਕ ਵਰਗ ਅਮੀਰ ਅਤੇ ਵਜ਼ੀਰ, ਦੂਸਰੇ ਵਿਚ ਮੁੱਲਾਂ, ਮੌਲਵੀ, ਤੀਸਰੇ ਵਿਚ ਸੈਨਿਕ ਅਤੇ ਚੌਥੇ ਵਰਗ ਵਿਚ ਆਮ ਲੋਕ ਆਉਂਦੇ ਸਨ। ਹਿੰਦੂ ਸਮਾਜ ਵਿਚ ਪੁਜਾਰੀ ਵਰਗ ਜਾਤ ਪਾਤ, ਉੱਚ ਨੀਚ ਤੇ ਵਰਣ ਵੰਡ ਕਾਰਨ ਦਲਿਤਾਂ

ਦਾ ਸ਼ੋਸ਼ਣ ਕਰ ਰਿਹਾ ਸੀ। ਹਿੰਦੂ ਧਰਮ ਦੀ ਵਰਣ ਵਿਵਸਥਾ ਕਾਰਨ ਬਹੁਤ ਤਰਸਯੋਗ ਹਾਲਤ ਵਿਚ ਸੀ। ਉਚ ਵਰਗ ਵਿਚ ਬ੍ਰਾਹਮਣ ਸਨ ਜੋ ਮੰਦਰਾਂ ਤੇ ਕਬਜ਼ਾ ਕਰੀ ਬੈਠੇ ਸਨ। ਇਹ ਬਹੁਤ ਕੱਟੜ ਸਨ। ਫਿਰ ਖ਼ਤਰੀ ਦੇ ਮਗਰੋਂ ਵੈਸ਼ ਤੇ ਸਭ ਤੋਂ ਮਗਰੋਂ ਸ਼ੂਦਰ ਲੋਕ ਆਉਂਦੇ ਸਨ। ਸ਼ੂਦਰ ਲੋਕ ਬਾਕੀ ਤਿੰਨਾਂ ਵਰਣਾਂ ਦੀ ਸੇਵਾ ਕਰਦੇ ਸਨ। ਇਨ੍ਹਾਂ ਦੀ ਹਾਲਤ ਸਭ ਤੋਂ ਵੱਧ ਤਰਸਯੋਗ ਸੀ। ਇਹ ਪਿੰਡਾਂ ਤੋਂ ਬਾਹਰ ਬਸਤੀਆਂ ਵਿਚ ਰਹਿੰਦੇ ਸਨ। ਇਨ੍ਹਾਂ ਨੂੰ ਵਿੱਦਿਆ ਪ੍ਰਾਪਤੀ ਦੀ ਆਗਿਆ ਨਹੀਂ ਸੀ ਤੇ ਨਾ ਹੀ ਪ੍ਰਭੂ ਭਜਨ ਦੀ। ਇਨ੍ਹਾਂ ਦੀ ਭਿੱਟ ਮੰਨੀ ਜਾਂਦੀ ਸੀ। ਇਨ੍ਹਾਂ ਦੇ ਪਰਛਾਵੇਂ ਤੱਕ ਤੋਂ ਦੂਰ ਰਿਹਾ ਜਾਂਦਾ ਸੀ। ਇਹ ਮੰਦਰ ਨਹੀਂ ਸੀ ਜਾ ਸਕਦੇ। ਪ੍ਰਭੂ ਪਾਠ ਜੇਕਰ ਇਨ੍ਹਾਂ ਦੇ ਕੰਨਾਂ ਵਿਚ ਪੈ ਜਾਵੇ ਤਾਂ ਕੰਨਾਂ ਵਿਚ ਸਿੱਕਾ ਭਰ ਦਿੱਤਾ ਜਾਂਦਾ ਸੀ। ਇਹ ਪਿਤਾ ਪੁਰਖੀ ਕਿੱਤਾ ਅਪਨਾਉਂਦੇ ਹੋਏ ਬੜੀ ਗਰੀਬੀ ਤੇ ਬੇਬਸੀ ਦੀ ਹਾਲਤ ਵਿਚ ਗੰਦੀ ਬਸਤੀਆਂ ਵਿਚ ਰਹਿੰਦੇ ਸਨ।

ਉਸ ਵਕਤ ਦੀ ਸਮਾਜਿਕ ਵਿਵਸਥਾ ਬਾਰੇ ਈਸ਼ਵਰੀ ਪ੍ਰਸ਼ਾਦ ਦਾ ਮੱਤ ਹੈ- "ਹਿੰਦੁਸਤਾਨ ਤੇ ਮੁਸਲਮਾਨਾਂ ਦੀ ਜਿੱਤ ਦੇ ਸਮੇਂ ਇਥੇ ਬ੍ਰਾਹਮਣਵਾਦ ਪੂਰੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ। ਹਿੰਦੂਆਂ ਵਿਚ ਬ੍ਰਾਹਮਣ ਵਰਗ ਇਕ ਅਜਿਹਾ ਵਰਗ ਸੀ ਜਿਸ ਦਾ ਸਾਰੇ ਸਮਾਜ ਅਤੇ ਧਰਮ ਤੇ ਪੂਰਾ ਗ਼ਲਬਾ ਛਾਇਆ ਸੀ। ਪੁਰੋਹਿਤ ਸ਼੍ਰੇਣੀ ਉੱਚਤਾ ਦਾ ਦਾਅਵਾ ਕਰਦੀ ਤੇ ਸਰਬ ਪ੍ਰਮੁੱਖਤਾ ਨੂੰ ਮਾਣਦੀ ਹੋਈ, ਕਈ ਪ੍ਰਕਾਰ ਦੀ ਮਨਮਾਨੀਆਂ ਕਰਨ ਲੱਗ ਪਈ। ਬਾਹਰੀ ਅਡੰਬਰਾਂ, ਫੋਕੇ ਕਰਮ ਕਾਂਡਾਂ ਅਤੇ ਬਾਹਰਮੁਖੀ ਦਿਖਾਵਿਆਂ ਵਿਚ ਪਹੁੰਚੀ ਇਹ ਉੱਚ ਸ਼੍ਰੇਣੀ ਅਸਲ ਵਿਚ ਬੜੀ ਗਿਰੀ ਹੋਈ ਸੀ। ਇਸ ਲਈ ਜਿਨ੍ਹਾਂ ਅਸੂਲਾਂ ਤੇ ਆਦਰਸ਼ਾਂ ਨੂੰ ਲੈ ਕੇ ਵਰਣ ਆਸ਼ਰਮ ਦੀ ਆਵਸ਼ਕਤਾ ਦ੍ਰਿੜਾਈ ਗਈ, ਉਹ ਕਿਤੇ ਪਿੱਛੇ ਹੀ ਰਹਿ ਗਏ ਸਨ।[4]

ਸੋ ਕੁਲ ਮਿਲਾ ਕੇ ਉਸ ਵਕਤ ਦਾ ਹਿੰਦੂ ਸਮਾਜ ਜੇਕਰ ਵਰਣ ਵਿਵਸਥਾ ਕਾਰਨ ਅਖੌਤੀ ਜਾਤ ਪਾਤ ਕਾਰਨ ਵਿਘਟਨ ਦਾ ਸ਼ਿਕਾਰ ਹੋ ਰਿਹਾ ਸੀ ਤਾਂ ਇਸਲਾਮੀ ਸਮਾਜ ਅਮੀਰੀ ਤੇ ਗਰੀਬੀ ਦੀ ਰੇਖਾਵਾਂ ਵਿਚ ਵੰਡਿਆ ਪਿਆ ਸੀ। ਜਿਸ ਸ਼ਾਸਕ ਵਰਗ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਪਰਜਾ ਨੂੰ ਇਕ ਅੱਖ ਨਾਲ ਦੇਖੇ, ਉਹ ਵੀ ਧਰਮ ਨੂੰ ਆਧਾਰ ਬਣਾ ਕੇ ਮਨੁੱਖ ਮਨੁੱਖ ਵਿਚ ਭੇਦ ਕਰ ਰਿਹਾ ਸੀ। ਸਮਾਜ ਕਈ ਤਰ੍ਹਾਂ ਦੇ ਵਿਘਟਨਾਂ ਦਾ ਸ਼ਿਕਾਰ ਹੋਇਆ ਪਿਆ ਸੀ। ਇਕ ਮਨੁੱਖ ਹੀ ਦੂਜੇ ਮਨੁੱਖ ਤੇ ਜਾਤ ਪਾਤ, ਨਸਲ, ਰੰਗ, ਕੌਮ ਤੇ ਧਰਮ ਦਾ ਆਸਰਾ ਲੈ ਕੇ ਜ਼ੁਲਮ ਕਰ ਰਿਹਾ ਸੀ। ਇਸ ਸਮੁੱਚੀ ਰੋਲ-ਘਚੋਲ ਦਾ ਹਵਾਲਾ ਕਈ ਇਤਿਹਾਸਕਾਰਾਂ ਅਤੇ ਸਾਹਿਬਾਨਾਂ ਨੇ ਵੀ ਦਿੱਤਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ-

***ਕਲਿ ਕਾਤੀ ਰਾਜੇ ਕਾਸਾਈ, ਧਰਮ ਪੰਖ ਕਰ ਉਡਰਿਆ।***

***ਕੂੜ ਅਮਾਵਸ ਸਚੁ ਚੰਦ੍ਰਮਾ, ਦੀਸੇ ਨਹੀ ਕਹ ਚੜਿਆ।***

**(ਆਦਿ ਗ੍ਰੰਥ ਪੰਨਾ 145)**

ਇਸ ਤਰ੍ਹਾਂ ਬ੍ਰਾਹਮਣੀ ਸਮਾਜ ਵੱਲੋਂ ਮਨੁੱਖ ਮਨੁੱਖ ਵਿਚ ਪੈਦਾ ਹੋਏ ਭੇਦ ਨੂੰ ਗੁਰੂ ਰਵਿਦਾਸ ਜੀ ਨੇ ਅਸਲੋਂ ਹੀ ਨਕਾਰ ਦਿੱਤਾ ਅਤੇ ਇਕ ਨਵੇਂ ਸਮਾਜ ਦੀ ਸਥਾਪਤੀ ਦੀ ਗੱਲ ਕੀਤੀ ਜਿਸ ਵਿਚ ਪ੍ਰਭੂ ਦੀ ਭਗਤੀ, ਉੱਚ ਨੈਤਿਕ ਗੁਣ ਅਤੇ ਨਿਮਰਤਾ ਜੀਵਨ ਦਾ ਆਧਾਰ ਬਣਦੇ ਸਨ।

ਪਰ ਉਨ੍ਹਾਂ ਇਥੇ ਹੀ ਬਸ ਨਹੀਂ ਕੀਤੀ। ਉਨ੍ਹਾਂ ਨੇ ਇਸਲਾਮੀ ਸ਼ਾਸਨ ਪ੍ਰਬੰਧ ਵਿਚ ਫੈਲੇ ਧਰਮ ਦੇ ਆਧਾਰਿਤ ਵਿਤਕਰੇ ਵੀ ਕਬੂਲ ਨਾ ਕੀਤੇ। ਉਨ੍ਹਾਂ ਨੇ ਉਸ ਇਸਲਾਮੀ ਸਰਕਾਰ ਦੀ ਵਿਰੋਧਤਾ ਕੀਤੀ ਜੋ

ਜਨਤਾ ਤੇ ਆਧਾਰਿਤ ਟੈਕਸ ਭਾਵ ਜ਼ਜ਼ੀਏ ਲਗਾਉਂਦੀ ਸੀ। ਜਨਤਾ ਨੂੰ ਭੈ-ਭੀਤ ਰੱਖਦੀ ਸੀ, ਧਮਕਾਉਂਦੀ ਤੇ ਡਰਾਉਂਦੀ ਸੀ।

ਉਨ੍ਹਾਂ ਨੇ ਜ਼ਮਾਨੇ ਵਿਚ ਇਸਲਾਮੀ ਸਰਕਾਰ ਵੱਲੋਂ ਹੱਜ ਤੇ ਜਾਣ ਵਾਲੇ ਮੁਸਲਮਾਨਾਂ ਨੂੰ ਦਿੱਤੀ ਜਾਂਦੀ ਸੁਵਿਧਾਵਾਂ ਅਤੇ ਹਿੰਦੂ ਜਨਤਾ ਦੇ ਤੀਰਥ ਜਾਣ ਤੇ ਲਾਏ ਜਾਂਦੇ ਟੈਕਸ ਦੀ ਵਿਰੋਧਤਾ ਕੀਤੀ ਤੇ ਲੋਕਾਂ ਨੂੰ ਬੇ ਖੌਫ ਪੂਰਨ ਆਜ਼ਾਦੀ ਨਾਲ ਤੁਰਨ ਫਿਰਨ ਦੀ ਆਗਿਆ ਦੇਣ ਦੀ ਗੱਲ ਵੀ ਕੀਤੀ। ਅੱਜ ਇਸੇ ਨੂੰ freedom of Movement ਕਿਹਾ ਜਾਂਦਾ ਹੈ।

*ਤਿਉ ਤਿਉ ਸੈਲ ਕਰਹਿ ਜਿਉ ਭਾਵੈ।*

*ਮਹਰਮ ਮਹਲ ਨ ਕੋ ਅਟ ਕਾਵੈ॥*

**(ਆਦਿ ਗ੍ਰੰਥ, ਪੰਨਾ 345)**

ਉਨ੍ਹਾਂ ਇਸਲਾਮੀ ਸਮਾਜ ਵਿਚ ਫੈਲੀ ਅਮੀਰ ਗਰੀਬ ਦੀ ਵੰਡ ਨੂੰ ਵੀ ਸਿਰੋਂ ਨਕਾਰ ਦਿੱਤਾ। ਮੁੱਲਾਂ ਮੌਲਵੀਆਂ ਵੱਲੋਂ ਧਰਮ ਦੇ ਨਾਂ ਤੇ ਕੀਤੇ ਜਾਂਦੇ ਆਮ ਜਨਤਾ ਦੇ ਸ਼ੋਸ਼ਣ ਨੂੰ ਨਿੰਦਿਆ ਅਤੇ ਸਾਂਝੀਵਾਲਤਾ ਤੇ ਬਰਾਬਰੀ ਦਾ ਉਪਦੇਸ਼ ਦਿੱਤਾ।

*ਕਾਇਮ ਦਾਇਮੁ ਸਦਾ ਪਾਤਿਸਾਹੀ।*

*ਦੋਮ ਨ ਸੇਮ ਏਕ ਸੋ ਆਹੀ॥*

**(ਆਦਿ ਗ੍ਰੰਥ ਪੰਨਾ 345)**

ਗੁਰੂ ਰਵਿਦਾਸ ਜੀ ਨੇ ਪੂਰੀ ਦੁਨੀਆ ਸਾਹਮਣੇ ਆਪਣੀ ਨੀਵੀਂ ਜਾਤ ਅਤੇ ਚਮਾਰ ਦੇ ਕੰਮ ਅਤੇ ਪ੍ਰਭੂ ਭਗਤੀ ਨੂੰ ਇੱਕ-ਮਿੱਕ ਕਰ ਦਿੱਤਾ ਅਤੇ ਹੌਲੀ ਹੌਲੀ ਉਸ ਪ੍ਰਭੂ ਦਾ ਰੂਪ ਹੋ ਗਏ। ਉਨ੍ਹਾਂ ਨੇ ਆਪਣੀ ਉਚ ਆਤਮਕ ਅਵਸਥਾ ਵਿਚ ਆਪਣੇ ਅਨੁਭਵ ਰਾਹੀਂ ਜੋ ਕੁਝ ਵੀ ਪ੍ਰਭੂ ਦੇ ਧਾਮ ਬਾਰੇ ਮਹਿਸੂਸ ਕੀਤਾ ਅਤੇ ਜੋ ਕੁਝ ਵੀ ਸੋਚਿਆ ਜਾਂ ਕਲਪਿਆ ਉਹ haves ਅਤੇ haves not ਦੀ ਵੰਡ ਤੋਂ ਮੁਕਤ ਅਰਥਾਤ ਹਰ ਪ੍ਰਕਾਰ ਦੇ ਵਿਤਕਰੇ ਅਤੇ ਭੇਦਭਾਵ ਤੋਂ ਮੁਕਤ, ਗਮ ਰਹਿਤ, ਸੁੱਖ ਭਰੇਬੇਗਮਪੁਰੇ ਦੇ ਰੂਪ ਵਿਚ ਸਾਹਮਣੇ ਆਇਆ। ਇਸ ਤਰ੍ਹਾਂ ਉਨ੍ਹਾਂ ਦੇ ਇਹ ਸ਼ਬਦ ਧਰਤੀ ਤੇ ਬਨ੍ਹਣ ਤੋਂ ਮੌਜੂਦ haves ਅਤੇ haves not ਦੀ ਜੰਗ ਨੂੰ ਜਿਥੇ ਖਤਮ ਕਰਕੇ ਸਾਂਝੀਵਾਲਤਾ, ਆਪਸੀ ਭਾਈਚਾਰਾ ਅਤੇ ਵਿਤਕਰੇ ਮੁਕਤ ਸਮਾਜ ਦੇ ਨਿਰਮਾਣ ਕਰਨ ਦਾ ਐਲਾਨ ਕਰਦਾ ਹੈ ਉਥੇ ਨਾਲ ਹੀ ਮਨੁੱਖ ਨੂੰ ਪ੍ਰਭੂ ਦੇ ਦਰਬਾਰ ਦੇ ਵਿਤਕਰੇ ਰਹਿਤ ਹੋਣ ਦਾ ਪਰਮਾਣ ਵੀ ਦਿੰਦਾ ਹੈ। ਇਹ ਸ਼ਬਦ ਮਨੁੱਖ ਨੂੰ ਸਿੱਖਿਆ ਦਿੰਦਾ ਹੈ ਕਿ ਭੌਤਿਕ ਸੁੱਖਾਂ ਪਿੱਛੇ ਭਜਦੇ ਹੋਏ ਰੰਗ, ਰੂਪ, ਨਸਲ, ਧਰਮ ਅਤੇ ਜਾਤਾਂ ਦੇ ਭੇਦਭਾਵ ਕਾਰਨ ਇਕ ਮਨੁੱਖ ਦੂਸਰੇ ਮਨੁੱਖ ਤੋਂ ਜੀਣ ਅਤੇ ਵਿਗਸਣ ਦੇ ਸਹੀ ਮੌਕੇ ਖੋਹ ਲੈਂਦੇ ਹਨ ਜਿਸ ਨਾਲ ਕਮਜ਼ੋਰ ਮਨੁੱਖਾਂ ਦੀ ਜ਼ਿੰਦਗੀ ਦੁੱਖਾਂ ਵਿਚ ਡੁੱਬ ਜਾਂਦੀ ਹੈ ਜਦ ਕਿ ਖੁਦ ਪ੍ਰਭੂ ਦਾ ਘਰ ਸਾਂਝੀਵਾਲਤਾ, ਭਾਈਚਾਰਾ ਅਤੇ ਗਮ ਰਹਿਤ ਖੁਸ਼ੀ, ਨਿਮਰਤਾ, ਸੰਤੋਖ, ਸਦਾਚਾਰ ਅਤੇ ਮੁਕਤੀ ਦਾ ਅਜਿਹਾ ਧਾਮ ਹੈ ਜੋ ਸਦਾ ਸੁੱਖ ਬਰਪੂਰ, ਖੁਸ਼ਹਾਲੀ ਅਤੇ ਨੇਕਨਿਅਤੀ ਦਾ ਘਰ ਹੈ। ਇਸ ਲਈ ਪ੍ਰਭੂ ਦੇ ਬੇ ਗਮਪੁਰੇ ਤੋਂ ਪ੍ਰੇਰਣਾ ਲੈ ਕੇ ਧਰਤੀ ਨੂੰ ਵੀ ਬੇਗਮਪੁਰਾ ਦਾ ਰੂਪ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅੱਜ ਦੇ ਮੌਜੂਦਾ ਸਮੇਂ ਵਿਚ ਵੀ ਬੇਗਮਪੁਰੇ ਦੇ ਸ਼ਬਦ ਦੀ ਸਾਰਥਕਤਾ ਪਹਿਲਾਂ ਨਾਲੋਂ ਵੀ ਵੱਧ ਜਾਂਦੀ ਹੈ

ਕਿਉਂਕਿ ਅੱਜ ਦਾ ਸਮਾਜ ਜਾਤ ਪਾਤ ਦੇ ਨਾਮ ਤੋਂ ਹੀ ਨਹੀਂ ਧਰਮ, ਫਿਰਕੇ, ਕੌਮ, ਰੰਗ, ਰੂਪ ਅਤੇ ਨਸਲ ਦੇ ਨਾਂ ਤੇ ਵੰਡਿਆ ਪਿਆ ਹੈ। ਥਾਂ ਥਾਂ ਤੇ ਫਿਰਕੂ ਦੰਗੇ ਹੋ ਰਹੇ ਹਨ। ਹਜ਼ਾਰਾਂ ਹੀ ਨਿਰਦੋਸ਼ ਇਸਤਰੀ, ਪੁਰਸ਼ ਤੇ ਬੱਚੇ ਇਸਦਾ ਸ਼ਿਕਾਰ ਬਣ ਰਹੇ ਹਨ। ਕਾਨੂੰਨ ਵਿਵਸਥਾ ਲਗਾਤਾਰ ਵਿਗੜ ਰਹੀ ਹੈ। ਵਿਸ਼ਵ ਦੀ ਅਰਥਵਿਵਸਥਾ ਪੂਰੀ ਤਰ੍ਹਾਂ ਲੜਖੜਾ ਚੁੱਕੀ ਹੈ। ਗਰੀਬ ਵਿਅਕਤੀ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ। ਗਰੀਬ ਵਰਗ ਦੇ ਵਿਚ ਪੈਦਾ ਹੋ ਰਿਹਾ ਸੰਤੋਸ਼, ਗੁੱਸਾ ਹਿੰਸਾ ਦਾ ਰੂਪ ਲੈ ਰਿਹਾ ਹੈ। ਜਿਸ ਦੇ ਨਾਲ ਕਿਧਰੇ ਨਕਸਲਵਾਦੀ ਅੰਦੋਲਨ ਹੋਂਦ ਵਿਚ ਆ ਰਹੇ ਹਨ ਤਾਂ ਕਿਧਰੇ ਖਾੜਕੂਵਾਦ ਦੀ ਸਮੱਸਿਆ ਪ੍ਰਮੁੱਖ ਰੂਪ ਵਿਚ ਉਭਰੀ ਹੈ। ਅਜਿਹੀ ਹਾਲਤ ਵਿਚ ਗੁਰੂ ਰਵਿਦਾਸ ਜੀ ਨੇ ਬੇਗਮਪੁਰਾ ਸ਼ਬਦ ਹੀ ਸਾਨੂੰ ਸਹੀ ਰਾਹ ਵਿਖਾ ਸਕਦਾ ਹੈ।

## 6.7 ਸਾਰਾਂਸ਼

ਗੁਰੂ ਰਵਿਦਾਸ ਦੀ ਬਾਣੀ ਪੂਰੇ ਵਿਸ਼ਵ ਨੂੰ ਆਪਸੀ ਭਾਈਚਾਰੇ ਤੇ ਮਿਲਵਰਤਨ ਦਾ ਸੰਦੇਸ਼ ਦਿੰਦੀ ਹੈ। ਇਹ ਸਹੀ ਅਰਥਾਂ ਵਿਚ ਵਿਸ਼ਵ-ਬੰਧੁਤਵ ਦੀ ਭਾਵਨਾ ਦਾ ਪ੍ਰਚਾਰ ਤੇ ਪ੍ਰਸਾਰ ਕਰਦੀ ਹੈ। ਉਨ੍ਹਾਂ ਦੀ ਬਾਣੀ ਵਿਚਲੀ ਲੋਕਮੰਗਲ ਦੀ ਭਾਵਨਾ ਅੱਜ ਦੇ ਤਥਾਤਕਥਿਤ ਸਮਾਜ-ਸੁਧਾਰਕਾਂ ਨੂੰ ਨਵਾਂ ਰਾਹ ਵਿਖਾਉਂਦੀ ਹੈ ਤੇ ਉਨ੍ਹਾਂ ਦੇ ਮਾਨਵਵਾਦੀ ਵਿਚਾਰ ਨੌਜਵਾਨ ਪੀੜੀ ਸਾਹਮਣੇ ਇਕ ਆਦਰਸ਼ ਪੇਸ਼ ਕਰਦੇ ਹਨ। ਵੈਦਿਕ ਸੰਸਕ੍ਰਿਤੀ ਰਾਹੀਂ ਭਾਰਤੀ ਸਮਾਜ ਦੀ ਜੜਾਂ ਵਿਚ ਸਮਾ ਚੁੱਕੇ ਜਾਤੀਵਾਦ ਦੇ ਘਿਨੌਨੇ ਜ਼ਹਿਰ ਦਾ ਇਲਾਜ ਕਰਦੀ ਰਵਿਦਾਸ ਬਾਣੀ ਸਰਵਜਾਤੀ ਸਮਭਾਵ ਦਾ ਸੰਕਲਪ ਪੇਸ਼ ਕਰਦੀ ਹੈ। ਉਨ੍ਹਾਂ ਦੀ ਬਾਣੀ ਰਾਹੀਂ ਸਮੁੱਚੇ ਵਿਸ਼ਵ ਸਾਹਮਣੇ ਬੇਗ਼ਮਪੁਰੇ ਦਾ ਕਲਿਆਣਕਾਰੀ ਆਦਰਸ਼ ਪੇਸ਼ ਹੁੰਦਾ ਹੈ ਜੋ ਅਧਿਆਤਮਕ ਤੇ ਦੁਨਿਆਵੀ ਦੋਹਾਂ ਤਰ੍ਹਾਂ ਦੇ ਜਗਤਾਂ ਨਾਲ ਸਾਂਝ ਰੱਖਣ ਵਾਲੇ ਮਨੁੱਖਾਂ ਲਈ ਵਿਤਕਰੇ -ਮੁਕਤ ਸਮਾਜ ਦਾ ਨਿਰਮਾਣ ਕਰਦਾ ਹੈ।

**ਹਵਾਲੇ:-**


1. ਕੌਸ਼ਤਕਿ ਬ੍ਰਾਹਮਣ, 12/3
2. ਭਾਰਤੀ ਸੰਸਕ੍ਰਿਤੀ ਤਥਾ ਧਰਮ ਸਮਨਵਯ ਕੀ ਰੂਪਰੇਖਾ( ਪੰਨਾ 60)
3. ਸ੍ਰੀ ਮਦ ਭਾਗਵਤ ਗੀਤਾ, 4/13
4. ਮਨੂੰ ਸਮ੍ਰਿਤੀ, 1-88, 1-90 ਅਤੇ 1-91
5. ਡਾ. ਅੰਬੇਦਕਰ: ਏ ਕ੍ਰਿਟਿਕਲ ਸਟੱਡੀ, ਡਾ. ਕੁਬੇਰ, ਪੰਨਾ -2
6. ਸਾਹਿਤ ਕੋਸ਼, ਡਾ. ਰਤਨ ਸਿੰਘ ਜੱਗੀ, ਪੰਨਾ-815
7. Humanism of Ameria, Noprman Foerster (ed.)
8. Dictionary of Islam, Dr. T.P. Hughes, P-711
9. History of Medivial India, Ishwari Parsad, P-565

# ਅਧਿਆਇ : ਸੱਤਵਾਂ

7.1 ਵਰਤਮਾਨ ਸਮੇਂ ਵਿਚ ਰਵਿਦਾਸ ਬਾਣੀ ਦੀ ਸਾਰਥਕਤਾ ।

7.2 ਸ਼ੋਧ ਪ੍ਰਬੰਧ ਦਾ ਸਾਰ ।

7.3 ਨਿਸ਼ਕਰਸ਼ ।

7.4 ਭਾਵੀ ਸੰਕੇਤ ।

## 7.1 ਵਰਤਮਾਨ ਸਮੇਂ ਵਿਚ ਰਵਿਦਾਸ ਬਾਣੀ ਦੀ ਸਾਰਥਕਤਾ

ਗੁਰੂ ਰਵਿਦਾਸ ਅਜਿਹੇ ਸੰਤ ਕਵੀ ਹੋਏ ਹਨ ਜਿਨ੍ਹਾਂ ਦੀ ਬਾਣੀ ਨੂੰ ਸਥਾਨ ਅਤੇ ਕਾਲ ਦੀ ਸੀਮਾਵਾਂ ਵਿਚ ਬੰਨ੍ਹ ਕੇ ਨਹੀਂ ਵੇਖਿਆ ਜਾ ਸਕਦਾ। ਉਨ੍ਹਾਂ ਦੀ ਭਗਤੀ ਅਤੇ ਬਾਣੀ ਵਿਚ ਤਿੰਨ ਕਾਲਾਂ ਦਾ ਸੱਚ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਭਗਤੀ ਦੀ ਲਗਨ ਸੰਸਾਰ ਨੂੰ ਵਿਰਕਤੀ ਨਹੀਂ ਸਗੋਂ ਇਸ ਧਰਤੀ ਨੂੰ ਕਰਮ ਭੂਮੀ ਮੰਨ ਕੇ ਮਿਹਨਤ ਦੇ ਮਹੱਤਵ ਦੀ ਸੱਚਾਈ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ। ਅਸਲ ਵਿਚ ਗੁਰੂ ਰਵਿਦਾਸ ਦੀ ਬਾਣੀ ਸਵੈਮਾਣ ਤੇ ਆਤਮ ਨਿਰਭਰਤਾ ਨਾਲ ਭਰਪੂਰ ਇਕ ਅਜਿਹੇ ਗੁਰੂ ਕਵੀ ਦੀ ਕਵਿਤਾ ਹੈ ਜੋ ਹਰ ਪ੍ਰਕਾਰ ਦੇ ਦਾਰਸ਼ਨਿਕ ਮੱਤਾਂ ਅਤੇ ਦਬਾਅ ਤੋਂ ਦੂਰ ਆਪਣਾ ਇਕ ਸੁਤੰਤਰ ਵਜੂਦ ਰੱਖਦੀ ਹੈ।

ਮੱਧਯੁਗ ਵਿਚ ਭਾਰਤੀ ਸਮਾਜ ਵਿਚ ਫੈਲੀਆਂ ਬੁਰਾਈਆਂ, ਕਰਮਕਾਂਡਾਂ, ਉੱਚ-ਨੀਚ ਦੀ ਭਾਵਨਾ ਅਤੇ ਪਾਖੰਡਾਂ ਦਾ ਵਿਰੋਧ ਕਰਦੇ ਹੋਏ ਗੁਰੂ ਰਵਿਦਾਸ ਨੇ ਯੋਗ, ਗਿਆਨ, ਭਗਤੀ, ਪ੍ਰੇਮ ਆਦਿ ਰਾਹੀਂ ਜੋ ਨੈਤਿਕ ਮੁੱਲ, ਆਪਸੀ ਬਰਾਬਰੀ, ਸਹਿਨਸ਼ੀਲਤਾ, ਮਿਹਨਤਕਸ਼ੀ ਤੇ ਬੇਗ਼ਮਪੁਰੇ ਦੇ ਸੰਕਲਪ ਸਦੀਆਂ ਪਹਿਲਾਂ ਪੇਸ਼ ਕੀਤੇ, ਉਹ ਅੱਜ ਵੀ ਵਰਤਮਾਨ ਸਮੇਂ ਦੀ ਕਸੌਟੀ ਤੇ ਖਰੇ ਉਤਰ ਰਹੇ ਹਨ। ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਿਆਂ ਉਨ੍ਹਾਂ ਨੇ ਮੱਧਯੁੱਗ ਵਿਚ ਕਰਮਕਾਂਡਾਂ ਤੇ ਜਾਤਪਾਤ ਦਾ ਵਿਰੋਧ ਕੀਤਾ।

ਸਮਾਜ ਵਿਚ ਸਰਵਜਾਤੀ ਸਮਭਾਵ ਦਾ ਸਰੂਪ, ਧਾਰਮਿਕ ਕਰਮਕਾਂਡਾਂ ਨੂੰ ਰੋਕ ਕੇ ਹੀ ਲਿਆਇਆ ਜਾ ਸਕਦਾ ਸੀ। ਇਸ ਲਈ ਸਭ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਨੇ ਸ਼ੂਦਰ ਵਰਗ ਨੂੰ ਆਤਮਨਿਰਭਰ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੂੰ ਸ੍ਵੈਮਾਣ ਨਾਲ ਜੀਣਾ ਸਿਖਾਇਆ ਅਤੇ ਸਮਝਾਇਆ ਕਿ ਕੋਈ ਵੀ ਕੰਮ ਉੱਚਾ ਜਾਂ ਨੀਵਾਂ ਨਹੀਂ। ਉਨ੍ਹਾਂ ਉਸ ਵਕਤ ਦੇ ਸਮਾਜ ਵਿਚ ਬੜੇ ਮਾਣ ਨਾਲ ਆਪਣੇ ਕੁਲ ਦੇ ਚਮਾਰ ਹੋਣ ਤੇ ਪੁਸ਼ਤਾਂ ਤੋਂ ਮਰੇ ਪਸ਼ੂਆਂ ਦੀ ਢੋ-ਢਵਾਈ ਅਤੇ ਜੁੱਤੀਆਂ ਗੰਢਣ ਦੇ ਕੰਮ ਦੀ ਉਦਘੋਸ਼ਣਾ ਕੀਤੀ ਅਤੇ ਨਾਲ ਹੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਹ ਸੰਦੇਸ਼ ਵੀ ਦਿੱਤਾ ਕਿ ਹੱਥੀਂ ਕਿਰਤ ਕਰਨਾ ਅਪਮਾਨ ਨਹੀਂ, ਸਨਮਾਨ ਦਾ ਵਿਸ਼ਾ ਹੈ। ਇਸ ਸੱਚਾਈ ਨੂੰ ਸਮਝਾਉਣ ਲਈ ਉਨ੍ਹਾਂ ਨੇ ਨਿੱਜੀ ਜੀਵਨ ਦਾ ਉਦਾਹਰਣ ਦਿੱਤਾ ਤੇ ਕਿਹਾ:

*ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ।*

*ਨਿਤਹਿ ਬਾਨਾਰਸੀ ਆਸ ਪਾਸਾ।*

*ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,*

*ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।*

**(ਆਦਿ ਗ੍ਰੰਥ, ਪੰਨਾ 1293)**

ਉਨ੍ਹਾਂ ਦੀ ਇਹ ਬਾਣੀ ਉਸ ਵਕਤ ਦੇ ਹੀ ਨਹੀਂ ਸਗੋਂ ਅੱਜ ਦੇ ਸਮਾਜ ਵਿਚ ਵੀ ਵਿਆਪਕ ਵਰਣਾਸ਼ਰਮ ਦੀ ਰੇਖਾਵਾਂ ਨੂੰ ਪਾਟਦੀ ਹੈ ਅਤੇ 'ਅਛੂਤ' ਸ਼ਬਦ ਰਾਹੀਂ ਸਮਾਜ ਵਿਚ ਫੈਲੇ ਜਾਤੀਵਾਦ ਦੇ ਘਿਨੌਨੇ ਜ਼ਹਿਰ ਦਾ ਇਲਾਜ ਕਰਦੀ ਹੈ। ਅੱਜ ਦਾ ਭਾਰਤੀ ਸਮਾਜ ਜਾਤੀ ਪ੍ਰਥਾ ਅਤੇ ਉੱਚ-ਨੀਚ ਦੀ ਭਾਵਨਾ ਕਰਕੇ ਲਗਾਤਾਰ ਕਮਜ਼ੋਰ ਹੋ ਰਿਹਾ ਹੈ। ਰਾਸ਼ਟਰੀ ਏਕਤਾ ਸਮੇਂ ਦੀ ਲੋੜ ਹੈ। ਸੰਵਿਧਾਨ ਵਿਚ ਦਲਿਤ ਵਰਗ ਨੂੰ ਦਿੱਤੀਆਂ ਗਈਆਂ ਸਹੂਲਤਾਂ ਦੇ ਬਾਵਜੂਦ ਇਹ ਵਰਗ ਨਿਰੰਤਰ ਉਪੇਕਸ਼ਾ ਦਾ ਸ਼ਿਕਾਰ ਹੋ ਰਿਹਾ ਹੈ ਤੇ ਆਪਣੇ ਆਪ ਨੂੰ ਅਸੁਰਖਿਅਤ ਮਹਿਸੂਸ ਕਰਦਾ ਹੈ ਵਰਗ ਇਸ ਨੂੰ ਦੇਸ਼ ਵਿਚ ਉਚਿਤ ਸਨਮਾਨ ਵੀ ਨਹੀਂ ਮਿਲ ਰਿਹਾ। ਰਾਖਵੀਂਕਰਣ ਦੀ ਸਵਿਧਾਨ ਵਿਚ ਦਿੱਤੀ ਗਈ ਸਹੂਲਤ ਵੀ ਇਨ੍ਹਾਂ ਲੋਕਾਂ ਨੂੰ ਸਮਾਜ ਵਿਚ ਉਹ ਦਰਜਾ ਨਹੀਂ ਦਿਵਾ ਪਾਈ ਹੈ ਜਿਸਦੇ ਉਹ ਹੱਕਦਾਰ ਸਨ। ਜਿਸ ਤਰ੍ਹਾਂ ਚੌਦਵੀ ਸਦੀ ਵਿਚ ਸੰਤ ਨਾਮਦੇਵ ਜੀ ਨੂੰ ਮੰਦਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਮਿਲੀ ਸੀ ਕਿਉਂਕਿ ਉਹ ਨੀਵੀਂ ਜਾਤ ਦੇ ਸਨ, ਅੱਜ ਵੀ ਦੇਸ਼ ਵਿਚ ਨਾਥ-ਦਵਾਰ ਜਿਹੇ ਕਈ ਮੰਦਰ ਹਨ ਜਿਥੇ ਸ਼ੂਦਰਾਂ ਨੂੰ ਪ੍ਰਵੇਸ਼ ਦੀ ਆਗਿਆ ਨਹੀਂ। ਉਨ੍ਹਾਂ ਨੂੰ ਅਛੂਤ ਕਹਿ ਕੇ ਦੁੱਤਕਾਰਿਆ ਜਾਂਦਾ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਉਨ੍ਹਾਂ ਦੇ ਪਰਛਾਵੇਂ ਤੋਂ ਵੀ ਭਿੱਟੇ ਜਾਣ ਦਾ ਸੰਕਲਪ ਵਿਆਪਕ ਹੈ। ਉਹ ਸ਼ਹਿਰੋਂ ਦੂਰ ਬਸਤੀ ਬਣਾਕੇ ਰਹਿੰਦੇ ਹਨ ਤੇ ਅਤਿ ਗਰੀਬੀ ਵਿਚ ਘੋਰ ਅਨਪੜ੍ਹਤਾ ਦਾ ਜੀਵਨ ਬਤੀਤ ਕਰ ਰਹੇ ਹਨ। ਪਰਿਣਾਮਸਰੂਪ ਇਸ ਵਰਗ ਵਿਚ ਲਗਾਤਾਰ ਅਸੰਤੋਸ਼ ਵੱਧ ਰਿਹਾ ਹੈ ਜਿਹੜਾ ਕਈ ਵਾਰ ਹਿੰਸਕ ਰੂਪ ਲੈ ਲੈਂਦਾ ਹੈ। ਅਜਿਹੀ ਹਾਲਤ ਵਿਚ ਗੁਰੂ ਰਵਿਦਾਸ ਦਾ ਸ਼ਬਦ 'ਬੇਗ਼ਮਪੁਰਾ ਸ਼ਹਿਰ ਕਾ ਨਾਓਂ' ਸਾਡੀ ਭਾਰਤੀ ਸ਼ਾਸ਼ਨ ਵਿਵਸਥਾ ਸਾਹਮਣੇ ਇੱਕ ਅਜਿਹਾ ਆਦਰਸ਼ ਪੇਸ਼ ਕਰਦਾ ਹੈ ਜਿਸ ਵਿਚ ਸਮੁੱਚੀ ਮਨੁੱਖ ਜਾਤੀ ਦੇ ਲੋਕ ਬਿਨਾਂ ਕਿਸੇ ਭੇਦਭਾਵ, ਡਰ, ਸਹਿਮ, ਚਿੰਤਾ, ਫ਼ਿਕਰ ਅਤੇ ਗੁਲਾਮੀ ਦੇ ਭੈ ਤੋਂ ਰਹਿਤ ਹੋਕੇ ਸਨਮਾਨ ਪੂਰਬਕ ਜੀਵਨ ਜੀਅ ਸਕਦੇ ਹਨ, ਜਿਥੇ ਮਿਲਵਰਤਨ, ਪਿਆਰ, ਭ੍ਰਾਤਰੀਭਾਵ ਆਪਸੀ ਰੰਜ਼ਿਸ਼ਾਂ ਅਤੇ ਈਰਖਾ ਦੇ ਭਾਵਾਂ ਤੇ ਭਾਰੀ ਪੈਂਦਾ ਹੈ।

*ਬੇਗਮ ਪੁਰਾ ਸਹਰ ਕੋ ਨਾਉ॥*

*ਦੂਖੁ ਅੰਦੋਹੁ ਨਹੀਂ ਤਿਹਿ ਠਾਉ॥*

*ਨ ਤਸਵੀਸ ਖਿਰਾਜੁ ਨ ਮਾਲੁ॥*

*ਖੌਫੁ ਨ ਖਤਾ ਤਰਸੁ ਜਵਾਲੁ॥*

(**ਆਦਿ ਗ੍ਰੰਥ, ਪੰਨਾ** 345)

ਇਸ ਸ਼ਬਦ ਵਿਚ ਵਰਣਿਤ ਬੇਗ਼ਮਪੁਰਾ ਉੱਚ-ਨੀਚ, ਅਮੀਰ-ਗਰੀਬ ਬ੍ਰਾਹਮਣ-ਸ਼ੂਦਰ ਦੀ ਭਾਵਨਾ ਤੋਂ ਮੁਕਤ ਨਗਰ ਹੈ ਜੋ ਸਰਵਜਾਤੀ ਸਮਭਾਵ, ਆਪਸੀ ਸਮਤਾ ਅਤੇ ਏਕਤਾ ਦੇ ਭਾਵ ਨੂੰ ਸਥਾਪਿਤ ਕਰਨ ਵਾਲਾ ਸਮਾਜਿਕ ਖੇਤਰ ਨਜ਼ਰ ਆਉਂਦਾ ਹੈ।

ਰਵਿਦਾਸ ਜੀ ਵਲੋਂ ਪੇਸ਼ ਇਸ ਸਮਾਨਤਾ ਦੇ ਸੰਕਲਪ ਤੋਂ ਅੱਜ ਦੇ ਭਾਵ ਆਧੁਨਿਕ ਯੁੱਗ ਦੇ ਸੰਤ ਮਹਾਤਮਾ ਗਾਂਧੀ ਵੀ ਬਹੁਤ ਪ੍ਰਭਾਵਿਤ ਸਨ। ਉਨ੍ਹਾਂ ਵਲੋਂ ਹੱਥੀਂ ਕਿਰਤ ਕਰਨ ਅਤੇ ਸਰਵਜਾਤੀ ਸਮਭਾਵ ਦੇ ਸੰਕਲਪ ਤੋਂ ਪ੍ਰੇਰਨਾ ਲੈ ਕੇ ਹੀ ਉਹ ਕਈ ਦਿਨ ਖ਼ੁਦ ਹਰਿਜਨ ਬਸਤੀਆਂ ਵਿਚ ਵੀ ਰਹੇ।[1]

**ਡਾ. ਜਯਨਾਥ ਨਲਿਨ** ਵੀ ਇਸ ਸੰਬੰਧ ਵਿਚ ਟਿੱਪਣੀ ਕਰਦੇ ਲਿਖਦੇ ਹਨ, "ਇਸ ਵਿਚ ਕੋਈ ਸੰਦੇਹ ਨਹੀਂ ਕਿ ਰਾਮ ਅਤੇ ਕ੍ਰਿਸ਼ਨ ਭਗਤਾਂ ਨੇ ਆਪਣੇ ਜੀਵਨ ਰਾਹੀਂ ਕਰਮ ਦਾ ਉਹ ਆਦਰਸ਼ ਸਥਾਪਿਤ ਨਹੀਂ

ਕੀਤਾ ਜੋ ਸੰਤ ਰਵਿਦਾਸ ਵਰਗੇ ਸੰਤਾਂ ਨੇ ਕੀਤਾ ਹੈ।[2]

ਸਪੱਸ਼ਟ ਹੈ ਗੁਰੂ ਰਵਿਦਾਸ ਜੀ ਆਪਣੇ ਵਿਚਾਰਾਂ ਰਾਹੀਂ ਸਾਡੇ ਭਾਰਤੀ ਸਮਾਜ ਨੂੰ ਇੱਕ ਵਾਰ ਫਿਰ ਤੋਂ 'ਵਿਸ਼ਵ-ਬੰਧੁਤਵ' ਅਤੇ 'ਵਸੁਧੈਵ ਕਟੁੰਬਕਮ' ਦਾ ਆਦਰਸ਼ ਪੜਾਉਣ ਵੱਲ ਰੁਚਿਤ ਸਨ। ਉਹ ਜਿਸ ਵਿਚ ਬਹੁਜਨ ਨੂੰ ਹਰ ਵਿਅਕਤੀ ਪ੍ਰਤੀ ਪ੍ਰੇਮ ਪੂਰਬਕ ਵਿਵਹਾਰ ਕਰਨ, ਆਪਸੀ ਮਿਲਵਰਤਨ ਅਤੇ ਬੰਧੁਤਵ ਦੀ ਸਿੱਖਿਆ ਦਿੰਦੇ ਸਨ। ਇਸ ਨਾਲ ਸ਼ੋਸ਼ਿਤ ਅਤੇ ਸ਼ੋਸ਼ਣ ਕਰਨ ਵਾਲੇ ਦੋਹਾਂ ਵਰਗਾਂ ਵਿਚ ਆਪਸੀ ਪਿਆਰ ਤੇ ਕਰੁਣਾ ਦਾ ਵਾਤਾਵਰਣ ਬਣਦਾ ਸੀ।

ਅੱਜ ਪੂਰਾ ਵਿਸ਼ਵ ਹਿੰਸਾ, ਕਲੇਸ਼-ਆਪਸੀ ਦਵੇਸ਼ ਅਤੇ ਈਰਖਾ ਤੇ ਅਮਾਨੁਸ਼ਪੁਣੇ ਦੀਆਂ ਹੱਦਾਂ ਲੰਘ ਕੇ ਅਸ਼ਾਂਤੀ ਦੇ ਦਰਵਾਜੇ ਤੇ ਖੜਾ ਹੈ। ਵਿਸ਼ਵੀਕਰਣ ਦੇ ਇਸ ਦੌਰ ਵਿਚ ਪੈਸੇ ਕਮਾਉਣ ਦੀ ਹੋੜ ਮਗਰ ਲਗੇ ਇਸ ਇਨਸਾਨ ਦਾ ਚਿਹਰਾ ਅੰਦਰੋਂ ਜਿੰਨਾ ਘਿਨੌਣਾ ਹੈ, ਬਾਹਰੋਂ ਉਹ ਉਨ੍ਹਾਂ ਹੀ ਸਲੋਨਾ ਨਜ਼ਰ ਆਉਂਦਾ ਹੈ। ਸਤੋ, ਰਜੋ ਅਤੇ ਤਮ ਦੇ ਤਿੰਨ ਗੁਣਾਂ ਨਾਲ ਸਿਰਜੀ ਗਈ ਇਹ ਸ਼੍ਰਿਸ਼ਟੀ ਅੱਜ ਰਜੋ ਅਤੇ ਤਮੋ ਦੇ ਗੁਣਾਂ ਨਾਲ ਭਰੀ ਪਈ ਹੈ। ਇੱਕ ਦੂਜੇ ਤੋਂ ਅੱਗੇ ਲੰਘਣ ਦੀ ਹੋੜ ਵਿਚ ਧਰਮ ਦੇ ਰਾਹ 'ਤੇ ਚੱਲਣ ਦੀ ਥਾਂ ਆਧੁਨਿਕ ਮਨੁੱਖ ਸਵਾਰਥਪੂਰਨ ਕੁਚਕ੍ਰਾਂ ਰਾਹੀਂ ਆਪਸੀ ਧੋਖੇਬਾਜ਼ੀ ਨਾਲ ਜੁੜੇ ਨਵੇਂ-ਨਵੇਂ ਨਾਅਰੇ ਘੜ੍ਹ ਕੇ ਪੂਰੀ ਦੁਨੀਆਂ ਨੂੰ ਅਭਿਸ਼ਾਪਿਤ ਕਰ ਰਿਹਾ ਹੈ। ਅੱਜ ਦੇ ਵਿਗਿਆਨਕ ਦੌਰ ਵਿਚ ਇਨਸਾਨ ਨੇ ਭਾਵੇਂ ਸਮੁੰਦਰ ਦੀ ਗਹਿਰਾਈ ਤੇ ਆਕਾਸ਼ ਦੀ ਉਚਾਈ ਮਾਪ ਲਈ ਹੈ ਪਰ ਮਨੁੱਖ ਤੇ ਮਨੁੱਖ ਦੇ ਹਿਰਦੇ ਵਿਚ ਉਪਜੀ ਦੂਰੀ ਨੂੰ ਮਾਪਣਾ ਅਸੰਭਵ ਹੋਇਆ ਪਿਆ ਹੈ। ਅਜਿਹੀ ਹਾਲਤ ਵਿਚ ਕੇਵਲ ਤੇ ਕੇਵਲ ਰਵਿਦਾਸ ਜੀ ਦੀ ਹੀ ਬਾਣੀ ਅਜਿਹੀ ਬਾਣੀ ਹੈ ਜੋ ਸਮਾਜਕ ਅਸਥਿਰਤਾ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ ਕਿਉਂਕਿ ਉਨ੍ਹਾਂ ਦੀ ਬਾਣੀ ਤੇ ਸਾਧਨਾ ਸਮਾਜਕ ਜੀਵਨ ਦੇ ਬਹੁਤ ਨਜ਼ਦੀਕ ਅਤੇ ਵਿਹਾਰਕ ਹਨ। ਸੇਨ, ਧੰਨਾ, ਪੀਪਾ ਦੀ ਬਾਣੀ ਨਾਲੋਂ ਵੀ ਉਨ੍ਹਾਂ ਦੀ ਬਾਣੀ ਵਧੇਰੇ ਨਿਮਰ ਹੈ।

ਇਸੇ ਲਈ **ਪ੍ਰੋ. ਮੀਰਾ ਗੌਤਮ** ਟਿਪਣੀ ਕਰਦੇ ਹਨ, "ਸੰਤ ਰਵਿਦਾਸ ਜੀ ਭਾਰਤ ਦੇ ਸਮਾਜਕ ਅਤੇ ਧਾਰਮਕ ਖੇਤਰ ਵਿਚ ਬਾਣੀ ਦੀ ਸ਼ੀਤਲਤਾ, ਕਰੁਣਾ ਅਤੇ ਮੈਤ੍ਰੀ ਦੇ ਭਾਵ ਲੈ ਕੇ ਅਵਤਰਿਤ ਹੋਏ।"[3]

ਵਰਤਮਾਨ ਸਮਾਜ ਵਿਚ ਅਸੰਤੋਸ਼ ਤੇ ਤਨਾਅ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਸ਼ਾਂਤੀ ਦੀ ਤਲਾਸ਼ ਵਿਚ ਅੱਜ ਦੀ ਪੀੜੀ ਜਾਂ ਤਾਂ ਸੈਕਸ ਵੱਲ ਰੁਚਿਤ ਹੋ [illegible] ਜਾਂ ਨਸ਼ੀਲੀ ਦਵਾਈਆਂ ਵੱਲ ਅਤੇ ਜਾਂ ਫਿਰ ਅਖੌਤੀ ਗੁਰੂਆਂ ਦੀ ਸ਼ਰਣ ਲੱਭ ਰਹੀ ਹੈ। ਪਹਿਲੇ ਦੋ ਢੰਗ ਤਾਂ ਉਸ ਨੂੰ ਬਹੁਤ ਮਹਿੰਗੇ ਪੈ ਰਹੇ ਹਨ ਤੇ ਉਹ ਏਡਜ਼ ਵਰਗੀ ਲਾਇਲਾਜ਼ ਬੀਮਾਰੀ ਦਾ ਸ਼ਿਕਾਰ ਹੋ ਰਹੀ ਹੈ। ਉਪਰੋਂ ਅੱਜ ਦੇ ਅਖੌਤੀ ਗੁਰੂ ਉਸ ਨੂੰ ਧਰਮ ਤੇ ਭਗਤੀ ਦਾ ਸਹੀ ਮਾਰਗ ਦਿਖਾਉਣ ਦੀ ਥਾਂ ਵਿਭਿੰਨ ਭੇਖਾਂ ਤੇ ਧਾਰਮਕ ਪਾਖੰਡਾਂ ਵਿਚ ਫਸਾ ਰਹੇ ਹਨ। ਜੋਤਸ਼ੀਆਂ ਤੇ ਨਿਜੂਮੀਆਂ ਦੇ ਕਾਰੋਬਾਰ ਵਿਚ ਦਿਨ ਪ੍ਰਤੀ ਦਿਨ ਵ੍ਰਿਦੀ ਹੁੰਦੀ ਜਾ ਰਹੀ ਹੈ। ਕੁਲ ਮਿਲਾ ਕੇ ਹਾਲਾਤ ਇਕ ਵਾਰ ਫਿਰ ਮੱਧਕਾਲ ਦੇ ਧਾਰਮਕ ਹਾਲਤਾਂ ਨਾਲ ਮੇਲ ਖਾ ਰਹੇ ਹਨ। ਉਸ ਵਕਤ ਵੀ ਲੋਕ ਸੱਚੇ ਧਰਮ ਦਾ ਮਾਰਗ ਭੁੱਲ ਕੇ ਕਈ ਬਾਹਰਮੁਖੀ ਭੇਖਾਂ ਵੱਲ ਰੁਚਿਤ ਹੋ ਰਹੇ ਸਨ; ਤੀਰਥ ਯਾਤਰਾਂ ਤੇ ਨਿਕਲਦੇ ਸਨ, ਦਾਨ ਦਿੰਦੇ ਸਨ, ਗ੍ਰਹਿਣਾਂ ਤੇ ਜਾ ਕੇ ਔਰਤ ਨੂੰ ਜੇਵਰਾਂ ਸਮੇਤ ਦਾਨ ਕਰ ਦਿੰਦੇ ਸਨ। ਪੰਡਤਾਂ ਤੇ ਪਰੋਹਿਤਾਂ ਦਾ ਘਰ ਸ਼ਾਂਤੀ ਦੀ ਖੋਜ ਵੀ ਪਦਾਰਥ ਵਸਤਾਂ ਨਾਲ ਭਰ ਦਿੰਦੇ ਸਨ। ਆਪਣੇ ਪੂਰਵਜਾਂ ਦੀ ਅਸ਼ੀਸ਼ ਪ੍ਰਾਪਤ ਕਰਨ ਲਈ ਪਿੰਡ ਦਾਨ ਕਰਦੇ ਸਨ ਪਰ ਗਰੀਬ ਤੇ ਮਜ਼ਲੂਮ ਲੋਕਾਂ ਦੀ ਮਦਦ ਨਹੀਂ ਸਨ ਕਰਦੇ। ਰਵਿਦਾਸ ਜੀ ਦੀ ਬਾਣੀ ਅੱਜ ਵੀ ਉਸ ਵਕਤ ਦੇ ਉਨ੍ਹਾਂ ਪਾਖੰਡੀ ਲੋਕਾਂ ਤੇ ਬਾਹਰਮੁੱਖੀ ਭੇਖਾਂ ਦਾ

ਪਾਜ ਉਘਾੜਦੀ ਨਜ਼ਰ ਆਉਂਦੀ ਹੈ। ਇਨ੍ਹਾਂ ਪਾਖੰਡਾਂ ਤੋਂ ਸਾਵਧਾਨ ਕਰਦੀ ਹੈ ਅਤੇ ਅਜੋਕੇ ਮਨੁੱਖ ਨੂੰ ਪ੍ਰਭੂ ਨਾਮ ਦਾ ਰਸਤਾ ਵਿਖਾਉਂਦੀ ਹੈ।

ਜਿਵੇਂ :

*ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।*
*ਕਵਨ ਕਰਮ ਤੇ ਛੁਟੀਐ, ਜਿਹ ਸਾਧੇ ਸਭ ਸਿਧਿ ਹੋਇ।।*

**(ਆਦਿ ਗ੍ਰੰਥ, ਪੰਨਾ 346)**

ਗੁਰੂ ਰਵਿਦਾਸ ਜੀ ਨੇ ਸਪੱਸ਼ਟ ਕੀਤਾ ਕਿ ਹਿੰਦੂ ਮਤ ਵਲੋਂ ਪ੍ਰਵਾਨਿਤ ੬੮ ਤੀਰਥਾਂ ਦੇ ਇਸ਼ਨਾਨ, ਬਾਰਾਂ ਸ਼ਿਵਲਿੰਗਾਂ ਦੀ ਪੂਜਾ, ਲੋਕ ਭਲਾਈ ਲਈ ਪੁਟਵਾਏ ਖੂਹ ਤੇ ਤਾਲਾਬ, ਕੁਲਖੇਤ੍ਰ ਗ੍ਰਹਿਣ ਦੇ ਇਸ਼ਨਾਨ, ਗਹਿਣਿਆਂ ਸਮੇਤ ਕੀਤਾ ਤ੍ਰੀਮਤਦਾਨ, ਸਿੰਮ੍ਰਿਤੀਆਂ ਦੇ ਪਾਠ ਦਾ ਸ਼੍ਰਵਣ, ਠਾਕੁਰ ਨੂੰ ਲਵਾਇਆ ਜਾਂਦਾ ਭੋਗ ਅਤੇ ਦਾਨ ਉਸ ਵਕਤ ਵਿਅਰਥ ਹੋ ਜਾਂਦਾ ਹੈ ਜਦ ਮਨੁੱਖ ਭਗਤ ਜਨਾਂ ਦੀ ਨਿੰਦਾ ਕਰਦਾ ਹੈ; ਉਨ੍ਹਾਂ ਨੂੰ ਸਨਮਾਨ ਨਹੀਂ ਦਿੰਦਾ।

*ਜੇ ਓਹ ਅਠਸਠਿ ਤੀਰਥ ਨਾਵੈ।*
*ਜੇ ਓਹ ਦੁਆਦਸ ਸਿਲਾ ਪੁਜਾਵੈ।*
*ਜੇ ਓਹ ਕੂਪ ਤਟਾ ਦੇਵਾਵੈ।*
*ਕਰੈ ਨਿੰਦਾ ਸਭ ਬਿਰਥਾ ਜਾਵੈ।*

**(ਆਦਿ ਗ੍ਰੰਥ, ਪੰਨਾ 875)**

ਪਰ ਅਫ਼ਸੋਸ, ਨਿੰਦਾ ਕਰਨਾ ਜਿਵੇਂ ਅੱਜ ਦੇ ਮਨੁੱਖ ਦਾ ਧਰਮ ਬਣ ਗਿਆ ਹੈ। ਉਹ ਗੁਰੂ ਰਵਿਦਾਸ ਦੀ ਸਿੱਖਿਆ ਭੁੱਲ ਗਿਆ ਹੈ ਅਤੇ ਇਸ ਸੱਚਾਈ ਨੂੰ ਵੀ ਅੱਖੋਂ ਪਰੋਖੇ ਕਰ ਰਿਹਾ ਹੈ ਕਿ ਭਗਤ ਦਾ ਦਰਜਾ ਸਭ ਤੋਂ ਉਪਰ ਹੈ।

*ਪੰਡਿਤ ਸੂਰ ਛਤ੍ਰਪਤਿ ਰਾਜਾ,*

*ਭਗਤ ਬਰਾਬਰਿ ਅਉਰੁ ਨ ਕੋਇ।।*

**(ਆਦਿ ਗ੍ਰੰਥ, ਪੰਨਾ 858)**

ਪਰ ਇਥੇ ਹੀ ਬੱਸ ਨਹੀਂ, ਨਿਮਰਤਾ ਦੇ ਨਾਲ ਅੱਜ ਦੇ ਮਨੁੱਖ ਦਾ ਦੂਰ-ਨੇੜੇ ਦਾ ਨਾਤਾ ਨਹੀਂ ਰਿਹਾ। ਉਹ ਸੰਤ ਜਨਾਂ ਅਤੇ ਭਗਤਾਂ ਦੀ ਨਿੰਦਾ ਕਰਕੇ ਪਾਪਾਂ ਦਾ ਭਾਗੀ ਬਣ ਰਿਹਾ ਹੈ; ਨਰਕਾਂ ਵਿਚ ਸਜ਼ਾ ਭੋਗਣ ਦੀ ਤਿਆਰੀ ਕਰ ਰਿਹਾ ਹੈ। ਉਹ ਹਉਮੈਂ ਦਾ ਪੁਤਲਾ ਬਣ ਗਿਆ ਹੈ। ਕਾਮ ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਵਰਗੇ ਪੰਜ ਵਿਕਾਰਾਂ ਵਿਚ ਉਹ ਬੁਰੀ ਤਰ੍ਹਾਂ ਗ੍ਰਸਿਆ ਪਿਆ ਹੈ। ਨਤੀਜਤਨ ਉਹ ਜੀਵਨ ਵਿਚ ਤਰੱਕੀ ਕਰਨ ਲਈ ਭੈੜੇ ਤੋਂ ਭੈੜੇ ਕਰਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ ਜਿਸ ਨਾਲ ਸਮਾਜ ਵਿਚ ਝੂਠ, ਬੇਈਮਾਨੀ, ਭ੍ਰਿਸ਼ਟਾਚਾਰ ਅਤੇ ਪਾਪ ਦਾ ਬੋਲਬਾਲਾ ਵੱਧ ਰਿਹਾ ਹੈ। ਇਸ ਕਾਰਨ ਸਾਡਾ ਸਮਾਜ ਨਿਰੰਤਰ ਅਸਥਿਰਤਾ ਤੇ ਅਧੋਗਤੀ ਵੱਲ ਵੱਧ ਰਿਹਾ ਹੈ। ਅਜਿਹੀ ਹਾਲਤ ਵਿੱਚ ਰਵਿਦਾਸ ਜੀ ਨੇ ਵਿਚਾਰ ਮਨੁੱਖ ਨੂੰ ਕਾਮ, ਕ੍ਰੋਧ, ਮੋਹ, ਲੋਭ ਤੇ ਅਹੰਕਾਰ ਵਰਗੇ ਪੰਜ ਵਿਕਾਰਾਂ ਤੋਂ ਬੱਚ ਕੇ ਸਚਾਈ ਤੇ ਧਰਮ ਦਾ ਰਸਤਾ ਵਿਖਾਉਂਦੇ ਹਨ। ਇਸ ਸਭ ਕਾਸੇ ਵਿਚ ਉਨ੍ਹਾਂ ਦੀ ਨਿਮਰਤਾ ਤੇ ਸਾਦਗੀ ਹਰ ਪਾਠਕ ਤੇ ਸ਼ਰਧਾਲੂ ਦਾ

ਧਿਆਨ ਆਪਣੇ ਵੱਲ ਖਿੱਚਦੀ ਹੈ।

ਗੁਰੂ ਰਵਿਦਾਸ ਬਾਰ-ਬਾਰ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਉਸਦਾ ਜੀਵਨ ਨਾਸ਼ਵਾਨ ਹੈ। ਇਸ ਅਮੁੱਲ ਜੀਵਨ ਨੂੰ ਮਾਇਆ ਦੇ ਮਗਰ ਲੱਗ ਕੇ ਉਸ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ ਹੈ। ਉਹ ਮਿੱਟੀ ਦੇ ਬਣੇ ਇਕ ਪੁਤਲੇ ਦੀ ਤਰ੍ਹਾਂ ਹੈ, ਜਿਸ ਨੇ ਅੰਤ ਮਿੱਟੀ ਵਿਚ ਹੀ ਮਿਲ ਜਾਣਾ ਹੈ। ਜਿਸ ਪੈਸੇ, ਧਨ-ਸੰਪਤੀ, ਇਸਤਰੀ, ਪੁੱਤਰ ਅਤੇ ਰਿਸ਼ਤੇਦਾਰਾਂ ਤੇ ਨਾਤੇ-ਨਾਤੀਆਂ ਲਈ ਉਹ ਇਹ ਪਾਪ ਕਮਾ ਰਿਹਾ ਹੈ, ਉਸਦਾ ਅੰਤ ਸਮੇਂ ਕਿਸੇ ਨੇ ਸਾਥ ਨਹੀ ਦੇਣਾ। ਨਿਰਸੰਦੇਹ ਉਨ੍ਹਾਂ ਦੇ ਇਹ ਵਿਕਾਰ ਅੱਜ ਦੇ ਮਨੁੱਖ ਦੇ ਪ੍ਰਸੰਗ ਵਿਚ ਵੀ ਉਨੇ ਹੀ ਕਾਰਗਰ ਹਨ ਜਿੰਨੇ ਕਿ ਮੱਧਕਾਲ ਵਿਚ ਸਨ। ਇਸੇ ਲਈ ਉਨ੍ਹਾਂ ਦੀ ਬਾਣੀ ਦੇ ਸੰਦਰਭ ਵਿਚ **ਡਾ. ਸ਼ਿਆਮ ਸੁੰਦਰਦਾਸ** ਲਿਖਦੇ ਹਨ :

'ਸੰਤ ਰਵਿਦਾਸ ਦਾ ਸਾਹਿਤ ਸਾਧਨਾ ਪਰਕ ਵਿਚਾਰਾਂ ਨਾਲ ਓਤਪ੍ਰੋਤ ਹੈ ਅਤੇ ਸਮਾਜ ਨੂੰ ਨਵੀਂ ਦਿਸ਼ਾ ਵਿਚ ਮੋੜਨ ਦੀ ਸਫਲ ਕੋਸ਼ਿਸ਼ ਦਾ ਇੱਕ ਸੁੰਦਰ ਮਾਧਿਅਮ ਹੈ। ਇਹ ਇੱਕ ਬਹੁਤ ਵੱਡੇ ਅੰਦੋਲਨ ਦਾ ਸਾਧਨ ਮਾਤਰ ਹੈ ਜੋ ਪੂਰੇ ਯੁੱਗ-ਪਰਿਵੇਸ਼ ਦੇ ਚਿੰਤਨ ਨੂੰ ਆਪਣੇ-ਆਪ ਵਿਚ ਸਮੇਟ ਕੇ ਅੱਗੇ ਵਧਦਾ ਹੈ। ਇਹ ਆਪਣੇ ਯੁੱਗ ਦੀ ਇਕ ਪ੍ਰਗਤੀਸ਼ੀਲ ਸਾਹਿਤਕ ਪਰੰਪਰਾ ਹੈ ਜੋ ਮਾਨਵ ਮਾਤਰ ਨੂੰ ਯੁਗਾਨੁਕੂਲ ਆਚਾਰ-ਵਿਚਾਰ ਪਾਲਨ ਦੀ ਪ੍ਰੇਰਨਾ ਦੇਣ ਵਿਚ ਸਕਸ਼ਮ ਹੈ।'[4]

(ਅਸਲ ਵਿਚ ਮਨੁੱਖ ਨੂੰ ਮੁਕਤੀ ਦਾ ਰਸਤਾ ਵਿਖਾਉਣ ਵਾਲੀ ਗੁਰੂ ਰਵਿਦਾਸ ਦੇ ਵਿਚਾਰ ਤੇ ਚੇਤਨਾ ਇੱਕ ਏਕਾਂਤਪ੍ਰਿਅ ਸੰਤ ਜਾਂ ਗੁਰੂ ਦੇ ਨਹੀਂ ਹਨ। ਸਗੋਂ ਅਜਿਹੇ ਮਹਾਨ ਸਮਾਜ ਸੁਧਾਰਕ ਕ੍ਰਾਂਤੀਕਾਰੀ ਵਿਅਕਤੀ ਦੇ ਸਨ ਜੋ ਮਨੁੱਖ ਦੇ ਕਸ਼ਟਾਂ ਨੂੰ ਆਪਣੀ ਰਚਨਾਵਾਂ ਵਿਚ ਅਨੌਖੇ ਢੰਗ ਨਾਲ ਜ਼ੁਬਾਨ ਦਿੰਦੇ ਨਜ਼ਰ ਆਉਂਦੇ ਹਨ। ਸ਼ਾਇਦ ਇਸ ਦਾ ਇੱਕ ਕਾਰਣ ਇਹ ਹੈ ਕਿ ਉਨ੍ਹਾਂ ਇਨ੍ਹਾਂ ਕਸ਼ਟਾਂ ਨੂੰ ਖ਼ੁਦ ਭੋਗਿਆ ਹੈ ਅਤੇ ਹੱਢੀ ਹਢਾਉਂਦੇ, ਲੋਕਾਂ ਨੂੰ ਬੜੀ ਨਜ਼ਦੀਕ ਹੋ ਕੇ ਵਾਚਿਆ ਹੈ) ਇਸ ਲਈ ਉਨ੍ਹਾਂ ਦੀ ਬਾਣੀ ਵਰਤਮਾਨ ਆਧੁਨਿਕ ਸੰਦਰਭ ਵਿਚ ਤਾਂ ਹੋਰ ਵੀ ਪ੍ਰਸੰਗਿਕ ਹੋ ਉੱਠਦੀ ਹੈ। ਸਮਾਜਕ ਸੰਗਠਨਾਂ ਤੇ ਵਿਸ਼ੇਸ਼ ਕਰਕੇ ਵਰਣ-ਵਿਵਸਥਾ ਦੇ ਰੂੜ੍ਹ ਸਿਧਾਂਤਾਂ ਨੇ ਦੇਸ਼ ਦੇ ਅੰਦਰ ਹੀ ਦੱਬੀ-ਕੁਚਲੀ ਜਾਤੀਆਂ ਦਾ ਸ਼ੋਸ਼ਣ ਕਰਕੇ ਸ਼ਤਾਬਦੀਆਂ ਤੋਂ ਅਤਿਆਚਾਰ ਝੇਲ ਰਹੀਆਂ ਦਲਿਤ ਜਾਤੀਆਂ ਨੂੰ ਸਮਾਜਕ ਅਲਗਾਵ ਵੱਲ ਵਧਾ ਦਿੱਤਾ ਹੈ। ਦਮਨ ਦਾ ਇਹ ਸਿਧਾਂਤ ਦੱਬੀ ਕੁਚਲੀ ਜਾਤੀਆਂ ਦਾ ਬਰਾਬਰ ਸ਼ੋਸ਼ਣ ਕਰ ਰਿਹਾ ਹੈ। ਅੰਤਰ ਕੇਵਲ ਇਹ ਹੀ ਆਇਆ ਹੈ ਕਿ ਪਹਿਲਾਂ ਸ਼ੂਦਰ ਜਾਤੀਆਂ ਇਸ ਸਭ ਨੂੰ ਰੱਬ ਦੀ ਮਰਜ਼ੀ ਮੰਨਕੇ ਸਿਰ ਝੁਕਾ ਕੇ ਸਦੀਆਂ ਤੋਂ ਝੇਲਦੀਆਂ ਆਈਆਂ ਸਨ ਪਰ ਅੱਜ ਭਾਰਤ ਦੀ ਰਾਜਨੀਤੀ ਨੇ ਇਸ ਸਭ ਦੀ ਦਸ਼ਾ ਹੋਰ ਵੀ ਵਿਗਾੜ ਦਿੱਤੀ ਹੈ ਕਿਉਂਕਿ ਧਰਮ ਦੀ ਥਾਂ ਅੱਜ ਰਾਜਨੀਤੀ ਨੇ ਲੈ ਲਈ ਹੈ। ਨੇਤਾ ਲੋਕ ਧਰਮ ਦੇ ਠੇਕੇਦਾਰ ਬਣ ਬੈਠੇ ਹਨ। ਸਾਰੇ ਸਮਾਜਿਕ ਫੈਸਲੇ ਵੀ ਰਾਜਨੀਤੀ ਦੇ ਆਧਾਰ ਤੇ ਹੋਣ ਲਗ ਪਏ ਹਨ ਅਤੇ ਸੰਸਦ ਵਿਚ ਪਹੁੰਚਣ ਲਈ ਰਾਜਨੇਤਾ ਧਰਮ ਅਤੇ ਜਾਤ ਦੇ ਨਾਂ ਤੇ ਸੰਪ੍ਰਦਾਇਕਤਾ ਦੇ ਬੀਜ ਬੋ ਰਹੇ ਹਨ ਤੇ ਵਰਤਮਾਨ ਯੁਗ ਵਿਚ ਧਰਮ ਉਪਰ ਵੀ ਵਿਵਾਦ ਹੋ ਰਹੇ ਹਨ। ਅਯੋਧਿਆ ਵਿਚ ਹੋਇਆ ਮੰਦਰ-ਮਸਜਿਦ ਕਾਂਡ ਇਸ ਇਸ ਗੱਲ ਦੀ ਪ੍ਰਤੱਖ ਗਵਾਹੀ ਭਰਦਾ ਹੈ ਕਿ ਧਾਰਮਕ ਕੱਟੜਤਾ, ਆਪਸੀ ਵਿਸ਼ਵਾਸ ਉਪਰ ਹਾਵੀ ਹੋ ਰਹੀ ਹੈ। ਅਜਿਹੀ ਹਾਲਤ ਵਿਚ ਦੇਸ਼ ਦੀ ਸੁਤੰਤਰਤਾ ਵੀ ਖਤਰੇ ਵਿਚ ਪੈ ਰਹੀ ਹੈ। ਜਦਕਿ ਸਾਰੇ ਜਾਣਦੇ ਹਾਂ ਕਿ ਪਰਮਾਤਮਾ ਇੱਕ ਹੈ। ਦੁਨੀਆਂ ਦੇ ਵਿਭਿੰਨ ਮਤ-ਮਤਾਂਤਰ ਤੇ ਧਰਮਾਂ ਨੂੰ ਮੰਨਣ ਵਾਲੇ ਲੋਕ ਵੀ ਇਸੇ ਤੱਥ ਨੂੰ ਸਵੀਕਾਰ ਕਰਦੇ ਹਨ। ਖੁਦ ਗੁਰੂ ਰਵਿਦਾਸ ਜੀ ਨੇ ਵੀ ਆਪਣੀ ਰਚਨਾ ਵਿਚ ਇਸ ਗੱਲ ਵੱਲ ਇਸ਼ਾਰਾ ਕੀਤਾ ਹੈ :

*ਰਵਿਦਾਸ ਏਕੈ ਬ੍ਰਹਮ ਕਾ ਹੋਇ ਰਹਿਓ ਸਗਲ ਪਸਾਰ।*

*ਏਕੈ ਮਾਟੀ ਸਭ ਘਟ ਉਪਜੈ, ਏਕੈ ਸਭ ਕੂੰ ਸਿਰਜਨਹਾਰ।।*

ਸਪੱਸ਼ਟ ਹੈ ਗੁਰੂ ਰਵਿਦਾਸ ਦੀ ਕਵਿਤਾ ਜਿੱਥੇ ਇਕ ਪਾਸੇ ਸ਼ੂਦਰ ਵਿਅਕਤੀ ਦੇ ਪ੍ਰਤੀ ਸਮਾਜ ਦੀ ਹੀਨ ਤੇ ਉਪੇਕਸ਼ਾ ਭਰੀ ਦ੍ਰਿਸ਼ਟੀ ਦੀ ਪੇਸ਼ਕਾਰੀ ਕਰਦੀ ਹੈ ਉਥੇ ਦੂਜੇ ਪਾਸੇ ਪ੍ਰਭੂ ਪ੍ਰੇਮ ਤੇ ਆਪਸੀ ਮਿਲਵਰਤਣ ਦਾ ਸੰਦੇਸ਼ ਵੀ ਦਿੰਦੀ ਹੈ। ਘ੍ਰਿਣਾ, ਸਮਾਜਕ ਤਿਰਸਕਾਰ ਆਪਸੀ ਟਕਰਾਅ ਤੇ ਭੇਦਭਾਵ ਨੂੰ ਮਿਟਾ ਕੇ ਵਿਸ਼ਵ ਬੰਧੁਤਵ ਦੀ ਭਾਵਨਾ ਦਾ ਪ੍ਰਚਾਰ ਕਰਦੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਭਗਤੀ ਕਾਵਿ ਨਾਲ ਜੁੜੇ ਹੋਰ ਕਵੀਆਂ ਵਾਂਗ ਹੀ ਗੁਰੂ ਰਵਿਦਾਸ ਵੀ ਜ਼ਿਆਦਾ ਪੜ੍ਹੇ ਲਿਖੇ ਨਹੀਂ ਸਨ। ਬਲਕਿ ਉਹ ਜਿਸ ਜਾਤ ਨਾਲ ਸੰਬੰਧਿਤ ਸਨ, ਉਸ ਸਮੇਂ ਵਿਚ ਉਨ੍ਹਾਂ ਨੂੰ ਵਿਦਿਆ ਪ੍ਰਾਪਤੀ ਦਾ ਅਧਿਕਾਰ ਹੀ ਨਹੀਂ ਸੀ ਪਰ ਫਿਰ ਵੀ ਉਨ੍ਹਾਂ ਦੀ ਬਾਣੀ ਬੇਗ਼ਮਪੁਰੇ, ਵਸੂਧੈਵ ਕਟੁੰਬਕਮ ਅਤੇ Dignity of Labour ਜਿਹੇ ਸਿਧਾਂਤਾਂ ਦੀ ਪੇਸ਼ਕਾਰੀ ਕਰਦੇ ਕਾਰਲ ਮਾਰਕਸ 'ਤੇ ਫੈਡ੍ਰਿਕ ਏਂਗਲਜ਼ ਦੇ ਮਾਰਕਸਵਾਦ ਦੇ ਸਿਧਾਂਤ ਨਾਲ ਟੱਕਰ ਲੈਂਦੀ ਹੈ। ਸਮੁੱਚਾ ਜਗਤ ਅੱਜ ਉਨ੍ਹਾਂ ਦੀ ਬਾਣੀ ਅੱਗੇ ਨਤਮਸਤਕ ਹੈ। ਉਨ੍ਹਾਂ ਦੀ ਬਾਣੀ ਇਕੱਲੇ ਕਿਸੇ ਇਕ ਜਾਤੀ ਦੇ ਮਨੁੱਖ ਨੂੰ ਹੀ ਨਹੀਂ ਸਮੁੱਚੇ ਸਮਾਜ ਨੂੰ ਦਿਸ਼ਾ ਦਿੰਦੀ ਹੈ ਅਤੇ ਇਹ ਉਹ ਸਮਾਜ ਹੈ ਜਿਸ ਵਿਚ ਹਰ ਸਤਰ ਦੇ ਲੋਕ ਸ਼ਾਮਲ ਹਨ।

ਅੱਜ ਵਿਦੇਸ਼ੀ ਭਾਸ਼ਾ, ਮਲਟੀਨੈਸ਼ਨਲ ਵਪਾਰੀ ਕੰਪਨੀਆਂ ਅਤੇ ਮੀਡੀਆ ਦੀ ਸੁਤੰਤਰਤਾ ਦੇ ਨਾਂ ਤੇ ਜਿਸ ਵਿਸ਼ਵੀਕਰਨ ਦੀ ਕ੍ਰਾਂਤੀ ਦੀ ਗੱਲ ਭਾਰਤੀ ਸਮਾਜ ਵਿਚ ਛੋਹੀ ਜਾ ਰਹੀ ਹੈ, ਉਸ ਨੇ ਇਕ ਨਵੀਂ ਪਦਾਰਥਵਾਦੀ ਸੰਸਕ੍ਰਿਤੀ ਨੂੰ ਜਨਮ ਦਿੱਤਾ ਹੈ। ਇਸ ਸੰਸਕ੍ਰਿਤੀ ਵਿਚ ਹਰ ਵਸਤ ਮੰਡੀ ਦੀ ਸ਼ੈਅ ਹੈ ਤੇ ਰੱਬ ਦੀ ਹੋਂਦ ਨੂੰ ਨਕਾਰ ਕੇ ਪੈਸੇ ਨੂੰ ਰੱਬ ਦਾ ਦਰਜਾ ਦਿੱਤਾ ਜਾ ਰਿਹਾ ਹੈ। ਚਮਚਮਾਉਂਦੀ ਗਲੈਮਰ ਨਾਲ ਜੁੜੀ ਇਹ ਦੁਨੀਆਂ ਸਾਡੀ ਨੌਜਵਾਨ ਪੀੜ੍ਹੀ ਨੂੰ ਖਿੱਚ ਰਹੀ ਹੈ ਤੇ ਹੌਲੀ ਹੌਲੀ ਸਾਡੇ ਭਵਿੱਖ ਦੀ ਬਾਗਡੋਰ ਸੰਭਾਲਣ ਵਾਲੀ ਇਹ ਪੀੜ੍ਹੀ ਭਟਕ ਰਹੀ ਹੈ। ਪੈਸੇ ਕਮਾਉਣ ਦੀ ਹੋੜ ਵਿਚ ਵਿਭਿੰਨ ਤਰ੍ਹਾਂ ਦੀ ਚਿੰਤਾਵਾਂ ਤੇ ਤਨਾਅ ਦਾ ਸ਼ਿਕਾਰ ਬਣ ਰਹੀ ਹੈ ਜਿਸਦਾ ਹਲ ਕਦੇ ਉਹ ਨਸ਼ਿਆਂ ਵਿਚ ਲੱਭਦੀ ਹੈ, ਕਦੇ ਲਿਵਿੰਗ ਇੰਨ ਰਿਲੇਸ਼ਨਸ਼ਿਪ ਵਿਚ ਤੇ ਕਦੇ ਅਖੌਤੀ ਸੈਕਸ ਸਬੰਧਾਂ ਵਿਚ। ਕੁਝ ਲੋਕ ਸ਼ਾਂਤੀ ਦੀ ਤਲਾਸ਼ ਵਿਚ ਅਖੌਤੀ ਗੁਰੂਆਂ ਤੇ ਬਾਹਰ ਮੁਖੀ ਭੇਖਾਂ ਵਿਚ ਇਸ ਦੀ ਤਲਾਸ਼ ਰਹੇ ਹਨ। ਅਜਿਹੇ ਸਮੇਂ ਵਿਚ ਗੁਰੂ ਰਵਿਦਾਸ ਦੀ ਬਾਣੀ ਚਾਨਣਮੁਨਾਰੇ ਦਾ ਕੰਮ ਕਰਦੀ ਹੈ। ਅਨਿਆਂ, ਵਿਸ਼ਮਤਾਵਾਂ, ਚਿੰਤਾਵਾਂ ਅਤੇ ਤਨਾਅ ਵਿਚ ਡੁੱਬੀ ਜਨਤਾ ਨੂੰ ਭਗਤੀ ਦੇ ਬਲ ਤੇ ਸੱਚ ਤੇ ਉੱਚ ਆਚਰਨਿਕ ਗੁਣਾਂ ਦੇ ਸੰਤੁਲਨ ਨਾਲ ਸ਼ਾਂਤ ਤੇ ਨਿਮਰ ਜੀਵਨ ਜੀਉਣਾ ਸਿਖਾਉਂਦੀ ਹੈ। ਇਸ ਵਿਚ ਹੀ ਰਵਿਦਾਸ ਬਾਣੀ ਦੀ ਆਧੁਨਿਕ ਜੀਵਨ ਸ਼ੈਲੀ ਵਿਚ ਵਿਸ਼ਵੀਕਰਨ ਦੇ ਦੌਰ ਤੇ ਅਜੋਕੇ ਸਮੇਂ ਵਿਚ ਸਾਰਥਕਤਾ ਸਿੱਧ ਹੋ ਜਾਂਦੀ ਹੈ।

## 7.2 ਸ਼ੋਧ ਪ੍ਰਬੰਧ ਦਾ ਸਾਰ

ਪ੍ਰਸਤੁਤ ਸ਼ੋਧ ਪ੍ਰਬੰਧ 'ਗੁਰੂ ਰਵਿਦਾਸ ਜੀ ਭਗਤੀ ਪੱਧਤੀ ਅਤੇ ਉਨ੍ਹਾਂ ਦੀ ਬਾਣੀ ਵਿਚ ਵਿਸ਼ਵ ਬੰਧੁਤਵ ਦੀ ਭਾਵਨਾ' ਵਿਚ ਮੱਧਕਾਲੀਨ ਉੱਤਰੀ ਭਾਰਤ ਦੀ ਭਗਤੀ ਪਰੰਪਰਾ ਦੇ ਪ੍ਰਤੀਪਾਦਕ ਗੁਰੂ ਰਵਿਦਾਸ ਦੀ ਬਾਣੀ ਦਾ ਵਿਵੇਚਨ ਕਰਦੇ ਹੋਏ ਉਨ੍ਹਾਂ ਦੀ ਨਿਵੇਕਲੀ ਭਗਤੀ ਪੱਧਤੀ ਤੇ ਉਸ ਵਿਚ ਮੌਜੂਦ ਲੋਕ ਮੰਗਲ ਦੀ

ਭਾਵਨਾ, ਮਾਨਵਵਾਦ, ਸਰਵ ਜਾਤੀ ਸਮਭਾਵ, ਸਮਾਜਕ ਆਦਰਸ਼ ਤੇ ਪ੍ਰਤੀਮਾਨ ਅਤੇ ਵਿਸ਼ਵਬੰਧੁਤਵ ਦੀ ਭਾਵਨਾ ਵਿਚ ਰਿਚੇ ਮਿਚੇ ਬੇਗ਼ਮਪੁਰੇ ਦੇ ਆਦਰਸ਼ ਨੂੰ ਉਜਾਗਰ ਕੀਤਾ ਗਿਆ ਹੈ। ਇਹ ਗੁਰੂ ਰਵਿਦਾਸ ਦੀ ਬਾਣੀ ਦੀ ਅਦੁੱਤੀ ਵਿਸ਼ੇਸ਼ਤਾ ਹੀ ਸੀ ਜਿਸਨੇ ਗੁਰੂ ਅਰਜੁਨ ਦੇਵ ਜੀ ਨੂੰ ਉਨ੍ਹਾਂ ਦੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦੇਣ ਲਈ ਪ੍ਰੇਰਿਤ ਕੀਤਾ। ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ ਪ੍ਰਸਤੁਤ ਕਰਨ ਉਪਰੰਤ ਅਸੀਂ ਹੁਣ ਉਸ ਥਾਂ ਤੇ ਪਹੁੰਚ ਚੁੱਕੇ ਹਾਂ ਜਿਥੇ ਬੈਠਕੇ ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਅਤੇ ਵਿਸ਼ਵਬੰਧੁਤਵ ਦੀ ਭਾਵਨਾ ਨੂੰ ਆਧਾਰ ਬਣਾਕੇ ਲਿਖੇ ਗਏ ਇਸ ਸ਼ੋਧ ਪ੍ਰਬੰਧ ਦਾ ਜਾਇਜ਼ਾ ਲੈ ਸਕੀਏ।

ਸ਼ੋਧ ਪ੍ਰਬੰਧ ਦਾ ਪਹਿਲਾ ਅਧਿਆਇ ਵਿਸ਼ੇ ਸਥਾਪਨਾ ਨਾਲ ਸਬੰਧਿਤ ਹੈ। ਇਸ ਵਿਚ 'ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਤੇ ਉਨ੍ਹਾਂ ਦੀ ਬਾਣੀ ਵਿਚ ਵਿਸ਼ਵ ਬੰਧੁਤਵ ਦੀ ਭਾਵਨਾ' ਜੋ ਪ੍ਰਸਤੁਤ ਖੋਜ ਪ੍ਰਬੰਧ ਦਾ ਵਿਸ਼ਾ ਹੈ, ਬਾਰੇ ਚਰਚਾ ਕਰਦੇ ਹੋਏ, ਪੂਰਵ ਸੰਪੰਨ ਹੋਏ ਖੋਜ-ਕਾਰਜਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਮਗਰੋਂ ਖੋਜ ਕਾਰਜ ਦੀ ਮਹੱਤਾ ਤੇ ਪ੍ਰਕਾਸ਼ ਪਾਉਂਦੇ ਹੋਏ ਵਰਤਮਾਨ ਸਮੇਂ ਤੇ ਵਿਸ਼ਵੀਕਰਨ ਦੇ ਦੌਰ ਵਿਚ ਇਸ ਦੀ ਪ੍ਰਸੰਗਿਕਤਾ ਬਾਰੇ ਗੱਲ ਵੀ ਤੋਰੀ ਗਈ ਹੈ। ਇਸ ਅਧਿਆਇ ਦੇ ਅੰਤ ਵਿਚ ਇਸ ਖੋਜ ਕਾਰਜ ਦੀ ਸੀਮਾ ਨਿਸ਼ਚਿਤ ਕਰਦੇ ਹੋਏ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਲੁਕੀ ਭਗਤੀ ਪੱਧਤੀ ਤੇ ਵਿਸ਼ਵ ਬੰਧੁਤਵ ਦੀ ਭਾਵਨਾ ਦਾ ਵਿਧੀਵਤ ਅਧਿਐਨ ਕਰਦੇ ਹੋਏ ਸਿਧਾਂਤ ਨਿਰੂਪਣ ਦੇ ਨਾਲ ਨਾਲ ਵਿਹਾਰਕ ਵਿਆਖਿਆ ਵੱਲ ਰੁਚੀ ਵੀ ਪ੍ਰਗਟ ਕੀਤੀ ਗਈ ਹੈ।

ਸ਼ੋਧ ਪ੍ਰਬੰਧ ਦਾ ਦੂਜਾ ਅਧਿਆਇ ਭਗਤੀ ਦੀ ਪਰਿਭਾਸ਼ਾ, ਭਗਤੀ ਦਾ ਸਰੂਪ, ਵੱਖ ਵੱਖ ਆਚਾਰੀਆ ਵੱਲੋਂ ਕੀਤੀ ਭਗਤੀ ਦੀ ਵੰਡ, ਪ੍ਰਭੂ ਦੇ ਸਗੁਣ ਅਤੇ ਨਿਰਗੁਣ ਸਰੂਪ ਦੇ ਆਧਾਰ ਤੇ ਸਗੁਣ ਅਤੇ ਨਿਰਗੁਣ ਭਗਤੀ ਦੀ ਗੱਲ ਤੋਰਦਾ ਹੈ। ਸਰਗੁਣ ਭਗਤੀ ਦੀ ਵੈਧੀ ਤੇ ਰਾਗਾਨੁਗਾ ਭਗਤੀ ਅਤੇ ਸਰਗੁਣ ਭਗਤੀ ਦੇ ਵਿਸ਼ੇਸ਼ ਰੂਪ ਨਵਧਾ ਭਗਤੀ ਦੇ ਨੌਂ ਭੇਦਾਂ ਦੀ ਚਰਚਾ ਕਰਦੇ ਹੋਏ ਨਿਰਗੁਣ ਭਗਤੀ ਦੀ ਗਿਆਨਮਈ ਅਤੇ ਪ੍ਰੇਮਾਮਾਰਗੀ ਭਗਤੀ ਵਿਚ ਵੰਡ ਵੀ ਇਸ ਅਧਿਆਇ ਵਿਚ ਕੀਤੀ ਗਈ ਹੈ।

ਇਸੇ ਅਧਿਆਇ ਦੇ ਵਿਚ ਵਿਸ਼ਵ ਬੰਧੁਤਵ ਦੇ ਸੰਕਲਪ ਦੀ ਪਰਿਭਾਸ਼ਾ, ਇਸਦੇ ਕੋਸ਼ਗਤ ਅਰਥਾਂ ਬਾਰੇ ਚਰਚਾ ਕਰਦੇ ਹੋਏ ਵਿਸ਼ਵਬੰਧੁਤਵ ਦੀ ਭਾਵਨਾ ਦੀ ਭਾਰਤੀ ਪਰੰਪਰਾ ਅਤੇ ਸਾਮੀ ਪਰੰਪਰਾ ਵਿਚ ਮੌਜੂਦਗੀ ਦੀ ਗੱਲ ਕੀਤੀ ਗਈ ਹੈ। ਸੂਫੀਆਂ ਦਾ 'ਅਲਹਿ ਰੂਹ ਅਮਰਿ ਰੱਬੀ' ਅਤੇ 'ਹਮਾਓਸਤ' ਵਰਗੇ ਸਿਧਾਂਤਾਂ ਰਾਹੀਂ ਸੂਫੀ ਸੰਪਰਦਾਇ ਵਿਚ ਵਿਆਪਕ ਆਪਸੀ ਪਿਆਰ, ਮਿਲਵਰਤਨ, ਭ੍ਰਾਤਰੀਭਾਵ ਤੇ ਭਾਈਚਾਰੇ ਦੀ ਭਾਵਨਾ ਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਇਸ ਤਰ੍ਹਾਂ ਇਸ ਅਧਿਆਇ ਰਾਹੀਂ ਇਹ ਭਾਵ ਪ੍ਰਗਟ ਕਰਨ ਦੀ ਪਹਿਲ ਕੀਤੀ ਗਈ ਹੈ ਕਿ ਪਰਮਾਤਮਾ ਇੱਕ ਹੈ ਤੇ ਉਸਦੇ ਪ੍ਰਤੀ ਅਤਿਸ਼ਯ ਅਤੇ ਨਿਸ਼ਕਾਮ ਪ੍ਰੇਮ ਦੀ ਭਗਤੀ ਹੈ। ਕਿਉਂ ਜੋ ਸਾਰੀ ਧਰਤੀ ਤੇ ਪੈਂਦੇ ਹੋਏ ਮਨੁੱਖ ਇਕ ਰੱਬ ਦੀ ਸੰਤਾਨ ਹਨ। ਉਹ ਇਕ ਪਰਿਵਾਰ ਦੀ ਤਰ੍ਹਾਂ ਹਨ। ਵਸੁਧੈਵ ਕਟੁੰਬਕਮ ਦੀ ਇਸ ਸੱਚਾਈ ਨੂੰ ਮਨੋ ਧਾਰਨ ਕਰਕੇ ਹੀ ਵਿਸ਼ਵ ਬੰਧੂਤਵ ਦੇ ਸੰਕਲਪ ਨੂੰ ਧਰਤੀ ਤੇ ਸਾਕਾਰ ਕੀਤਾ ਜਾ ਸਕਦਾ ਹੈ।

ਸ਼ੋਧ ਪ੍ਰਬੰਧ ਦਾ ਤੀਸਰਾ ਅਧਿਆਇ ਸਗੁਣ ਭਗਤੀ ਪਰੰਪਰਾ ਤੇ ਸਰਗੁਣ ਭਗਤੀ ਕਾਵਿਧਾਰਾ ਅਤੇ ਨਿਰਗੁਣ ਭਗਤੀ ਪਰੰਪਰਾ ਤੇ ਕਾਵਿਧਾਰਾ ਦੀ ਵਿਸ਼ੇਸ਼ਤਾਈਆਂ ਅਤੇ ਉਨ੍ਹਾਂ ਵਿਚਲੇ ਅੰਤਰ ਦੀ ਗੱਲ ਤੋਰਦਾ ਹੈ। ਇਸ ਅਧਿਆਇ ਵਿਚ ਸਰਗੁਣ ਪਰੰਪਰਾ ਦੀ ਸ਼ੈਵ, ਸ਼ਾਕਤ ਅਤੇ ਵੈਸ਼ਨਵ ਮਤ ਵਿਚ ਵੰਡ ਬਾਰੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਨਿਰਗੁਣ ਭਗਤੀ ਪਰੰਪਰਾ ਦੀ ਵੰਡ ਸੂਫੀ ਕਾਵਿਧਾਰਾ, ਪ੍ਰੇਮਾਖਿਆਨ ਅਤੇ ਸੰਤ ਕਾਵਿ ਪਰੰਪਰਾ ਵਿਚ ਕੀਤੀ ਗਈ ਹੈ ਅਤੇ ਇਨ੍ਹਾਂ ਕਾਵਿਧਾਰਾਵਾਂ ਨਾਲ ਜੁੜੇ ਪ੍ਰਮੁੱਖ ਸੂਫੀਆਂ, ਪ੍ਰੇਮਾਖਿਆਨ

ਕਵੀਆਂ ਤੇ ਸੰਤ ਕਵੀਆਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਅਧਿਆਇ ਦੇ ਅੰਤ ਵਿਚ ਗੁਰੂ ਰਵਿਦਾਸ ਜੀ ਦਾ ਭਗਤੀ ਪਰੰਪਰਾ ਵਿਚ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।

ਸ਼ੋਧ ਪ੍ਰਬੰਧ ਦਾ ਚੌਥਾ ਅਧਿਆਇ ਗੁਰੂ ਰਵਿਦਾਸ ਦੇ ਜੀਵਨ ਪਰਿਚੈ, ਉਨ੍ਹਾਂ ਦੇ ਵਿਅਕਤਿਤਵ, ਉਨ੍ਹਾਂ ਦੀ ਬਾਣੀ ਦੇ ਪਰਿਚੈ, ਬਾਣੀ ਦੇ ਪ੍ਰੇਰਣਾ ਤੱਤ, ਬਾਣੀ ਦੇ ਪ੍ਰਮੁੱਖ ਸਰੋਤ ਅਤੇ ਉਸਦੇ ਵਿਚਾਰਧਾਰਾਈ ਪਰਿਪੇਖਾਂ ਨੂੰ ਸਮਰਪਿਤ ਹੈ। ਇਸ ਤੋਂ ਇਲਾਵਾ ਇਸ ਵਿਚ ਗੁਰੂ ਰਵਿਦਾਸ ਦੀ ਬਾਣੀ ਦੇ ਕਲਾਤਮਕ ਪੱਖ ਜਿਵੇਂ ਬਿੰਬ ਰਸ, ਅਲੰਕਾਰ, ਸ਼ੈਲੀ, ਰੀਤੀ, ਕਲਪਨਾ, ਛੰਦ ਪ੍ਰਬੰਧ, ਭਾਸ਼ਾ ਅਤੇ ਸੰਗੀਤਕ ਲੈਅ ਬਾਰੇ ਵੀ ਵਿਚਾਰ ਕੀਤਾ ਗਿਆ ਹੈ।

ਸ਼ੋਧ ਪ੍ਰਬੰਧ ਦਾ ਪੰਜਵਾਂ ਅਧਿਆਇ ਗੁਰੂ ਰਵਿਦਾਸ ਦੀ ਅਨੂਠੀ ਭਗਤੀ ਪੱਧਤੀ ਨੂੰ ਸਮਰਪਿਤ ਹੈ, ਜਿਸ ਵਿਚ ਉਨ੍ਹਾਂ ਦੀ ਭਾਉ ਅਰਥਾਤ ਪ੍ਰੇਮ ਪਰਿਪੂਰਣ ਪ੍ਰੇਮਾਭਗਤੀ ਦੀ ਚਰਚਾ ਕੀਤੀ ਗਈ ਹੈ। ਇਸ ਵਿਚ ਉਨ੍ਹਾਂ ਦੀ ਭਗਤੀ ਪੱਧਤੀ ਦੇ ਪ੍ਰਮੱਖ ਤੱਤਾਂ, ਵਿਲੱਖਣਤਾਵਾਂ ਅਤੇ ਇਸ ਭਗਤੀ ਪੱਧਤੀ ਦੀ ਹੋਰ ਨਿਰਗੁਣਵਾਦੀ ਸੰਤਾਂ ਦੀ ਭਗਤੀ ਪੱਧਤੀ ਨਾਲ ਸਾਂਝ ਤੇ ਵੀ ਚਰਚਾ ਕੀਤੀ ਗਈ ਹੈ। ਇਹ ਸਾਂਝ ਬ੍ਰਹਮ, ਜੀਵ, ਜਗਤ, ਮਾਇਆ, ਆਤਮਾ, ਸੰਤ, ਕਰਮ, ਸਿਧਾਤ-ਮੁਕਤੀ ਅਤੇ ਆਤਮਾ ਦੇ ਪੱਖ ਤੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਇਥੇ ਇਹ ਵੀ ਤੱਤ ਧਿਆਨ ਦੀ ਮੰਗ ਕਰਦਾ ਹੈ ਕਿ ਗੁਰੂ ਰਵਿਦਾਸ ਜੀ ਦੀ ਭਗਤੀ ਪੱਧਤੀ ਮਨੁੱਖਾਂ ਦੇ ਕਲਿਆਣ ਲਈ ਤਨ-ਮਨ ਦੀ ਪੂਰਨ ਏਕਤਾ ਅਤੇ ਵਿਅਕਤੀਗਤ ਜਤਨਾਂ ਤੇ ਜ਼ੋਰ ਦਿੰਦੀ ਹੈ ਅਤੇ ਇਸ ਵਿਚ ਹੀ ਇਸਦਾ ਨਿਵਾਕਲਾਪਨ ਲੁਕਿਆ ਹੈ।

ਸ਼ੋਧ ਪ੍ਰਬੰਧ ਦਾ ਛੇਵਾਂ ਅਧਿਆਇ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਛੁਪੀ ਵਿਸ਼ਵ-ਬੰਧੁਤਵ ਦੀ ਭਾਵਨਾ ਤੇ ਪ੍ਰਕਾਸ਼ ਪਾਉਂਦਾ ਹੈ। ਉਨ੍ਹਾਂ ਦੀ ਬਾਣੀ ਵਿਚਲੀ ਲੋਕ ਮੰਗਲ ਦੀ ਭਾਵਨਾ ਦੀ ਚਰਚਾ ਕਰਦੇ ਹੋਏ , ਵੈਦਿਕ ਸੰਸਕ੍ਰਿਤੀ ਵਿਚ ਵਰਣ-ਵਿਵਸਥਾ ਬਾਰੇ ਗੱਲ ਤੋਰਦਾ ਹੈ ਤੇ ਗੁਰੂ ਰਵਿਦਾਸ ਵੱਲੋਂ ਪੇਸ਼ ਸਰਵ ਜਾਤੀ ਸਮਭਾਵ ਦੇ ਸਿਧਾਂਤ, ਉਨ੍ਹਾਂ ਦੇ ਮਾਨਵਵਾਦੀ ਵਿਚਾਰਾਂ ਉਨ੍ਹਾਂ ਵੱਲੋਂ ਬੜੇ ਸਮਾਜਕ ਆਦਰਸ਼ ਤੇ ਪ੍ਰਤੀਮਾਨ ਅਤੇ ਬੇਗ਼ਮਪੁਰੇ ਦੇ ਸੰਕਲਪ ਬਾਰੇ ਭਰਪੂਰ ਚਰਚਾ ਕਰਦੇ ਹੋਏ ਉਸ ਨੂੰ ਵਰਤਮਾਨ ਯੁੱਗ ਦੀ ਮਹੱਤਵਪੂਰਨ ਪ੍ਰਾਪਤੀ ਸਿੱਧ ਕਰਦਾ ਹੈ।

7.3. **ਨਿਸ਼ਕਰਸ਼** : ਸੰਤਾਂ/ਭਗਤਾਂ/ਗੁਰੂਆਂ ਦੀ ਕਤਾਰ ਵਿਚ ਮੁਹਰਲੀ ਥਾਂ ਰੱਖਣ ਵਾਲੇ ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ ਅਧਿਆਤਮ, ਦਰਸ਼ਨ, ਕਲਾ, ਸਮਾਜਕ-ਸਭਿਆਚਰਕ ਸਰੋਕਾਰਾਂ ਅਤੇ ਰਾਜਨੀਤਿਕ ਦ੍ਰਿਸ਼ਾਂ ਨਾਲ ਭਰਪੂਰ ਹੋਣ ਕਾਰਣ ਸਦਾ ਵਿਦਵਾਨਾਂ ਦੀ ਚਰਚਾ ਦਾ ਕੇਂਦਰ ਰਹੀ। ਪ੍ਰਸਤੁਤ ਖੋਜ ਕਾਰਜ, ਉਨ੍ਹਾਂ ਦੀ ਬਾਣੀ ਵਿਚ ਰਚੀ ਮਿਚੀ ਉਨ੍ਹਾਂ ਦੀ ਨਿਵੇਕਲੀ ਭਗਤੀ ਪੱਧਤੀ ਅਤੇ ਵਿਸ਼ਵ-ਬੰਧੁਤਵ ਦੀ ਭਾਵਨਾ ਨੂੰ ਉਜਾਗਰ ਕਰਨ ਦਾ ਨਿਮਾਣਾ ਜਿਹਾ ਯਤਨ ਹੈ। ਇਹ ਬਾਣੀ ਇਨਸਾਨ ਨੂੰ ਪ੍ਰਭੂ ਦੇ ਚਰਣਾਂ ਵਿਚ ਲਿਵ ਲਾਕੇ ਹਰ ਪ੍ਰਕਾਰ ਦੇ ਸੁਆਰਥ ਤੋਂ ਉਪਰ ਉੱਠ ਕੇ ਲੋਕ ਮੰਗਲ ਤੇ ਜਨ ਕਲਿਆਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖੀ ਜਗਤ ਵਿਚ ਏਕਤਾ ਦਾ ਸੰਕਲਪ ਪੇਸ਼ ਕਰਦੀ ਤੇ ਮਨੁੱਖ ਨੂੰ ਜਾਤ ਤੇ ਮਾਣ ਕਰਨ ਦੀ ਥਾਂ ਕਰਮ ਕਰਨ ਦੀ ਰਾਹ ਵਿਖਾਉਂਦੀ ਹੈ।

ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੀਆਂ ਜੜ੍ਹਾਂ ਭਾਰਤੀ ਅਧਿਆਤਮ ਵਿਚ ਦਰਸ਼ਾਏ ਗਏ ਭਗਤੀ ਮਾਰਗ ਨਾਲ ਜੁੜੀਆਂ ਹਨ। ਇਹ ਭਗਤੀ ਮਾਰਗ ਸਗੁਣ ਅਤੇ ਨਿਰਗੁਣ ਭਗਤੀ ਨਾਂ ਦੀਆਂ ਦੋ ਸ਼ਾਖਾਵਾਂ ਵਿਚ ਵੰਡਿਆ ਜਾ ਸਕਦਾ ਹੈ। ਸਗੁਣ ਭਗਤੀ ਵਿਚ ਜਿਥੇ ਪ੍ਰਭੂ ਦੇ ਸਗੁਣ ਸਰੂਪ ਦੀ ਅਰਾਧਨਾ ਕੀਤੀ ਜਾਂਦੀ ਹੈ ਉਥੇ ਨਿਰਗੁਣ ਭਗਤੀ ਪ੍ਰਭੂ ਦੇ ਨਿਰਾਕਾਰ ਸਰੂਪ ਦੀ ਅਰਚਨਾ ਤੇ ਆਧਾਰਿਤ ਹੈ। ਸਗੁਣ ਭਗਤੀ ਵੀ ਮੁੜ

ਨਿਰਗੁਣ ਵੱਲ ਸਫ਼ਰ ਕਰਦੀ ਹੋਈ ਪ੍ਰਭੂ ਨਾਲ ਇਕਮਿਕਤਾ ਦੀ ਗੱਲ ਕਰਦੀ ਹੈ। ਪਰ ਦੋਹਾਂ ਭਗਤੀ-ਸ਼ਾਖਾਵਾਂ ਵਿਚ ਭਾਉ ਭਾਵ ਪ੍ਰੇਮ ਦੀ ਪ੍ਰਧਾਨਤਾ ਹੈ। ਇਸ ਲਈ ਗੁਰੂ ਰਵਿਦਾਸ ਜੀ ਨੇ 'ਭਾਉ' ਅਰਥਾਤ 'ਪ੍ਰੇਮ' ਨੂੰ ਭਗਤੀ ਦਾ ਪ੍ਰਮੁੱਖ ਤੱਤ ਸਵੀਕਾਰ ਕਰੇ ਹੋਏ ਆਖਦੇ ਹਨ।

***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।***

***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥***

**(ਆਦਿ ਗ੍ਰੰਥ, ਪੰਨਾ 658)**

ਗੁਰੂ ਰਵਿਦਾਸ ਦੀ ਪ੍ਰਿਅ ਸ਼ਿਸ਼ਿਆ ਮੀਰਾਂਬਾਈ ਨੇ ਵੀ ਇਸੇ ਭਾਉ ਭਗਤੀ ਨਾਲ ਸਗੁਣ ਤੋਂ ਨਿਰਗੁਣ ਪ੍ਰਭੂ ਦੀ ਪ੍ਰਾਪਤੀ ਦਾ ਸਫਰ ਗੁਰੂ ਰਵਿਦਾਸ ਦੇ ਆਸ਼ੀਰਵਾਦ ਨਾਲ ਤੈਅ ਕੀਤਾ।

ਸਗੁਣ ਭਗਤੀ ਦੀ ਇੱਕ ਪ੍ਰਮੁੱਖ ਪ੍ਰਕਾਰ ਨਵਧਾ ਭਗਤੀ ਜਿਥੇ ਸ਼ੈਵ, ਸ਼ਾਕਤ ਅਤੇ ਵੈਸ਼ਨਵ ਮੱਤ ਨਾਲ ਜੁੜੀ ਹੈ ਉਥੇ ਵੈਸ਼ਨਵ ਮੱਤ ਨਾਲ ਜੁੜੇ ਗੁਰੂ ਰਾਮਾਨੰਦ ਜੀ ਨੂੰ ਹੀ ਗੁਰੂ ਰਵਿਦਾਸ ਜੀ ਦਾ ਗੁਰੂ ਕਿਹਾ ਜਾਂਦਾ ਹੈ। ਨਿਰਗੁਣ ਭਗਤੀ ਸਾਹਿਤ ਸੂਫੀ ਕਾਵਿਧਾਰਾ, ਪ੍ਰੇਮਾਖਿਆਨ ਅਤੇ ਸੰਤ ਕਵੀਆਂ ਦੇ ਰਚੇ ਸਾਹਿਤ ਨਾਲ ਜੁੜਿਆ ਹੈ ਅਤੇ ਸੰਤ ਕਵੀਆਂ ਦੇ ਸਾਹਿਤ ਵਿਚ ਗੁਰੂ ਰਵਿਦਾਸ ਦੀ ਬਾਣੀ ਨੂੰ ਪ੍ਰਮੁੱਖ ਥਾਂ ਹਾਸਲ ਹੈ। ਆਪਣੇ ਅਨੋਖੇ ਬ੍ਰਹਮ-ਪ੍ਰਾਪਤੀ ਦੇ ਅਨੁਭਵ ਨੂੰ ਇਸ ਬਾਣੀ ਵਿਚ ਬਿਆਨਦੇ ਹੋਏ ਗੁਰੂ ਰਵਿਦਾਸ ਜੀ ਨੇ ਜਿਥੇ ਅਨੇਕਾਂ ਉਪਮਾਵਾਂ, ਅਲੰਕਾਰਾਂ, ਬਿੰਬਾਂ, ਛੰਦਾਬੰਦੀ ਤੇ ਰਸ ਦਾ ਆਸਰਾ ਲਿਆ ਹੈ ਉਥੇ ਉਨ੍ਹਾਂ ਦੀ ਰਚਨਾ ਸੁਭਾਵਕ ਤੌਰ ਤੇ ਸੰਗੀਤਕ ਤਾਲ, ਰਾਗ ਅਤੇ ਲੈਅ ਵਿਚ ਬੱਝੀ ਨਜ਼ਰ ਆਉਂਦੀ ਹੈ। ਇਸ ਬਾਣੀ ਦੀ ਮਹਾਨਤਾ ਨੂੰ ਤਾਂ ਸਿੱਖ ਗੁਰੂਆਂ ਨੇ ਵੀ ਸਵੀਕਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਸਥਾਨ ਦਿੱਤਾ ਹੈ। ਆਤਮਾ-ਪਰਮਾਤਮਾ ਦੀ ਇਕਰੂਪਤਾ ਬਾਰੇ ਪ੍ਰਗਟਾਏ ਗਏ ਵਿਚਾਰ ਗੁਰੂ ਸਾਹਿਬ ਦੀ ਸ੍ਵੈ-ਅਨੁਭੂਤੀ ਤੇ ਆਧਾਰਿਤ ਹਨ। ਵਰਣ ਆਸ਼ਰਮ ਦੀ ਨਿਖੇਧੀ ਕਰਕੇ ਇਸ ਵਿਚ ਸਮੂਹ ਮਨੁੱਖਤਾ ਦੇ ਭਗਵਦ-ਪ੍ਰਾਪਤੀ ਦੇ ਅਧਿਕਾਰ ਨੂੰ ਉਨ੍ਹਾਂ ਨੇ ਪੁਸ਼ਟ ਕੀਤਾ ਹੈ ਅਤੇ ਜੀਵਨ ਮੁਕਤੀ ਹਾਸਲ ਕਰਨ ਦੀ ਜੁਗਤੀ ਦਰਸ਼ਾਈ ਹੈ। ਇੰਞ ਅਨੁਭੂਤੀ ਕਾਵਿ ਵਿਚ ਗੁਰੂ ਰਵਿਦਾਸ ਦੀ ਬਾਣੀ ਦਾ ਵਿਸ਼ੇਸ਼ ਮਹਤਵ ਹੈ।

ਉਨ੍ਹਾਂ ਦੀ ਬਾਣੀ ਵਿਚ ਉਨ੍ਹਾਂ ਦੇ ਜੁੱਤੀਆਂ ਗੰਢਣ ਦੇ ਪੇਸ਼ੇ ਬਾਰੇ ਵੀ ਦੱਸਿਆ ਗਿਆ ਹੈ। ਇਸੇ ਪੇਸ਼ੇ ਕਾਰਨ ਉਨ੍ਹਾਂ ਨੂੰ ਸਮਾਜ ਵੱਲੋਂ ਤਿਰਸਕਾਰਿਆ ਜਾਂਦਾ ਰਿਹਾ। ਪਰੰਤੂ ਨਾਮ ਸਿਮਰਨ ਤੇ ਭਾਉ ਭਗਤੀ ਨੇ ਉਨ੍ਹਾਂ ਨੂੰ ਉਸ ਪਰਮ ਪਦ ਦੀ ਪ੍ਰਾਪਤੀ ਕਰਵਾ ਦਿੱਤੀ ਜੋ ਉਸ ਵਕਤ ਦੇ ਬ੍ਰਾਹਮਣਾਂ ਨੂੰ ਵੀ ਨਸੀਬ ਨਹੀਂ ਸੀ ਹੋਈ। ਉਨ੍ਹਾਂ ਨੇ ਆਪਣੀ ਭਗਤੀ ਰਾਹੀਂ ਸਪੱਸ਼ਟ ਕਰ ਦਿੱਤਾ ਕਿ ਰੱਬ ਦੀ ਨਜ਼ਰ ਵਿਚ ਜਾਤ-ਪਾਤ, ਉੱਚ-ਨੀਚ ਜਾਂ ਹੋਰ ਕਿਸੇ ਕਿਸਮ ਦੇ ਵਿਤਕਰੇ ਦੀ ਕੋਈ ਥਾਂ ਨਹੀਂ। ਉਸ ਲਈ ਸਭ ਜਨ ਬਰਾਬਰ ਹਨ ਅਤੇ ਉਹ ਸਭ ਦੇ ਹਿਰਦਿਆਂ ਵਿਚ ਨਿਵਾਸ ਕਰਦਾ ਹੈ। ਉਸ ਨਾਲ ਪਿਆਰ ਕਰਨ ਵਾਲਾ ਮਨੁੱਖ ਕਦੇ ਵੀ ਵਿਅਕਤੀ/ਵਿਅਕਤੀ ਵਿਚ ਭੇਦ ਨਹੀਂ ਕਰ ਸਕਦਾ। ਉਨ੍ਹਾਂ ਦੀ ਬਾਣੀ ਸਹੀ ਅਰਥਾਂ ਵਿਚ ਹਿੰਦੂ ਧਰਮ ਵਿਚ ਵਿਆਪਕ 'ਵਸੁਧੈਵ ਕਟੁੰਬਕਮ' ਦੇ ਸਿਧਾਂਤ ਨੂੰ ਸਾਕਾਰ ਕਰਦੀ ਹੈ।

ਸ਼ਾਇਦ ਇਸੇ ਲਈ ਹੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਕਿਸੇ ਕਿਸਮ ਦੇ ਧਾਰਮਕ, ਰਾਜਨੀਤਿਕ, ਜਾਤੀਗਤ ਜਾਂ ਰੰਗਭੇਦ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਸਭ ਮਨੁੱਖਾਂ ਨੂੰ ਰੱਬ ਦੀ ਸੰਤਾਨ ਮੰਨ ਕੇ ਬਰਾਬਰੀ ਦਾ ਦਰਜ਼ਾ ਦਿੰਦਿਆਂ ਅਫਲਾਤੂਨ ਦੇ 'ਰਿਪਬਲਿਕ' ਅਤੇ ਕਾਰਲ ਮਾਰਕਸ ਦੇ 'ਸਮਾਜਵਾਦ' ਦੇ

ਸਿਧਾਂਤ ਨੂੰ ਪਿਛਾਂਹ ਛੱਡਦੇ ਹੋਏ ਬੇਗ਼ਮਪੁਰੇ ਦਾ ਸੰਕਲਪ ਪੇਸ਼ ਕੀਤਾ। ਇਹ ਇੱਕ ਅਜਿਹੇ ਦੇਸ਼ ਦਾ ਸੰਕਲਪ ਹੈ ਜੋ ਧਰਮ, ਜਾਤ, ਰੰਗ ਭੇਦ ਦੀ ਸੰਕੀਰਣਤਾ ਤੋਂ ਦੂਰ, ਛੁਆ-ਛੂਤ ਤੋਂ ਪਰ੍ਹੇ, ਗੁਲਾਮੀ, ਚਿੰਤਾ, ਡਰ ਤੇ ਭੈਅ ਤੋਂ ਮੁਕਤ, ਲੁੱਟ-ਖਸੁੱਟ, ਜ਼ੁਲਮ ਤੋਂ ਬਚਿਆ, ਸ਼ਾਂਤੀਪ੍ਰਿਅ, ਨਿਰਪੱਖ, ਸਵੈਮਾਣ ਨਾਲ ਭਰਪੂਰ, ਰੱਬੀ ਮਿਹਰ ਦਾ ਕੇਂਦਰ ਹੈ ਜਿਸ ਵਿਚ ਆਰਥਿਕ ਮੰਦਹਾਲੀ ਤੇ ਨਾ ਬਰਾਬਰੀ ਦੀ ਕੋਈ ਥਾਂ ਨਹੀਂ। ਇਹ ਵਿਸ਼ਵ ਭਾਈਚਾਰੇ, ਇਕਮਿਕਤਾ, ਆਪਸੀ ਬਰਾਬਰੀ ਤੇ ਵਿਸ਼ਵ-ਬੰਧੁਤਵ ਦੀ ਸੁੰਦਰ ਮਿਸਾਲ ਹੈ। ਉਨ੍ਹਾਂ ਦੇ ਇਨ੍ਹਾਂ ਕ੍ਰਾਂਤੀਕਾਰੀ ਵਿਚਾਰਾਂ ਦੇ ਅੰਮ੍ਰਿਤ ਦੇ ਸੇਵਨ ਕਰਕੇ ਹੀ ਅਨੇਕਾਂ ਧਨੀ ਲੋਕ, ਰਾਜੇ ਤੇ ਰਾਣੀਆਂ ਨੇ ਵੀ ਉਨ੍ਹਾਂ ਨੂੰ ਗੁਰੂ ਸਵੀਕਾਰ ਕੀਤਾ ਅਤੇ ਉਨ੍ਹਾਂ ਦੇ ਸਤਿਸੰਗ ਵਿਚ ਜੁੜਕੇ ਬਹਿਣ ਲਗੇ। ਇੰਝ ਉਨ੍ਹਾਂ ਨੇ ਮਹਾਨ ਸਮਾਜਕ ਲੋਕਾਚਾਰ ਦੀ ਨੀਂਹ ਰੱਖੀ। ਮਾਨਵੀ ਬਰਾਬਰਤਾ ਦੇ ਸਿਧਾਂਤ ਨੂੰ ਰਾਜਨੀਤਿਕ ਤੇ ਅਧਿਆਤਮਕ ਰੂਪਾਂ ਵਿਚ ਸਮਾਵੇਸ਼ ਕਰਕੇ 'ਬੇਗ਼ਮਪੁਰੇ' ਦਾ ਮਹਾਨ ਤੇ ਕ੍ਰਾਂਤੀਕਾਰੀ ਸਿਧਾਂਤ ਨੂੰ ਵਿਹਾਰਕ ਰੂਪ ਵਿਚ ਪੇਸ਼ ਕਰ ਦਿੱਤਾ।

ਅੱਜ ਦੇ ਭੌਤਿਕਤਾਵਾਦੀ ਯੁੱਗ ਵਿਚ ਜਦ ਮਨੁੱਖ ਦੀ ਭਟਕਣ ਬਹੁਤ ਵੱਧ ਗਈ ਹੈ ਤੇ ਉਹ ਸ਼ਾਂਤੀ ਦੀ ਤਲਾਸ਼ ਵਿਚ ਇਧਰ-ਉਧਰ ਭਟਕ ਰਿਹਾ ਹੈ, ਕਦੇ ਅਖੌਤੀ ਗੁਰੂਆਂ ਦੀ ਸ਼ਰਣ ਵਿਚ ਜਾ ਰਿਹਾ ਹੈ, ਕਦੇ ਤੀਰਥਾਂ ਤੇ ਇਸ਼ਨਾਨ ਕਰਨ ਤੇ ਕਦੇ ਆਰਤੀ ਵਰਗੇ ਭੇਖ ਰਚਾਉਣ ਵੱਲ ਰੁਚਿਤ ਹੋ ਰਿਹਾ ਹੈ ਤਾਂ ਗੁਰੂ ਰਵਿਦਾਸ ਦੀ ਬਾਣੀ ਉਸ ਲਈ ਮਾਰਗਦਰਸ਼ਕ ਦਾ ਕੰਮ-ਕਰਦੀ ਹੈ। ਉਸ ਨੂੰ ਸਭ ਭੇਖਾਂ ਨੂੰ ਛੱਡਕੇ ਸੱਚੇ ਮਨ ਨਾਲ ਰੱਬ ਨਾਲ ਪਿਆਰ ਕਰਨ ਤੇ ਉਸਦਾ ਨਾਂ ਜੱਪਣ ਦੀ ਪ੍ਰੇਰਨਾ ਦਿੰਦੀ ਹੈ।

ਸਪੱਸ਼ਟ ਹੈ ਗੁਰੂ ਰਵਿਦਾਸ ਜੀ ਦੇ ਮਾਨਵਤਾਵਾਦੀ ਵਿਚਾਰਾਂ ਨਾਲ ਅੱਜ ਵੀ ਸਮਾਜ ਦੇ ਹਰ ਵਰਗ ਵਿਚ ਸਮਾਨਤਾ, ਭ੍ਰਾਤਰਭਾਵ ਤੇ ਧਰਮ ਜਾਤ ਦੇ ਵਿਤਕਰਿਆਂ ਨੂੰ ਛੱਡ ਕੇ ਲੋਕਮੰਗਲ ਲਈ ਕੰਮ ਕਰਨ ਦੇ ਉਤਸ਼ਾਹੀ ਭਾਵਾਂ ਦਾ ਸੰਚਾਰ ਹੁੰਦਾ ਹੈ। ਲੋੜ ਕੇਵਲ ਵਿਦਵਾਨਾਂ ਵਲੋਂ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਇਸ ਪੱਖ ਨੂੰ ਉਜਾਗਰ ਕਰਨ ਦੀ ਹੈ। ਅੱਜ ਭੌਤਿਕਵਾਦ ਤੇ ਵਿਸ਼ਵੀਕਰਨ ਦੇ ਝੱਖੜ ਵਿਚ ਰੁੱਲ ਰਹੀ ਤੇ ਅਨੰਦ ਦੀ ਤਲਾਸ਼ ਵਿਚ ਏਡਜ਼ ਦੇ ਖਤਰੇ ਨਾਲ ਜੂਝ ਰਹੀ ਸਮੁੱਚੀ ਮਾਨਵਤਾ ਨੂੰ ਰਵਿਦਾਸ ਜੀ ਦੀ ਬਾਣੀ ਪਰਮਾਤਮਾ ਦੀ ਸੱਚੀ-ਸੁੱਚੀ ਭਗਤੀ ਰਾਹੀਂ ਮੁਕਤੀ ਦਾ ਰਾਹ ਵਿਖਾ ਸਕਦੀ ਹੈ ਅਤੇ ਸਮੁੱਚੇ ਵਿਸ਼ਵ ਨੂੰ ਇਕ ਡੋਰ ਵਿਚ ਬੰਨ ਸਕਦੀ ਹੈ।

7.4 **ਭਾਵੀ ਸੰਕੇਤ** : ਗੁਰੂ ਰਵਿਦਾਸ ਦੀ ਬਾਣੀ ਇੱਕ ਵਿਸ਼ਾਲ ਸਮੁੰਦਰ ਦੀ ਤਰ੍ਹਾਂ ਹੈ ਜਿਸ ਵਿਚ ਅਨੇਕ ਅਨਮੋਲ ਰਤਨ ਤੇ ਖਜ਼ਾਨੇ ਲੁੱਕੇ ਪਏ ਹਨ। ਲੋੜ ਸਿਰਫ਼ ਸਿਰਕੱਢ ਯਤਨਾਂ ਦੀ ਹੈ। ਬੇਸ਼ਕ ਪ੍ਰਸਤੁਤ ਖੋਜਕਾਰਜ ਵਿਚ ਰਵਿਦਾਸ ਜੀ ਦੀ ਵਿਸ਼ੇਸ਼ ਭਗਤੀ ਪੱਧਤੀ ਤੇ ਉਨ੍ਹਾਂ ਦੀ ਬਾਣੀ ਵਿਚ ਲੁਕੀ ਵਿਸ਼ਵ-ਬੰਧੂਤਵ ਦੀ ਭਾਵਨਾ ਨੂੰ ਉਜਾਗਰ ਕਰਨ ਦਾ ਨਿਮਾਣਾ ਜਿਹਾ ਜਤਨ ਹੈ ਪਰੰਤੂ ਅਜੇ ਵੀ ਕਈ ਮੰਜਲਾਂ ਤੈਅ ਕਰਨੀਆਂ ਬਾਕੀ ਹਨ। ਜਿਵੇਂ: -

(ੳ) ਗੁਰੂ ਰਵਿਦਾਸ ਦੀ ਭਗਤੀ ਪੱਧਤੀ ਦੇ ਭਾਰਤੀ ਆਧਿਆਤਮਕ ਜਗਤ ਦੇ ਪ੍ਰਮੁੱਖ ਗ੍ਰੰਥਾਂ ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਗੀਤਾ, ਦੱਖਣ ਦੇ ਆਲਵਾਰ ਸੰਤਾਂ ਨਾਲ ਸੰਬੰਧ ਖੋਜ ਦਾ ਵਿਸ਼ਾ ਹੋ ਸਕਦੇ ਹਨ।

(ਅ) ਇਸੇ ਤਰ੍ਹਾਂ ਗੁਰੂ ਰਵਿਦਾਸ ਵਲੋਂ ਦਿਤੇ 'ਬੇਗ਼ਮਪੁਰੇ' ਦੇ ਸੰਕਲਪ ਦੀ ਕਾਰਲਮਾਰਕਸ ਤੇ ਫੈਡ੍ਰਿਕ ਏਂਗਲਜ਼ ਦੇ 'ਮਾਰਕਸਵਾਦ' ਦੇ ਸੰਕਲਪ ਅਤੇ ਫ੍ਰਾਂਸ ਦੀ ਕ੍ਰਾਂਤੀ ਰਾਹੀਂ ਜਨਮੇ 'ਲਿਬਰਟੀ, ਇਕਵੈਲਿਟੀ ਅਤੇ ਫ਼ੈਟਰਨਿਟੀ' ਦੇ ਸੰਕਲਪਾਂ ਦਾ ਤੁਲਨਾਤਮਕ ਅਧਿਐਨ ਵੀ ਦਿਲਚਸਪ ਰਹੇਗਾ।

(ਣ) ਇਸੇ ਤਰ੍ਹਾਂ ਵਿਸ਼ਵੀਕਰਨ ਦੇ ਮੌਜੂਦਾ ਦੌਰ ਵਿਚ ਨੈਤਿਕ ਗੁਣਾਂ ਦੀ ਹੁੰਦੀ ਬੇਕਦਰੀ ਤੇ ਭੌਤਿਕਤਾ ਦੇ ਤਰਾਜੂ ਵਿਚ ਤੁਲਦੇ ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿਚ ਗੁਰੂ ਰਵਿਦਾਸ ਦੀ ਬਾਣੀ ਦਾ ਸਥਾਨ ਵੀ ਖੋਜਾਰਥੀਆਂ ਦੇ ਲਈ ਇੱਕ ਨਵਾਂ ਤੇ ਸਟੀਕ ਵਿਸ਼ਾ ਹੋ ਸਕਦਾ ਹੈ।

## ਹਵਾਲੇ


1. ਸੰਤੋਂ ਕੇ ਧਾਰਮਿਕ ਵਿਸ਼ਵਾਸ, ਡਾ. ਧਰਮਪਾਲ ਮੈਨੀ, ਪੰਨਾ (317)
2. ਭਕਤੀ ਕਾਵਯ ਮੇਂ ਮਾਧੁਰਯ ਭਾਵ ਕਾ ਸਰੂਪ, ਡਾ. ਜਯਨਾਥ ਨਲਿਨ, ਪੰਨਾ 106
3. ਗੁਰੂ ਰਵਿਦਾਸ : ਵਾਣੀ ਏਵੰ ਮਹਤੱਵ, (ਸੰ) ਡਾ. ਮੀਰਾ ਗੌਤਮ, ਪੰਨਾ (415)
4. ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਡਾ. ਰਾਮ ਕੁਮਾਰ ਵਰਮਾ, ਪੰਨਾ 192

# ਸਹਾਇਕ ਪੁਸਤਕਾਂ ਦੀ ਸੂਚੀ

## (ੳ) ਪੰਜਾਬੀ ਪੁਸਤਕਾਂ :


1. ਊਸ਼ਾ ਖੰਨਾ (ਪ੍ਰੋ.) ਸੰਪਾਦਕ — ਕਥਾ ਗੁਸਾਈਂ ਰਵਿਦਾਸ ਜੀ ਕੀ ਸਮਾਵਣੇ ਕੀ, ਆਧੁਨਿਕ ਪ੍ਰਿੰਟਰਜ਼, ਜਲੰਧਰ ।
2. ਅਜਮੇਰ ਸਿੰਘ (ਡਾ.) — ਭਗਤਾਂ ਦੀ ਬਾਣੀ ਵਿਚ ਭਾਰਤੀ ਸਿੱਖਿਆ ਦਰਸ਼ਨ ਦਾ ਪ੍ਰਗਟਾਉ। ਅਪ੍ਰਕਾਸ਼ਿਤ ਸ਼ੋਧ-ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।
3. ਅਮਰ ਸਿੰਘ (ਗਿਆਨੀ) — ਸ਼੍ਰੋਮਣੀ ਭਗਤਾਂ ਦੇ ਜੀਵਨ, ਗੁਰੂ ਨਾਨਕ ਕਿਤਾਬ ਘਰ, ਬਾਜ਼ਾਰ ਚੌਕ ਗੁਰੂ ਰਾਮਦਾਸ ਨਿਵਾਸ, ਅੰਮ੍ਰਿਤਸਰ, ਤੀਜੀ ਵਾਰ, 1867 ।
4. ਅਮਰ ਸਿੰਘ (ਗਿਆਨੀ) — ਭਗਤਾਂ ਦੇ ਜੀਵਨ, ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ, ਅੰਮ੍ਰਿਤਸਰ, 1962, ਦੂਜੀ ਵਾਰ।
5. ਅਮਰਜੀਤ ਕੌਰ (ਡਾ.) — ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜਕ ਸੰਦਰਭ ਵਿਚ ਤੁਲਨਾਤਮਕ ਅਧਿਐਨ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।
6. ਅੰਮ੍ਰਿਤਲਾਲ ਪਾਲ (ਡਾ.) — ਗੁਰੂ ਰਵਿਦਾਸ ਅਤੇ ਬਾਬਾ ਫਰੀਦ ਦੀ ਬਾਣੀ ਦਾ ਤੁਲਨਾਤਮਕ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
7. ਅਵਤਾਰ ਸਿੰਘ (ਡਾ.) — ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮ ਚਿੰਤਨ ਦਾ ਤੁਲਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।
8. ਅਵਤਾਰ ਸਿੰਘ (ਡਾ.) — ਗੁਰੂ ਰਵਿਦਾਸ ਬਾਣੀ ਦਾ ਸਮਾਜਕ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।
9. ਇੰਦਰਪਾਲ ਮਹਿਤਾ (ਡਾ.) — ਗੁਰੂ ਰਵਿਦਾਸ ਅਤੇ ਮੀਰਾਂਬਾਈ : ਇਕ ਤੁਲਨਾਤਮਕ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।
10. ਸੁਖਵਿੰਦਰ ਸਿੰਘ (ਡਾ.) — ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ: ਲੋਕ ਧਾਰਾਈ ਅਧਿਐਨ ਅਪ੍ਰਕਾਸ਼ਿਤ ਸ਼ੋਧ ਪ੍ਰਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
11. ਸੁਖਵਿੰਦਰ ਸਿੰਘ (ਡਾ.) — ਗੁਰੂ ਰਵਿਦਾਸ ਅਤੇ ਨਾਮਦੇਵ ਦੀ ਬਾਣੀ ਦਾ ਦਾਰਸ਼ਨਿਕ ਤੇ

ਸਮਾਜਕ ਅਧਿਐਨ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ ।

12. ਸਰਦੂਲ ਸਿੰਘ ਕਵੀਸ਼ਰ — ਸਿੱਖ ਧਰਮ ਦਰਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪਹਿਲੀ ਵਾਰ (ਸੰਪ. ਵਜ਼ੀਰ ਸਿੰਘ) 1959

ਸੁਰਿੰਦਰ ਸਿੰਘ ਕੋਹਲੀ (ਸੰਪਾਦਕ) — ਪੰਜਾਬੀ ਸਾਹਿਤ ਕੋਸ਼ (ਭਾਗ ਦੂਜਾ), ਪ੍ਰਕਾਸ਼ਕ : ਬਾਲ ਕ੍ਰਿਸ਼ਨ ਐਮ.ਏ. ਸਕੱਤਰ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, ਪਹਿਲੀ ਵਾਰ, 1976

13. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — (ਦੋ ਸੈਂਚੀਆਂ) ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਐਂਡ ਕੋ. ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ।

14. ਗੁਰੂ ਰਵਿਦਾਸ ਜੀ ਦਾ ਜੀਵਨ ਬਾਣੀ ਤੇ ਸਿੱਖਿਆਵਾਂ : — ਸੂਚਨਾ ਲੋਕ ਸੰਪਰਕ ਵਿਭਾਗ, ਚੰਡੀਗੜ੍ਹ (1993)

15. ਸਾਹਿਬ ਸਿੰਘ (ਪ੍ਰੋ.) — ਗੁਰਬਾਣੀ ਵਿਆਕਰਣ, ਸਿੰਘ ਬਰਦਰਜ਼, ਮਾਈ ਸੇਵਾ, ਅੰਮ੍ਰਿਤਸਰ ਛੇਵੀਂ ਵਾਰ (1979)

16. ਸਾਹਿਬ ਸਿੰਘ (ਪ੍ਰੋ.) — ਸਟੀਕ ਭਗਤ ਬਾਣੀ (ਪੰਜ ਭਾਗ) ਸਿੰਘ ਬ੍ਰਦਰਜ਼, ਮਾਈ ਸੇ ਵਾ, ਅੰਮ੍ਰਿਤਸਰ।

17. ਸਰੋਜ ਰਾਣੀ (ਡਾ.) — ਗੁਰੂ ਰਵਿਦਾਸ ਤੇ ਜੀਵਨ ਮੁੱਲ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

18. ਸਾਵਣ ਸਿੰਘ (ਮਹਾਰਾਜ) — ਸੰਤਮਤ ਪ੍ਰਕਾਸ਼, ਰਾਧਾ ਸੁਆਮੀ ਡੇਰਾ ਬਾਬਾ ਜੈਮਲ ਸਿੰਘ, 1966 (ਦੂਜੀ ਵਾਰ)

19. ਸੁਸ਼ਮਾ ਰਾਣੀ ਧੀਰ (ਡਾ.) — ਰਵਿਦਾਸ ਬਾਣੀ ਵਿਚ ਦਲਿਤ ਚੇਤਨਾ (ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਦੇ ਆਧਾਰ ਤੇ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ।

20. ਹਰਿਭਜਨ ਸਿੰਘ (ਡਾ.) — ਅਧਿਐਨ ਅਤੇ ਅਧਿਆਪਨ, ਨਵੇਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970

21. ਹਰਨੇਕ ਸਿੰਘ ਕਲੇਰ (ਡਾ.) — ਗੁਰੂ ਰਵਿਦਾਸ : ਜੀਵਨੀ ਤੇ ਬਾਣੀ ਦੀ ਪ੍ਰਮਾਣਿਕਤਾ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਤੋਂ 1989 ਵਿਚ ਪ੍ਰਕਾਸ਼ਿਤ।

22. ਕਰਨੈਲ ਸਿੰਘ (ਡਾ.) — ਗੁਰੂ ਰਵਿਦਾਸ ਬਾਣੀ ਵਿਚ ਰਹੱਸ ਅਨੁਭੂਤੀ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

23. ਹਾਕਮ ਸਿੰਘ (ਡਾ.) — ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦੀ ਵਿਸ਼ੇਸ਼ਤਾ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

24. ਕਾਨ੍ਹ ਸਿੰਘ (ਭਾਈ) — ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪਹਿਲੀ, ਦੂਜੀ ਅਤੇ ਤੀਜੀ ਐਡੀਸ਼ਨ।

25. ਕਾਨ੍ਹ ਸਿੰਘ ਨਾਭਾ (ਭਾਈ) — ਗੁਰਸ਼ਬਦਾਲੰਕਾਰ, ਸੁਦਰਸ਼ਨ ਪ੍ਰੈਸ, ਹਾਲ ਬਾਜ਼ਾਰ, ਅੰਮ੍ਰਿਤਸਰ, 1924

26. ਕਾਨ੍ਹ ਸਿੰਘ ਨਾਭਾ (ਭਾਈ) — ਗੁਰਮਤ ਪ੍ਰਭਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥਾ ਐਡੀਸ਼ਨ, 1970

27. ਕਾਸ਼ੀ ਨਾਥ ਉਪਾਧਿਆਇ — ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ ਬਿਆਸ, (1987)

28. ਕ੍ਰਿਸ਼ਨਾ ਕੁਮਾਰੀ ਕਲਸੀਆ(ਡਾ.) — ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (1992)

29. ਕ੍ਰਿਪਾਲ ਸਿੰਘ ਜਵਾਹਰ ਸਿੰਘ — ਭਗਤ ਬਾਣੀ, ਜਵਾਹਰ ਸਿੰਘ, ਕ੍ਰਿਪਾਲ ਸਿੰਘ, ਅੰਮ੍ਰਿਤਸਰ ।

30. ਕੁਲਵੰਤ ਕੌਰ (ਡਾ.) — ਬਾਣੀ ਭਗਤ ਰਵਿਦਾਸ : ਜੀਵਨ ਤੇ ਰਚਨਾ। ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (1974)

31. ਕੁਲਵੰਤ ਕੌਰ (ਡਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ। ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (1986)

32. ਗੀਤਾਲੀ ਵਰਮਾ (ਡਾ.) — ਗੁਰੂ ਰਵਿਦਾਸ: ਪ੍ਰਮਾਣਿਕ ਜੀਵਨੀ ਤੇ ਵਿਚਾਰਧਾਰਾ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

33. ਗੁਰਮੁਖ ਸਿੰਘ — ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1976

34. ਗਿਆਨ ਚੰਦਰ ਕੌਲ (ਡਾ.) — ਗੁਰੂ ਰਵਿਦਾਸ ਬਾਣੀ ਦਾ ਦਾਰਸ਼ਨਿਕ ਅਧਿਐਨ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

35. ਚਰਨਜੀਤ ਸਿੰਘ ਗੁਮਟਾਲਾ — ਭਗਤ ਰਵਿਦਾਸ, ਪੰਜਾਬੀ ਰਾਇਟਰਜ਼, ਕੋਆਪਰੇਟਿਵ ਸੁਸਾਇਟੀ ਲਿ., ਲੁਧਿਆਣਾ (2000)

36. ਜਸਬੀਰ ਸਿੰਘ ਸਾਬਰ (ਡਾ.) — ਭਗਤ ਰਵਿਦਾਸ: ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (1984)

37. ਜਸਵੰਤ ਸਿੰਘ (ਡਾ.) — ਗੁਰੂ ਰਵਿਦਾਸ ਬਾਣੀ ਦਾ ਲੋਕਧਾਰਾਈ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

38. ਜੋਧ ਸਿੰਘ (ਭਾਈ-ਡਾ.) — ਭਗਤ ਰਵਿਦਾਸ, ਜੀਵਨੀ ਤੇ ਰਚਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974

39. ਦਵਿੰਦਰ ਕੁਮਾਰੀ (ਡਾ.) — ਭਗਤੀਕਾਲ ਦੇ ਸੰਤਾਂ ਦੀ ਸੰਪ੍ਰਦਾਇਕ ਸਦਭਾਵਨਾ ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

40. ਨਰੈਣ ਸਿੰਘ (ਗਿਆਨੀ) — ਸ੍ਰੀ ਗੁਰੂ ਭਗਤ ਮਾਲ (ਸਟੀਕ) ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.। ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, ਨੌਂਵੀਂ ਵਾਰ।

41. ਨਰੈਣ ਸਿੰਘ (ਗਿਆਨੀ) — ਸ੍ਰੀ ਭਗਤ ਰਵਿਦਾਸ ਜੀ, ਭਾਈ ਚਤਰ ਸਿੰਘ, ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ,

42. ਨਿਰਮਲ ਸਿੰਘ — ਗੁਰੂ ਰਵਿਦਾਸ ਬਾਣੀ ਵਿਚ ਸਮਾਜਕ ਚੇਤਨਾ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਪ੍ਰਾਚੀਨ ਜੀਵਨ ਕਥਾ — ਸ੍ਰੀ ਗੁਰੂ ਰਵਿਦਾਸ ਦਲਿਤ ਵੈਲਫੇਅਰ ਐਸੋਸੀਏਸ਼ਨ, ਯੂ.ਕੇ. (1985)

43. ਪ੍ਰੇਮ ਪ੍ਰਕਾਸ਼ ਸਿੰਘ (ਡਾ.) — ਕਾਵਿ ਦੇ ਤੱਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪਹਿਲਾ ਐਡੀਸ਼ਨ, 1970.

44. ਪ੍ਰੇਮ ਪ੍ਰਕਾਸ਼ ਸਿੰਘ (ਡਾ.) — ਗੁਰੂ ਨਾਨਕ ਤੇ ਨਿਰਗੁਣਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1973

45. ਪ੍ਰਤਾਪ ਸਿੰਘ ਗਿਆਨੀ — ਅਸਲ ਜਨਸ ਸਾਖੀ, ਬ੍ਰਹਮ ਗਿਆਨੀ ਭਗਤ ਰਵਿਦਾਸ ਜੀ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ।

46. ਪ੍ਰੀਤਮ ਸਿੰਘ (ਸੰਪਾਦਕ) — ਸਿੱਖ ਫਲਸਫੇ ਦੀ ਰੂਪ ਰੇਖਾ, ਭਰਪੂਰ ਸਿੰਘ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ, 1975

47. ਪਰਮਜੀਤ ਕੌਰ (ਡਾ.) — ਰਵਿਦਾਸ ਬਾਣੀ ਤੇ ਯੋਗ ਮਾਰਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ।

48. ਪਰਮਜੀਤ ਕੌਰ (ਡਾ.) — ਗੁਰੂ ਰਵਿਦਾਸ ਬਾਣੀ ਵਿਚ ਬ੍ਰਹਮ ਦਾ ਸੰਕਲਪ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

49. ਪਿਆਰਾ ਸਿੰਘ ਪਦਮ (ਸੰਪਾਦਕ) — ਗੁਰੂ ਗ੍ਰੰਥ ਵਿਚਾਰ ਕੋਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1969

50. ਪਿਆਰਾ ਸਿੰਘ ਪਦਮ — ਗੁਰੂ ਗ੍ਰੰਥ ਸੰਕੇਤ ਕੋਸ਼, ਨੈਸ਼ਨਲ ਪ੍ਰੈਸ ਆਫ ਇੰਡੀਆ, ਦਿੱਲੀ 1977

51. ਬਲਦੇਵ ਸਿੰਘ ਬੱਦਨ (ਡਾ.) — ਬਾਣੀ ਭਗਤ ਰਵਿਦਾਸ: ਇਕ ਵਿਵੇਚਨ

52. ਬਰਕਤ ਸਿੰਘ ਗਿਆਨੀ — ਸਭ ਤੋਂ ਵੱਡੀ ਤੇ ਅਸਲੀ ਜਨਮਸਾਖੀ ਸ੍ਰੀ ਰਵਿਦਾਸ ਭਗਤ ਜੀ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ. ਪੁਸਤਕਾਂ ਵਾਲੇ, ਮਾਈ ਸੇਵਾ, ਅੰਮ੍ਰਿਤਸਰ, ਤੀਸਰੀ ਵਾਰ।

53. ਬਰਕਤ ਸਿੰਘ ਅਨੰਦ (ਡਾ.) — ਜਨਮਸਾਖੀ ਗੁਰੂ ਰਵਿਦਾਸ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

54. ਬਿਸ਼ਨ ਸਿੰਘ (ਗਿਆਨੀ) — ਗੁਰੂ ਭਗਤ ਮਾਲ, ਭਾਈ ਜਵਾਹਰ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ।

55. ਬਿਸ਼ਨ ਸਿੰਘ (ਗਿਆਨੀ) ਟੀਕਾਕਾਰ — ਭਗਤ ਬਾਣੀ ਸਟੀਕ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ।

56. ਬ੍ਰਹਮ ਜਗਦੀਸ਼ ਸਿੰਘ — ਭਗਤ ਸ਼ਿਰੋਮਣੀ ਰਵਿਦਾਸ, ਵਾਰਸਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ।

57. ਭਾਸ਼ਾ ਵਿਭਾਗ, ਪੰਜਾਬ — ਨਿਰਗੁਣ ਸਾਹਿਤ, ਨਿਰਦੇਸ਼ਕ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜੂਨ 1969

58. ਭਾਸ਼ਾ ਵਿਭਾਗ ਪੰਜਾਬ — ਭਗਤੀ ਕਾਵਿ, ਲਾਲ ਸਿੰਘ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1970

59. ਮੱਖਣ ਸਿੰਘ (ਡਾ.) — ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ: ਸਮਾਜਕ ਸੰਦਰਭ ਵਿਚ ਤੁਲਨਾਤਮਕ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

60. ਮਹਿੰਦਰਪਾਲ ਸਿੰਘ (ਡਾ.) — ਆਦਿਗ੍ਰੰਥ ਵਿਚ ਦਰਜ ਭਗਤ ਬਾਣੀ ਦਾ ਵਿਚਾਰਧਾਰਾਈ ਪਰਿਪੇਖ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।

61. ਮਨਜੀਤ ਕੌਰ (ਡਾ.) — ਗੁਰੂ ਰਵਿਦਾਸ ਦੇ ਜੀਵਨ ਨਾਲ ਸਬੰਧਿਤ ਸਿੱਖ ਕਥਾਵਾਂ ਦਾ ਅਧਿਐਨ, ਅਪ੍ਰਕਾਸ਼ਿਤ ਥੀਸਿਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

62. ਮਨਮੋਹਨ ਸਿੰਘ (ਡਾ.) — ਪੰਜਾਬੀ ਸਾਹਿਤ ਵਿਚ ਭਗਤੀ ਅੰਦੋਲਨ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

63. ਮਨਮੋਹਨ ਸਿੰਘ (ਡਾ.) — ਗੁਰੂ ਰਵਿਦਾਸ : ਜੀਵਨ ਤੇ ਰਚਨਾ। ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ (1977)

64. ਮਨਮੋਹਨ ਸਿੰਘ (ਡਾ.) — ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

65. ਮੱਘਰ ਸਿੰਘ (ਡਾ.) — ਸੰਤ ਰਵਿਦਾਸ ਤੇ ਗੁਰੂ ਨਾਨਕ ਦਾ ਤੁਲਨਾਤਮਕ ਅਧਿਐਨ ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ)

66. ਲੇਖਰਾਜ ਪਰਵਾਨਾ (ਡਾ.) — ਗੁਰੂ ਰਵਿਦਾਸਃ ਜੀਵਨ ਤੇ ਕਿਰਤਾਂ। ਗੁਰੂ ਰਵਿਦਾਸ ਸੈਂਟਰ ਅਤੇ ਦਲਿਤ ਵੈਲਫੇਅਰ ਐਸੋਸਿਏਸ਼ਨ (ਯੂ.ਕੇ.) 1993

67. ਲਾਲ ਸਿੰਘ (ਸੰਪਾਦਕ) — ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ, ਅਰਥਾਤ ਗੁਰਗਿਰਾ ਕਸੌਟੀ ਸਾਰ, ਗਿਆਨੀ ਲਾਲ ਸਿੰਘ, ਜਨਕ ਪੁਸਤਕ ਭੰਡਾਰ, ਸੰਗਰੂਰ, 1973

68. ਯਸ਼ਵੰਤ ਸਿੰਘ ਰਾਣਾ (ਡਾ.) — ਭਗਤ ਬਾਣੀ ਵਿਚ ਸ਼ਿਖਸ਼ਾ ਦੀ ਅਵਧਰਨਾ। ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

69. ਰਾਜਕੁਮਾਰ ਸ਼ਰਮਾ (ਡਾ.) — ਰਵਿਦਾਸ ਬਾਣੀ ਦਾ ਸਾਂਸਕ੍ਰਿਤਕ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

70. ਰਾਜਿੰਦਰ ਸਿੰਘ ਸਚਦੇਵ — ਜਨਮ ਸਾਖੀ ਭਗਤ ਰਵਿਦਾਸ ਜੀ, ਸਿੱਖ ਬੁੱਕ ਕੰਪਨੀ, ਘੰਟਾਘਰ, ਅੰਮ੍ਰਿਤਸਰ, ਦੂਜੀ ਵਾਰ 1976

71. ਰਤਨ ਸਿੰਘ ਜੱਗੀ (ਡਾ.) — ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।

72. ਵਿਵੇਕ ਕੁਮਾਰ (ਡਾ.) — ਗੁਰੂ ਰਵਿਦਾਸ ਤੇ ਮਹਾਤਮਾ ਗਾਂਧੀਃ ਇਕ ਤੁਲਨਾਤਮਕ ਅਧਿਐਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

73. ਵਿਦਿਆਵਤੀ (ਡਾ.) — ਗੁਰੂ ਰਵਿਦਾਸ ਬਾਣੀ ਦਾ ਸ਼ਿਲਪ ਵਿਧਾਨ, ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।


## (ਅ) ਪੰਜਾਬੀ ਪੱਤ੍ਰਿਕਾਵਾਂ


1. ਖੋਜ ਪਤ੍ਰਿਕਾ ਗੁਰੂ ਅਮਰਦਾਸ ਵਿਸ਼ੇਸ਼ ਅੰਕ — ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। (1 ਸਤੰਬਰ 1989)

2. ਖੋਜ ਪਤ੍ਰਿਕਾ ਸੂਫ਼ੀ ਕਾਵਿ ਅੰਕ — ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।(1 ਸਤੰਬਰ 1989)

3. ਗੁਰੂ ਰਵਿਦਾਸ ਅੰਕ ਪੰਜਾਬੀ ਦੁਨੀਆਂ — ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜੁਲਾਈ-ਅਗਸਤ, 1971

4. ਰਵਿਦਾਸ ਵਿਸ਼ੇਸ਼ ਅੰਕ ਪੰਜਾਬੀ ਦੁਨੀਆਂ — ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜੂਨ-ਜੁਲਾਈ 1977

5. ਜਾਗ੍ਰਤੀ-ਰਵਿਦਾਸ ਅੰਕ — ਫਰਵਰੀ 1977

6. ਰਵਿਦਾਸ ਪਤ੍ਰਿਕਾ — (ਜਲੰਧਰ) ਫਰਵਰੀ 1977

7. ਰਵਿਦਾਸ ਪਤ੍ਰਿਕਾ — ਮੁੱਖ ਸੰਪਾਦਕ ਡਾ. ਧਰਮਪਾਲ ਸਿੰਗਲ, ਗੁਰੂ ਰਵਿਦਾਸ ਸਾਹਿਤ ਅਕਾਦਮੀ ਪੰਜਾਬ, ਅਪ੍ਰੈਲ 1992

## हिंदी पुस्तकें

1. आद्य गुरू शंकराचार्य — मांडक्योपनिषद् गोरखपुर शीता प्रैस, 1993

2. अनंत दास — रैदास जी की परचई, काशी नागरी प्रचारिणी सभा, वारणसी। लिपीकाल 1856 वि.

3. असद अली (डा.) — भक्तिकालीन हिन्दी साहित्य पर मुस्लिम संस्कृति का प्रभाव, ई. एस प्रकाशन दिल्ली-6 (1971)

आशा गुप्ता (डा.) — मध्यकालीन सगुण एवं निपुर्ण हिन्दी साहित्य का तुलनात्मक अध्ययन, हिन्दी साहित्य सम्मेलन प्रयाग, प्रथम संस्करण 1970 ई.

4. कैशनी प्रलाद चौरसिया (डा.) — मध्यकालीन हिन्दी सन्त विचार और साधना, हिन्दुस्तानी एकेडेमी इलाहबाद, प्रथम संस्करण 1965

5. कोमल सिंह सोलंकी (डा.) — नाथ पंथ और निगुर्ण संत काव्यू, विनोद पुस्तक मंदिर आगरा 1966

6. गणेश प्रसाद द्विवेदी (संपादक) — हिन्दी संत काव्य (संग्रह), हिन्दुस्तानी एकेडमी उत्तर प्रदेश, इलाहाबाद।

7. गोपाल जी 'स्वर्णकिरण'(डा.) — सन्त रविदास और उनके काव्य, समकालीन प्रकाशन, वाराणसी 1970

8. गोविन्द त्रिगुणयत (डा.) — हिन्दी की निगुणं काव्यधारा और उसकी दार्शनिक पृष्ठभूमि, साहित्य निकेतन कानपुर, प्रथम संस्करण 1961

9. गोविन्द त्रिगुणायत — कबीर की विचारधारा, साहित्य निकेतन कानपुर, प्रथम संस्करण

10. गुरचरण सिंह पद्म (डा.) — संत रविदासः विचारक और कवि, नवचिंतन प्रकाशन 1977

11. चन्द्रदेव राय — कबीर और रैदासः एक तुलनात्मक अध्ययन, सौहार्द प्रकाशन मुशीपुरा 1978

12. जयनाथ नलिन — भक्तिकाव्य में साघुर्य भाव का स्वरूप बंसल एण्ड कम्पनी, नवीन शाहदरा, दिल्ली, प्रथम संस्करण 1966

13. जयदयाल गोयन्दका (श्री) — नवधा भक्ति, गीता प्रैस, गोरखपुर

14. जयदयाल गोयन्दका (श्री) — श्री मद् भगवद् गीता (तत्त्व विवेचनी): गीता प्रैस, गोरखपुर

15. जयराम मिश्र (डा.) — श्री गुरू ग्रंथ दर्शन, साहित्य भवन इलाहाबाद, प्रथम संस्करण 1960

16. ताराचन्द्र शर्मा — भक्तिकाल के प्रमुख कवियों के व्यक्तित्व का मनौवैज्ञानिक अध्ययन, अप्रकाशित पी-एच. डी. थीमिस, पंजाब विश्वविद्यालय, चण्डीगढ़ 1972

17. दिनेश चन्द्र गुप्ता (डा.) — भक्तिकालीन काव्य में राग और रस, भारती प्रकाशन लखनऊ, प्रथमावृति, सन 1970

18. दुर्गाशंकर मिश्र — भक्ति काव्य के मूल स्त्रोत, नवयुग ग्रंथाकार लखनऊ, प्रथमावृति, दिसम्बर 1958

19. देवेन्द्र आर्य (डा.) — हिन्दी सन्त काव्य में प्रतीक विधान, हिन्दु प्रकाशन दिल्ली, प्रथम संस्करण 1971

20. धीरेन्द्रा वर्मा (डा.) — सूर सागर, साहित्य भवन प्रा. लि., इलाहाबाद, 1994

21. धर्मपाल मैनी (डा.) — संतों के धार्मिक विश्वास, नवजोत पब्लिकेशन मालेरकोटला, प्रथम आवृति पई 1966

22. धर्मपाल मैनी (डा.) मध्ययुगीन निगुर्ण चेतना, लोकभारती प्रकाशन इलाहाबाद 1972

23. धर्मपाल मैनी (डा.) रैदास, साहित्य अकादमी, नई दिल्ली 1979

24. धर्मपाल सरीन नीच ते उच कीओ मेरे सतिगुर, एस. चन्द एंड कम्पनी लि. नई दिल्ली

25. धर्मपाल सिंहल (डा.) गुरू रविदास का जीवन दर्शन, सूचना एवं लोक सर्म्पक विभाग, पंजाब, चंडीगढ़ 1994

26. धर्मपाल सिंहल (डा.) प्राचीन जीवन कथा श्री रविदास जी, एस चन्द्र एण्ड कम्पनी लि. नई दिल्ली

27. धर्मेन्द्र बरहमचारी शास्त्री(डा.) सन्त कवि दरियाः एक अनुशीलन, बिहार राष्ट्रभाषा परिषद, पटना

28. नगेन्द्र (डा.) विचार और अनुभूति, नेशनल पब्लिशिंग हाऊस दिल्ली, (1960)

29. नगेन्द्र (डा.) रीतिकाव्य की भूमिका, नेशनल पब्लिशिंग हाऊस, दिल्ली।

30. नगेन्द्र नाथ उपाध्याय नाथ और संत साहित्य, विश्वविद्‌ालय प्रकाशन, वाराणसी ।

31. नागेन्द्र नाथ वासु विश्वनाथ वासु (संपादक) हिन्दी विश्वकोष, 9 विश्वकोष लेन बाग बाजार, कलकता 1929

32. नित्यानन्द शर्पा (डा.) आधुनिक हिन्दी काव्य में प्रतीक विधान, साहित्य सदन, देहरादून।

33. नाभा दास भक्तमाल, काशी नागरी प्रचारिणी सभा, वाराणसी, लिपिकाल 1860 वि.

34. परशुराम चतुर्वेदी (आचार्य) उतरी भारत की संत परंपरा, भारती भंडार, लीडर प्रेस, इलाहाबाद तृतीय संस्करण 1972

35. परशुराम चतुर्वेदी संत काव्य (संग्रह) किताब महल इलाहाबाद, द्विवतीय संस्करण 1966

36. परशुराम चतुर्वेदी — सन्त साहित्य की भूमिका, हिन्दी प्रचार सभा, हैदराबाद जुलाई 1960

37. परशुराम चतुर्वेदी (संपादक) — हिन्दी साहित्य का बृहत इतिहास, (चौथा भाग) नागरी प्रचारिणी सभा काशी, सं 2025 वि.

38. पोद्दार हनुमान प्रसाद (पं.) — तुलसीदास कृतः श्रीराम चरित्मानसः गीता प्रैस, गोरखपुर 1995

39. पृथ्वी सिंह आजाद — गुरू रविदास नेशनल बुक ट्रस्ट, नयी दिल्ली 1975

40. पृथ्वी सिंह आजाद — रविदास दर्शन, श्री धर्म सिंह मंत्री श्री गुरू रविदास संस्थान, चण्डीगढ़ 1973

41. पीताम्वरदत्त बड़थ्वाल — हिन्दी काव्य में निगुर्ण संप्रदाय, अवध पब्लिशिंग हाऊस, लखनऊ ।

42. बाल गंगाधर तिलक — गीता रहस्य, छठा संस्करण 1957

43. भुवनेश्वर नाथ मिश्र — संत साहित्य और साधना, नेशनल पबिलिशिंग हाऊस, दिल्ली

44. भारत भूषण अग्रवाल (संपादक) — डा. नगेन्द्र के सर्वश्रेष्ठ निबन्ध, राजपाल एंड संज, दिल्ली.

45. महेशानन्द गिरी — केनोपनिषद, बिशनदास मेहता एण्ड सन्स, दिल्ली, 1998

46. मनमोहन सहगल (डा.) — संत काव्य का दार्शनिक विश्लेषण, भारतेनदु भवन, चण्डीगढ़

47. मनमोहन सहगल (डा.) — पंजाब के निर्गुण काव्य का दार्शनिक अध्ययन, सूर्य प्रकाशन, दिल्ली

48. मुंशीराम शर्मा (डा.) — भक्ति का विकास, चाखम्बा, विद्या भवन, वाराणसी ।

49. मलिक मोहमद (डा.) — भक्ति आंदोलन के प्रेरणा स्त्रोत, रंजन प्रकाशन, आगरा ।

50. मोती सिंह (डा.) — निर्गुण साहित्यः सांस्कृतिक पृष्ठभूमि, नागरी प्रचारिणी सभा, वाराणसी

| | | |
|---|---|---|
| 51. | मंहामण्डलेश्वरस्वामी कृष्णनन्द | वेदान्त रामायण, खरैतीलाल भाटिया, देहली, 1967 |
| 52. | महर्षि वेदव्यास | श्री मद्भागवत् महापुराण, गीता प्रैस, गोरखपुर, 1995 |
| 53. | राजदेव सिंह | संतों का भक्तियोग, हिन्दी प्रचारक संस्थान, वाराणसी, प्रथम संस्करण अक्तूबर 1968 |
| 54. | राजदेव सिंह (डा.) | संत और सन्तमत, अप्रकाशित डी. लिट् थीसिस, पंजाब विश्वविद्यालय, चण्डीगढ़ |
| 55. | रामचन्द्र तिवाड़ी (डा.) | मध्ययीन काव्य साधना, विश्वविद्यालय प्रकाशन, गोरखपुर । |
| 56. | राम कुमार वर्मा (डा.) | हिन्दी साहित्य का आलोचनात्मक इतिहास, राम नारायण लाल, बैनी माधव, ईलाहाबाद, पंचम संस्करण । |
| 57. | राम कुमार वर्मा (डा.) | संत कबीर, साहित्य भवन प्रा. लि. इलाहाबाद, पंचम संस्करण 1966 |
| 58. | राम कुमार गुप्त (डा.) | गुजरात के संतों की हिन्दी साहित्य को देन, जवाहर पुस्तकालय, मथुरा, संवत 2024 (भूमिका) । |
| 59. | रामखेलावन पाण्डेय (डा.) | मध्यकालीन संत साहित्य, हिन्दी प्रचारक पुस्तकालय, वारणसी प्रथम संस्करण, 1965 |
| 60. | राम चन्द्र शुकल | हिन्दी साहित्य का इतिहास, नागरी प्रचारिणी सभा काशी 18 वां संस्करण 1978 |
| 61. | राम रंग शर्मा (डा.) | कठोपनिष्द, संस्कृति संस्थान, बरेली 1988 |
| 62. | रामानन्द शास्त्री तथा विरेन्दर पाण्डेय | सन्त रविदास, नवभारत प्रैस, लखनऊ । |
| 63. | रामनन्द शास्त्री (स्वामी) | संत रविदास और उनका काव्य, स्वामी रामानन्द शास्त्री, श्री रविदास सेवा संघ भारतीय रविदास आश्रम, ज्वालापुर हरिद्वार । |

| | |
|---|---|
| 64. विष्णुदत्त राकेश (डा.) | उत्तर भारत के निगुर्ण पंथ साहित्य का इतिहास, साधना भवन प्रा. लिमिटेड इलाहाबाद, प्रथम संस्करण 1965 |
| 65. वेद व्यासा | अध्ययन रामायण, गीता प्रैसए् गोरखपुर, 1958 |
| 66. वी. पी. शर्मा | संत गुरू रविदास वाणी, विश्व भारती प्रकाशन, चण्डीगढ़, 1978 |
| 67. वियोगी हरि (सं) | संत सुधा सार, साहित्य मंडल, नई दिल्ली । |
| 68. श्याम सुन्दर शुक्ल | हिन्दी काव्य की निर्गुणधारा में भक्ति, काशी हिन्दु विश्वविद्यालय वाराणसी, प्रथम संस्करण 1964. |
| 69. श्री अरविन्द के पत्र | अरविन्द-आश्रम, पांडेचरी भाग-1 |
| 70. सत्यपाल रणदेव | पंजाब की संत परंपरा, भाग-1 व 2 पंजाब प्रादेशिक हिन्दी साहित्य सम्मेलन, जालन्धर, प्रथम संस्करण 1961 |
| 71. सरनाम सिंह शर्मा | कबीर: व्यक्तित्व, कृतित्व एंव सिद्वान्त, भारतीय शोध-संस्थान गुलाबपुरा, प्रथम संस्करण 1969 |
| 72. संगम लाल पाण्डेय | संत रैदास व्यक्तित्व एवं कृतित्व, साहित्यवाणी, इलाहाबाद 1970 |
| 73. सुदर्शन सिंह मजीठिया (डा.) | संत साहित्य, रूप कमल प्रकाशन दिल्ली, प्रथम संस्करण 1962 |
| 74. सुरेश गुप्त | भक्तिकालीन कवियों के काव्य सिद्धांत, आर्य बुक डिपो, 30 नाई वाला करोल बाग नई दिल्ली 1971 |
| 75. वैलवेडियर प्रैस, प्रयाग (प्रकाशक) | संत वाणी संग्रह (भाग पहला) साखी, चौथी वार, 1946 |
| 76. वैलवेडियर प्रैस, प्रयाग (प्रकाशक) | संत वाणी संग्रह (भाग 2) शब्द, तृतीय संस्करण, 1938 ई. |

77. हजारी प्रसाद द्विवेदी — हिन्दी साहित्य की भूमिका, हिन्दी ग्रन्थ रत्नाकार बम्बई-4 सातवीं वार, जुलाई 1963

78. हजारी प्रसाद द्विवेदी — हिन्दी साहित्य का आदि काल, बिहार राष्ट्रभाषा परिषद, पटना-5, तृ. स. 1961

79. हजारी प्रसाद द्विवेदी — मध्यकालीन, धर्मसाधना साहित्य भवन प्रा. लि. इलाहाबाद, तृतीय संस्करण 1962 ईसवी।

80. हरिकृष्ण दास गोयन्दका( श्री ) — वेदांत दर्शन, गीता प्रैस गोरखपुर

81. हरिकृष्ण दास गोयन्दका( श्री ) — ईशादि नौ उपनिषद्, गीता प्रैस गोरखपुर

82. हरिकृष्ण दास गोयन्दका( श्री ) — पातञ्जल योग दर्शन, गीता प्रैस गोरखपुर

83. हरवंश लाल शर्मा — मध्यकालीन निर्गुण-भक्ति साधना, मंगल प्रकाशन दिल्ली, प्रथम संस्करण 1966

## हिन्दी पत्रिका

1. हनुमान प्रसाद पोद्दार और चिम्मन लाल गोस्वामी ( संपादक ) — कल्याण ( भक्ति अंक ), कल्याण, ( उपनिषद् अंक ) कल्याण, ( सतवाणी अंक ), गीता प्रैस, गोरखपुर

## ENGLISH BOOKS

1. A Barth — The Religions of India, S. Chand & Company, Delhi, Sixth Edition, 1969

2. Aldous HuxleyT — he perennial Philosophy, Collins Fontana Books, Third Impression, 1961

3. A.L. Srivastava — Medieval Indian Culture, Shiva Lal Aggarwal and Co. Agra, 1964

4. Bertrand Russell — History of western philosophy, London George Allen & Unwin Ltd. New Edition, 1961

5. Bakhshish Singh Nijjar — Punjab Under the Sultans, Sterling Publishers Pvt.Ltd. Jullundur, 1968

6. Charan Singh (Maharaj) — Light on Sant Mat, Radha Soami Satsang Beas, Punjab, First Edition, 1958

7. Coliers Encyclopedia — (Vol. 17) P.F. Collier & Sons Corporation, 1959

8. Darshan Singh (Dr.) — Indian Bhakti Traditions and Sikh Gurus, K. Prakashan, Punjab Publishers, 15-A, Chandigarh 1968

9. Mohan Singh Diwana (Dr.) — A History of Punjabi Literature, Bharat Parkashan, Jalandhar, 1971

10. Encyclopedia Americana — (Vol 24) Americana Corporation, Chicago, 1944, Edition

11. Encyclopedia Britannica — (Vol. 19) by Encyclopedia Britannica Inc., USA, 1947

12. Encyclopedia Enarcata

13. English Punjabi Dictionary — Punjabi University, Patiala, Second Edition 1974

14. F.H. Bradley — Appearance and Reality, Clarendon Press, London, 1959

15. Frederick L. Kumar — Philosophy of Saivism, Oxford & IBH Publishing Co. New Delhi, 1980

16. Frank S. Mead (Editor) — Encyclopedia of Religious Quotations, London Peter Davies.

17. Geoffrey Parrinder — A Dictionary of Non-Charistian Religions, Hulton Educational Publication Ltd. 1971

18. G.W. Briggs — The Chamars, Association Press, 5 Russel Streets, Calcutta, 1920

19. G.H. Westcott — Kabir and the kabir Panth, Sushil Gupta (India) Ltd. Calcutta-12, Second Edition 1953

20. H.H. Wilson (Editor : Ernst R Rose) — Religious sects of the Hindus, Published by Sushil Gupta Pvt, Calcutta, Second Edition 1958

21. Ishwari Prasad — History of Mediaval India, The Indian Press (publications) Pvt. Ltd. Allahabad, 1966 (3rd. Edition)

22. Illustrated World Encyclopedia, Vol. 12.

23. James Hastings (Editor) — Encyclopedia of Religion & Ethics vol. II, III, X.XI. T & T Clark Edinburgh, New York.

24. J.T. Shipley — Dictionary of World Literature, Little Field, Adams & Co. Ames, Iowa, 1959.

25. The Journal of Religions — Studies, Vol. VIII, Autumn, 1979, Punjabi University, Patiala.

26. M.A. Canney — An Encyclopedia of Religions, Nag Publishers, 9-A/4A-3, Jawahar Nagar, New Delhi, 1976. (1st Reprint)

27. Max Arthur Macauliffe — The Sikh Religion, Vol V & VI, S. Chand & Co. Ram Nagar, New Delhi, First reprint in India, 1963.

28. Norman Foerster — Humanisim and America

29. R.P. Tripathi — Some A spects of Muslim Administration Allahabad, 1936

30. R.D. Ranade — Pathway to God in Kannada Literature, Published in Collabortion with the Karnatak University, Dharwar By Bhartiya Vidhya Bhavan, Chupatty, Bombay-7, 1970, Second Edition.

31. Karan Singh Raju — Sant Ravidas : Life and Philosophy Ratna Memorial trust chandigarh 1993

32. R.D. Ranade — Mysticism in Maharashtra, Shnwar Path, Poona, 1933

33. R.D. Ranade — Bhagvadgita as a philosophy of God Realisation. Bhartiya Vidhya Bhavan, Bombay, 1965

| | | |
|---|---|---|
| 34. | Sangam Lal Pandey | Existence, Devotion and Freedom, Darshan Peeth 177, Tagore Town, Allahabad, 1965 |
| 35. | S. Radha Krishnan | The Bhagavadagita, First Published in Great Britain by George Allen and Unwin Ltd. in 1948. Fourth Indian Reprint by Blackie & Son (India), Ltd. 1976 |
| 36. | S. Radha Krishnan | The Hindu View of Life, George Allen & Uniwin Ltd. London, 1948. |
| 37. | S. Radha Krishnan | Indian Philosophy, Vol. I & II. George Allen & Unwin Ltd. London. |
| 38. | Surendranath Dasgupta | A History of Indian Philosophy, Vol. IV Cambridge University Press. London 1949 |
| 39. | S.N. Dasgupta | Hindu Mysticism, IInd Edition, Frederick Ungar Publishing Co. New York, 1959 |
| 40. | Surindar Singh Kohli | A Critical Study of Adi Granth, Moti Lal Banarsi Dass, Reprinted : Delhi 1976 |
| 41. | Surindar Singh Kohli | Philosophy of Guru Nanak, Panjab University, Chandigarh 1968 |
| 42. | Syad Muhammad Latif | History of the Panjab, Eurasia Publishing House, Pvt. Ltd. New Delhi, 1964 |
| 43. | Tara Chand | Influnce of Islam on India, The Indian Press Ltd. Allahabad, 1946 |
| 44. | The American Peoples Encyclopedia | Vol 16, The Grolier Incorporated New York, 1964 |
| 45. | The world Book Encyclopedia | Vol 17m Field Enterprises (Educational) Corporation USA 1970 |
| 46. | The Chamber's Twentieth Century Dictionary, | Editor: William Geddie, Allied Publishers. |
| 47. | The America People's Encyclopedia, vol 16. | |
| 48. | T.P. Hughes | Dictionary of Islam, London 1885 |


★ ✪ ★

69 2474

P.U. LIBRARY ★ CHANDIGARH ★